# ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਰਾਗ ਮੁਕਤ ਬਾਣੀ ਦਾ ਸਮਾਜਕ-ਸਭਿਆਚਾਰਕ ਪਰਿਪੇਖ

# GURU GRANTH SAHIB VICH SANKALIT RAG MUKAT BANI DA SMAJAK- SABHIACHARAK PRIPEKH

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਆਰਟਸ ਫ਼ੈਕਲਟੀ
ਅਧੀਨ ਪੀ-ਐਚ. ਡੀ. ਦੀ ਡਿਗਰੀ ਲਈ ਪ੍ਰਸਤੁਤ
ਖੋਜ-ਪ੍ਰਬੰਧ

2013


ਖੋਜਾਰਥੀ

ਇੰਦਰਜੀਤ ਮਦਾਨ

ਗੁਰੂ ਨਾਨਕ ਸਿੱਖ ਅਧਿਐਨ ਵਿਭਾਗ
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

# ਤਤਕਰਾ


## ਭੂਮਿਕਾ 1-7

ਅਧਿਆਇ ਪਹਿਲਾ 8-58

## ਗੁਰਬਾਣੀ ਚਿੰਤਨ ਦਾ ਸਿਧਾਂਤਕ ਅਤੇ ਵਿਚਾਰਧਾਰਕ ਪਰਿਪੇਖ

(ੳ) ਗੁਰਬਾਣੀ ਚਿੰਤਨ ਉੱਪਰ ਹੋਏ ਖੋਜ ਕਾਰਜ ਦਾ ਮੁਲਾਂਕਣ
(ਅ) ਗੁਰਬਾਣੀ ਅਧਿਐਨ ਦਾ ਨਵਾਂ ਪਰਿਪੇਖ ਅਤੇ ਪਸਾਰ
(ੲ) ਗੁਰਬਾਣੀ ਚਿੰਤਨ ਦੀ ਪਿੱਠ-ਭੂਮੀ
(ਸ) ਗੁਰਬਾਣੀ ਚਿੰਤਨ ਦੇ ਸਿਧਾਂਤਕ ਅਤੇ ਵਿਚਾਰਧਾਰਕ ਮਸਲੇ
(ਹ) ਗੁਰਬਾਣੀ ਚਿੰਤਨ ਵਿੱਚ ਵਿਭਿੰਨ ਧਰਮਾਂ, ਸਿਮਰਤੀਆਂ ਅਤੇ ਗਿਆਨ ਮਾਡਲਾਂ ਨਾਲ ਸੰਵਾਦ

ਅਧਿਆਇ ਦੂਜਾ 59-129

## ਗੁਰੂ ਗ੍ਰੰਥ ਸਾਹਿਬ ਵਿੱਚ ਸੰਕਲਿਤ ਰਾਗ ਮੁਕਤ ਬਾਣੀ ਦੀ ਤਰਤੀਬ ਅਤੇ ਵਿਵੇਚਨ

**(ੳ) ਗੁਰੂ ਗ੍ਰੰਥ ਸਾਹਿਬ : ਸੰਕਲਨ ਅਤੇ ਵਿਲੱਖਣ ਸੰਪਾਦਨ ਮਾਡਲ**
**(ਅ) ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਬਿਓਰਾ**

(i) ਨਿਤਨੇਮ ਦੀਆਂ ਬਾਣੀਆਂ
(ii) ਰਾਗ-ਬੱਧ ਬਾਣੀ
(iii) ਰਾਗ-ਮੁਕਤ ਬਾਣੀ

**(ੲ) ਗੁਰੂ ਸਾਹਿਬਾਨ ਦੀ ਬਾਣੀ**

(i) ਜਪੁਜੀ ਸਾਹਿਬ
(ii) ਸਲੋਕ ਸਹਸਕ੍ਰਿਤੀ ਮਹਲਾ ੧
(iii) ਸਲੋਕ ਸਹਸਕ੍ਰਿਤੀ ਮਹਲਾ ੫
(iv) ਮਹਲਾ ੫ ਗਾਥਾ
(v) ਫੁਨਹੇ ਮਹਲਾ ੫
(vi) ਚਉਬੋਲੇ ਮਹਲਾ ੫
(vii) ਸਵੱਯੇ ਸ੍ਰੀ ਮੁਖਵਾਕ ਮਹਲਾ ੫ - ਦੋ ਜੁਟ
(viii) ਸਲੋਕ ਵਾਰਾਂ ਤੇ ਵਧੀਕ
ਮਹਲਾ ੧
ਮਹਲਾ ੩

ਮਹਲਾ ੪
ਮਹਲਾ ੫

(ix) ਸਲੋਕ ਮਹਲਾ ੯
(x) ਮੁੰਦਾਵਣੀ ਮਹਲਾ ੫

**(ਸ) ਭਗਤ ਬਾਣੀ**
(i) ਸਲੋਕ ਭਗਤ ਕਬੀਰ ਜੀਉ ਕੇ
(ii) ਸਲੋਕ ਸੇਖ ਫਰੀਦ ਕੇ

**(ਹ) ਭੱਟਾਂ ਦੇ ਸੱਵਈਏ- ਮਹਲੇ ਪਹਿਲੇ ਕੇ, ਦੂਜੇ ਕੇ, ਤੀਜੇ ਕੇ, ਚਉਥੇ ਕੇ, ਪੰਜਵੇਂ ਕੇ**

**(ਕ) ਰਾਗ ਮਾਲਾ**

ਅਧਿਆਇ ਤੀਜਾ 130-196

## ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਰਾਗ ਮੁਕਤ ਬਾਣੀ ਦਾ ਸਮਾਜਿਕ ਪਰਿਪੇਖ

(ੳ) ਰਾਗ ਮੁਕਤ ਬਾਣੀ ਵਿੱਚ ਕੁਲੀਨ ਵਰਗ ਨਾਲ ਵਿਰੋਧ ਅਤੇ ਲੋਕ ਧਿਰਾਂ ਨੂੰ ਸਮਾਜਿਕਪ੍ਰਵਾਨਗੀ
(ਅ) ਰਾਗ ਮੁਕਤ ਬਾਣੀ ਵਿੱਚ ਸੰਸਥਾਗਤ ਸਮਾਜਿਕ ਮੁੱਲਾਂ ਨਾਲ ਸੰਵਾਦ
(ੲ) ਰਾਗ ਮੁਕਤ ਬਾਣੀ ਵਿੱਚ ਅਰਥਹੀਣ ਸਮਾਜਿਕ ਪਰੰਪਰਾਵਾਂ ਦੇ ਸਮਵਿੱਥ ਨਵੇਂ ਪ੍ਰਤੀਮਾਨ
(ਸ) ਰਾਗ ਮੁਕਤ ਬਾਣੀ ਵਿੱਚ ਆਦਰਸ਼ ਸਮਾਜ ਦੀ ਪਰਿਕਲਪਨਾ ਅਤੇ ਭੂਮਿਕਾ

ਅਧਿਆਇ ਚੌਥਾ 197-260

## ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਰਾਗ ਮੁਕਤ ਬਾਣੀ ਦਾ ਸਭਿਆਚਾਰਕ ਪਰਿਪੇਖ

(ੳ) ਰਾਗ ਮੁਕਤ ਬਾਣੀ ਵਿੱਚ ਵਿਭਿੰਨ ਸਭਿਆਚਾਰਾਂ ਨਾਲ ਸੰਵਾਦ
(ਅ) ਰਾਗ ਮੁਕਤ ਬਾਣੀ ਵਿੱਚ ਸਭਿਆਚਾਰਕ ਸੰਕਟ ਅਤੇ ਚੁਣੌਤੀਆਂ
(ੲ) ਰਾਗ ਮੁਕਤ ਬਾਣੀ ਵਿੱਚ ਸਭਿਆਚਾਰਕ ਸਮਿਨਵੈ
(ਸ) ਸਭਿਆਚਾਰਕ ਰਹਿਤਲ ਦਾ ਨਵਾਂ ਪ੍ਰਵਚਨ: ਗੁਰੂ ਗ੍ਰੰਥ ਸਾਹਿਬ
(ਹ) ਰਾਗ ਮੁਕਤ ਬਾਣੀ ਦੀਆਂ ਸਭਿਆਚਾਰਕ ਜੁਗਤਾਂ

ਅਧਿਆਇ ਪੰਜਵਾਂ 261-334

**ਰਾਗ ਮੁਕਤ ਬਾਣੀ ਦਾ ਕਾਵਿ ਸ਼ਾਸਤਰੀ ਪਰਿਪੇਖ**

**(ੳ) ਰਾਗ ਮੁਕਤ ਬਾਣੀ ਦੀ ਕਾਵਿ ਸੰਚਾਰ ਯੋਗਤਾ**

**(ਅ) ਵਿਭਿੰਨ ਰੂਪਾਕਾਰ**

- (i) ਸਲੋਕ
- (ii) ਸਵੈਯਾ
- (iii) ਗਾਥਾ
- (iv) ਫੁਨਹੇ
- (v) ਚਉਬੋਲੇ
- (vi) ਮੁੰਦਾਵਣੀ
- (vii) ਰਾਗ ਮਾਲਾ

**(ੲ) ਰਾਗ ਮੁਕਤ ਬਾਣੀ ਦੀਆਂ ਕਾਵਿ-ਜੁਗਤਾਂ**

**(ਸ) ਕਾਵਿ ਭਾਸ਼ਾ**

**ਨਿਸ਼ਕਰਸ਼** 335-341

**ਪੁਸਤਕ ਸੂਚੀ** 342-354

# ਭੂਮਿਕਾ

ਗੁਰੂ ਗ੍ਰੰਥ ਸਾਹਿਬ ਭਾਰਤੀ ਚਿੰਤਨ ਦਾ ਅਜਿਹਾ ਗੌਰਵਮਈ ਵਿਰਸਾ ਹੈ ਜਿਸ ਨੇ ਅਧਿਆਤਮਕ ਖੇਤਰ ਵਿਚ ਇਕ ਨਿਵੇਕਲਾ ਪ੍ਰਵਚਨ ਸਿਰਜਿਆ ਹੈ। ਇਸ ਵਿਚਲੀ ਬਾਣੀ ਦਾ ਸੰਕਲਨ ਧਰਮ ਨਿਰਪੇਖਤਾ ਅਤੇ ਬ੍ਰਹਿਮੰਡੀ ਚੇਤਨਾ ਦਾ ਬਿੰਬ ਹੈ। ਇਸ ਗ੍ਰੰਥ ਦੀ ਸੰਕਲਨ ਵਿਧੀ ਸੰਪ੍ਰਦਾਇਕਤਾ ਨੂੰ ਤਿਆਗ ਕੇ ਮਾਨਵੀ ਮੰਡਲਾਂ ਦੀ ਉਚੇਰੀ ਸੁਰਤ ਸੋਚ ਦਾ ਪ੍ਰਗਟਾਵਾ ਕਰਦੀ ਹੈ। ਇਹ ਵਿਸ਼ਵ ਦਾ ਇਕੋ ਇਕ ਧਰਮ ਗ੍ਰੰਥ ਹੈ ਜਿਸ ਵਿਚ ਦੂਜੀਆਂ ਸਿਮਰਤੀਆਂ ਨੂੰ ਬਰਾਬਰਤਾ ਦੇ ਧਰਾਤਲ ਤੇ ਖੜ੍ਹਾ ਕੀਤਾ ਗਿਆ ਹੈ। ਇਹ ਧਰਮ ਗ੍ਰੰਥ ਇਕੀਵੀਂ ਸਦੀ ਵਿਚ ਵੀ ਆਪਣੀ ਪ੍ਰਸੰਗਿਕਤਾ ਦਾ ਮਾਡਲ ਉਸਾਰਦਾ ਹੈ। ਇਸ ਮਹਾਨ ਵਿਰਸੇ ਦੀ ਬਾਣੀ ਜਿਥੇ ਪਰੰਪਰਾ ਨਾਲ ਸੰਵਾਦ ਰਚਾਉਂਦੀ ਹੈ ਉਥੇ ਨਾਲ ਹੀ ਅਰਥਹੀਣ ਰਵਾਇਤਾਂ ਨੂੰ ਰੱਦ ਕਰਦੀ ਹੋਈ ਨਵੇਂ ਪ੍ਰਤੀਮਾਨ ਉਸਾਰ ਕੇ ਸਮਾਜ ਵਿਚ ਫੈਲੀਆਂ ਅਤਿ ਕੋਝੀਆਂ ਬੁਰਾਈਆਂ ਅਤੇ ਸਮੱਸਿਆਵਾਂ ਦਾ ਪਾਜ ਉਘਾੜ ਕੇ ਇਕ ਆਦਰਸ਼ਕ ਸਮਾਜ ਦੀ ਉਸਾਰੀ ਹਿਤ ਮਨੁੱਖ ਨੂੰ ਪ੍ਰੇਰਦੀ ਹੈ। ਇਸ ਤਰ੍ਹਾਂ ਇਹ ਬਾਣੀ ਸਰਬਕਾਲੀ ਤੇ ਭਵਿਖਮੁਖੀ ਵੀ ਹੈ।

ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਇਕੋ ਵੇਲੇ ਲੌਕਿਕ ਤੇ ਪਾਰਲੌਕਿਕ ਹੈ ਕਿਉਂਕਿ ਇਸ ਵਿਚ ਧਰਤ ਤੋਂ ਲੈ ਕੇ ਗਗਨ ਤੱਕ ਦੇ ਪਸਾਰ ਸਾਕਾਰ ਹੋਏ ਹਨ। ਬਾਣੀਕਾਰਾਂ ਨੇ ਬਾਣੀ ਨੂੰ ਸੰਗੀਤ ਬੱਧ ਕਰਕੇ ਅਨਹਦ ਨਾਦ ਦੀ ਧੁਨੀ ਪੈਦਾ ਕੀਤੀ ਹੈ। ਇਸ ਮਹਾਨ ਬਾਣੀ ਦਾ ਮੁਜੱਸਮਾ ਇਹ ਹੈ ਕਿ ਜਦੋਂ ਮਹਾਨ ਅਧਿਆਤਮਕ ਵਿਚਾਰ ਸੰਗੀਤ ਦੇ ਝਰੋਖੇ ਵਿਚੋਂ ਉਭਰਦੇ ਹਨ ਤਾਂ ਉਨ੍ਹਾਂ ਦਾ ਪ੍ਰਭਾਵ ਅਤਿਅੰਤ ਤੀਖਣ ਹੁੰਦਾ ਹੈ। ਕਲਾ ਦੇ ਪਾਰਖੂ ਗੁਰੂ ਅਰਜਨ ਦੇਵ ਨੇ ਸਮੁੱਚੀ ਬਾਣੀ ਨੂੰ ੩੧ ਰਾਗਾਂ ਵਿਚ ਰਾਗ ਬੱਧ ਕੀਤਾ ਹੈ ਪਰ ਗੁਰੂ ਗ੍ਰੰਥ ਸਾਹਿਬ ਵਿਚ ਬਾਣੀਆਂ ਦੇ ਰਾਗ-ਬੱਧ ਰੂਪ ਤੋਂ ਇਲਾਵਾ ਕੁਝ ਰਾਗ ਮੁਕਤ ਬਾਣੀਆਂ ਵੀ ਹਨ। ਸਾਡਾ ਮੂਲ ਵਿਸ਼ਾ ਗੁਰੂ ਗ੍ਰੰਥ ਸਾਹਿਬ ਦੇ ਬਾਣੀ ਚਿੰਤਨ ਦਾ ਨਵਾਂ ਪਰਿਪੇਖ ਉਸਾਰਦਿਆਂ ਇਨ੍ਹਾਂ ਰਾਗ ਮੁਕਤ ਬਾਣੀਆਂ ਦੇ ਸਮਾਜਕ-ਸਭਿਆਚਾਰਕ ਸਰੋਕਾਰਾਂ ਉੱਪਰ ਖੋਜ ਕਰਨਾ ਹੈ। ਲੌਕਿਕਤਾ ਅਤੇ ਪਾਰਲੌਕਿਕਤਾ ਦੇ ਚਰਿੱਤਰ ਦੀ ਰੇਖਾਕਾਰੀ ਕਰਦਿਆਂ ਇਨ੍ਹਾਂ ਬਾਣੀਆਂ ਦੇ ਨਿਵੇਕਲੇ ਸਰੂਪ ਨੂੰ ਸਾਕਾਰ ਕਰਨਾ ਹੈ।

ਨਿਰਸੰਦੇਹ ਗੁਰੂ ਗ੍ਰੰਥ ਸਾਹਿਬ ਭਾਰਤੀ ਧਰਮ ਗ੍ਰੰਥਾਂ ਵਿਚ ਇਕ ਲਾਸਾਨੀ ਗ੍ਰੰਥ ਹੈ। ਇਸ ਵਿਚ ਛੇ ਗੁਰੂ ਸਾਹਿਬਾਨ ਤੋਂ ਛੁੱਟ ਮਧਕਾਲੀ ਭਾਰਤ ਦੇ ਵਿਭਿੰਨ ਮਤਾਂ-ਮਤਾਂਤਰਾਂ ਨਾਲ ਸੰਬੰਧਿਤ ਪੰਦਰਾਂ ਭਗਤਾਂ, ਗਿਆਰਾਂ ਭੱਟਾਂ ਤੇ ਚਾਰ ਗੁਰੂ ਘਰ ਦੇ ਨਿਕਟਵਰਤੀ ਸ਼ਰਧਾਲੂਆਂ ਦੀ ਬਾਣੀ ਦਰਜ ਹੈ। ਇਸ ਗ੍ਰੰਥ ਵਿਚ ਸਮੁੱਚੇ ਭਾਰਤ ਦੀ ਉਦਾਰਵਾਦੀ ਤੇ ਮਾਨਵਵਾਦੀ ਪਰੰਪਰਾ ਛੁਪੀ ਹੋਈ ਹੈ।

ਗੁਰੂ ਗ੍ਰੰਥ ਸਾਹਿਬ ਦਾ ਕੇਂਦਰੀ ਵਿਸ਼ਾ ਭਾਵੇਂ ਰਹੱਸਵਾਦੀ ਚਿੰਤਨ ਨਾਲ ਜੁੜਿਆ ਹੋਇਆ ਹੈ ਪ੍ਰੰਤੂ ਇਸ ਵਿਚ ਪੇਸ਼ ਬਾਣੀ ਅਧਿਆਤਮਕਤਾ, ਸਮਾਜਿਕਤਾ, ਸਭਿਆਚਾਰਕਤਾ ਅਤੇ ਵਾਸਤਵਿਕਤਾ ਦੇ ਪ੍ਰਸੰਗਾਂ ਨਾਲ ਜੁੜ ਕੇ ਪੇਸ਼ ਹੋਈ ਹੈ। ਇਸ ਮਹਾਨ ਗ੍ਰੰਥ ਦੀ ਵਿਲੱਖਣਤਾ ਇਸ ਰਹੱਸ ਵਿਚ ਹੈ ਕਿ ਇਹ ਬਾਣੀ ਗਿਆਨ, ਧਰਮ ਅਤੇ ਭਗਤੀ ਦੇ ਤ੍ਰੈਪੱਖੀ ਅਧਿਆਤਮਕ ਮਾਰਗ ਵਿਚ ਇਕ ਸੰਤੁਲਨ ਪੈਦਾ ਕਰਦੀ ਹੈ। ਇਸ ਵਿਚਲੀ ਅਧਿਆਤਮਕਤਾ ਦਾ ਮਾਰਗ ਜੀਵਨ ਤੋਂ ਵਿਛੁੰਨਾ ਨਹੀਂ ਸਗੋਂ 'ਹਸੰਦਿਆਂ ਖੇਲੰਦਿਆਂ ਪੈਨੰਦਿਆਂ ਖਾਂਵਦਿਆਂ ਵਿਚੇ ਹੋਵੈ ਮੁਕਤ' ਦੇ ਮਹਾਂ ਵਾਕ ਰਾਹੀਂ ਜੀਵਨ ਦੀ ਵਿਵਹਾਰਿਕਤਾ ਅਤੇ ਆਦਰਸ਼ਕਤਾ ਵਿੱਚ ਸੁਮੇਲ ਪੈਦਾ ਕਰਦਾ ਹੈ।

ਸਮੁੱਚੀ ਬਾਣੀ ਚਿੰਤਨ ਦੇ ਨਜ਼ਰੀਏ ਤੋਂ ਵਿਚਾਰਧਾਰਕ ਅਤੇ ਸਿਧਾਂਤਕ ਧਰਾਤਲ ਉਪਰ ਵਿਰਾਟ ਦ੍ਰਿਸ਼ਟੀ ਦੀ ਸੂਚਕ ਹੈ। ਜਦੋਂ ਅਸੀਂ ਇਸ ਬਾਣੀ ਨੂੰ ਪੱਛਮ ਵਿਚ ਵਿਕਸਤ ਹੋ ਰਹੇ ਭਾਸ਼ਾ ਵਿਗਿਆਨਕ, ਸੰਰਚਨਾਵਾਦੀ ਤੇ ਉਤਰ ਸੰਰਚਨਾਵਾਦੀ ਮਾਡਲਾਂ ਦੀ ਰੋਸ਼ਨੀ ਵਿੱਚ ਪਰਖਦੇ ਹਾਂ ਤਾਂ ਇਸ ਤੱਥ ਦੀ ਪੁਸ਼ਟੀ ਹੋ ਜਾਂਦੀ ਹੈ। ਆਪਣੇ ਖੋਜ ਕਾਰਜ ਦੌਰਾਨ ਆਪਣੇ ਗੌਰਵਮਈ ਵਿਰਸੇ ਵਿਚੋਂ ਉਹਨਾਂ ਮਾਡਲਾਂ ਨੂੰ ਤਲਾਸ਼ ਕਰਨਾ ਹੈ ਜੋ ਇਹ ਸਿੱਧ ਕਰ ਸਕਣ ਕਿ ਧਰਮ ਕਿਸੇ ਮਿੱਥ ਜਾਂ ਅਰਥਹੀਣ ਕਲਪਨਾ ਉੱਪਰ ਨਹੀਂ ਉਸਰਿਆ ਬਲਕਿ ਇਸਦੇ ਆਰ ਪਾਰ ਸਮਾਜਿਕ, ਸਭਿਆਚਾਰਕ, ਗਿਆਨਮੂਲਕ ਅਤੇ ਵਿਵੇਕਮਈ ਦ੍ਰਿਸ਼ਟੀ ਫੈਲੀ ਹੋਈ ਹੈ ਜੋ ਇਸ ਨੂੰ ਆਧੁਨਿਕ ਦੌਰ ਵਿਚ ਵੀ ਪ੍ਰਸੰਗਿਕ ਬਣਾਉਂਦੀ ਹੈ। ਇਨ੍ਹਾਂ ਸੂਝ ਮਾਡਲਾਂ ਨੂੰ ਬਾਣੀ ਚਿੰਤਨ ਵਿਚੋਂ ਸਹਿਜੇ ਹੀ ਲੱਭਿਆ ਜਾ ਸਕਦਾ ਹੈ।

ਗੁਰੂ ਗ੍ਰੰਥ ਸਾਹਿਬ ਵਿੱਚ ਕੇਵਲ ਅਧਿਆਤਮਿਕ ਚਿੰਤਨ ਦੀ ਪ੍ਰਸਤੁਤੀ ਨਹੀਂ ਹੋਈ ਸਗੋਂ ਸਮਾਜਿਕ ਸੱਭਿਆਚਾਰਕ ਸਰੋਕਾਰਾਂ ਦੀ ਪੇਸ਼ਕਾਰੀ ਵੀ ਹੋਈ ਹੈ। ਇਸ ਮਹਾਨ ਤੇ ਵਿਰਾਟ ਗ੍ਰੰਥ ਵਿਚ ਗੁਰੂ ਸਾਹਿਬਾਨ ਦੀ ਬਾਣੀ ਦੇ ਨਾਲ ਹੀ ਭਗਤ ਕਬੀਰ, ਭਗਤ ਰਵਿਦਾਸ, ਨਾਮਦੇਵ ਆਦਿ ਅਖੌਤੀ ਨੀਵੀਆਂ ਜਾਤਾਂ ਦੇ ਭਗਤਾਂ ਅਤੇ ਭੱਟਾਂ ਦੀ ਬਾਣੀ ਸਮਿਲਿਤ ਕਰਨੀ ਗੁਰੂ ਸਾਹਿਬ ਦੀ ਉਚੇਰੀ ਮਾਨਵਵਾਦੀ ਸੋਚ ਦਾ ਪ੍ਰਗਟਾਵਾ ਹੈ। ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਨੂੰ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ। ਨਿਤਨੇਮ ਦੀਆਂ ਬਾਣੀਆਂ, ਰਾਗ ਬੱਧ ਬਾਣੀਆਂ ਅਤੇ ਰਾਗ ਮੁਕਤ ਬਾਣੀਆਂ। ਜਿਹਨਾਂ ਵਿਚ ਗੁਰੂ ਸਾਹਿਬਾਨ ਦੀ ਬਾਣੀ, ਭਗਤਾਂ ਦੀ ਬਾਣੀ, ਭੱਟਾਂ ਦੇ ਸਵੱਯੇ ਅਤੇ ਰਾਗ ਮਾਲਾ ਅੰਕਿਤ ਹੈ। ਆਪਣੇ ਸ਼ੋਧ-ਪ੍ਰਬੰਧ ਵਿਚ ਰਾਗ-ਮੁਕਤ ਬਾਣੀਆਂ ਦਾ ਅਧਿਐਨ ਕਰਦੇ ਸਮੇਂ ਸਾਡਾ ਯਤਨ ਇਸ ਵਿਚਲੇ ਅਧਿਆਤਮਕ ਪ੍ਰਸੰਗਾਂ ਦੀ ਪੁਨਰ ਵਿਆਖਿਆ ਕਰਦੇ ਹੋਏ ਉਨ੍ਹਾਂ ਦੇ ਲੌਕਿਕ ਪਾਸਾਰਾਂ ਦੇ ਅਰਥ ਪਛਾਨਣ ਉਤੇ ਹੋਵੇਗਾ।

ਆਪਣੇ ਖੋਜ ਪ੍ਰਬੰਧ ਦੇ ਪਹਿਲੇ ਅਧਿਆਇ 'ਗੁਰਬਾਣੀ ਚਿੰਤਨ ਦੇ ਸਿਧਾਂਤਕ ਅਤੇ ਵਿਚਾਰਧਾਰਾਈ ਪਰਿਪੇਖ' ਵਿੱਚ ਵਿਸਤ੍ਰਿਤ ਰੂਪ ਵਿੱਚ ਪ੍ਰਗਟਾਉਣ ਅਤੇ ਸਪੱਸ਼ਟਤਾ ਲਿਆਉਣ ਹਿਤ ਆਪਣੇ ਇਸ ਅਧਿਐਨ ਨੂੰ ਪੰਜ ਉਪਭਾਗਾਂ ਵਿਚ ਵੰਡਿਆ ਹੈ। ਪਹਿਲੇ ਉਪਭਾਗ ਵਿੱਚ ਗੁਰਬਾਣੀ ਚਿੰਤਨ ਉਪਰ ਹੋਏ ਪੂਰਵ ਖੋਜ ਕਾਰਜ ਦਾ ਮੁਲਾਂਕਣ ਕੀਤਾ ਗਿਆ ਹੈ। ਗੁਰਬਾਣੀ ਅਧਿਐਨ ਦੀਆਂ ਪਰੰਪਰਾਗਤ ਵਿਆਖਿਆ ਪ੍ਰਣਾਲੀਆਂ ਨੂੰ ਅਧਿਐਨ ਦਾ ਆਧਾਰ ਬਨਾਉਣ ਉਪਰੰਤ ਇਸ ਦੀਆਂ ਡੂੰਘੀਆਂ ਪਰਤਾਂ ਫਰੋਲਣ ਵਾਲੇ ਕਿਸੇ ਵਿਸ਼ੇਸ਼ ਚਿੰਤਨ ਦ੍ਰਿਸ਼ਟੀ ਨੂੰ ਅਧਾਰ ਬਣਾਉਣ ਵਾਲੇ ਚੋਣਵੇਂ ਚਿੰਤਕਾਂ ਬਾਰੇ ਟੂਕ ਮਾਤਰ ਵਿਚਾਰ ਪ੍ਰਗਟਾਏ ਹਨ। ਦੂਜੇ ਉਪਭਾਗ ਵਿੱਚ 'ਗੁਰਬਾਣੀ ਅਧਿਐਨ ਦਾ ਨਵੇਂ ਪਰਿਪੇਖ ਅਤੇ ਪਸਾਰ' ਰਾਹੀਂ ਤਾਰਕਿਕ ਦ੍ਰਿਸ਼ਟੀ ਨਾਲ ਸਪੱਸ਼ਟ ਕੀਤਾ ਹੈ ਕਿ ਅਜੋਕੇ ਗਿਆਨ ਸ਼ਾਸਤਰਾਂ ਦੀ ਸਹਾਇਤਾ ਨਾਲ ਬਾਣੀ ਚਿੰਤਨ ਨੂੰ ਘੋਖਿਆ ਜਾਵੇ ਤਾਂ ਗੁਰੂ ਗ੍ਰੰਥ ਬਾਣੀ ਅਨਮੋਲ ਟੈਕਸਟ ਦੇ ਰੂਪ ਵਿਚ ਇਕ ਸਿਰਜਿਤ ਪ੍ਰਵਚਨ ਵਿਚ ਸਾਡੇ ਸਨਮੁੱਖ ਪੇਸ਼ ਹੁੰਦੀ ਹੈ। ਇਸ ਬਾਣੀ ਦਾ ਸੰਦੇਸ਼ ਸਿਰਫ਼ ਉਸ ਸਮੇਂ ਵਿਚ ਹੀ ਸਾਰਥਕ ਨਹੀਂ ਸੀ, ਸਗੋਂ ਅੱਜ ਵੀ ਸਰਬ ਕਾਲੀ ਸਿੱਧ ਹੋ ਰਿਹਾ ਹੈ। ਜ਼ਿੰਦਗੀ ਦੇ ਯਥਾਰਥ ਨੂੰ ਪਰਮਾਰਥ ਦੇ ਮੁਹਾਵਰੇ ਵਿਚ ਪੇਸ਼ ਕਰਨ ਦਾ ਇਹ ਉਪਰਾਲਾ ਇਸਦੀ ਪ੍ਰਸੰਗਿਕਤਾ ਨੂੰ ਸਿੱਧ ਕਰਦਾ ਹੈ। ਇਸ ਵਿਚ ਸਿਰਜਿਤ ਪ੍ਰਵਚਨ ਨੂੰ ਆਧੁਨਿਕ ਯੁਗ ਦੀਆਂ ਪਦਾਰਥਕ ਸਮੱਸਿਆਵਾਂ ਦੇ ਵਿਰੋਧ ਵਿਚ ਇਕ ਸ਼ਕਤੀਸ਼ਾਲੀ ਹੋਂਦ ਵਜੋਂ ਵਾਚਣ ਦੀ ਕੋਸ਼ਿਸ਼ ਕੀਤੀ ਗਈ ਹੈ। ਤੀਜੇ ਉਪਭਾਗ ਵਿਚ ਬਾਣੀ ਚਿੰਤਨ ਦੀ ਪਿੱਠ-ਭੂਮੀ ਵਿੱਚ ਅਸੀਂ ਸਮੁੱਚੇ ਭਾਰਤ ਦੀਆਂ ਇਤਿਹਾਸਕ ਸਥਿਤੀਆਂ ਨੂੰ ਪਰਿਪੇਖ ਵਿੱਚ ਰੱਖ ਕੇ ਇਹ ਵਾਚਿਆ ਹੈ ਕਿ ਸਮੁੱਚੇ ਭਾਰਤ ਵਿੱਚ ਭਗਤਾਂ ਨੂੰ ਆਪਣੀ ਨੀਵੀਂ ਜਾਤ ਕਰਕੇ ਅਨੇਕਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਭਾਰਤੀ ਦਰਸ਼ਨ ਅਨੁਸਾਰ ਵੇਦਾਂ ਅਤੇ ਉਪਨਿਸ਼ਦਾਂ ਦੀ ਵਿਚਾਰਧਾਰਾ ਇਨ੍ਹਾਂ ਭਗਤਾਂ ਨੂੰ ਪ੍ਰਭਾਵਿਤ ਕਰ ਰਹੀ ਸੀ ਪਰੰਤੂ ਸਮੇਂ ਦੀਆਂ ਵੰਗਾਰਾਂ ਦੇ ਸਨਮੁੱਖ ਬਾਣੀਕਾਰਾਂ ਨੇ ਕੁਝ ਵਿਸ਼ੇਸ਼ ਸਿਧਾਂਤਕ ਅਤੇ ਵਿਚਾਰਧਾਰਕ ਮਸਲਿਆਂ ਨਾਲ ਸਿੱਝਣ ਲਈ ਆਪਣੇ ਪ੍ਰਵਚਨ ਦੀ ਉਸਾਰੀ ਕੀਤੀ। ਚੌਥੇ ਉਪਭਾਗ ਵਿਚ ਗੁਰਬਾਣੀ ਚਿੰਤਨ ਦੇ ਸਿਧਾਂਤਕ ਤੇ ਵਿਚਾਰਾਂ ਆਪਣੀ ਦ੍ਰਿਸ਼ਟੀ ਨਾਲ ਇਹ ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਦਾਰਸ਼ਨਿਕ, ਸਮਾਜਿਕ ਅਤੇ ਸੱਭਿਆਚਾਰਕ ਮਸਲਿਆਂ ਉੱਤੇ ਬਾਣੀ ਚਿੰਤਨ ਆਪਣੀ ਵਿਲੱਖਣ ਹੋਂਦ ਦਾ ਪ੍ਰਗਟਾਵਾ ਕਰਦਾ ਹੈ। ਪੰਜਵੇਂ ਉਪਭਾਗ ਵਿੱਚ ਵਿਭਿੰਨ ਸਿਮਰਤੀਆਂ, ਧਰਮਾਂ ਅਤੇ ਗਿਆਨ ਮੰਡਲਾਂ ਨਾਲ ਸੰਵਾਦ ਰਚਾ ਕੇ ਵਿਚਾਰਿਆ ਗਿਆ ਹੈ ਕਿ ਗੁਰਮਤਿ ਅਨੁਸਾਰ ਗ੍ਰਿਹਸਥ ਵਿਚ ਰਹਿੰਦਿਆਂ ਹੀ ਆਪਣੇ ਅੰਦਰ ਗੁਣਾਂ ਦਾ ਪ੍ਰਕਾਸ਼ ਕਰਕੇ ਅਧਿਆਤਮਕਤਾ ਨੂੰ ਨਵੇਂ ਅਰਥ ਦਿੱਤੇ ਜਾ ਸਕਦੇ ਹਨ।

ਇਸ ਸ਼ੋਧ-ਪ੍ਰਬੰਧ ਦਾ ਦੂਜਾ ਅਧਿਆਇ 'ਗੁਰੂ ਗ੍ਰੰਥ ਸਾਹਿਬ ਵਿੱਚ ਸੰਕਲਿਤ ਰਾਗ ਮੁਕਤ ਬਾਣੀ ਦੀ ਤਰਤੀਬ ਅਤੇ ਵਿਵੇਚਨ' ਨਾਲ ਸੰਬੰਧਿਤ ਹੈ। ਸੰਸਾਰ ਦੇ ਸਭ ਪ੍ਰਮੁੱਖ ਧਰਮਾਂ ਦੇ ਆਪਣੇ ਆਪਣੇ ਗ੍ਰੰਥ ਹੁੰਦੇ ਹਨ ਪਰੰਤੂ ਇਹ ਸਾਰੇ ਗ੍ਰੰਥ ਉਨ੍ਹਾਂ ਦੇ ਅਨੁਆਈਆਂ ਵਲੋਂ ਬਾਦ ਵਿਚ ਸੰਕਲਿਤ ਕੀਤੇ ਗਏ ਹਨ। ਹਿੰਦੂ ਧਰਮ ਦੇ ਚਾਰੇ ਵੇਦ, ਇਸਲਾਮ ਦਾ ਕੁਰਾਨ, ਈਸਾਈਆਂ ਦਾ ਬਾਈਬਲ, ਸਭ ਗ੍ਰੰਥਾਂ ਦਾ ਵਜੂਦ ਕਈ ਸਦੀਆਂ ਤਕ ਮੌਖਿਕ ਹੀ ਰਿਹਾ ਪਰੰਤੂ ਗੁਰੂ ਗ੍ਰੰਥ ਸਾਹਿਬ ਇਕ ਐਸਾ ਗ੍ਰੰਥ ਹੈ ਜੋ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਨੇ ਆਪਣੇ ਤੋਂ ਪੂਰਵਲੇ ਭਗਤਾਂ ਦੀ ਬਾਣੀ ਨੂੰ ਪੋਥੀ ਦੇ ਰੂਪ ਵਿਚ ਆਪਣੇ ਪੂਰਵਵਰਤੀ ਗੁਰੂ ਅੰਗਦ ਦੇਵ ਨੂੰ ਸੌਂਪਿਆ ਅਤੇ ਇਸ ਤਰ੍ਹਾਂ ਪੰਜਵੇਂ ਗੁਰੂ ਅਰਜਨ ਦੇਵ ਨੇ ਇਸ ਵਿਚ ਛੱਤੀ ਬਾਣੀਕਾਰਾਂ ਦੀ ਬਾਣੀ ਨੂੰ ਸੰਕਲਿਤ ਕੀਤਾ ਹੈ। ਗੁਰੂ ਨਾਨਕ ਸਾਹਿਬ ਦੀ ਅਗਰਗਾਮੀ ਅਤੇ ਭਵਿੱਖ ਮੁਖੀ ਦ੍ਰਿਸ਼ਟੀ ਦੇ ਪ੍ਰਤੀਫਲ ਵਜੋਂ ਇਸ ਗ੍ਰੰਥ ਦੀ ਸੰਪਾਦਨਾ ਅਜਿਹੇ ਸੁਚੱਜੇ ਢੰਗ ਨਾਲ ਕੀਤੀ ਕਿ ਇਸ ਨੂੰ ਸ਼ਬਦ ਗੁਰੂ ਦਾ ਦਰਜਾ ਪ੍ਰਾਪਤ ਹੋ ਗਿਆ। ਉਨ੍ਹਾਂ ਨੇ ਸਮੁੱਚੀ ਬਾਣੀ ਨੂੰ ਪਿੰਗਲ ਸ਼ਾਸਤਰ ਦੀ ਅਨੁਸਰਨੀ ਬਨਾਉਣ ਦੀ ਥਾਂ ਸੰਗੀਤ ਅਧਾਰਿਤ ਕਰ ਦਿੱਤਾ। ਗੁਰੂ ਅਰਜਨ ਦੇਵ ਨੇ ਆਪਣੀ ਸੁਚੱਜੀ ਵਿਉਂਤਕਾਰੀ ਤੇ ਉੱਚ ਪ੍ਰਤਿਭਾ ਦਾ ਸਬੂਤ ਦਿੰਦਿਆਂ ਇਸ ਬਾਣੀ ਨੂੰ ਤਿੰਨ ਮੁੱਖ ਅੰਗਾਂ ਵਿਚ ਵੰਡ ਦਿੱਤਾ। ਦੂਜੇ ਉਪਭਾਗ ਵਿੱਚ ਬਾਣੀ ਦਾ ਬਿਉਰਾ ਦਿੱਤਾ ਗਿਆ ਹੈ ਜਿਸ ਅਨੁਸਾਰ ਪਹਿਲਾਂ ਨਿਤਨੇਮ ਦੀਆਂ ਬਾਣੀਆਂ, ਫਿਰ ਇਕੱਤੀ ਭਾਗਾਂ ਵਿਚ ਰਾਗ ਬੱਧ ਬਾਣੀ ਅਤੇ ਉਪਰੰਤ ਰਾਗ ਮੁਕਤ ਬਾਣੀਆਂ ਹਨ। ਇਹਨਾਂ ਰਾਗ ਮੁਕਤ ਬਾਣੀਆਂ ਵਿਚ ਅਸੀਂ ਗੁਰੂ ਸਾਹਿਬਾਨ ਦੀ ਬਾਣੀ, ਭਗਤਾਂ ਦੀ ਬਾਣੀ, ਭੱਟਾਂ ਦੇ ਸਵਈਏ ਅਤੇ ਰਾਗ ਮਾਲਾ ਨੂੰ ਇਕ ਤਰਤੀਬ ਦੇਣ ਦੀ ਕੋਸ਼ਿਸ਼ ਕੀਤੀ ਹੈ। ਗੁਰੂ ਸਾਹਿਬਾਨ ਦੀ ਬਾਣੀ ਵਿਚ ਜਪੁਜੀ ਤੋਂ ਇਲਾਵਾ ਸਲੋਕ ਸਹਸਕ੍ਰਿਤੀ ਮਹਲਾ ੧ ਤੇ ੫ , ਮਹਲਾ ੫ ਗਾਥਾ, ਚਉਬੋਲੇ ਮਹਲਾ ੫, ਫੁਨਹੇ ਮਹਲਾ ੫, ਸਵੱਯੈ ਸ੍ਰੀ ਮੁਖਵਾਕ ਮਹਲਾ ੫ ਤੇ ਗੁਰੂ ਸਾਹਿਬਾਨ ਦੇ ਸਲੋਕ ਹਨ ਜੋ ਗੁਰੂ ਅਰਜਨ ਦੇਵ ਦੀ ਆਪਣੀ ਸੰਪਾਦਕੀ ਜੁਗਤ ਰਾਹੀਂ ਵਾਰ੍ਹਾਂ ਵਿਚ ਅੰਕਿਤ ਕਰਨੋਂ ਰਹਿ ਗਏ ਸਨ ਉਹਨਾਂ ਸਲੋਕਾਂ ਨੂੰ 'ਸਲੋਕ ਵਾਰਾਂ ਤੇ ਵਧੀਕ' ਵਿਚ ਸੰਕਲਿਤ ਕਰ ਦਿੱਤਾ। 'ਮੁੰਦਾਵਣੀ ਮਹਲਾ ੫' ਦੇ ਰੂਪ ਵਿਚ ਇਸ ਦੈਵੀ ਗ੍ਰੰਥ ਦੇ ਸੰਕਲਨ ਉੱਪਰ ਇਕ ਪ੍ਰਕਾਰ ਨਾਲ ਮੁਹਰ ਲਗਾਈ ਗਈ ਹੈ। ਉਪਰੰਤ ਸਲੋਕ ਮ: ੫ ਵਿਚ ਗੁਰੂ ਗ੍ਰੰਥ ਸਾਹਿਬ ਦੇ ਸੰਕਲਨ ਅਤੇ ਸੰਪਾਦਨਾ ਲਈ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ ਹੈ। ਚੌਥੇ ਉਪਭਾਗ 'ਭਗਤ ਬਾਣੀ' ਵਿੱਚ ਭਗਤ ਕਬੀਰ ਦੇ ੨੩੮ ਸਲੋਕ ਅਤੇ ਸ਼ੇਖ ਫਰੀਦ ਦੇ ੧੧੨ ਸਲੋਕਾਂ ਨੂੰ ਵਿਚਾਰਿਆ ਗਿਆ ਹੈ। ਪੰਜਵੇਂ ਉਪਭਾਗ 'ਭੱਟਾਂ ਦੇ ਸਵਈਏ' ਵਿੱਚ ਗੁਰੂ

ਸਾਹਿਬਾਨ ਦੀ ਉਸਤਤ ਵਿਚ ਰਚੇ ਗਏ ਸਵੱਈਆਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਅੰਤਿਮ ਉਪਭਾਗ ਵਿੱਚ 'ਰਾਗ ਮਾਲਾ' ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਹੋਣ ਬਾਰੇ ਵਾਦ ਵਿਵਾਦ ਸਬੰਧੀ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕੀਤਾ ਹੈ।

ਤੀਜਾ ਅਧਿਆਇ 'ਗੁਰੂ ਗ੍ਰੰਥ ਸਾਹਿਬ ਵਿੱਚ ਸੰਕਲਿਤ ਰਾਗ ਮੁਕਤ ਬਾਣੀ ਦਾ ਸਮਾਜਕ ਪਰਿਪੇਖ' ਨਾਲ ਸੰਬੰਧਿਤ ਹੈ। ਜਿਸ ਦੇ ਚਾਰ ਉਪਭਾਗ ਹਨ। ਰਹੱਸਵਾਦੀ ਚਿੰਤਨ ਨਾਲ ਸੰਬੰਧਿਤ ਇਸ ਗ੍ਰੰਥ ਵਿਚ ਸਮਾਜਿਕ ਸਰੋਕਾਰਾਂ ਦੀ ਪੇਸ਼ਕਾਰੀ ਕੀਤੀ ਗਈ ਹੈ। ਗੁਰੂ ਸਾਹਿਬਾਨ ਆਪ ਨੀਵੀਂ ਜਾਤ ਨਾਲ ਸੰਬੰਧਿਤ ਨਾ ਹੋਣ ਦੇ ਬਾਵਜੂਦ ਵੀ 'ਅਰਥਹੀਣ ਸਮਾਜਕ ਪਰੰਪਰਾਵਾਂ' ਦੇ ਖਿਲਾਫ ਜ਼ੋਰਦਾਰ ਅਵਾਜ਼ ਉਠਾਉਂਦੇ ਹਨ ਅਤੇ ਇਨ੍ਹਾਂ ਵਿਰੁਧ ਡਟ ਕੇ ਤਤਕਾਲੀ ਸਮਾਜ ਵਿਚ ਫੈਲੀਆਂ ਕੁਰੀਤੀਆਂ ਨੂੰ ਇਸ 'ਬਾਣੀ' ਦੀ ਵਿਸ਼ਵ ਦ੍ਰਿਸ਼ਟੀ ਰਾਹੀਂ ਦੂਰ ਕਰਨ ਵਿਚ ਜਨ ਸਧਾਰਨ ਦੇ ਮਦਦਗਾਰ ਬਣਦੇ ਹਨ। ਬ੍ਰਾਹਮਣ, ਕਾਜ਼ੀ ਅਤੇ ਮੁੱਲਾਂ ਕੁਲੀਨ ਵਰਗ ਨਾਲ ਸੰਬੰਧਿਤ ਹੋਣ ਕਰਕੇ ਨੀਚ ਜਾਤ ਵਾਲੇ ਲੋਕਾਂ ਨਾਲ ਦੁਰਵਿਹਾਰ ਕਰਦੇ ਸਨ ਪਰ ਗੁਰੂ ਗ੍ਰੰਥ ਸਾਹਿਬ ਵਿਚ ਅਜਿਹੇ ਭਗਤਾਂ ਦੀ ਬਾਣੀ ਨੂੰ ਸੰਕਲਿਤ ਕਰਨਾ ਆਪਣੇ ਆਪ ਵਿਚ ਇਨ੍ਹਾਂ ਨੂੰ ਪ੍ਰਵਾਨਗੀ ਦੇਣਾ ਹੈ। ਬਾਣੀ 'ਸੰਸਥਾਗਤ ਮੁੱਲਾਂ ਨਾਲ ਸੰਵਾਦ' ਰਚਾ ਕੇ ਦਲਿਤਾਂ ਦੇ ਹੱਕ ਵਿਚ ਇਕ ਸ਼ਕਤੀਸ਼ਾਲੀ ਧਿਰ ਦੇ ਰੂਪ ਵਿਚ ਉਨ੍ਹਾਂ ਦਾ ਪੱਖ ਪੂਰਦੀ ਹੈ। ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਬਾਣੀ ਵਿਚ ਇਕ ਐਸੇ ਆਦਰਸ਼ ਸਮਾਜ ਦੀ ਪਰਿਕਲਪਨਾ ਕੀਤੀ ਗਈ ਹੈ ਜਿਥੇ ਕੋਈ ਉੱਚਾ-ਨੀਵਾਂ, ਅਮੀਰ-ਗਰੀਬ, ਸਵਰਨ-ਅਵਰਨ ਜਾਤ ਦਾ ਨਹੀਂ ਹੈ।

ਚੌਥਾ ਅਧਿਆਇ 'ਗੁਰੂ ਗ੍ਰੰਥ ਸਾਹਿਬ ਵਿੱਚ ਸੰਕਲਿਤ ਰਾਗ ਮੁਕਤ ਬਾਣੀ ਦਾ ਸਭਿਆਚਾਰਕ ਪਰਿਪੇਖ' ਨਾਲ ਸਬੰਧਿਤ ਹੈ। ਸਮੁੱਚੀ ਬਾਣੀ ਵਿਭਿੰਨ ਸਭਿਆਚਾਰਾਂ ਨਾਲ ਸੰਵਾਦ ਰਚਾ ਕੇ ਸੰਸਲੇਸ਼ਣ ਦੀ ਰੁਚੀ ਅਪਣਾਉਂਦੀ ਹੈ। ਵੱਖ-ਵੱਖ ਸਭਿਆਚਾਰਾਂ ਦੇ ਸੰਕਟਾਂ ਅਤੇ ਮਸਲਿਆਂ ਨੂੰ ਸੁਲਝਾਉਣ ਦੇ ਰਾਹ ਪੈ ਕੇ ਇਨ੍ਹਾਂ ਚੁਣੌਤੀਆਂ ਨੂੰ ਇਕ ਕਰਾਰਾ ਜੁਆਬ ਦੇਣ ਵਲ ਰੁਚਿਤ ਹੁੰਦੀ ਹੈ। ਸਮੁੱਚੇ ਗੁਰੂ ਗ੍ਰੰਥ ਸਾਹਿਬ ਵਿਚ ਜਿਥੇ ਆਪਣੇ ਸਭਿਆਚਾਰਾਂ ਉਤੇ ਕਰੜਾ ਪਹਿਰਾ ਦੇ ਰਹੇ ਮਨੁੱਖਾਂ ਨੂੰ ਵੰਗਾਰ ਕੇ ਇਕ ਐਸਾ ਸਭਿਆਚਾਰ ਅਪਨਾਉਣ ਉੱਤੇ ਜ਼ੋਰ ਦਿੱਤਾ ਗਿਆ ਹੈ ਉੱਥੇ ਪੁਰਾਤਨ ਮਨੌਤਾਂ ਨੂੰ ਰੱਦ ਕਰਕੇ ਇਕ ਐਸਾ ਮਾਰਗ ਤਲਾਸ਼ਣ ਦਾ ਯਤਨ ਕੀਤਾ ਗਿਆ ਹੈ ਜੋ ਅਖੌਤੀ ਨੀਚ ਜਾਤਾਂ ਦੇ ਮਨੋਬਲ ਨੂੰ ਉਚਾ ਚੁੱਕਣ ਵਿਚ ਸਹਾਈ ਹੋਵੇ। ਐਸੀਆਂ ਸਭਿਆਚਾਰਕ ਜੁਗਤਾਂ ਉਸਾਰੀਆਂ ਜਾਣ ਜਿਨ੍ਹਾਂ ਨਾਲ ਮਨੁੱਖਾਂ ਅੰਦਰ ਉਸ ਪਰਮਾਤਮਾ ਵਰਗੇ ਨਿਰਭਉ ਤੇ

ਨਿਰਵੈਰ ਵਰਗੇ ਗੁਣ ਸਮਾ ਜਾਣ ਪਰ ਜੇ ਉਹ ਆਪਣੇ ਅੰਦਰ ਨੂੰ ਨੈਤਿਕ ਗੁਣਾਂ ਨਾਲ ਭਰਪੂਰ ਕਰ ਲਵੇ।

ਸਾਡੇ ਸ਼ੋਧ-ਪ੍ਰਬੰਧ ਦਾ ਪੰਜਵਾਂ ਅਧਿਆਇ 'ਗੁਰੂ ਗ੍ਰੰਥ ਸਾਹਿਬ ਰਾਗ ਮੁਕਤ ਬਾਣੀ ਦਾ ਕਾਵਿ ਸ਼ਾਸਤਰੀ ਪੱਖ' ਨਾਲ ਸੰਬੰਧਿਤ ਹੈ। ਸਮੁੱਚੀ ਬਾਣੀ ਸ਼ਾਬਦਿਕ ਰੂਪ ਵਿਚ 'ਕਾਵਿ' ਹੈ, ਜੋ ਮਨੁੱਖੀ ਭਾਵਾਂ ਨੂੰ ਸੰਚਾਰਿਤ ਕਰਦੀ ਹੈ। ਇਸ ਅਧਿਆਇ ਨੂੰ ਚਾਰ ਉਪਭਾਗਾਂ ਵਿੱਚ ਵੰਡਿਆ ਹੈ। ਬਾਣੀ ਦਾ ਆਦਰਸ਼ਕ ਜੀਵਨ ਮਾਡਲ ਮਨੁੱਖੀ ਜੀਵਨ ਦੇ ਅਧਿਆਤਮਕ, ਸਮਾਜਿਕ ਅਤੇ ਬੌਧਿਕ ਜੀਵਨ-ਮੁੱਲਾਂ ਦੀ ਪੇਸ਼ਕਾਰੀ ਕਰਦਾ ਹੈ। ਗੁਰਬਾਣੀ ਦਾ ਆਪਣਾ ਕਾਵਿ-ਸ਼ਾਸਤਰ ਹੈ ਅਤੇ ਇਸ ਦੀ ਪ੍ਰਮੁੱਖ ਵਿਸ਼ੇਸ਼ਤਾ ਇਹ ਹੈ ਕਿ ਇਹ ਅਧਿਆਤਮਕਤਾ ਅਤੇ ਕਾਵਿਕਤਾ ਨੂੰ ਇਕ ਅਨੋਖਾ ਸੁਮੇਲ ਬਖਸ਼ਦੀ ਹੈ। ਇਹ ਦੋਵੇਂ ਤੱਤ ਸਹਿਯੋਗੀ ਬਣਕੇ ਬਾਣੀ ਦੇ ਉਤਕ੍ਰਿਸ਼ਟ ਭਾਵਾਂ ਨੂੰ ਸੰਚਾਰਿਤ ਕਰਦੇ ਹਨ। ਇਸ ਅਧਿਆਇ ਅਧੀਨ ਪਹਿਲੇ ਉਪ ਭਾਗ ਵਿੱਚ ਰਾਗ ਮੁਕਤ ਬਾਣੀ ਦੀਆਂ ਕਾਵਿ ਜੁਗਤਾਂ ਨੂੰ ਪਰਖਣ ਦੀ ਕੋਸ਼ਿਸ ਕੀਤੀ ਗਈ ਹੈ। ਇਸ ਅਧਿਆਇ ਦੇ ਦੂਜੇ ਉਪਭਾਗ ਵਿੱਚ ਵਰਤੇ ਗਏ ਵਖ-ਵਖ ਰੂਪਾਕਾਰ ਸਲੋਕ, ਸਵੈਯਾ, ਗਾਥਾ, ਫੁਨਹੇ, ਚਉਬੋਲੇ, ਮੁੰਦਾਵਣੀ ਅਤੇ ਰਾਗ ਮਾਲਾ ਦੀ ਸੰਰਚਨਾ ਨੂੰ ਕਾਵਿ-ਸ਼ਾਸਤਰੀ ਅਧਿਐਨ ਵਿਧੀ ਰਾਹੀਂ ਵਿਚਾਰ ਕੇ ਇਨ੍ਹਾਂ ਕਾਵਿ ਰੂਪਾਂ ਦਾ ਕਾਵਿ-ਸ਼ਾਸਤਰ ਤਿਆਰ ਕੀਤਾ ਗਿਆ ਹੈ। ਤੀਜੇ ਉਪਭਾਗ ਵਿੱਚ ਰਾਗ ਮੁਕਤ ਬਾਣੀ ਦੀ ਕਾਵਿ ਸੰਚਾਰ ਯੋਗਤਾ ਨੂੰ ਪਰਖਣ ਉਪਰੰਤ ਚੌਥੇ ਉਪਭਾਗ ਵਿੱਚ ਸੰਚਾਰ ਦੇ ਮੁੱਖ ਸਾਧਨ ਕਾਵਿ ਭਾਸ਼ਾ ਬਾਰੇ ਚਾਨਣਾ ਪਾਇਆ ਗਿਆ ਹੈ।

ਰਾਗ ਮੁਕਤ ਬਾਣੀ ਚਿੰਤਨ ਦਾ ਗੰਭੀਰ ਅਧਿਐਨ ਉਪਰੰਤ ਜੋ ਸਿੱਟੇ ਅਤੇ ਸਥਾਪਨਾਵਾਂ ਸਥਾਪਿਤ ਕਰਨ ਦਾ ਯਤਨ ਕੀਤਾ ਗਿਆ ਹੈ ਉਨ੍ਹਾਂ ਨੂੰ ਨਿਸ਼ਕਰਸ਼ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਇਸ ਭਾਗ ਵਿੱਚ ਆਪਣੇ ਖੋਜ ਕਾਰਜ ਸਬੰਧੀ ਤੱਥਾਂ ਅਤੇ ਸਾਰ ਬਾਰੇ ਆਪਣੇ ਵਿਚਾਰਾਂ ਨੂੰ ਪ੍ਰਗਟ ਕੀਤਾ ਗਿਆ ਹੈ। ਉਪਰੰਤ ਸਹਾਇਕ ਪੁਸਤਕਾਂ ਦੀ ਸੂਚੀ ਪ੍ਰਸਤੁਤ ਕੀਤੀ ਗਈ ਹੈ। ਇਸ ਅਕਾਦਮਿਕ ਸਫਰ ਵਿਚ ਰਹਿਨੁਮਾਈ ਕਰਨ ਵਾਲੇ ਸਵਰਗੀ ਪ੍ਰੋ. ਅਮਰਜੀਤ ਸਿੰਘ ਕਾਂਗ ਦੀ ਪ੍ਰੇਰਣਾ ਨੂੰ ਮੈਂ ਕਦੇ ਭੁਲਾ ਹੀ ਨਹੀਂ ਸਕਾਂਗੀ। ਖੋਜ ਅਧਿਐਨ ਦੌਰਾਨ ਜਿਸ ਤਰ੍ਹਾਂ ਦਾ ਸਹਿਯੋਗ ਅਤੇ ਮਾਰਗ ਦਰਸ਼ਨ ਮੇਰੇ ਗੁਰੂਦੇਵ **ਡਾ. ਜਸਪਾਲ ਕੌਰ ਕਾਂਗ** ਵਲੋਂ ਦਿੱਤਾ ਗਿਆ ਉਸ ਲਈ ਮੈਂ ਉਨ੍ਹਾਂ ਦੀ ਹਮੇਸ਼ਾਂ ਰਿਣੀ ਰਹਾਂਗੀ, ਜਿਨ੍ਹਾਂ ਨੇ ਸੰਕਲਪਾਤਮਕ ਪੱਧਰ ਤੇ ਆ ਰਹੀਆਂ ਮੇਰੀਆਂ ਸਮੱਸਿਆਵਾਂ ਨੂੰ ਨਜਿੱਠਣ ਲਈ ਖੁੱਲ੍ਹਾ ਸਮਾਂ ਦਿੱਤਾ। ਉਨ੍ਹਾਂ ਦੇ ਸੰਜੀਦਾ ਸੁਭਾਅ ਵਿਚ ਇਕ ਗੰਭੀਰ ਅਧਿਆਪਕ ਦੇ ਨਾਲ ਨਾਲ ਇਕ ਸਹਿਯੋਗੀ ਦੋਸਤ ਵਰਗਾ ਭਾਵ ਮੈਨੂੰ ਹਮੇਸ਼ਾਂ ਨਜ਼ਰ ਆਇਆ, ਜੋ ਅਧਿਆਪਨ

ਅਤੇ ਖੋਜ ਕਾਰਜ ਦੌਰਾਨ ਮੇਰੇ ਲਈ ਇਕ ਸੁਹਿਰਦ ਅਤੇ ਪ੍ਰਤੀਬੱਧ ਅਧਿਆਪਕ ਦੇ ਰੋਲ ਮਾਡਲ ਵਜੋਂ ਸਿੱਧ ਹੋਇਆ ਹੈ। ਇਸਦੇ ਨਾਲ ਹੀ ਮੈਂ ਪੰਜਾਬੀ ਅਧਿਐਨ ਵਿਭਾਗ ਦੇ **ਡਾ. ਊਮਾ ਸੇਠੀ** ਦੀ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ **ਸਹਿ ਨਿਗਰਾਨ** ਹੋਣ ਦੇ ਨਾਤੇ ਮੇਰੇ ਇਸ ਕਾਰਜ ਨੂੰ ਸੰਪੂਰਨ ਕਰਨ ਵਿਚ ਆਪਣਾ ਬਣਦਾ ਸਹਿਯੋਗ ਦਿੱਤਾ।

ਇਸ ਖੋਜ ਦੌਰਾਨ ਜਿਹਨਾਂ ਵਿਦਵਾਨਾਂ ਨਾਲ ਵਿਚਾਰ ਵਟਾਂਦਰਾ ਕੀਤਾ ਅਤੇ ਜਿਨ੍ਹਾਂ ਦੇ ਵਿਚਾਰਾਂ ਨੂੰ ਅਸੀਂ ਸਿੱਧੇ ਜਾਂ ਅਸਿੱਧੇ ਰੂਪ ਵਿਚ ਆਪਣੇ ਖੋਜ-ਪ੍ਰਬੰਧ ਦੀ ਉਸਾਰੀ ਵਿਚ ਵਰਤਿਆ ਹੈ, ਮੈਂ ਉਨ੍ਹਾਂ ਦੀ ਹਮੇਸ਼ਾਂ ਧੰਨਵਾਦੀ ਰਹਾਂਗੀ। ਪੰਜਾਬੀ ਸਾਹਿਤ ਅਕਾਦਮੀ ਦੀ ਖੋਜ ਲਾਇਬਰੇਰੀ ਵਿਚ ਤਾਇਨਾਤ ਪ੍ਰਿੰਸੀਪਲ ਪ੍ਰੇਮ ਸਿੰਘ ਬਜਾਜ ਅਤੇ ਉਨ੍ਹਾਂ ਦੇ ਸਹਿਯੋਗੀ ਅਤੇ ਆਪਣੇ ਕਾਲਜ ਦੀ ਲਾਇਬਰੇਰੀ ਦੇ ਸਟਾਫ਼ ਦੀ ਵੀ ਮੈਂ ਅਤਿ ਧੰਨਵਾਦੀ ਹਾਂ ਜਿਨ੍ਹਾਂ ਨੇ ਦੁਰੱਲਭ ਪੁਸਤਕਾਂ ਖੋਜਣ ਵਿਚ ਮੇਰੀ ਸਹਾਇਤਾ ਕੀਤੀ। ਆਪਣੇ ਕਾਲਜ ਦੇ ਪ੍ਰਿੰਸੀਪਲ ਡਾ. ਪ੍ਰਵੀਨ ਕੌਰ ਚਾਵਲਾ ਅਤੇ ਆਪਣੇ ਸਹਿਯੋਗੀ ਸਟਾਫ ਮੈਂਬਰਾਂ ਦੀ ਅਤੀ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਕਾਲਜ ਦੀਆਂ ਜ਼ਿੰਮੇਵਾਰੀਆਂ ਤੋਂ ਮੁਕਤ ਕਰਕੇ ਖੋਜ ਦੇ ਇਸ ਗੰਭੀਰ ਕਾਰਜ ਨੂੰ ਸੰਪੂਰਨ ਕਰਨ ਵਿਚ ਸਹਿਯੋਗ ਦਿੱਤਾ। ਆਪਣੇ ਬਚਿਆਂ ਜਸਲੀਨ ਕੌਰ, ਪੁਨੀਤ ਪਾਲ ਸਿੰਘ ਅਤੇ ਹਮਸਫ਼ਰ ਸ. ਦਵਿੰਦਰ ਸਿੰਘ ਕੋਲੋਂ ਮਿਲੇ ਅਥਾਹ ਸਹਿਯੋਗ ਲਈ, ਮੈਂ ਉਨ੍ਹਾਂ ਦੀ ਹਮੇਸ਼ਾਂ ਰਿਣੀ ਰਹਾਂਗੀ। ਜਿਨ੍ਹਾਂ ਨੇ ਹਮੇਸ਼ਾਂ ਘਰ ਵਿਚ ਸੁਖਦ ਵਾਤਾਵਰਣ ਉਪਜਾ ਕੇ ਇਸ ਕਾਰਜ ਵਿਚ ਪ੍ਰੇਰਣਾਤਮਕ ਭੂਮਿਕਾ ਨਿਭਾਈ। ਆਪਣੇ ਭੈਣ ਭਰਾਵਾਂ, ਮਿੱਤਰਾਂ ਅਤੇ ਸ਼ੁਭ ਚਿੰਤਕਾਂ ਦੀ ਅਤਿਅੰਤ ਧੰਨਵਾਦੀ ਹਾਂ ਜਿਹਨਾਂ ਨੇ ਮੇਰੇ ਇਸ ਖੋਜ ਕਾਰਜ ਨੂੰ ਪੂਰਾ ਕਰਨ ਲਈ ਹਰ ਸੰਭਵ ਸਹਾਇਤਾ ਕੀਤੀ ਅਤੇ ਮੈਨੂੰ ਹੱਲਾਸ਼ੇਰੀ ਦੇ ਕੇ ਹਮੇਸ਼ਾ ਅੱਗੇ ਵਧਣ ਲਈ ਪ੍ਰੇਰਿਆ। ਅੰਤ ਵਿੱਚ ਸ੍. ਜਗਤਾਰ ਸਿੰਘ ਦੀ ਧੰਨਵਾਦੀ ਹਾਂ ਜਿਨ੍ਹਾਂ ਦੀ ਕੰਪਿਊਟਰੀ ਛੂਹ ਨੇ ਮੇਰੇ ਇਸ ਖੋਜ ਕਾਰਜ ਨੂੰ ਮੁਕੰਮਲ ਰੂਪ ਦਿੱਤਾ।

(**ਇੰਦਰਜੀਤ ਮਦਾਨ**)

# ਅਧਿਆਇ ਪਹਿਲਾ

## ਗੁਰਬਾਣੀ ਚਿੰਤਨ ਦਾ ਸਿਧਾਂਤਕ ਅਤੇ ਵਿਚਾਰਧਾਰਕ ਪਰਿਪੇਖ

(ੳ) ਗੁਰਬਾਣੀ ਚਿੰਤਨ ਉੱਪਰ ਹੋਏ ਖੋਜ ਕਾਰਜ ਦਾ ਮੁਲਾਂਕਣ

(ਅ) ਗੁਰਬਾਣੀ ਅਧਿਐਨ ਦਾ ਨਵਾਂ ਪਰਿਪੇਖ ਅਤੇ ਪਸਾਰ

(ੲ) ਗੁਰਬਾਣੀ ਚਿੰਤਨ ਦੀ ਪਿੱਠ-ਭੂਮੀ

(ਸ) ਗੁਰਬਾਣੀ ਚਿੰਤਨ ਦੇ ਸਿਧਾਂਤਕ ਅਤੇ ਵਿਚਾਰਧਾਰਕ ਮਸਲੇ

(ਹ) ਗੁਰਬਾਣੀ ਚਿੰਤਨ ਵਿੱਚ ਵਿਭਿੰਨ ਧਰਮਾਂ, ਸਿਮਰਤੀਆਂ ਅਤੇ ਗਿਆਨ ਮਾਡਲਾਂ ਨਾਲ ਸੰਵਾਦ

# ਗੁਰਬਾਣੀ ਚਿੰਤਨ ਦਾ ਸਿਧਾਂਤਕ ਅਤੇ ਵਿਚਾਰਧਾਰਕ ਪਰਿਪੇਖ

ਆਪਣੇ ਪਹਿਲੇ ਅਧਿਆਇ 'ਗੁਰਬਾਣੀ ਚਿੰਤਨ ਦੇ ਸਿਧਾਂਤਕ ਅਤੇ ਵਿਚਾਰਧਾਰਕ ਪਰਿਪੇਖ' ਉਤੇ ਗੰਭੀਰ ਵਿਚਾਰ ਕਰਦਿਆਂ ਅਸੀਂ ਪਹਿਲਾਂ ਗੁਰਬਾਣੀ ਚਿੰਤਨ ਦੀ ਪਿਠ ਭੂਮੀ ਨੂੰ ਘੋਖਣ ਦਾ ਯਤਨ ਕਰਾਂਗੇ ਤਾਂ ਜੁ ਇਸ ਚਿੰਤਨ ਦੇ ਪਿਛੋਕੜ ਵਿਚ ਪਏ ਵਿਭਿੰਨ ਧਰਮਾਂ/ਸਿਮਰਤੀਆਂ ਅਤੇ ਗਿਆਨ ਮਾਡਲਾਂ ਦੀ ਰੌਸ਼ਨੀ ਵਿਚ ਬਾਣੀ ਚਿੰਤਨ ਦੀ ਵਿਲੱਖਣ ਹੋਂਦ ਨੂੰ ਪਛਾਣਿਆ ਜਾ ਸਕੇ। ਭਾਰਤ ਦੀ ਅਧਿਆਤਮਕ ਪਰੰਪਰਾ ਵਿਚ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਤੇ ਇਸ ਦਾ ਫਲਸਫ਼ਾ ਵਿਸ਼ਵ ਦੇ ਸਮੁੱਚੇ ਅਧਿਆਤਮਕ ਚਿੰਤਨ ਵਿਚ ਗੁਣਾਤਮਕ ਪੱਖੋਂ ਲਾਸਾਨੀ ਮਹੱਤਵ ਰੱਖਦਾ ਹੈ। ਮਨੁੱਖੀ ਜੀਵਨ ਵਿਚ ਇਸ ਗ੍ਰੰਥ ਦੀ ਮਹਾਨਤਾ ਜਿੱਥੇ ਜੀਵੰਤ ਗੁਰੂ ਦੇ ਰੂਪ ਵਿਚ ਉਜਾਗਰ ਹੁੰਦੀ ਹੈ, ਉਥੇ ਇਸ ਵਿਚਲਾ ਸੰਦੇਸ਼ ਕਿਸੇ ਇਕ ਵਿਸ਼ੇਸ਼ ਧਰਮ ਲਈ ਨਾ ਹੋ ਕੇ ਸਗੋਂ ਸਮੁੱਚੀ ਮਾਨਵਤਾ ਲਈ ਜੀਵਨ ਦੀ ਵਿਵਹਾਰਕਤਾ ਦੇ ਆਦਰਸ਼ਕ ਮਾਡਲ ਵਜੋਂ ਉਚਾ ਸਥਾਨ ਰੱਖਦਾ ਹੈ। ਇਸ ਅਦੁੱਤੀ ਗ੍ਰੰਥ ਦੀ ਸੰਪਾਦਨਾ ਨਾਲ ਭਾਰਤ ਦੇ ਸਮਕਾਲੀ ਅਤੇ ਪੂਰਵਕਾਲੀ ਅਧਿਆਤਮਕ ਚਿੰਤਨ ਵਿਚ ਇਕ ਵਿਸ਼ੇਸ਼ ਤੇ ਨਵ-ਪਰਿਵਰਤਨ ਹੋਇਆ। ਇਸ ਗ੍ਰੰਥ ਵਿਚ ਸੰਕਲਿਤ ਬਾਣੀ ਦੇ ਸਰਬ ਸਾਂਝੇ ਸੰਦੇਸ਼ਾਂ ਤੋਂ ਪ੍ਰਭਾਵਿਤ ਹੋ ਕੇ ਨੋਬੇਲ ਇਨਾਮ ਜੇਤੂ ਮਿਸ ਪਰਲ ਐਸ. ਬਕ ਨੇ ਕਿਹਾ ਸੀ :

> *ਮੈਂ ਹੋਰ ਧਰਮਾਂ ਦੇ ਮਹਾਨ ਗ੍ਰੰਥਾਂ ਦਾ ਵੀ ਅਧਿਐਨ ਕੀਤਾ ਹੈ, ਪਰ ਮਨ, ਚਿੱਤ ਨੂੰ ਟੁੰਬਣ ਵਾਲੀ ਜੋ ਸ਼ਕਤੀ ਇਥੇ (ਗੁਰੂ ਗ੍ਰੰਥ ਸਾਹਿਬ ਵਿਚ) ਅਨੁਭਵ ਹੋਈ ਹੈ, ਉਹ ਕਿਸੇ ਹੋਰ ਧਾਰਮਿਕ ਗ੍ਰੰਥ ਵਿਚ ਨਹੀਂ ਮਿਲ ਸਕੀ।* [1]

ਗੁਰੂ ਗ੍ਰੰਥ ਸਾਹਿਬ ਵਿਚ ਛੇ ਗੁਰੂ ਸਾਹਿਬਾਨ ਤੋਂ ਇਲਾਵਾ ਭਗਤਾਂ, ਸੂਫ਼ੀ ਫਕੀਰਾਂ, ਭੱਟਾਂ ਤੇ ਗੁਰੂ ਘਰ ਦੇ ਨਿਕਟਵਰਤੀ ਗੁਰਸਿੱਖ ਦੀਆਂ ਪਵਿੱਤਰ ਰਚਨਾਵਾਂ ਸੰਕਲਿਤ ਹਨ, ਜਿਨ੍ਹਾਂ ਨੂੰ ਸਾਂਝੇ ਤੌਰ 'ਤੇ 'ਗੁਰਬਾਣੀ' ਕਿਹਾ ਜਾਂਦਾ ਹੈ। ਗੁਰੂ ਸਾਹਿਬਾਨ ਦੇ ਕਹਿਣ ਅਨੁਸਾਰ ਇਹ ਬਾਣੀ, ਸਗੋਂ ਰੂਹਾਨੀ ਤੌਰ 'ਤੇ ਪ੍ਰਾਪਤ ਹੋਈ 'ਧੁਰ ਕੀ ਬਾਣੀ' ਹੈ। ਇਸ ਸੱਚੀ ਬਾਣੀ ਦੇ ਵਿਲੱਖਣ ਅਤੇ ਵਿਸ਼ੇਸ਼ ਤੱਤਾਂ ਨੂੰ ਸਮਝਣ ਲਈ ਸਭ ਤੋਂ ਪਹਿਲਾਂ ਇਸ ਗੁਰਬਾਣੀ ਚਿੰਤਨ ਦੇ ਵਿਚਾਰਧਾਰਕ ਅਤੇ ਸਿਧਾਂਤਕ ਮਸਲਿਆਂ ਤੱਕ ਪਹੁੰਚਣ ਦੀ ਕੋਸ਼ਿਸ਼ ਕਰਾਂਗੇ। ਸਾਡਾ ਮੰਨਣਾ ਹੈ ਕਿ ਅਜਿਹੀ ਵਿੱਧੀ-ਵਤ ਪਹੁੰਚ ਹੀ ਗੁਰਬਾਣੀ ਅਧਿਐਨ ਦੇ ਨਵੇਂ ਪਸਾਰਾਂ ਨੂੰ ਉਜਾਗਰ ਕਰਨ ਵਿਚ ਸਹਾਇਕ ਸਿੱਧ

ਹੋਵੇਗੀ। ਸੋ ਸਾਡੇ ਇਸ ਮੁਢਲੇ ਅਧਿਆਇ ਦਾ ਆਦਿ ਬਿੰਦੂ ਗੁਰਬਾਣੀ ਚਿੰਤਨ ਦੀ ਪਿੱਠ ਭੂਮੀ ਵਿਚ ਪਏ ਇਸਦੇ ਵਿਚਾਰਧਾਰਕ ਸੋਮਿਆਂ ਦੀ ਤਲਾਸ਼ ਕਰਨਾ ਹੈ ਪਰ ਇਸ ਯਤਨ ਤੋਂ ਪਹਿਲਾਂ ਸਾਡਾ ਪ੍ਰਯਾਸ ਇਹ ਹੋਵੇਗਾ ਕਿ ਗੁਰਬਾਣੀ ਚਿੰਤਨ ਉੱਤਰ ਸਾਡੇ ਖੋਜ ਕਾਰਜ ਤੋਂ ਪਹਿਲਾਂ ਕਿਸ ਪ੍ਰਕਾਰ ਦਾ ਅਧਿਐਨ ਪ੍ਰਸਤੁਤ ਹੋ ਚੁੱਕਾ ਹੈ ਅਤੇ ਉਸ ਦਾ ਮੁਲਾਂਕਣ ਕੀ ਹੈ? ਸੋ ਅਸੀਂ ਇਹ ਸਾਰਾ ਕਾਰਜ ਸਿਲਸਲੇਵਾਰ ਕਰਦੇ ਹੋਏ ਸਭ ਤੋਂ ਪਹਿਲਾਂ ਗੁਰਬਾਣੀ ਚਿੰਤਨ ਉਪਰ ਹੋਏ ਪੂਰਵ ਖੋਜ ਕਾਰਜ ਦਾ ਮੁਲਾਂਕਣ ਕਰਾਂਗੇ।

## (ੳ) ਗੁਰਬਾਣੀ ਚਿੰਤਨ ਉਪਰ ਹੋਏ ਪੂਰਵ ਖੋਜ ਕਾਰਜ ਦਾ ਮੁਲਾਂਕਣ

ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਮੱਧਕਾਲ ਦਾ ਸਮਾਂ ਵਿਸ਼ੇਸ਼ ਮਹੱਤਵ ਦਾ ਧਾਰਨੀ ਹੈ। ਵਿੰਭਿੰਨ ਧਰਮਾਂ/ਸੰਪਰਦਾਵਾਂ ਦੀਆਂ ਵਿਚਾਰਧਾਰਾਵਾਂ ਦਾ ਪ੍ਰਤਿਨਿਧ ਕਰਦੀਆਂ ਸਾਹਿਤਕ ਪਰੰਪਰਾਵਾਂ ਅਤੇ ਮੱਧਕਾਲ ਦੇ ਅੰਤਰਗਤ ਗੁਰੂ ਨਾਨਕ ਕਾਲ ਦੌਰਾਨ ਰਚੇ ਅਨੂਠੇ ਪੰਜਾਬੀ ਸਾਹਿਤ ਸਦਕਾ ਇਸ ਕਾਲ ਨੂੰ ਪੰਜਾਬੀ ਸਾਹਿਤ ਦਾ 'ਸੁਨਹਿਰੀ ਕਾਲ' ਕਹਿਣ ਦੀ ਪਰੰਪਰਾ ਆਦਿ ਕੁਝ ਇਤਿਹਾਸਕ ਪਹਿਲੂ, ਮੱਧਕਾਲੀ ਸਮੇਂ ਨੂੰ ਵਿਸ਼ੇਸ਼ ਮਹੱਤਤਾ ਦਾ ਵਾਹਕ ਬਣਾਉਂਦੇ ਹਨ। ਇਸ ਕਾਲ ਖੰਡ ਵਿਚ ਵਿਭਿੰਨਤਾ ਭਰਪੂਰ ਸਾਹਿੱਤਕ ਧਾਰਾਵਾਂ ਪ੍ਰਚਲਿਤ ਰਹੀਆਂ, ਜਿਨ੍ਹਾਂ ਵਿਚੋਂ ਪ੍ਰਮੁੱਖ ਗੁਰਮਤਿ ਕਾਵਿ ਧਾਰਾ ਹੈ। ਬਾਣੀ ਚਿੰਤਨ ਅਧਿਆਤਮਕਤਾ ਨਾਲ ਸਬੰਧਿਤ ਇਕ ਅਜਿਹੀ ਵਿਲੱਖਣ ਕਾਵਿ ਧਾਰਾ ਹੈ, ਜੋ ਵਿਹਾਰਕ ਤੌਰ 'ਤੇ ਉਦਾਰ ਪਰੰਤੂ ਵਿਚਾਰਧਾਰਕ ਤੌਰ 'ਤੇ ਕ੍ਰਾਂਤੀਕਾਰੀ ਪਰੰਪਰਾ ਨੂੰ ਆਪਣੇ ਵਿਚ ਸਮੋਈ ਬੈਠੀ ਹੈ। ਗੁਰੂ ਗ੍ਰੰਥ ਸਾਹਿਬ ਵਿਚਲਾ ਬਾਣੀ ਚਿੰਤਨ ਵਿਚਾਰਧਾਰਕ ਅਤੇ ਸਿਧਾਂਤਕ ਧਰਾਤਲ ਉਪਰ ਵਿਰਾਟ ਦ੍ਰਿਸ਼ਟੀ ਦਾ ਸੂਚਕ ਹੈ। ਸਮੁੱਚੀ ਗੁਰਬਾਣੀ ਚਿੰਤਨਸ਼ੀਲ ਵਿਚਾਰਧਾਰਾ ਅਤੇ ਚਿੰਤਨ ਪੱਧਤੀਆਂ ਨੂੰ ਪ੍ਰਭਾਵਿਤ ਕਰਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚਲੇ ਬਾਣੀਕਾਰਾਂ ਨੇ ਆਪਣੇ ਕਰਮਸ਼ੀਲ ਜੀਵਨ ਵਿਚ ਵਿਚਰਦਿਆਂ ਮਨੁੱਖੀ ਜੀਵਨ ਨੂੰ ਸਾਰਥਕ ਤੇ ਨਰੋਈ ਦਿਸ਼ਾ ਦੇਣ ਲਈ ਆਪਣੀ ਬਾਣੀ ਉਚਾਰੀ ਜਿਸਨੂੰ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਕੀਤਾ ਗਿਆ। ਸਿਖ ਗੁਰੂ ਸਾਹਿਬਾਨ ਦੇ ਨਾਲ ਭਾਰਤ ਦੇ ਵੱਖੋ-ਵੱਖ ਖਿੱਤਿਆਂ, ਧਰਮਾਂ, ਜਾਤ-ਬਰਾਦਰੀਆਂ ਅਤੇ ਸੰਪ੍ਰਦਾਵਾਂ ਨਾਲ ਸਬੰਧਿਤ ਸੰਤਾਂ, ਭਗਤਾਂ ਅਤੇ ਭੱਟਾਂ ਦੀ ਬਾਣੀ ਨੂੰ ਗੁਰੂ ਅਰਜਨ ਦੇਵ ਨੇ 'ਸ਼ਬਦ ਮਾਡਲ' ਵਿਚ ਬੰਨ੍ਹ ਕੇ ਪ੍ਰਸਤੁਤ ਕੀਤਾ। ਨਿਰਸੰਦੇਹ ਸਮੁੱਚੀ ਬਾਣੀ ਆਪਣੇ ਸੰਕਲਨ ਸਮੇਂ ਹੀ ਧਾਰਮਿਕ ਸਹਿਣਸ਼ੀਲਤਾ ਅਤੇ ਵਿਸ਼ਵ ਭਾਈਚਾਰੇ ਦੇ ਸੰਕਲਪ ਨੂੰ ਜੀਵੰਤ ਰੂਪ ਵਿਚ ਪ੍ਰਸਤੁਤ ਕਰਨ ਵੱਲ ਰੁਚਿਤ ਰਹੀ ਹੈ। ਇਸ ਵਿਹਾਰਕ ਪੱਖ ਦੇ ਨਾਲ ਨਾਲ ਵਿਚਾਰ ਦੀ ਪੱਧਰ 'ਤੇ ਵੀ ਬਾਣੀ ਦੀ ਇਹ ਵਿਸ਼ੇਸ਼ਤਾ ਉਸ ਸਮੇਂ ਉਜਾਗਰ ਹੁੰਦੀ ਵੇਖੀ ਜਾ ਸਕਦੀ ਹੈ ਜਦੋਂ ਸਮੁੱਚਾ

ਬਾਣੀ ਚਿੰਤਨ ਤਤਕਾਲੀ ਸਮਾਜ ਵਿਚ ਨਿਰੋਲ ਮਾਨਵੀ ਕਦਰਾਂ ਕੀਮਤਾਂ ਤੇ ਭਾਈਚਾਰਕ ਸਾਂਝ ਦਾ ਪਰਸਾਰ ਕਰਦਾ ਹੋਇਆ ਧਾਰਮਿਕ ਕਰਮ ਕਾਂਡਾਂ ਤੇ ਸੰਸਕਾਰਾਂ ਨੂੰ ਨਕਾਰਦਾ ਹੋਇਆ ਸਰਵ ਸ਼ਕਤੀਮਾਨ ਪਰਮਾਤਮਾ ਦੀ ਬੰਦਗੀ ਅਤੇ ਉਤਮ ਨੈਤਿਕ ਜੀਵਨ ਜਿਉਣ ਉਤੇ ਬਲ ਦਿੰਦਾ ਹੈ। ਬਾਣੀਕਾਰਾਂ ਵਿੱਚ ਆਪਣੇ ਸਮਕਾਲੀ ਅਤੇ ਪੂਰਵਕਾਲੀ ਧਾਰਮਿਕ, ਸਮਾਜਿਕ, ਸੱਭਿਆਚਾਰਕ, ਰਾਜਨੀਤਕ ਤੇ ਨੈਤਿਕ ਕਦਰਾਂ ਕੀਮਤਾਂ ਅਤੇ ਅਡੰਬਰਾਂ ਨਾਲ ਇਕ ਤਿੱਖਾ ਸੰਵਾਦ ਰਚਾਇਆ ਹੈ।

ਗੁਰਬਾਣੀ ਚਿੰਤਨ ਨੇ ਅਧਿਆਤਮਕਤਾ ਅਤੇ ਸੰਸਾਰਕ ਕਦਰਾਂ ਕੀਮਤਾਂ ਦੇ ਸਮਿਨਵੈ ਨਾਲ ਇਕ ਅਜਿਹਾ ਮਾਡਲ ਪੇਸ਼ ਕੀਤਾ ਹੈ, ਜੋ ਮੱਧਕਾਲ ਵਿਚ ਮਨੁੱਖ ਨੂੰ ਵਿਹਾਰਕ ਪੱਧਰ ਉਤੇ ਇਕ ਅਜਿਹੇ ਨਵੀਨ ਮਨੁੱਖ ਦੇ ਸੰਕਲਪ ਰਾਹੀਂ ਉਭਾਰਦਾ ਹੈ, ਜਿਹੜਾ ਕਿਸੇ ਜਾਤ, ਜਮਾਤ, ਬਰਾਦਰੀ ਤੇ ਧਰਮ ਦੀ ਵੰਡ ਨੂੰ ਨਕਾਰ ਕੇ ਇਕ ਕ੍ਰਾਂਤੀਕਾਰੀ ਪ੍ਰਵਚਨ ਦੀ ਉਸਾਰੀ ਕਰਦਾ ਹੈ। ਅਜੋਕੇ ਸਾਹਿਤ ਚਿੰਤਨ ਅਧੀਨ ਕਿਸੇ ਅਧਿਐਨ ਵਸਤੂ ਨੂੰ ਵਿਭਿੰਨ ਕੋਣਾਂ ਤੋਂ ਜਾਂਚ ਕੇ ਇਸਦੇ ਵੱਖੋ ਵੱਖਰੇ ਸਿੱਟੇ ਪੇਸ਼ ਕੀਤੇ ਜਾ ਸਕਦੇ ਹਨ। ਅਸੀਂ ਆਪਣੇ ਵਿਰਸੇ ਨੂੰ ਵਿਗਿਆਨਕ ਅਤੇ ਤਾਰਕਿਕ ਦ੍ਰਿਸ਼ਟੀ ਨਾਲ ਵਾਚ ਕੇ ਇਸਦੀ ਪ੍ਰਸੰਗਿਕਤਾ ਨੂੰ ਉਭਾਰ ਸਕਦੇ ਹਾਂ।

ਹਰ ਸਾਹਿੱਤਕ ਕਿਰਤ ਮਨੁੱਖੀ ਜੀਵਨ ਵਿਚ ਵਾਪਰਦੀਆਂ ਘਟਨਾਵਾਂ ਤੋਂ ਪ੍ਰਭਾਵਿਤ ਹੋ ਕੇ ਆਪਣੀ ਸਾਰਥਕ ਹੋਂਦ ਧਾਰਨ ਕਰਦੀ ਹੈ। ਇਸਦੀ ਸਾਰਥਿਕਤਾ ਕੇਵਲ ਘਟਨਾਵਾਂ ਦੇ ਸ਼ਾਬਦਿਕ ਰੂਪ ਵਿਚ ਨਹੀਂ ਬਲਕਿ ਜੀਵਨ ਝਲਕੀਆਂ ਦੀ ਪੇਸ਼ਕਾਰੀ ਵਿਚ ਵੀ ਹੁੰਦੀ ਹੈ। ਆਮ ਵਿਚਾਰ ਕੀਤਾ ਜਾਂਦਾ ਹੈ ਕਿ ਇਕ ਲੇਖਕ ਵਿਅਕਤੀ ਹੋਰ ਵਿਅਕਤੀਆਂ ਦੇ ਮੁਕਾਬਲੇ ਵਧੇਰੇ ਕੋਮਲ ਚਿਤ ਹੁੰਦਾ ਹੈ ਅਤੇ ਅਧਿਕ ਸੰਵੇਦਨਾ ਨਾਲ ਪ੍ਰਭਾਵ ਗ੍ਰਹਿਣ ਕਰਦਾ ਹੈ। ਇਹੋ ਕਾਰਨ ਹੈ ਕਿ ਸਾਹਿਤਕ ਕਿਰਤਾਂ ਵਿਚ ਮਨੁੱਖੀ ਅਵਚੇਤਨ ਦੀਆਂ ਸੂਖਮ ਤੋਂ ਸੂਖਮ ਪਰਤਾਂ ਦੀ ਅਭਿਵਿਅਕਤੀ ਹੁੰਦੀ ਹੈ, ਇਸੇ ਲਈ ਹਰ ਸਾਹਿੱਤਕਾਰ ਦੀ ਦਿੱਬ ਦ੍ਰਿਸ਼ਟੀ ਜੀਵਨ ਵਿਚ ਵਾਪਰਦੀਆਂ ਬਹੁ ਪਰਤੀ ਘਟਨਾਵਾਂ ਤੋਂ ਹੀ ਆਪਣਾ ਵਿਚਾਰਧਾਰਕ ਦ੍ਰਿਸ਼ਟੀਕੋਣ ਧਾਰਨ ਕਰਦੀ ਹੈ। ਸਾਹਿੱਤਕ ਕਿਰਤਾਂ ਵਿਚ ਮਨੁੱਖੀ ਅਵਚੇਤਨ ਦੀਆਂ ਸੂਖਮ ਤੋਂ ਸੂਖਮ ਪਰਤਾਂ ਦੀ ਅਭਿਵਿਅਕਤੀ ਹੁੰਦੀ ਹੈ, ਇਸੇ ਲਈ ਹਰ ਸਾਹਿੱਤਕਾਰ ਦੀ ਦਿੱਬ ਦ੍ਰਿਸ਼ਟੀ ਜੀਵਨ ਵਿਚ ਵਾਪਰਦੀਆਂ ਬਹੁ ਪਰਤੀ ਘਟਨਾਵਾਂ ਤੋਂ ਹੀ ਆਪਣਾ ਵਿਚਾਰਧਾਰਕ ਦ੍ਰਿਸ਼ਟੀਕੋਣ ਧਾਰਨ ਕਰਦੀ ਹੈ। ਇਸੇ ਕਰਕੇ ਹੀ ਸਾਹਿਤਕ ਕਿਰਤ ਵਿਚ ਦੇ ਪਿਛੋਕੜ ਵਿਚ ਵਿਚਰ ਰਹੀ ਸਿਧਾਂਤਕ ਚੇਤਨਾ ਨੂੰ ਉਸ ਸਾਹਿੱਤਕ ਕਿਰਤ ਦੇ ਬਹੁਪੱਖੀ ਅਤੇ ਨਿਕਟ ਅਧਿਐਨ ਦੁਆਰਾ ਉਸ ਅੰਦਰ ਲੁਪਤ ਹੋਏ ਸਿਧਾਂਤਕ ਆਧਾਰਾਂ ਨੂੰ ਲੱਭਿਆ ਜਾ ਸਕਦਾ ਹੈ। ਗੁਰੂ ਗ੍ਰੰਥ ਵਿਚਲੇ ਬਾਣੀਕਾਰਾਂ ਦੀ ਬਾਣੀ ਵਿਚ ਵੱਖੋ-ਵੱਖ ਵਿਚਾਰਧਾਰਕ ਪੈਟਰਨ ਦੇ

ਅਨੁਸਾਰੀ ਹੋਣ ਦੇ ਬਾਵਜੂਦ ਮਾਨਵੀ ਸਰੋਕਾਰਾਂ ਦੀ ਸਮਾਨਤਾ ਪ੍ਰਤੱਖ ਨਜ਼ਰ ਆਉਂਦੀ ਹੈ। ਡਾ: ਜਗਬੀਰ ਸਿੰਘ ਨੇ ਇਸ ਬਾਰੇ ਆਪਣੇ ਵਿਚਾਰ ਇਸ ਪ੍ਰਕਾਰ ਪ੍ਰਗਟਾਏ ਹਨ:

> *ਹਰ ਸਾਹਿਤਕ ਜਾਂ ਸੱਭਿਆਚਾਰਕ ਪਾਠ ਆਪਣੇ ਵੇਲੇ ਦੇ ਮਾਨਵੀ ਯਥਾਰਥ ਨਾਲ ਡੂੰਘੀ ਤਰ੍ਹਾਂ ਜੁੜਿਆ ਹੁੰਦਾ ਹੈ। ਇਸਦੀ ਸਿਰਜਨਾ ਵਿਚ ਚੇਤ-ਅਚੇਤੀ ਆਪਣੇ ਸਮਕਾਲੀ ਅਤੇ ਪੂਰਵਕਾਲੀ ਵਿਰਸੇ ਦੀਆਂ ਰਚਨਾ-ਰੂਪੀ ਅਤੇ ਪਰੰਪਰਾਵਾਂ ਕਾਰਜਸ਼ੀਲ ਹੁੰਦੀਆਂ ਹਨ। ਕਾਰਨ ਇਹ ਹੈ ਕਿ ਮਾਨਵ ਸਿਰਜਿਤ ਕੋਈ ਵੀ ਪ੍ਰਵਚਨ ਖਲ੍ਹਾ ਵਿਚੋਂ ਪੈਦਾ ਨਹੀਂ ਹੁੰਦਾ, ਸਗੋਂ ਵਰਤਮਾਨ ਅਤੇ ਅਤੀਤ ਵਿਚਕਾਰ ਸੰਵਾਦ ਦੀ ਉਪਜ ਹੁੰਦਾ ਹੈ।*[2]

ਗੁਰੂ ਗ੍ਰੰਥ ਸਾਹਿਬ ਬਾਣੀ ਮੱਧਕਾਲੀਨ ਪੰਜਾਬੀ ਸਾਹਿਤ ਦੀ ਵਡਮੁੱਲੀ ਵਿਰਾਸਤ ਹੈ। ਇਸ ਵਿਚ ਧਰਮ ਅਤੇ ਕਾਵਿ ਦਾ ਅਨੋਖਾ ਸੁਮੇਲ ਹੈ। ਬਾਣੀਕਾਰਾਂ ਨੇ ਆਪਣੇ ਧਾਰਮਿਕ/ਅਧਿਆਤਮਕ ਅਨੁਭਵ ਨੂੰ ਕਾਵਿ/ਸੰਗੀਤ ਰਾਹੀਂ ਪੇਸ਼ ਕੀਤਾ ਹੈ। ਭਗਤ ਕਬੀਰ ਆਪਣੀ ਬਾਣੀ ਨੂੰ ਨਿਰੋਲ 'ਕਾਵਿ' ਨਹੀਂ ਮੰਨਦੇ ਸਗੋਂ ਇਸ ਨੂੰ 'ਬ੍ਰਹਮ ਬੀਚਾਰ' ਦਾ ਨਾਮ ਦਿੰਦੇ ਹਨ। ਵੱਖ ਵੱਖ ਗੁਰੂ ਸਾਹਿਬਾਨ ਨੇ ਵੀ ਆਪਣੀ ਬਾਣੀ ਨੂੰ ਧੁਰ ਕੀ ਬਾਣੀ ਅਤੇ ਖਸਮ ਕੀ ਬਾਣੀ ਵੀ ਆਖਿਆ ਹੈ। ਭਾਈ ਲਾਲੋ ਨੂੰ ਸੰਬੋਧਿਤ ਤੁੱਕਾਂ ਇਸ ਤੱਥ ਦੀ ਗਵਾਹੀ ਦਿੰਦੀਆਂ ਹਨ:

*ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ॥* ਪੰਨਾ ੭੨੨

ਗੁਰਬਾਣੀ ਮੂਲ ਰੂਪ ਵਿਚ ਧਾਰਮਿਕ ਅਨੁਭਵ ਦੀ ਗੱਲ ਕਰਦੀ ਹੈ ਪਰ ਇਹ ਧਾਰਮਿਕ ਅਨੁਭਵ ਲੌਕਿਕਤਾ ਵਿਚੋਂ ਸਰੂਪ ਗ੍ਰਹਿਣ ਕਰਦਾ ਹੈ। ਇਸਦੀ ਇਹੋ ਗ੍ਰਹਿਣਸ਼ੀਲਤਾ ਬਾਣੀ ਨੂੰ ਲੌਕਿਕ ਤੋਂ ਪਾਰ ਲੌਕਿਕ ਵਲ ਲੈ ਜਾਣ ਵਾਲਾ ਮਾਧਿਅਮ ਸਿੱਧ ਕਰਦੀ ਹੈ। ਪਹਿਲਾਂ ਪਹਿਲ ਗੁਰਬਾਣੀ ਅਧਿਐਨ ਨੂੰ ਵੀ ਸਿਰਫ ਅਧਿਆਤਮਕਤਾ ਦੇ ਪੱਖ ਤੋਂ ਵਿਚਾਰਿਆ ਗਿਆ। ਡਾ. ਤਾਰਨ ਸਿੰਘ ਅਨੁਸਾਰ:

> *ਵਿਆਖਿਆਕਾਰੀ ਉਹ ਸਿਰਜਨਾਤਮਕ ਕਲਾ ਹੈ ਜੋ ਕਿਸੇ ਅਨੁਭਵੀ ਸਾਹਿਤਕ ਕਿਰਤ ਦੇ ਵਿਚਾਰਾਂ, ਭਾਵਾਂ, ਭਾਵਨਾਵਾਂ ਨੂੰ ਸਪਸ਼ਟ ਕਰਨ ਦਾ ਯਤਨ ਕਰਦੀ ਹੈ। ਧਰਮ ਗ੍ਰੰਥਾਂ ਦੇ ਵਿਸ਼ੇਸ਼ ਕਰਕੇ ਤੇ ਹੋਰ ਸਾਹਿਤਕ ਗ੍ਰੰਥਾਂ ਦੇ ਆਮ ਕਰਕੇ ਜੋ ਪਦਾਰਥ, ਟੀਕੇ, ਭਾਸ਼, ਪਰਮਾਰਥ ਆਦਿ ਮਿਲਦੇ ਹਨ, ਉਹ ਇਸੇ ਵਰਗ ਦੀਆਂ ਰਚਨਾਵਾਂ ਕਹੇ ਜਾ ਸਕਦੇ ਹਨ।*[3]

ਅਸਲ ਵਿਚ ਭਾਰਤੀ ਧਰਮ/ਦਰਸ਼ਨ ਦੇ ਇਤਿਹਾਸ ਵਿਚ ਕਿਸੇ ਟੈਕਸਟ ਦੇ ਅਰਥਾਂ ਨੂੰ ਸਪਸ਼ਟ ਕਰਨ ਲਈ ਹੀ ਵਿਆਖਿਆਕਾਰੀ/ਟੀਕਾਕਾਰੀ ਅਰੰਭ ਹੋਈ ਹੈ। ਇਸਦਾ ਪਹਿਲਾ ਪੜਾਅ ਸਿਧਾਂਤਕ ਪਿੱਠਭੂਮੀ ਉੱਤੇ ਆਧਾਰਿਤ ਕਿਸੇ ਕਿਸਮ ਦੇ ਆਲੋਚਨਾਤਮਕ ਰਵੱਈਏ ਤੋਂ ਅਲੱਗ ਸੀ। ਇਸ ਵਿਚ ਸਿਰਫ਼ ਵਿਚਾਰ ਅਧੀਨ ਟੈਕਸਟ ਦੀ ਖੁੱਲ੍ਹੇ ਅਰਥਾਂ ਵਿਚ ਵਿਆਖਿਆ ਕੀਤੀ ਜਾਂਦੀ ਸੀ ਅਤੇ ਇਹ ਵਿਆਖਿਆ ਮੂਲ ਰੂਪ ਵਿਚ ਸਰਲ ਅਰਥਾਂ ਦਾ ਹੀ ਕੰਮ ਦਿੰਦੀ ਸੀ। ਦਰਅਸਲ ਭਾਰਤੀ ਧਰਮ ਅਤੇ ਦਰਸ਼ਨ ਆਧਾਰਿਤ ਸਾਹਿਤ ਅਨੇਕ ਭਾਂਤ ਦੀਆਂ ਪ੍ਰਵਚਨੀ ਵਿਧੀਆਂ ਲੈ ਕੇ ਪੈਦਾ ਹੁੰਦਾ ਹੈ। ਇਹੋ ਕਾਰਨ ਹੈ ਕਿ ਇਨ੍ਹਾਂ ਦੇ ਅਧਿਐਨ ਸਮੇਂ ਅਨੇਕ ਪ੍ਰਕਾਰ ਦੇ ਸੰਕਲਪਗਤ ਸ਼ਬਦਾਂ ਦੀਆਂ ਸਾਰੀਆਂ ਗੰਢਾਂ ਖੋਲ੍ਹਣੀਆਂ ਆਪ ਪਾਠਕ ਲਈ ਸਹਿਜ ਕਾਰਜ ਨਹੀਂ ਸਨ। ਪਹਿਲਾਂ ਪਹਿਲਾਂ ਟੀਕਿਆਂ ਦੇ ਨਾਮ ਹੇਠ ਸਰਲ ਵਿਆਖਿਆ ਦਾ ਅਮਲ ਸ਼ੁਰੂ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਅਧਿਐਨ ਦਾ ਪਹਿਲਾ ਮਾਡਲ ਡਾ: ਤਾਰਨ ਸਿੰਘ ਦੀ ਪੁਸਤਕ 'ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ' ਵਿਚ ਪਰੰਪਰਾਗਤ ਸ਼ਰਧਾ ਮੂਲਕ ਦ੍ਰਿਸ਼ਟੀ ਤੋਂ ਵਿਆਖਿਆ ਕਰਨ ਵਾਲੀਆਂ ਪ੍ਰਣਾਲੀਆਂ ਨੂੰ ਵਿਚਾਰਿਆ ਗਿਆ ਹੈ। ਗੁਰਬਾਣੀ ਦੀ ਸਰਲ ਵਿਆਖਿਆ ਸਿੱਖ ਧਰਮ ਦੀ ਸੰਸਥਾਮਈ ਵਿਉਂਤ 'ਭਾਈ ਪ੍ਰਣਾਲੀ' ਰਾਹੀਂ ਬਾਣੀ ਪੜ੍ਹਨ ਸੁਨਣ ਦੇ ਮਹਾਤਮ ਨੂੰ ਉਜਾਗਰ ਕਰਦੀ ਹੈ। ਕਾਲਿਕ ਪ੍ਰੀਵਰਤਨ ਦੇ ਨਾਲ ਨਾਲ ਗੁਰਬਾਣੀ ਅਧਿਐਨ ਵਿਚ ਅਜਿਹੀ ਤਬਦੀਲੀ ਦਾ ਆਉਣਾ ਸੁਭਾਵਕ ਹੈ। ਪਰਿਵਰਤਨ ਤਰੱਕੀ ਦਾ ਇਕ ਜੀਵੰਤ ਤੇ ਗਤੀਸ਼ੀਲ ਪ੍ਰਮਾਣ ਹੋਣ ਦਾ ਇਕ ਨਿਯਮ ਹੈ! ਇਸ ਗਤੀਸ਼ੀਲਤਾ ਦਾ ਅਸਰ ਗੁਰਬਾਣੀ ਅਧਿਐਨ ਅਤੇ ਖੋਜ ਉਪਰ ਪੈਣਾ ਵੀ ਸੁਭਾਵਿਕ ਹੈ। ਸਮਾਂ, ਪ੍ਰਸਥਿਤੀਆਂ ਤੇ ਵਿਚਾਰਧਾਰਾ ਦੇ ਬਦਲਣ ਨਾਲ ਅਧਿਐਨ ਵੀ ਬਦਲਦੇ ਰਹਿੰਦੇ ਹਨ। ਇਨ੍ਹਾਂ ਤੱਤਾਂ ਦੇ ਆਧਾਰ ਉਤੇ ਗੁਰਬਾਣੀ ਅਧਿਐਨ ਦੀਆਂ ਪ੍ਰਣਾਲੀਆਂ ਨੂੰ ਤਿੰਨ ਭਾਗਾਂ: ਪਰੰਪਰਾਵਾਦੀ ਦ੍ਰਿਸ਼ਟੀ, ਵਿਚਾਰ ਅਧਾਰਿਤ ਦ੍ਰਿਸ਼ਟੀ ਅਤੇ ਉਤਰ ਆਧੁਨਿਕ ਦ੍ਰਿਸ਼ਟੀ ਵਿਚ ਵੰਡਿਆ ਗਿਆ।

ਗੁਰਬਾਣੀ ਅਧਿਐਨ ਅਤੇ ਵਿਆਖਿਆ ਦਾ ਕਾਰਜ ਇਸਦੀ ਸਿਰਜਣਾ ਦੇ ਨਾਲ ਹੀ ਸ਼ੁਰੂ ਹੋ ਗਿਆ। ਡਾ: ਹਰਭਜਨ ਸਿੰਘ ਭਾਟੀਆ ਅਨੁਸਾਰ ਪ੍ਰਚਲਿਤ ਧਾਰਨਾ ਮੁਤਾਬਿਕ ਜਪੁਜੀ ਮੂਲ ਮੰਤਰ ਦੀ ਵਿਆਖਿਆ ਹੈ। ਗੁਰੂ ਨਾਨਕ ਬਾਣੀ ਦਾ ਕੇਂਦਰ ਅਰਥ ਜਪੁਜੀ ਵਿਚ ਵਿਦਮਾਨ ਹੈ ਅਤੇ ਗੁਰੂ ਨਾਨਕ ਦੇਵ ਦੀ ਸਮੁੱਚੀ ਰਚਨਾ ਉਸਦੀ ਵਿਆਖਿਆ ਪੇਸ਼ ਕਰਦੀ ਹੈ। ਅਰਥਾਤ ਦੂਸਰੇ ਗੁਰੂ ਸਾਹਿਬਾਨ ਨੇ ਵੀ ਗੁਰੂ ਨਾਨਕ ਦੇਵ ਦੀ ਦੁਆਰਾ ਸਥਾਪਿਤ ਧਾਰਮਿਕ ਰੁਚੀਆਂ ਅਨੁਸਾਰ ਹੀ ਰਚਨਾ ਕੀਤੀ ਹੈ।[4] ਡਾ: ਗੁਰਚਰਨ ਸਿੰਘ ਵੀ ਇਸੇ ਮਤ ਦੇ ਧਾਰਨੀ ਹਨ:

> *ਮੱਧਕਾਲ ਵਿਚ ਗੁਰਬਾਣੀ ਅਧਿਐਨ ਦਾ ਸਭ ਤੋਂ ਪਹਿਲਾ ਯਤਨ ਗੁਰਬਾਣੀ ਸੰਪ੍ਰਦਾਇ ਖੁਦ ਆਪ ਹੈ। ਸਾਰੀ ਬਾਣੀ ਦਾ ਮੂਲ ਗੁਰੂ ਨਾਨਕ ਬਾਣੀ ਹੈ। ਬਾਕੀ ਗੁਰੂਆਂ ਦੀ ਬਾਣੀ ਗੁਰੂ ਨਾਨਕ ਦੇ ਪਾਏ ਪੂਰਨਿਆਂ ਉਪਰ ਹੀ ਰਚੀ ਗਈ ਹੈ। ਬਾਕੀ ਗੁਰੂ , ਗੁਰੂ ਨਾਨਕ ਬਾਣੀ ਵਿਚਾਲੇ ਸੰਦੇਸ਼ ਨੂੰ ਗ੍ਰਹਿਣ ਕਰਕੇ ਉਸੇ ਸੰਦੇਸ਼ ਦੀ ਵਿਆਖਿਆ ਸਿਰਜਨਾਤਮਕ ਪੱਧਰ ਉਪਰ ਪੇਸ਼ ਕਰਦੇ ਹਨ। ਇਉਂ ਬਾਕੀ ਗੁਰੂਆਂ ਦੀ ਬਾਣੀ ਵੀ ਗੁਰੂ ਨਾਨਕ ਦੀ ਬਾਣੀ ਦਾ ਅਧਿਐਨ ਹੀ ਹੈ।* [5]

ਇਸ ਪ੍ਰਕਾਰ ਭਾਈ ਗੁਰਦਾਸ ਦੀਆਂ ਵਾਰਾਂ ਨੂੰ ਗੁਰਬਾਣੀ ਦੀ ਵਿਆਖਿਆ ਦਾ ਕਾਰਜ ਹੀ ਮੰਨਿਆ ਜਾਂਦਾ ਹੈ ਕਿਉਂਕਿ ਉਹ ਗੁਰਬਾਣੀ ਦੀ ਵਿਆਖਿਆ ਦਾ ਕਾਰਜ ਨਿਭਾਉਂਦੇ ਹੋਏ ਆਪ ਵੀ ਸਿਰਜਣਾ ਕਰਨ ਲੱਗ ਪਏ, ਗੁਰਮਤਿ ਪਰੰਪਰਾ ਵਿਚਲੇ ਸੰਕਲਪਾਤਮਕ ਸਿਧਾਂਤਾਂ ਨੂੰ ਸੁਖੈਨ ਰੂਪ ਵਿੱਚ ਸਪੱਸ਼ਟ ਕਰਨ ਕਰਕੇ ਉਨ੍ਹਾਂ ਦੀਆਂ ਵਾਰਾਂ ਨੂੰ 'ਗੁਰਬਾਣੀ ਦੀ ਕੁੰਜੀ' ਕਿਹਾ ਜਾਣ ਲੱਗ ਪਿਆ। ਸੋਢੀ ਮਿਹਰਬਾਨ ਦੁਆਰਾ ਗੱਦ ਸ਼੍ਰੇਣੀ ਵਿਚ ਚਲਾਈ ਹੋਈ 'ਪਰਮਾਰਥ ਪ੍ਰਣਾਲੀ' ਗੁਰਮਤਿ ਦੀ ਸਰਲ ਵਿਆਖਿਆ ਹੈ। ਭਾਈ ਕਾਹਨ ਸਿੰਘ ਨਾਭਾ ਅਨੁਸਾਰ,*"ਪਰਮਾਰਥ ਦਾ ਅਰਥ ਕਿਸੇ ਵਾਕ ਦਾ ਭਾਵਾਰਥ ਕਿਸੇ ਸਿਧਾਂਤ ਦਾ ਨਿਚੋੜ, ਸਾਰ ਵਸਤੂ ਤੇ ਪਰਮ ਉਤਮ ਪਦਾਰਥ ਹੈ।"* [6] ਜਿਸ ਕਰਕੇ ਗੂੜ੍ਹੇ ਗਿਆਨ ਪਰੁੱਚੀ ਬਾਣੀ ਦੇ ਸਾਰ ਤੱਤ ਨੂੰ ਸਰਲ ਰੂਪ ਵਿੱਚ ਬਿਆਨਿਆ ਗਿਆ। ਇਸ ਪ੍ਰਣਾਲੀ ਅਧੀਨ ਕੇਵਲ ਗੁਰੂ ਨਾਨਕ ਬਾਣੀ ਦੀ ਵਿਆਖਿਆ ਮਿਲਦੀ ਹੈ। ਗੁਰੂ ਗੋਬਿੰਦ ਸਿੰਘ ਦੇ ਕਾਲ ਦੌਰਾਨ ਭਾਈ ਮਨੀ ਸਿੰਘ ਨੇ 'ਸੰਪ੍ਰਦਾਈ ਪ੍ਰਣਾਲੀ' ਰਾਹੀਂ ਗੁਰਬਾਣੀ ਵਿਆਖਿਆ ਆਰੰਭੀ। ਉਨ੍ਹਾਂ ਨੇ ਆਪਣੀਆਂ ਧਾਰਨਾਵਾਂ ਨੂੰ ਸਿੱਧ ਕਰਨ ਲਈ ਦਸਮ ਗ੍ਰੰਥ ਤੇ ਭਾਈ ਗੁਰਦਾਸ ਦੀਆਂ ਰਚਨਾਵਾਂ ਵਿਚੋਂ ਹਵਾਲੇ ਦਿੱਤੇ। 'ਉਦਾਸੀ ਪ੍ਰਣਾਲੀ' ਅਧੀਨ ਸਾਧੂਆਂ ਨੇ ਵੇਦਾਂ-ਸ਼ਾਸ਼ਤਰਾਂ ਤੇ ਪੌਰਾਣਾਂ ਦੇ ਪ੍ਰਭਾਵ ਅਧੀਨ ਅਧਿਐਨ/ ਵਿਆਖਿਆ ਦਾ ਕਾਰਜ ਕੀਤਾ। 'ਨਿਰਮਲਾ ਪ੍ਰਣਾਲੀ' ਅਧੀਨ ਵੀ ਗੁਰਬਾਣੀ ਨੂੰ ਵੇਦਾਂ ਦੇ ਤੁੱਲ ਮੰਨ ਕੇ ਹਿੰਦੂ ਅਧਿਆਤਮਕ ਸੰਕਲਪਾਂ ਅਤੇ ਗੁਰਮਤਿ ਦੇ ਸਿਧਾਂਤਾਂ ਵਿਚ ਇਕਸਾਰਤਾ ਸਿੱਧ ਕਰਨ ਦਾ ਯਤਨ ਕੀਤਾ। ਭਾਈ ਸੰਤੋਖ ਸਿੰਘ ਨੇ ਸ੍ਰੀ ਗੁਰੂ ਨਾਨਕ ਪ੍ਰਕਾਸ਼ ਅਤੇ ਗੁਰ ਪ੍ਰਤਾਪ ਸੂਰਜ ਗ੍ਰੰਥ ਲਿਖ ਕੇ ਗੁਰੂ ਸਾਹਿਬਾਨ ਦੇ ਜੀਵਨ ਬਿਰਤਾਂਤ ਨੂੰ ਸ਼ਰਧਾਵਾਨ ਦ੍ਰਿਸ਼ਟੀ ਤੋਂ ਪੇਸ਼ ਕੀਤਾ।

ਗੁਰੂ ਗ੍ਰੰਥ ਸਾਹਿਬ ਸੰਕਲਨ ਅਤੇ ਸੰਪਾਦਨ ਪੱਖੋਂ ਇਕ ਅਦੁਤੀ ਰਚਨਾ ਹੋਣ ਕਰਕੇ ਸਾਡੇ ਸੱਭਿਆਚਾਰ ਦੀ ਇਕ ਅਨਮੋਲ ਵਿਰਾਸਤ ਹੈ, ਜਿਸਨੇ ਅੰਤਰ-ਧਰਮ-ਸੰਵਾਦ ਪ੍ਰਦਾਨ ਕਰਕੇ

ਭਾਰਤੀ ਸਮਾਜ ਨੂੰ ਨਰੋਈਆਂ ਲੀਹਾਂ ਤੇ ਤੋਰਿਆ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਵਿਚਲੀ ਅਧਿਆਤਮਿਕਤਾ ਸਮਾਜਿਕ ਅਤੇ ਸੱਭਿਆਚਾਰ ਸਰੋਕਾਰਾਂ ਨਾਲ ਜੁੜੀ ਹੋਈ ਹੈ, ਜਿਸ ਕਰਕੇ ਸਮੇਂ ਦੇ ਵੱਖ-ਵੱਖ ਪੜਾਵਾਂ ਦੇ ਪਏ ਪ੍ਰਭਾਵਾਂ ਕਾਰਨ ਬਾਣੀ ਵਿਆਖਿਆ ਦੀਆਂ ਪ੍ਰਣਾਲੀਆਂ ਵਿਚ ਵੀ ਅਰਥਾਂ ਦੀ ਭਿੰਨਤਾ ਨਜ਼ਰ ਆਉਂਦੀ ਹੈ। ਸਿੱਖ ਅਧਿਆਤਮਕ ਚਿੰਤਨ ਦੇ ਮੁਢਲੇ ਦੌਰ ਵਿਚ ਅਰੰਭਿਆ ਕਾਰਜ ਪਰੰਪਰਾਗਤ ਅਰਥਾਂ ਦਾ ਧਾਰਨੀ ਹੈ। ਪਰ ਉਤਰ ਸਿਖ ਰਾਜ ਕਾਲ ਤੱਕ ਅੰਗਰੇਜ਼ਾਂ ਦੇ ਪੰਜਾਬ ਉਪਰ ਕਬਜ਼ੇ ਮਗਰੋਂ ਹਾਲਾਤ ਬਦਲ ਗਏ। ਸਿਖ ਆਪਣੇ ਹਿਤਾਂ ਅਤੇ ਵਿਲੱਖਣ ਹੋਂਦ ਦੀ ਸਥਾਪਤੀ ਲਈ ਯਤਨ ਕਰ ਰਹੇ ਸਨ। ਇਹ ਦੌਰ ਸਪੱਸ਼ਟ ਰੂਪ ਵਿਚ ਸਿੱਖ ਰਾਜਸੀ ਪ੍ਰਕਿਰਿਆ ਦੇ ਪੂਰਨੇ ਉਲੀਕਦਾ ਹੈ। ਇਸ ਦੌਰ ਵਿਚ ਸਿੱਖ ਸਟੇਟ ਦੇ ਰੂਪ ਵਿਚ ਸਥਾਪਿਤ ਹੁੰਦੀ ਹੈ ਅਤੇ ਰਾਜਸੀ ਅਧੀਨ ਇਸਦਾ ਧਾਰਮਿਕ ਸਰੂਪ ਪਹਿਲਾਂ ਨਾਲੋਂ ਜ਼ਿਆਦਾ ਪ੍ਰਬਲ ਰੂਪ ਵਿਚ ਉਜਾਗਰ ਹੁੰਦਾ ਹੈ। ਸਿੰਘ ਸਭਾ ਲਹਿਰ ਅਧੀਨ ਵਿਧੀ ਵਤ ਢੰਗ ਨਾਲ ਸਿੱਖ ਧਰਮ ਦੀਆਂ ਰਹੁ-ਰੀਤਾਂ ਅਤੇ ਗੁਰਮਤਿ ਵਿਚਾਰਧਾਰਾ ਦਾ ਪ੍ਰਚਾਰ ਕੀਤਾ ਗਿਆ। ਇਸ ਸਮੇਂ ਸਿਖ ਬੁੱਧੀਜੀਵੀ ਵਰਗ ਨੇ ਗੁਰਮਤਿ ਵਿਆਖਿਆ ਦੇ ਇਸ ਕਾਰਜ ਨੂੰ ਬਾਖੂਬੀ ਨਿਭਾਇਆ। ਉਹਨਾਂ ਨੇ ਚੇਤੰਨਤਾ ਵਰਤ ਕੇ ਸਾਧ ਭਾਸ਼ਾ, ਬ੍ਰਿਜ ਤੇ ਸੰਸਕ੍ਰਿਤ ਦੇ ਰਲਾ ਵਾਲੀ ਭਾਸ਼ਾ ਦੀ ਥਾਂ ਸਰਲ ਪੰਜਾਬੀ ਵਰਤੀ। ਇਨ੍ਹਾਂ ਵਿਦਵਾਨਾਂ ਨੇ ਆਪਣੇ ਅਧਿਐਨ ਦੌਰਾਨ ਵੇਦਾਂ, ਸਾਸ਼ਤਰਾਂ ਤੇ ਹੋਰ ਹਿੰਦੂ ਧਾਰਮਿਕ ਮਿਥਿਹਾਸਕ ਗ੍ਰੰਥਾਂ ਦੇ ਹਵਾਲੇ ਦੇਣ ਦੀ ਬਜਾਏ ਨਿਰੋਲ ਸਿਖ ਸਿਧਾਂਤਾਂ ਨੂੰ ਪ੍ਰਮੁੱਖਤਾ ਦਿੱਤੀ। ਭਾਈ ਕਾਹਨ ਸਿੰਘ ਨਾਭਾ ਨੇ ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਰਚ ਕੇ ਸਿੱਖ ਇਤਿਹਾਸ ਦੀ ਖੋਜ ਅਤੇ ਗੁਰਮਤਿ ਅਧਿਆਤਮਕ ਸ਼ਬਦਾਵਲੀ ਦੀ ਵਿਆਖਿਆ ਕੀਤੀ। ਭਾਵੇਂ ਉਨ੍ਹਾਂ ਨੇ ਸਿੱਧੇ ਰੂਪ ਵਿਚ ਵਿਆਖਿਆ ਦਾ ਕਾਰਜ ਨਹੀਂ ਕੀਤਾ, ਪਰ ਉਨ੍ਹਾਂ ਦੀਆਂ ਪੁਸਤਕਾਂ ਦੇ ਅਧਿਐਨ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਉਨ੍ਹਾਂ ਨੇ ਪ੍ਰਤੀਬੱਧ ਰੂਪ ਵਿਚ ਸਿੱਖ ਇਤਿਹਾਸ ਤੇ ਗੁਰਮਤਿ ਦਾ ਅਧਿਐਨ ਕੀਤਾ। ਇਹ ਨਿਵੇਕਲਾ ਤੇ ਵਿਲੱਖਣ ਯਤਨ ਉਨ੍ਹਾਂ ਦੀ ਅਣਥੱਕ ਮਿਹਨਤ ਅਤੇ ਸਿਰੜ ਦਾ ਨਤੀਜਾ ਹੈ। ਆਪ ਨੇ ਗੁਰਮਤਿ ਦੀ ਸਮੁੱਚੀ ਸ਼ਬਦਾਵਲੀ ਨੂੰ ਪ੍ਰਮਾਣਾਂ ਸਹਿਤ ਸਪਸ਼ਟ ਕਰਨ ਦਾ ਯਤਨ ਕੀਤਾ ਪ੍ਰੰਤੂ ਸੁਚੇਤ ਤੌਰ 'ਤੇ ਕਿਤੇ ਵੀ ਗੁਰਮਤਿ ਦੇ ਸਿਧਾਂਤਾਂ ਦਾ ਜ਼ਿਕਰ ਨਹੀਂ ਕੀਤਾ ਗਿਆ। ਭਾਈ ਜੋਧ ਸਿੰਘ ਚਿੰਤਨ ਤੇ ਚੇਤਨਾ ਦੀ ਨਵੀਨ ਲਹਿਰ ਨੂੰ ਨਾਲ ਲੈ ਕੇ ਗੁਰਮਤਿ ਦੀ ਵਿਆਖਿਆ ਭਾਰਤੀ ਇਤਿਹਾਸ ਤੇ ਦਰਸ਼ਨ ਦੇ ਪ੍ਰਸੰਗ ਵਿਚ ਕਰਦਾ ਹੈ। ਡਾ: ਤਾਰਨ ਸਿੰਘ ਆਪਣੇ ਆਲੋਚਨਾਤਮਕ ਕਾਰਜ ਅਧੀਨ ਗੁਰਬਾਣੀ ਦੇ ਦਾਰਸ਼ਨਿਕ ਸੰਕਲਪਾਂ ਉਪਰ ਆਧਾਰਿਤ ਕਰਕੇ ਭਰਮਾਂ ਭੁਲੇਖਿਆਂ ਦੀ

ਨਵਿਰਤੀ ਕਰਦਾ ਹੈ। ਡਾ: ਸੁਰਿੰਦਰ ਸਿੰਘ ਕੋਹਲੀ ਗੁਰੂ ਕਵੀਆਂ ਦੀ ਗਿਣਾਤਮਕ ਅਤੇ ਗੁਣਾਤਮਕ ਪੱਖੋਂ ਦੇਣ ਬਾਰੇ ਆਪਣੀ ਰਾਏ ਸਪਸ਼ਟ ਕਰਦਾ ਹੈ।

ਭਾਈ ਵੀਰ ਸਿੰਘ ਦੀਆਂ ਰਚਨਾਵਾਂ ਉਪਰ ਸਿੰਘ ਸਭਾ ਲਹਿਰ ਦਾ ਪ੍ਰਭਾਵ ਹੈ ਅਤੇ ਉਨ੍ਹਾਂ ਨੇ ਆਪਣੀਆਂ ਰਚਨਾਵਾਂ ਅਤੇ ਅਧਿਐਨ ਕਾਰਜ ਰਾਹੀਂ ਇਸ ਲਹਿਰ ਦੇ ਮੂਲ ਆਸ਼ਿਆਂ ਨੂੰ ਪ੍ਰਚਾਰਨ ਦਾ ਕੰਮ ਕੀਤਾ। ਉਹ ਸ਼ਰਧਾ ਅਤੇ ਵਿਸ਼ਵਾਸ਼ ਵਿਚ ਲਬਰੇਜ਼ ਧਾਰਮਿਕ ਮੁਹਾਵਰੇ ਵਿਚ ਗੁਰਬਾਣੀ ਦਾ ਅਧਿਐਨ ਗੁਰਬਾਣੀ ਅਧਾਰਿਤ ਵਸਤੂ ਮੂਲਕ ਵਿਧੀ ਰਾਹੀਂ ਕਰਦੇ ਹਨ। ਉਹਨਾਂ ਦੀ ਸਿਰਜਣ ਕਲਾ ਦਾ ਇੱਕ ਉੱਤਮ ਪੱਖ ਇਹ ਹੈ ਕਿ ਉਹ ਸਿੱਖ ਆਚਰਣ ਦੇ ਕਈ ਅਨੂਠੇ ਮਾਡਲ ਪੇਸ਼ ਕਰਦਾ ਹੈ। ਉਸ ਦੀ ਸਿਰਜਣਾ ਅਤੇ ਸਮੀਖਿਆ ਯਾਤਰਾ ਦੇ ਦੋਵਾਂ ਪੱਧਰਾਂ ਉੱਤੇ ਉਸਦੀ ਇਹ ਵਿਸ਼ੇਸ਼ਤਾ ਵਿਧੀ ਦੇ ਰੂਪ ਵਿਚ ਕਾਰਜ ਕਰਦੀ ਵੇਖੀ ਜਾ ਸਕਦੀ ਹੈ।

ਪ੍ਰੋ: ਸਾਹਿਬ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਵਿਚਲੇ ਸ਼ਬਦਾਂ ਨੂੰ ਵਿਆਕ੍ਰਨਿਕ ਨਿਯਮਾਂ ਦੇ ਆਧਾਰ ਤੇ ਉਨ੍ਹਾਂ ਦੀ ਅਰਥਾਵਲੀ ਨਿਸਚਤ ਕਰਕੇ ਜਿੱਥੇ ਗੁਰਬਾਣੀ ਦਾ ਵਿਆਕਰਣ ਪੇਸ਼ ਕੀਤਾ ਹੈ ਉਥੇ ਜੀਵਨ, ਦਰਸ਼ਨ ਅਤੇ ਵਿਚਾਰਧਾਰਾ ਨਾਲ ਜੁੜੇ ਮਸਲਿਆਂ ਨੂੰ ਵੀ ਸਪਸ਼ਟ ਕੀਤਾ। ਪ੍ਰੋ: ਪੂਰਨ ਸਿੰਘ ਗੁਰਮਤਿ ਵਿਚਾਰਧਾਰਾ ਸਬੰਧੀ ਆਪਣੀ ਚੇਤੰਨਤਾ ਦਾ ਪ੍ਰਗਟਾਵਾ ਗੁਰਮਤਿ ਵਿਚਾਰਧਾਰਾ ਅਤੇ ਸੰਕਲਪਾਂ ਦਾ ਪ੍ਰਗਟਾਵਾ ਅਰਥਾਂ ਦੀ ਵਿਸ਼ਾਲਤਾ ਸਹਿਤ ਕਰਦਾ ਹੈ।

ਪ੍ਰਿੰ: ਤੇਜਾ ਸਿੰਘ ਨੇ ਸਿੱਖ ਇਤਿਹਾਸ ਸਬੰਧੀ ਪੁਸਤਕਾਂ ਅਤੇ ਟੀਕੇ ਰਚ ਕੇ ਇਹ ਸਪਸ਼ਟ ਕੀਤਾ ਹੈ ਕਿ ਸਿਖੀ ਨਿਰਾ ਪੁਰਾ ਫਲਸਫ਼ਾ ਨਹੀਂ, ਸਗੋਂ ਜੀਵਨ ਜਾਚ ਹੈ, ਜਿਸ ਉਤੇ ਚੱਲ ਕੇ ਮਨੁੱਖ ਉਤਮ ਦਰਜੇ ਦਾ ਮਨੁੱਖ ਬਣ ਸਕਦਾ ਹੈ।

ਗੁਰਬਾਣੀ ਅਧਿਐਨ ਦੀਆਂ ਉਪਰ ਵਰਣਿਤ ਪਰੰਪਰਾਵਾਦੀ ਅਤੇ ਵਿਚਾਰ ਅਧਾਰਿਤ ਦ੍ਰਿਸ਼ਟੀਆਂ ਭਾਵੇਂ ਮੂਲ ਰੂਪ ਵਿਚ ਬਾਣੀ ਅਧਿਐਨ ਦੇ ਕਾਰਜ ਨੂੰ ਹੀ ਪੇਸ਼ ਕਰਦੀਆਂ ਹਨ ਪਰ ਇਸ ਆਲੋਚਨਾ ਦਾ ਅਸਲ ਮਕਸਦ ਗੁਰਬਾਣੀ ਦੇ ਅਧਿਐਨ ਅਤੇ ਮੁਲਾਂਕਣ ਵੱਲ ਹੀ ਪੂਰਨ ਰੂਪ ਵਿਚ ਰਹਿੰਦਾ ਹੈ ਜੋ ਗੁਰਬਾਣੀ ਦੀ ਵਿਆਖਿਆ ਨਵੇਂ ਸੰਦਰਭਾਂ ਵਿਚ ਪਰਸਾਰ ਲਈ ਕਰਦਾ ਹੈ। ਆਧੁਨਿਕ ਆਲੋਚਕ ਗੁਰਬਾਣੀ ਨੂੰ ਇਕ ਸਾਹਿੱਤਕ ਕਿਰਤ ਵਜੋਂ ਵਿਚਾਰਦੇ ਹਨ। ਇਨ੍ਹਾਂ ਚਿੰਤਕਾਂ ਦੀਆਂ ਆਧਾਰ ਸਰੋਤ ਅਧਿਐਨ ਪ੍ਰਣਾਲੀਆਂ ਆਲੋਚਨਾ ਦੀਆਂ ਨਵੀਨ ਪ੍ਰਣਾਲੀਆਂ ਹਨ, ਜੋ ਨਵੇਂ ਵਿਚਾਰਧਾਰਕ ਦ੍ਰਿਸ਼ਟੀਕੋਣ ਤੋਂ ਗੁਰਬਾਣੀ ਚਿੰਤਨ ਦਾ ਅਧਿਐਨ ਕਰਦੇ ਹਨ। ਡਾ. ਗੁਰਭਗਤ ਸਿੰਘ ਦੀ ਧਾਰਨਾ ਹੈ:

*ਹਰ ਮਹਾਨ ਰਚਨਾ ਵਾਂਗ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਗੌਰਵ ਵੀ ਇਸ ਵਿੱਚ ਹੈ ਕਿ ਭਾਵੇਂ ਇਸ ਦੀ ਬਾਣੀ ਬਾਰ੍ਹਵੀਂ ਸਦੀ ਅਤੇ ਸਤਾਰਵੀਂ ਸਦੀ ਈਸਵੀ ਦੇ ਦਰਮਿਆਨ ਰਚੀ ਗਈ ਸੀ। ਪਰ ਇਸ ਦੇ ਸਰੋਕਾਰ ਅਜੋਕੇ ਵਿਆਖਿਆ ਦਰਸ਼ਨਾਂ ਅਤੇ ਸ਼ਾਸਤਰਾਂ ਨਾਲ ਸਾਂਝੇ ਹਨ। ਜੇਕਰ ਇਸ ਗ੍ਰੰਥ ਨੂੰ ਇਹਨਾਂ ਨਵੇਂ ਵਿਆਖਿਆ ਸ਼ਾਸਤਰਾਂ ਦੀ ਸਹਾਇਤਾ ਨਾਲ ਪੜ੍ਹਿਆ ਜਾਵੇ ਤਾਂ ਇਸ ਗ੍ਰੰਥ ਦੀ ਭਰਪੂਰ ਵਿਸ਼ੇਸ਼ਤਾ ਉਜਾਗਰ ਹੋ ਸਕਦੀ ਹੈ।*[7]

ਸੰਤ ਸਿੰਘ ਸੇਖੋਂ ਗੁਰਬਾਣੀ ਚਿੰਤਨ ਦਾ ਅਧਿਐਨ ਮਾਰਕਸਵਾਦੀ ਦ੍ਰਿਸ਼ਟੀ ਤੋਂ ਕਰਦਾ ਹੈ। ਉਹ ਗੁਰਬਾਣੀ ਨੂੰ ਪਰਾ-ਸਾਹਿਤ ਮੰਨ ਕੇ ਵੀ ਸਾਹਿਤਕ ਆਲੋਚਨਾ ਦੇ ਨਿਯਮਾਂ ਅਧੀਨ ਉਸਦੀ ਆਲੋਚਨਾ ਕਰਦਾ ਹੈ। ਪ੍ਰੋ: ਕਿਸ਼ਨ ਸਿੰਘ ਗੁਰਬਾਣੀ ਨੂੰ ਇਨਕਲਾਬੀ ਮੰਨਦਾ ਹੋਇਆ, ਇਸਦੇ ਸਮਾਜਿਕ ਰੋਲ ਨੂੰ ਜਮਾਤੀ ਮੰਨਦਾ ਹੈ। ਡਾ: ਹਰਭਜਨ ਸਿੰਘ ਰੂਪਵਾਦੀ/ਸੰਰਚਨਾਵਾਦੀ ਆਲੋਚਨਾ ਰਾਹੀਂ ਗੁਰਬਾਣੀ ਅੰਦਰਲੇ ਸੂਝ ਮਾਡਲ ਦੀ ਤਲਾਸ਼ ਕਰਦਾ ਹੈ। ਡਾ: ਜਗਬੀਰ ਸਿੰਘ ਗੁਰਬਾਣੀ ਦੇ ਧਾਰਮਿਕ ਸੰਦਰਭ ਅਤੇ ਦਾਰਸ਼ਨਿਕ ਪਰਿਪੇਖ ਨੂੰ ਉਭਾਰ ਕੇ ਇਸ ਵਿਚਲੀ ਵਿਸ਼ਵ ਦ੍ਰਿਸ਼ਟੀ ਅਤੇ ਵਿਚਾਰਧਾਰਾ ਦੇ ਸੰਕਲਪ ਨੂੰ ਮਹੱਤਵ ਦਿੰਦਾ ਹੈ। ਡਾ: ਰਤਨ ਸਿੰਘ ਜੱਗੀ ਇਸ ਵਿਚਾਰਧਾਰਾ ਦੇ ਧਾਰਨੀ ਹਨ ਕਿ ਗੁਰੂ ਨਾਨਕ ਪੁਰਾਤਨਤਾ ਵਿਚੋਂ ਤਤਕਾਲੀਨ ਪ੍ਰਸਥਿਤੀਆਂ ਅਨੁਸਾਰ ਨਵੀਨਤਾ ਨੂੰ ਜਨਮ ਦਿੰਦੇ ਹਨ।

ਡਾ. ਮੋਹਨ ਸਿੰਘ ਦੀਵਾਨਾ ਗੁਰੂ ਕਵੀਆਂ ਦੀ ਬਾਣੀ ਨੂੰ ਸਰਵਕਾਲੀ ਸਿੱਧ ਕਰ ਕੇ ਹਰ ਯੁੱਗ ਅਧੀਨ ਸਾਰਥਿਕ ਮੰਨਦਾ ਹੈ। ਡਾ. ਗੋਪਾਲ ਸਿੰਘ ਦਰਦੀ ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਵਿਸ਼ੇਸ਼ਤਾ ਲਈ ਰੋਮਾਂਟਿਕ ਅਤੇ ਸ਼ਰਧਾ ਪੂਰਵਕ ਪ੍ਰਵਿਰਤੀ ਅਪਣਾਉਂਦਾ ਹੈ। ਡਾ. ਗੁਰਚਰਨ ਸਿੰਘ, ਡਾ. ਤਰਲੋਕ ਸਿੰਘ ਕੰਵਰ, ਡਾ. ਮਹਿੰਦਰ ਕੌਰ ਗਿੱਲ ਅਤੇ ਡਾ. ਦਰਸ਼ਨ ਸਿੰਘ ਆਪਣੇ ਆਲੋਚਨਾਤਮਕ ਕਾਰਜਾਂ ਦੁਆਰਾ ਸੰਗਠਿਤ ਰੂਪ ਵਿੱਚ ਅਧਿਐਨ ਵਸਤੂ ਵਜੋਂ ਗ੍ਰਹਿਣ ਕਰਨ ਦੇ ਸਮਰੱਥ ਬਣਾਉਂਦੇ ਹਨ। ਅਜੋਕੇ ਵਿਆਖਿਆ ਸ਼ਾਸ਼ਤਰਾਂ ਦੀ ਸਹਾਇਤਾ ਨਾਲ ਡਾ. ਅਮਰਜੀਤ ਸਿੰਘ ਕਾਂਗ, ਡਾ. ਜਸਪਾਲ ਕੌਰ ਕਾਂਗ, ਡਾ. ਗੁਰਭਗਤ ਸਿੰਘ ਅਤੇ ਡਾ. ਬਲਕਾਰ ਸਿੰਘ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਨੂੰ ਪਰਿਭਾਸ਼ਿਤ ਕਰਦੇ ਹਨ। ਗੁਰੂ ਗ੍ਰੰਥ ਸਾਹਿਬ ਦੇ ਅਧਿਆਤਮਿਕ ਕਾਵਿ ਹੋਣ ਦੇ ਨਾਲ ਨਾਲ ਮੱਧਕਾਲੀਨ ਸਮਾਜਿਕ ਸੱਭਿਆਚਾਰਕ ਸਰੋਕਾਰਾਂ ਨਾਲ ਸਬੰਧਿਤ ਹੋਣ ਦਾ ਅਧਿਐਨ ਵਿਦਵਾਨਾਂ ਵੱਲੋ ਵੱਖਰੇ ਪਰਿਪੇਖਾਂ ਤੋਂ ਕੀਤਾ ਜਾਂਦਾ ਰਿਹਾ ਹੈ। ਇਸ ਅਧਿਐਨ ਦੇ

ਅੰਤਰਗਤ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਰਨਾ, ਕਿਸੇ ਇੱਕ ਬਾਣੀ ਦਾ ਅਧਿਐਨ ਜਾਂ ਦੋ ਬਾਣੀਕਾਰਾਂ ਦੀ ਤੁਲਨਾਤਮਕ ਅਧਿਐਨ ਦੀ ਪ੍ਰਵਿਰਤੀ ਵੀ ਰਹੀ ਹੈ। ਵੱਖ ਵੱਖ ਯੂਨੀਵਰਸਿਟੀਆਂ ਵਿੱਚ ਐਮ.ਫਿਲ ਅਤੇ ਪੀ.ਐਚ.ਡੀ. ਕਰਨ ਵਾਲੇ ਖੋਜਾਰਥੀ ਗੁਰੂ ਗ੍ਰੰਥ ਸਾਹਿਬ ਦੀ ਅਮੀਰ ਪਰੰਪਰਾ ਦਾ ਅਧਿਐਨ ਕਰ ਚੁੱਕੇ ਹਨ ਅਤੇ ਕਰ ਰਹੇ ਹਨ। ਵੱਖ ਵੱਖ ਯੂਨੀਵਰਸਿਟੀਆਂ ਅਤੇ ਸੰਸਥਾਵਾਂ ਦੁਆਰਾ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਅਲੋਚਨਾਤਮਕ ਪੱਤ੍ਰਿਕਾਵਾਂ ਵਿੱਚ ਵੀ ਅਨੇਕਾਂ ਅਲੋਚਨਾਤਮਕ ਨਿਬੰਧ ਪ੍ਰਾਪਤ ਹੁੰਦੇ ਰਹਿੰਦੇ ਹਨ। ਗੁਰੂ ਗ੍ਰੰਥ ਸਾਹਿਬ ਦੇ 400 ਸਾਲਾ ਪ੍ਰਕਾਸ਼ ਉਤਸਵ ਉੱਪਰ ਕਰੀਬ ਹਰ ਪੱਤ੍ਰਿਕਾ ਨੇ ਆਪਣੇ ਵਿਸ਼ੇਸ਼ ਅੰਕ ਕੱਢੇ ਹਨ। ਇਸ ਤੋਂ ਇਲਾਵਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਸੱਤ ਪੁਸਤਕਾਂ ਦਾ ਸੈਟ ਵੀ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਤਰ੍ਹਾਂ ਇਹ ਤੱਥ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਨੂੰ ਵੱਖ ਵੱਖ ਵਿਦਵਾਨਾਂ/ਖੋਜਾਰਥੀਆਂ/ਅਲੋਚਕਾਂ ਨੇ ਆਪਣੇ ਅਧਿਐਨ ਦਾ ਅਧਾਰ ਬਣਾਇਆ ਹੈ। ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਅਧਿਐਨ ਪਰੰਪਰਾਗਤ ਅਤੇ ਵਿਚਾਰ ਅਧਾਰਿਤ ਦ੍ਰਿਸ਼ਟੀ ਤੋਂ ਕੀਤਾ ਗਿਆ ਪਰ ਅਜੋਕੇ ਸਮੇਂ ਵਿੱਚ ਨਵੀਆਂ ਅਲੋਚਨਾ ਪ੍ਰਣਾਲੀਆਂ ਦੇ ਆਉਣ ਨਾਲ ਇਸ ਦੀ ਪੁਨਰ ਵਿਆਖਿਆ ਦੀ ਪ੍ਰਕਿਰਿਆ ਇਸ ਦੀ ਪ੍ਰਸੰਗਿਕਤਾ ਨੂੰ ਹੋਰ ਉਭਾਰਨ ਵਿੱਚ ਸਹਾਈ ਹੋ ਸਕਦੀ ਹੈ।

*ਗੁਰੂ ਗ੍ਰੰਥ ਸਾਹਿਬ ਨੂੰ ਸਮਕਾਲੀ ਸਿਧਾਂਤ ਅਤੇ ਅਧਿਐਨ ਪ੍ਰਣਾਲੀਆਂ ਰਾਹੀਂ ਸਮਝਣਾ ਇੱਕ ਪਾਸੇ ਤਾਂ ਉਸ ਦੀ ਅਰਥਗਤ ਵਿਵਿਧਤਾ ਨੂੰ ਉਜਾਗਰ ਕਰਦਾ ਹੈ ਅਤੇ ਦੂਜੇ ਪਾਸੇ ਇਸ ਦੀ ਸਮਕਾਲੀ ਪ੍ਰਸੰਗਿਕਤਾ ਅਤੇ ਸਾਰਥਿਕਤਾ ਦੇ ਨਵੇਂ ਦ੍ਰਿਸ਼ਾਂ ਨੂੰ ਰੂਪਮਾਨ ਕਰਨ ਵਿੱਚ ਸਹਾਈ ਹੁੰਦਾ ਹੈ।*[8]

## (ਅ) ਗੁਰਬਾਣੀ ਅਧਿਐਨ ਦਾ ਨਵਾਂ ਪਰਿਪੇਖ ਅਤੇ ਪਸਾਰ

ਪਹਿਲੇ ਉਪ ਭਾਗ ਵਿੱਚ ਅਸੀਂ ਗੁਰਬਾਣੀ ਚਿੰਤਨ ਉਪਰ ਹੋਏ ਪੂਰਵ ਖੋਜ ਕਾਰਜ ਦਾ ਮੁਲਾਂਕਣ ਕਰਦੇ ਹੋਏ ਪਰੰਪਰਾਗਤ ਅਤੇ ਵਿਚਾਰ ਅਧਾਰਿਤ ਦ੍ਰਿਸ਼ਟੀਆਂ ਨੂੰ ਵਿਚਾਰਨ ਦੀ ਕੋਸ਼ਿਸ਼ ਕੀਤੀ ਹੈ। ਇੱਥੇ ਅਸੀਂ ਗੁਰਬਾਣੀ ਚਿੰਤਨ ਨੂੰ ਉੱਤਰ ਆਧੁਨਿਕ ਦ੍ਰਿਸ਼ਟੀ ਤੋਂ ਵਾਚਨ ਦਾ ਉਪਰਾਲਾ ਕਰਾਂਗੇ। ਆਧੁਨਿਕ ਚਿੰਤਨ ਦੀਆਂ ਵਿਭਿੰਨ ਅੰਤਰ-ਦ੍ਰਿਸ਼ਟੀਆਂ ਉਤਰ ਸੰਰਚਨਾਵਾਦ, ਉੱਤਰ ਮਾਰਕਸਵਾਦ, ਉੱਤਰ ਆਧੁਨਿਕਤਾਵਾਦ ਅਤੇ ਉੱਤਰ ਬਸਤੀਵਾਦੀ ਦ੍ਰਿਸ਼ਟੀ ਜਿਹੇ ਨਵੇਂ ਸੰਕਲਪ ਆਉਣ ਨਾਲ ਵਖ-ਵਖ ਵਿਦਵਾਨਾਂ ਦੁਆਰਾ ਇਸ ਟੈਕਸਟ ਨੂੰ ਪੂਰਬਲੀ ਦਾਰਸ਼ਨਿਕ ਪਰੰਪਰਾ, ਇਤਿਹਾਸਕ ਪ੍ਰਸਥਿਤੀਆਂ ਅਤੇ ਵਿਚਾਰਧਾਰਕ ਵੰਗਾਰਾਂ ਨਾਲ ਜੋੜ ਕੇ ਇਸ ਵਿਚਲੇ ਚਿੰਤਨ ਦੀ

ਵਿਕਾਸ ਪ੍ਰਕਿਰਿਆ ਨੂੰ ਘੋਖਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਤਰ ਸੰਰਚਨਾ ਦੇ ਸਬੰਧ ਵਿੱਚ ਪਾਠ ਅਤੇ ਅੰਤਰ-ਪਾਠ ਜਿਹੇ ਮਹੱਤਵਪੂਰਨ ਸੰਕਲਪ ਸਥਾਪਿਤ ਕੀਤੇ ਗਏ ਹਨ। ਇਹਨਾਂ ਨੇ ਪਾਠ ਨੂੰ ਚਿਹਨਾਂ ਦਾ ਅਜਿਹਾ ਨੈਟਵਰਕ ਮੰਨਿਆ ਹੈ ਜੋ ਕਿਸੇ ਸੰਰਚਨਾ ਵਾਂਗ ਇਕਹਿਰਾ ਅਰਥ ਸੰਚਾਰਿਤ ਨਹੀਂ ਕਰਦੇ ਸਗੋਂ ਬਹੁ ਵਚਨੀ ਅਰਥਾਂ ਦਾ ਅਹਿਸਾਸ ਪੈਦਾ ਕਰਦੇ ਹਨ। ਇਸੇ ਕਰਕੇ ਪਾਠ ਵਿੱਚੋਂ ਨਿਕਲੀਆਂ ਬਹੁਅਰਥੀ ਧੁਨੀਆਂ ਹੋਰ ਪਾਠਾਂ ਨਾਲ ਸੰਵਾਦ ਰਚਾਉਂਦੀਆਂ ਹਨ। ਗੁਰਬਾਣੀ ਦਾ ਪਾਵਨ ਪਾਠ ਸ਼ਰਧਾ ਅਤੇ ਵਿਸ਼ਵਾਸ ਦੀਆਂ ਧਾਰਨਾਵਾਂ ਨਾਲ ਸੰਬੰਧਿਤ ਹੈ। ਆਧੁਨਿਕ ਯੁਗ ਵਿਚ ਧਰਮ ਨੂੰ ਸਮਾਜ ਵਿਗਿਆਨ, ਮਨੋਵਿਗਿਆਨ, ਮਾਨਵ ਵਿਗਿਆਨ ਅਤੇ ਸਭਿਆਚਾਰ ਵਿਗਿਆਨ ਦੇ ਅੰਤਰਗਤ ਰਖ ਕੇ ਅੰਤਰ ਅਨੁਸ਼ਾਸਨੀ ਪਰਿਪੇਖ ਵਿਚ ਸਮਝਣਾ ਚਾਹੀਦਾ ਹੈ। ਇਸ ਸਬੰਧੀ ਡਾ.ਜਗਬੀਰ ਸਿੰਘ ਦੀ ਧਾਰਨਾ ਵਿਚਾਰਨ ਯੋਗ ਹੈ:

*ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਰਚਨਾ (ਗੁਰਬਾਣੀ) ਧਾਰਮਿਕ ਦ੍ਰਿਸ਼ਟੀ ਤੋਂ ਪਾਵਨ-ਪਾਠ (Sacred Text) ਦਾ ਦਰਜਾ ਰੱਖਦੀ ਹੈ, ਜਿਸ ਨੂੰ ਵਾਚਣ ਤੇ ਵੀਚਾਰਨ ਦੇ ਆਪਣੇ ਪ੍ਰਤੀਮਾਨ ਹਨ। ਘੱਟੋ-ਘੱਟ ਇਸ ਨੂੰ ਨਿਰੋਲ ਲੌਕਿਕ ਪਾਠ ਵਾਂਗ ਪੜ੍ਹਿਆ ਅਤੇ ਵਿਚਾਰਿਆ ਨਹੀਂ ਜਾ ਸਕਦਾ।* [9]

ਸਮਕਾਲੀ ਆਲੋਚਕ ਪ੍ਰਵਚਨ ਦਾ ਸੰਕਲਪ ਸਾਹਮਣੇ ਲਿਆਉਂਦੇ ਹਨ। ਗੁਰਬਾਣੀ ਵਿਚ ਪ੍ਰਵਚਨ ਨਿਰਮਾਣ ਦੀ ਵਿਧੀ ਜਾਂ ਸਿਧਾਂਤ ਕੰਮ ਕਰ ਰਿਹਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਗੁਰਮਤਿ ਦੀ ਮਾਨਵਵਾਦੀ ਵਿਚਾਰਧਾਰਾ ਨੂੰ ਪ੍ਰਗਟਾਉਂਦੀ ਹੈ। ਬਾਣੀਕਾਰਾਂ ਦੀ ਸਮੁੱਚੀ ਬਾਣੀ ਨੂੰ ਬਿਨਾਂ ਕਿਸੇ ਵਿਤਕਰੇ ਦੇ ੩੧ ਰਾਗਾਂ ਵਿਚ ਦਰਜ ਕਰਨ ਦੇ ਨਾਲ ਲੋਕ-ਧੁਨੀਆਂ ਅਤੇ ਲੋਕ-ਸ਼ੈਲੀਆਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਅਸੀਂ ੧੪੩੦ ਪੰਨਿਆਂ ਵਿਚ ਦਰਜ ੫੮੯੪ ਦੇ ਕਰੀਬ ਸ਼ਬਦਾਂ ਵਾਲੀ ਇਸ ਟੈਕਸਟ ਨੂੰ 'ਪ੍ਰਵਚਨ' ਦੀ ਕਾਰਜਸ਼ੀਲ ਵਿਧੀ ਰਾਹੀਂ ਘੋਖਣ ਦਾ ਉਪਰਾਲਾ ਕਰਾਂਗੇ। ਡਾ. ਜਗਬੀਰ ਸਿੰਘ ਦਾ ਪ੍ਰਵਚਨ ਬਾਰੇ ਵਿਚਾਰ ਹੈ:

*ਪ੍ਰਵਚਨ ਮੂਲ ਰੂਪ ਵਿਚ ਭਾਸ਼ਾਈ ਚਿਹਨਾਂ ਦੇ ਮਾਧਿਅਮ ਰਾਹੀਂ ਸਿਰਜੀ ਗਈ ਅਜਿਹੀ ਮਹੱਤਵਪੂਰਨ ਇਕਾਈ ਹੈ ਜਿਹੜੀ ਵਕਤੇ ਅਤੇ ਸਰੋਤੇ ਵਿਚਕਾਰ ਸੰਦੇਸ਼ ਸੰਚਾਰ ਦਾ ਸਿਲਸਿਲਾ ਕਾਇਮ ਕਰਦੀ ਹੈ। ਕਿਸੇ ਵੀ ਸਿਰਜਿਤ ਪ੍ਰਵਚਨ ਅਧਿਐਨ ਵਿਸ਼ਲੇਸ਼ਣ ਕੌਣ, ਕਿਸਨੂੰ, ਕੀ ਅਤੇ ਕਿਉਂ ਕਹਿ ਰਿਹਾ ਹੈ, ਨੂੰ ਮੁਖ ਰਖ ਕੇ ਕੀਤਾ ਜਾਂਦਾ ਹੈ।*[10]

ਪਰੰਤੂ ਡਾ. ਮਨਜੀਤ ਸਿੰਘ ਇਸ ਬਾਰੇ ਆਪਣੇ ਵਿਚਾਰ ਇਸ ਪ੍ਰਕਾਰ ਪ੍ਰਗਟਾਉਂਦੇ ਹਨ:

*ਇਸ ਵਿਚਲੀ ਅਧਿਆਤਮਕਤਾ ਜੋ ਭਾਈਚਾਰਕ, ਸਮਾਜਕ, ਰਾਜਨੀਤਕ ਚੇਤਨਾ ਦੀਆਂ ਧੁਨੀਆਂ ਉਦੋਂ ਸੁਣਾਈ ਦਿੰਦੀਆਂ ਹਨ ਜਦੋਂ ਅਸੀਂ ਗੁਰਬਾਣੀ ਨੂੰ ਪ੍ਰਵਚਨ ਦੇ ਅਰਥਾਂ ਵਿਚ ਗ੍ਰਹਿਣ ਕਰਦੇ ਹਾਂ। ਗੁਰਬਾਣੀ ਦੀ ਡੂੰਘੀ ਸੰਰਚਨਾ ਵਿਚ ਕਾਰਜਸ਼ੀਲ ਇਸ ਕ੍ਰਾਂਤੀਕਾਰੀ ਪੈਗਾਮ ਦੇ ਤੌਰ ਤੇ ਅਧਿਐਨ ਕੀਤਿਆਂ ਪਤਾ ਲਗਦਾ ਹੈ ਕਿ ਗੁਰਬਾਣੀ ਆਪਣੇ ਆਪ ਵਿਚ ਮੁਕੰਮਲ ਪ੍ਰਵਚਨ ਹੈ।* [11]

*ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਦਾ ਪ੍ਰਵਚਨ ਮਧਕਾਲੀ ਭਾਰਤੀ ਸਮਾਜ ਸਭਿਆਚਾਰ ਦੇ ਇਤਿਹਾਸਕ ਯਥਾਰਥ ਨਾਲ ਸੰਵਾਦ ਰਚਾਉਂਦਾ ਹੈ ਤੇ ਮੂਲ ਮਾਨਵੀ ਸਰੋਕਾਰਾਂ ਨੂੰ ਪੁਨਰ ਪਰਿਭਾਸ਼ਿਤ ਕਰਨ ਵਲ ਰੁਚਿਤ ਹੁੰਦਾ ਹੈ।* [12] ਗੁਰੂ ਨਾਨਕ ਬਾਣੀ ਦੀ ਟੈਕਸਟ ਇਕ ਪ੍ਰਵਚਨ ਦੇ ਰੂਪ ਵਿਚ ਸਾਡੀ ਵਿਰਾਸਤ ਵਿਚ ਸਮਾਈ ਹੋਈ ਹੈ। ਇਸ ਟੈਕਸਟ ਨੂੰ ਗ੍ਰਹਿਣ ਕਰਨ ਲਈ ਹਮੇਸ਼ਾਂ ਆਉਣ ਵਾਲੀਆਂ ਪੀੜ੍ਹੀਆਂ ਇਸ ਦੀ ਪੁਨਰ ਵਿਆਖਿਆ ਕਰਨ ਵਲ ਰੁਚਿਤ ਹੁੰਦੀਆਂ ਹਨ। ਬਾਣੀ ਦਾ ਪ੍ਰਵਚਨ ਮਨੁੱਖੀ ਜ਼ਿੰਦਗੀ ਲਈ ਜਿਸ ਜੀਵਨ-ਜੁਗਤੀ ਦੀ ਗਲ ਕਰਦਾ ਹੈ ਉਹ ਵਰਤਮਾਨ ਸਮੇਂ ਵਿਚ ਵੀ ਪ੍ਰਸੰਗਿਕ ਹੈ। ਇਸੇ ਕਰਕੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਯਥਾਰਥ ਨੂੰ ਪਰਮਾਰਥ ਦੇ ਮੁਹਾਵਰੇ ਵਿਚ ਪੇਸ਼ ਕਰਨ ਕਰਕੇ ਸਰਬਕਾਲੀ ਸਿਧ ਹੋ ਸਕੀ ਹੈ।

*ਗੁਰੂ ਗ੍ਰੰਥ ਸਾਹਿਬ ਵਿਚਲੇ ਬਾਣੀਕਾਰਾਂ ਦਾ ਜੋ ਪੰਜ ਸਦੀਆਂ ਤਕ ਦੇ ਲੰਮੇ ਵਿਸਤਾਰ ਵਿਚ ਅਤੇ ਭਾਰਤ ਦੇ ਵਖੋ-ਵਖਰੇ ਖੇਤਰਾਂ ਨਾਲ ਸੰਬੰਧਤ ਹੋਣ ਦੇ ਬਾਵਜੂਦ ਵੀ ਪ੍ਰਵਚਨ ਸੰਸਾਰ ਉਨ੍ਹਾਂ ਦੀ ਸਮਾਨ ਵਿਚਾਰਧਾਰਾ ਦੀ ਇਕ ਪ੍ਰਤਖ ਉਦਾਹਰਣ ਹੈ। ਜਾਤ, ਧਰਮ, ਭਾਸ਼ਾ ਤੇ ਇਲਾਕਿਆਂ ਦੇ ਵਖਰੇਵਿਆਂ ਹੋਣ ਕਾਰਨ ਇਕ ਮਹੱਤਵਪੂਰਨ ਸਭਿਆਚਾਰਕ ਟੈਕਸਟ ਹੈ। ਮੱਧਕਾਲੀਨ ਭਾਰਤ ਦੀ ਮੁਲਵਾਨ ਸਭਿਆਚਾਰਕ ਟੈਕਸਟ ਵਜੋਂ ਵਾਚਣ ਦਾ ਉਪਰਾਲਾ ਇਸਦੇ ਧਾਰਮਿਕ ਚਰਿਤਰ ਤੋਂ ਮੁਨੱਕਰ ਹੋਣਾ ਨਹੀਂ ਸਗੋਂ ਇਸਦੇ ਸਿਰਜਿਤ ਪ੍ਰਵਚਨ ਦੀਆਂ ਅਨੇਕਾਰਥੀ ਸੰਭਾਵਨਾਵਾਂ ਪ੍ਰਤੀ ਜਾਗ੍ਰਤ ਹੋਣਾ ਹੈ।* [13]

ਗੁਰੂ ਗ੍ਰੰਥ ਸਾਹਿਬ ਦੀ ਪੁਨਰ ਵਿਆਖਿਆ ਉਤਰ ਆਧੁਨਿਕ ਦ੍ਰਿਸ਼ਟੀ-ਬਿੰਦੂ ਤੋਂ ਕੀਤੀ ਗਈ ਹੈ। ਡਾ. ਕੁਲਦੀਪ ਸਿੰਘ ਧੀਰ ਅਨੁਸਾਰ:

*ਖਾਸ ਕਰਕੇ ਹਾਸ਼ੀਏ ਤੋਂ ਧੱਕੇ ਗਏ ਸਧਾਰਨ ਆਦਮੀ ਨੂੰ ਪ੍ਰਵਚਨ ਦੇ ਕੇਂਦਰ ਵਿਚ ਲਿਆਉਣ ਦੀ ਰੁਚੀ ਗੁਰੂ ਗ੍ਰੰਥ ਸਾਹਿਬ ਨੂੰ ਉਤਰ-ਆਧੁਨਿਕ ਦ੍ਰਿਸ਼ਟੀ ਬਿੰਦੂ ਤੋਂ ਸਮਝਣ ਵਾਸਤੇ ਪ੍ਰੇਰਿਤ ਕਰਦੀ ਹੈ।*

*ਇਹ ਰੁਚੀ ਦਰਸ਼ਨ ਹੀ ਨਹੀਂ, ਭਾਸ਼ਾ ਤੇ ਰੂਪਾਕਾਰ ਤਕ ਪਸਰੀ ਹੋਈ ਸਪਸ਼ਟ ਪਛਾਤੀ ਜਾ ਸਕਦੀ ਹੈ। ਇਸ ਗ੍ਰੰਥ ਵਿਚ ਵੈਦਿਕ ਭਾਸ਼ਾ ਤੋਂ ਪਰੇ ਜਾ ਕੇ ਬੋਲ ਚਾਲ ਦੀ ਆਮ ਆਦਮੀ ਦੀ ਭਾਸ਼ਾ ਤੇ ਇਥੋਂ ਤਕ ਕਿ ਕਾਫ਼ਰ ਕਹੇ ਜਾਂਦੇ ਮੁਸਲਮਾਨਾਂ ਦੀ ਭਾਸ਼ਾ ਤੇ ਵਿਭਿੰਨ ਪ੍ਰਾਂਤਾਂ ਦੇ ਨੀਚ ਕਹਿ ਕੇ ਛੁਟਿਆਏ ਗਏ ਲੋਕਾਂ ਦੀ ਭਾਸ਼ਾ ਨੂੰ ਮਾਣ ਦਿੱਤਾ ਗਿਆ ਹੈ।*[14]

ਭਾਸ਼ਾ ਦੇ ਪੱਖ ਤੋਂ ਬਾਣੀ ਦੀ ਗੱਲ ਕਰੀਏ ਤਾਂ ਭਾਸ਼ਾ ਨੂੰ ਸੰਰਚਨਾਵਾਦੀ ਤੇ ਉਤਰ ਸੰਰਚਨਾਵਾਦੀ ਚਿੰਤਨ ਵਿਚ ਪ੍ਰਮੁੱਖ ਸਥਾਨ ਹਾਸਲ ਹੈ। ਅਸਲ ਵਿਚ ਭਾਸ਼ਾ ਰਾਹੀਂ ਅਰਥਾਂ ਨੂੰ ਸਿਰਜਿਆ ਜਾਂਦਾ ਹੈ। ਭਾਸ਼ਾ ਚਿਹਨਾਂ ਰਾਹੀਂ ਅਰਥਾਂ ਨੂੰ ਉਤਪਾਦਿਤ ਕਰਦੀ ਹੈ ਅਤੇ ਇਸ ਰਾਹੀਂ ਯਥਾਰਥ ਪੈਦਾ ਹੁੰਦਾ ਹੈ। ਅਸਲ ਵਿਚ ਮਨੁੱਖ ਭਾਸ਼ਾ ਰਾਹੀਂ ਪੈਦਾ ਕੀਤੇ ਯਥਾਰਥ ਸਦਕਾ ਹੀ ਗਿਆਨ ਪ੍ਰਾਪਤ ਕਰਦਾ ਹੈ। ਜਿਸ ਦੀ ਉੱਤਮ ਉਦਾਹਰਣ ਸ਼ੇਖ ਫਰੀਦ ਅਤੇ ਭਗਤ ਕਬੀਰ ਦੇ ਸਲੋਕਾਂ ਦੀ ਦਿੱਤੀ ਜਾ ਸਕਦੀ ਹੈ। ਸ਼ੇਖ ਫਰੀਦ ਦਾ ਇੱਕ ਸਲੋਕ ਹੈ:

*ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ॥* ਪੰਨਾ ੧੩੮੧

ਇਸ ਵਿੱਚ ਸਰੀਰ ਦੇ ਅੰਗਾਂ ਦਾ ਨਾਮ ਲਏ ਬਿਨਾਂ ਉਹਨਾਂ ਰਾਹੀਂ ਕੀਤੇ ਜਾਣ ਵਾਲੇ ਕੰਮਾਂ ਦਾ ਬਿਆਨ ਕਰਕੇ ਭਾਸ਼ਾ ਦੀ ਉੱਚਤਾ ਨੂੰ ਪ੍ਰਗਟਾਇਆ ਹੈ। ਇਸੇ ਪ੍ਰਕਾਰ ਭਗਤ ਕਬੀਰ ਦੇ ਸਲੋਕਾਂ ਵਿੱਚ:

*ਕਬੀਰ ਰਾਮ ਕਹਨ ਮਹਿ ਭੇਦੁ ਹੈ ਤਾ ਮਹਿ ਏਕੁ ਬਿਚਾਰੁ॥*
*ਸੋਈ ਰਾਮੁ ਸਭੈ ਕਹਹਿ ਸੋਈ ਕਉਤਕਹਾਰ॥* *ਪੰਨਾ ੧੩੭੪*

ਇੱਥੇ ਰਾਮ ਦਸ਼ਰਥ ਪੁੱਤਰ ਨਹੀਂ ਸਗੋਂ ਪਰਮਾਤਮਾ ਦਾ ਚਿਹਨ ਹੈ।

ਗੁਰੂ ਗ੍ਰੰਥ ਸਾਹਿਬ ਵਿਚਲੇ ਬਾਣੀਕਾਰ ਵਖ ਵਖ ਜਾਤਾਂ ਨਾਲ ਸੰਬੰਧਿਤ ਹੋਣ ਦੇ ਬਾਵਜੂਦ ਵੀ ਇਕਸੁਰਤਾ ਦੀ ਗੱਲ ਕਰਦੇ ਹਨ। ਆਪਣੀਆਂ ਸਾਂਸਕ੍ਰਿਤਕ ਭੂਗੋਲਿਕ ਭਿੰਨਤਾਵਾਂ ਹੋਣ ਦੇ ਬਾਵਜੂਦ ਇਕੋ ਅਕਾਲ ਪੁਰਖ ਦੀ ਜੋਤਿ ਦਾ ਪਸਾਰ ਹੋਣ ਕਾਰਨ ਇਕ ਹਨ। ਗੁਰੂ ਨਾਨਕ ਬਾਣੀ ਦੀ ਧਾਰਨਾ ਹੈ ਕਿ ਜਿਵੇਂ ਰੁਤਾਂ ਦੀ ਵਿਭਿੰਨਤਾ ਦਾ ਮੂਲ ਸੂਰਜ ਹੈ ਤਿਵੇਂ ਮਨੁੱਖ ਜਾਤੀ ਦੀ ਅਨੇਕਤਾ ਦਾ ਮੂਲ ਸਰੋਤ ਅਕਾਲ ਪੁਰਖ ਦੀ ਇਕੋ ਜੋਤ ਹੈ:

*ਸੂਰਜੁ ਏਕੋ ਰੁਤਿ ਅਨੇਕ॥*
*ਨਾਨਕ ਕਰਤੇ ਕੇ ਕੇਤੇ ਵੇਸ॥* *ਪੰਨਾ ੧੨-੧੩*

ਇਥੇ ਬਾਣੀਕਾਰ ਆਪਣੀ ਜਾਤ ਕਾਰਨ ਸ਼ਰਮਿੰਦਾ ਨਹੀਂ ਹੁੰਦੇ ਸਗੋਂ ਭਗਤ ਕਬੀਰ, ਨਾਮਦੇਵ ਆਦਿ ਆਪਣੀ ਨੀਵੀਂ ਜਾਤ ਬਾਰੇ ਸਪਸ਼ਟ ਰੂਪ ਵਿੱਚ ਲਿਖਦੇ ਹਨ:

*ਐਸੀ ਲਾਲ ਤੁਝ ਬਿਨੁ ਕਉਨੁ ਕਰੈ।।*

*ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ।।* *ਪੰਨਾ ੧੧੦੬*

ਜਿਵੇਂ ਜਿਵੇਂ ਸਾਹਿਤ ਅਧਿਐਨ ਦੇ ਪਰਿਪੇਖ ਬਦਲਦੇ ਰਹਿੰਦੇ ਹਨ ਤਿਵੇਂ ਹੀ ਪ੍ਰਵਚਨ ਸੰਬੰਧੀ ਨਜ਼ਰੀਆ ਵੀ ਸਮੇਂ ਸਮੇਂ ਬਦਲਦਾ ਰਹਿੰਦਾ ਹੈ। ਡਾ. ਗੁਰਚਰਨ ਸਿੰਘ ਦੇ ਵਿਚਾਰ ਇਸ ਤੱਥ ਦੀ ਪੁਸ਼ਟੀ ਕਰਦੇ ਹਨ:

> *ਪ੍ਰਵਚਨ ਦੀ ਬੁਨਿਆਦੀ ਵਿਸ਼ੇਸ਼ਤਾ ਹੀ ਇਹ ਹੈ ਕਿ ਉਹ ਕਿਸੇ ਤਰ੍ਹਾਂ ਦੇ ਵਾਸਤਵਿਕ ਖਿਲਾਰੇ ਜਾਂ ਵੇਰਵੇ ਨੂੰ ਜ਼ਾਹਰ ਨਹੀਂ ਕਰਦਾ ਸਗੋਂ ਉਹ ਤਾਂ ਇਕ ਅਜਿਹਾ ਪਾਠ-ਪ੍ਰਬੰਧ ਹੁੰਦਾ ਹੈ ਜੋ ਆਪਣੀ ਵਿਸ਼ੇਸ਼ਤਾ ਵਿਚ ਪ੍ਰਤੀਕੀ ਹੁੰਦਾ ਹੈ। ਇਸ ਤਰ੍ਹਾਂ ਪ੍ਰਵਚਨ ਇਕ ਅਜਿਹੀ ਭਾਸ਼ਾ-ਬੱਧ ਜਾਂ ਸ਼ਬਦ-ਬੱਧ ਰਚਨਾ ਦਾ ਪ੍ਰਬੰਧ ਕਰਦਾ ਹੈ। ਜੋ ਮਨੁੱਖ ਦੀ ਬੁਧੀ ਵਿਚ ਪ੍ਰਕਾਸ਼ ਲਿਆਉਂਦੀ ਹੈ ਤੇ ਉਸ ਦੀਆਂ ਗਿਆਨਪਰਕ ਸੰਭਾਵਨਾਵਾਂ ਦਾ ਰਾਹ ਖੋਲ੍ਹਦੀ ਹੈ।*[15]

ਡਾ. ਸਾਹਿਬ ਦੇ ਇਸ ਸਿਧਾਂਤ ਵਿਚ ਯਕ ਲਾਕਾਂ ਦੀ ਨਵ ਇਤਿਹਾਸਵਾਦ ਦੀ ਧਾਰਨਾ ਦੇ ਬੀਜ ਸਪੱਸ਼ਟ ਨਜ਼ਰੀ ਪੈਂਦੇ ਹਨ ਜਿਸ ਅਨੁਸਾਰ ਇਤਿਹਾਸ ਬਾਹਰਮੁਖੀ ਘਟਨਾਵਾਂ ਜਾਂ ਪੂਰਵਕਾਲੀ ਤੱਥਾਂ ਦਾ ਵੇਰਵਾ ਨਹੀਂ ਹੁੰਦਾ ਸਗੋਂ ਸਿਰਜਿਤ ਪ੍ਰਵਚਨ ਹੁੰਦਾ ਹੈ। ਸਾਨੂੰ ਇਤਿਹਾਸਕ ਤੱਥਾਂ ਦੀ ਜਾਣਕਾਰੀ ਪਾਠਾਂ ਵਿਚ ਦੱਬੀਆਂ ਹੋਈਆਂ ਸੰਰਚਨਾਵਾਂ ਵਿਚੋਂ ਪ੍ਰਾਪਤ ਹੁੰਦੀ ਹੈ। ਇਤਿਹਾਸਕਾਰ ਇਨ੍ਹਾਂ ਵਿਚੋਂ ਹੀ ਇਤਿਹਾਸ ਦਾ ਪੁਨਰ ਪਾਠ ਤਿਆਰ ਕਰਕੇ ਵਿਰਸੇ ਨੂੰ ਵਰਤਮਾਨ ਵਿਚ ਸਾਰਥਿਕ ਬਨਾਉਣ ਦੀ ਕੋਸ਼ਿਸ਼ ਕਰਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਨਾਮ ਇਕ ਵਿਲੱਖਣ ਚਿਹਨ ਹੈ ਜਿਸ ਵਿਚ ਚਿਹਨਕ ਤੇ ਚਿਹਨਤ ਵਿਚ ਕੋਸ ਦਵੈਤ ਨਹੀਂ ਹੈ। ਅਕਾਲ ਪੁਰਖ ਲਈ ਸਾਮੀ ਤੇ ਹਿੰਦੂ ਧਰਮ ਦੇ ਅਨੇਕਾਂ ਨਾਵਾਂ ਦਾ ਵਰਨਣ ਮਿਲਦਾ ਹੈ। ਰੱਬ, ਖੁਦਾ, ਮੌਲਾ, ਅੱਲ੍ਹਾ ਆਦਿ ਇਸਲਾਮੀ ਸੰਕੇਤ ਹਨ ਪਰ ਰਾਮ, ਭਗਵਾਨ, ਦਮੋਦਰ, ਮੁਰਾਰੀ, ਗੋਪਾਲ, ਗੋਬਿੰਦ, ਗਿਰਧਾਰੀ, ਵਾਸਦੇਵ, ਹਰੀ, ਮਾਧੋ, ਕੇਸ਼ਵ, ਮੁਕੰਦ, ਪ੍ਰਭੂ, ਈਸ਼ਵਰ, ਗੋਸਾਈਂ, ਕਾਹਨ, ਕ੍ਰਿਸ਼ਨ ਆਦਿ ਹਿੰਦੂ ਮਿਥਿਹਾਸ ਵਿਚੋਂ ਲਏ ਗਏ ਹਨ। ਇਹ ਚਿਹਨ ਬਾਣੀ ਦੇ ਉਤਰ ਆਧੁਨਿਕ ਚਿੰਤਨ ਨੂੰ ਪ੍ਰਗਟਾਉਂਦੇ ਹਨ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਜੋਕੇ ਯੁਗ ਦੀਆਂ ਵਿਨਾਸ਼ਕਾਰੀ ਵਿਚਾਰਧਾਰਾਵਾਂ ਤੋਂ ਪੂਰੀ ਤਰ੍ਹਾਂ ਮੋਹ ਮੋੜਦੀ ਹੈ ਆਧੁਨਿਕ ਮਨੁੱਖ ਤਾਂ ਹਰ ਗੱਲ ਜਾਇਜ਼ ਜਾਂ ਨਜਾਇਜ਼ ਜ਼ੋਰ ਦੇ ਸਿਰ 'ਤੇ ਮੰਨਵਾਉਣੀ ਚਾਹੁੰਦਾ ਹੈ ਪਰ ਗੁਰੂ ਨਾਨਕ ਬਾਣੀ ਸੰਵਾਦ ਰਾਹੀਂ ਸਾਰੇ ਮਸਲਿਆਂ ਨੂੰ ਸੁਲਝਾਉਣ ਲਈ, ਅਮਨ ਤੇ ਵਿਸ਼ਵ ਸ਼ਾਂਤੀ ਦਾ ਪੈਗ਼ਾਮ ਪੁਚਾਉਣ ਲਈ ਮੱਕਾ, ਮਦੀਨਾ, ਬਗਦਾਦ, ਰੂਸ ਅਤੇ ਸ੍ਰੀ ਲੰਕਾ ਜਾ ਕੇ ਆਪਣੀ ਵਿਚਾਰਧਾਰਾ ਦੇ ਸੰਚਾਰ ਲਈ ਪਹਿਲਾਂ ਉਨ੍ਹਾਂ ਦੀ ਗਲ ਸੁਣੀ ਤੇ ਬਾਅਦ ਵਿਚ ਆਪਣੀ ਸੁਣਾਈ। ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ ਇਕ ਦੂਜੇ ਨੂੰ ਸਮਝਣ, ਦੂਜਿਆਂ ਦੀਆਂ ਭਾਵਨਾਵਾਂ ਨੂੰ ਸਮਝ ਕੇ ਪਿਆਰ ਕਰਨ ਲਈ ਜੁਟੇ ਰਹੇ ਅਤੇ ਇਸ ਗੱਲ ਨੂੰ ਸਪਸ਼ਟ ਕਰਕੇ ਦਿਖਾਇਆ:

*ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥* ਪੰਨਾ ੭੬੬

ਇਸ ਤਰ੍ਹਾਂ ਬਾਣੀ ਦਾ ਨਵਾਂ ਪਰਿਪੇਖ ਤੇ ਪਸਾਰ ਸਮੁੱਚੀ ਮਾਨਵਤਾ ਨੂੰ 'ਨਾ ਕੋ ਬੈਰੀ ਨਾਹਿ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ' ਦੇ ਸਿਧਾਂਤ ਨੂੰ ਵਿਸ਼ਵ ਪੱਧਰ ਤੇ ਪਰਸਾਰਨ, ਸੰਚਾਰਨ ਅਤੇ ਅਪਨਾਉਣ ਉੱਤੇ ਜ਼ੋਰ ਦਿੰਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚਲੇ ਪ੍ਰਵਚਨ ਦੀ ਉਸਾਰੀ ਵਿਚ ਪਾਰਲੌਕਿਕਤਾ ਵਿਚੋਂ ਲੌਕਿਕਤਾ ਦਾ ਮਾਰਗ ਦਰਸ਼ਨ ਕੀਤਾ ਹੈ। ਡਾ. ਜਗਬੀਰ ਸਿੰਘ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਬਾਰੇ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਇਸ ਪ੍ਰਕਾਰ ਕਰਦੇ ਹਨ:

> *ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮਾਡਲ ਆਪਣੀ ਵਿਸ਼ਵ-ਦ੍ਰਿਸ਼ਟੀ ਕਰਕੇ ਇਕ ਸਿਧਾਂਤਕ, ਵਿਹਾਰਕ ਤੇ ਨੈਤਿਕ ਮੁੱਲਾਂ ਦੇ ਅਧਾਰ ਤੇ ਇਕ ਆਦਰਸ਼, ਜੀਵਨ ਫਲਸਫਾ ਸਿਰਜਦਾ ਹੈ। ਜੋ ਮਨੁੱਖ ਨੂੰ ਸੰਤੁਲਿਤ ਤੇ ਸਹਿਜ ਜੀਵਨ ਜਿਉਣ ਦੀ ਪ੍ਰੇਰਣਾ ਦਿੰਦਾ ਹੋਇਆ ਨਿਰਭਉ ਤੇ ਨਿਰਵੈਰ ਮਨੁੱਖ ਦਾ ਮਾਡਲ ਪੇਸ਼ ਕਰਦਾ ਹੈ। ਜੋ ਜਾਤ, ਵਰਣ, ਕੁਲ, ਧਰਮ ਅਤੇ ਸੰਪ੍ਰਦਾਇ ਦੀਆਂ ਵੰਡੀਆਂ ਦਾ ਖੰਡਨ ਕਰਨ ਲਈ ਜੋਤਿ ਦਾ ਰੂਹਾਨੀ ਵਿਵੇਕ ਪ੍ਰਸਤੁਤ ਕਰਦਾ ਹੈ। ਉਦਾਰ ਮਾਨਵਵਾਦੀ ਕਦਰਾਂ-ਕੀਮਤਾਂ ਦਾ ਸੰਚਾਰਨ ਕਰਨ ਵਾਲਾ ਇਹ ਗ੍ਰੰਥ ਮਾਨਵ ਮੁਕਤੀ ਤੇ ਦਲਿਤ ਚੇਤਨਾ ਦਾ ਕ੍ਰਾਂਤੀਕਾਰੀ ਪ੍ਰਵਚਨ ਬਣਕੇ ਉਜਾਗਰ ਹੁੰਦਾ ਹੈ।*[16]

*ਅੱਜ ਵਿਗਿਆਨ ਤੇ ਤਕਨਾਲੋਜੀ ਦੀ ਤੇਜ਼ ਰਫ਼ਤਾਰ ਨਾਲ ਨਾਲ ਮਨੁੱਖੀ ਗਿਆਨ ਦੇ ਖੇਤਰ ਵਿਚ ਵੀ ਅਨੋਖੀ ਤਬਦੀਲੀ ਆਈ ਹੈ। ਸਾਰਾ ਸੰਸਾਰ ਇਕ ਪਿੰਡ ਬਣ ਚੁੱਕਾ ਹੈ ਭਾਵੇਂ ਸੂਚਨਾ ਤਕਨਾਲੋਜੀ ਨੇ ਸਮੇਂ ਅਤੇ ਸਥਾਨ ਦੀ ਦੂਰੀ ਨੂੰ ਖਤਮ ਕਰ ਦਿੱਤਾ ਹੈ ਪਰ ਇਨ੍ਹਾਂ ਸਾਰੀਆਂ*

*ਪਦਾਰਥਕ ਪ੍ਰਾਪਤੀਆਂ ਦੇ ਬਾਵਜੂਦ ਮਨੁੱਖ ਦੇ ਜੀਵਨ ਵਿਚ ਭਟਕਣਾ ਅਤਿ ਦੀ ਵੱਧ ਚੁੱਕੀ ਹੈ। ਸਾਨੂੰ ਵਰਤਮਾਨ ਸਮੇਂ ਵਿਚ ਤਣਾਉ ਤੋਂ ਮੁਕਤੀ ਦਾ ਰਾਹ ਪ੍ਰਾਪਤ ਹੀ ਨਹੀਂ ਹੋ ਰਿਹਾ। ਪੱਛਮ ਵਿਚ ਵੀ ਇਸ ਗੱਲ ਦੀ ਚਰਚਾ ਹੈ ਕਿ ਜੀਵਨ ਦੀ ਸਹੀ ਦਿਸ਼ਾ ਅਧਿਆਤਮਵਾਦ ਵਿਚੋਂ ਮਿਲ ਸਕਦੀ ਹੈ। ਗੁਰੂ ਗ੍ਰੰਥ ਸਾਹਿਬ ਨੂੰ ਮਾਨਵੀ ਸਭਿਆਚਾਰ ਦੇ ਖ਼ੂਬਸੂਰਤ ਮਾਡਲ ਵਜੋਂ ਪ੍ਰਸੰਗਿਕਤਾ ਹਾਸਲ ਹੈ।*[17]

## (ੲ) ਗੁਰਬਾਣੀ ਚਿੰਤਨ ਦੀ ਪਿੱਠ ਭੂਮੀ

ਗੁਰੂ ਗ੍ਰੰਥ ਸਾਹਿਬ ਵਿੱਚ ਬਾਰਵੀਂ ਸਦੀ ਤੋਂ ਲੈ ਕੇ ਸਤਾਰਵੀਂ ਸਦੀ ਤੱਕ ਦੇ ਸਮੇਂ ਦੌਰਾਨ ਸਮੁੱਚੇ ਭਾਰਤ ਵਿੱਚ ਪੈਦਾ ਹੋਏ ਗੁਰੂ ਸਾਹਿਬਾਨ, ਸੰਤਾਂ, ਭਗਤਾਂ ਅਤੇ ਭੱਟਾਂ ਦੀ ਬਾਣੀ ਨੂੰ ਸੰਕਲਿਤ ਕੀਤਾ ਗਿਆ ਹੈ। ਇਸ ਗ੍ਰੰਥ ਦੇ ਸੰਪਾਦਨ ਦੀ ਵਿਲੱਖਣਤਾ ਇਸ ਗ੍ਰੰਥ ਵਿੱਚ ਆਏ ਬਾਣੀਕਾਰਾਂ ਦੀ ਚੋਣ ਵਜੋਂ ਹੈ। ਵਿਸ਼ਵ ਦੇ ਧਰਮ ਗ੍ਰੰਥਾਂ ਦੇ ਇਤਿਹਾਸ ਵਿੱਚ ਇਹ ਗ੍ਰੰਥ ਲਾਸਾਨੀ ਮੰਨਿਆ ਗਿਆ ਹੈ ਕਿਉਂਕਿ ਇਸ ਗ੍ਰੰਥ ਵਿੱਚ ਕਿਸੇ ਇੱਕ ਵਿਸ਼ੇਸ ਧਰਮ ਨਾਲ ਸਬੰਧਿਤ ਬਾਣੀ ਨਹੀਂ ਸਗੋਂ ਹੋਰ ਧਰਮਾਂ ਨਾਲ ਜੁੜੇ ਬਾਣੀਕਾਰਾਂ ਨੂੰ ਵੀ ਸੰਮਿਲਤ ਕੀਤਾ ਗਿਆ ਹੈ ਅਤੇ ਦੂਜਾ ਤੱਥ ਇਹ ਵੀ ਹੈ ਕਿ ਇਸ ਗ੍ਰੰਥ ਵਿੱਚ ਸ਼ਾਮਲ ਬਾਣੀ ਕਿਸੇ ਵੀ ਵਿਸ਼ੇਸ ਧਰਮ ਦੇ ਲੋਕਾਂ ਲਈ ਨਹੀਂ ਸਗੋਂ ਸਮੁੱਚੀ ਮਾਨਵਤਾ ਨਾਲ ਸਬੰਧਿਤ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਜਾਤ-ਪਾਤ ਦੇ ਵਿਤਕਰਿਆਂ ਤੋਂ ਮੁਕਤ ਹੋ ਕੇ ਗੁਰੂ ਅਰਜਨ ਦੇਵ ਨੇ ਭਾਰਤ ਦੇ ਵੱਖ ਵੱਖ ਇਲਾਕਿਆਂ ਦੇ ਬਾਣੀਕਾਰਾਂ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਯੋਗ ਸਥਾਨ ਦਿੱਤਾ।

ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਕਾਰਾਂ ਵਿੱਚੋਂ ਛੇ ਸਿੱਖ ਗੁਰੂ ਸਹਿਬਾਨ ਤੋਂ ਇਲਾਵਾ ਚਾਰ ਗੁਰਸਿੱਖ ਭਾਈ ਮਰਦਾਨਾ, ਰਾਏ ਬਲਵੰਡ, ਭਾਈ ਸੱਤਾ ਅਤੇ ਬਾਬਾ ਸੁੰਦਰ ਹਨ ਪਰ ਬਾਕੀ ਸਾਰੇ ਛੱਬੀ ਬਾਣੀਕਾਰਾਂ ਦਾ ਸਿੱਖ ਧਰਮ ਨਾਲ ਕੋਈ ਸਿੱਧਾ ਨਾਤਾ ਨਹੀਂ ਜੁੜਦਾ। ਵਿਸ਼ਵ ਦੇ ਧਰਮ ਗ੍ਰੰਥਾਂ ਦੇ ਇਤਿਹਾਸ ਵਿੱਚ ਇਹ ਗ੍ਰੰਥ ਆਪਣੀ ਮਿਸਾਲ ਆਪ ਹੈ ਜਿਸ ਵਿੱਚ ਵਿਸ਼ੇਸ਼ ਸਮੁਦਾਇ ਤੋਂ ਇਲਾਵਾ ਦੂਜੇ ਸਮੁਦਾਇ ਦੇ ਧਰਮ ਵਿਚਾਰ ਵੀ ਸੰਮਲਿਤ ਹਨ।[18] ਗੁਰੂ ਗ੍ਰੰਥ ਸਾਹਿਬ ਦੇ ਸੰਪਾਦਕ ਗੁਰੂ ਅਰਜਨ ਦੇਵ ਦੀ ਦਿੱਬ ਦ੍ਰਿਸ਼ਟੀ ਨਾਲ ਸੰਪੂਰਨ ਕੀਤੇ ਇਸ ਗ੍ਰੰਥ ਦੇ ਸੰਕਲਨ ਅਤੇ ਸੰਪਾਦਨ ਦੀ ਸੁਗਠਿਤ ਵਿਉਂਤ ਵਿੱਚ ਉਹਨਾਂ ਦੀ ਸਮੁੱਚੇ ਮਾਨਵ ਧਰਮ ਬਾਰੇ ਡੂੰਘੀ ਸਿਧਾਂਤਕ ਸਮਝ, ਵਿਚਾਰਧਾਰਾਈ ਪ੍ਰਤੀਬੱਧਤਾ ਅਤੇ ਕਲਾਤਮਕ ਪ੍ਰਤਿਭਾ ਦ੍ਰਿਸ਼ਟੀ ਗੋਚਰ ਹੁੰਦੀ ਹੈ।

ਗੁਰੂ ਗ੍ਰੰਥ ਸਾਹਿਬ ਵਿੱਚ ਸੰਕਲਿਤ ਬਾਣੀ ਦਾ ਆਰੰਭ ਬਿੰਦੂ ਗੁਰੂ ਨਾਨਕ ਦੇਵ ਦੀ ਬਾਣੀ 'ਜਪੁ ਜੀ' ਨਾਲ ਹੁੰਦਾ ਹੈ। ਗੁਰੂ ਸਾਹਿਬ ਆਪਣੇ ਆਪ ਨੂੰ ਸ਼ਾਇਰ ਜਾਂ ਢਾਡੀ ਆਖਦੇ ਹਨ:

*ਨਾਨਕੁ ਸਾਇਰ ਏਵ ਕਹਤੁ ਹੈ ਸਚੇ ਪਰਵਦਗਾਰਾ॥* ਪੰਨਾ ੬੬੦

ਡਾ. ਜਗਬੀਰ ਸਿੰਘ ਹੁਰਾਂ ਦੀ ਰਾਏ ਇਸ ਪ੍ਰਸੰਗ ਵਿੱਚ ਮਹੱਤਵਪੂਰਨ ਹੈ, 'ਸਿੱਖ ਧਰਮ ਦੇ ਪ੍ਰਵਰਤਕ ਗੁਰੂ ਨਾਨਕ ਦੇ ਦੈਵੀ ਪ੍ਰੇਰਣਾ ਦੇ ਛਿਣਾਂ ਵਿੱਚ ਆਪਣੀ ਬਾਣੀ ਦਾ ਸੰਗ੍ਰਹਿ ਕਰਕੇ ਇਸ ਤਰ੍ਹਾਂ ਦੇ ਭਵਿਖਾਰਥੀ ਉਪਰਾਲੇ ਦੀ ਨੀਂਹ ਰੱਖ ਦਿੱਤੀ ਸੀ। ਜਿਸ ਨੂੰ ਹੋਰ ਮਜ਼ਬੂਤ ਕਰਨ ਵਿੱਚ ਹੋਰਨਾਂ ਗੁਰੂ ਵਿਅਕਤੀਆਂ ਨੇ ਆਪਣੀ ਬਾਣੀ ਸਿਰਜਣਾ ਰਾਹੀਂ ਮਹੱਤਵਪੂਰਨ ਯੋਗਦਾਨ ਪਾਇਆ।'[19] ਬਾਣੀ ਦੇ ਸ਼ਾਬਦਿਕ ਅਰਥ ਬੋਲ ਜਾਂ ਉਚਾਰ ਹੁੰਦਾ ਹੈ ਪਰੰਤੂ ਗੁਰੂ ਸਾਹਿਬਾਨ ਵੱਲੋਂ ਬਾਣੀ ਨੂੰ ਸ਼ਬਦ ਦੇ ਰੂਪ ਵਿੱਚ ਸਵੀਕਾਰ ਕੀਤਾ ਗਿਆ ਹੈ। ਗੁਰੂ ਨਾਨਕ ਸਾਹਿਬ ਨੇ ਸ਼ਬਦ ਦੀ ਮਹੱਤਤਾ ਨੂੰ ਪ੍ਰਵਾਨ ਕਰਦੇ ਹੋਏ ਲਿਖਿਆ ਹੈ-

*ਸਬਦੁ ਨ ਜਾਣਹਿ ਸੇ ਅੰਨੇ ਬੋਲੇ ਸੇ ਕਿਤੁ ਆਇ ਸੰਸਾਰਾ॥* ਪੰਨਾ ੬੦੧

ਪਰੰਤੂ ਇਹ ਮੰਨਿਆ ਜਾਂਦਾ ਹੈ ਕਿ ਗੁਰਬਾਣੀ ਦਾ ਇਹ ਲਿਖਤ ਸਰੂਪ ਕੇਵਲ ਖਾਮੋਸ਼ ਰਚਨਾ ਅੱਖਰ/ਸ਼ਬਦ ਨਹੀਂ ਸਗੋਂ ਰਚਨਾ ਪਾਠ ਵਜੋਂ ਬਾਣੀ ਦਾ ਸੰਕਲਨ ਇਸਦੇ ਬਾਹਰੀ ਦਿੱਖ ਰੂਪ ਵਿੱਚ ਨੇਮਬੱਧ ਹੈ। ਪੁਰਾਤਨ ਜਨਮ ਸਾਖੀ, ਗਿਆਨ ਰਤਨਾਵਲੀ, ਗੋਇੰਦਵਾਲ ਵਾਲੀਆਂ ਪੋਥੀਆਂ ਅਤੇ ਵਾਰਾਂ ਭਾਈ ਗੁਰਦਾਸ ਤੋਂ ਇਸ ਤੱਥ ਦੀ ਪੁਸ਼ਟੀ ਹੁੰਦੀ ਹੈ ਕਿ ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਅਤੇ ਇਕੱਤਰ ਕੀਤੀ ਹੋਈ ਭਗਤ ਬਾਣੀ ਨੂੰ ਗੁਰੂ ਅੰਗਦ ਦੇਵ ਨੂੰ ਗੁਰ ਗੱਦੀ ਦੇਣ ਸਮੇਂ 'ਪੋਥੀ' ਰੂਪ ਵਿੱਚ ਬਖਸ਼ੀ। ਇਸੇ ਜੁਗਤੀ ਨੂੰ ਹੀ ਗੁਰੂ ਅਮਰਦਾਸ ਅਤੇ ਗੁਰੂ ਰਾਮ ਦਾਸ ਨੇ ਨਿਰੰਤਰ ਜਾਰੀ ਰੱਖਦੇ ਹੋਏ ਇਸ ਨੂੰ ਗੁਰੂ ਅਰਜਨ ਦੇਵ ਨੂੰ ਸੌਂਪ ਦਿੱਤਾ। ਡਾ. ਮਨਮੋਹਨ ਸਹਿਗਲ ਅਨੁਸਾਰ, *"ਉਸ ਸਮੇਂ ਬਾਣੀ ਸੰਗ੍ਰਹਿ ਕਰਨ ਸਮੇਂ ਇਸ ਗ੍ਰੰਥ ਨੂੰ 'ਪੋਥੀ' ਕਿਹਾ ਗਿਆ ਹੈ। 'ਸਾਹਿਬ' ਸ਼ਬਦ ਦਾ ਸ਼ਬਦੀ ਅਰਥ ਸਵਾਮੀ ਜਾਂ ਮਾਲਕ ਹੁੰਦਾ ਹੈ। ਇਸ ਲਈ ਪੋਥੀ ਨੂੰ 'ਪੋਥੀ ਸਾਹਿਬ' ਕਿਹਾ ਜਾਣ ਲੱਗ ਪਿਆ। ਉਸ ਸਮੇਂ ਸੰਗ੍ਰਹਿ ਦਾ ਵੱਡਾ ਆਕਾਰ ਦੇਖ ਕੇ ਕਿਸੇ ਨੇ ਪੋਥੀ ਦੇ ਵੱਡੇ ਅਕਾਰ ਦੇ ਸਮਾਨਅਾਰਥਕ ਸ਼ਬਦ 'ਗ੍ਰੰਥ' ਦੀ ਵਰਤੋਂ ਆਰੰਭ ਕਰ ਦਿੱਤੀ ਤੇ ਪੋਥੀ ਸਾਹਿਬ 'ਗ੍ਰੰਥ ਸਾਹਿਬ' ਬਣ ਗਿਆ। ਸੰਨ ੧੭੦੮ ਈ: ਵਿੱਚ ਗੁਰੂ ਗੋਬਿੰਦ ਸਿੰਘ ਦੁਆਰਾ ਗ੍ਰੰਥ ਸਾਹਿਬ ਨੂੰ ਗੁਰ ਗੱਦੀ ਦੇਣ ਸਮੇਂ ਇਸ ਦਾ ਰੁਤਬਾ 'ਗੁਰੂ ਗ੍ਰੰਥ ਸਾਹਿਬ' ਬਣ ਗਿਆ।"* [20]

ਗੁਰੂ ਗੋਬਿੰਦ ਸਿੰਘ ਦੁਆਰਾ ਗ੍ਰੰਥ ਸਾਹਿਬ ਨੂੰ ਗੁਰੂ ਪਦ ਪ੍ਰਦਾਨ ਕਰਨ ਦਾ ਮਹਤਵਪੂਰਨ ਪ੍ਰਮਾਣ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' ਵਿੱਚ ਭਾਈ ਕੇਸਰ ਸਿੰਘ ਛਿੱਬਰ ਨੇ ਲਿਖਿਆ ਹੈ:

*ਸੁਣੋ ਭਾਈ ਸਿੱਖੋ ਐਸਾ ਸੰਤ ਬਾਬਾ ਨਾਨਕ ਸੱਚ ਜਾਨੋ ।*

*ਦਸੇ ਮਹਲ ਇਕ ਬਾਬਾ ਨਾਨਕ ਜੀ ਪਛਾਨੋ।*

*ਦਸਵਾਂ ਪਾਤਸ਼ਾਹ ਗੱਦੀ ਗੁਰਿਆਈ ਦੀ ਗ੍ਰੰਥ ਸਾਹਿਬ ਨੂੰ ਦੇ ਹੈ ਗਿਆ।*

*ਅਜ ਪ੍ਰਤਖ ਗੁਰੂ ਅਸਾਡਾ ਗ੍ਰੰਥ ਸਾਹਿਬ ਹੈ ਸੋਈ ਗਇਆ ਜੋ ਗ੍ਰੰਥੋ ਗਇਆ।*[21]

ਇਸ ਦੀ ਪੁਸ਼ਟੀ ਰਹਿਤਨਾਮਾ ਭਾਈ ਨੰਦ ਲਾਲ, ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ, ਕੌਰ ਸਿੰਘ ਕ੍ਰਿਤ ਗੁਰ ਬਿਲਾਸ ਪਾ: ੬ ਤੋਂ ਵੀ ਹੋ ਜਾਂਦੀ ਹੈ।

ਇਤਿਹਾਸ ਇਸ ਤੱਥ ਦੀ ਪੁਸ਼ਟੀ ਕਰਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਤੋਂ ਪਹਿਲਾਂ ਪੰਜਾਬ ਦੀ ਸਮੁੱਚੀ ਹਾਲਤ ਬੜੀ ਤਰਸਯੋਗ ਸੀ। ਮੁਸਲਮਾਨ ਧਾੜਵੀ ਹਮੇਸ਼ਾਂ ਪੰਜਾਬ ਦੇ ਰਸਤਿਉਂ ਆ ਕੇ ਭਾਰਤ ਉਤੇ ਹਮਲੇ ਕਰਦੇ ਰਹਿੰਦੇ। ਉਹਨਾਂ ਨੇ ਹਿੰਦੂ ਜਨਤਾ ਉਤੇ ਸਭ ਤੋਂ ਵੱਧ ਹਮਲੇ ਕੀਤੇ। ਪ੍ਰਸਿੱਧ ਇਤਿਹਾਕਾਰ ਡਾ. ਹਰੀ ਰਾਮ ਗੁਪਤਾ ਅਨੁਸਾਰ, *"ਦਸਵੀਂ ਸਦੀ ਤੋਂ ਲੈ ਕੇ ਪੰਦਰ੍ਹਾਂ ਸੌ ਛੱਬੀ ਤਕ ਭਾਰਤ ਉਤੇ ਲਗਭਗ ਸੱਠ ਹਮਲੇ ਹੋ ਚੁੱਕੇ ਸਨ । ਇਨ੍ਹਾਂ ਹਮਲਿਆਂ ਵਿਚੋਂ ਤਿੰਨ ਹਮਲੇ ਕੁਤਬ ਦੀਨ, ਸਤਾਰਾਂ ਮੁਹੰਮਦ ਗੌਰੀ, ਪੰਝੀ ਮੰਗੋਲਾਂ ਤੇ ਪੰਜ ਮੁਗਲਾਂ ਦੇ ਪ੍ਰਮੁੱਖ ਰੂਪ ਵਿਚ ਗਿਣਾਏ ਜਾ ਸਕਦੇ ਹਨ। ਆਖਰੀ ਹਮਲਾ ਬਾਬਰ ਦਾ ਸੀ।"*[22] ਗੁਰੂ ਨਾਨਕ ਬਾਣੀ ਵਿਚ ਇਸ ਦਾ ਚਿਤਰਨ ਪ੍ਰਾਪਤ ਹੁੰਦਾ ਹੈ ਕਿ ਕਿਵੇਂ ਇਸ ਸਮੇਂ ਰਖਿਆ ਕਰਨ ਵਾਲੇ ਰਾਜੇ ਜ਼ੁਲਮੀ ਬਣ ਗਏ ਸਨ। ਹਰ ਪਾਸੇ ਹਨੇਰਾ ਹੀ ਹਨੇਰਾ ਫੈਲਿਆ ਹੋਇਆ ਸੀ। ਰਾਜੇ ਕੁਤਿਆਂ ਵਾਂਗ ਆਮ ਲੋਕਾਂ ਦਾ ਮਾਸ ਨੋਚ ਰਹੇ ਸਨ। ਜਿਸ ਦਾ ਜ਼ਿਕਰ ਇਨ੍ਹਾਂ ਪੰਕਤੀਆਂ ਵਿੱਚੋਂ ਪ੍ਰਾਪਤ ਹੁੰਦਾ ਹੈ:

*ਰਾਜੇ ਸ਼ੀਂਹ ਮੁਕਦਮ ਕੁਤੇ ॥*

*ਜਾਇ ਜਗਾਇਨਿ ਬੈਠੇ ਸੁਤੇ॥*

*ਚਾਕਰ ਨਹਦਾ ਪਾਇਨ੍ਹਿ ਘਾਉ॥*

*ਰਤੁ ਪਿਤੁ ਕੁਤਿਹੋ ਚਟਿ ਜਾਹੁ॥* ਪੰਨਾ-੧੨੮੮

ਰਾਜ ਕਰਮਚਾਰੀ ਵੀ ਧੋਖੇ, ਫਰੇਬ ਤੇ ਝੂਠੇ ਵਤੀਰਿਆਂ ਰਾਹੀਂ ਪਰਜਾ ਨੂੰ ਨੁਕਸਾਨ ਪੁਚਾ ਰਹੇ ਸਨ। ਬਾਬਰ ਦੇ ਹਮਲੇ ਨੇ ਜਿੱਥੇ ਵਿਸ਼ੇਸ਼ ਰੂਪ ਵਿੱਚ ਹਿੰਦੂ ਇਸਤਰੀ ਨੂੰ ਬੇਪੱਤ ਕੀਤਾ ਉਥੇ ਸਮੂਹ ਭਾਰਤੀਆਂ ਨੂੰ ਉਸਦੇ ਤਸੀਹਿਆਂ ਦਾ ਸ਼ਿਕਾਰ ਬਨਣਾ ਪਿਆ। ਗੁਰੂ ਨਾਨਕ ਰਚਿਤ ਬਾਬਰ ਬਾਣੀ ਵਿੱਚ ਉਸ ਸਮੇਂ ਦੇ ਰਾਜਿਆਂ ਦੇ ਅਤਿਆਚਾਰਾਂ ਦਾ ਚਿਤਰਣ ਵਿਸ਼ੇਸ਼ ਉਲੇਖ ਯੋਗ ਹੈ। ਭਾਰਤ ਦੀ ਅਜਿਹੀ ਕਮਜ਼ੋਰ ਤੇ ਵਿਘਟਤ ਅਵਸਥਾ ਦਾ ਜ਼ਿਕਰ ਭਾਈ ਗੁਰਦਾਸ ਨੇ ਵੀ ਆਪਣੀ ਪਹਿਲੀ ਵਾਰ ਵਿਚ ਕੀਤਾ ਹੈ। ਸਮੁੱਚਾ ਸਮਾਜ ਦੋ ਸ਼੍ਰੇਣੀਆਂ ਹਿੰਦੂ ਤੇ ਮੁਸਲਮਾਨ ਵਿਚ ਵੰਡੇ ਹੋਣ ਕਰਕੇ ਪੰਜਾਬ ਦੇ ਹਿੰਦੂਆਂ ਨੂੰ ਦੋਹਰੀ ਮਾਰ ਸਹਾਰਨੀ ਪੈ ਰਹੀ ਸੀ। ਇਕ ਪਾਸੇ ਮੁਗਲ ਰਾਜ ਦੇ ਅੰਨ੍ਹੇ ਹੁਕਮਰਾਨ ਤੇ

ਦੂਜੇ ਪਾਸੇ ਆਪਣੇ ਵਿਚੋਂ ਹੀ ਉਚੀ ਜਾਤ ਵਾਲੇ ਬ੍ਰਾਹਮਣ ਉਨ੍ਹਾਂ ਦਾ ਤ੍ਰਿਸਕਾਰ ਕਰ ਰਹੇ ਸਨ। ਉੱਚੀ ਜਾਤ ਵਾਲੇ ਬ੍ਰਾਹਮਣ ਕਰਮ-ਕਾਂਡਾਂ ਦੁਆਰਾ ਉਨ੍ਹਾਂ ਨੂੰ ਡਰਾ ਧਮਕਾ ਕੇ ਪੈਸਾ ਵਸੂਲ ਕਰਨ ਲੱਗੇ ਹੋਏ ਸਨ। ਸਿਰਫ਼ ਬ੍ਰਾਹਮਣ ਹੀ ਨਹੀਂ, ਸਗੋਂ ਸਾਰੇ ਵਰਣ ਹੀ ਆਪਣੇ ਫਰਜ਼ਾਂ ਨੂੰ ਭੁਲਾ ਕੇ 'ਮਲੇਛ ਭਾਸ਼ਾ' ਨੂੰ ਅਪਣਾ ਰਹੇ ਸਨ। ਮੁਸਲਮਾਨ ਜਾਗੀਰਦਾਰ ਕਿਸੇ ਵੀ ਹਿੰਦੂ ਖਾਨਦਾਨ ਦੀ ਨੂੰਹ ਧੀ ਦੀ ਇੱਜ਼ਤ ਦੀ ਪਰਵਾਹ ਨਹੀਂ ਕਰਦੇ ਸਨ। ਅਜਿਹੀ ਰਾਜਨੀਤਕ ਅਤੇ ਸਮਾਜਿਕ ਗਿਰਾਵਟ ਦੇ ਨਾਲ ਨਾਲ ਧਾਰਮਿਕ ਖੇਤਰ ਵਿਚ ਵੀ ਕਈ ਪ੍ਰਕਾਰ ਦੀਆਂ ਸਮੱਸਿਆਵਾਂ ਅਤੇ ਚੁਣੌਤੀਆਂ ਦਾ ਸਾਹਮਣਾ ਸਧਾਰਣ ਜਨਤਾ ਨੂੰ ਕਰਨਾ ਪੈ ਰਿਹਾ ਸੀ। ਮੰਦਰਾਂ ਤੇ ਠਾਕਰ ਦੁਆਰਿਆਂ ਨੂੰ ਤੋੜ ਭੰਨ ਕੇ ਮਸੀਤਾਂ ਉਸਾਰੀਆਂ ਜਾ ਰਹੀਆਂ ਸਨ। ਮੁਸਲਮਾਨ ਹਿੰਦੂ ਜਨਤਾ ਉਤੇ ਅਸਹਿ ਤੇ ਅਕਹਿ ਕਸ਼ਟ ਕਰਕੇ ਆਪਣੇ ਆਪ ਨੂੰ ਧਰਮੀ ਅਖਵਾਉਣ ਵਿਚ ਇਜ਼ਤ ਸਮਝਦੇ ਸਨ। ਡਾ. ਮਨਮੋਹਨ ਸਹਿਗਲ ਅਨੁਸਾਰ:

> *ਜੇ ਧਰਮ ਦੇ ਨਾਂ ਉੱਤੇ ਹਿੰਦੂਆਂ ਵਿਚ ਅਨੇਕਾਂ ਅਡੰਬਰ ਕਰਮ-ਕਾਂਡ ਅਤੇ ਦਿਖਾਵਾ ਸੀ ਤਾਂ ਮੁਸਲਮਾਨਾਂ ਵਿਚ ਅਤਿਆਚਾਰ ਅਨੀਤੀ ਅਤੇ ਬੇਸ਼ਰਮੀ। ਧਰਮ ਦੇ ਅਸਲੀ ਰੂਪ ਨੂੰ ਕੋਈ ਵੀ ਨਹੀਂ ਪਛਾਣਦਾ ਸੀ। ਪਰਮਾਤਮਾ ਜਾਂ ਖੁਦਾ ਦੇ ਨਾਂ ਉੱਤੇ ਕੀਤਾ ਗਿਆ ਕਤਲ, ਲੁਟਮਾਰ ਤੇ ਚੋਰੀ ਸਭ ਕੁਝ ਜਾਇਜ਼ ਸਮਝ ਲਿਆ ਜਾਂਦਾ ਸੀ। 'ਸ਼ਰਮ ਤੇ ਧਰਮ' ਦੋਵੇਂ ਹੀ ਅਲੋਪ ਹੋ ਗਏ ਸਨ, ਹਰ ਪਾਸੇ ਝੂਠ ਹੀ ਪ੍ਰਧਾਨ ਹੁੰਦਾ ਜਾ ਰਿਹਾ ਹੈ।*[23]

ਅਜਿਹੀਆਂ ਵਿਕਰਾਲ ਪ੍ਰਸਥਿਤੀਆਂ ਬਾਣੀ ਰਚਨਾ ਦੇ ਪਿਛੋਕੜ ਵਿੱਚ ਕਾਰਜਸ਼ੀਲ ਸਨ। ਜਿਹਨਾਂ ਦੇ ਪ੍ਰਤੀਕਰਮ ਵਜੋਂ ਭਗਤੀ ਲਹਿਰ ਪੈਦਾ ਹੋਈ। ਭਗਤ ਕਵੀਆਂ ਨੇ ਆਪਣੇ ਰਹੱਸਵਾਦੀ ਅਨੁਭਵਾਂ ਨੂੰ ਪ੍ਰਗਟ ਕਰਨ ਲਈ ਕਈ ਚਿੰਨ੍ਹਾਂ, ਪ੍ਰਤੀਕਾਂ ਤੇ ਮਿਥਾਂ ਦਾ ਪ੍ਰਯੋਗ ਕੀਤਾ ਅਤੇ ਉਸ ਸਮੇਂ ਦੇ ਪੰਡਤਾਂ ਦੀਆਂ ਵਿਆਖਿਆ ਪ੍ਰਣਾਲੀਆਂ ਨੂੰ ਤਰਕ ਦੁਆਰਾ ਵੰਗਾਰ ਕੇ ਅਰਥਹੀਣ ਸਾਬਿਤ ਕਰ ਦਿੱਤਾ। ਡਾ. ਧਰਮਪਾਲ ਸਿੰਗਲ ਦੇ ਵਿਚਾਰ ਅਨੁਸਾਰ:

> *ਦੱਖਣ ਵਲੋਂ ਹੌਲੀ ਹੌਲੀ ਚੱਲੀ ਇਸ ਲਹਿਰ ਨੂੰ ਉਤਰੀ ਭਾਰਤ ਵਿਚ ਹੋ ਰਹੇ ਰਾਜਨੀਤਕ ਪਰਿਵਰਤਨ ਕਰਕੇ ਚੰਗਾ ਬਲ ਮਿਲਿਆ। ਪੰਜਵੀਂ ਸਦੀ ਵਿਚ ਪੈਦਾ ਹੋਈ ਇਸ ਲਹਿਰ ਵਿਚ ਭਿੰਨਤਾਵਾਂ ਹੋਣ ਦੇ ਬਾਵਜੂਦ ਵੀ ਸਮਾਨਤਾਵਾਂ ਸਨ। ਤਕਰੀਬਨ ਸਾਰੇ ਹੀ ਭਗਤ ਆਪੋ ਆਪਣੇ*

*ਖਿੱਤਿਆਂ ਵਿਚ ਮਨੁੱਖੀ ਬਰਾਬਰੀ ਤੇ ਸਾਂਝੀਵਾਲਤਾ ਦਾ ਅਹਿਸਾਸ ਜਗਾ ਰਹੇ ਸਨ।*[24]

ਗੁਰੂ ਗ੍ਰੰਥ ਸਾਹਿਬ ਵਿਚਲੇ ਸਾਰੇ ਬਾਣੀਕਾਰ ਭਾਰਤੀ ਸੰਸਕਾਰਾਂ ਨਾਲ ਓਤ ਪੋਤ ਹੋਣ ਕਰਕੇ ਇਨ੍ਹਾਂ ਸਿਧਾਂਤਾਂ ਦੀ ਪਿੱਠ ਭੂਮੀ ਉਤੇ ਅਨੁਭਵ ਦੀ ਉਸਾਰੀ ਕਰਨ ਕਰਕੇ, ਉਨ੍ਹਾਂ ਦੀ ਬਾਣੀ ਭਾਰਤੀ ਵਿਚਾਰਧਾਰਾ ਦੇ ਸੰਸਕਾਰਾਂ ਨਾਲ ਭਰਪੂਰ ਹੈ। ਇਸੇ ਕਰਕੇ ਉਨ੍ਹਾਂ ਨੇ ਥਾਂ-ਪੁਰ-ਥਾਂ ਵੇਦਾਂ, ਸ਼ਾਸਤਰਾਂ ਅਤੇ ਸਿਮ੍ਰਤੀਆਂ ਵਿਚੋਂ ਹਵਾਲੇ ਪੇਸ਼ ਕੀਤੇ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਆਈ ਬਾਣੀ ਵਿਚ ਬਾਣੀਕਾਰਾਂ ਦਾ ਆਪਣੀਆਂ ਪੂਰਵਲੀਆਂ ਪਰੰਪਰਾਵਾਂ ਨਾਲ ਸਬੰਧ ਜੁੜਦਾ ਵੇਖਿਆ ਜਾ ਸਕਦਾ ਹੈ। ਡਾ. ਜਗਬੀਰ ਸਿੰਘ ਅਨੁਸਾਰ:

*ਭਾਵੇਂ ਗੁਰੂ ਗ੍ਰੰਥ ਸਾਹਿਬ ਦੇ ਸਮੂਹ ਬਾਣੀਕਾਰਾਂ ਨੇ ਆਪਣੇ ਵੇਲੇ ਦੇ ਸਮਾਜਕ ਅਤੇ ਸਭਿਆਚਾਰਕ ਯਥਾਰਥ ਨੂੰ ਮੁਖ ਰਖ ਕੇ ਹੀ ਆਪਣੇ ਪ੍ਰਵਚਨਾਂ ਦੀ ਉਸਾਰੀ ਕੀਤੀ ਹੈ ਪਰ ਉਨ੍ਹਾਂ ਦੀ ਰਚਨਾ ਦੇ ਅਨੇਕਾਂ ਵਿਸ਼ੇਗਤ ਸਰੋਕਾਰ ਪੂਰਵਲੀ ਬਾਣੀ-ਪਰੰਪਰਾ ਵਜੋਂ ਇਸ ਧਾਰਾ ਦੇ ਸਮੂਹ ਬਾਣੀਕਾਰ ਸੰਤ ਬਾਣੀ ਦੇ ਅਨੇਕ ਵਿਚਾਰਾਂ ਤੇ ਸਿਧਾਂਤਾਂ ਨਾਲ ਸਹਿਮਤੀ ਰਖਦੇ ਹਨ - ਇਕ ਤਰ੍ਹਾਂ ਨਾਲ ਸਿੱਧ-ਨਾਥ-ਸੰਤ ਬਾਣੀ ਪਰੰਪਰਾ ਗੁਰੂ ਗ੍ਰੰਥ ਸਾਹਿਬ ਬਾਣੀ ਵਿਚ ਅੰਤਰ-ਪਾਠਾਂ ਦੀ ਹੈਸੀਅਤ ਰਖਦੀ ਹੈ।*[25]

ਸਿੱਧਾਂ ਦੀ ਵਿਚਾਰਧਾਰਾ ਦਾ ਸੰਬੰਧ ਤਾਂਤਰਿਕ ਸਾਧਨਾ ਨਾਲ ਜੁੜੇ ਹੋਣ ਕਰਕੇ ਮਨੁੱਖ ਦੇ ਸਰੀਰ ਨੂੰ ਅਧਿਆਤਮਕ ਵਿਚਾਰਾਂ ਦੇ ਪ੍ਰਗਟਾਵੇ ਦਾ ਪ੍ਰਮੁੱਖ ਸਾਧਨ ਮੰਨਿਆ ਹੈ। ਇਸ ਲਈ ਪਾਵਨ ਤੀਰਥ ਸਥਾਨਾਂ ਦੀ ਯਾਤਰਾ ਨਾਲੋਂ ਉਹਨਾਂ ਬਾਣੀ ਰਾਹੀਂ ਅੰਦਰਲੀ ਰਹੱਸਾਤਮਕ ਯਾਤਰਾ ਉਤੇ ਬਲ ਦੇਣ ਦੀ ਗੱਲ ਮੰਨੀ ਹੈ। ਜਿੱਥੇ ਸਿੱਧ ਬਾਣੀ ਵਿਚ ਪਖੰਡਵਾਦੀ ਚਰਿਤਰ ਅਤੇ ਜਾਤੀ ਪ੍ਰਥਾ ਉਤੇ ਚੋਟ ਲਾਈ ਗਈ ਹੈ ਉੱਥੇ ਨਾਥ ਬਾਣੀ ਉਦਾਸੀ ਜੀਵਨ ਜਿਉਣ ਤੇ ਬਲ ਦਿੰਦੀ ਹੈ। ਉਨ੍ਹਾਂ ਨੇ ਸਿਧ ਬਾਣੀ ਦੇ ਸਿਧਾਂਤ ਨੂੰ ਪ੍ਰਵਾਨ ਕੀਤਾ ਪਰ ਉਨ੍ਹਾਂ ਦੀ ਜੀਵਨ ਜੁਗਤੀ ਨੂੰ ਨਕਾਰ ਦਿੱਤਾ। ਇਸ ਨਾਥ ਬਾਣੀ ਵਿਚ ਨਾਰੀ ਵਿਰੋਧੀ ਸੁਰ ਅਲਾਪਣੀ ਸ਼ੁਰੂ ਕਰ ਦਿੱਤੀ ਗਈ।

ਭਾਰਤੀ ਅਧਿਆਤਮਕਤਾ ਮੂਲ ਰੂਪ ਵਿਚ ਵੇਦਾਂ ਉਤੇ ਆਧਾਰਿਤ ਹੈ। ਗੁਰੂ ਨਾਨਕ ਦੀ 'ਆਸਾ ਦੀ ਵਾਰ' ਵਿਚ ਚਾਰ ਵੇਦਾਂ ਦਾ ਜ਼ਿਕਰ ਇਸ ਗੱਲ ਦੀ ਗਵਾਹੀ ਭਰਦਾ ਹੈ ਪਰੰਤੂ ਉਨ੍ਹਾਂ ਦੀ ਬਾਣੀ ਵਿਚ ਵੇਦਾਂ ਦੇ ਮਹੱਤਵ ਨੂੰ ਸਵੀਕਾਰ ਨਹੀਂ ਕੀਤਾ ਗਿਆ। ਉਹ ਵਿਹਾਰਕ ਦ੍ਰਿਸ਼ਟੀ ਤੋਂ ਵੇਦ ਕਤੇਬਾਂ ਦਾ ਜ਼ਿਕਰ ਕਰਦੇ ਹਨ ਪਰ ਵੈਦਿਕ ਕਰਮ ਕਾਂਡਾਂ, ਉਪਾਸ਼ਨਾ ਵਿਧੀ, ਦੇਵ ਪੂਜਾ, ਬਹੁ

ਦੇਵਵਾਦ ਅਤੇ ਮੰਤ੍ਰਾਚਾਰ ਦੀ ਸਖ਼ਤ ਆਲੋਚਨਾ ਕਰਦੇ ਹਨ। ਇਹ ਆਲੋਚਨਾ ਹੀ ਅਸਲ ਵਿਚ ਗੁਰਬਾਣੀ ਚਿੰਤਨ ਦੀ ਪਿੱਠ ਭੂਮੀ ਵਜੋਂ ਕਾਰਜਸ਼ੀਲ ਹੁੰਦੀ ਵੇਖੀ ਜਾ ਸਕਦੀ ਹੈ। ਇਥੇ ਇਸ ਗੱਲ ਦਾ ਖਿਆਲ ਰੱਖਿਆ ਜਾਵੇ ਕਿ ਪਿਠ ਭੂਮੀ ਵਜੋਂ ਇਸ ਦ੍ਰਿਸ਼ਟੀ ਦੀ ਕਾਰਜਸ਼ੀਲਤਾ ਨਾ ਕੇਵਲ ਧਾਰਮਿਕ ਕਰਮ ਕਾਂਡਾਂ ਦੇ ਵਿਰੋਧ ਵਿਚ ਭੁਗਤੀ ਬਲਕਿ ਆਪੇ ਨੂੰ ਖੰਡਿਤ ਕਰ ਦੇਣ ਵਾਲੀਆਂ ਸਮਾਜ ਵਿਰੋਧੀ ਇਕਾਈਆਂ ਦੇ ਵਿਰੋਧ ਵਿਚ ਹੀ ਖੜ੍ਹੀ ਹੋਈ। ਵੇਦਾਂ ਉਪਰੰਤ ਉਪਨਿਸ਼ਦਾਂ ਵਿਚ 'ਬ੍ਰਹਮ' ਦਾ ਇਤਿਹਾਸਕ ਪ੍ਰਮਾਣ ਪ੍ਰਾਪਤ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ 'ਬ੍ਰਹਮ' ਦਾ ਸਰੂਪ ਕਿਸੇ ਵਿਸ਼ੇਸ਼ ਸਮੁਦਾਇ ਤੱਕ ਸੀਮਿਤ ਨਹੀਂ ਹੈ। ਉਪਨਿਸ਼ਦਾਂ ਵਿਚ ਕਰਮ ਕਾਂਡੀ ਵਿਵਸਥਾ ਦਾ ਵਿਰੋਧ ਕੀਤਾ ਗਿਆ। ਪੁਰਾਣਾਂ ਦਾ ਮੂਲ ਸਰੋਤ ਭਾਵੇਂ ਵੇਦ ਹੀ ਹਨ ਪਰੰਤੂ ਪੁਰਾਣਾਂ ਵਿਚ ਭਗਤੀ ਚਿੰਤਨ ਦੇ ਸਮੁੱਚੇ ਪੱਖਾਂ ਨੂੰ ਜਿਉਂਦੇ ਜਾਗਦੇ ਪਾਤਰਾਂ, ਕਥਾਵਾਂ, ਬਿਰਤਾਂਤਾਂ ਤੇ ਸਾਕਾਰ ਬਿੰਬਾਂ ਰਾਹੀਂ ਨਿਰੂਪਣ ਕੀਤਾ ਗਿਆ ਹੈ। ਭਗਤੀ ਚਿੰਤਨ ਪੁਰਾਣ ਯੁਗ ਤਕ ਇਕ ਸੁਤੰਤਰ ਚਿੰਤਨ ਬਣ ਚੁੱਕਾ ਸੀ।[26]

ਗੀਤਾ ਨੂੰ ਭਗਤੀ ਸ਼ਾਸਤਰ ਦਾ ਇਕ ਐਸਾ ਦਸਤਾਵੇਜ਼ ਮੰਨਿਆ ਜਾਂਦਾ ਹੈ ਜਿਸ ਵਿਚ ਗਿਆਨ, ਕਰਮ, ਭਗਤੀ ਦੇ ਪ੍ਰਚਾਰ, ਭਗਤੀ ਦੇ ਉਦੇਸ਼ ਅਤੇ ਭਗਤੀ ਚਿੰਤਨ ਦੇ ਹੋਰ ਪੱਖਾਂ ਉਤੇ ਵਿਸਤ੍ਰਿਤ ਚਾਨਣਾ ਪਾਇਆ ਗਿਆ ਹੈ। ਗੀਤਾ ਵਿਚ ਭਗਤੀ ਦੇ ਦੋ ਮੁੱਖ ਭੇਦਾਂ ਦਾ ਚਿਤਰਨ ਕੀਤਾ ਗਿਆ ਹੈ, ਸਰਗੁਣ ਅਤੇ ਨਿਰਗੁਣ ਭਗਤੀ। ਸਰਗੁਣ ਭਗਤੀ ਪਰਮਾਤਮਾ ਦੇ ਵਿਅਕਤ ਰੂਪ ਨਾਲ ਸੰਬੰਧਿਤ ਹੈ। ਨਿਰਗੁਣ ਤੇ ਸਰਗੁਣ ਵਿੱਚ ਕੋਈ ਮੌਲਿਕ ਅੰਤਰ ਨਹੀਂ ਹੈ ਸਗੋਂ ਇਹ ਦੋਵੇਂ ਮਾਰਗ ਇੱਕ ਦੂਜੇ ਦੇ ਵਿਰੋਧੀ ਨਾ ਹੋ ਕੇ ਪੂਰਕ ਹਨ। ਬਹੁਤ ਸਾਰੇ ਭਗਤ ਪਹਿਲਾਂ ਪਹਿਲ ਸਰਗੁਣ ਉਪਾਸ਼ਕ ਸਨ। ਭਗਤ ਨਾਮਦੇਵ, ਸੂਰਦਾਸ ਅਤੇ ਧੰਨੇ ਦੇ ਵਿਠੁਲ, ਕੇਸ਼ਵ ਅਤੇ ਕ੍ਰਿਸ਼ਨ, ਬ੍ਰਹਮ ਦਾ ਪਰਿਆਇ ਹੋ ਗਏ। ਨਿਰਗੁਣ ਭਗਤੀ, ਅਵਤਾਰਵਾਦ ਦੇ ਸਿਧਾਂਤਾਂ ਦਾ ਖੰਡਨ ਕਰਦੀ ਹੈ ਤੇ ਨਿਰਗੁਣ ਨਿਰਾਕਾਰ ਤੇ ਅਰੂਪ ਬ੍ਰਹਮ ਦੀ ਅਰਾਧਨਾ ਦਾ ਤਸੱਵਰ ਪੇਸ਼ ਕਰਦੀ ਹੈ। ਮੱਧ ਕਾਲ ਵਿਚ ਉਠੀ ਭਗਤੀ ਲਹਿਰ ਦੇ ਸੰਤਾਂ-ਭਗਤਾਂ ਨੇ ਦੈਵੀ-ਸੱਤਾ ਦੇ ਨਿਰਗੁਣ ਸਰੂਪ ਨੂੰ ਮਾਨਤਾ ਦਿੱਤੀ ਹੈ। *"ਗੀਤਾ ਦਾ ਇਕ ਮਾਤਰ ਸੰਦੇਸ਼ ਮਨੁੱਖੀ ਜੀਵਨ ਦੇ ਅੰਦਰੂਨੀ ਪਰਿਵਰਤਨ ਰਾਹੀਂ ਜੀਵਨ ਦੇ ਪਰਮ ਉਦੇਸ਼ ਨੂੰ ਕਰਤੱਵ ਦੇ ਨਿਸ਼ਕਾਮ ਭਾਵ ਨਾਲ ਪ੍ਰਾਪਤ ਕਰਨਾ ਹੈ।"*[27] ਡਾ. ਭਗਤ ਸਿੰਘ ਹੀਰਾ ਅਨੁਸਾਰ ਗੁਰਮਤਿ ਵਿਚਾਰਧਾਰਾ ਗਿਆਨ, ਭਗਤੀ ਅਤੇ ਕਰਮ ਮਾਰਗ ਦੀ ਸਾਂਝੀ ਨੀਂਹ ਤੇ ਕਾਇਮ ਹੈ। ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਅਨੁਸਾਰ ਗੁਰਮੁਖ ਦਾ ਸੰਕਲਪ ਇਸੇ ਵਿਚਾਰਧਾਰਾ ਦਾ ਧਾਰਨੀ ਹੈ।

ਭਗਤੀ ਪਰੰਪਰਾ ਦੇ ਵਿਕਾਸ ਵਿਚ ਦੱਖਣ ਦੇ ਵੈਸ਼ਨਵ ਆਲਵਰ ਸੰਤਾਂ ਦੀ ਭੂਮਿਕਾ ਮਹੱਤਵਪੂਰਨ ਹੈ। ਭਗਤੀ ਪਰੰਪਰਾ ਵਿਚ ਰਾਮਾਨੁਜ ਦੀ ਉਦਾਰਵਾਦੀ ਰੁਚੀ ਕਰਕੇ ਨੀਵੀਆਂ ਜਾਤਾਂ ਦੇ ਲੋਕਾਂ ਲਈ ਭਗਤੀ ਦੇ ਦਰਵਾਜ਼ੇ ਖੁਲ੍ਹ ਗਏ। ਜਿਸ ਦੇ ਪ੍ਰਤੀਕਰਮ ਵਜੋਂ ਅਖੌਤੀ ਤੌਰ ਤੇ ਨੀਵੀਆਂ ਜਾਤਾਂ ਵਿਚੋਂ ਭਗਤ ਕਬੀਰ, ਨਾਮਦੇਵ, ਰਵਿਦਾਸ ਅਤੇ ਸਦਨਾ ਵਰਗੇ ਭਗਤੀ ਲਹਿਰ ਨਾਲ ਸੰਬੰਧਿਤ ਹੋ ਗਏ। ਵੱਖ-ਵੱਖ ਪ੍ਰਾਂਤਾਂ ਤੋਂ ਆਏ ਇਨ੍ਹਾਂ ਭਗਤਾਂ - ਜੈਦੇਵ, ਤ੍ਰਿਲੋਚਨ, ਨਾਮਦੇਵ, ਸਧਨਾ, ਰਾਮਾਨੰਦ, ਸੈਣ, ਰਵਿਦਾਸ, ਕਬੀਰ, ਧੰਨਾ ਅਤੇ ਪੀਪਾ ਆਦਿ ਦੀਆਂ ਰਚਨਾਵਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਕਰ ਲਿਆ ਗਿਆ। ਇਨ੍ਹਾਂ ਵਿਚਲਾ ਭਗਤੀ ਚਿੰਤਨ ਗੁਰਮਤਿ ਸਿਧਾਂਤਾਂ ਦਾ ਪ੍ਰਾਰੰਭਿਕ ਮਾਡਲ ਵੀ ਕਿਹਾ ਜਾ ਸਕਦਾ ਹੈ। ਪ੍ਰਸਿੱਧ ਇਤਿਹਾਸਕਾਰ ਸ. ਕਿਰਪਾਲ ਸਿੰਘ ਉਨ੍ਹਾਂ ਦੀ ਇਸ ਉਦਾਰਵਾਦੀ ਰੁਚੀ ਦਾ ਪ੍ਰਗਟਾਵਾ ਕਰਦੇ ਹਨ:

> *ਭਗਤੀ ਮਤ ਦੇ ਬਾਨੀ ਰਾਮਾਨੁਜ ਦਾ ਸਿਧਾਂਤ ਸੀ ਕਿ ਸ਼ੂਦਰ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ। ਵਧ ਤੋਂ ਵੱਧ ਉਹ ਇਸ ਜਨਮ ਵਿਚ ਚੰਗੇ ਕਰਮ ਕਰਕੇ ਉਪਰਲੀਆਂ ਤਿੰਨਾਂ ਜਾਤਾਂ ਵਿਚ ਜਨਮ ਲੈ ਕੇ ਫੇਰ ਮੁਕਤੀ ਦਾ ਭਾਗੀ ਬਣ ਸਕਦਾ ਹੈ।* [28]

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਨਿਰਗੁਣ ਧਾਰਾ ਦੇ ਪ੍ਰਤੀਨਿਧ ਕਥਿਤ ਤੌਰ ਤੇ ਨੀਵੀਂ ਜਾਤ ਨਾਲ ਸਬੰਧਿਤ ਭਗਤ ਜੈਦੇਵ, ਤ੍ਰਿਲੋਚਨ, ਨਾਮਦੇਵ, ਸਧਨਾ, ਸੈਣ, ਰਵਿਦਾਸ, ਕਬੀਰ, ਧੰਨਾ ਅਤੇ ਪੀਪਾ ਨੂੰ ਨਿਰਗੁਣ ਧਾਰਾ ਦੇ ਪ੍ਰਤਿਨਿਧ ਕਵੀ ਮੰਨਦਿਆਂ ਉਹਨਾਂ ਦੀ ਬਾਣੀ ਨੂੰ ਸਮਿਲਿਤ ਕੀਤਾ ਗਿਆ ਹੈ। ਭਾਵੇਂ ਇਨ੍ਹਾਂ ਭਗਤ ਕਵੀਆਂ ਦੀਆਂ ਰਚਨਾਵਾਂ ਵਿਚ ਸਿਧਾਂਤਕ ਭਿੰਨਤਾ ਵੀ ਨਜ਼ਰ ਆਉਂਦੀ ਹੈ ਜਿਹੜੀ ਵਿਚਾਰ ਦੀ ਪੱਧਰ 'ਤੇ ਕਈ ਕੋਣਾਂ ਤੋਂ ਪ੍ਰਵਚਨ ਸਿਰਜਦੀ ਹੈ ਪਰ ਫਿਰ ਵੀ ਇਨ੍ਹਾਂ ਸਾਰੇ ਕਵੀਆਂ ਨੇ ਭਗਤੀ ਦੇ ਅਧਿਆਤਮਕ ਪੱਖ 'ਤੇ ਬਲ ਦਿੱਤਾ। ਪ੍ਰਵਚਨ ਵਿਚਲੀ ਇਹੋ ਸਾਂਝ ਭਗਤ ਕਵੀਆਂ ਦੀ ਬਾਣੀ ਨੂੰ ਵਿਚਾਰਧਾਰਕ ਸਰੋਤ ਦੀ ਇਕਸੁਰਤਾ ਵਿਚ ਲੈ ਆਉਣ ਵਿਚ ਬਹੁਤ ਸਹਾਈ ਹੋਈ। ਕਬੀਰ ਤਾਂ ਬ੍ਰਹਮ ਦੀ ਮਹਿਮਾ ਲਈ ਲਿਖਣ-ਯੋਗ ਸਮਗਰੀ ਦੀ ਘਾਟ ਨੂੰ ਅਨੁਭਵ ਕਰਦਾ ਹੈ:

*ਕਬੀਰਾ ਸਾਤ ਸਮੁੰਦਹਿ ਮਸੁ ਕਰਉ ਕਲਮ ਕਰਉ ਬਨਰਾਇ॥*
*ਬਸੁਧਾ ਕਾਗਦੁ ਜਉ ਕਰਉ ਹਰਿ ਜਸੁ ਲਿਖਨੁ ਨ ਜਾਇ॥॥* ਪੰਨਾ ੧੩੬੮

ਸਾਰੇ ਭਗਤ ਬਾਣੀਕਾਰਾਂ ਨੇ ਧਰਮ ਦਾ ਸਮਾਜ ਨਾਲ ਗਹਿਰਾ ਰਿਸ਼ਤਾ ਜੋੜਿਆ ਹੈ ਕਿਉਂਕਿ ਲਗਪਗ ਸਾਰੇ ਭਗਤ ਨੀਵੀਆਂ ਜਾਤਾਂ ਚੋਂ ਆਏ ਸਨ ਪਰੰਤੂ ਉਨ੍ਹਾਂ ਲਈ ਨੀਵੀਂ ਜਾਤ ਹੋਣੀ ਵੀ

ਮਾਣ ਵਾਲੀ ਗੱਲ ਹੈ। ਭਗਤ ਰਵਿਦਾਸ ਆਪਣੇ ਪਿਤਾ ਪੁਰਖੀ ਕਿੱਤਾ ਕਰਨ ਕਰਕੇ ਆਪ ਨੂੰ 'ਚਮਾਰ' ਕਹਿ ਕੇ ਗੌਰਵ ਮਹਿਸੂਸ ਕਰਦਾ ਹੈ। ਉਹ ਉੱਚੀ ਜਾਤ ਵਾਲਿਆਂ ਨੂੰ, ਜੋ ਸਾਰੀ ਉਮਰ ਸਰੀਰ ਰੂਪੀ ਜੁੱਤੀ ਗੰਢਣ ਵਲ ਲਗੇ ਹੋਏ ਹਨ, ਨੂੰ ਚਮਾਰ ਕਹਿੰਦਾ ਹੈ। ਸੰਸਾਰ ਦਾ ਮੋਹ, ਲੋਭ ਤੇ ਲਾਲਚ ਸਰੀਰਕ ਜੁੱਤੀ ਦੇ ਗੰਢ ਤੋਪੇ ਹੀ ਹਨ। ਉਨ੍ਹਾਂ ਨੇ ਇਸ ਸ਼ਬਦ ਵਿਚ ਅਜਿਹੇ ਜਾਤ ਪਾਤ ਵਿੱਚ ਗ੍ਰਸੇ ਲੋਕਾਂ ਉੱਤੇ ਤਕੜਾ ਵਿਅੰਗ ਕੀਤਾ ਹੈ:

*ਚਮਰਟਾ ਗਾਂਠਿ ਨ ਜਨਹੀ ॥*
*ਲੋਗੁ ਗਠਾਵੈਂ ਪਨਹੀ॥ ਰਹਾਉ॥*
*ਆਰ ਨਹੀ ਜਿਹ ਤੋਪਉ॥*
*ਨਹੀ ਰਾਂਬੀ ਠਾਉ ਰੋਪਉ॥*
*ਲੋਗੁ ਗੰਠਿ ਗੰਠਿ ਖਰਾ ਬਿਗੂਚਾ॥*
*ਹਉ ਬਿਨੁ ਗਾਂਠੇ ਜਾਇ ਪਹੂਚਾ॥*
*ਰਵਿਦਾਸ ਜਪੈ ਰਾਮ ਨਾਮਾ॥*
*ਮੋਹਿ ਜਮ ਸਿਉ ਨਾਹੀ ਕਾਮਾ॥* ਪੰਨਾ ੬੫੯

ਆਮ ਬੰਦੇ ਤਾਂ ਸਰੀਰ ਰੂਪੀ ਜੁੱਤੀਆਂ ਨੂੰ ਗੰਢਦੇ ਰਹਿੰਦੇ ਹਨ ਪਰ ਉੱਤਮ ਜੀਵਨ ਜਿਉਣ ਵਾਲੇ ਨੀਵੀਂ ਜਾਤ ਵਾਲੇ ਭਗਤ ਰਵਿਦਾਸ ਨੂੰ ਅਜਿਹੀ ਕੋਈ ਲੋੜ ਨਹੀਂ। ਇਸ ਤਰ੍ਹਾਂ ਇਹ ਸਪਸ਼ਟ ਹੈ ਕਿ ਸੰਤ ਬਾਣੀ ਰਾਹੀਂ ਸਿਧਾਂ ਤੇ ਨਾਥਾਂ ਦੀ ਜੀਵਨ ਵਿਧੀ ਵਿਚ ਇਕ ਸੁਮੇਲ ਸਥਾਪਿਤ ਹੁੰਦਾ ਹੈ। ਨਾਥ ਬਾਣੀ ਰਾਹੀਂ ਉਦਾਸੀ ਜੀਵਨ ਜਿਉਣ ਨੂੰ ਉਤਮ ਦੱਸਿਆ ਹੈ, ਸੰਤ ਬਾਣੀ ਮਨੁੱਖ ਨੂੰ ਸੰਸਾਰ ਵਿਚ ਰਹਿੰਦਿਆਂ 'ਉਦਾਸੀ' ਬਣਕੇ ਜਿਉਣ ਤੇ ਜ਼ੋਰ ਦਿੰਦੀ ਹੈ ਪਰੰਤੂ ਗੁਰਬਾਣੀ ਵਿਚ ਗ੍ਰਹਿਸਥ ਜੀਵਨ ਜਿਉਣ ਤੇ ਜ਼ੋਰ ਦਿੱਤਾ ਗਿਆ ਹੈ:

*ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ॥* ਪੰਨਾ ੯੩੮

ਜਿਥੇ ਬਾਣੀ ਚਿੰਤਨ ਵੈਦਿਕ ਅਤੇ ਅਵੈਦਿਕ ਪਰੰਪਰਾ ਤੋਂ ਪ੍ਰਭਾਵਿਤ ਹੁੰਦਾ ਹੈ ਉੱਥੇ ਸਾਮੀ ਵਿਚਾਰਧਾਰਾ ਤੋਂ ਵੀ ਅਭਿੱਜ ਨਹੀਂ ਰਹਿ ਸਕਿਆ। ਭਗਤੀ ਲਹਿਰ ਦੇ ਪਨਪਣ ਸਮੇਂ ਦੌਰਾਨ ਹੀ ਪੰਜਾਬ ਤੇ ਭਾਰਤ ਵਿਚ ਸਾਮੀ ਸਭਿਆਚਾਰ ਨੇ ਪ੍ਰਵੇਸ਼ ਕੀਤਾ। ਪਹਿਲਾਂ ਪਹਿਲ ਇਸ ਸਭਿਆਚਾਰ ਦੇ ਪ੍ਰਵੇਸ਼ ਨਾਲ ਦੋਹਾਂ ਵਿਚ ਟਕਰਾਉ ਦੀ ਸਥਿਤੀ ਬਣੀ ਰਹੀ ਪਰ ਡਾ. ਅਮਰਜੀਤ ਸਿੰਘ ਕਾਂਗ ਅਜਿਹੀ ਸਥਿਤੀ ਦੇ ਸੱਚ ਨੂੰ ਪ੍ਰਗਟਾਉਂਦੇ ਹੋਏ ਕਹਿੰਦੇ ਹਨ:

*ਜਦੋਂ ਕੋਈ ਵੀ ਦੋ ਸਮਰੱਥ ਸਭਿਆਚਾਰ ਇਕ ਧਰਾਤਲ ਉਪਰ ਵਿਚਰਨਗੇ ਤਾਂ ਉਦੋਂ ਇਹ ਸਿੱਟਾ ਇਕ ਦੂਜੇ ਦੀ ਹੋਂਦ ਮਿਟਾਉਣ ਵਿਚ ਨਹੀਂ ਨਿਕਲਦਾ ਸਗੋਂ ਦੋਹਾਂ ਦੇ ਪ੍ਰਸਪਰ ਸੁਮੇਲ 'ਚੋਂ ਇਕ ਨਵਾਂ ਰੂਪ ਹੋਂਦ ਵਿਚ ਆਉਂਦਾ ਹੈ।*[29]

ਭਾਰਤੀ ਇਤਿਹਾਸਕਾਰ ਇਸ ਨੂੰ ਹਿੰਦੂ ਮੁਸਲਮ ਸਮਿਨਵੈ ਦੀ ਲਹਿਰ ਆਖਦੇ ਹਨ। ਡਾ. ਅਤਰ ਸਿੰਘ ਇਸ ਨੂੰ ਭਾਰਤੀ ਇਤਿਹਾਸ ਵਿਚ ਪੁਨਰ ਜਾਗ੍ਰਿਤੀ ਦਾ ਕਾਲ ਮੰਨਦਾ ਹੈ:

*The advent of Islam and ensuring anxieties of a well defined alien religion and society to strike roots in the local soil and seek a local habitant brought forth a remarkable renewal of creation spirit of India.*[30]

ਬਾਬਾ ਫਰੀਦ ਦੀ ਬਾਣੀ ਨੂੰ ਆਦਿ ਗ੍ਰੰਥ ਵਿਚ ਸਨਮਾਨਯੋਗ ਸਥਾਨ ਮਿਲਣਾ ਦੋਹਾਂ ਸੱਭਿਆਚਾਰਾਂ ਵਿੱਚ ਪੈਦਾ ਹੋਏ ਸਮਿਨਵੈ ਦੀ ਇਕ ਉਤਮ ਉਦਾਹਰਣ ਹੈ। ਗੁਰੂ ਅਰਜਨ ਦੇਵ ਦੀ ਬਾਣੀ ਭਾਰਤੀ ਤੇ ਸਾਮੀ ਸ਼ਬਦਾਵਲੀ ਦਾ ਮਿਸ਼ਰਣ ਪੇਸ਼ ਕਰਦੀ ਹੈ:

*ਕੋਈ ਬੋਲੈ ਰਾਮ ਰਾਮ ਕੋਈ ਖੁਦਾਇ॥*
*ਕੋਈ ਸੇਵੈ ਗੁਸਈਆ ਕੋਈ ਅਲਾਹਿ॥* ਪੰਨਾ ੮੮੫

ਇਸਲਾਮੀ ਸਭਿਆਚਾਰ ਤੋਂ ਪਹਿਲਾਂ ਬੁਧ ਮਤ ਹਿੰਦੂ ਵਿਚਾਰਧਾਰਾ ਲਈ ਇਕ ਚੁਣੌਤੀ ਬਣਿਆ ਸੀ । ਬੁੱਧ ਵਿਚਾਰਧਾਰਾ ਅਨੁਸਾਰ ਬ੍ਰਾਹਮਣ ਜਾਤ ਜਨਮ ਕਰਕੇ ਨਹੀਂ ਸਗੋਂ ਪਵਿੱਤਰ ਜੀਵਨ ਕਰਕੇ ਹੁੰਦਾ ਹੈ। ਭਾਰਤੀ ਪਰੰਪਰਾ ਦੇ ਅੰਤਰਗਤ ਬੁਧ ਧਰਮ ਦੀ ਦਾਰਸ਼ਨਿਕ ਵਿਚਾਰਧਾਰਾ ਦਾ ਉਲੇਖ ਪ੍ਰਾਪਤ ਹੋਇਆ ਹੈ। ਡਾ. ਸ਼ਾਂਤੀ ਨਾਥ ਗੁਪਤਾ ਦਾ ਵਿਚਾਰ ਹੈ ਕਿ,*"ਇਹ ਮੁਖ ਰੂਪ ਵਿਚ ਇਕ ਨੈਤਿਕ ਦਰਸ਼ਨ ਸੀ ਜਿਸ ਦਾ ਅਧਾਰ ਇਕ ਇਤਿਹਾਸਕ ਵਿਅਕਤੀ ਮਹਾਤਮਾ ਬੁੱਧ ਦੇ ਆਪਣੇ ਅਨੁਭਵ ਰਾਹੀਂ ਪ੍ਰਾਪਤ ਕੁਝ ਸਚਾਈਆਂ ਸਨ।"*[31] ਬੁਧ ਧਰਮ ਦਾ ਨੈਤਿਕ ਪੱਖ ਜ਼ਿਆਦਾ ਮਹੱਤਵਪੂਰਨ ਹੈ ਜਿਸਨੇ ਮਨੁੱਖੀ ਜੀਵਨ ਨੂੰ ਪਵਿੱਤਰ ਅਤੇ ਚੰਗਾ ਬਨਾਉਣ ਉਤੇ ਜ਼ੋਰ ਦਿੱਤਾ ਹੈ। ਬੁਧ ਮੱਤ ਅਮਲੀ ਪੱਖ ਤੋਂ ਹਿੰਦੂ ਮੱਤ ਨਾਲੋਂ ਗੁਰਮਤਿ ਦੇ ਵਧੇਰੇ ਨੇੜੇ ਜਾਪਦਾ ਹੈ। ਬੁਧ ਧਰਮ ਵਿਚ ਜਾਤ-ਪਾਤ ਦੀਆਂ ਵੰਡੀਆਂ ਨੂੰ ਤੋੜ ਕੇ ਮਨੁੱਖੀ ਏਕਤਾ, ਸਮਾਨਤਾ, ਭਰਾਤਰੀ ਭਾਵ ਤੇ ਪਰਸਪਰ ਪਿਆਰ ਦਾ ਉਪਦੇਸ਼ ਦਿੱਤਾ ਗਿਆ। ਕਰਮ-ਕਾਂਡਾਂ ਤੇ ਭੇਖਾਂ ਦੀ ਵਿਰੋਧਤਾ ਕਰਕੇ ਮਨ ਦੀ ਸਚਾਈ, ਵਿਹਾਰ ਦੀ ਸਫਾਈ ਤੇ ਲੋਕਾਈ ਨਾਲ ਭਲਾਈ ਕਰਨੀ ਤੇ ਨੇਕ ਨੀਤੀ ਨਾਲ ਵਰਤਣਾ ਸਿਖਾਉਣ ਦਾ ਯਤਨ ਕੀਤਾ ਹੈ। ਡਾ. ਸ਼ੇਰ ਸਿੰਘ ਇਸ ਵਿਚਾਰ ਦੇ ਧਾਰਨੀ ਹਨ, *"ਬੁੱਧ ਮੱਤ ਦੇ*

*ਸਿਧਾਂਤ ਗੁਰੂ ਨਾਨਕ ਸਾਹਿਬ ਤਕ ਸਿੱਧੇ ਨਹੀਂ ਪਹੁੰਚੇ ਸਨ। ਉਹ ਜਾਂ ਤਾਂ ਜੋਗੀਆਂ ਦੁਆਰਾ ਗੁਰੂ ਸਾਹਿਬ ਤਕ ਆਏ ਜਾਂ ਉਸ ਵੇਲੇ ਦੇ ਧਾਰਮਿਕ ਵਾਯੂਮੰਡਲ ਵਿਚੋਂ ਹੀ ਰਲਵੀਂ ਮਿਲਵੀਂ ਸ਼ਕਲ ਵਿਚ ਪ੍ਰਗਟੇ।"*[32] ਬਾਣੀ ਚਿੰਤਨ ਦਾ ਨੈਤਿਕ ਪੱਖ ਬੁਧ ਵਿਚਾਰਧਾਰਾ ਨਾਲ ਮੇਲ ਖਾਂਦਾ ਹੋਣ ਕਰਕੇ ਜਾਤ ਪਾਤ ਦੀਆਂ ਸੌੜੀਆਂ ਵਲਗਣਾਂ ਨੂੰ ਤਿਆਗ ਕੇ ਮਨੁੱਖਤਾ ਅੰਦਰ ਸਾਂਝੀਵਾਲਤਾ ਦਾ ਅਹਿਸਾਸ ਜਗਾਉਂਦਾ ਹੈ। ਬੇਲੋੜੀਆਂ ਰੀਤਾਂ, ਕਰਮ-ਕਾਂਡਾਂ ਦਾ ਤਿਆਗ ਕਰਕੇ ਮਨੁੱਖ ਅੰਦਰ ਨੈਤਿਕ ਗੁਣ ਪੈਦਾ ਕਰਨੇ ਜ਼ਰੂਰੀ ਹਨ। ਬੁਧ ਮਤ ਦਾ 'ਸੰਘ' ਅਤੇ ਸਿੱਖ ਧਰਮ ਵਿਚ 'ਸੰਗਤ' ਇਕੋ ਜਿਹੇ ਸੰਕਲਪ ਹਨ। ਡਾ. ਜੋਧ ਸਿੰਘ ਇਸ ਵਿਚਾਰ ਦੇ ਧਾਰਨੀ ਹਨ ਕਿ, *"ਬਾਣੀ ਚਿੰਤਨ ਦੀ ਅਜਿਹੀ ਪਿੱਠ-ਭੂਮੀ ਉਤੇ ਚਲਕੇ ਹੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਜਿੱਥੇ ਇਕ ਪਾਸੇ ਪੱਤ-ਵਿਹੀਣ ਜ਼ਿੰਦਗੀ ਨੂੰ ਮਾੜਾ ਕਿਹਾ, ਖੋਖਲੇ ਕਰਮ ਕਾਂਡਾਂ, ਵਰਣ ਵਿਵਸਥਾ ਦੇ ਬੰਧਨਾਂ ਤੋਂ ਭਾਰਤ ਵਾਸੀਆਂ ਨੂੰ ਨਿਜਾਤ ਦੁਆਈ, ਸੱਚ ਨੂੰ ਸੱਚ ਅਤੇ ਝੂਠ ਨੂੰ ਝੂਠ ਕਹਿਣ ਦੀ ਦਲੇਰੀ ਪ੍ਰਦਾਨ ਕੀਤੀ ਹੈ। ਉਥੇ ਬ੍ਰਹਮ ਗਿਆਨ ਤੋਂ ਉਪਜੀ ਸ਼ਕਤੀ ਨੂੰ ਆਮ ਲੋਕਾਂ ਦੀ ਭਲਾਈ ਹਿੱਤ ਵਰਤਣ ਲਈ ਤਿਆਰ ਰਹਿਣ ਦੀ ਪ੍ਰੇਰਨਾ ਵੀ ਦਿੱਤੀ ਹੈ।"*[33]

ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਨੇ ਹੀ ਮੀਰੀ-ਪੀਰੀ, ਭਗਤੀ-ਸ਼ਕਤੀ ਦਾ ਇਕ ਸ਼ਖਸੀਅਤ ਵਿਚ ਹੋਣ ਦਾ ਸੰਕਲਪ ਉਭਾਰਿਆ ਅਤੇ 'ਸੰਤ ਸਿਪਾਹੀ' ਰੂਪ ਵਿਚ ਇਕ ਨਵੀਂ ਸੇਧ ਦਿੱਤੀ। 'ਸ਼ਬਦ ਗੁਰੂ' ਸਿਧਾਂਤ ਨੇ ਦੇਹਧਾਰੀ ਗੁਰੂਆਂ ਦੀ ਪਰੰਪਰਾ ਤੋਂ ਉਤਪੰਨ ਹੋ ਸਕਣ ਵਾਲੀਆਂ ਸਮਸਿਆਵਾਂ ਨੂੰ ਧਿਆਨ ਵਿਚ ਰਖਿਆ।

ਉਪਰੋਕਤ ਪਿਠ-ਭੂਮੀ ਨੂੰ ਵਿਚਾਰਦਿਆਂ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਭਾਵੇਂ ਬਾਣੀ ਚਿੰਤਨ ਦੀ ਭਾਰਤੀ ਅਧਿਆਤਮਕ ਪਰੰਪਰਾਵਾਂ ਨਾਲ ਕੁਝ ਨੁਕਤਿਆਂ ਉੱਤੇ ਸਾਂਝ ਬਣਾਈ ਜਾ ਸਕਦੀ ਹੈ ਅਤੇ ਕਈ ਥਾਵਾਂ ਤੇ ਨਕਾਰਿਆ ਗਿਆ ਹੈ ਪਰੰਤੂ ਮੌਲਿਕ ਰੂਪ ਵਿੱਚ ਬਾਣੀ ਚਿੰਤਨ ਨੇ ਇਕ ਐਸੇ ਫਲਸਫੇ ਨੂੰ ਜਨਮ ਦਿੱਤਾ ਜਿਸ ਦੇ ਸੰਕਲਪ ਵਿਸ਼ਵਵਿਆਪੀ, ਦੂਰਗਾਮੀ ਅਤੇ ਵਿਲੱਖਣ ਸੋਚ ਦੇ ਧਾਰਨੀ ਸਨ।

## (ਸ) ਗੁਰਬਾਣੀ ਚਿੰਤਨ ਦੇ ਸਿਧਾਂਤਕ ਅਤੇ ਵਿਚਾਰਧਾਰਕ ਮਸਲੇ

ਆਧੁਨਿਕ ਯੁਗ ਵਿਚ ਮਨੁੱਖ ਨੇ ਪਦਾਰਥਕ ਤੌਰ ਤੇ ਖ਼ੂਬ ਪ੍ਰਗਤੀ ਕੀਤੀ ਹੋਣ ਕਰਕੇ ਗਿਆਨ ਵਿਗਿਆਨ ਦੀਆਂ ਅਨੇਕ ਲੱਭਤਾਂ ਹਾਸਲ ਕਰ ਲਈਆਂ ਹਨ। ਭਵਿੱਖ ਵਿਚ ਹੋਰ ਵੀ ਬਹੁਤ ਕੁਝ ਪ੍ਰਾਪਤ ਹੋਣ ਦੀ ਸੰਭਾਵਨਾ ਹੈ ਪਰੰਤੂ ਇਨ੍ਹਾਂ ਸਭ ਪ੍ਰਾਪਤੀਆਂ ਦੇ ਬਾਵਜੂਦ ਵੀ ਅਜੋਕਾ ਮਨੁੱਖ ਅੰਦਰੋਂ ਅਸ਼ਾਂਤ ਅਤੇ ਬੇਚੈਨ ਹੋ ਕੇ ਭਟਕ ਰਿਹਾ ਹੈ। ਇਸ ਆਧੁਨਿਕੀਕਰਨ ਦੇ ਦੌਰ ਵਿਚ

ਉਸ ਨੂੰ ਆਪਣੇ ਗੌਰਵਮਈ ਵਿਰਸੇ ਅਤੇ ਪਰੰਪਰਾਵਾਂ ਤੋਂ ਟੁੱਟ ਜਾਣ ਕਰਕੇ ਆਪਣੇ ਅੰਦਰ ਦੀ ਭਟਕਣਾ ਨੂੰ ਖਤਮ ਕਰਨ ਲਈ ਆਪਣੇ ਵਿਰਸੇ ਵਲ ਪਰਤਣਾ ਪੈਣਾ ਹੈ। ਗੁਰੂ ਗ੍ਰੰਥ ਸਾਹਿਬ ਇਕ ਐਸਾ ਅਧਿਆਤਮਕ ਗ੍ਰੰਥ ਹੈ ਜੋ ਸਾਰੇ ਸੰਸਾਰ ਨੂੰ ਅਗਵਾਈ ਦੇਣ ਲਈ ਸਮਰੱਥ ਹੈ। ਇੱਥੇ ਅਸੀਂ ਬਾਣੀ ਦੇ ਸਿਧਾਂਤਕ ਅਤੇ ਵਿਚਾਰਧਾਰਕ ਮਸਲਿਆਂ ਉੱਤੇ ਚਰਚਾ ਕਰਨ ਦੇ ਨਾਲ ਹੀ ਗੁਰੂ ਗ੍ਰੰਥ ਸਾਹਿਬ ਦੀ ਭਵਿਖ ਮੁਖੀ ਪ੍ਰਸੰਗਿਕਤਾ ਬਾਰੇ ਵਿਚਾਰ ਕਰਾਂਗੇ।

ਇਹ ਇਕ ਐਸਾ ਗ੍ਰੰਥ ਹੈ ਜਿਸ ਵਿਚ ਪ੍ਰਾਣੀ-ਮਾਤਰ ਨੂੰ ਸੰਸਾਰ ਵਿਚ ਰਹਿੰਦਿਆਂ ਉੱਤਮ ਜੀਵਨ ਜਿਉਣ ਬਾਰੇ ਅਤੇ ਇੱਕ ਚੰਗਾ ਮਨੁੱਖ ਬਨਣ ਬਾਰੇ ਅਤੇ ਇਕ ਮਨੁੱਖ ਦੇ ਤੌਰ ਤੇ ਉਸ ਨੂੰ ਮਨੁੱਖਤਾ ਪ੍ਰਤੀ ਕਰਨ ਵਾਲੇ ਕਰਤੱਵਾਂ ਬਾਰੇ ਭਰਪੂਰ ਚਾਨਣਾ ਪਾਇਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਮਨੁੱਖਤਾ ਦੇ ਭਲੇ ਲਈ ਧਾਰਮਿਕ, ਨੈਤਿਕ ਅਤੇ ਦਾਰਸ਼ਨਿਕ ਕੀਮਤਾਂ ਦਾ ਸੋਮਾ ਹੈ। ਮੱਧਕਾਲ ਦੇ ਸੁਨਹਿਰੀ ਇਤਿਹਾਸ ਵਿਚ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਅਤੇ ਸੰਪਾਦਨ ਮਨੁੱਖਤਾ ਨੂੰ ਇਕ ਇਤਿਹਾਸਕ ਦੇਣ ਹੈ। ਗੁਰੂ ਗੋਬਿੰਦ ਸਿੰਘ ਨੇ ਇਸ ਨੂੰ ਵਿਧੀ ਵੱਤ ਗੁਰਗੱਦੀ ਤੇ ਬਿਰਾਜਮਾਨ ਕੀਤਾ। ਇਸ ਤਰ੍ਹਾਂ ਪੋਥੀ ਤੋਂ ਆਦਿ ਗ੍ਰੰਥ, ਆਦਿ ਗ੍ਰੰਥ ਤੋਂ ਗੁਰੂ ਗ੍ਰੰਥ ਅਤੇ ਗੁਰੂ ਗ੍ਰੰਥ ਤੋਂ ਗੁਰੂ ਗ੍ਰੰਥ ਸਾਹਿਬ ਬਣਾ ਕੇ ਧਰਮ ਦੇ ਖੇਤਰ ਵਿਚ ਸ਼ਬਦ ਗੁਰੂ ਦੀ ਇਕ ਨਵੀਂ ਪਰੰਪਰਾ ਨੂੰ ਸਥਾਪਿਤ ਕਰ ਦਿੱਤਾ। ਇਸ ਵਿਚ ਸਿੱਖ ਗੁਰੂ ਸਾਹਿਬਾਨ ਦੀ ਬਾਣੀ ਦੇ ਨਾਲ ਨਾਲ ਬਿਨਾਂ ਕਿਸੇ ਜਾਤੀ ਵਿਤਕਰੇ, ਸਥਾਨ ਦੇ ਭਿੰਨ ਭੇਦ ਨੂੰ ਸਤਿਕਾਰ, ਆਦਰ ਤੇ ਮਾਣ ਦੇਣ ਦੇ ਯੋਗ ਸਮਝ ਕੇ ਬਰਾਬਰਤਾ ਦਾ ਸੁਨੇਹਾ ਮਨੁੱਖਤਾ ਨੂੰ ਦਿੱਤਾ। ਇਸ ਤਰ੍ਹਾਂ ਜੀਵਨ ਦੇ ਇਕ ਪਰਮ ਸੱਚ ਨੂੰ ਸਥਾਪਿਤ ਕਰਕੇ ਦਿਖਾਉਂਦੇ ਹੋਏ ਇਸ ਧਰਮ ਗ੍ਰੰਥ ਬਾਰੇ ਡਾ. ਤਾਰਨ ਸਿੰਘ ਦਾ ਵਿਚਾਰ ਹੈ:

> *ਗੁਰੂ ਗ੍ਰੰਥ ਸਾਹਿਬ ਨੂੰ ਪੰਜ ਸੌ ਸਾਲਾਂ ਸੰਸਕ੍ਰਿਤੀ ਦਾ ਆਤਮਕ ਇਤਿਹਾਸ ਮੰਨਦਿਆਂ ਇਸ ਨੂੰ ਇਕ ਸਾਂਝੇ ਸੱਭਿਆਚਾਰਕ ਅਤੇ ਸਮਾਜਕ ਇਤਿਹਾਸ ਦਾ ਦਸਤਾਵੇਜ਼ ਮੰਨਿਆ ਜਾਂਦਾ ਹੈ।* [34]

ਗੁਰੂ ਗ੍ਰੰਥ ਸਾਹਿਬ ਨੇ ਧਰਮ ਦੀ ਏਕਤਾ ਦਾ ਮਹਾਨ ਸੁਨੇਹਾ ਦੇ ਕੇ ਸਭ ਧਰਮਾਂ ਨੂੰ ਸਮਾਨ ਆਦਰ ਤੇ ਸਤਿਕਾਰ ਦੇਣ ਦੀ ਅਨੋਖੀ ਜਾਚ ਸਿਖਾ ਕੇ ਧਰਮ ਦੇ ਅਸਲ ਮਨੋਰਥ ਰਾਹੀਂ ਮਨੁੱਖਤਾ ਨੂੰ ਇੱਕ ਲੜੀ ਵਿੱਚ ਪਰੋਣ ਦਾ ਵਿਲੱਖਣ ਕਾਰਜ ਕੀਤਾ। ਡਾ. ਜਸਬੀਰ ਸਿੰਘ ਸਾਬਰ ਅਨੁਸਾਰ:

> *ਸੰਸਾਰ ਦੇ ਧਰਮ ਖੇਤਰ ਵਿਚ ਇਹ ਪਹਿਲਾ ਧਰਮ ਹੈ ਜਿਸ ਵਿਚ ਸਮਸਤ ਮਾਨਵ ਸੰਸਾਰ ਦੀ ਸੰਸਕ੍ਰਿਤੀ, ਭਾਰਤ ਦੀਆਂ ਚਹੁੰ ਦਿਸ਼ਾਵਾਂ, ਉਚ ਨੀਚ ਸਮਝੀਆਂ ਜਾਂਦੀਆਂ ਜਾਤੀਆਂ ਨਾਲ ਸਬੰਧਤ ਬਾਣੀਕਾਰਾਂ ਦੇ ਬੋਲ,*

*ਵਿਭਿੰਨ ਬੋਲੀਆਂ ਵਿਚ ਪ੍ਰਾਪਤ ਹੁੰਦੇ ਹਨ। ਵਿਸ਼ੇਸ਼ਤਾ ਇਹ ਹੈ ਕਿ ਧਰਮ ਖੇਤਰ ਵਿਚ ਇਨ੍ਹਾਂ ਸਾਰੇ 36 ਬਾਣੀਕਾਰਾਂ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ' ਜੀ ਦੇ ਸੰਦਰਭ ਵਿਚ ਇਕ ਸਮਾਨ ਸਤਿਕਾਰ ਦਿੱਤਾ ਜਾਂਦਾ ਹੈ।* [35]

ਗੁਰਬਾਣੀ ਚਿੰਤਨ ਦੇ ਸਿਧਾਂਤਕ/ਵਿਚਾਰਧਾਰਕ ਮਸਲੇ ਬਾਣੀ ਵਿਚ ਵਰਣਿਤ ਇਤਿਹਾਸਕ ਘਟਨਾਵਾਂ ਦੇ ਆਧਾਰ 'ਤੇ ਆਪਣੀ ਹੋਂਦ ਸਪਸ਼ਟ ਬਣਾਉਂਦੇ ਨਜ਼ਰ ਆਉਂਦੇ ਹਨ। ਇਸ ਸੰਦਰਭ ਵਿਚ ਅਸੀਂ ਬਾਣੀ ਚਿੰਤਨ ਵਿਚ ਵਿਭਿੰਨ ਇਤਿਹਾਸਕ ਘਟਨਾਵਾਂ ਦੇ ਹਵਾਲੇ ਜਿਉਂ ਦੇ ਤਿਉਂ ਵੇਖ ਸਕਦੇ ਹਾਂ। ਗੁਰੂ ਗ੍ਰੰਥ ਸਾਹਿਬ ਵਿਚ ਪ੍ਰਸਤੁਤ ਇਤਿਹਾਸਕ ਪ੍ਰਮਾਣਾਂ ਨੂੰ ਵਧੇਰੇ ਪ੍ਰਮਾਣਿਕ ਮੰਨਿਆ ਜਾਂਦਾ ਹੈ ਕਿਉਂਕਿ ਇਹ ਸਮੁੱਚੇ ਪੰਜਾਬ, ਗੁਰੂ ਇਤਿਹਾਸ ਅਤੇ ਸਿੱਖ ਇਤਿਹਾਸ ਬਾਰੇ ਜਾਣਕਾਰੀ ਦਾ ਪ੍ਰਮਾਣਿਕ ਸਰੋਤ ਹੈ। ਬਾਣੀਕਾਰਾਂ ਦੀਆਂ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਰਹਿ ਚੁੱਕੀਆਂ ਬਾਣੀਆਂ ਦੀ ਪ੍ਰਮਾਣਿਕਤਾ ਉਤੇ ਪ੍ਰਸ਼ਨ ਉੱਠਦਾ ਹੈ। ਡਾ. ਜਸਵਿੰਦਰ ਕੌਰ ਢਿਲੋਂ ਨੇ ਗੁਰੂ ਗ੍ਰੰਥ ਸਾਹਿਬ ਨਾਲ ਸੰਬੰਧਿਤ ਇਤਿਹਾਸਕ ਪੱਖਾਂ ਦੀ ਘੋਖ ਨੂੰ ਧਾਰਮਿਕ ਇਤਿਹਾਸ, ਸਮਾਜਿਕ ਇਤਿਹਾਸ, ਰਾਜਨੀਤਕ ਇਤਿਹਾਸ ਅਤੇ ਸਿੱਖ ਇਤਿਹਾਸ ਦੇ ਵਰਗਾਂ ਵਿਚ ਵੰਡਿਆ ਹੈ।[36] ਪਰੰਤੂ ਅਸੀਂ ਆਪਣੇ ਅਧਿਐਨ ਨੂੰ ਸਿਧਾਂਤਕ ਅਤੇ ਵਿਚਾਰਧਾਰਕ ਮਸਲਿਆਂ ਤਕ ਸੀਮਤ ਰੱਖਾਂਗੇ।

ਗੁਰੂ ਗ੍ਰੰਥ ਸਾਹਿਬ ਵਿਚਲੀ ਮਾਨਵੀ ਸਰੋਕਾਰਾਂ ਦੀ ਪੇਸ਼ਕਾਰੀ ਅਧਿਆਤਮਕਤਾ ਦੇ ਮੁਹਾਵਰੇ ਵਿਚ ਕੀਤੀ ਗਈ ਹੈ। ਇਸ ਵਿਚਲੇ ਬਾਣੀਕਾਰ ਮਨੁੱਖੀ ਜੀਵਨ ਅਤੇ ਜਗਤ ਬਾਰੇ ਆਪਣੇ ਅਧਿਆਤਮਕ ਵਿਚਾਰਾਂ ਨੂੰ ਇਸ ਤਰ੍ਹਾਂ ਪ੍ਰਗਟ ਕਰਦੇ ਹਨ ਕਿ ਕਿਧਰੇ ਵੀ ਭਾਸ਼ਾ, ਸਥਾਨ ਅਤੇ ਸਮਾਜ ਸਭਿਆਚਾਰ ਦੀ ਹੋਂਦ ਹੀ ਨਹੀਂ ਰਹਿ ਜਾਂਦੀ। ਇਸ ਦਾ ਸਮੁੱਚਾ ਪ੍ਰਵਚਨ ਲੌਕਿਕਤਾ ਨੂੰ ਪਾਰ ਲੌਕਿਕਤਾ ਦੇ ਮੁਹਾਵਰੇ ਵਿਚ ਪੇਸ਼ ਕੀਤਿਆਂ ਸਿਧਾਂਤਕ ਅਤੇ ਵਿਚਾਰਧਾਰਕ ਮਸਲਿਆਂ ਨੂੰ ਨਜਿੱਠਣ ਦਾ ਕੰਮ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸਰਬ ਸਾਂਝੀਵਾਲਤਾ ਦਾ ਸੰਦੇਸ਼ ਸਮੋਇਆ ਹੋਇਆ ਹੈ। ਪਰਮਾਤਮਾ ਦੀ ਇਕ ਅਟੱਲ ਹਸਤੀ ਵਿਚ ਦ੍ਰਿੜ ਵਿਸ਼ਵਾਸ ਰੱਖ ਕੇ ਸਾਰੀ ਮਨੁੱਖਤਾ ਇਸੇ ਇਕ ਜੋਤਿ ਤੋਂ ਸਿਰਜੀ ਗਈ ਮੰਨੀ ਜਾਂਦੀ ਹੈ। ਸਾਰੇ ਇਨਸਾਨਾਂ ਵਿੱਚ ਉਸ ਪਰਮਾਤਮਾ ਦਾ ਨੂਰ ਸਮਾਇਆ ਹੋਣ ਕਰਕੇ ਕੋਈ ਵੀ ਕੋਈ ਵੀ ਛੋਟਾ-ਵੱਡਾ, ਉੱਚਾ-ਨੀਵਾਂ, ਗਰੀਬ-ਅਮੀਰ ਤੇ ਸਵਰਨ-ਸ਼ੂਦਰ ਨਹੀਂ ਹੋ ਸਕਦਾ। ਇਹ ਇਕ ਕ੍ਰਾਂਤੀਕਾਰੀ ਸੰਦੇਸ਼ ਹੈ ਜੋ ਸਮਾਜ ਵਿਚ ਫੈਲੇ ਵਿਤਕਰਿਆਂ ਦੇ ਖਿਲਾਫ਼ ਜਾਤ ਦੀ ਥਾਂ ਜੋਤਿ ਨੂੰ ਸਵੀਕਾਰ ਕਰਦਾ ਹੈ:

*ਸਭ ਮਹਿ ਜੋਤਿ ਜੋਤਿ ਹੈ ਸੋਇ॥*
*ਤਿਸਕੈ ਚਾਨਣਿ ਸਭਿ ਮਹਿ ਚਾਨਣੁ ਹੋਇ॥* ਪੰਨਾ ੬੬੩

ਗੁਰਬਾਣੀ ਸਮਾਜ ਵਿਚ ਧਰਮ ਦੇ ਨਾਂ ਉੱਤੇ ਪਏ ਬਖੇੜਿਆਂ ਦਾ ਜ਼ੋਰਦਾਰ ਖੰਡਨ ਕਰਦੀ ਹੈ। ਲੋਕ ਸੰਕੀਰਨ ਰੁਚੀਆਂ ਕਾਰਨ ਸੰਪਰਦਾਇਕਤਾ ਫੈਲਾਉਂਦੇ ਹਨ ਪਰੰਤੂ ਧਰਮ ਦਾ ਭਾਵ ਸਚ ਦੀ ਖੋਜ ਲਈ ਸ਼ੁਭ ਕਰਮ ਕਰਨੇ ਅਤਿ ਜ਼ਰੂਰੀ ਹਨ। ਇਸ ਲਈ ਸੁਆਰਥੀ ਤੇ ਕਰਮ-ਕਾਂਡੀ ਲੋਕ ਆਪਣੀਆਂ ਕੁਹਜੀਆਂ ਚਾਲਾਂ ਨਾਲ ਧਰਮ ਦੀ ਅਸਲ ਭਾਵਨਾ ਭੁਲਾ ਬੈਠੇ ਹਨ। ਸੱਚ ਦੀ ਪ੍ਰਾਪਤੀ ਲਈ ਸਾਰੇ ਧਰਮ ਹੀ ਬਰਾਬਰ ਹਨ:

*ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥*

*ਜਿਤੁ ਦੁਆਰੈ ਉਬਰੈ ਤਿਤੈ ਲੇਹੁ ਉਬਾਰਿ॥* ਪੰਨਾ ੮੫੩

ਗੁਰਬਾਣੀ ਚਿੰਤਨ ਸਭ ਧਰਮਾਂ ਦਾ ਸਤਿਕਾਰ ਕਰਨਾ ਸਿਖਾਉਂਦੀ ਹੈ। ਕਿਸੇ ਦੂਸਰੇ ਦੇ ਧਰਮ ਦੀ ਰਖਿਆ ਖਾਤਰ ਕੁਰਬਾਨੀ ਦੇਣ ਤੋਂ ਵੀ ਪਿਛੇ ਨਹੀਂ ਹਟਣ ਦਿੰਦੀ। ਨੌਵੇਂ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਧਾਰਮਿਕ ਸਹਿਣਸ਼ੀਲਤਾ ਦੀ ਉਦਾਹਰਣ ਇਸ ਵਿਚਾਰਧਾਰਾ ਦਾ ਪ੍ਰਤੱਖ ਪ੍ਰਮਾਣ ਹੈ। ਇਥੇ ਜਨਮ ਤੋਂ ਗੁੜ੍ਹਤੀ ਮਿਲ ਜਾਂਦੀ ਹੈ ਕਿ ਧਰਮ ਦੇ ਨਾਂ ਤੇ ਕਿਸੇ ਨਾਲ ਵੈਰ ਵਿਰੋਧ ਨਹੀਂ ਕਮਾਉਣਾ। ਭਾਈ ਘਨਈਆ ਦੀ ਸੇਵਾ ਵਰਗੀ ਮਿਸਾਲ ਕਿਧਰੇ ਹੋਰ ਨਹੀਂ ਮਿਲਦੀ। ਉਨ੍ਹਾਂ ਨੇ ਇਸ ਤੱਥ ਨੂੰ ਸਚ ਕਰਕੇ ਦਿਖਾਇਆ:

*ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥* ਪੰਨਾ ੧੨੯੯

ਮਾਨਵਤਾ ਹੋਂਦ ਵਿਚ ਆਉਣ ਉਪਰੰਤ ਅਮੀਰ ਗਰੀਬ, ਮਾਲਕ ਗੁਲਾਮ, ਨਿਤਾਣਾ ਸਮਰੱਥ, ਊਚ ਨੀਚ, ਜਾਤ ਜਨਮ, ਨਸਲ ਦੇ ਵਿਤਕਰਿਆਂ ਵਿਚਲੀ ਵੰਡ ਨੂੰ ਆਧਾਰ ਬਣਾ ਲੈਂਦੀ ਹੈ ਪਰ ਇਸ ਵੰਡ ਦੀ ਨਿਰਾਰਥਕਤਾ ਨੂੰ ਭਗਤ ਕਬੀਰ ਬੜੇ ਵਿਅੰਗਾਤਮਕ ਢੰਗ ਨਾਲ ਬਿਆਨ ਕਰਦੇ ਹਨ:

*ਗਰਭ ਵਾਸ ਮਹਿ ਕੁਲੁ ਨਹੀ ਜਾਤੀ॥*

*ਬ੍ਰਹਮ ਬਿੰਦੁ ਤੇ ਸਭ ਉਤਪਾਤੀ॥*

*ਕਹੁ ਰੇ ਪੰਡਿਤ ਬਾਮਨ ਕਬ ਕੇ ਹੋਇ॥*

*ਬਾਮਨ ਕਹਿ ਕਹਿ ਜਨਮੁ ਮਤ ਖੋਏ॥* ਪੰਨਾ ੩੨੪

ਗੁਰੂ ਗ੍ਰੰਥ ਸਾਹਿਬ ਵਿਚ ਮਨੁੱਖ ਨੂੰ ਮਨੁੱਖ ਦੇ ਰੂਪ ਵਿਚ ਚਿਤਰਨ ਦਾ ਯਤਨ ਕੀਤਾ ਗਿਆ ਹੈ। ਮਨੁੱਖ ਅੰਦਰ ਚੰਗੀਆਂ ਅਤੇ ਮੰਦੀਆਂ ਪ੍ਰਵਿਰਤੀਆਂ ਦਾ ਜ਼ਿਕਰ ਗੁਰੂ ਅਰਜਨ ਦੇਵ ਦੇ ਹੇਠ ਲਿਖੇ ਪ੍ਰਵਚਨ ਵਿਚ ਵਾਚਿਆ ਜਾ ਸਕਦਾ ਹੈ:

*ਕਿਰਪਾ ਕਰਹੁ ਦੀਨ ਕੇ ਦਾਤੇ ਮੇਰਾ ਗੁਣ ਅਵਗੁਣ ਨ ਬੀਚਾਰਹੁ ਕੋਈ॥*

*ਮਾਟੀ ਕਾ ਕਿਆ ਧੋਪੈ ਸੁਆਮੀ ਮਾਣਸ ਕੀ ਗਤਿ ਏਹੀ॥* ਪੰਨਾ ੮੮੨

ਜੀਵਨ ਦੇ ਉਦੇਸ਼ ਦੀ ਪ੍ਰਾਪਤੀ ਲਈ ਜੰਗਲਾਂ ਵਿਚ ਭਟਕਣ ਦੀ ਲੋੜ ਨਹੀਂ ਸਗੋਂ ਇਸ ਗ੍ਰਹਿਸਥ ਅੰਦਰ ਰਹਿ ਕੇ ਮਨੋਰਥ ਨੂੰ ਪੂਰਿਆ ਜਾ ਸਕਦਾ ਹੈ। ਗ੍ਰਹਿਸਥ ਸਰਬ-ਸ੍ਰੇਸ਼ਟ ਜੀਵਨ ਜੁਗਤਿ ਹੈ। ਇਸ ਲਈ ਸ੍ਰਿਸ਼ਟੀ ਨੂੰ 'ਧਰਮਸਾਲ' ਅਰਥਾਤ ਸਚੇ ਕਰਮ ਕਰਨ ਦਾ ਸਥਾਨ ਆਖਿਆ ਗਿਆ ਹੈ:

*ਰਾਤੀ ਰੁਤੀ ਥਿਤੀ ਵਾਰ॥*
*ਪਵਣ ਪਾਣੀ ਅਗਨੀ ਪਤਾਲ॥*
*ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ॥* ਪੰਨਾ ੭

ਅਜੋਕੇ ਸਾਹਿਤ ਚਿੰਤਨ ਵਿੱਚ ਇਹ ਪ੍ਰਤੱਖ ਨਜ਼ਰ ਆਉਂਦਾ ਹੈ ਕਿ ਕਿਸੇ ਵੀ ਅਧਿਐਨ ਵਸਤੂ ਨੂੰ ਵੱਖੋ ਵੱਖਰੇ ਸੰਦਰਭਾਂ ਵਿਚ ਵਾਚਿਆਂ ਕਈ ਵਿਲੱਖਣ ਸਿੱਟੇ ਨਿਕਲਦੇ ਹਨ। ਇਸ ਲਈ ਦਿਸਦੇ ਪਾਠ ਦੀ ਤਹਿ ਹੇਠਾਂ ਬਹੁਤ ਕੁਝ ਅਣਕਿਹਾ ਹੁੰਦਾ ਹੈ। ਅਜੋਕੇ ਗਿਆਨ ਸ਼ਾਸ਼ਤਰਾਂ ਦੀ ਸਹਾਇਤਾ ਨਾਲ ਅਜਿਹੇ ਅਰਥ ਲੱਭੇ ਜਾ ਰਹੇ ਹਨ। ਊਚ-ਨੀਚ ਅਤੇ ਜਾਤ-ਪਾਤ ਦੇ ਸ਼ਿਕਾਰ ਭਗਤ ਨਾਮਦੇਵ ਨੂੰ ਮੰਦਰ ਵਿਚੋਂ ਬਾਹਰ ਕੱਢ ਦਿੱਤਾ ਗਿਆ। ਉਸਦੇ ਮੰਦਰ ਦੇ ਬਾਹਰ ਬੈਠਕੇ ਉਚਾਰੇ ਇਸ ਸ਼ਬਦ ਦਾ ਬਿਆਨ ਅਤਿਅੰਤ ਜਰੂਰੀ ਹੈ:

*ਹਸਤ ਖੇਲਤ ਤੇਰੇ ਦੇਹੁਰੇ ਆਇਆ॥*
*ਭਗਤਿ ਕਰਤ ਨਾਮਾ ਪਕਰਿ ਉਠਾਇਆ॥*
*ਹੀਨੜੀ ਜਾਤਿ ਮੇਰੀ ਜਾਦਿਮ ਰਾਇਆ॥*
*ਛੀਪੇ ਕੇ ਜਨਮਿ ਕਾਹੇ ਕਉ ਆਇਆ॥ ੧॥ ਰਹਾਉ॥*
*ਲੈ ਕਮਲੀ ਚਲਿਓ ਪਲਟਾਇ॥*
*ਦੇਹੁਰੈ ਪਾਛੈ ਬੈਠਾ ਜਾਇ॥*
*ਜਿਉ ਜਿਉ ਨਾਮਾ ਹਰਿ ਗੁਣ ਉਚਰੈ॥*
*ਭਗਤ ਜਨਾਂ ਕਉ ਦੇਹੁਰਾ ਫਿਰੈ॥* ਪੰਨਾ ੧੧੬੪

ਇਥੇ ਸ਼ਬਦ ਵਿਚ 'ਦੇਹੁਰਾ' ਮੰਦਰ ਵਾਸਤੇ ਨਹੀਂ, ਮਨੁੱਖੀ ਸਰੀਰ ਲਈ ਵਰਤਿਆ ਹੈ। ਦੇਹ ਦਾ ਅਰਥ ਲੇਪ ਹੈ। ਇਹ ਸਰੀਰ ਰੁਪੀ ਲੇਪ ਸਾਡੀ ਜੀਵਾਤਮਾ ਉਤੇ ਪਿਆ ਹੁੰਦਾ ਹੈ। ਗਿਆਨ ਤੇ ਭਗਤੀ ਦੁਆਰਾ ਇਸ ਲੇਪ ਨੂੰ ਦੂਰ ਕਰਕੇ ਅੰਤਰਗਤ ਨੂੰ ਪ੍ਰਕਾਸ਼ ਕਰਨਾ ਹੁੰਦਾ ਹੈ। ਜਦੋਂ ਅੰਦਰੋਂ ਗਿਆਨ ਪ੍ਰਾਪਤ ਹੋ ਜਾਵੇ ਤਾਂ ਅੰਤਰਗਤ ਪ੍ਰੀਵਰਤਨ ਹੋ ਜਾਂਦਾ ਹੈ, ਇਸੇ ਨੂੰ 'ਦੇਹੁਰਾ ਫਿਰਨਾ' ਕਿਹਾ ਜਾਂਦਾ ਹੈ।

ਅੱਜ ਜਦੋਂ ਏਡਜ਼ ਵਰਗੀਆਂ ਭਿਆਨਕ ਬਿਮਾਰੀਆਂ ਨੇ ਸਮੁੱਚੇ ਸਮਾਜ ਨੂੰ ਆਪਣੇ ਕਲਾਵੇ ਵਿਚ ਲਿਆ ਹੋਇਆ ਹੈ। ਗੁਰਬਾਣੀ ਚਿੰਤਨ ਅਨੁਸਾਰ ਆਪਣਾ ਜੀਵਨ ਢਾਲ ਕੇ ਜਿੱਥੇ ਇਹੋ ਜਿਹੀਆਂ ਨਾਮੁਰਾਦ ਅਲਾਮਤਾਂ ਤੋਂ ਛੁੱਟਣ ਦਾ ਰਾਹ ਦੱਸਿਆ ਗਿਆ ਹੈ ਉੱਥੇ ਸਰੀਰ ਦੀ ਸਫਾਈ ਅਤੇ ਪਵਿੱਤਰਤਾ ਤੇ ਜ਼ੋਰ ਦਿੱਤਾ ਗਿਆ ਹੈ। ਗੁਰਬਾਣੀ ਵਿਚ ਇਸ ਬਾਰੇ ਸੁਝਾਅ ਦਿੱਤਾ ਗਿਆ ਹੈ:

*ਕਾਮੁ ਕ੍ਰੋਧੁ ਕਾਇਆ ਕਉ ਗਾਲੈ॥*

*ਜਿਉ ਕੰਚਨ ਸੋਹਾਗਾ ਢਾਲੈ॥* ਪੰਨਾ ੯੩੨

ਗੁਰੂ ਗ੍ਰੰਥ ਸਾਹਿਬ ਵਿਚ ਕਿਰਤ ਕਰਨ, ਵੰਡ ਛਕਣ ਤੇ ਨਾਮ ਜਪਣ ਉਤੇ ਬਲ ਦਿੱਤਾ ਗਿਆ ਹੈ। ਕਿਰਤ ਨਾ ਕਰਨ ਵਾਲਾ ਦੂਸਰਿਆਂ ਦੇ ਆਸਰੇ ਨਿਰਭਰ ਕਰੇਗਾ, ਮੰਗ ਕੇ ਖਾਵੇਗਾ ਜਾਂ ਫਿਰ ਦੂਜਿਆਂ ਦੇ ਪੈਸੇ ਤੇ ਨਜ਼ਰ ਰੱਖੇਗਾ। ਜਿਸ ਕਰਕੇ ਸਮਾਜ ਵਿਚ ਚੋਰੀਆਂ, ਡਾਕੇ, ਲੁੱਟਾਂ ਤੇ ਖੋਹਾਂ ਵਿਚ ਵਾਧਾ ਹੋਵੇਗਾ। ਬਾਣੀ ਵਿਚ ਮਜ਼ਲੂਮਾਂ ਅਤੇ ਗਰੀਬਾਂ ਦੀਆਂ ਜੇਬਾਂ ਕਟ ਕੇ ਆਪਣੀਆਂ ਤਿਜੌਰੀਆਂ ਭਰਨ ਵਾਲਿਆਂ ਨੂੰ ਵੰਗਾਰ ਕੇ ਕਿਹਾ ਗਿਆ ਹੈ:

*ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥*

*ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥* ਪੰਨਾ ੧੪੧

ਬਾਣੀ ਹੱਕ ਹਲਾਲ ਦੀ ਕਮਾਈ ਕਰਨ ਉੱਤੇ ਜ਼ੋਰ ਦੇ ਕੇ, ਸੁਕ੍ਰਿਤ ਕਰਨ ਦਾ ਸੰਦੇਸ਼ ਦੇ ਕੇ ਆਪਣੀਆਂ ਨਿੱਜੀ ਲੋੜਾਂ ਦੀ ਪੂਰਤੀ ਉਪਰੰਤ ਆਪਣੀ ਇਸ ਨੇਕ ਕਮਾਈ ਵਿਚੋਂ ਵੰਡ ਕੇ ਖਾਣ ਦਾ ਵੀ ਆਦੇਸ਼ ਦਿੰਦੀ ਹੈ। ਗਰੀਬ ਗੁਰਬੇ, ਭੁੱਖੇ, ਲੋੜਵੰਦ, ਦੀਨ ਦੁਖੀ ਦੀ ਸਹਾਇਤਾ ਕਰਨੀ ਚਾਹੀਦੀ ਹੈ ਕਿਉਂਕਿ ਲੋੜ ਤੋਂ ਵੱਧ ਧਨ ਜਮ੍ਹਾਂ ਕਰਨ ਨਾਲ ਸੁਆਰਥ ਅਤੇ ਕਬਜ਼ੇ ਦੀ ਭਾਵਨਾ ਪ੍ਰਫੁੱਲਿਤ ਹੋਣ ਨਾਲ ਅਨੇਕਾਂ ਹੋਰ ਬੁਰਾਈਆਂ ਸਿਰ ਚੁਕ ਲੈਂਦੀਆਂ ਹਨ। ਜੇ ਆਪਣੀਆਂ ਲੋੜਾਂ ਤੋਂ ਵਧ ਧਨ ਨੂੰ ਗਰੀਬਾਂ ਜਾਂ ਲੋੜਵੰਦਾਂ ਵਿਚ ਵੰਡ ਦਿੱਤਾ ਜਾਵੇ ਤਾਂ ਆਰਥਿਕਤਾ ਦੀ ਢਿੱਲੀ ਚੂਲ ਸਿੱਧੀ ਹੋ ਸਕਦੀ ਹੈ। ਗੁਰੂ ਸਾਹਿਬਾਨ ਦੁਆਰਾ 'ਦਸਵੰਧ' ਕੱਢਣਾ ਪਰਉਪਕਾਰ ਵਰਗੀਆਂ ਪਿਰਤਾਂ ਰਾਹੀਂ ਅਜਿਹੀਆਂ ਭਾਵਨਾਵਾਂ ਦਾ ਸੰਚਾਰ ਕਰਨਾ ਹੈ:

*ਘਾਲਿ ਖਾਇ ਕਿਛੁ ਹਥਹੁ ਦੇਇ॥*

*ਨਾਨਕ ਰਾਹੁ ਪਛਾਣਹਿ ਸੇਇ॥* ਪੰਨਾ ੧੨੪੫

ਜਿਥੇ ਬਾਣੀ ਸੱਚੀ ਸੁੱਚੀ ਕਮਾਈ ਵਿਚੋਂ ਵੰਡ ਕੇ ਖਾਣ ਉਤੇ ਜ਼ੋਰ ਦਿੰਦੀ ਹੈ, ਉਥੇ ਨਾਲ ਹੀ ਮਨੁੱਖ ਨੂੰ ਪਰਾਈ ਪੀੜ ਨੂੰ ਨਿੱਜ ਪੀੜ ਸਮਝ ਕੇ ਹੰਕਾਰੀ ਹੋਣ ਤੋਂ ਬਚਣ ਲਈ ਨਾਮ ਜਪਣ ਦਾ ਆਦੇਸ਼ ਦਿੰਦੀ ਹੈ। ਆਦਿ ਕਾਲ ਤੋਂ ਮਨੁੱਖ ਅੰਦਰ ਪੰਜ ਵਿਕਾਰਾਂ ਨੇ ਗਲਬਾ ਪਾਇਆ ਹੈ ਪਰੰਤੂ

ਹਉਮੈ ਵਰਗੇ ਵਿਕਾਰਾਂ ਨੂੰ ਅੰਦਰੋਂ ਬਾਹਰ ਕੱਢ ਕੇ ਪਰਮਾਤਮਾ ਦੀ ਸ਼ਰਨ ਵਿਚ ਪਿਆਂ ਮੁਕਤੀ ਪ੍ਰਾਪਤ ਹੋ ਸਕਦੀ ਹੈ:

*ਮੈ ਨਾਹੀ ਕਛੁ ਹਉ ਨਾਹੀ ਕਿਛੁ ਆਹਿ ਨ ਮੋਰਾ॥*

*ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ॥* ਪੰਨਾ ੮੫੮

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਉੱਦਮ ਨਾਲ ਕੀਤੀ ਘਾਲ ਕਮਾਈ ਕਰਕੇ ਉਤਪਾਦਨ ਦੀ ਬਹੁਲਤਾ ਨਾਲ ਸਮਾਜ ਨੂੰ ਪ੍ਰਫੁਲਿਤ ਕਰਨ ਤੇ ਜ਼ੋਰ ਦਿੱਤਾ ਗਿਆ ਹੈ। ਗੁਰਬਾਣੀ ਚਿੰਤਨ ਭਗਤੀ ਅਤੇ ਕਿਰਤ ਦਾ ਸੁਚੱਜਾ ਸੁਮੇਲ ਹੈ ਅਤੇ ਜਿਸ ਕਰਕੇ ਕਰਮਸ਼ੀਲਤਾ ਦੇ ਸਿਧਾਂਤ ਨੂੰ ਪ੍ਰਮੁੱਖ ਮੰਨ ਕੇ ਮਨੁੱਖ ਨੂੰ ਮਿਹਨਤ ਕਰਕੇ ਉੱਦਮ ਨਾਲ ਕਰਮ ਕਰਦੇ ਰਹਿਣ ਉਪਰੰਤ ਪਰਮਾਤਮਾ ਤੱਕ ਪੁੱਜਣ ਦਾ ਰਾਹ ਸੁਝਾਇਆ ਗਿਆ ਹੈ। ਗੁਰਬਾਣੀ ਦੀਆਂ ਨਿਮਨ ਅੰਕਿਤ ਤੁਕਾਂ ਇਸ ਤੱਥ ਦੀ ਪ੍ਰੋੜਤਾ ਕਰਦੀਆਂ ਹਨ:

*ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥*

*ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥* ਪੰਨਾ ੫੨੨

ਭਗਤ ਬਾਣੀ ਵਿਚ ਸਮਾਜ ਵਿਚ ਰਹਿੰਦਿਆਂ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਪਰਮਾਤਮਾ ਪਾਸੋਂ ਦਾਲ ਰੋਟੀ, ਪਹਿਨਣ ਲਈ ਕਪੜੇ ਆਦਿ ਦੀ ਮੰਗ ਕੀਤੀ ਗਈ ਹੈ ਪਰ ਲੋੜ ਤੋਂ ਵੱਧ ਲਾਲਚ ਕਰਨਾ ਅਸ਼ੁਭ ਮੰਨਿਆ ਗਿਆ ਹੈ। ਅਨੈਤਿਕ ਢੰਗ ਨਾਲ ਇਕੱਤਰ ਕੀਤੀ ਮਾਇਆ ਨਖਿੱਧ ਹੈ ਕਿਉਂਕਿ ਮਾਇਆ ਨੇ ਅੰਤ ਵੇਲੇ ਨਾਲ ਨਹੀਂ ਜਾਣਾ। ਬਾਣੀ ਸੁਚੇਤ ਕਰਦੀ ਹੈ:

*ਬਹੁ ਪਰਪੰਚ ਕਰਿ ਪਰ ਧਨੁ ਲਿਆਵੈ॥*

*ਸੁਤ ਦਾਰਾ ਪਹਿ ਆਨਿ ਲੁਟਾਵੈ॥*

*ਮਨ ਮੇਰੇ ਭੂਲੇ ਕਪਟੁ ਨ ਕੀਜੈ॥*

*ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ॥* ਪੰਨਾ ੬੫੬

ਜਿੱਥੇ ਇਨਸਾਨ ਨੂੰ ਵਧੀਆ ਜੀਵਨ ਜਿਉਣ ਲਈ ਸਬਰ, ਸਿਦਕ ਅਤੇ ਸੰਤੋਖ ਵਰਗੇ ਗੁਣਾਂ ਨੂੰ ਅਪਨਾਉਣ ਨਾਲ ਮਨ ਸ਼ਾਂਤ ਹੁੰਦਾ ਹੈ ਉਥੇ ਆਪਣੇ ਉਤਮ ਜੀਵਨ ਰਾਹੀਂ ਸਮਾਜ ਦੀ ਸਹੀ ਅਗਵਾਈ ਵੀ ਕਰ ਸਕਦਾ ਹੈ। ਬਾਣੀ ਰਾਹੀਂ ਖਾਣ, ਪੀਣ, ਪਹਿਨਣ ਤੇ ਸੰਜਮ ਵਰਤਣ ਤੇ ਜ਼ੋਰ ਦਿੱਤਾ ਗਿਆ ਹੈ। ਇਸ ਲਈ ਲੋੜ ਅਨੁਸਾਰ ਖਾਧਾ, ਪੀਤਾ, ਪਹਿਨਿਆ ਅਤੇ ਸੌਣਾ ਹੀ ਪ੍ਰਵਾਨ ਹੈ:

- *ਬਾਬਾ ਹੋਰੁ ਖਾਣਾ ਖੁਸੀ ਖੁਆਰੁ॥*
  *ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥*

- *ਬਾਬਾ ਹੋਰੁ ਪੈਨਣੁ ਖੁਸੀ ਖੁਆਰੁ॥*

  *ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥*

- *ਬਾਬਾ ਹੋਰੁ ਸਉਣਾ ਖੁਸੀ ਖੁਆਰੁ॥*

  *ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥* ਪੰਨਾ ੧੭੧

ਇਕ ਆਦਰਸ਼ਕ ਮਾਨਵ ਆਪਣੇ ਅੰਦਰ ਦੀਆਂ ਵਲਗਣਾਂ ਤੋਂ ਮੁਕਤ ਹੋ ਕੇ ਸਮੁੱਚੀ ਮਨੁੱਖਤਾ ਦੇ ਭਲੇ ਲਈ ਕਰਮ ਕਰਦਾ ਹੈ ਤਾਂ ਉਹ 'ਸੇਵਾ' ਹੈ। ਜਦੋਂ ਵਿਅਕਤੀਵਾਦੀ ਰੁਚੀਆਂ ਪਾਸੇ ਹੋ ਜਾਣ ਤਾਂ ਪਰਉਪਕਾਰ ਦੀ ਭਾਵਨਾ ਘਰ ਕਰ ਜਾਂਦੀ ਹੈ ਅਤੇ ਇਸ ਕਰਕੇ 'ਸੇਵਾ' ਦੀ ਮਹੱਤਤਾ ਦਾ ਜ਼ਿਕਰ ਅਨੇਕਾਂ ਵਾਰ ਆਇਆ ਹੈ। 'ਗੁਰਮੁਖ' ਜਾਂ 'ਸਚਿਆਰਾ' ਮਨੁੱਖ ਸਮਾਜ ਦੇ ਹਰ ਖੇਤਰ ਵਿੱਚ ਕੰਮ ਆਉਣ ਦੀ ਚਾਹਨਾ ਕਰਕੇ ਆਪਣੀ ਸੇਵਾ ਰਾਹੀਂ ਕੁਝ ਕਰਨਾ ਚਾਹੁੰਦਾ ਹੈ। ਤਨ, ਮਨ, ਧਨ ਦੀ ਸੇਵਾ ਦੇ ਨਾਲ ਨਾਲ ਉਹ ਮੁਫਤ ਵਿਦਿਆ ਦੇ ਕੇ ਇਕ ਤਰ੍ਹਾਂ ਨਾਲ ਗਿਆਨ ਦੀ ਸੇਵਾ ਕਰਦਾ ਹੈ:

*ਵਿਦਿਆ ਵੀਚਾਰੀ ਤਾਂ ਪਰਉਪਕਾਰੀ॥* ਪੰਨਾ ੩੫੬

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਪ੍ਰਵਚਨ ਵਿਚ ਮਾਨਵਵਾਦੀ ਸਮਾਜ ਦੇ ਸੰਕਲਪ ਨੂੰ ਸਿਰਫ਼ ਭਾਰਤੀ ਸਮਾਜ ਤਕ ਨਹੀਂ ਸੀਮਤ ਕੀਤਾ ਗਿਆ ਸਗੋਂ ਇਹ ਸਮੁੱਚੇ ਵਿਸ਼ਵ ਤਕ ਫੈਲਦਾ ਹੈ। ਇਹੋ ਕਾਰਨ ਹੈ ਕਿ ਬਾਣੀ ਵਿਚਲਾ ਚਿੰਤਨ ਸਮੁੱਚੇ ਭਰਾਤਰੀਭਾਵ (universal brotherhood) ਦਾ ਸੰਦੇਸ਼ ਦਿੰਦੀ ਇਕ ਅਨੂਠੀ ਸਾਹਿਤਕ ਕਿਰਤ ਹੋ ਨਿਬੜਦੀ ਹੈ। ਇਸ ਵਿਚਲਾ ਪ੍ਰਵਚਨ ਨਾ ਕੇਵਲ ਇਕ ਫਿਰਕੇ/ ਸਮੁਦਾਇ ਨੂੰ ਮੰਨਣ ਵਾਲੇ ਵਿਅਕਤੀਆਂ ਵਲੋਂ ਸਿਰਜਿਆ ਗਿਆ ਸੀ ਅਤੇ ਨਾ ਹੀ ਇਹ ਪ੍ਰਵਚਨ ਕੁਝ ਵਿਸ਼ੇਸ਼ ਭਾਈਚਾਰਿਆਂ/ ਫਿਰਕਿਆਂ ਤਕ ਮਹਿਦੂਦ ਸੀ। ਸਮੁੱਚੇ ਵਿਸ਼ਵ ਵਿਚ ਵਸਦੇ ਉਨ੍ਹਾਂ ਸਾਰੇ ਲੋਕਾਂ ਲਈ ਇਹ ਬਾਣੀ ਜੀਵਨ ਜਾਚ ਦੇ ਵਿਭਿੰਨ ਮਾਡਲ ਪੇਸ਼ ਕਰਦੀ ਹੈ ਜਿਨ੍ਹਾਂ ਦਾ ਮੁਖ ਉਦੇਸ਼ ਸਰਬਤ ਦਾ ਭਲਾ ਹੈ। ਖ਼ਲਕਤ ਦੀ ਸੇਵਾ ਕਰਕੇ ਇਨਸਾਨ ਦਾ ਹਰ ਕਰਮ ਮਨੁੱਖਤਾ ਦੇ ਭਲੇ ਲਈ ਹੋਣਾ ਚਾਹੀਦਾ ਹੈ। ਉਸ ਅੰਦਰ ਐਸੀਆਂ ਮਾਨਵੀ ਕੀਮਤਾਂ ਹੋਣੀਆਂ ਚਾਹੀਦੀਆਂ ਹਨ ਜੋ ਸਮਾਜ ਨੂੰ ਹੋਰ ਅਗੇਰੇ ਵਧਾਉਣ ਲਈ ਤਤਪਰ ਰਹਿਣ ਉੱਤੇ ਜ਼ੋਰ ਦੇਣ। ਇਸ ਲਈ ਪਰਮਾਤਮਾ ਦੀ ਉੱਚਤਾ ਨੂੰ ਦਰਸਾਉਣ ਲਈ ਗੁਰੂ ਨਾਨਕ ਨੇ ਓਂਕਾਰ ਲਗਾ ਕੇ ਇਸ ਵਿਚਾਰ ਦੀ ਪੁਸ਼ਟੀ ਕੀਤੀ:

*ਸਾਹਿਬ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥* ਪੰਨਾ ੩੫੦

ਇਨਸਾਨ ਨੂੰ ਪਰਮਾਤਮਾ ਨਾਲ ਨੇੜਤਾ ਪ੍ਰਾਪਤ ਕਰਨ ਲਈ ਆਪਣੇ ਅੰਦਰੋਂ ਜਾਤ ਪਾਤ ਧਰਮ ਅਤੇ ਲਿੰਗ ਵਰਗੇ ਭੇਦ ਭਾਵਾਂ ਨੂੰ ਖਤਮ ਕਰਨਾ ਚਾਹੀਦਾ ਹੈ। ਉਹ ਪਰਮੇਸ਼ਰ ਕਿਸੇ ਨਾਲ ਕੋਈ ਵਿਤਕਰਾ ਨਹੀਂ ਕਰਦਾ ਕਿਉਂਕਿ ਉਹ ਖਾਸ ਧਰਮ, ਮਜ਼੍ਹਬ ਜਾਂ ਸੰਪ੍ਰਦਾਇ ਨਾਲ ਸੰਬੰਧਿਤ ਨਹੀਂ ਹੈ। ਸਮੁੱਚੀ ਭਗਤ ਬਾਣੀ ਵਿਚ ਭਗਤਾਂ ਦੀ ਵਡਿਆਈ ਕੀਤੀ ਗਈ ਹੈ। ਇਸੇ ਲਈ ਧੰਨਾ ਭਗਤ ਇਹਨਾਂ ਅਖੌਤੀ ਨੀਵੀਆਂ ਜਾਤਾਂ ਨਾਲ ਸੰਬੰਧਿਤ ਹੋ ਕੇ ਵੀ ਪ੍ਰਭੂ ਦੀ ਨੇੜਤਾ ਪ੍ਰਾਪਤ ਕਰ ਲੈਣ ਵਾਲਿਆਂ ਨੂੰ ਸਲਾਹੁੰਦੇ ਹਨ:

*ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ।।*
*ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ।।*
*ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ।।*
*ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ।।*
*ਰਵਿਦਾਸ ਢੋਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ।।*
*ਪਰਗਟੁ ਹੋਆ ਸਾਧ ਸੰਗਿ ਹਰਿ ਦਰਸਨੁ ਪਾਇਆ।।*
*ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ।।*
*ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ।।* ਪੰਨਾ ੪੮੭

ਗੁਰਬਾਣੀ ਦਾ ਸੰਦੇਸ਼ ਆਮ ਮਨੁੱਖ ਲਈ ਹੈ। ਨਸ਼ਿਆਂ ਵਿਚ ਗਲਤਾਨ ਵਿਅਕਤੀ ਆਪਣੇ ਪਰਾਏ ਦੀ ਪਛਾਣ ਤੋਂ ਮੁਨੱਕਰ ਹੋ ਕੇ ਅਤੇ ਵਿਸ਼ੇ ਵਿਕਾਰਾਂ ਵਿਚ ਫਸ ਕੇ ਸਮਾਜ ਦਾ ਕੀ ਸੰਵਾਰੇਗਾ ਕਿਉਂਕਿ ਉਹ ਆਪ ਇਨਸਾਨੀਅਤ ਦੇ ਨਾਂ ਤੇ ਕਲੰਕ ਹੈ। ਬਾਣੀ ਵਿਚ ਮਾਸ ਅਤੇ ਸ਼ਰਾਬ ਦੇ ਨਸ਼ੇ ਵਿਚ ਮਦਮਸਤ ਲੋਕਾਂ ਨੂੰ ਸਮਝਾਇਆ ਗਿਆ ਹੈ ਕਿ ਨਸ਼ਿਆਂ ਨਾਲ ਸਰੀਰ ਕਮਜ਼ੋਰ ਹੋ ਕੇ ਰੋਗਾਂ ਦਾ ਸ਼ਿਕਾਰ ਹੁੰਦਾ ਹੈ। ਗੁਰੂ ਗੋਬਿੰਦ ਸਿੰਘ ਨੇ ਖਾਲਸਾ ਸਾਜਣ ਸਮੇਂ ਇਕ ਕੁਰਹਿਤ ਤੰਬਾਕੂ ਤੋਂ ਦੂਰ ਰਹਿਣ ਦੀ ਦਿੱਤੀ ਹੈ। ਉਨ੍ਹਾਂ ਦਾ ਤਾਂ ਘੋੜਾ ਵੀ ਤੰਬਾਕੂ ਦੇ ਖੇਤ ਵਿਚ ਨਹੀਂ ਸੀ ਗਿਆ। ਬਾਣੀ ਵਿਚ ਕੇਵਲ ਸ਼ੁਭ ਕਰਮਾਂ ਦੇ ਨਸ਼ੇ ਦੀ ਗਲ ਛੇੜੀ ਗਈ ਹੈ। ਪ੍ਰੇਮ ਅਤੇ ਨਾਮ ਸਿਮਰਨ ਦੀ ਮਸਤੀ ਉੱਤੇ ਜ਼ੋਰ ਦਿੱਤਾ ਗਿਆ ਹੈ:

*ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ ਸਹਜ ਰੰਗ ਰਚਿ ਰਹਿਆ।।*
*ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ ਸਬਦੁ ਅਨਾਹਦ ਗਹਿਆ।।* ਪੰਨਾ ੩੬੦

ਹਰ ਇਨਸਾਨ ਦੇ ਮਨ ਅੰਦਰ ਆਪਣੇ ਦੇਸ਼ ਪਿਆਰ ਦਾ ਹੋਣਾ ਬਹੁਤ ਜ਼ਰੂਰੀ ਹੈ। ਐਸ਼ਪ੍ਰਸਤ ਹਾਕਮਾਂ ਦੀਆਂ ਚਾਲਾਂ ਤੋਂ ਤੰਗ ਆ ਕੇ ਲੋਕਾਂ ਦੀ ਆਪਸੀ ਫੁਟ ਜਦੋਂ ਜੱਗ ਜ਼ਾਹਿਰ ਹੋ ਜਾਵੇ ਤਾਂ

ਬਾਹਰੀ ਹਮਲੇ ਹੋਣੇ ਆਰੰਭ ਹੋ ਜਾਂਦੇ ਹਨ। ਜਨਤਾ ਦੀ ਆਪਸੀ ਖਿਚੋਤਾਣ, ਨਫ਼ਰਤ ਅਤੇ ਫੁਟ ਨੂੰ ਦੇਖ ਕੇ ਬਾਬਰ ਨੇ ਭਾਰਤ ਉਤੇ ਹਮਲਾ ਕੀਤਾ। ਸਮੁੱਚੀ ਬਾਣੀ ਵਿਚ ਭਾਵੇਂ ਸਹਿਣਸ਼ੀਲਤਾ ਤੇ ਸ਼ਾਂਤੀ ਦੀ ਗੂੰਜਾਰ ਸੁਣਾਈ ਦਿੰਦੀ ਹੈ ਪਰ ਇਹੋ ਜਿਹੇ ਸਮੇਂ ਮਾਨਵਤਾ ਨੂੰ ਪ੍ਰੇਮ ਕਰਨ ਵਾਲੇ ਜ਼ਰੂਰ ਇਕੱਠੇ ਹੋ ਕੇ ਆਉਂਦੇ ਹਨ ਤੇ ਸਿਰ ਤਲੀ ਤੇ ਧਰਨ ਤੋਂ ਵੀ ਨਹੀਂ ਝਿਜਕਦੇ:

- *ਜਉ ਤਉ ਪ੍ਰੇਮ ਖੇਲਣ ਕਾ ਚਾਉ॥*
  *ਸਿਰੁ ਧਰਿ ਤਲੀ ਗਲੀ ਮੇਰੀ ਆਉ॥*
  *ਇਤੁ ਮਾਰਗਿ ਪੈਰੁ ਧਰੀਜੈ॥*
  *ਸਿਰੁ ਦੀਜੈ ਕਾਣਿ ਨ ਕੀਜੈ॥* ਪੰਨਾ ੧੪੧੦
- *ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥*
  *ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥* ਪੰਨਾ ੧੧੦੫

ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਕੁਦਰਤ ਨੇ ਵਿਭਿੰਨ ਅੰਗਾਂ, ਤੱਤਾਂ ਅਤੇ ਪਸਾਰਾਂ ਨੂੰ ਚਿਤਰ ਕੇ ਉਹਨਾਂ ਦੀ ਮਹੱਤਤਾ ਨੂੰ ਪ੍ਰਵਾਨ ਕੀਤਾ ਹੈ ਕਿਉਂਕਿ ਗੁਰਬਾਣੀ ਅਨੁਸਾਰ ਅਕਾਲ ਪੁਰਖ ਨੇ ਕੁਦਰਤ ਦੀ ਰਚਨਾ ਆਪਣੇ ਨਿਰਗੁਣ ਸਰੂਪ ਨੂੰ ਸਰਗੁਣ ਰੂਪ ਵਿੱਚ ਰਚ ਕੇ ਕੀਤੀ ਹੈ। ਪਰਮੇਸਰ ਆਪ ਇਸ ਵਿਚ ਬਿਰਾਜਮਾਨ ਹੋ ਕੇ ਖੇੜੇ ਅਤੇ ਉਮਾਹ ਵਿਚ ਆਉਂਦਾ ਹੈ:

*ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥*
*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥* ਪੰਨਾ ੪੬੩

ਬਾਣੀ ਚਿੰਤਨ ਅਨੁਸਾਰ ਮਨੁੱਖੀ ਸਰੀਰ ਦੀ ਘਾੜਤ ਲਈ ਪਾਣੀ, ਅੱਗ, ਹਵਾ, ਧਰਤੀ ਅਤੇ ਅਕਾਸ਼ ਬੁਨਿਆਦੀ ਤੱਤ ਮੰਨੇ ਜਾਂਦੇ ਹਨ। 'ਧਰਤੀ' ਮਾਤਾ ਦੀ ਕੁਖ ਵਿਚ 'ਪਾਣੀ' ਦੀ ਸਿਰਜਣਾਤਮਕ ਸ਼ਕਤੀ ਰਾਹੀਂ ਬਨਾਸਪਤੀ ਪੈਦਾ ਹੁੰਦੀ ਹੈ। ਸਿਰਫ਼ ਮਨੁੱਖੀ ਜੀਵਨ ਹੀ ਨਹੀਂ, ਸਗੋਂ ਸਮੁੱਚਾ ਜਗਤ ਹੀ ਪਾਣੀ ਤੋਂ ਪੈਦਾ ਹੋਇਆ ਹੈ। 'ਪਵਣੁ' ਨੂੰ ਗੁਰੂ ਇਸ ਲਈ ਸਵੀਕਾਰ ਕੀਤਾ ਗਿਆ ਹੈ ਕਿ ਜਿਵੇਂ ਸਰੀਰ ਨੂੰ ਸਜੀਵ ਰਖਣ ਲਈ ਹਵਾ ਜ਼ਰੂਰੀ ਹੈ ਇਵੇਂ ਜੀਵ ਆਤਮਾ ਨੂੰ ਪਵਣ ਰੂਪੀ ਗੁਰੂ ਦੀ ਲੋੜ ਹੁੰਦੀ ਹੈ:

*ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥* ਪੰਨਾ ੮

ਬਾਣੀਕਾਰਾਂ ਨੇ ਮਨੁੱਖ ਨੂੰ ਧਰਤੀ ਦੀ ਤਰ੍ਹਾਂ ਧੀਰਜ ਅਤੇ ਨਿਮਰਤਾ ਦੇ ਮਾਨਵੀ ਗੁਣਾਂ ਅਪਣਾ ਕੇ ਆਪਣੀ ਸ਼ਖਸੀਅਤ ਦੀ ਉਸਾਰੀ ਲਈ ਅਜਿਹੇ ਗੁਣ ਧਾਰਨ ਕਰਨ ਦੀ ਪ੍ਰੇਰਣਾ ਦਿੱਤੀ ਹੈ:

*ਇਹ ਤਨੁ ਧਰਤੀ ਬੀਜੁ ਕਰਮਾ ਕਰੋ ਸਲਿਲ ਆਪਾਉ ਸਾਰਿੰਗਪਾਣੀ॥*

*ਮਨੁ ਕਿਰਸਾਣੁ ਹਰਿ ਰਿਦੈ ਜੰਮਾਇ ਲੈ ਇਉ ਪਾਵਸਿ ਪਦੁ ਨਿਰਬਾਣੀ॥* ਪੰਨਾ ੨੩

ਬਾਣੀ ਦੇ ਮਾਧਿਅਮ ਰਾਹੀਂ ਬਾਣੀਕਾਰਾਂ ਨੇ ਕੁਦਰਤੀ ਸਰੋਤਾਂ ਪ੍ਰਤੀ ਮਨੁੱਖ ਦੀ ਜਾਗਰੂਕਤਾ ਨੂੰ ਹਲੂਣ ਕੇ ਬਾਣੀ ਨੂੰ ਇਸਦੀ ਸਮਕਾਲੀ ਪ੍ਰਸੰਗਿਕਤਾ ਦੇ ਸੰਦਰਭ ਵਿਚ ਵੇਖਣ ਦਾ ਅਵਸਰ ਵੀ ਮੁਹੱਈਆ ਕਰਵਾਇਆ ਹੈ। ਦਰਅਸਲ ਇਹ ਬਾਣੀਕਾਰਾਂ ਦੀ ਦੂਰ ਦ੍ਰਿਸ਼ਟੀ ਸੀ ਕਿ ਉਨ੍ਹਾਂ ਨੇ ਆਪਣੀ ਬਾਣੀ ਵਿਚ ਕੁਦਰਤੀ ਸਰੋਤਾਂ ਨੂੰ ਵਿਸ਼ੇਸ਼ ਦ੍ਰਿਸ਼ਟੀਕੋਣ ਤੋਂ ਉਜਾਗਰ ਕਰਕੇ ਸਰਬ ਸਮਿਆਂ ਵਿਚ ਮਨੁੱਖ ਜੀਵਨ ਨੂੰ ਇਸ ਨਾਲ ਜੋੜਿਆ ਹੈ। ਅਸੀ ਵੇਖਦੇ ਹਾਂ ਕਿ ਮਨੁੱਖ 'ਬਲਿਹਾਰੀ ਕੁਦਰਤ ਵਸਿਆ' ਦੇ ਸਿਧਾਂਤ ਤੇ ਅਮਲ ਕਰਕੇ ਬਹੁਤ ਕੁਝ ਪ੍ਰਾਪਤ ਕਰ ਸਕਦਾ ਹੈ। ਪੈਸਾ ਕਮਾਉਣ ਦੀ ਹੋੜ ਵਿੱਚ ਮਨੁੱਖ ਦੂਜੇ ਮਨੁੱਖਾਂ ਦੀ ਸਿਹਤ ਨਾਲ ਖਿਲਵਾੜ ਕਰ ਰਿਹਾ ਹੈ। ਕਿਸਾਨ ਫਸਲਾਂ ਤੋਂ ਜ਼ਿਆਦਾ ਝਾੜ ਲੈਣ ਲਈ ਧਰਤੀ ਮਾਤਾ ਨੂੰ ਰਸਾਇਣਾਂ ਨਾਲ ਗੰਧਲਾ ਕਰੀ ਜਾ ਰਹੇ ਹਨ। ਸਨਅਤਾਂ ਦਾ ਕੂੜਾ, ਗੰਦ ਮੰਦ ਅਤੇ ਹੋਰ ਧਾਤਾਂ ਧਰਤੀ ਨੂੰ ਅਪਵਿੱਤਰ ਕਰ ਰਹੀਆਂ ਹਨ। ਅਸੀਂ ਗੁਰੂ ਰੂਪੀ ਪੌਣ ਨੂੰ ਜ਼ਹਿਰੀਲੀਆਂ ਗੈਸਾਂ ਅਤੇ ਪਿਤਾ ਰੂਪੀ ਪਾਣੀ ਨੂੰ ਯੂਰੇਨੀਅਮ ਵਰਗੇ ਰਸਾਇਣਾਂ ਨਾਲ ਅਤਿ ਮਲੀਨ ਕਰ ਰਹੇ ਹਾਂ। ਸਾਡੀਆਂ ਖਾਣ ਵਾਲੀਆਂ ਸਬਜ਼ੀਆਂ, ਫਲ ਅਤੇ ਦੁੱਧ ਜ਼ਹਿਰਾਂ ਨਾਲ ਭਰੇ ਹੋਏ ਹਨ। ਅਜਿਹੀ ਖੁਰਾਕ ਖਾ ਕੇ ਮਨੁੱਖ ਗੁੱਸੇ ਖੋਰ, ਹਿੰਸਕ ਅਤੇ ਅਸਹਿਣਸ਼ੀਲ ਹੋ ਰਿਹਾ ਹੈ। ਚੋਰੀਆਂ ਡਾਕੇ, ਦੰਗੇ ਫਸਾਦ, ਕਤਲੋ-ਗਾਰਤ ਸਾਡੀ ਬਿਮਾਰ ਮਾਨਸਿਕਤਾ ਦਾ ਸਿੱਟਾ ਹਨ। ਇਸ ਲਈ ਅਸੀਂ ਗੁਰਬਾਣੀ ਚਿੰਤਨ ਰਾਹੀਂ ਪਰਿਆਵਰਣ ਦੀਆਂ ਸਮੱਸਿਆਵਾਂ ਨੂੰ ਸੁਲਝਾ ਕੇ ਇਕ ਆਦਰਸ਼ ਸਮਾਜ ਦੀ ਸਥਾਪਨਾ ਕਰ ਸਕਦੇ ਹਾਂ।

ਗੁਰਬਾਣੀ ਚਿੰਤਨ ਦੇ ਸਿਧਾਂਤਕ ਮਸਲਿਆਂ ਵਿਚ ਔਰਤ ਜਾਤੀ ਦੇ ਸਨਮਾਨ ਨੂੰ ਪ੍ਰਮੁੱਖ ਮੰਨਿਆ ਗਿਆ ਹੈ। ਇਸ ਸਮਾਜ ਵਿਚ ਰਹਿੰਦਿਆਂ ਔਰਤ ਨੂੰ ਮਰਦ ਦੇ ਬਰਾਬਰ ਅਧਿਕਾਰ ਪ੍ਰਾਪਤ ਹੋਣੇ ਚਾਹੀਦੇ ਹਨ। ਇਨਸਾਨ ਦਾ ਸਮੁੱਚਾ ਜੀਵਨ ਇਸਤਰੀ ਦੇ ਸੰਗ ਸਾਥ ਤੋਂ ਬਿਨਾਂ ਨੀਰਸ ਹੈ। ਉਸ ਨੂੰ ਸਵੈ ਕਾਬੂ ਵਿਚ ਰਹਿ ਕੇ ਔਰਤ ਦਾ ਸਨਮਾਨ ਕਰਨ ਦੀ ਜਾਚ ਆਉਣੀ ਚਾਹੀਦੀ ਹੈ। ਦਰਅਸਲ ਮੱਧਕਾਲ ਦਾ ਸਮਾਂ ਸਾਮੰਤਵਾਦ (Feudalism) ਦੇ ਗ਼ਲਬੇ ਦਾ ਸਮਾਂ ਸੀ। ਸਮਾਜ ਦੇ ਹਰ ਇਕ ਪ੍ਰਬੰਧ ਉੱਤੇ ਮਰਦ ਪ੍ਰਧਾਨ ਸਮਾਜ ਦਾ ਕਬਜ਼ਾ ਇਸ ਦਾ ਖ਼ਾਸਾ ਸੀ। ਔਰਤ ਨੂੰ ਸਮਾਜ ਵਿਚ ਦੁਜੈਲੇ ਪੱਧਰ 'ਤੇ ਰੱਖਿਆ ਜਾਂਦਾ ਸੀ। ਇਸ ਜਮਾਤੀ ਸਮਾਜ ਵਿਚ ਔਰਤ ਤੋਂ ਉਸਦੇ ਵਿਕਾਸ ਦੀਆ ਲਗਭਗ ਸਾਰੀਆਂ ਸੰਭਾਵਨਾਵਾਂ ਖੋਹ ਲਈਆਂ ਗਈਆਂ ਅਤੇ ਉਸਨੂੰ ਘਰ ਦੀ ਚਾਰ ਦੀਵਾਰੀ ਤਕ ਸੀਮਤ ਕਰ ਦਿੱਤਾ ਗਿਆ। ਪੁਰਾਤਨ ਭਾਰਤੀ ਚਿੰਤਨ ਕਿਉਂਕਿ ਭਾਰਤੀ ਸੰਸਕ੍ਰਿਤੀ ਦੀ ਅਗਵਾਈ ਕਰਦਾ ਹੈ ਇਸ ਲਈ ਇਸ ਚਿੰਤਨ ਵਿਚ ਔਰਤ ਬਾਰੇ ਮਿਲਦੇ ਵਿਚਾਰ ਦੇਰ ਤਕ

ਲੋਕਾਂ ਦੇ ਮਨਾਂ ਵਿਚ ਜੀਵਤ ਰਹੇ ਅਤੇ ਇਥੋਂ ਹੀ ਔਰਤ ਨੂੰ ਸਮਾਜ ਵਿਚ ਮਰਦ ਦੇ ਬਰਾਬਰ ਦਾ ਰੁਤਬਾ ਹਾਸਲ ਕਰਨ ਲਈ ਲੰਮੀ ਘਾਲਣਾ ਦਾ ਦੌਰ ਸ਼ੁਰੂ ਹੋਇਆ। ਗੁਰੂ ਨਾਨਕ ਸਾਹਿਬ ਨੇ ਔਰਤ ਦੇ ਹੱਕ ਵਿਚ ਕ੍ਰਾਂਤੀਕਾਰੀ ਅਵਾਜ਼ ਉਠਾ ਕੇ ਗ੍ਰਹਿਸਥ ਜੀਵਨ ਉਤੇ ਜ਼ੋਰ ਦਿੱਤਾ। ਗ੍ਰਹਿਸਥ ਤਿਆਗਣ ਵਾਲੇ ਜੋਗੀਆਂ ਅਤੇ ਸਿਧਾਂ ਨੂੰ ਕਰਾਰੇ ਹੱਥੀਂ ਲਿਆ। ਔਰਤ ਮਰਦ ਨੂੰ ਕਮਜ਼ੋਰ ਨਹੀਂ ਬਣਾਉਂਦੀ ਸਗੋਂ ਆਚਰਣਿਕ ਤੌਰ ਤੇ ਬਲਵਾਨ ਕਰਦੀ ਹੈ। ਗੁਰਬਾਣੀ ਚਿੰਤਨ ਵਿਚ ਘਰ ਤਿਆਗਣ ਵਾਲੇ ਅਤੇ ਪਰਾਈਆਂ ਔਰਤਾਂ ਦੇ ਮੂੰਹ ਤੱਕਣ ਵਾਲਿਆਂ ਨੂੰ ਅੰਨ੍ਹਾ ਕਿਹਾ ਗਿਆ ਹੈ:

*ਘਰ ਕੀ ਨਾਰਿ ਤਿਆਗੈ ਅੰਧਾ॥*

*ਪਰ ਨਾਰੀ ਸਿਉ ਘਾਲੈ ਧੰਧਾ॥* ਪੰਨਾ ੧੧੬੪-੬੫

ਇਸ ਲਈ ਆਪਣੇ ਸੱਚੇ ਸੁੱਚੇ ਪਵਿੱਤਰ ਜੀਵਨ ਰਾਹੀਂ ਆਪਣੀ ਜ਼ਿੰਦਗੀ ਸੰਵਾਰ ਕੇ ਔਰਤ ਦੀ ਮਹੱਤਤਾ ਤੋਂ ਮੁਨੱਕਰ ਨਹੀਂ ਹੋਣਾ ਚਾਹੀਦਾ। ਡਾ. ਅਮਰਜੀਤ ਸਿੰਘ ਗਰੇਵਾਲ ਅਨੁਸਾਰ:

> *ਔਰਤ ਦੀ ਆਜ਼ਾਦੀ ਦੀ ਲੜਾਈ ਦਾ ਅੰਤਿਮ ਉਦੇਸ਼ ਮਨੁੱਖੀ ਫਿਤਰਤ ਵਿਚ ਸੰਪੂਰਨ ਤਬਦੀਲੀ ਰਾਹੀਂ ਇਕ ਨਵੇਂ ਭਵਿੱਖ ਦੀ ਸਿਰਜਣਾ ਕਰਨਾ ਹੈ। ਅਜੋਕੇ ਪੂੰਜੀਵਾਦ ਪ੍ਰਬੰਧ ਨੂੰ ਨਵੇਂ ਯੁਗ ਵਿਚ ਰੂਪਾਂਤਰਿਤ ਕਰਨ ਲਈ ਔਰਤ ਦੀ ਅਜ਼ਾਦੀ ਦੀ ਇਹ ਲਹਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 'ਹੁਕਮ ਰਜਾਈ ਚਲਣਾ' ਸਿਧਾਂਤ ਨੂੰ ਲਾਗੂ ਕਰਨ ਲਈ ਇਕ ਮੁਢਲੀ ਲੋੜ ਬਣ ਗਈ ਹੈ। ਇਹ ਉਹ ਪਹਿਲੀ ਲੜਾਈ ਹੈ ਜਿਸ ਨੂੰ ਜਿਤੇ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਲਾਗੂ ਹੀ ਨਹੀਂ ਹੋ ਸਕਦੀ।*[37]

ਗੁਰੂ ਗ੍ਰੰਥ ਸਾਹਿਬ ਵਿਚ ਸਮਾਜਿਕ ਤਬਦੀਲੀ ਦਾ ਜੋ ਮਾਡਲ ਪੇਸ਼ ਹੋਇਆ ਹੈ, ਉਹ ਅਜ ਵੀ ਪ੍ਰਸੰਗਿਕ ਹੈ। ਗੁਰੂ ਗ੍ਰੰਥ ਸਾਹਿਬ ਨੇ ਮਨੁੱਖਤਾ ਨੂੰ ਇਕ ਨਵੀਂ ਸੋਚ ਦਿੱਤੀ। ਸਮੇਂ, ਸਥਾਨ ਅਤੇ ਪੌਰਾਣਿਕ ਘਟਨਾਵਾਂ ਨਾਲ ਸਬੰਧਿਤ ਮਿੱਥਾਂ ਦੀ ਪੁਨਰ-ਵਿਆਖਿਆ ਕਰਕੇ ਇਕ ਨਵੀਂ ਸੋਚ ਅਪਨਾਉਣ ਦੀ ਪ੍ਰੇਰਨਾ ਦਿੱਤੀ। 'ਸ਼ਬਦ ਗੁਰੂ' ਦੀ ਫਿਲਾਸਫੀ ਮਨੁੱਖ ਨੂੰ ਆਪਣੇ ਅੰਦਰ ਝਾਤੀ ਮਾਰਨ ਦੀ ਜਾਚ ਦੱਸਦੀ ਹੈ। ਇਸ ਤਰ੍ਹਾਂ ਤਿਆਗ, ਜੋਗ ਅਤੇ ਸੰਤੋਖ ਦੀਆਂ ਨਵੀਆਂ ਪਰਿਭਾਸ਼ਾਵਾਂ ਨਾਲ ਵਿਅਕਤੀ ਕਿਰਤ ਕਰਨ ਤੇ ਵੰਡ ਛਕਣ ਦੇ ਅਸੂਲ ਉੱਪਰ ਚੱਲ ਕੇ ਵਧੀਆ ਜੀਵਨ ਜੀ ਸਕਦਾ ਹੈ। ਇਸ ਸਮਾਜ ਵਿਚ ਆਪੇ ਬਣੇ ਚੌਧਰੀਆਂ ਨਾਲ 'ਸੰਵਾਦ' ਰਚਾਉਣ ਦਾ ਮਾਡਲ ਪਹਿਲਾਂ ਹੀ ਸਥਾਪਿਤ ਕਰ ਦਿੱਤਾ ਸੀ:

*ਜਬ ਲਗੁ ਦੁਨੀਆ ਰਹੀਐ॥*

*ਨਾਨਕ ਕਿਛੁ ਸੁਣੀਐ ਕਿਛੁ ਕਹੀਐ॥* ਪੰਨਾ ੬੬੦

ਗੁਰੂ ਨਾਨਕ ਦੇਵ ਨੇ ਪੰਜ ਸੌ ਸਾਲ ਤੋਂ ਪਹਿਲਾਂ ਹੀ 'ਸਿਧ ਗੋਸਟਿ' ਰਾਹੀਂ ਜ਼ਰੂਰੀ ਸਾਰਥਕ ਸੰਵਾਦ ਰਚਾ ਕੇ ਇਕ ਮਾਡਲ ਲੋਕਾਈ ਸਾਹਮਣੇ ਪੇਸ਼ ਕੀਤਾ ਜਿਸ ਤੋਂ ਸਾਰਾ ਸੰਸਾਰ ਅਗਵਾਈ ਲੈ ਸਕਦਾ ਹੈ। ਗੁਰੂ ਨਾਨਕ ਸਾਹਿਬ ਨੇ ਸਿੱਧਾਂ ਨਾਲ ਸੰਵਾਦ ਸਮੇਂ 'ਸ਼ਬਦ ਗੁਰੂ' ਸ਼ਬਦ ਵਰਤਿਆ ਸੀ। ਉਨ੍ਹਾਂ ਨੇ ਸੋਰਠਿ ਰਾਗ ਵਿਚ ਇਹ ਸਪਸ਼ਟ ਕਰ ਦਿੱਤਾ ਕਿ ਸ਼ਬਦ ਦੇ ਰੰਗ ਤੋਂ ਮਹਿਰੂਮ ਰੂਹਾਂ ਸੰਤੁਲਿਤ ਜੀਵਨ ਜੀ ਹੀ ਨਹੀਂ ਸਕਦੀਆਂ:

*ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨ ਸਬਦੈ ਜਗੁ ਬਉਰਾਨੰ॥* ਪੰਨਾ ੬੩੫

*ਸ਼ਬਦ ਤਾਂ ਹੀ ਗੁਰ ਪੀਰ ਹੋ ਸਕਦਾ ਹੈ ਜੇ ਉਹ 'ਗਹਿਰ ਗੰਭੀਰ' ਨੂੰ ਆਮ ਮਾਨਸਿਕਤਾ ਵਿਚ ਉਤਾਰਨ ਦਾ ਕਾਰਜ ਕਰੇ। ਸ਼ਬਦ ਗੁਰੂ ਦਾ ਆਧਾਰ ਗੁਰੂ ਗ੍ਰੰਥ ਸਾਹਿਬ ਹੈ। ਸ਼ਬਦ-ਗੁਰੂ ਨੂੰ ਨਾ ਤਾਂ ਕਿਸੇ ਦੇਹਧਾਰੀ ਲੋੜ ਦਾ ਨਾਂ ਦਿੱਤਾ ਜਾ ਸਕਦਾ ਹੈ ਤੇ ਨਾ ਹੀ ਇਸ ਨੂੰ ਕਿਸੇ ਕਿਸਮ ਦੀ ਹੱਦ-ਬੰਦੀ ਵਿੱਚ ਬੰਨਿਆ ਜਾ ਸਕਦਾ ਹੈ।*[38]

ਇਸ ਲਈ ਇਹ ਸੋਚਣਾ ਪਵੇਗਾ ਕਿ ਪਦਾਰਥਕ ਤਰੱਕੀ ਦਾ ਰਾਹ ਰੂਹਾਨੀਅਤ ਵਲ ਕਿਵੇਂ ਮੋੜਿਆ ਜਾਵੇ। ਅਜਿਹੇ ਸੋਮੇ ਤਲਾਸ਼ੇ ਜਾਣ ਜੋ ਮਨੁੱਖ ਅੰਦਰ ਥੁੜ ਦੀ ਘਾਟ ਨਾਲੋਂ ਖੁਸ਼ਹਾਲੀ ਦੇ ਚਾਅ ਭਰ ਦੇਣ। ਜੇ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਨੂੰ ਅਧਾਰ ਬਣਾ ਕੇ ਮਨੁੱਖ ਉੱਤਮ ਜ਼ਿੰਦਗੀ ਬਤੀਤ ਕਰੇ ਤਾਂ ਇੱਕ ਆਦਰਸ਼ਕ ਸਮਾਜ ਦੀ ਸਿਰਜਣਾ ਕਰ ਸਕਦਾ ਹੈ:

*ਜਤੁ ਪਹਾਰਾ ਧੀਰਜੁ ਸੁਨੀਆਰੁ॥*
*ਅਹਿਰਣ ਮਤੁ ਵੇਦ ਹਥੀਆਰੁ॥*
*ਭਉ ਖਲਾ ਅਗਨਿ ਤਪਿ ਤਾਉ॥*
*ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ॥*
*ਘੜੀਐ ਸਬਦੁ ਸਚੀ ਟਕਸਾਲ॥*
*ਜਿਨ ਕਉ ਨਦਰਿ ਕਰਮੁ ਤਿਨ ਕਾਰ॥*
*ਨਾਨਕ ਨਦਰੀ ਨਦਰਿ ਨਿਹਾਲ॥* ਪੰਨਾ ੮

ਗੁਰੂ ਗ੍ਰੰਥ ਸਾਹਿਬ ਵਿਚਲੇ ਮੂਲ ਸਿਧਾਂਤ 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਦਾ ਭਲਾ' ਅਨੁਸਾਰ ਚਲ ਕੇ ਇਸ ਦੀ ਭਵਿੱਖਮੁਖੀ ਪ੍ਰਸੰਗਿਕਤਾ ਨੂੰ ਸਹੀ ਅਰਥ ਦੇ ਕੇ ਧਰਮ ਦੇ ਮੂਲ ਸਿਧਾਂਤ ਨਾਲ ਜੁੜ ਕੇ, ਬਾਣੀ ਤੋਂ ਯੋਗ ਅਗਵਾਈ ਪ੍ਰਾਪਤ ਕਰ ਕੇ, ਸ਼ੁਭ ਅਮਲ ਕਰਕੇ, ਸੰਗਤ ਅਤੇ ਪੰਗਤ ਨੂੰ ਅਪਣਾ ਕੇ ਇਕ ਆਦਰਸ਼ਕ ਸਮਾਜ ਸਿਰਜਿਆ ਜਾਏਗਾ।

## (ਹ) ਗੁਰਬਾਣੀ ਚਿੰਤਨ: ਵਿਭਿੰਨ ਧਰਮਾਂ, ਸਿਮਰਤੀਆਂ ਅਤੇ ਗਿਆਨ ਮਾਡਲਾਂ ਨਾਲ ਸੰਵਾਦ

ਗੁਰਬਾਣੀ ਚਿੰਤਨ ਵਿਚ ਵਿਭਿੰਨ ਧਰਮਾਂ ਅਤੇ ਗਿਆਨ ਮਾਡਲਾਂ ਨਾਲ ਸਿਰਜਿਆ ਸੰਵਾਦ ਜਿਹੜੇ ਪ੍ਰਵਚਨ ਉਸਾਰਦਾ ਹੈ ਉਹ ਤਿੱਖੇ ਵਾਦ ਵਿਵਾਦ ਵਿਚੋਂ ਪੈਦਾ ਹੁੰਦੇ ਹਨ। ਇਨ੍ਹਾਂ ਦਾ ਆਧਾਰ ਵੱਖ ਵੱਖ ਧਰਮਾਂ ਵਿਚਲੇ ਅਕੀਦਿਆਂ ਦੀ ਅਨੁਸ਼ਾਨਾਤਮਕ ਵਿਭਿੰਨਤਾ ਵੀ ਹੈ ਅਤੇ ਆਚਾਰ ਵਿਹਾਰ ਦੇ ਆਧਾਰ 'ਤੇ ਵਿਚਾਰਧਾਰਕ ਮੱਤ ਭੇਦ ਵਿਚ ਤਬਦੀਲ ਹੁੰਦਾ ਦ੍ਰਿਸ਼ਟੀਕੋਣ ਵੀ। ਆਪਣੇ ਅਧਿਆਇ ਦੇ ਇਸ ਉਪਭਾਗ ਵਿਚ ਅਸੀਂ ਗੁਰਬਾਣੀ ਚਿੰਤਨ ਦਾ ਹੋਰਨਾਂ ਮੱਤ ਮਤਾਂਤਰਾਂ ਨਾਲ ਹੋਏ ਸੰਵਾਦ ਬਾਰੇ ਸਾਰਥਿਕ ਸਿੱਟਿਆਂ 'ਤੇ ਪਹੁੰਚਾਂਗੇ। ਗੁਰਬਾਣੀ ਚਿੰਤਨ ਅਸਲ ਵਿਚ ਕਿਸੇ ਧਾਰਮਿਕ ਅਕੀਦੇ ਨੂੰ ਸੰਬੋਧਿਤ ਟੈਕਸਟ ਨਹੀਂ ਬਲਕਿ ਸਮੁੱਚੀ ਮਨੁੱਖੀ ਜਾਤੀ ਦੇ ਗੌਰਵ ਲਈ ਹੈ। ਇਸ ਵਿਚ ਕਾਰਜਸ਼ੀਲ ਵਿਚਾਰਧਾਰਾ ਧਾਰਮਿਕ ਰੰਗਣ ਦੀ ਹੋਂਦ ਕਰਕੇ ਇਹ ਇਕ ਅਜਿਹੀ ਜੀਵਨ ਜਾਚ ਦੀ ਮੁਤਲਾਸ਼ੀ ਹੈ ਜਿਹੜਾ ਹੋਰਨਾਂ ਮਨੁੱਖਾਂ ਤੋਂ ਕੱਥ ਅਤੇ ਵੱਥ ਤੋਂ ਵੱਖਰੀ ਹੋਵੇ। ਇਸੇ ਸਦਕਾ ਸਿੱਖ ਦਰਸਨ ਵਿਚ 'ਸਿੱਖ ਰਹਿਤ ਮਰਿਆਦਾ' ਦਾ ਸੰਕਲਪ ਉਜਾਗਰ ਹੁੰਦਾ ਹੈ। ਬਾਣੀ ਚਿੰਤਨ ਵਿਚ ਦਰਸਾਏ ਮਾਰਗ, ਸਿੱਖ ਮੱਤ ਦੇ ਬਰਾਬਰ ਚਲਦੇ ਹੋਰਨਾਂ ਧਰਮਾਂ ਦੇ ਮੁਕਾਬਲੇ ਕਿਸ ਕਿਸ ਪੱਧਰ 'ਤੇ ਸ੍ਰੇਸ਼ਟ ਹਨ, ਇਸ ਦਾ ਨਿਰਣਾ ਕਰਨ ਲਈ ਅਸੀਂ ਇਸ ਉਪ ਭਾਗ ਵਿਚ ਕੁਝ ਵਿਸ਼ੇਸ਼ ਸੰਕਲਪਾਂ ਦੇ ਆਧਾਰ 'ਤੇ ਸਿੱਖ ਮੱਤ ਦੀ ਹੋਰਨਾਂ ਮੱਤਾਂ ਨਾਲ ਤੁਲਨਾ ਕਰਾਂਗੇ। ਗੁਰੂ ਗ੍ਰੰਥ ਸਾਹਿਬ ਇਕ ਪਵਿੱਤਰ ਧਰਮ ਗ੍ਰੰਥ ਹੈ। 'ਧਰਮ' ਪਾਵਨ ਅਨੁਭਵ ਅਤੇ ਗਿਆਨ ਨਾਲ ਸੰਬੰਧਿਤ ਇਕ ਪ੍ਰਾਚੀਨ ਭਾਰਤੀ ਸ਼ਬਦ ਹੈ। ਇਸ ਦੀ ਵਰਤੋਂ ਇਥੋਂ ਦੀ ਦਾਰਸ਼ਨਿਕ ਤੇ ਧਾਰਮਿਕ ਪਰੰਪਰਾ ਵਿਚ ਹਜ਼ਾਰਾਂ ਵਰ੍ਹਿਆਂ ਤੋਂ ਰਿਸ਼ੀਆਂ-ਮੁਨੀਆਂ, ਆਚਾਰੀਆਂ, ਤੱਤ-ਵੇਤਾਵਾਂ ਅਤੇ ਧਾਰਮਿਕ ਆਗੂਆਂ ਦੁਆਰਾ ਕੀਤੀ ਜਾ ਰਹੀ ਹੈ।[39] ਧਰਮ ਮੂਲ ਰੂਪ ਵਿੱਚ ਮਨੁੱਖੀ ਜੀਵਨ ਦੇ ਯਥਾਰਥ ਨੂੰ ਪਰਮਾਰਥ ਦੇ ਮੁਹਾਵਰੇ ਵਿੱਚ ਪੇਸ਼ ਕਰਦਾ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ :

> *ਸ੍ਰੀ ਗੁਰੂ ਗ੍ਰੰਥ ਸਾਹਿਬ ਮੱਧ ਯੁਗ ਦੀ ਧਰਮ ਸਾਧਨਾ ਦਾ ਇਕ ਅਪੂਰਵ ਗ੍ਰੰਥ ਹੈ। ਇਸ ਵਿਚ ਪੇਸ਼ ਧਾਰਮਿਕ ਚਿੰਤਨ ਅਤੇ ਜੀਵਨ ਫਲਸਫੇ ਨੂੰ ਸਮੁੱਚੇ ਵਿਸ਼ਵ ਵਿਚ ਸਵੀਕਾਰ ਕੀਤਾ ਜਾਂਦਾ ਹੈ। ਇਹ ਗ੍ਰੰਥ ਬਾਣੀਕਾਰਾਂ ਦੀ ਰਹੱਸ-ਅਨੁਭੂਤੀ ਅਤੇ ਮੌਲਿਕ ਵਿਚਾਰਧਾਰਾ ਨੂੰ ਪ੍ਰਗਟ ਕਰਦਾ ਹੈ। ਧਰਮ ਦਾ ਉਦੈ ਮਨੁੱਖ ਦੀ ਰਹੱਸਮਈ ਵਰਤਾਰਿਆਂ ਨੂੰ ਜਾਨਣ-ਸਮਝਣ*

*ਦੀ ਤਾਂਘ ਵਿਚੋਂ ਹੋਇਆ। ਮਨੁੱਖ ਉਸ ਪਰਮ-ਸੱਤਾ ਦੀ ਸ਼ਕਤੀ ਵਿਚ ਨਿਸਚਾ ਰਖਦਾ ਹੈ। ਜਿਸ ਨੂੰ ਉਹ ਸਮੁੱਚੇ ਬ੍ਰਹਿਮੰਡੀ ਪਸਾਰੇ, ਵਰਤਾਰੇ ਦਾ ਕਰਤਾ ਮੰਨਦਾ ਹੈ। ਉਹ ਪਰਮ-ਸੱਤਾ ਹੀ ਅੰਤਿਮ ਸੱਤ ਹੈ। ਜਦੋਂ ਮਨੁੱਖ ਬੁਧੀ, ਸੋਚ ਅਤੇ ਕਰਮ ਦੀ ਪੱਧਰ ਤੇ ਉਸ ਪਰਮ-ਸੱਤਾ ਨਾਲ ਜੁੜ ਜਾਂਦਾ ਹੈ ਤਾਂ ਸਧਾਰਣਤਾ ਤੋਂ ਉੱਪਰ ਉਠ ਜਾਂਦਾ ਹੈ। ਉਸ ਸਮੇਂ ਉਸ ਅੰਦਰ ਪਦਾਰਥਕ ਪ੍ਰਾਪਤੀਆਂ ਕੋਈ ਅਰਥ ਨਹੀਂ ਰੱਖਦੀਆਂ ਸਗੋਂ ਉਸ ਨੂੰ ਪਰਮਾਰਥ ਦਾ ਬੋਧ ਪ੍ਰਾਪਤ ਹੋ ਜਾਂਦਾ ਹੈ।* [40]

ਗੁਰਬਾਣੀ ਵਿਚ ਯਾਤਰਾ ਬ੍ਰਹਿਮੰਡ ਤੋਂ ਸ਼ੁਰੂ ਹੋ ਕੇ ਪਿੰਡੇ ਤਕ ਪੁੱਜਦੀ ਹੈ। ਭਗਤ ਪੀਪਾ ਦੇ ਇਸ ਸ਼ਬਦ 'ਜੋ ਬ੍ਰਹਿਮੰਡੈ ਸੋਈ ਪਿੰਡੇ ਜੋ ਖੋਜੇ ਸੋ ਪਾਵੈ' ਵਿੱਚ ਧਰਤੀ ਨਾਲ ਜੁੜੇ ਹਰ ਮਸਲੇ ਨੂੰ ਚਿਤਰਿਆ ਗਿਆ ਹੈ ਜਿਸ ਕਰਕੇ ਪਾਰਲੌਕਿਕਤਾ ਨੂੰ ਇਸੇ ਲੌਕਿਕਤਾ ਵਿਚੋਂ ਢੂੰਡਿਆ ਗਿਆ ਹੈ। ਇਸ ਵਿਚ ਸਰੀਰ ਰੂਪੀ ਧਰਤੀ ਨੂੰ ਧਰਮਸਾਲ ਬਨਾਉਣ ਦਾ ਉਪਦੇਸ਼ ਹੈ। ਗੁਰੂ ਗ੍ਰੰਥ ਸਾਹਿਬ ਅਨੁਭਵੀ ਗਿਆਨ ਦਾ ਪ੍ਰਕਾਸ਼ ਹੈ। ਇਸ ਵਿਚ ਮਾਨਵੀ ਜੀਵਨ ਦਾ ਸੱਚ ਅਤੇ ਉਸ ਦੀ ਕਰਮਸ਼ੀਲਤਾ ਜੁੜੀ ਹੋਈ ਹੈ। ਇਹ ਤਾਂ ਜੀਵਨ ਪ੍ਰਤੀ ਉੱਚਾ ਸੁੱਚਾ ਸਮਾਜਿਕ-ਸਭਿਆਚਾਰਕ ਦ੍ਰਿਸ਼ਟੀਕੋਣ ਹੈ ਜੋ ਜੀਵਨ ਵਿਚੋਂ ਉਭਰਿਆ ਤੇ ਮੁੜ ਜੀਵਨ ਲਈ ਇਕ ਚਾਨਣ-ਮੁਨਾਰੇ ਦਾ ਕੰਮ ਕਰ ਰਿਹਾ ਹੈ। [41] ਡਾ. ਮਹਿੰਦਰ ਕੌਰ ਗਿੱਲ ਗੁਰਬਾਣੀ ਦੀ ਵਿਚਾਰਾਤਮਕ ਭੂਮੀ ਨੂੰ ਤਿੰਨ ਪੱਖਾਂ - ਦਾਰਸ਼ਨਿਕ, ਇਤਿਹਾਸਕ ਅਤੇ ਸਮਾਜਿਕ ਤੋਂ ਕਰਨ ਦੀ ਵੰਡ ਬਾਰੇ ਵਿਚਾਰ ਛੇੜਦੇ ਹਨ।[42] ਦਾਰਸ਼ਨਿਕ ਪੱਖ ਤੋਂ ਭਾਰਤੀ ਦਰਸ਼ਨ ਦੇ ਮੂਲ ਸਰੋਤ ਚਾਰ ਵੇਦਾਂ ਨੂੰ ਮੰਨਿਆ ਗਿਆ ਹੈ। ਵੈਦਿਕ ਪਰੰਪਰਾ ਦੇ ਸਮਰਥਕਾਂ ਅਨੁਸਾਰ ਵੇਦ ਬਾਣੀ ਸਦੀਵੀ ਗਿਆਨ ਪ੍ਰਸਤੁਤ ਕਰਦੀ ਹੈ। ਰਿਸ਼ੀਆਂ ਮੁਨੀਆਂ ਨੇ ਇਹ ਗਿਆਨ ਲੋਕਾਈ ਦੇ ਕਲਿਆਣ ਹਿੱਤ ਉਪਜਾਇਆ ਹੈ। ਰਿਗ ਵੇਦ ਦੇ 'ਪੁਰਸ਼ ਸੂਕਤ' ਭਾਗ ਵਿਚ ਸ੍ਰਿਸ਼ਟੀ ਦਾ ਕਰਤਾ ਇਕ ਸਰਵ ਵਿਆਪੀ ਸ਼ਕਤੀ ਨੂੰ ਦਰਸਾਇਆ ਗਿਆ ਹੈ। ਗੁਰਮਤਿ ਅਨੁਸਾਰ 'ਬ੍ਰਹਮ' ਆਪਣੀ ਕਿਸਮ ਦਾ ਆਪ ਹੁੰਦਾ ਹੋਇਆ ਵੀ ਘਟ ਘਟ ਵਿਚ ਵਿਆਪ ਰਿਹਾ ਹੈ:

*ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥* ਪੰਨਾ ੧੨੯੧

ਵੇਦਾਂ ਵਿਚ ਭਾਰਤੀ ਦਰਸ਼ਨ ਦੇ ਸਰੋਤ ਬੀਜ ਰੂਪ ਵਿਚ ਸਨ ਪਰੰਤੂ ਦਾਰਸ਼ਨਿਕਤਾ ਦਾ ਯਥਾਰਥਕ ਪ੍ਰਗਟਾਵਾ ਉਪਨਿਸ਼ਦਾਂ ਵਿਚ ਆ ਕੇ ਹੋਇਆ। ਉਪਨਿਸ਼ਦਾਂ ਨੂੰ ਵੇਦਾਂਤ ਦਾ ਨਾਮ ਵੀ

ਦਿੱਤਾ ਗਿਆ ਹੈ ਜਿਸ ਤੋਂ ਭਾਵ ਹੈ ਵੇਦ ਦਾ ਅੰਤ। ਉਪਨਿਸ਼ਦਾਂ ਦੀ ਦਾਰਸ਼ਨਿਕਤਾ ਬਾਰੇ ਡਾ. ਵਜ਼ੀਰ ਸਿੰਘ ਦੀ ਧਾਰਨਾ ਹੈ:

> *ਉਪਨਿਸ਼ਦਾਂ ਦੇ ਵਿਸ਼ੇ ਵਸਤੂ ਨੂੰ ਤਿੰਨ ਉਪਵਰਗਾਂ ਵਿਚ ਰਖ ਕੇ ਸਮਝਿਆ ਜਾ ਸਕਦਾ ਹੈ। ਜੀਵ, ਜਗਤ ਤੇ ਬ੍ਰਹਮ - ਜੀਵ ਨੂੰ ਆਤਮਾ ਕਿਹਾ ਜਾਂਦਾ ਹੈ। ਵਿਅਕਤੀਗਤ ਆਤਮਾ ਦਾ ਨਾਮ ਹੀ ਜੀਵ ਹੈ, ਪਰਮ-ਤੱਤ ਨੂੰ 'ਬ੍ਰਹਮ' ਦਾ ਨਾਮ ਦਿੱਤਾ ਗਿਆ ਹੈ। ਜੀਵ ਦੀ ਹਸਤੀ ਲਈ 'ਜਗਤ' ਭੂਮੀ ਦਾ ਕੰਮ ਕਰਦਾ ਹੈ। ਦ੍ਰਿਸ਼ਟਮਾਨ ਜਗਤ ਦਾ ਕਰਤਾ ਬ੍ਰਹਮਾ ਆਪ ਹੈ, ਜੋ ਆਤਮਾ-ਰੂਪੀ ਹੈ ਅਤੇ ਇਸ ਤਰ੍ਹਾਂ ਆਤਮਾ ਹੀ ਜਗਤ ਦਾ ਕਾਰਨ ਹੈ। ਬ੍ਰਹਮ ਵਿਚੋਂ ਹੀ ਜਗਤ ਉਪਜਦਾ ਹੈ।*[43]

ਗੁਰੂ ਗ੍ਰੰਥ ਸਾਹਿਬ ਦਾ ਆਰੰਭ 'ਜਪੁ' ਨਾਲ ਹੁੰਦਾ ਹੈ। ਜਪੁਜੀ ਸਾਹਿਬ ਵਿਚ ਗੁਰੂ ਗ੍ਰੰਥ ਸਾਹਿਬ ਦੀ ਸਿਧਾਂਤਕ ਰੂਪ-ਰੇਖਾ ਪ੍ਰਸਤੁਤ ਕੀਤੀ ਗਈ ਹੈ। ਗੁਰੂ ਗ੍ਰੰਥ ਸਾਹਿਬ ਰਾਹੀਂ ਪ੍ਰਸਤੁਤ ਕੀਤੇ ਗਏ ਸਿਧਾਂਤ ਜਪੁਜੀ ਸਾਹਿਬ ਦੇ ਆਰੰਭ ਵਿਚ ਆਏ ਮੂਲ ਮੰਤਰ ਵਿਚ ਦਿੱਤੇ ਪਰਮ-ਸੱਤ ਦੇ ਸੰਕਲਪ ਵਿਚੋਂ ਨਿਕਲਦੇ ਹਨ। ਮੂਲ ਮੰਤਰ ਵਿਚ ਪਰਮ-ਸਤ 'ੳ' ਅਗੇ '੧' ਲਗਾ ਕੇ ਉਸ ਨੂੰ ਕੇਵਲ ਇਕ ਮੰਨਿਆ ਹੈ। 'ੳ' ਪਰਮਾਤਮਾ ਦਾ ਚਿੰਨ੍ਹ ਹੈ, ਉਸ ਦਾ ਨਾਮ ਸਤਿ ਹੈ। 'ੳ' ਦੇ ਅੱਗੇ ਇਕ ਲਾ ਕੇ ਸਤਿ ਦੇ ਦਵੈਤ ਦੇ ਸੰਕਲਪ ਨੂੰ ਖਤਮ ਕਰ ਦਿੱਤਾ ਹੈ। 'ੳ' ਸਾਰੀ ਰਚਨਾ ਦੇ ਮੁਢ ਵਿਚ ਵੀ ਹੈ ਅਤੇ ਅਖੀਰ ਵਿਚ ਵੀ ਹੋਵੇਗਾ:

> *ਆਦਿ ਸਚ ਜੁਗਾਦਿ ਸਚ॥ ਹੈ ਭੀ ਸੱਚ ਨਾਨਕ ਹੋਸੀ ਭੀ ਸਚੁ॥* ਪੰਨਾ ੧

ਉਹ ਪਰਮਾਤਮਾ ਸਾਰੀ ਸ੍ਰਿਸ਼ਟੀ ਦਾ ਕਰਤਾ-ਪੁਰਖ ਸਿਰਜਣਹਾਰ ਹੈ ਜੋ ਨਿਰਭਉ ਤੇ ਨਿਰਵੈਰ ਹੈ। 'ਨਿਰਭਉ' ਤੋਂ ਭਾਵ ਉਸ ਤੋਂ ਬਿਨਾਂ ਹੋਰ ਕੋਈ ਦੂਜਾ ਹੋ ਨਹੀਂ ਸਕਦਾ, ਜਿਸ ਤੋਂ ਭਉ ਜਾਪੇ ਅਤੇ ਜਿਸ ਦੀ ਬਰਾਬਰੀ ਕੋਈ ਨਾ ਕਰ ਸਕੇ, ਇਸ ਲਈ ਉਸ ਉੱਤੇ ਭੈ ਤੇ ਵੈਰ ਬੰਧਨ ਲਾਗੂ ਹੀ ਨਹੀਂ ਹੋ ਸਕਦੇ। ਜੇ ਇਹ ਸਾਰੀ ਰਚਨਾ ਉਸੇ ਦੀ ਹੈ ਤਾਂ ਫਿਰ ਸੰਸਾਰ ਤੋਂ ਭਜ ਕੇ ਇਸਦਾ ਤਿਆਗ ਕਿਉਂ ਕਰਨਾ ਹੈ?

> *ਇਹ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚ ਵਾਸੁ॥* ਪੰਨਾ ੪੬੩

ਗੁਰੂ ਨਾਨਕ ਸਾਹਿਬ ਦੇ ਇਸੇ ਸਿਧਾਂਤ ਵਿਚੋਂ ਗ੍ਰਹਿਸਥੀ ਤੇ ਤਿਆਗੀ ਦਾ ਇਕ-ਮਿਕ ਹੋ ਕੇ ਜਿਉਣ ਦਾ ਫਲਸਫਾ ਪੈਦਾ ਹੁੰਦਾ ਹੈ। ਸਮੇਂ ਦੇ ਬੰਧਨ ਤੋਂ ਉੱਪਰ 'ਅਕਾਲ' ਹੋਣ ਕਰਕੇ ਹੈ ਜੋ ਸੰਸਾਰ ਦਾ ਪ੍ਰਗਟ ਰੂਪ 'ਮੂਰਤਿ' ਹੈ। ਰਚਨਾ ਦੀ ਹੋਂਦ ਉਸੇ ਤੋਂ ਮੰਨੀ ਜਾਂਦੀ ਹੈ ਅਤੇ ਆਪਣੀ ਸਮੁੱਚੀ

ਰਚਨਾ ਦੀ ਸੰਭਾਲ ਆਪ ਕਰਦਾ ਹੈ ਅਤੇ ਜਨਮ ਮਰਣ ਦੇ ਅਮਲ ਵਿਚ ਨਾ ਆਉਣ ਕਰਕੇ 'ਅਜੂਨੀ' ਹੈ। ਗੁਰੂ ਨਾਨਕ ਸਾਹਿਬ ਨੇ ਪਰਮਾਤਮਾ ਦੇ 'ਅਜੂਨੀ' ਹੋਣ ਦੇ ਸਿਧਾਂਤ ਨਾਲ ਪਹਿਲੀ ਵਾਰ ਭਾਰਤੀ ਪਰੰਪਰਾ ਵਿਚ ਅਵਤਾਰਵਾਦ ਦੇ ਸਿਧਾਂਤ ਨੂੰ ਨਕਾਰ ਦਿੱਤਾ। ਜਿਸ ਨੂੰ ਗੁਰੂ ਦੀ ਕਿਰਪਾ ਦੁਆਰਾ ਪ੍ਰਾਪਤ ਕੀਤਾ ਜਾ ਸਕਦਾ ਹੈ। ਗੁਰੂ ਸਾਹਿਬ ਨੇ ਮਨੁੱਖ ਦੇ ਸਾਹਮਣੇ ਉਦੇਸ਼ ਉਸ ਪਰਮਾਤਮਾ ਦੇ ਸੰਕਲਪ ਨੂੰ ਰਖਿਆ ਜਿਸ ਨੂੰ ਜਪੁਜੀ ਵਿਚ 'ਸਚਿਆਰ' ਹੋਣਾ ਕਿਹਾ ਗਿਆ ਹੈ। ਜਿਸ ਦਾ ਸੰਬੰਧ ਮਨੁੱਖ ਦੇ ਅਮਲੀ ਜੀਵਨ ਨਾਲ ਹੈ ਅਤੇ ਜਿਸ ਨੂੰ ਗੁਰਮਤਿ ਵਿਚ 'ਸਚ ਅਚਾਰ' ਵੀ ਕਿਹਾ ਗਿਆ ਹੈ। ਅਜਿਹਾ ਸਚਿਆਰਾ ਜੀਵਨ ਸਭ ਤੋਂ ਸ੍ਰੇਸ਼ਟ ਹੈ 'ਸਚਿਆਰਾ' ਪਦ ਪ੍ਰਾਪਤ ਕਰਨਾ ਹੀ ਮੁਕਤੀ ਹੈ:

*ਮਨਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ॥*
*ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰ॥*
*ਸਚਹੁ ਓਰੈ ਸਭੁ ਕੋ ਉਪਰ ਸਚੁ ਆਚਾਰੁ॥* ਪੰਨਾ ੬੨

ਸਚਿਆਰ ਤੋਂ ਭਾਵ ਉਹ ਸਤਿ ਜਿਸ ਨੂੰ ਅਨੁਭਵ ਕੀਤਾ ਜਾਵੇ ਉਸੇ ਵਰਗਾ ਹੋਣਾ। ਗੁਰੂ ਸਾਹਿਬ ਨੇ ਪਰਮਾਤਮਾ ਦੇ ਜਿਸ ਸਰੂਪ ਨੂੰ ਅਨੁਭਵ ਕੀਤਾ ਉਸੇ ਸਤਿ ਨੂੰ ਸੰਸਾਰ ਦੇ ਸਨਮੁਖ ਰਖ ਕੇ ਉਸ ਵਿਚੋਂ ਹੀ ਮਨੁੱਖ ਨੂੰ ਜੀਵਨ ਜਿਉਣ ਲਈ ਇਕ ਨਿਵੇਕਲਾ ਰਾਹ ਦਸਿਆ। ਜੇ ਉਹ ਇਕੋ ਇਕ ਸਤਿ ਹੈ, ਜਿਸ ਦਾ ਪੂਰਬਲਾ ਨਾਮ ਸਤਿ ਹੈ ਅਤੇ ਬਾਕੀ ਸਾਰੇ ਨਾਂ ਮਨੁੱਖ ਦੇ ਦਿੱਤੇ ਹੋਏ ਹਨ ਤਾਂ ਮਨੁੱਖ ਰਾਮ ਜਾਂ ਖ਼ੁਦਾ ਦੇ ਨਾਂ ਤੇ ਕਿਉਂ ਵੰਡੀਆਂ ਪਾਈ ਬੈਠਾ ਹੈ। ਜੇ ਉਸਨੇ ਸਾਰੀ ਰਚਨਾ ਆਪ ਪੈਦਾ ਕੀਤੀ ਹੈ ਤਾਂ ਫਿਰ ਜਾਤ, ਜਨਮ, ਰੰਗ, ਨਸਲ ਅਤੇ ਧਰਮ ਕਰਕੇ ਕੋਈ ਛੋਟਾ-ਵੱਡਾ ਜਾਂ ਉੱਚਾ-ਨੀਵਾਂ ਨਹੀਂ ਹੋ ਸਕਦਾ ਕਿਉਂਕਿ ਸਾਰੇ ਉਸੇ ਦੀ ਸੰਤਾਨ ਹਨ।

ਇਸ ਤਰ੍ਹਾਂ ਅਸੀਂ ਗੁਰਬਾਣੀ ਚਿੰਤਨ ਵਿੱਚ ਪ੍ਰਚਲਿਤ ਅਕਾਲ ਪੁਰਖ ਦੇ ਸੰਕਲਪ ਨੂੰ ਹਿੰਦੂ ਮੱਤ ਵਿਚ ਪ੍ਰਚਲਿਤ ਬ੍ਰਹਮ ਦੇ ਸੰਕਲਪ ਨਾਲ ਤੁਲਨਾ ਕੇ ਵੀ ਵੇਖ ਸਕਦੇ ਹਾਂ। ਬ੍ਰਹਮ ਦੇ ਸੰਕਲਪ ਬਾਰੇ ਸਿੱਖ ਚਿੰਤਨ ਹਿੰਦੂ ਧਰਮ ਵਿਚਲੀਆਂ ਮਨੌਤਾਂ ਦਾ ਖੰਡਨ ਕਰਦਾ ਹੈ। ਹਿੰਦੂ ਸਮਾਜ ਦੀ ਉਪਰਲੀ ਸ਼੍ਰੇਣੀ ਉੱਤੇ ਕਾਬਜ਼ ਪੰਡਿਤ ਵਰਗ, ਜੋ ਆਪਣੇ ਆਪ ਨੂੰ ਬ੍ਰਹਮ ਦੇ ਨੇੜੇ ਅਖਵਾਉਂਦਾ ਸੀ, ਭੋਲੇ ਭਾਲੇ ਲੋਕਾਂ ਨੂੰ ਆਪਣੀਆਂ ਗੱਲਾਂ ਵਿੱਚ ਫਸਾ ਕੇ ਆਪਣਾ ਸਵਾਰਥ ਪੂਰਾ ਕਰ ਰਿਹਾ ਸੀ। ਗੁਰੂ ਨਾਨਕ ਦੇਵ ਨੇ ਹਿੰਦੂ ਧਰਮ ਵਿਚਲੀ ਇਸ ਕੁਚਲ ਨੀਤੀ ਦੀ ਸਪੱਸ਼ਟ ਸ਼ਬਦਾਂ ਵਿਚ ਨਿੰਦਿਆ ਕੀਤੀ ਅਤੇ ਇਸ ਲੋਟੂ ਵਰਗ ਨੂੰ ਤਾੜਦੇ ਹੋਏ ਕਿਹਾ:

*ਸੁਣਿ ਪਾਡੇ ਕਿਆ ਲਿਖਹੁ ਜੰਜਾਲਾ ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ॥* ਪੰਨਾ ੯੩੯

ਸਿੱਖ ਚਿੰਤਨ ਵਿਚ ਨਾ ਸਿਰਫ਼ ਇਸ ਕਿਸਮ ਦੇ ਫੋਕੇ ਪੰਡਿਤਵਾਦ ਦੀ ਨਿਖੇਧੀ ਕੀਤੀ ਗਈ ਬਲਕਿ ਅਸਲੋਂ ਪੰਡਤ ਹੋਣ ਦੇ ਗੁਣਾਂ ਦਾ ਵੀ ਵਿਆਖਿਆਨ ਕੀਤਾ ਗਿਆ। ਗੁਰਬਾਣੀ ਅਨੁਸਾਰ ਪੰਡਿਤ ਉਹ ਹੈ ਜੋ ਮੁਤੇ-ਸਿਧ ਵਿਦਿਆ ਦੁਆਰਾ ਜੀਵਨ ਵਿਚ ਵਿਚਰਦਾ ਹੈ। ਪ੍ਰਭੂ ਵਿਚ ਸੁਰਤ ਜੋੜ ਕੇ ਸੱਚ ਦੀ ਖੋਜ ਕਰਦਾ ਹੈ:

*ਪਾਧਾ ਪੜਿਆ ਆਖੀਐ ਬਿਦਿਆ ਬਿਚਰੈ ਸਹਿਜਿ ਸੁਭਾਇ॥*

*ਬਿਦਿਆ ਸੋਧੈ ਤਤੁ ਲਹੈ ਰਾਮ ਨਾਮ ਲਿਵ ਲਾਇ॥* ਪੰਨਾ ੯੨੯

ਅਰਥਾਤ ਗੁਰਬਾਣੀ ਚਿੰਤਨ ਅਨੁਸਾਰ ਸੱਚ ਦੀ ਖੋਜ ਕਰਨ ਵਾਲਾ ਵਿਅਕਤੀ ਹੀ ਸਹੀ ਅਰਥਾਂ ਵਿਚ ਪੰਡਿਤ ਹੈ, ਗਿਆਨੀ ਹੈ; ਕੋਈ ਕਰਮਕਾਂਡੀ ਜਾਂ ਭੇਖੀ ਨਹੀਂ:

*ਸੁਣਿ ਪੰਡਿਤ ਕਰਮਾ ਕਾਰੀ॥*

*ਜਿਤੁ ਕਰਮਿ ਸੁਖੁ ਊਪਜੈ ਭਾਈ ਸੁ ਆਤਮ ਤਤੁ ਬੀਚਾਰੀ॥* ਪੰਨਾ ੬੩੫

ਇਸ ਪ੍ਰਕਾਰ ਦਾ ਪੰਡਿਤ ਹੀ ਸੇਵਾ ਕਰਨਯੋਗ ਹੈ ਜਿਸਨੇ ਬ੍ਰਹਮ ਗਿਆਨ ਰਾਹੀਂ ਆਵਾਗਵਨ ਦੇ ਚੱਕਰ ਤੋਂ ਮੁਕਤੀ ਪਾਈ ਹੋਵੇ:

*ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ॥*

*ਆਪਿ ਤਰੈ ਸਗਲੇ ਕੁਲ ਤਾਰੈ॥* ਪੰਨਾ ੬੬੨

ਗੁਰੂ ਨਾਨਕ ਸਾਹਿਬ ਦੇ ਕਾਲ ਦੌਰਾਨ ਭਾਰਤ ਉਪਰ ਮੁਗਲ ਸਾਮਰਾਜ ਸਥਾਪਿਤ ਹੋ ਚੁੱਕਾ ਸੀ। ਹਿੰਦੂ ਸਮਾਜ ਵਿਚ ਤਥਾ-ਕਥਿਤ ਸ਼੍ਰੇਣੀ ਵੰਡ ਰਾਹੀਂ ਗਰਦਾਨੀਆਂ ਗਈਆਂ ਨੀਵੀਆਂ ਸ਼੍ਰੇਣੀਆਂ ਤ੍ਰਿਸਕਾਰ ਦੇ ਭਾਰ ਹੇਠਾਂ ਦੱਬੀਆਂ ਹੋਈਆਂ ਸਨ। ਜਾਤ ਪਾਤ ਅਤੇ ਊਚ ਨੀਚ ਦੇ ਭੇਦ ਭਾਵ ਨੂੰ ਬਰਦਾਸ਼ਤ ਕਰਨਾ ਅਸਹਿ ਸੀ। ਇਸਲਾਮ ਧਰਮ ਵੀ ਰੀਤਾਂ ਤੇ ਰਿਵਾਜਾਂ ਤਕ ਸਿਮਟ ਜਾਣ ਕਰ ਕੇ ਗੁਰੂ ਨਾਨਕ ਸਾਹਿਬ ਨੇ ਉਸ ਵਿੱਚ ਆਈ ਖੜੋਤ, ਬਨਾਵਟ ਤੇ ਅਖੌਤੀ ਭੇਖ ਦਿਖਾਵੇ ਨੂੰ ਸਪਸ਼ਟ ਸ਼ਬਦਾਂ ਵਿਚ ਭੰਡਿਆ-

*ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥*

*ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥* ਪੰਨਾ ੧੪੦

ਗੁਰੂ ਸਾਹਿਬ ਨੇ ਧਰਮਾਂ ਦੇ ਵਿਹਾਰਕ ਰੂਪ ਵਿਚ ਆ ਰਹੀ ਗਿਰਾਵਟ ਕਾਰਨ ਪੀੜਤ ਲੋਕਾਂ ਲਈ ਨਵੇਂ ਧਰਮ ਦੀ ਸਥਾਪਨਾ ਕੀਤੀ ਕਿਉਂਕਿ ਥੋਥੇ ਹੋ ਚੁੱਕੇ ਧਰਮਾਂ ਦੀ ਕਰੂਪ ਤਸਵੀਰ ਨੂੰ ਨੰਗਾ ਕਰਨਾ ਅਤਿ ਜ਼ਰੂਰੀ ਸੀ ਤਾਂ ਜੁ ਭੋਲੇ ਭਾਲੇ ਲੋਕ ਉਨ੍ਹਾਂ ਦੀ ਪਕੜ ਵਿਚ ਨਾ ਆਉਣ। ਉਹਨਾਂ ਨੇ ਕਿਸੇ ਨੂੰ ਵੀ ਨਿੰਦਣ ਜਾਂ ਬੁਰਾ ਆਖਣ ਦੀ ਬਜਾਏ ਅਸਲੀਅਤ ਨੂੰ ਲੋਕਾਂ ਸਾਹਮਣੇ ਪੇਸ਼ ਕੀਤਾ:

*ਮੁਸਲਮਾਨਾ ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰ॥*

*ਬੰਦੇ ਸੇ ਜੇ ਪਵਹਿ ਵਿਚ ਬੰਦੀ ਵੇਖਣ ਕਉ ਦੀਦਾਰੁ॥* ਪੰਨਾ ੪੬੫

ਉਨ੍ਹਾਂ ਨੇ ਹਰ ਮੁਸਲਮਾਨ ਲਈ ਪੰਜ ਵਖਤ ਨਮਾਜ ਪੜ੍ਹਨ ਦੇ ਅਸੂਲ ਨੂੰ ਚਿੰਨ੍ਹਾਤਮਕ ਅਰਥ ਦੇ ਕੇ ਮਨੁੱਖ ਅੰਦਰ ਸੱਚ, ਨੇਕ ਨੀਅਤ ਅਤੇ ਸਰਬੱਤ ਦਾ ਭਲਾ ਮੰਨਣ ਉੱਤੇ ਜ਼ੋਰ ਦੇ ਕੇ ਉਹਨਾਂ ਨੂੰ ਚੰਗਾ ਮਨੁੱਖ ਬਨਣ ਲਈ ਪਰੇਰਿਆ:

*ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ॥*

*ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ॥*

*ਚਉਥੀ ਨੀਅਤ ਰਾਸਿ ਮਨੁ ਪੰਜਵੀ ਸਿਫਤਿ ਸਨਾਇ॥*

*ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ॥* ਪੰਨਾ ੧੪੧

ਹਿੰਦੂ ਧਰਮ ਵਿੱਚ ਪ੍ਰੋਹਿਤ ਵਰਗ ਨੇ ਆਪਣੀ ਆਨ ਤੇ ਸ਼ਾਨ ਤੋਂ ਪੂਰੀ ਤਰ੍ਹਾਂ ਭਟਕ ਜਾਣ ਕਰਕੇ ਜਨ ਸਾਧਾਰਣ ਦੇ ਸ਼ੋਸ਼ਣ ਲਈ ਧਰਮ ਨੂੰ ਹਥਿਆਰ ਦੇ ਤੌਰ ਤੇ ਵਰਤ ਕੇ ਅਜਿਹੇ ਸੰਸਕਾਰ, ਪੂਜਾ ਵਿਧੀਆਂ, ਅੰਧ ਵਿਸ਼ਵਾਸ ਅਤੇ ਧਾਰਮਿਕ ਰਸਮਾਂ ਪ੍ਰਚਲਿਤ ਕਰ ਦਿੱਤੀਆਂ ਸਨ ਜਿਹੜੀਆਂ ਲੋਕਾਈ ਨੂੰ ਨਿਘਾਰ ਅਤੇ ਭਟਕਣਾ ਵਲ ਲਿਜਾ ਰਹੀਆਂ ਸਨ। ਗੁਰੂ ਨਾਨਕ ਬਾਣੀ ਵਿੱਚ ਬ੍ਰਾਹਮਣ ਵਰਗ ਦੀਆਂ ਫੋਕੀਆਂ ਸੂਤਕ, ਜਨੇਊ ਅਤੇ ਸੁਚ-ਜੂਠ ਵਰਗੀਆਂ ਰਸਮਾਂ ਨੂੰ ਤਰਕਮਈ ਢੰਗ ਨਾਲ ਨਕਾਰਿਆ ਗਿਆ:

*ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥*

*ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥* ਪੰਨਾ ੪੭੧

ਉਸ ਸਮੇਂ ਦੇ ਕਪਟੀ ਅਤੇ ਝੂਠੇ ਧਾਰਮਿਕ ਆਗੂਆਂ ਨੂੰ ਕਰਾਰੇ ਹੱਥੀਂ ਲਿਆ ਹੈ:

*ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ।*

*ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛਜ॥* ਪੰਨਾ ੧੨੮੬

ਜਦੋਂ ਧਰਮਾਂ ਦਾ ਪਤਨ ਹੋ ਜਾਵੇ ਤਾਂ ਨਵੀਆਂ ਸੰਪ੍ਰਦਾਵਾਂ ਜਨਮ ਲੈਂਦੀਆਂ ਹਨ ਜੋ ਬਾਅਦ ਵਿਚ ਵਖਰੇ ਮਤ ਦੇ ਰੂਪ ਵਿਚ ਪ੍ਰਚਲਤ ਹੋ ਜਾਂਦੀਆਂ ਹਨ। ਹਿੰਦੂ ਧਰਮ ਤੋਂ ਨਿਰਾਸ਼ ਹੋਏ ਲੋਕਾਂ ਵਲੋਂ ਅਪਣਾਇਆ ਜੈਨ ਮਤ ਵੀ ਸਮਾਂ ਪਾ ਕੇ ਗਿਰਾਵਟ ਵਲ ਵਧਣ ਲੱਗ ਪਿਆ। ਗੁਰੂ ਨਾਨਕ ਸਾਹਿਬ ਨੇ ਮਾਝ ਕੀ ਵਾਰ ਵਿਚ ਇਸ ਧਰਮ ਦੀ ਪਖੰਡੀ ਅਵਸਥਾ ਨੂੰ ਪ੍ਰਗਟਾ ਕੇ ਲੋਕਾਂ ਨੂੰ ਇਸ ਦੇ ਭ੍ਰਮ-ਜਾਲ ਤੋਂ ਦੂਰ ਰਹਿਣ ਦੀ ਪ੍ਰੇਰਨਾ ਦਿੱਤੀ:

*ਇਕਿ ਜੈਨੀ ਉਝੜ ਪਾਇ ਧੁਰਹੁ ਖੁਆਇਆ॥*

*ਤਿਨ ਮੁਖਿ ਨਾਹੀ ਨ ਤੀਰਥਿ ਨ੍ਹਾਇਆ॥*

*ਹਥੀ ਸਿਰ ਖੋਹਾਇ ਨ ਭਦੁ ਕਰਾਇਆ॥*

*ਕੁਚਿਲ ਰਹਹਿ ਦਿਨ ਰਾਤਿ ਸਬਦੁ ਨ ਭਾਇਆ॥*

*ਤਿਨਿ ਜਾਤਿ ਨ ਪਤਿ ਨ ਕਰਮੁ ਜਨਮੁ ਗਵਾਇਆ॥* ਪੰਨਾ ੧੨੮੫

ਗੁਰਬਾਣੀ ਰਾਹੀਂ ਜੈਨ ਧਰਮ ਦੀ ਅਹਿੰਸਾਵਾਦੀ ਰੁਚੀ ਦੇ ਕੱਟੜਪੁਣੇ ਅਤੇ ਸਮਾਜਿਕ ਜੀਵਨ ਨਾਲੋਂ ਟੁੱਟਣ ਦੇ ਸੱਚ ਨੂੰ ਕਰੜੇ ਸ਼ਬਦਾਂ ਵਿਚ ਬਿਆਨਿਆ ਗਿਆ ਹੈ। ਜੈਨੀਆਂ ਦੁਆਰਾ ਆਪਣੇ ਸਰੀਰ ਨੂੰ ਕਸ਼ਟ ਦੇਣੇ, ਜੂਠੇ ਟੁਕੜੇ ਮੰਗ ਕੇ ਖਾਣੇ ਅਤੇ ਸਰੀਰ ਵਿਚੋਂ ਨਿਕਲੀ ਗੰਦਗੀ ਨੂੰ ਫੈਲਾ ਕੇ ਉਸ ਵਿਚੋਂ ਕੀੜੇ ਵਖ ਕਰਨੇ ਤਾਂ ਜੁ ਜੀਵ ਹੱਤਿਆ ਨਾ ਹੋਵੇ, ਵਰਗੇ ਅਸੂਲਾਂ ਦੀ ਖਿੱਲੀ ਉਡਾ ਕੇ ਲੋਕਾਈ ਨੂੰ ਇਕ ਨਵੀਂ ਸੇਧ ਬਖਸ਼ੀ।

ਬਾਣੀ ਸਿਰਜਨ ਕਾਲ ਦੌਰਾਨ ਜੋਗ ਮਤ ਦਾ ਕਾਫੀ ਪ੍ਰਚਲਨ ਸੀ। ਜੋਗੀ ਲੋਕ ਜੋਗ ਦੇ ਕਠਿਨ ਅਭਿਆਸਾਂ ਰਾਹੀਂ ਆਤਮਿਕ ਸ਼ੁੱਧੀ ਉਤੇ ਜ਼ੋਰ ਦਿੰਦੇ ਸਨ। ਬਾਣੀ ਵਿਚ ਇਹ ਦਸਿਆ ਗਿਆ ਹੈ ਕਿ ਨਿਰਾ ਪੁਰਾ ਸਰੀਰ ਨੂੰ ਕਸ਼ਟ ਦੇਣ ਨਾਲ, ਸਮਾਜ ਤੋਂ ਟੁੱਟ ਕੇ, ਮੂੰਹ ਸਿਰ ਤੇ ਸਵਾਹ ਮਲਣ ਨਾਲ ਮੁਕਤੀ ਨਹੀਂ ਪ੍ਰਾਪਤ ਹੋਣੀ ਸਗੋਂ ਇੰਦਰੀਆਂ ਨੂੰ ਵੱਸ ਕਰਕੇ ਸਿਧੀਆਂ ਜਾਂ ਕਰਾਮਾਤਾਂ ਦਿਖਾਣ ਨਾਲੋਂ ਪਰਮਾਤਮਾ ਦੀ ਯਾਦ ਨੂੰ ਮਨ ਵਿਚ ਵਸਾਉਣਾ ਹੀ ਅਸਲ ਪ੍ਰਾਪਤੀ ਹੈ:

*ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ॥*

*ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ॥* ਪੰਨਾ ੬੫੦

ਜੋਗ ਸਾਹਿਤ ਵਿੱਚ ਸਰੀਰ ਵਿੱਚ ਸਥਿਤ ਖਟ ਚਕਰਾਂ ਨੂੰ 'ਕੁੰਡਲਨੀ' ਦੁਆਰਾ ਵਿੰਨ੍ਹਣ ਦੀ ਗੱਲ ਨੂੰ ਗੁਰਬਾਣੀ ਵਿੱਚ ਮਹੱਤਵ ਨਹੀਂ ਦਿੱਤਾ ਗਿਆ। ਪਰੰਤੂ ਭੱਟਾਂ ਦੇ ਸੱਵਈਆਂ ਵਿੱਚ ਗਯੰਦ ਭੱਟ ਦੇ ਇਕ ਸਵੱਈਏ ਵਿੱਚ ਇਸ ਦਾ ਜ਼ਿਕਰ ਆਇਆ ਹੈ:

*ਕੁੰਡਲਨੀ ਸੁਰਝੀ ਸਤ ਸੰਗਤਿ ਪਰਮਾਨੰਦ ਗੁਰੂ ਮੁਖਿ ਮਚਾ॥* ਪੰਨਾ ੧੪੦੨

ਪਰ ਉੱਥੇ ਵੀ ਕੁੰਡਲਨੀ ਦੇ ਜਾਗਣ ਲਈ ਕਿਸੇ ਆਸਣ ਨੂੰ ਪ੍ਰਮੁੱਖਤਾ ਨਹੀਂ ਦਿੱਤੀ ਸਗੋਂ ਸਤਿ ਸੰਗਤ ਵਿੱਚ ਜਾ ਕੇ ਸੁਰਤਿ ਮਾਰਗ ਨੂੰ ਅਪਨਾਉਣ ਉੱਤੇ ਜ਼ੋਰ ਦੇ ਕੇ, ਸੁਰਤਿ ਨੂੰ ਇਕਾਗਰ ਕਰ ਕੇ ਆਪਣੇ ਅੰਦਰ ਗੁਣਾਂ ਦਾ ਪ੍ਰਕਾਸ਼ ਕਰਨ ਦਾ ਆਦੇਸ਼ ਦਿੱਤਾ ਹੈ।

ਗੁਰੂ ਗ੍ਰੰਥ ਸਾਹਿਬ ਦੀ ਵਿਲੱਖਣਤਾ ਇਸ ਦੇ 'ਸ਼ਬਦ ਗੁਰੂ' ਹੋਣ ਵਿਚ ਹੈ। ਬਾਣੀਕਾਰ ਸ਼ਬਦ ਨੂੰ ਗੁਰੂ ਮੰਨਦੇ ਹਨ ਕਿਉਂਕਿ ਸ਼ਬਦ ਅਬਿਨਾਸੀ ਹੈ। ਉਨ੍ਹਾਂ ਨੇ ਸ਼ਬਦ ਨੂੰ ਵਿਚਾਰ ਨਾਲ ਜੋੜਿਆ

ਜਿਸ ਨਾਲ ਗਿਆਨ ਦਾ ਦਰਵਾਜ਼ਾ ਖੁਲ੍ਹਦਾ ਹੈ। 'ਜਪੁਜੀ ਸਾਹਿਬ' ਵਿਚ ਵਖ-ਵਖ ਪੜਾਆਂ ਦਾ ਜਿਕਰ ਕੀਤਾ ਗਿਆ ਹੈ ਜੋ ਗਿਆਨ ਦੇ ਸਾਧਨਾਂ ਨਾਲ ਸਬੰਧਿਤ ਹੈ। ਵਿਚਾਰ ਰਾਹੀਂ ਪ੍ਰਾਪਤ ਗਿਆਨ ਮਨੁੱਖ ਨੂੰ ਅਨੁਭਵ ਦੇ ਰਸਤੇ ਤੇ ਤੋਰ ਕੇ ਧਰਤੀ ਨੂੰ ਧਰਮਸਾਲ ਬਣਾਉਂਦਾ ਹੈ ਜਿਸ ਵਿਚ ਆਚਰਣ ਦੀ ਉਸਾਰੀ ਹੁੰਦੀ ਹੈ। ਗਿਆਨ ਖੰਡ ਵਿਚ ਮਨੁੱਖ ਨੂੰ ਉਚਤਮ ਅਧਿਆਤਮਕ ਪ੍ਰਾਪਤੀਆਂ ਕਰਕੇ ਗਿਆਨ ਨੂੰ ਕਰਮ ਨਾਲ ਜੋੜ ਕੇ ਕਰਮ ਕਰਨ ਲਈ ਪ੍ਰੇਰਨਾ ਦਿੱਤੀ ਗਈ ਹੈ। ਗਿਆਨ ਦਾ ਅੰਤਿਮ ਪੜਾਅ ਅਨੁਭਵੀ ਗਿਆਨ ਹੈ ਜਿਸ ਨੇ ਉਸ 'ਜੋਤਿ' ਨਾਲ ਇਕਸੁਰ ਹੋ ਕੇ ਹੁਕਮ ਦੇ ਅਨੁਭਵ ਰਾਹੀਂ ਹੁਕਮੀ ਨੂੰ ਪ੍ਰਾਪਤ ਕਰਨਾ ਹੈ ਜੋ ਸਚਖੰਡ ਹੈ, ਜਿਥੇ ਉਸ ਪਰਮ ਸਤਿ ਦੀ ਵਿਆਪਕਤਾ ਦਾ ਅਨੁਭਵ ਹੋ ਜਾਂਦਾ ਹੈ। ਇਸ 'ਮੁਕਤੀ' ਦੀ ਅਵਸਥਾ ਨੂੰ ਗੁਰੂ ਤੇਗ ਬਹਾਦਰ ਨੇ ਇਸ ਪ੍ਰਕਾਰ ਬਿਆਨਿਆ ਹੈ:

*ਜਿਹ ਘਟਿ ਸਿਮਰਨੁ ਰਾਮ ਕੋ ਸੋ ਨਰੁ ਮੁਕਤਾ ਜਾਨੁ॥*
*ਤਿਹਿ ਨਰ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ॥* ਪੰਨਾ ੧੪੨੮

ਵੈਦਿਕ ਧਾਰਮਿਕ ਪਰੰਪਰਾਵਾਂ ਦਾ ਮੂਲ ਮਕਸਦ ਸਵੈ ਕਲਿਆਣ ਨਾਲ ਜੁੜਿਆ ਰਿਹਾ ਹੈ ਕਿਉਂਕਿ ਇਨ੍ਹਾਂ ਵਿਚ ਸਵੈ ਦੀ ਮੁਕਤੀ ਤੇ ਜ਼ੋਰ ਦਿੱਤਾ ਗਿਆ ਹੈ। ਭਾਵੇਂ ਗੁਰਮਤਿ ਦਾ ਨਿਸ਼ਾਨਾ ਮੁਕਤੀ ਹੈ ਪ੍ਰੰਤੂ ਇਹ ਮੁਕਤੀ ਅਭੇਦਤਾ ਦਾ ਦੂਜਾ ਨਾਮ ਹੈ। ਇਹ ਮੁਕਤੀ ਆਪਣੇ ਤੇ ਹੀ ਨਹੀਂ ਮੁੱਕ ਜਾਂਦੀ ਬਲਕਿ ਆਪ ਮੁਕਤ ਹੋ ਕੇ ਦੂਜਿਆਂ ਨੂੰ ਵੀ ਮੁਕਤ ਕਰਾਉਣ ਦੇ ਸਾਧਨ ਸੋਚਦਿਆਂ ਆਪਣਾ ਜੀਵਨ ਬਤੀਤ ਕਰਨ ਉੱਤੇ ਜ਼ੋਰ ਦਿੰਦੀ ਹੈ:

*ਆਪਿ ਮੁਕਤੁ ਮੁਕਤੁ ਕਰੈ ਸੰਸਾਰੁ॥*
*ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ॥* ਪੰਨਾ ੨੯੫

ਗੁਰੂ ਅਰਜਨ ਦੇਵ ਨੇ ਸੁਖਮਨੀ ਸਾਹਿਬ ਵਿਚ ਭਗਵਤੀ, ਵੈਸ਼ਨਵ ਤੇ ਪੰਡਤ ਆਦਿ ਦੀ ਪਰਿਭਾਸ਼ਾ ਦੱਸ ਕੇ ਉਹਨਾਂ ਨੂੰ ਆਪਣੇ ਅੰਦਰ ਗੁਣਾਂ ਦਾ ਪ੍ਰਕਾਸ਼ ਕਰਨ ਲਈ ਪ੍ਰੇਰਿਆ ਹੈ:-

- *ਬੈਸਨੋ ਸੋ ਜਿਸੁ ਊਪਰਿ ਸੁ ਪ੍ਰਸੰਨ॥*
  *ਬਿਸਨ ਕੀ ਮਾਇਆ ਤੇ ਹੋਇ ਭਿੰਨ॥*
- *ਭਗਉਤੀ ਭਗਵੰਤ ਭਗਤਿ ਕਾ ਰੰਗੁ॥*
  *ਸਗਲ ਤਿਆਗੈ ਦੁਸਟ ਕਾ ਸੰਗੁ॥*
- *ਸੋ ਪੰਡਿਤੁ ਜੋ ਮਨੁ ਪਰਬੋਧੈ॥*
  *ਰਾਮ ਨਾਮੁ ਆਤਮ ਮਹਿ ਸੋਧੈ॥* ਪੰਨਾ ੨੭੪

ਹਿੰਦੂ ਮਤ ਅਨੁਸਾਰ ਕੁਦਰਤ ਦਾ ਪ੍ਰਬੰਧ ਤਿੰਨ ਵਖ-ਵਖ ਦੇਵਤਿਆਂ ਬ੍ਰਹਮਾ (ਰਚਨਹਾਰ), ਵਿਸ਼ਨੂੰ (ਪ੍ਰਿਤਪਾਲਕ) ਅਤੇ ਸ਼ਿਵ (ਸੰਘਾਰਨ) ਦੀ ਸਪੁਰਦਗੀ ਅਨੁਸਾਰ ਚਲਦਾ ਹੈ। ਗੁਰਮਤਿ ਅਨੁਸਾਰ ਸੰਸਾਰ ਦੀ ਕਾਰ ਚਲਾਉਣ ਵਾਲਾ ਅਕਾਲ ਪੁਰਖ ਨੂੰ ਮੰਨਿਆ ਜਾਂਦਾ ਹੈ ਤਾਂ ਫਿਰ ਕਿਉਂ ਨਾ ਉਸ ਨੂੰ ਹੀ ਪੂਜਿਆ ਜਾਵੇ ਜੋ ਸਭ ਦਾ ਮੁੱਢ ਹੈ:

*ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥*

*ਇਕੁ ਸੰਸਾਰੀ ਇਕ ਭੰਡਾਰੀ ਇਕੁ ਲਾਏ ਦੀਬਾਣੁ॥* ਪੰਨਾ ੭

ਭਾਰਤੀ ਪਰੰਪਰਾ ਅਨੁਸਾਰ ਮਨੁੱਖਾ ਜਨਮ ਚੁਰਾਸੀ ਲੱਖ ਜੂਨਾਂ ਭੋਗਣ ਉਪਰੰਤ ਪ੍ਰਾਪਤ ਹੁੰਦਾ ਹੈ। ਜੋ ਜਾਨ ਨੂੰ ਅਨੇਕਾਂ ਜੋਖਾਂ ਵਿਚ ਪੈਣ ਮਗਰੋਂ ਅਤੇ ਅਨੰਤ ਜੂਨਾਂ ਦਾ ਭੁਗਤਾਣ ਕਰਨ ਬਾਦ ਹੀ ਨਸੀਬ ਹੋਇਆ ਹੈ। ਇਸ ਲਈ ਇਸ ਨੂੰ ਅਜਾਈਂ ਗੁਆਉਣ ਦੀ ਬਜਾਏ ਪ੍ਰਮਾਤਮਾ ਨਾਲ ਜੁੜਨ ਦੀ ਜਾਚ ਸਿਖਣੀ ਚਾਹੀਦੀ ਹੈ:

*ਭਈ ਪਰਾਪਤਿ ਮਾਨੁਖ ਦੇਹੁਰੀਆ॥*

*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥* ਪੰਨਾ ੧੨

ਭਾਰਤੀ ਦਾਰਸ਼ਨਿਕ ਪਰੰਪਰਾ ਵਿਚਾਰਾਂ ਤੇ ਸਿਧਾਤਾਂ ਦੀ ਉਪਯੋਗਤਾ ਦੇ ਪੱਖ ਨੂੰ ਹਮੇਸ਼ਾ ਪੂਰਦੀ ਹੈ ਕਿਉਂਕਿ ਇਸ ਉਪਯੋਗਤਾ ਦਾ ਸੰਬੰਧ ਮਨੁੱਖ ਦੇ ਆਤਮਿਕ ਕਲਿਆਣ ਨਾਲ ਹੋਣ ਕਰਕੇ ਸਮੁੱਚੀ ਭਾਰਤੀ ਪਰੰਪਰਾ ਮਾਨਵਵਾਦੀ ਪ੍ਰਭਾਵ ਦੀ ਲਖਾਇਕ ਹੈ। ਇਸ ਦਾ ਧੁਰਾ ਆਤਮਾ ਪਰਮਾਤਮਾ, ਕਰਮ ਸਿਧਾਂਤ ਤੇ ਆਵਾਗਵਣ, ਮੁਕਤੀ ਮਾਰਗ ਤੇ ਪਰਮ ਅਨੰਦ ਦੀ ਪ੍ਰਾਪਤੀ ਹਨ। ਭਾਰਤੀ ਦਾਰਸ਼ਨਿਕ ਪਰੰਪਰਾ ਦੇ ਨਾਲ ਇਸਲਾਮੀ ਅਤੇ ਸੂਫੀ ਵਿਚਾਰਾਂ ਦਾ ਪ੍ਰਭਾਵ ਵੀ ਗੁਰੂ ਗ੍ਰੰਥ ਸਾਹਿਬ ਵਿੱਚ ਦੇਖਿਆ ਜਾਂਦਾ ਹੈ। ਪ੍ਰਸਿੱਧ ਵਿਦਵਾਨ ਡਾ. ਵਜ਼ੀਰ ਸਿੰਘ ਅਨੁਸਾਰ:

> *ਕਈ ਵਿਦਵਾਨਾਂ ਨੂੰ ਨਾਨਕ ਬਾਣੀ ਇਕ ਪਾਸੇ ਉਪਨਿਸ਼ਦ-ਵੇਦਾਂਤਕ ਅਤੇ ਦੂਜੇ ਪਾਸੇ ਇਸਲਾਮੀ-ਸੂਫੀ ਧਾਰਾਵਾਂ ਦਾ ਸਮਿਨਵੈ ਜਾਪਦੀ ਹੈ। ਉਨ੍ਹਾਂ ਲਈ ਗੁਰਬਾਣੀ ਦੀ ਵਿਲੱਖਣਤਾ ਦੋ ਪਰੰਪਰਾਵਾਂ ਦੇ ਸਫਲ ਸੰਜੋਗ ਤੋਂ ਵੱਧ ਕੁਝ ਨਹੀਂ।*[44]

ਬੁੱਧ ਧਰਮ ਵਿੱਚ ਮੁਕਤੀ ਨੂੰ 'ਨਿਰਵਾਣ' ਕਿਹਾ ਜਾਂਦਾ ਹੈ। ਨਿਰਵਾਣ ਦਾ ਸ਼ਬਦੀ ਅਰਥ ਹੈ ਬੁਝ ਜਾਣਾ ਭਾਵ ਦੁੱਖ ਰੂਪੀ ਦੀਪਕ ਦਾ ਬੁਝਣਾ। ਮਹਾਤਮਾ ਬੁੱਧ ਨੇ ਦੁੱਖਾਂ ਨੂੰ ਦੂਰ ਕਰਨ ਲਈ ਗ ਮਾਰਗ ਦਾ ਰਾਹ ਸੁਝਾਇਆ। ਗੁਰਬਾਣੀ ਚਿੰਤਨ ਅਨੁਸਾਰ ਮੁਕਤੀ ਲੌਕਿਕ ਬੰਧਨਾਂ ਤੋਂ ਹੈ, ਪਰੰਤੂ ਪਾਰਲੌਕਿਕਤਾ ਤੱਕ ਪੁੱਜਣ ਲਈ ਗੁਰੂ ਉਪਦੇਸ਼ ਦੀ ਜ਼ਰੂਰਤ ਹੈ ਕਿਉਂਕਿ ਗੁਰਮਤਿ ਵਿੱਚ ਮਨੁੱਖ

ਤੋਂ ਅੱਗੇ ਚੰਗਾ ਮਨੁੱਖ, ਨੇਕ ਮਨੁੱਖ ਜਾਂ ਗੁਰਮੁਖ ਬਨਣ ਉੱਤੇ ਜ਼ੋਰ ਦਿੱਤਾ ਗਿਆ ਹੈ। ਇੱਥੇ ਮੁਕਤੀ ਹਉਮੈ, ਮਾਨਸਿਕ ਵਿਕਾਰਾਂ, ਕਰਮ ਕਾਂਡਾਂ, ਪਾਖੰਡਾਂ, ਅਡੰਬਰਾਂ ਅਤੇ ਮੋਹ ਮਾਇਆ ਨੂੰ ਦੂਰ ਕਰਨ ਵਿੱਚ ਹੈ। ਇਸ ਸੰਦਰਭ ਵਿੱਚ ਗੁਰੂ ਨਾਨਕ ਸਾਹਿਬ ਦੀਆਂ ਪੰਕਤੀਆਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ:

*ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥* ਪੰਨਾ ੬

ਅਸੀਂ ਇਹ ਸਿੱਧ ਕਰਨ ਦੀ ਕੋਸ਼ਿਸ਼ ਕਰ ਚੁੱਕੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਵਿਚ ਧਰਮ ਨੂੰ ਕਰਮ-ਕਾਂਡਾਂ ਵਿਚੋਂ ਕੱਢ ਕੇ ਨੈਤਿਕ ਗੁਣਾਂ ਨਾਲ ਜੋੜਿਆ ਗਿਆ ਹੈ। ਨੈਤਿਕਤਾ ਨੂੰ ਧਰਮ ਦਾ ਅਸਲ ਪੱਖ ਮੰਨਿਆ ਹੈ। ਮਨੁੱਖ ਵਿਚ ਜਾਤ ਪਾਤ, ਧਰਮ, ਨਸਲ, ਰੰਗ, ਲਿੰਗ ਅਤੇ ਊਚ-ਨੀਚ ਦੇ ਅਧਾਰ ਤੇ ਕੋਈ ਵਖਰਤਾ ਨਹੀਂ ਹੋਣੀ ਚਾਹੀਦੀ। ਮਨੁੱਖ ਨੂੰ ਬਰਾਬਰੀ ਦੇ ਆਧਾਰ ਤੇ ਹੀ ਪਰਮ-ਸਤਿ ਤਕ ਪਹੁੰਚਣ ਦੀ ਸਮਰੱਥਾ 'ਸ਼ਬਦ ਗੁਰੂ' ਰਾਹੀਂ ਆ ਸਕਦੀ ਹੈ। ਸਤਿ, ਸੰਤੋਖ, ਹਲੀਮੀ, ਪਰਉਪਕਾਰ, ਦਇਆ ਆਦਿ ਗੁਣਾਂ ਦੇ ਅਧਾਰ ਤੇ ਧਰਮ ਕਲਿਆਣਕਾਰੀ ਹੋ ਸਕਦਾ ਹੈ। ਜਦੋਂ ਧਰਮ ਨੂੰ ਨੈਤਿਕ ਗੁਣਾਂ ਤੋਂ ਨਿਖੇੜ ਦਿੱਤਾ ਜਾਵੇ ਤਾਂ ਧਰਮ ਦਾ ਅਸਲ ਮਨੋਰਥ ਗੁਆਚ ਜਾਂਦਾ ਹੈ।

*ਸਾਮੀ ਅਤੇ ਵੈਦਿਕ ਸਭਿਆਚਾਰਾਂ ਦੀ ਮੁਠਭੇੜ ਦੇ ਸਾਂਝੇ ਮੈਦਾਨ ਦੀ ਪਿੱਠ-ਭੂਮੀ ਉਤੇ ਗੁਰਬਾਣੀ ਦਾ ਅਨਭਉ ਪ੍ਰਗਾਸ ਹੈ। ਇਹ ਸੱਚ ਬੋਲਣ ਜਾਂ ਸੁਨਣ ਵਾਲਾ ਸੱਚ ਨਹੀਂ, ਕਿਉਂਕਿ ਇਹ ਸੱਚ ਤਾਂ ਹਿੱਤ-ਪ੍ਰਧਾਨ ਹੁੰਦਾ ਹੈ ਤੇ ਜ਼ੋਰਾਵਰ ਦੀ ਬੁੱਕਲ ਵਿਚ ਬੈਠਦਾ ਹੈ। ਇਹ ਸੱਚ ਜ਼ੱਰੇ-ਜ਼ੱਰੇ ਵਿਚ ਰੂਪ ਧਾਰਨ ਕਰੀ ਬੈਠਾ ਹੈ। ਇਸ ਸੱਚ ਦੀ ਬਾਣੀ ਨੂੰ ਵੱਖੋ-ਵੱਖਰੇ ਸਥਾਪਿਤ ਪੱਖਾਂ ਜੋਤ, ਜੁਗਤ, ਅਮਲ ਅਤੇ ਇਤਿਹਾਸਕ ਵਿਲੱਖਣਤਾ ਨੂੰ ਕਲਮ ਬੱਧ ਕੀਤਾ ਹੈ।* [45]

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸ਼ਬਦ-ਮਾਡਲ ਸਮੁੱਚੇ ਸੰਸਾਰ ਨੂੰ ਅਗਵਾਈ ਦੇਣ ਦੇ ਸਮਰੱਥ ਹੈ। ਇਸ ਵਿਚ ਲੌਕਿਕਤਾ ਤੇ ਪਾਰਲੌਕਿਕਤਾ ਇਕ ਦੂਜੇ ਵਿਚ ਰਲਗੱਡ ਹੋ ਕੇ ਮਨੁੱਖ ਦੇ ਸੰਪੂਰਨ ਵਿਕਾਸ ਤੇ ਜ਼ੋਰ ਦਿੰਦਾ ਹੈ। ਰਹੱਸਵਾਦੀ ਚਿੰਤਨ ਮਨੁੱਖ ਨੂੰ ਸੰਸਾਰ ਨਾਲ ਜੋੜ ਕੇ ਸਗੋਂ ਉਸ ਨੂੰ ਇਕ ਉਤਮ ਜੀਵਨ ਜਿਉਣ ਦੀ ਜਾਚ ਦਸਕੇ ਸਮੁੱਚੇ ਸੰਸਾਰ ਨੂੰ ਅਸਲ ਅਰਥਾਂ ਵਿਚ 'ਆਦਰਸ਼ ਮਨੁੱਖ' ਬਣਕੇ ਮੀਰੀ ਪੀਰੀ ਅਤੇ ਭਗਤੀ ਸ਼ਕਤੀ ਰਾਹੀਂ ਸਹਿਹੋਂਦ ਦੇ ਸਿਧਾਂਤ ਨੂੰ ਪ੍ਰਗਟਾਉਣਾ ਹੈ। ਇਸ ਵਿਚਲਾ ਸਮਾਜਿਕ-ਸਭਿਆਚਾਰਕ ਅਤੇ ਧਾਰਮਿਕ ਚਿੰਤਨ ਹਰ ਸਮੇਂ ਆਪਣੀ ਆਸਥਾ ਬਣਾਈ ਰਖੇਗਾ।

# ਹਵਾਲੇ ਅਤੇ ਟਿੱਪਣੀਆਂ

1. ਉਧਰਿਤ, ਡਾ. ਜਸਵਿੰਦਰ ਕੌਰ ਢਿੱਲੋਂ, *ਗੁਰੂ ਗ੍ਰੰਥ ਸਾਹਿਬ ਦੇ ਵਿਭਿੰਨ ਪਰਿਪੇਖ*, ਪੰਨਾ 28
2. ਡਾ. ਜਗਬੀਰ ਸਿੰਘ, *ਪਾਠ, ਅੰਤਰ-ਪਾਠ ਤੇ ਪ੍ਰਸੰਗ*, ਪੰਨਾ 89
3. ਡਾ. ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ-ਪ੍ਰਣਾਲੀਆਂ*, ਪੰਨਾ 1
4. ਡਾ. ਹਰਭਜਨ ਸਿੰਘ ਭਾਟੀਆ, *ਬਾਣੀ ਅਧਿਐਨ: ਸਰਵੇਖਣ ਅਤੇ ਮੁਲਾਂਕਣ*, ਪੰਨਾ 111
5. ਡਾ. ਗੁਰਚਰਨ ਸਿੰਘ, *ਗੁਰਬਾਣੀ ਸੱਭਿਆਚਾਰ*, ਪੰਨਾ 10
6. ਭਾਈ ਕਾਹਨ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ 748
7. ਡਾ. ਗੁਰਭਗਤ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਅਜੋਕੇ ਵਿਆਖਿਆ ਸ਼ਾਸਤਰ*, ਪੰਨਾ 15
8. ਡਾ. ਗੁਰਪਾਲ ਸਿੰਘ ਸੰਧੂ, *ਸ੍ਰੀ ਗੁਰੂ ਗ੍ਰੰਥ ਸਾਹਿਬ: ਉੱਤਰ ਬਸਤੀਵਾਦੀ ਦ੍ਰਿਸ਼ਟੀ*, ਪੰਨਾ 68
9. ਡਾ. ਜਗਬੀਰ ਸਿੰਘ, *ਗੁਰਮਤਿ ਕਾਵਿ ਦੀ ਪਰੰਪਰਾ, ਗੁਰਮਤਿ ਕਾਵਿ*, ਪੰਨਾ 10
10. - ਉਹੀ -, *ਵਿਸ਼ਾ ਪ੍ਰਵੇਸ਼, ਮਾਨਵ ਮੁਕਤੀ ਅਤੇ ਦਲਿਤ ਚੇਤਨਾ ਦਾ ਪ੍ਰਵਚਨ*, ਪੰਨਾ 6
11. ਡਾ. ਮਨਜੀਤ ਸਿੰਘ, *ਗੁਰਬਾਣੀ ਦੀ ਪ੍ਰਵਚਨ ਨਿਰਮਾਣ ਵਿਧੀ*, ਪੰਨਾ 71
12. ਡਾ. ਜਗਬੀਰ ਸਿੰਘ, *ਮਾਨਵ ਮੁਕਤੀ ਤੇ ਦਲਿਤ ਚੇਤਨਾ ਦਾ ਪ੍ਰਵਚਨ: ਗੁਰੂ ਗ੍ਰੰਥ ਸਾਹਿਬ, ਵਿਸ਼ਾ ਪ੍ਰਵੇਸ਼*, ਪੰਨਾ 78
13. ਉਹੀ, *ਸ੍ਰੀ ਗੁਰੂ ਗ੍ਰੰਥ ਸਾਹਿਬ: ਸਮਕਾਲੀਨ ਪ੍ਰਸੰਗਿਕਤਾ, ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਇਕੀਵੀਂ ਸਦੀ*, ਪੰਨਾ 44
14. ਡਾ. ਕੁਲਦੀਪ ਸਿੰਘ ਧੀਰ, ਗੁਰੂ ਗ੍ਰੰਥ ਸਾਹਿਬ-ਉਤਰ ਆਧੁਨਿਕ ਦ੍ਰਿਸ਼ਟੀ ਬਿੰਦੂ, *ਜਨ ਸਾਹਿਤ* (ਸਤੰਬਰ, 2004), ਪੰਨਾ 5
15. ਡਾ. ਗੁਰਚਰਨ ਸਿੰਘ, *ਮਧਕਾਲੀ ਪਾਠ ਤੇ ਵਰਤਮਾਨ ਪ੍ਰਸੰਗ*, ਪੰਨਾ 37
16. ਡਾ. ਜਗਬੀਰ ਸਿੰਘ, *ਵਿਸ਼ਾ ਪ੍ਰਵੇਸ਼, ਮਾਨਵ ਮੁਕਤੀ ਅਤੇ ਦਲਿਤ ਚੇਤਨਾ ਦਾ ਪ੍ਰਵਚਨ, ਗੁਰੂ ਗ੍ਰੰਥ ਸਾਹਿਬ*, ਪੰਨਾ 82

17. ਡਾ. ਜਸਬੀਰ ਸਿੰਘ ਸਾਬਰ, ***ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਇਕੀਵੀਂ ਸਦੀ***, ਪੰਨਾ 1-2
18. ਡਾ. ਦੇਵਿੰਦਰ ਸਿੰਘ, ***ਗੁਰਮਤਿ ਜੀਵਨ ਦਰਸ਼ਨ ਤੇ ਗੁਰੂ ਗ੍ਰੰਥ ਸਾਹਿਬ ਦਾ ਰਾਗ-ਪ੍ਰਬੰਧ***, ਪੰਨਾ 71
19. ਡਾ. ਜਗਬੀਰ ਸਿੰਘ, ***ਗੁਰੂ ਗ੍ਰੰਥ ਬਾਣੀ, ਅੰਤਰ-ਪਾਠ ਤੇ ਪ੍ਰਸੰਗ***, ਪੰਨਾ 81
20. ਡਾ. ਮਨਮੋਹਨ ਸਹਿਗਲ, ***ਵਿਸ਼ਾ ਪ੍ਰਵੇਸ਼***, ਪੰਨਾ 15-16
21. ਡਾ. ਕੇਸਰ ਸਿੰਘ ਛਿੱਬਰ, ***ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ, ਚੌਦਵਾਂ ਚਰਨ***, ਪੰਨਾ 82
22. ਡਾ. ਹਰੀ ਰਾਮ ਗੁਪਤਾ, ***History of Sikh Gurus***, ਪੰਨਾ 108
23. ਡਾ. ਮਨਮੋਹਨ ਸਹਿਗਲ, ***ਵਿਸ਼ਾ ਪ੍ਰਵੇਸ਼, ਗੁਰੂ ਗ੍ਰੰਥ ਸਾਹਿਬ ਦਾ ਸਾਂਸਕ੍ਰਿਤਕ ਸਰਵੇਖਣ***, ਪੰਨਾ 15-16
24. ਡਾ. ਧਰਮਪਾਲ ਸਿੰਗਲ, ***ਭਗਤ ਬਾਣੀ ਦੇ ਵਿਚਾਰਧਾਰਾਈ ਅਧਾਰ***, ਪੰਨਾ 148
25. ਡਾ. ਜਗਬੀਰ ਸਿੰਘ, ***ਗੁਰੂ ਗ੍ਰੰਥ ਬਾਣੀ, ਅੰਤਰ-ਪਾਠ ਤੇ ਪ੍ਰਸੰਗ***, ਪੰਨਾ 89
26. ਡਾ. ਦੇਵਿੰਦਰ ਸਿੰਘ, ***ਭਗਤੀ ਪਰੰਪਰਾ ਤੇ ਪੰਜਾਬੀ ਭਗਤੀ ਸਾਹਿਤ***, ਪੰਨਾ 47
27. ਡਾ. ਭਗਤ ਸਿੰਘ ਹੀਰਾ, ***ਗੀਤਾ ਅਤੇ ਗੁਰਮਤਿ, ਗੁਰਮਤਿ ਵਿਚਾਰਧਾਰਾ***, ਪੰਨਾ 77
28. ਡਾ. ਕਿਰਪਾਲ ਸਿੰਘ, ***ਪ੍ਰਵੇਸ਼ਿਕਾ, ਸਿੱਖ ਇਤਿਹਾਸ ਦੇ ਵਿਸ਼ੇਸ਼ ਪੱਖ***, ਪੰਨਾ 17
29. ਡਾ. ਅਮਰਜੀਤ ਸਿੰਘ ਕਾਂਗ, ***ਮਧਕਾਲੀ ਪੰਜਾਬੀ ਅਧਿਆਤਮਕ ਕਵਿਤਾ ਨਵੇਂ ਮਾਨਵੀ ਸੰਕਲਪ***, ਪੰਨਾ 98
30. ਡਾ. ਅਤਰ ਸਿੰਘ, ***Sheikh Farid and Panjabi Poetic Tradition***, ਪੰਨਾ 9
31. ਡਾ. ਸ਼ਾਂਤੀ ਨਾਥ ਗੁਪਤਾ, ***ਮਹਾਤਮਾ ਬੁਧ ਦੇ ਦਾਰਸ਼ਨਿਕ ਵਿਚਾਰ***, ਪੰਨਾ 96
32. ਡਾ. ਸ਼ੇਰ ਸਿੰਘ, ***ਗੁਰਮਤਿ ਦਰਸ਼ਨ***, ਪੰਨਾ 129
33. ਡਾ. ਜੋਧ ਸਿੰਘ, ***ਭਾਰਤੀ ਚਿੰਤਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ***, ਪੰਨਾ 122
34. ਡਾ. ਤਾਰਨ ਸਿੰਘ, ***ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ***, ਪੰਨਾ 486
35. ਡਾ. ਜਸਬੀਰ ਸਿੰਘ ਸਾਬਰ, ***ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਯੁਕਤ ਮਾਨਵ-ਹਿਤੂ ਸਿਧਾਂਤਾਂ ਦੀ ਪਿੱਠ-ਭੂਮੀ***, ਪੰਨਾ 558
36. ਡਾ. ਜਸਵਿੰਦਰ ਕੌਰ ਢਿੱਲੋਂ, ***ਗੁਰੂ ਗ੍ਰੰਥ ਸਾਹਿਬ ਦੇ ਵਿਵਿਧ ਪਰਿਪੇਖ***, ਪੰਨਾ 30

37. ਡਾ.ਅਮਰਜੀਤ ਸਿੰਘ ਗਰੇਵਾਲ, *ਇੱਕੀਵੀਂ ਸਦੀ ਦੇ ਮਾਨਵ ਤੇ ਸਮਾਜ ਦੀ ਸਿਰਜਣਾ ਲਈ ਗੁਰੂ ਗ੍ਰੰਥ ਸਾਹਿਬ ਦੀ ਪ੍ਰਸੰਗਿਕਤਾ- ਇਕ ਦ੍ਰਿਸ਼ਟੀਕੋਣ*, ਪੰਨਾ 94

38. ਡਾ. ਬਲਕਾਰ ਸਿੰਘ, *ਸ਼ਬਦ ਗੁਰੂ ਦਾ ਵਰਤਮਾਨ ਸੰਦਰਭ*, ਪੰਨਾ 39

39. ਡਾ. ਗੁਰਵਿੰਦਰ ਕੌਰ ਚੀਮਾ, *ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਧਰਮ ਦਾ ਸੰਕਲਪ*, ਪੰਨਾ 2

40. ਡਾ. ਰਤਨ ਸਿੰਘ ਜੱਗੀ, *ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਕੋਸ਼*, ਪੰਨਾ 423

41. ਡਾ. ਅਸ਼ੋਕ ਖੁਰਾਣਾ, *ਮਾਨਵੀ ਸਮਾਜ-ਸਭਿਆਚਾਰ ਲਈ ਖ਼ੂਬਸੂਰਤ ਮਾਡਲ, ਗੁਰਮਤਿ ਕਾਵਿ*, ਪੰਨਾ 20

42. ਡਾ. ਮਹਿੰਦਰ ਕੌਰ ਗਿੱਲ, *ਗੁਰਬਾਣੀ ਦੀ ਵਿਚਾਰਆਤਮਕ ਭੂਮੀ*, ਪੰਨਾ 28

43. ਡਾ. ਵਜ਼ੀਰ ਸਿੰਘ, *ਉਪਨਿਸ਼ਦਾਂ ਦੀ ਦਾਰਸ਼ਨਿਕਤਾ*, ਪੰਨਾ 88-89

44. -ਉਹੀ-, *ਫਲਸਫਾ ਤੇ ਸਿੱਖ ਫਲਸਫਾ*, ਪੰਨਾ 37

45. ਪ੍ਰੋ. ਦੇਵਿੰਦਰ ਸਿੰਘ, *ਗੁਰਬਾਣੀ ਦੀ ਵਿਚਾਰਾਤਮਕ ਪਿੱਠ ਭੂਮੀ, ਮੱਧਕਾਲੀਨ ਪੰਜਾਬੀ ਸਾਹਿਤ ਪੁਨਰ ਨਿਰੀਖਣ*, ਪੰਨਾ 25

**0-0-0**

# ਅਧਿਆਇ ਦੂਜਾ
# ਗੁਰੂ ਗ੍ਰੰਥ ਸਾਹਿਬ ਵਿੱਚ ਸੰਕਲਿਤ ਰਾਗ ਮੁਕਤ ਬਾਣੀ ਦੀ ਤਰਤੀਬ ਅਤੇ ਵਿਵੇਚਨ

**(ੳ) ਗੁਰੂ ਗ੍ਰੰਥ ਸਾਹਿਬ : ਸੰਕਲਨ ਅਤੇ ਵਿਲੱਖਣ ਸੰਪਾਦਨ ਮਾਡਲ**

**(ਅ) ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਬਿਓਰਾ**

- (i) ਨਿਤਨੇਮ ਦੀਆਂ ਬਾਣੀਆਂ
- (ii) ਰਾਗ-ਬੱਧ ਬਾਣੀ
- (iii) ਰਾਗ-ਮੁਕਤ ਬਾਣੀ

**(ੲ) ਗੁਰੂ ਸਾਹਿਬਾਨ ਦੀ ਬਾਣੀ**

- (i) ਜਪੁਜੀ ਸਾਹਿਬ
- (ii) ਸਲੋਕ ਸਹਸਕ੍ਰਿਤੀ ਮਹਲਾ ੧
- (iii) ਸਲੋਕ ਸਹਸਕ੍ਰਿਤੀ ਮਹਲਾ ੫
- (iv) ਮਹਲਾ ੫ ਗਾਥਾ
- (v) ਫੁਨਹੇ ਮਹਲਾ ੫
- (vi) ਚਉਬੋਲੇ ਮਹਲਾ ੫
- (vii) ਸਵੱਯੇ ਸ੍ਰੀ ਮੁਖਵਾਕ ਮਹਲਾ ੫ - ਦੋ ਜੁਟ
- (viii) ਸਲੋਕ ਵਾਰਾਂ ਤੇ ਵਧੀਕ
  - ਮਹਲਾ ੧
  - ਮਹਲਾ ੩
  - ਮਹਲਾ ੪
  - ਮਹਲਾ ੫
- (ix) ਸਲੋਕ ਮਹਲਾ ੯
- (x) ਮੁੰਦਾਵਣੀ ਮਹਲਾ ੫

**(ਸ) ਭਗਤ ਬਾਣੀ**

- (i) ਸਲੋਕ ਭਗਤ ਕਬੀਰ ਜੀਉ ਕੇ
- (ii) ਸਲੋਕ ਸੇਖ ਫਰੀਦ ਕੇ

**(ਹ) ਭੱਟਾਂ ਦੇ ਸੱਵਈਏ- ਮਹਲੇ ਪਹਿਲੇ ਕੇ, ਦੂਜੇ ਕੇ, ਤੀਜੇ ਕੇ, ਚਉਥੇ ਕੇ, ਪੰਜਵੇਂ ਕੇ**

**(ਕ) ਰਾਗ ਮਾਲਾ**

# ਅਧਿਆਇ ਦੂਜਾ
# ਗੁਰੂ ਗ੍ਰੰਥ ਸਾਹਿਬ ਵਿੱਚ ਸੰਕਲਿਤ ਰਾਗ ਮੁਕਤ ਬਾਣੀ ਦੀ ਤਰਤੀਬ ਅਤੇ ਵਿਵੇਚਨ

**(ੳ) ਗੁਰੂ ਗ੍ਰੰਥ ਸਾਹਿਬ : ਸੰਕਲਨ ਅਤੇ ਵਿਲੱਖਣ ਸੰਪਾਦਨ ਮਾਡਲ**

**(ਅ) ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਬਿਓਰਾ**

(i) ਨਿਤਨੇਮ ਦੀਆਂ ਬਾਣੀਆਂ
(ii) ਰਾਗ-ਬੱਧ ਬਾਣੀ
(iii) ਰਾਗ-ਮੁਕਤ ਬਾਣੀ

**(ੲ) ਗੁਰੂ ਸਾਹਿਬਾਨ ਦੀ ਬਾਣੀ**

(i) ਜਪੁਜੀ ਸਾਹਿਬ
(ii) ਸਲੋਕ ਸਹਸਕ੍ਰਿਤੀ ਮਹਲਾ ੧
(iii) ਸਲੋਕ ਸਹਸਕ੍ਰਿਤੀ ਮਹਲਾ ੫
(iv) ਮਹਲਾ ੫ ਗਾਥਾ
(v) ਫੁਨਹੇ ਮਹਲਾ ੫
(vi) ਚਉਬੋਲੇ ਮਹਲਾ ੫
(vii) ਸਵੱਯੇ ਸ੍ਰੀ ਮੁਖਵਾਕ ਮਹਲਾ ੫ - ਦੋ ਜੁਟ
(viii) ਸਲੋਕ ਵਾਰਾਂ ਤੇ ਵਧੀਕ
ਮਹਲਾ ੧
ਮਹਲਾ ੩
ਮਹਲਾ ੪
ਮਹਲਾ ੫
(ix) ਸਲੋਕ ਮਹਲਾ ੯
(x) ਮੁੰਦਾਵਣੀ ਮਹਲਾ ੫

**(ਸ) ਭਗਤ ਬਾਣੀ**

(i) ਸਲੋਕ ਭਗਤ ਕਬੀਰ ਜੀਉ ਕੇ
(ii) ਸਲੋਕ ਸੇਖ ਫਰੀਦ ਕੇ

**(ਹ) ਭੱਟਾਂ ਦੇ ਸੱਵਈਏ- ਮਹਲੇ ਪਹਿਲੇ ਕੇ, ਦੂਜੇ ਕੇ, ਤੀਜੇ ਕੇ, ਚਉਥੇ ਕੇ, ਪੰਜਵੇਂ ਕੇ**

**(ਕ) ਰਾਗ ਮਾਲਾ**

# ਗੁਰੂ ਗ੍ਰੰਥ ਸਾਹਿਬ ਵਿੱਚ ਸੰਕਲਿਤ ਰਾਗ ਮੁਕਤ ਬਾਣੀ ਦੀ ਤਰਤੀਬ ਅਤੇ ਵਿਵੇਚਨ

## (ੳ) ਗੁਰੂ ਗ੍ਰੰਥ ਸਾਹਿਬ: ਸੰਕਲਨ ਅਤੇ ਵਿਲੱਖਣ ਸੰਪਾਦਨ ਮਾਡਲ

ਗੁਰੂ ਗ੍ਰੰਥ ਸਾਹਿਬ ਸਿੱਖ ਧਰਮ ਦਾ ਪਵਿੱਤਰ ਧਰਮ ਗ੍ਰੰਥ ਹੈ। ਇਸ ਵਿਚ ਦਰਜ ਬਾਣੀ ਦੀ ਰਚਨਾ, ਸੰਕਲਨ ਅਤੇ ਸੰਪਾਦਨਾ ਦਾ ਅਧਿਆਤਮਵਾਦ ਅਤੇ ਵਿਸ਼ਵ ਦੇ ਧਾਰਮਿਕ ਗ੍ਰੰਥਾਂ ਵਿਚ ਇਕ ਵਿਲੱਖਣ ਸਥਾਨ ਹੈ। ਇਸ ਵਿਚ ਸੰਕਲਿਤ ਬਾਣੀ ਨੂੰ ਸਿੱਖ ਚਿੰਤਨ ਦੀ ਆਧਾਰ ਸ਼ਿਲਾ ਮੰਨਿਆ ਗਿਆ ਹੈ। ਇਸ ਗ੍ਰੰਥ ਦੀ ਸੰਪਾਦਨਾ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਨੇ ਕੀਤੀ। ਇਸ ਗ੍ਰੰਥ ਵਿਚ ੬ ਗੁਰੂ ਸਾਹਿਬਾਨ ਤੋਂ ਇਲਾਵਾ, ਦੇਸ਼ ਦੇ ਵੱਖ-ਵੱਖ ਖੇਤਰਾਂ ਅਤੇ ਮਤਾਂ ਮਤਾਤਰਾਂ ਦੇ ੧੫ ਭਗਤਾਂ, ੧੧ ਭੱਟਾਂ ਅਤੇ ੪ ਗੁਰੂ ਘਰ ਦੇ ਨਿਕਟਵਰਤੀ ਗੁਰਸਿੱਖਾਂ ਦੀ ਬਾਣੀ ਦਰਜ ਹੈ। ੧੪੩੦ ਅੰਗਾਂ ਦੇ ਇਸ ਪਾਵਨ ਗ੍ਰੰਥ ਨੂੰ ਸੰਪਾਦਿਤ ੧੬੦੪ ਈ: ਵਿਚ ਕੀਤਾ ਗਿਆ ਸੀ ਪਰ ਇਸ ਨੂੰ 'ਗੁਰੂ' ਦਾ ਦਰਜਾ ੧੭੦੮ ਈ. ਵਿਚ ਗੁਰੂ ਗੋਬਿੰਦ ਸਿੰਘ ਦੁਆਰਾ ਪ੍ਰਾਪਤ ਹੋਇਆ। ਡਾ. ਰਤਨ ਸਿੰਘ ਜੱਗੀ ਇਸ ਗ੍ਰੰਥ ਦੇ ਸੰਕਲਨ ਅਤੇ ਸੰਪਾਦਨ ਬਾਰੇ ਆਪਣੀ ਰਾਇ ਇਸ ਪ੍ਰਕਾਰ ਪ੍ਰਗਟਾਉਂਦੇ ਹਨ :

> *ਇਸ ਗ੍ਰੰਥ ਦੇ ਸੰਕਲਨ ਰਾਹੀਂ ਸਿਖ ਧਰਮ ਦੀ ਸਾਂਝੀਵਾਲਤਾ ਅਤੇ ਵਿਸ਼ਵ-ਬੰਧੁਤਾ ਦੀ ਭਾਵਨਾ ਦੀ ਗੌਰਵਮਈ ਭਾਵਨਾ ਨਿਭਾਈ ਗਈ ਹੈ। ਸਾਹਿਤ ਜਗਤ ਵਿਚ ਸੰਪਾਦਨ ਕਾਰਜ ਦਾ ਮੀਲ-ਪੱਥਰ ਸਥਾਪਤ ਕੀਤਾ ਗਿਆ।* [1]

ਸੰਸਾਰ ਦੇ ਲਗਪਗ ਸਾਰੇ ਧਰਮ ਗ੍ਰੰਥਾਂ ਦਾ ਸੰਕਲਨ ਅਤੇ ਸੰਪਾਦਨ ਉਨ੍ਹਾਂ ਦੇ ਬਾਨੀਆਂ ਤੋਂ ਪਿੱਛੋਂ ਉਨ੍ਹਾਂ ਦੇ ਅਨੁਆਈਆਂ ਦੁਆਰਾ ਕੀਤਾ ਗਿਆ। ਯਹੂਦੀਆਂ ਦੀ ਬਾਈਬਲ 'ਪੁਰਾਣਾ ਨੇਮ' ਜਾਂ ਈਸਾਈਆਂ ਦੀ ਬਾਈਬਲ 'ਨਵਾਂ ਨੇਮ', ਇਸਲਾਮ ਦਾ 'ਕੁਰਾਨ ਸ਼ਰੀਫ' ਸਾਰੇ ਧਰਮ ਗ੍ਰੰਥਾਂ ਦਾ ਸੰਕਲਨ ਅਤੇ ਸੰਪਾਦਨ ਹਜ਼ਰਤ ਮੂਸਾ, ਯਿਸੂ ਮਸੀਹ ਅਤੇ ਹਜ਼ਰਤ ਮੁਹੰਮਦ ਸਾਹਿਬ ਆਦਿ ਦੇ ਜੀਵਨ ਕਾਲ ਤੋਂ ਹੀ ਬਾਦ ਕੀਤਾ ਗਿਆ। ਵੇਦ ਅਤੇ ਉਪਨਿਸ਼ਦ ਬਹੁਤ ਲੰਮੇ ਸਮੇਂ ਤੱਕ ਮੌਖਿਕ ਪਰੰਪਰਾ ਰਾਹੀਂ ਹੀ ਗੁਰੂ ਤੋਂ ਚੇਲੇ ਤੱਕ ਪੁੱਜਦੇ ਰਹੇ। ਬੁੱਧ ਧਰਮ ਦੇ ਗ੍ਰੰਥਾਂ ਦਾ ਸੰਕਲਨ ਵੀ ਮਹਾਤਮਾ ਬੁੱਧ ਤੋਂ ਪਿੱਛੋਂ ਉਨ੍ਹਾਂ ਦੇ ਚੇਲਿਆਂ ਰਾਹੀਂ ਕੀਤਾ ਗਿਆ। ਸੰਸਾਰ ਦੇ ਸਾਰੇ ਧਰਮਾਂ ਦੇ ਆਪੋ-ਆਪਣੇ ਧਰਮ ਗ੍ਰੰਥ ਹੁੰਦੇ ਹਨ। ਵੇਦ, ਬਾਈਬਲ, ਕੁਰਾਨ ਵੱਖੋ-ਵੱਖਰੇ ਧਰਮਾਂ ਨਾਲ

ਸਬੰਧਿਤ ਹਨ ਅਤੇ ਸਿਖ ਧਰਮ ਦੇ ਪੰਜਵੇਂ ਗੁਰੂ ਅਰਜਨ ਦੇਵ ਨੇ ਗੁਰੂ ਪਰੰਪਰਾ ਅਨੁਸਾਰ ਆਦਿ ਗ੍ਰੰਥ ਦੀ ਸੰਪਾਦਨਾ ਲਈ ਜੁਗਤ ਜੋੜੀ।

ਗੁਰੂ ਗ੍ਰੰਥ ਸਾਹਿਬ ਗਿਆਨ ਦਾ ਅਥਾਹ ਸਾਗਰ ਹੈ। ਇਸ ਵਿੱਚ ਸਮੁੱਚੇ ਭਾਰਤ ਦੇ ਬਾਰ੍ਹਵੀਂ ਸਦੀ ਤੋਂ ਲੈ ਕੇ ਸਤਾਰ੍ਹਵੀਂ ਸਦੀ ਦੇ ਕਾਲ ਦੌਰਾਨ ਪੈਦਾ ਹੋਏ ਭਗਤੀ ਲਹਿਰ ਨਾਲ ਸਬੰਧਿਤ ਪ੍ਰਮੁੱਖ ਭਗਤਾਂ, ਭੱਟਾਂ ਅਤੇ ਗੁਰਸਿੱਖਾਂ ਦੀ ਬਾਣੀ ਨੂੰ ਸਮਿਲਤ ਕੀਤਾ ਗਿਆ। ਗੁਰੂ ਗ੍ਰੰਥ ਸਾਹਿਬ ਪੰਜ ਸੌ ਸਾਲਾਂ ਦੀ ਸੰਸਕ੍ਰਿਤੀ ਦਾ ਇਤਿਹਾਸ ਹੋਣ ਦੇ ਨਾਲ ਨਾਲ ਸਾਂਝੇ ਸੱਭਿਆਚਾਰਕ ਅਤੇ ਸਮਾਜਿਕ ਇਤਿਹਾਸ ਦਾ ਦਸਤਾਵੇਜ਼ ਵੀ ਮੰਨਿਆ ਜਾਂਦਾ ਹੈ। ਇਸ ਗ੍ਰੰਥ ਦੀ ਸ਼੍ਰੇਸਟਤਾ ਇਸ ਗੱਲ ਵਿੱਚ ਹੈ ਕਿ ਇਸ ਵਿਚਲੇ ਸ਼ਾਮਲ ਬਾਣੀਕਾਰ ਕਿਸੇ ਇਕ ਫਿਰਕੇ ਜਾਂ ਧਰਮ ਨਾਲ ਸਬੰਧਿਤ ਨਹੀਂ ਅਤੇ ਨਾ ਹੀ ਇਕ ਵਿਸ਼ੇਸ ਇਲਾਕੇ ਨਾਲ। ਛੱਤੀ ਬਾਣੀਕਾਰਾਂ ਵਿੱਚੋਂ ਛੇ ਗੁਰੂ ਸਾਹਿਬਾਨ, ਚਾਰ ਗੁਰੂ ਘਰ ਨਾਲ ਸਬੰਧਿਤ ਗੁਰਸਿੱਖਾਂ ਤੋਂ ਇਲਾਵਾ ਛੱਬੀ ਬਾਣੀਕਾਰਾਂ ਦਾ ਸਿੱਖ ਧਰਮ ਨਾਲ ਕੋਈ ਸਬੰਧ ਨਹੀਂ ਜੁੜਦਾ। ਗੁਰੂ ਅਰਜਨ ਦੇਵ ਤੋਂ ਪਹਿਲਾਂ ਗੁਰੂ ਨਾਨਕ ਦੇਵ ਨੇ ਵੀਹ ਬਾਣੀਕਾਰਾਂ ਦੀ ਬਾਣੀ ਦਾ ਇਕੱਤਰੀਕਰਨ ਕੀਤਾ। ਉਨ੍ਹਾਂ ਨੇ ਬਾਣੀ ਦੀ ਚੋਣ ਕਰਨ ਲਈ ਕੁਝ ਮਾਪਦੰਡ ਨਿਸ਼ਚਿਤ ਕੀਤੇ। ਸਮਾਜਿਕ ਪੱਧਰ 'ਤੇ ਇਕਸੁਰਤਾ ਅਤੇ ਸਮੂਹਿਕ ਭਾਈਚਾਰਾ (Universal Brotherhood) ਕੁਝ ਮੁੱਖ ਮਾਪਦੰਡ ਬਣੇ। ਵਿਚਾਰ ਕੀਤਾ ਜਾਂਦਾ ਹੈ ਕਿ ਸੰਕਲਨ ਕਰਤਾ ਦੇ ਕਿਸੇ ਵੀ ਸੰਕਲਨ ਪਿੱਛੇ ਕੁਝ ਆਪਣੇ ਉਦੇਸ਼ ਨਿਹਿਤ ਹੁੰਦੇ ਹਨ ਅਤੇ ਇਨ੍ਹਾਂ ਉਦੇਸ਼ਾਂ ਸਦਕਾ ਹੀ ਉਹ ਸੰਕਲਨ ਵਿਚ ਸ਼ਾਮਿਲ ਹੋਣ ਵਾਲੀਆਂ ਕਿਰਤਾਂ ਦੇ ਮਾਪਦੰਡ ਤਹਿ ਕਰਦਾ ਹੈ। ਇੱਥੇ ਇਸ ਗੱਲ ਦਾ ਖਿਆਲ ਰੱਖਿਆ ਜਾਵੇ ਕਿ ਸੰਕਲਨ ਕਰਤਾ ਦੇ ਉਦੇਸ਼ ਅਤੇ ਉਦੇਸ਼ਾਂ ਦੇ ਆਧਾਰ ਤੇ ਤਹਿ ਕੀਤੇ ਮਾਪਦੰਡ ਆਪਸ ਵਿੱਚ ਪਰਸਪਰ ਸੰਬੰਧ ਰੱਖਦੇ ਹਨ ਅਤੇ ਇਸੇ ਕਰਕੇ ਦੋਹਾਂ ਦੀ ਸਮਿਨਵੈਕਾਰੀ ਨੇ ਹੀ ਸੰਕਲਨ ਵਿਚ ਦਿਖਾਈ ਦੇਣਾ ਹੁੰਦਾ ਹੈ। ਗੁਰੂ ਅਰਜਨ ਦੇਵ ਨੇ ਬਾਣੀ ਨੂੰ ਸੰਕਲਿਤ ਕਰਦੇ ਸਮੇਂ ਸਮਾਜਿਕ ਬਰਾਬਰਤਾ ਅਤੇ ਸਮਾਜਿਕ ਚੇਤਨਾ ਨੂੰ ਪ੍ਰਮੁੱਖਤਾ ਦਿੱਤੀ। ਇਹੋ ਕਾਰਨ ਹੈ ਕਿ ਸਮਾਜਿਕ ਚੇਤਨਾ ਤੇ ਬਰਾਬਰਤਾ ਦੇ ਇਹ ਸਿਧਾਂਤ ਆਦਿ ਗ੍ਰੰਥ ਦੇ ਮੁੱਖ ਕੇਂਦਰ ਬਿੰਦੂ ਬਣੇ। ਅਸੀਂ ਵੇਖਦੇ ਹਾਂ ਕਿ ਭਗਤਾਂ ਦੀ ਸਮੁੱਚੀ ਬਾਣੀ ਵਿੱਚੋਂ ਸਿਰਫ ਉਸੇ ਬਾਣੀ ਨੂੰ ਹੀ ਗੁਰੂ ਗ੍ਰੰਥ ਸਾਹਿਬ ਵਿੱਚ ਸੰਕਲਿਤ ਕੀਤਾ ਜੋ ਇਹਨਾਂ ਮਾਪਦੰਡਾਂ ਦੀ ਅਨੁਸਾਰੀ ਹੈ। ਜਿਹੜੀ ਬਾਣੀ ਇਹਨਾਂ ਮਾਪਦੰਡਾਂ ਤੇ ਖਰੀ ਨਹੀਂ ਉਤਰੀ ਉਸ ਨੂੰ ਇਸ ਗ੍ਰੰਥ ਵਿੱਚ ਸ਼ਾਮਲ ਨਹੀਂ ਕੀਤਾ ਗਿਆ।

ਇਤਿਹਾਸਕ ਪ੍ਰਮਾਣ ਦੱਸਦੇ ਹਨ ਕਿ ਪਹਿਲੇ ਗੁਰੂ ਬਾਬੇ ਨਾਨਕ ਦਾ ਸਾਥੀ, ਮਰਦਾਨਾ ਹਮੇਸ਼ਾਂ ਉਨ੍ਹਾਂ ਨਾਲ ਰਬਾਬ ਵਜਾਇਆ ਕਰਦੇ ਸਨ। ਗੁਰੂ ਨਾਨਕ ਸਾਹਿਬ ਵਜਦ ਵਿਚ ਆ ਕੇ

ਬਾਣੀ ਉਚਾਰਦੇ/ਗਾਉਂਦੇ ਸਨ। ਗੁਰੂ ਸਾਹਿਬ ਦੀ ਉਮਰ ਦਾ ਤੀਜਾ ਹਿੱਸਾ ਉਦਾਸੀਆਂ/ਯਾਤਰਾਵਾਂ ਵਿਚ ਬੀਤਿਆ। ਉਸ ਸਮੇਂ ਜ਼ਰੂਰ ਉਨ੍ਹਾਂ ਦੀ ਬਾਣੀ ਲਿਖੀ ਅਤੇ ਸੰਭਾਲੀ ਜਾਂਦੀ ਹੋਵੇਗੀ। ਗੁਰੂ ਸਾਹਿਬ ਦੀ ਆਪਣੀ ਕੋਈ ਹਥ ਲਿਖਤ ਤਾਂ ਨਹੀਂ ਮਿਲਦੀ ਪਰ ਉਹ ਪੁਰਾਤਨ ਲਿਪੀ ਜਾਂ ਗੁਰਮੁੱਖੀ ਲਿਪੀ ਦੀ ਕੋਈ ਪੂਰਵਜ, ਉਸ ਵੇਲੇ ਦੀ ਸਥਾਨਕ ਲਿਪੀ ਜ਼ਰੂਰ ਜਾਣਦੇ ਸਨ। ਉਨ੍ਹਾਂ ਨਾਲ ਹਮੇਸ਼ਾਂ ਸੈਦਾ (ਘੇਹਾ ਜੱਟ), ਹਸੂ (ਲੁਹਾਰ) ਸੀਹਾ (ਛੀਂਬਾ) ਝਾੜੂ ਕਲਾਲ ਅਤੇ ਮਨਸੁਖ ਰਹਿੰਦੇ ਸਨ।[2] ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਅਨੁਸਾਰ ਪਹਿਲੇ ਗੁਰੂ ਨਾਨਕ ਦੇਵ ਬਾਣੀ ਮਨਸੁਖ ਨੇ ਲਿਖੀ, ਦੂਜੇ ਦੀ ਪੈੜੇ ਮੋਖੇ ਅਤੇ ਤੀਜੇ ਗੁਰੂ ਦੀ ਉਨ੍ਹਾਂ ਦੇ ਪੋਤਰੇ ਸਹੰਸਰ ਰਾਮ ਨੇ ਲਿਖੀ।[3] ਗੁਰੂ ਨਾਨਕ ਬਾਣੀ ਲਿਖਣ ਉਤੇ ਜ਼ਿਆਦਾ ਜ਼ੋਰ ਦਿੰਦੇ ਸਨ ਕਿਉਂਕਿ ਉਨ੍ਹਾਂ ਦੀ ਮਾਨਤਾ ਸੀ ਕਿ ਲਿਖਣ ਤੋਂ ਬਿਨਾਂ ਸੁਰਤਿ ਦਾ ਟਿਕਾਣਾ ਸੰਭਵ ਵੀ ਨਹੀਂ ਹੈ:

*ਲਿਖੇ ਬਾਝਹੁ ਸੁਰਤਿ ਨਾਹੀ ਬੋਲਿ ਬੋਲਿ ਗਵਾਈਐ।* ਪੰਨਾ ੫੬੫

ਇਸੇ ਤਰ੍ਹਾਂ ਉਨ੍ਹਾਂ ਨੇ ਮਲਾਰ ਦੀ ਵਾਰ ਵਿਚ ਲਿਖਾਰੀ, ਕਾਗਜ਼, ਕਲਮ ਤੇ ਸਿਆਹੀ ਨੂੰ ਧੰਨ ਕਿਹਾ ਹੈ:

693160

*ਧੰਨੁ ਸੁ ਕਾਗਦੁ ਕਲਮ ਧੰਨੁ ਧੁਨ ਭਾਂਡਾ ਧਨੁ ਮਸੁ॥*

*ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ।* ਪੰਨਾ ੧੨੯੧

'ਪੁਰਾਤਨ ਜਨਮ ਸਾਖੀ' ਦੀਆਂ ਕੁਝ ਸਾਖੀਆਂ ਅਨੁਸਾਰ ਗੁਰੂ ਨਾਨਕ ਦੇਵ ਨੇ ਗੁਰੂ ਅੰਗਦ ਦੇਵ ਨੂੰ ਗੁਰਗੱਦੀ ਸੌਂਪਣ ਵੇਲੇ ਭਗਤ ਬਾਣੀ ਸਮੇਤ ਆਪਣੀ ਬਾਣੀ ਦਾ ਅਨਮੋਲ ਖਜ਼ਾਨਾ ਦਿੱਤਾ ਸੀ। ਜਿਸ ਦਾ ਜ਼ਿਕਰ ਪੁਰਾਤਨ ਜਨਮ ਸਾਖੀ ਵਿੱਚੋਂ ਪ੍ਰਾਪਤ ਹੁੰਦਾ ਹੈ। *"ਸੋ ਪੋਥੀ ਜੁਬਾਨਿ ਗੁਰ ਅੰਗਦ ਜੋਗ ਮਿਲੀ।"*[4] ਗੁਰੂ ਨਾਨਕ ਦੀ ਬਾਣੀ ਦਾ ਗੁਰੂ ਅੰਗਦ ਦੇਵ ਪਾਸ ਹੋਣ ਦਾ ਸਬੂਤ ਗੁਰੂ ਅੰਗਦ ਦੇਵ ਦੀ ਆਪਣੀ ਬਾਣੀ ਹੈ। ਗੁਰੂ ਅੰਗਦ ਦੇਵ ਨੇ ਕੇਵਲ ੬੩ ਸਲੋਕ ਲਿਖੇ ਹਨ ਤੇ ਉਨ੍ਹਾਂ ਦੇ ਸਲੋਕਾਂ ਤੇ ਗੁਰੂ ਨਾਨਕ ਸਾਹਿਬ ਦੀ ਛਾਪ ਪ੍ਰਤੱਖ ਨਜ਼ਰ ਆਉਂਦੀ ਹੈ। ਗੁਰੂ ਨਾਨਕ ਸਾਹਿਬ ਦਾ ਇੱਕ ਸਲੋਕ ਹੈ:

*ਚਾਕਰ ਲਗੈ ਚਾਕਰੀ ਜੇ ਚਲੈ ਖਸਮੈ ਭਾਇ॥*

*ਹੁਰਮਤਿ ਤਿਸ ਨੋ ਅਗਲੀ ਓਹੁ ਵਜਹੁ ਭਿ ਦੂਣਾ ਖਾਇ॥* ਪੰਨਾ ੪੭੪

ਆਸਾ ਦੀ ਵਾਰ ਵਿੱਚ ਗੁਰੂ ਅੰਗਦ ਦੇਵ ਦਾ ਹੇਠਲਾ ਸਲੋਕ ਇਸ ਗੱਲ ਦੀ ਗਵਾਹੀ ਭਰਦਾ ਹੈ:

*ਚਾਕਰ ਲਗੈ ਚਾਕਰੀ ਨਾਲੇ ਗਾਰਬੁ ...*

LIBRARY P.U. CHANDIGARH

*ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ॥* ਪੰਨਾ ੪੭੪

ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ੧੯ ਰਾਗਾਂ ਸ੍ਰੀ ਰਾਗ, ਆਸਾ ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਤਿਲੰਗ, ਗਉੜੀ, ਮਾਝ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਭੈਰਉ, ਬਸੰਤ, ਸਾਰੰਗ, ਮਲਾਰ ਅਤੇ ਪ੍ਰਭਾਤੀ ਵਿੱਚ ਰਚੀ। ਗੁਰੂ ਅਮਰਦਾਸ ਨੇ ਤਿਲੰਗ ਅਤੇ ਤੁਖਾਰੀ ਨੂੰ ਛੱਡ ਕੇ ੧੭ ਰਾਗਾਂ ਵਿਚ ਬਾਣੀ ਰਚੀ। ਦੋਹਾਂ ਗੁਰੂ ਸਾਹਿਬਾਨ ਦੀ 'ਪੱਟੀ' ਵਿਚ ਕਾਫੀ ਸਾਂਝ ਦੇਖੀ ਜਾ ਸਕਦੀ ਹੈ। ਇਹ ਬਾਣੀ ਗੁਰੂ ਅਮਰਦਾਸ ਦੇ ਪੋਤੇ ਸਹੰਸਰਾਮ (ਮੋਹਰੀ ਦਾ ਪੁੱਤਰ) ਕੋਲ ਪੁੱਜ ਗਈ। ਗੁਰੂ ਅਰਜਨ ਦੇਵ ਆਪ ਬਾਬਾ ਮੋਹਨ ਪਾਸ ਗੋਇੰਦਵਾਲ ਸਾਹਿਬ ਵਿਖੇ ਬਾਣੀ ਪ੍ਰਾਪਤ ਕਰਨ ਲਈ ਗਏ ਜਿਸ ਦਾ ਪ੍ਰਮਾਣ ਇਹਨਾਂ ਪੰਕਤੀਆਂ ਵਿੱਚੋਂ ਪ੍ਰਾਪਤ ਹੁੰਦਾ ਹੈ:

*ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ॥*

*ਮੋਹਨ ਤੇਰੇ ਸੋਹਨਿ ਦੁਆਰ ਜੀਉ ਸੰਤ ਧਰਮ ਸਾਲਾ॥* ਪੰਨਾ ੨੪੮

ਗੁਰੂ ਅਰਜਨ ਦੇਵ ਨੇ ਇਨ੍ਹਾਂ ਪੋਥੀਆਂ ਨੂੰ ਪ੍ਰਾਪਤ ਕਰਨ ਉਪਰੰਤ ਲੈ ਕੇ ਪ੍ਰਸੰਨ ਹੋ ਕੇ ਮੁਖਾਰ ਬਿੰਦ ਤੋਂ ਉਚਾਰਿਆ:

*ਪੀਊ ਦਾਦੇ ਦਾ ਖੋਲ ਡਿਠਾ ਖਜਾਨਾ॥*

*ਤਾ ਮੇਰੈ ਮਨਿ ਭਇਆ ਨਿਧਾਨਾ॥* ਪੰਨਾ ੧੮੬

ਇਸ ਬਾਣੀ ਨੂੰ ਪ੍ਰਾਪਤ ਕਰਨ ਉਪਰੰਤ ਗੁਰੂ ਅਰਜਨ ਦੇਵ ਨੇ ਗੁਰੂ ਘਰ ਦੇ ਰਾਗੀਆਂ, ਰਬਾਬੀਆਂ ਤੇ ਭੱਟਾਂ ਕੋਲ ਪਈ ਬਾਣੀ ਦੇ ਮੌਖਿਕ ਰੂਪ ਨੂੰ ਚੰਗੀ ਤਰ੍ਹਾਂ ਵਾਚਿਆ। ਸੰਤਾਂ, ਭਗਤਾਂ, ਫਕੀਰਾਂ ਦੇ ਮੱਠਾਂ ਅਤੇ ਸੰਪ੍ਰਦਾਵਾਂ ਉਪਰ ਚਲ ਰਹੀ ਗੁਰ ਗੱਦੀ ਪਰੰਪਰਾ ਵਿਚ ਵਿਦਵਾਨਾਂ ਨੂੰ ਬੁਲਾ ਕੇ ਬਾਣੀ ਇਕੱਤਰ ਕੀਤੀ। ਗੁਰੂ ਘਰ ਦੇ ਸ਼ਰਧਾਲੂਆਂ ਅਤੇ ਗੁਰੂ ਰਾਮਦਾਸ ਦੀ ਬਾਣੀ ਨੂੰ ਲੈ ਕੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਕਾਰਜ ਆਰੰਭ ਕਰ ਦਿੱਤਾ।

ਗੁਰੂ ਸਾਹਿਬ ਨੂੰ ਅਜਿਹੀ ਬਾਣੀ ਸੰਕਲਨ ਕਰਨ ਦੀ ਲੋੜ ਕਿਉਂ ਪਈ ? ਇਸ ਦਾ ਉੱਤਰ ਜਾਨਣ ਲਈ ਸਾਨੂੰ ਉਸ ਸਮੇਂ ਦੀਆਂ ਇਤਿਹਾਸਕ, ਸਮਾਜਿਕ ਅਤੇ ਧਾਰਮਿਕ ਪ੍ਰਸਥਿਤੀਆਂ ਨੂੰ ਵਾਚਨਾ ਪਵੇਗਾ। ਮੱਧਕਾਲੀ ਸਮੇਂ ਦਾ ਭਾਰਤੀ ਇਤਿਹਾਸ ਰਾਜਸੀ ਉਥਲ ਪੁਥਲ ਦਾ ਇਤਿਹਾਸ ਹੈ, ਜੋ ਆਪਣੇ ਦੋਵਾਂ ਧਰਾਤਲਾਂ, ਅੰਦਰੂਨੀ ਅਤੇ ਬਾਹਰੀ, ਉੱਤੇ ਸਮਾਜਿਕ ਢਾਂਚੇ ਤੋਂ ਪ੍ਰੇਰਿਤ ਸੀ ਤੇ ਇਹੀ ਸਮਾਜਿਕ ਢਾਂਚਾ ਧਾਰਮਿਕ ਚੁਗਿਰਦੇ ਦੇ ਅਧੀਨ ਵਿਕਸਤ ਹੁੰਦਾ ਵੇਖਿਆ ਜਾ ਸਕਦਾ ਸੀ। ਸੋ ਸਮਾਜ ਵਿਚਲਾ ਰਾਜਸੀ ਏਕਾਧਿਕਾਰ ਆਪਣਾ ਸਰੂਪ ਸਮਾਜਿਕ ਧਾਰਮਿਕ ਚੁਗਿਰਦੇ ਵਿੱਚੋਂ ਗ੍ਰਹਿਣ ਕਰਦਾ ਸੀ। ਇਸ ਦਾ ਸਭ ਤੋਂ ਵੱਡਾ ਪ੍ਰਭਾਵ ਇਸ ਰੂਪ ਵਿੱਚ ਸਾਹਮਣੇ ਆਇਆ ਕਿ ਸੱਤਾ

ਧਿਰ ਜਮਾਤ ਦਾ ਧਰਮ ਹਮੇਸ਼ਾ ਹੀ ਵਧਦਾ ਫੁੱਲਦਾ ਰਿਹਾ ਅਤੇ ਪਰਜਾ ਦਾ ਧਰਮ ਹਮੇਸ਼ਾ ਹੀ ਨਜ਼ਰ ਅੰਦਾਜ਼ੀ ਦਾ ਸ਼ਿਕਾਰ ਹੋਇਆ। ਇਸ ਅਰਾਜਕਤਾ ਦੇ ਮਾਹੌਲ ਵਿਚ ਪੰਜਾਬ ਦੀ ਧਰਤੀ ਉੱਤੇ ਸਿਖ ਧਰਮ ਨੇ ਜਨਮ ਲਿਆ। ਇਹ ਵਿਚਾਰ ਪ੍ਰਮਾਣਿਕ ਰੂਪ ਵਿੱਚ ਸਵੀਕਾਰ ਕੀਤਾ ਜਾਂਦਾ ਹੈ ਕਿ ਕੇਵਲ ਪੰਜਾਬ ਵਿੱਚ ਹੀ ਨਹੀਂ ਬਲਕਿ ਸਾਰੇ ਮਹਾਂਦੀਪ ਵਿਚ ਪਿਛਲੇ 1500 ਸਾਲ ਦੇ ਇਤਿਹਾਸ ਵਿਚ ਅਜਿਹੀ ਕੋਈ ਹਸਤੀ ਨਹੀਂ ਸੀ ਪੈਦਾ ਹੋਈ ਜਿਸਨੇ ਦਹਿਸ਼ਤਗਰਦ ਜਾਂ ਹਮਲਾਵਰ ਵਿਰੁੱਧ ਕਦੇ ਆਪਣੀ ਆਵਾਜ਼ ਬੁਲੰਦ ਕੀਤੀ ਹੋਵੇ। ਸਿੱਖ ਚਿੰਤਨ ਵਿਚ ਨਾ ਕੇਵਲ ਸੱਤਾ 'ਤੇ ਕਾਬਜ਼ ਜਰਵਾਨਿਆਂ ਦੇ ਵਿਰੋਧ ਵਿਚ ਕੀਤੀਆਂ ਟਿਪਣੀਆਂ ਹੀ ਮਿਲਦੀਆਂ ਹਨ ਬਲਕਿ ਵਿਰੋਧ ਦੀ ਇੱਕ ਸੁਰ ਵੀ ਉਠਦੀ ਦਿਖਾਈ ਦਿੰਦੀ ਹੈ। ਇਸੇ ਸਦਕਾ ਅਸੀਂ ਵੇਖਦੇ ਹਾਂ ਕਿ ਸਿੱਖ ਚਿੰਤਨ ਵਿਚ ਵਿਚਾਰਧਾਰਾ ਦੇ ਸਰੂਪਗਤ ਪਹਿਲੂ ਦਾ ਜਿਹੜਾ ਸਭ ਤੋਂ ਵੱਡਾ ਪ੍ਰਭਾਵ ਸਿੱਖ ਕੌਮ ਉੱਤੇ ਪਿਆ, ਉਹ ਦਲੇਰੀ ਸੀ। ਸਮੇਂ ਦੇ ਸਮਾਜ ਵਿਚ ਫੈਲੀਆਂ ਬੁਰਾਈਆਂ ਪ੍ਰਤੀ ਗੁਰੂ ਸਾਹਿਬਾਨ ਦਾ ਸਿਧਾਂਤਕ ਪ੍ਰਗਟਾਵਾ, ਸਿੱਖ ਚਿੰਤਨ ਦੇ ਸਮਾਜਿਕ ਮਾਡਲਾਂ ਨਾਲ ਰਚੇ ਗਏ ਸੰਵਾਦ ਦੀ ਇਕ ਹੋਰ ਵੰਨਗੀ ਸਾਡੇ ਸਾਹਮਣੇ ਪੇਸ਼ ਕਰਦਾ ਹੈ। ਗੁਰੂ ਸਾਹਿਬਾਨ ਨੇ ਆਪਣੀਆਂ ਰਚਨਾਵਾਂ ਰਾਹੀਂ ਹਿੰਦੂ ਧਰਮ ਦੇ ਪੁਜਾਰੀਵਾਦ/ਬਹੁਈਸ਼ਵਰਵਾਦ, ਵਰਗ ਵੰਡ ਸਮੇਤ ਅਨੇਕ ਕੁਰੀਤੀਆਂ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਅਤੇ ਇਸਲਾਮ ਦੀ ਕਟੜਵਾਦੀ ਨੀਤੀ ਦੇ ਖਿਲਾਫ਼ ਅਵਾਜ਼ ਉਠਾਈ। ਉੱਘੇ ਇਤਿਹਾਸਕਾਰ ਡਾ. ਜੇ. ਐਸ. ਗਰੇਵਾਲ ਦਾ ਇਸ ਸੰਬੰਧ ਵਿਚ ਇੱਕ ਕਥਨ ਹੈ:

> *The teachings of Gurus, destroy all superstititions about varna and jati. A common ethical code was to be followed by all the four varanas. All human beings had equal social rights and none was to be discriminated against. The true conscience of mankind tells us that birth and caste do not count.*[5]

ਗੁਰੂ ਕਾਲ ਤੋਂ ਪਹਿਲਾਂ ਪੰਜਾਬ ਵਿੱਚ ਬ੍ਰਾਹਮਣ, ਖੱਤਰੀ ਅਤੇ ਰਾਜਪੂਤਾਂ ਦਾ ਦਰਜਾ, ਤਰਖਾਣ, ਜੱਟ, ਸੈਣੀ, ਘਰੋੜੇ ਅਤੇ ਲੁਬਾਣੇ ਤੋਂ ਕਿਸੇ ਉੱਚਾ ਸੀ ਪਰ ਗੁਰੂ ਸਾਹਿਬ ਨੇ ਇਸ ਵੰਡ ਨੂੰ ਸਿਰੇ ਤੋਂ ਨਕਾਰ ਦਿੱਤਾ। ਸਮੁੱਚੀ ਬਾਣੀ ਵਿੱਚ ਥਾਂ ਥਾਂ ਦਰਜ ਤੁਕਾਂ ਇਸਦੀ ਸ਼ਾਹਦੀ ਭਰਦੀਆਂ ਹਨ:

- *ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ*
  *ਨਿਤਹਿ ਬਾਨਾਰਸੀ ਆਸ ਪਾਸਾ॥*

*ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ*

*ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥* ਪੰਨਾ ੧੨੯੩

- *ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥*

  *ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥*

  *ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥* ਪੰਨਾ ੧੫

ਮਨੂੰ ਸਮ੍ਰਿਤੀ ਵਿੱਚ ਬ੍ਰਹਮਾ ਨੇ ਸ਼ੂਦਰਾਂ ਲਈ ਬਿਨਾਂ ਕਿਸੇ ਦੀ ਨਿੰਦਾ ਚੁਗਲੀ ਤੇ ਤਿੰਨ ਵਰਣ ਦੇ ਲੋਕਾਂ ਦੀ ਸੇਵਾ ਕਰਨਾ, ਇਕੋ ਇੱਕ ਕੰਮ ਨਿਯਤ ਕੀਤਾ।[6] ਸ਼ੂਦਰਾਂ ਨਾਲ ਉਸ ਵੇਲੇ ਦੇ ਭਾਰਤੀ ਸਮਾਜ ਵੱਲੋਂ ਪਸ਼ੂਆਂ ਨਾਲੋਂ ਵੀ ਭੈੜਾ ਵਿਵਹਾਰ ਕੀਤਾ ਜਾਂਦਾ ਸੀ। ਉਹ ਸਮਾਜ ਵਿਚ ਕਿਸੇ ਕਿਸਮ ਦੇ ਸਨਮਾਨ ਦੇ ਹਕਦਾਰ ਨਹੀਂ ਸਨ। ਧਾਰਮਿਕ ਕਾਰਜਾਂ ਵਿਚ ਉਨ੍ਹਾਂ ਦੀ ਸ਼ਮੂਲੀਅਤ ਦੀ ਸਖ਼ਤ ਮਨਾਹੀ ਸੀ। ਉਨ੍ਹਾਂ ਦਾ ਕੇਵਲ ਇਕੋ ਇਕ ਕਰਮ ਉਪਰਲੇ ਤਿੰਨਾਂ ਵਰਗਾਂ ਦੀ ਸੇਵਾ ਕਰਨਾ ਸੀ। ਇਹੋ ਕਾਰਨ ਹੈ ਕਿ ਉਸ ਸਮੇਂ ਦੀ ਇਸ ਵਰਗ ਵੰਡ ਨੂੰ ਤੋੜਨ ਲਈ ਇਕ ਅਜਿਹੇ ਚਿੰਤਨ ਦੀ ਸਖ਼ਤ ਲੋੜ ਸੀ ਜੋ ਇਸ ਵਰਗ ਵੰਡ ਲਈ ਜ਼ਿੰਮੇਵਾਰੀ ਲੋਕਾਂ ਨਾਲ ਅਤੇ ਇਸ ਵਰਗ ਵੰਡ ਦੀ ਸ਼ਿਕਾਰ ਲੋਕਤਾ ਨਾਲ ਇਕੋ ਸਮੇਂ ਸੰਵਾਦ ਰਚਾ ਸਕੇ। ਸਿੱਖ ਚਿੰਤਨ ਇਸ ਪੱਖ ਤੋਂ ਦੋਹਰੀ ਮਹੱਤਤਾ ਰੱਖਦਾ ਨਜ਼ਰ ਆਉਂਦਾ ਹੈ। ਇਕ ਤਾਂ ਇਸ ਵਿਚ ਪ੍ਰਚਲਿਤ ਵਰਗ ਵੰਡ ਦੇ ਵਿਰੁੱਧ ਸਪੱਸ਼ਟ ਦਿਸ਼ਾ ਨਿਰਦੇਸ਼ ਅੰਕਿਤ ਕੀਤੇ ਗਏ ਮਿਲਦੇ ਹਨ ਅਤੇ ਦੂਜਾ ਅਮਲੀ ਤੌਰ ਉੱਤੇ ਕਬੀਰ, ਰਵਿਦਾਸ ਜਿਹੇ ਅਖੌਤੀ ਨੀਵੀਆਂ ਜਾਤਾਂ ਵਾਲੇ ਸੰਤਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਸੰਕਲਿਤ ਕਰਕੇ ਗੁਰੂ ਸਾਹਿਬਾਨ ਨੇ ਸਮੁੱਚੀ ਮਨੁੱਖਤਾ ਨੂੰ ਵਿਸ਼ਵ ਭਾਈਚਾਰੇ ਦਾ ਸੰਦੇਸ਼ ਵੀ ਦਿੱਤਾ। ਉਸ ਵੇਲੇ ਸਮਾਜ ਵਿਚ ਕਬੀਰ ਵਰਗੀ ਅਧਿਆਤਮਕ ਸ਼ਖਸੀਅਤ ਦਲਿਤ ਵਰਗ ਦੇ ਨਾਲ, ਜਿਹੜਾ ਕਿ ਅਣਗੌਲਿਆ ਹੋਇਆ ਸੀ, ਚੱਟਾਨ ਵਾਂਗ ਖੜ੍ਹਦੀ ਹੈ ਅਤੇ ਇਕ ਨਵੀਂ ਵਿਚਾਰਧਾਰਾ ਪੇਸ਼ ਕਰਦੀ ਹੈ ਜਿਹੜੀ ਕਿ ਬ੍ਰਾਹਮਣੀ ਸਮਾਜ ਦੀਆਂ ਕਦਰਾਂ ਕੀਮਤਾਂ ਨੂੰ ਹਿਲਾ ਕੇ ਰੱਖ ਦਿੰਦੀ ਹੈ।

ਗੁਰੂ ਨਾਨਕ ਵਰਗੇ ਚਿੰਤਨਸ਼ੀਲ ਵਿਅਕਤੀ ਰਾਜਿਆਂ ਦੀ ਆਯਾਸ਼ੀ ਭਰੀ ਜ਼ਿੰਦਗੀ, ਫਰਜ਼ਾਂ ਤੋਂ ਕੁਤਾਹੀ, ਬ੍ਰਾਹਮਣ ਕਾਜ਼ੀ ਤੇ ਜੋਗੀ ਆਦਿ ਦੀ ਵਿਨਾਸ਼ਕਾਰੀ ਪ੍ਰਤਿਭਾ, ਸਮਾਜਿਕ, ਧਾਰਮਿਕ ਤੇ ਰਾਜਨੀਤਿਕ ਸੰਸਥਾਵਾਂ ਦਾ ਪਤਨ, ਪਾਖੰਡ ਦੀ ਪ੍ਰਧਾਨਤਾ ਕੁਝ ਅਜਿਹੀਆਂ ਗੱਲਾਂ ਸਨ, ਜਿਨ੍ਹਾਂ ਦੇ ਹੁੰਦਿਆਂ ਵਿਦਰੋਹ ਕਰਨ ਲੱਗ ਪਏ ਸਨ। ਅਸਲ ਵਿਚ ਉਨ੍ਹਾਂ ਦੇ ਮਨ ਵਿਚ ਇਕ ਆਦਰਸ਼ ਮਨੁੱਖੀ ਸਮਾਜ ਦੀ ਸੰਕਲਪਨਾ ਸੀ। ਜੋ ਗੁਰੂ ਗ੍ਰੰਥ ਸਾਹਿਬ ਦੇ ਪੈਰੋਕਾਰਾਂ ਦੇ ਰੂਪ ਵਿਚ

ਪ੍ਰਗਟ ਹੋਈ। ਇਸ ਲਈ ਇਹ ਅਜਿਹਾ ਸਰਬ ਸਾਂਝਾ ਵਿਲੱਖਣ ਗ੍ਰੰਥ ਹੈ, ਜਿਸ ਵਿਚਲੇ ਬਾਣੀਕਾਰ ਵੱਖੋ ਵੱਖਰੇ ਸਥਾਨਾਂ, ਜਮਾਤ, ਜਾਤ, ਜਾਂ ਸ਼੍ਰੇਣੀ ਨਾਲ ਸਬੰਧਿਤ ਹਨ ਪਰ ਇਨ੍ਹਾਂ ਸਭ ਭਿੰਨਤਾਵਾਂ ਦੇ ਬਾਵਜੂਦ ਉਨ੍ਹਾਂ ਨੂੰ ਗੁਰੂਆਂ ਦੇ ਸਮਾਨ ਹੀ ਸਤਿਕਾਰ ਤੇ ਸਨਮਾਨ ਦਿੱਤਾ ਗਿਆ ਹੈ। ਕੁਦਰਤੀ ਤੌਰ ਤੇ ਇਸ ਸਮੇਂ ਖੇਰੂੰ ਖੇਰੂੰ ਹੋ ਰਹੀ ਮਨੁੱਖਤਾ ਨੂੰ ਸਾਬਤ ਤੇ ਇਕ ਹੋਣ ਦਾ ਅਹਿਸਾਸ ਦੇਣ ਵਾਲੇ ਅਤੇ ਸਾਰੇ ਭਿੰਨ ਭੇਦਾਂ ਨੂੰ ਮਿਟਾਉਣ ਵਾਸਤੇ ਗੁਰੂ ਗ੍ਰੰਥ ਸਾਹਿਬ ਦੀ ਸੰਕਲਪਨਾ ਤੇ ਸੰਪਾਦਨਾ ਹੋਈ। ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਵਿਚਾਰ ਗੁਰੂ ਅਰਜਨ ਦੇਵ ਨੂੰ ਕਿਵੇਂ ਫੁਰਿਆ ਬਾਰੇ ਡਾ. ਮਹਿੰਦਰ ਕੌਰ ਗਿੱਲ ਦਾ ਵਿਚਾਰ ਹੈ:

> *ਸਾਡਾ ਮੁਢਲਾ ਸਰੋਤ ਬੰਸਾਵਲੀ ਨਾਮਾ, ਮਹਿਮਾ ਪ੍ਰਕਾਸ਼ ਅਤੇ ਗੁਰਪ੍ਰਤਾਪ ਸੂਰਜ ਗ੍ਰੰਥ ਇੱਕ ਮੱਤ ਹਨ ਕਿ ਆਦਿ ਗ੍ਰੰਥ ਦੇ ਸੰਪਾਦਨ ਦਾ ਮੂਲ ਕਾਰਨ ਘਰੋਗੀ ਫੁੱਟ ਸੀ। ਪ੍ਰਿਥੀ ਚੰਦ ਨੇ ਗੁਰ ਗੱਦੀ ਪ੍ਰਾਪਤ ਕਰਨ ਲਈ ਪੰਚਮ ਗੁਰੂ ਦਾ ਅਸਫਲ ਵਿਰੋਧ ਕੀਤਾ। ਪ੍ਰਿਥੀ ਚੰਦ ਦੇ ਪੁੱਤਰ ਮਿਹਰਬਾਨ ਨੇ ਆਪਣੇ ਆਪ ਨੂੰ ਛੇਵਾਂ ਗੁਰੂ ਕਹਿ ਕੇ ਬਾਣੀ ਰਚਨੀ ਆਰੰਭ ਕਰ ਦਿੱਤੀ ਇਸ ਲਈ ਆਮ ਲੋਕਾਂ ਲਈ ਗੁਰਬਾਣੀ ਅਤੇ ਕੱਚੀ ਬਾਣੀ ਦਾ ਵਖੇਵਾਂ ਕਰਨਾ ਕਠਿਨ ਹੋ ਜਾਂਦਾ ਸੀ।*[7]

ਧਰਮ ਗ੍ਰੰਥਾਂ ਦੇ ਇਤਿਹਾਸ ਵਿਚ ਕਦੇ ਨਹੀਂ ਵਾਪਰਿਆ ਕਿ ਉਸ ਧਰਮ ਗ੍ਰੰਥ ਵਿਚ ਦੂਸਰੇ ਧਰਮ ਨੂੰ ਮੰਨਣ ਵਾਲੇ ਦੇ ਪ੍ਰਵਚਨ ਸ਼ਾਮਲ ਕੀਤੇ ਜਾਣ। ਗੁਰੂ ਗ੍ਰੰਥ ਸਾਹਿਬ ਇਕ ਅਜਿਹਾ ਧਰਮ ਗ੍ਰੰਥ ਹੈ ਜਿਸ ਵਿਚ ਸਿੱਖ ਗੁਰੂ ਸਾਹਿਬਾਨ ਤੋਂ ਇਲਾਵਾ ਵੈਸ਼ਨਵ ਭਗਤਾਂ, ਬਾਬਾ ਫਰੀਦ ਵਰਗੇ ਸੂਫੀ ਨੇਤਾ ਦੀ ਬਾਣੀ ਸ਼ਾਮਲ ਹੈ। ਜੋ ਇਸਲਾਮ ਵਿਚ-

*ਫਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤਿ॥*
*ਕਬਹੀ ਚਲ ਨ ਆਇਆ ਪੰਜੇ ਵਖਤ ਮਸੀਤਿ॥* ਪੰਨਾ ੧੩੮੧

ਦੀ ਹਾਮੀ ਭਰਦੀ ਹੈ। ਉਨ੍ਹਾਂ ਨੂੰ ਵਖ ਵਖ ਸਿਧਾਂਤਕ ਪਿਛੋਕੜ ਹੋਣ ਦੇ ਬਾਵਜੂਦ ਵੀ ਗੁਰੂ ਗ੍ਰੰਥ ਸਾਹਿਬ ਵਿਚ ਸਨਮਾਨਯੋਗ ਸਥਾਨ ਦਿੱਤਾ ਗਿਆ। ਡਾ. ਦਰਸ਼ਨ ਸਿੰਘ ਇਸ ਗੱਲ ਨੂੰ ਸਵੀਕਾਰ ਕਰਦੇ ਹਨ ਕਿ ਵਿਭਿੰਨਤਾਵਾਂ ਦੇ ਬਾਵਜੂਦ ਉਨ੍ਹਾਂ ਦੇ ਵਿਚਾਰਾਂ ਦੀ ਅਖੰਡਤਾ ਨੂੰ ਪ੍ਰਮੁੱਖ ਰਖਿਆ ਗਿਆ:

> *ਇਹ ਪਵਿਤਰ ਗ੍ਰੰਥ ਉਸ ਸਮੇਂ ਦੀ ਬਹੁਪੱਖੀ ਚੇਤਨਾ ਦਾ ਸਾਂਝਾ ਠਿਕਾਣਾ ਤੇ ਪ੍ਰਗਟਾਉ ਬਣਦਾ ਹੈ। ਇਹ ਇਕ ਐਸਾ ਸੁਚੇਤ ਤਜਰਬਾ ਹੈ, ਅਨੇਕਤਾ*

*ਚੋਂ ਏਕਤਾ ਦੇ ਪ੍ਰਗਟਾਓ ਦਾ, ਜਿਹੜਾ ਅਜੇ ਤਕ ਦੁਹਰਾਇਆ ਨਹੀਂ ਗਿਆ, ਨਾ ਇਸ ਦੀ ਸੰਪਾਦਨਾ ਤੋਂ ਪਹਿਲਾਂ ਤੇ ਨਾ ਹੀ ਇਸ ਤੋਂ ਬਾਅਦ।* [8]

ਗੁਰੂ ਨਾਨਕ ਦੇਵ ਨੇ ਜਦੋਂ ਭਾਈ ਲਹਿਣੇ ਨੂੰ ਗੁਰਗੱਦੀ ਦੇ ਕੇ ਗੁਰੂ ਅੰਗਦ ਥਾਪਿਆ ਤਾਂ ਬਾਣੀ ਵੀ ਪੋਥੀ ਰੂਪ ਵਿਚ ਸੌਂਪ ਦਿੱਤੀ। ਇਸ ਦੀ ਪੁਸ਼ਟੀ ਭਾਈ ਗੁਰਦਾਸ ਦੀ ਪਹਿਲੀ ਵਾਰ ਦੀ ੩੨ਵੀਂ ਪਉੜੀ ਵਿਚ ਦਰਜ ਹੈ। ਜਿਸ ਵਿਚ ਉਨ੍ਹਾਂ ਨੇ ਸੰਤਾਂ ਤੇ ਭਗਤਾਂ ਦੀ ਬਾਣੀ ਇਕੱਤਰ ਕੀਤੀ ਹੋਈ ਸੀ। ਗੁਰੂ ਨਾਨਕ ਸਾਹਿਬ ਦੇ ਭਾਈ ਲਹਿਣਾ ਨੂੰ ਗੁਰਗੱਦੀ ਦੇਣ ਕਰਕੇ ਧਾਰਮਿਕ, ਰਾਜਨੀਤਕ ਅਤੇ ਸਮਾਜਿਕ ਸਥਾਪਤੀ ਦਾ ਵਿਰੋਧ ਬਾਬਾ ਸ਼੍ਰੀ ਚੰਦ ਵੇਲੇ ਸ਼ੁਰੂ ਹੋ ਗਿਆ ਸੀ, ਜਿਸ ਕਰਕੇ ਗੁਰਗੱਦੀ ਦੇ ਵਾਰਸਾਂ ਨੇ ਇਸ ਵਿਰੁੱਧ ਅਵਾਜ਼ ਉਠਾਉਣੀ ਆਰੰਭ ਕਰ ਦਿੱਤੀ ਸੀ। ਉਸ ਸਮੇਂ ਗੁਰੂ ਘਰ ਦੇ ਵਿਰੋਧੀ ਲੋਕ ਬਾਣੀ ਵਿਚ ਆਪਣੀ ਮਰਜ਼ੀ ਨਾਲ ਵਾਧੇ-ਘਾਟੇ ਕਰੀ ਜਾ ਰਹੇ ਸਨ। ਇਸ ਕੁਰੀਤੀ ਦਾ ਸਪਸ਼ਟ ਵਿਰੋਧ ਗੁਰੂ ਅਮਰਦਾਸ ਨੇ ਕੀਤਾ। ਗੁਰੂ ਅਰਜਨ ਦੇਵ ਨੇ ਕੱਚੀ ਤੇ ਪੱਕੀ ਬਾਣੀ, ਸੱਚੀ ਅਤੇ ਝੂਠੀ ਬਾਣੀ ਨੂੰ ਨਿਖੇੜਨ ਲਈ ਅਰਥਾਤ ਸੱਚ ਦੇ ਪ੍ਰਗਟਾਵੇ ਲਈ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ। 'ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ' ਕਹਿ ਕੇ ਸਵਾਰਥੀ ਲੋਕਾਂ ਦੀਆਂ ਹਉਮੈਗ੍ਰਸਤ ਚਾਲਾਂ ਨੂੰ ਠੱਲ ਪਾਉਣ ਲਈ ਕੱਚੀ ਅਤੇ ਪੱਕੀ ਬਾਣੀ ਦਾ ਨਿਖੇੜਾ ਕਰਕੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਮਾਣਿਕ ਸਰੂਪ ਤਿਆਰ ਕਰ ਲਿਆ। ਇਸੇ ਦੌਰਾਨ ਗੁਰੂ ਘਰ ਦੇ ਰਾਗੀ ਸੱਤਾ ਤੇ ਬਲਵੰਡ ਆਪਣੀ ਧੀ ਦੇ ਵਿਆਹ ਉੱਪਰ ਮਨਇੱਛਤ ਸਹਾਇਤਾ ਨਾ ਮਿਲਣ ਕਰਕੇ ਨਰਾਜ਼ ਸਨ ਅਤੇ ਉਹਨਾਂ ਨੇ ਕੀਰਤਨ ਕਰਨਾ ਬੰਦ ਕਰ ਦਿੱਤਾ ਸੀ। ਇਸ ਲਈ ਗੁਰੂ ਘਰ ਦੇ ਸਾਰੇ ਸਿੱਖਾਂ ਨੂੰ ਕੀਰਤਨ ਕਰਨ ਲਈ ਪ੍ਰਮਾਣਿਕ ਬਾਣੀਆਂ ਦਾ ਲਿਖਤ ਰੂਪ ਲੋੜੀਂਦਾ ਸੀ। ਜਿਸ ਕਰਕੇ ਗੁਰੂ ਗ੍ਰੰਥ ਸਾਹਿਬ ਨੂੰ ਸੰਪਾਦਿਤ ਕਰਨ ਦੀ ਲੋੜ ਪਈ।

ਗੁਰੂ ਅਰਜਨ ਦੇਵ ਨੇ ਇੱਕ ਸਮਾਨ ਭਾਵੀ ਸਮਾਜ ਦੇ ਨਿਰਮਾਣ ਲਈ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਵਰਗਾਂ ਤੇ ਵੰਡਾਂ ਨੂੰ ਖਤਮ ਕਰਕੇ ਯਤਨ ਕੀਤਾ। ਆਮ ਤੌਰ ਤੇ ਮਨੁੱਖ ਪਹਿਲਾਂ ਵੰਡੀਆਂ ਪਾਉਂਦਾ ਹੈ ਅਤੇ ਫਿਰ ਵੰਡੀਆਂ ਪਾਉਣ ਉਪਰੰਤ ਇਹਨਾਂ ਉੱਤੇ ਪੱਕੇ ਹੋ ਕੇ ਰਹਿਣਾ ਲੋਚਦਾ ਹੈ। ਸਵਾਰਥੀ ਲੋਕ ਇਸ ਅਵਸਥਾ ਤੋਂ ਲਾਭ ਉਠਾ ਕੇ ਸਮਾਜ ਉੱਤੇ ਆਪਣੀ ਪਕੜ ਮਜ਼ਬੂਤ ਕਰਨੀ ਚਾਹੁੰਦੇ ਹਨ। ਇਸ ਵੰਡ ਦਾ ਸ਼ਿਕਾਰ ਵਿਅਕਤੀਆਂ ਦੀ ਮਨੋ ਅਵਸਥਾ ਹੀ ਅਜਿਹੀ ਬਣਾ ਦਿੱਤੀ ਜਾਂਦੀ ਹੈ ਕਿ ਉਹ ਇਸ ਵਿਚੋਂ ਬਾਹਰ ਨਿਕਲਣਾ ਹੀ ਨਹੀਂ ਚਾਹੁੰਦੇ। ਗੁਰੂ ਸਾਹਿਬ ਇਹਨਾਂ ਵਰਗਾਂ, ਵਰਣਾਂ ਤੇ ਜਾਤਾਂ ਬਰਾਦਰੀਆਂ ਵਿਚ ਵੰਡੇ ਮਨੁੱਖਾਂ ਨੂੰ ਉਹਨਾਂ ਦੀ ਅਸਲੀਅਤ ਤੋਂ

ਜਾਣੂ ਕਰਾ ਕੇ, ਮਨੁੱਖਤਾ ਨਾਲ ਜੋੜਦੇ ਰਹੇ ਹਨ। ਇਹ ਵਰਗ ਵੰਡ ਸਿਰਫ਼ ਫਜ਼ੂਲ ਹੀ ਨਹੀਂ ਸਗੋਂ ਮਨੁੱਖਤਾ ਲਈ ਘਾਤਕ ਹੈ, ਇਸ ਲਈ ਨਵੇਂ ਵੰਡ ਰਹਿਤ ਸਮਾਜ ਦੀ ਸਿਰਜਣਾ ਲਈ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ ਗਈ।

ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦੀ ਇੱਕ ਮੁੱਖ ਵਿਸ਼ੇਸ਼ਤਾ ਇਸਦੀ ਭਾਸ਼ਾ ਸਮਰੱਥਾ ਤੋਂ ਪਛਾਣੀ ਜਾ ਸਕਦੀ ਹੈ। ਉਸ ਸਮੇਂ ਦੀ ਪ੍ਰਚਲਿਤ ਸੰਸਕ੍ਰਿਤ ਭਾਸ਼ਾ ਇਕ ਤਾਂ ਉੱਚ ਪ੍ਰੋਹਿਤ ਵਰਗ ਲਈ ਮਾਨੋ ਰਾਖਵੀਂ ਹੋ ਗਈ ਸੀ, ਦੂਜਾ ਗੁਰੂ ਸਾਹਿਬਾਨ ਵੀ ਆਪਣੇ ਉਪਦੇਸ਼ਾਂ ਦੀ ਪੂਰਤੀ ਲਈ ਲੋਕਤਾ ਦੀ ਭਾਸ਼ਾ ਨੂੰ ਇਸਤੇਮਾਲ ਕਰਨਾ ਚਾਹੁੰਦੇ ਸਨ। ਇਹੋ ਕਾਰਨ ਸੀ ਕਿ ਉਨ੍ਹਾਂ ਨੇ ਇਕ ਅਨਘੜ ਜਿਹੀ ਭਾਸ਼ਾ ਨੂੰ ਮਾਧਿਅਮ ਬਣਾਇਆ ਜੋ ਨਾ ਕੇਵਲ ਸਹਿਲ ਸੰਚਾਰਮਈ ਸੀ ਬਲਕਿ ਲੋਕ ਮੁਹਾਵਰੇ ਨਾਲ ਓਤਪੋਤ ਸੀ। ਗੁਰੂ ਅਰਜਨ ਦੇਵ ਨੇ ਉਹਨਾਂ ਦੀ ਜਨ ਭਾਸ਼ਾ ਵਿੱਚ ਰੂਹਾਨੀਅਤ ਦੀ ਜਾਣਕਾਰੀ ਆਮ ਜਨਤਾ ਨੂੰ ਪੜ੍ਹਨ ਪੜ੍ਹਾਉਣ ਬਾਰੇ ਜਾਣਕਾਰੀ ਦਾ ਰਾਹ ਖੋਲ ਦਿੱਤਾ। ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ ਵੱਖ-ਵੱਖ ਬਰਾਦਰੀਆਂ ਵਿਚੋਂ, ਵੱਖ-ਵੱਖ ਖਿੱਤਿਆਂ ਤੋਂ ਆਏ, ਵੱਖ-ਵੱਖ ਬੋਲੀਆਂ ਬੋਲਣ ਵਾਲੇ ਸਨ। ਗੁਰੂ ਸਾਹਿਬ ਨੇ ਸਾਰੀਆਂ ਬੋਲੀਆਂ ਨੂੰ ਇਕ ਸਾਂਝਾ ਮੰਚ ਦੇ ਕੇ ਸਾਂਝਾ ਮੁਹਾਵਰਾ ਤਿਆਰ ਕੀਤਾ। ਜਿਸ ਦਾ ਨਾਂ ਸਾਧ ਭਾਸ਼ਾ ਰੱਖਿਆ ਗਿਆ। ਜੋ ਭਾਰਤ ਦੇ ਬਹੁਤੇ ਇਲਾਕਿਆਂ ਵਿੱਚ ਦੱਖਣ ਨੂੰ ਛੱਡ ਕੇ ਬਾਕੀ ਸਾਰਿਆਂ ਲਈ ਪਰਸਪਰ ਸਾਂਝ ਅਤੇ ਸਮਝਣ ਦਾ ਮੁਹਾਵਰਾ ਬਣਿਆ।

ਭਾਰਤੀ ਦਾਰਸ਼ਨਿਕ ਮੱਤਾਂ-ਮਤਾਂਤਰਾਂ ਦੀ ਆਪਸੀ ਖਿੱਚੋਤਾਣ ਸਦਕਾ ਜਨਤਾ ਅਨੇਕਾਂ ਪਰਿਭਾਸ਼ਿਤ ਸ਼ਬਦਾਂ ਨੂੰ ਨਿਖੇੜਨ ਉੱਤੇ ਤੁਲੀ ਹੋਈ ਸੀ। ਜਨ ਸਧਾਰਨ ਨੂੰ ਇਸ ਗੱਲ ਦਾ ਗਿਆਨ ਕਰਾਉਣ ਲਈ ਅਨੇਕਾਂ ਪਰਿਭਾਸ਼ਿਤ ਸ਼ਬਦਾਂ ਨੂੰ ਅਪਣਾ ਕੇ, ਅਰਥਾਂ ਦੀ ਇਕ ਖਾਸ ਪਰੰਪਰਾ ਨੂੰ ਨਿਭਾਉਂਦੇ ਹੋਏ, ਉਹਨਾਂ ਦੇ ਪਹਿਲਾਂ ਵਰਤੇ ਜਾਂਦੇ ਅਰਥਾਂ ਨੂੰ ਖਾਰਜ ਕਰਕੇ ਨਵੇਂ ਅਰਥ ਦਿੱਤੇ। ਡਾ. ਦਰਸ਼ਨ ਸਿੰਘ ਉਹਨਾਂ ਦੀ ਇਸ ਜੁਗਤ ਨੂੰ ਇਕ ਅਹਿਮ ਪਹਿਲੂ ਮੰਨਦੇ ਹਨ:

> *ਜਦੋਂ ਪਰੰਪਰਾਗਤ ਸ਼ਬਦਾਂ ਨੂੰ ਨਵੇਂ ਅਰਥ ਦੇ ਕੇ ਨਵਾਂ ਭਾਸ਼ਾ ਜਗਤ ਸਿਰਜਿਆ ਜਾਵੇ ਉਦੋਂ ਇਕ ਨਵੀਂ ਦੁਨੀਆ ਨੂੰ ਸਿਰਜਣ ਜਿੰਨਾ ਔਖਾ ਕੰਮ ਹੁੰਦਾ ਹੈ।*[8]

ਮੁਗਲ ਸਾਮਰਾਜ ਸਮੇਂ ਅਕਬਰ ਦੀ ਮੌਤ ਨਾਲ ਮੁਗਲ ਰਾਜ ਅੰਤ ਵੱਲ ਵੱਧ ਰਿਹਾ ਸੀ। ਜਹਾਂਗੀਰ ਹੋਰ ਧਰਮਾਂ ਦੀ ਹੋਂਦ ਨੂੰ ਸਵੀਕਾਰ ਨਹੀਂ ਕਰਦਾ ਸੀ। ਉਹ ਆਪਣੀਆਂ ਕੁਟਲ ਚਾਲਾਂ ਨਾਲ ਪ੍ਰਿਥੀ ਚੰਦ ਨੂੰ ਭੜਕਾ ਰਿਹਾ ਸੀ। ਮੁਗਲ ਸਾਮਰਾਜ ਆਪਣਾ ਪਤਨ ਸਾਫ ਨਜ਼ਰ ਆਉਂਦਾ

ਦੇਖ ਕੇ ਗੁਰੂ ਨਾਨਕ ਮਾਰਗ ਉੱਤੇ ਚਲਦੇ ਲੋਕਾਂ ਨੂੰ ਖਤਮ ਕਰਨ ਤੇ ਤੁਲਿਆ ਹੋਇਆ ਸੀ ਪਰ ਗੁਰੂ ਸਾਹਿਬਾਨ ਨੇ ਇਸਲਾਮ, ਹਿੰਦੂ, ਜੈਨ, ਬੁੱਧ ਧਰਮ ਅਤੇ ਨਾਥਾਂ ਜੋਗੀਆਂ ਦੇ ਮਤਾਂ ਨਾਲ ਸੰਵਾਦ ਰਚਾਉਂਦਿਆਂ ਅਮਾਨਵੀ ਸੰਕਲਪਾਂ ਨੂੰ ਨਕਾਰਿਆ ਅਤੇ ਮਾਨਵੀ ਪਰਿਪੇਖ ਵਿਚ ਨਵੇਂ ਸੰਕਲਪਾਂ ਨੂੰ ਸਿਰਜਣ ਦੀ ਕੋਸ਼ਿਸ ਕੀਤੀ। ਗੁਰੂ ਸਾਹਿਬਾਨ ਨੇ ਬਾਕੀ ਸਭ ਧਰਮਾਂ ਦੇ ਗ੍ਰੰਥਾਂ ਦੀ ਹੋਣੀ ਨੂੰ ਦੇਖਦੇ ਹੋਏ ਇਸਦੇ ਬਦਲ ਵਜੋਂ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਬਾਰੇ ਸੋਚਿਆ।

ਇਸ ਤਰ੍ਹਾਂ ਗੁਰੂ ਅਰਜਨ ਦੇਵ ਨੇ ਵੱਖ-ਵੱਖ ਸਰੋਤਾਂ ਅਤੇ ਸਾਧਨਾਂ ਰਾਹੀਂ ਬਾਣੀ ਇਕੱਤਰ ਕਰਕੇ ਗੁਰੂ ਅਰਜਨ ਦੇਵ ਨੇ ਆਦਿ ਗ੍ਰੰਥ ਦੀ ਸੰਪਾਦਨਾ ਦੀ ਵਿਉਂਤ ਬਣਾਈ। ਗੁਰੂ ਸਾਹਿਬਾਨ ਅਤੇ ਭਗਤ ਬਾਣੀ ਨੂੰ ਵਿਉਂਤ ਕੇ ੧੫੯੯ ਵਿਚ ਰਾਮਸਰ ਨਾਂ ਦੇ ਇਲਾਕੇ ਵਿਚ ਬੈਠ ਕੇ ਇਸ ਕਾਰਜ ਨੂੰ ਆਰੰਭ ਕਰ ਲਿਆ। ਭਾਈ ਕੇਸਰ ਸਿੰਘ ਛਿੱਬਰ ਅਨੁਸਾਰ:

*ਭਾਈ ਸੰਤ ਦਾਸ ਹਰੀਆ ਸੁਖਾ ਮਨਸਾ ਰਾਮ।।*

*ਲਿਖਦੇ ਜਾਣ ਜੋ ਚਾਰੇ ਲਿਖਾਰੀ ਜੋ ਸਾਹਿਬ ਬਖਾਨ।* [10]

ਇਨ੍ਹਾਂ ਚੌਹਾਂ ਲਿਖਾਰੀਆਂ ਨੇ ਸਾਰੀ ਬਾਣੀ ਦਾ ਪਹਿਲਾ ਇਕ ਥਾਂ ਉਤਾਰਾ ਕਰ ਲਿਆ ਜੋ ੧੬੦੧ ਈ. ਵਿਚ ਮੁਕੰਮਲ ਹੋਇਆ। ਇਸ ਤੋਂ ਬਾਅਦ ਗੁਰੂ ਅਰਜਨ ਦੇਵ ਨੇ ਬੜੀ ਬਰੀਕੀ ਤੇ ਸੂਝ ਨਾਲ ਬਾਣੀ ਨੂੰ ਵਾਚਣਾ ਤੇ ਸੋਧਣਾ ਸ਼ੁਰੂ ਕਰ ਦਿੱਤਾ। ਭਗਤ ਬਾਣੀ ਨੂੰ ਸੰਕਲਿਤ ਕਰਦਿਆਂ ਇਸ ਗੱਲ ਵੱਲ ਉਚੇਚਾ ਧਿਆਨ ਕੀਤਾ ਕਿ ਕੇਵਲ ਉਨ੍ਹਾਂ ਸੰਤਾਂ ਭਗਤਾਂ ਦੀ ਬਾਣੀ ਨੂੰ ਹੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤਾ ਜਾਵੇ ਜੋ ਨਿਰਗੁਣ ਭਗਤੀ ਧਾਰਾ ਦੇ ਵਿਕਾਸ ਵਿਚ ਸਹਾਇਕ ਹੋਵੇ। ਉਨ੍ਹਾਂ ਨੇ ਆਪਣੇ ਸਮਕਾਲੀ ਭਗਤਾਂ ਛੱਜੂ, ਕਾਹਨਾ, ਪੀਲੂ ਅਤੇ ਸ਼ਾਹ ਹੁਸੈਨ ਦੀ ਬਾਣੀ ਨੂੰ ਗੁਰਮਤਿ ਆਸ਼ੇ ਦੇ ਪ੍ਰਤੀਕੂਲ ਹੋਣ ਕਾਰਨ ਛੱਡ ਦਿੱਤਾ। ਜਿੱਥੇ ਕਿਤੇ ਵੀ ਉਨ੍ਹਾਂ ਨੂੰ ਸ਼ੰਕੇ ਦੀ ਸੰਭਾਵਨਾ ਜਾਪੀ, ਉਥੇ ਟਿੱਪਣੀ ਵਜੋਂ ਜਾਂ ਸਪਸ਼ਟਤਾ ਲਈ ਆਪਣਾ ਜਾਂ ਪੂਰਵਵਰਤੀ ਗੁਰੂਆਂ ਵਿਚੋਂ ਕੋਈ ਸਲੋਕ ਜਾਂ ਸ਼ਬਦ ਜੋੜ ਦਿੱਤਾ। ਇਸ ਤਰ੍ਹਾਂ ਵੱਖ-ਵੱਖ ਪ੍ਰਾਂਤਾਂ ਦੇ ਸੂਫੀ ਸੰਤਾਂ, ਭਗਤਾਂ ਤੇ ਭੱਟਾਂ ਦੀ ਬਾਣੀ ਨੂੰ ਗੁਰਬਾਣੀ ਨਾਲ ਜੋੜ ਕੇ ਆਪਣਾ ਉਦਾਰ ਅਤੇ ਸਮਿਨਵੈ ਵਾਦੀ ਦ੍ਰਿਸ਼ਟੀਕੋਣ ਸਪਸ਼ਟ ਕਰ ਦਿੱਤਾ।

ਭਾਰਤੀ ਸਭਿਆਚਾਰ ਦੀ ਗੌਰਵਤਾ ਅਤੇ ਵਿਲੱਖਣਤਾ, ਵਿਸ਼ਵਾਸਾਂ ਦੀ ਅਨੇਕਤਾ ਵਿਚ ਏਕਤਾ ਦੀ ਭਾਵਨਾ ਹੈ। ਅਜਿਹੇ ਵਿਸ਼ਵਾਸ ਅਨੁਸਾਰ ਵਿਚਰਨ ਵਾਲਾ ਮਨੁੱਖ ਸੱਭਯ ਹੈ ਅਤੇ ਉਲਟੇ ਕਰਮ ਕਰਨ ਵਾਲਾ ਅਸੱਭਯ। ਮਨੁੱਖਤਾ ਦੇ ਪ੍ਰਮੁੱਖ ਗੁਣ ਸਹਿਣਸ਼ੀਲਤਾ ਅਤੇ ਦਯਾ ਜੋ ਧਰਮ ਦਾ ਧੁਰਾ ਸਨ, ਮਨੁੱਖ ਤੋਂ ਦੂਰ ਹੋ ਜਾਂਦੇ ਸਨ। ਇਸ ਆਪੋ-ਧਾਪੀ ਦੀ ਬਣਾਉਟੀ ਅਵਸਥਾ

ਵਿਚ ਮਾਨਵ ਕੀਮਤਾਂ ਦੀ ਪੁਨਰ ਸਥਾਪਨਾ ਲਈ ਗੁਰੂ ਅਰਜਨ ਦੇਵ ਨੇ ੧੬੦੪ ਈ. ਵਿਚ ਅਦੁੱਤੀ ਗ੍ਰੰਥ ਦੀ ਸੰਪਾਦਨਾ ਕੀਤੀ। ਸਦੀਵੀ ਰਹਿਨੁਮਾਈ ਦੇਣ ਵਾਸਤੇ ਇਸ ਗ੍ਰੰਥ ਵਿਚ ੧੨ਵੀਂ ਤੋਂ ੧੭ਵੀਂ ਸਦੀ ਤਕ ਹੋਏ ਉਨ੍ਹਾਂ ਮਹਾਂ ਪੁਰਖਾਂ ਦੇ ਬਚਨਾਂ ਨੂੰ ਸੰਕਲਿਤ ਕੀਤਾ, ਜੋ ਰੱਬੀ ਏਕਤਾ ਅਤੇ ਮਨੁੱਖੀ ਏਕਤਾ ਦੇ ਸਮਰਥਕ ਅਤੇ ਪ੍ਰਚਾਰਕ ਸਨ। ਆਦਿ-ਗ੍ਰੰਥ ਵਿਚ ਬੰਗਾਲ ਦੇ ਜੈਦੇਵ ੧੧੭੧-੧੨੦੧, ਬਾਬਾ ਫਰੀਦ ੧੧੭੩-੧੨੬੬, ਤ੍ਰਿਲੋਚਨ ੧੨੬੭-੧੩੩੫ ਈ., ਵੈਸ਼ ਜਾਤੀ ਦੇ ਨਾਮਦੇਵ ੧੨੭੦-੧੩੪੯ ਈ., ਮਹਾਂਰਾਸ਼ਟਰ ਦੇ ਛੀਂਬੇ, ਰਾਮਾਨੰਦ ਉੱਤਰੀ ਭਾਰਤ ਦੇ ੧੩੬੬-੧੪੬੭, ਦੋ ਮੁੱਖ ਹਿੰਦੂ ਤੇ ਮੁਸਲਮ ਧਰਮਾਂ ਦਾ ਸਮਿਨਵੈ ਕਬੀਰ ਜੁਲਾਹਾ ੧੩੯੮-੧੪੪੫, ਕਬੀਰ ਦੇ ਸਮਕਾਲੀ ਸੈਣ ਨਾਈ ੧੩੯੦-੧੪੪੦, ਉੱਤਰ ਪ੍ਰਦੇਸ਼ ਦੇ ਕਸਾਈ ਸਦਨਾ, ਚੌਹਾਨ ਪੀਪਾ ੧੪੦੮-੧੪੬੮, ਧੁਆਨ ਨਗਰ ਦੇ ਜੰਮਪਲ ਧੰਨਾ, ਲਖਨਊ ਦੇ ਸੂਫੀ ਭੀਖਣ ੧੪੮੦-੧੫੭੩, ਕ੍ਰਿਸ਼ਨ ਦੇ ਭਗਤ ਸੂਰਦਾਸ, ਮਰਾਸੀ ਪਰਿਵਾਰ ਦੇ ਮਰਦਾਨਾ ੧੪੬੦-੧੫੩੦, ਰਵਿਦਾਸ ਚਮਾਰ, ਭੱਲਾ ਘਰਾਣੇ ਦੇ ਸੁੰਦਰ ਆਦਿ ਦੀ ਰਚਨਾ ਨੂੰ ਬਿਨਾਂ ਕਿਸੇ ਭੇਦ-ਭਾਵ ਦੇ ਅੰਕਿਤ ਕਰ ਲੈਣਾ 'ਏਕ ਪਿਤਾ ਏਕਸ ਕੇ ਹਮ ਬਾਰਿਕ' ਦੇ ਆਦਰਸ਼ ਨੂੰ ਦ੍ਰਿੜ ਕਰਾਉਂਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤਕਰੀਬਨ ਪੰਜ ਸੌ ਸਾਲ ਤੱਕ ਦੇ ਸਮੇਂ ਦਾ ਰੱਬੀ ਕਲਾਮ ਹੈ। ਹਿੰਦੁਸਤਾਨ ਦੇ ਵੱਖ-ਵੱਖ ਖਿੱਤਿਆਂ ਵਿਚ ਵੱਖੋ-ਵੱਖ ਸਮੇਂ ਹੋਏ ਸੰਤਾਂ ਭਗਤਾਂ, ਜਿਹੜੇ ਵੱਖ ਵੱਖ ਸਭਿਆਚਾਰਾਂ ਅਤੇ ਜਾਤਾਂ ਨਾਲ ਸੰਬੰਧਤ ਸਨ, ਦੀ ਬਾਣੀ ਨੂੰ ਗੁਰੂ ਸਾਹਿਬਾਨ ਦੀ ਬਾਣੀ ਨਾਲ ਸ਼ਾਮਲ ਕਰਕੇ ਸਨਮਾਨ ਯੋਗ ਸਥਾਨ ਦਿਵਾਇਆ। ਇਨ੍ਹਾਂ ਵਿਚੋਂ ਬਹੁਤ ਸਾਰੇ ਭਗਤ ਹਿੰਦੂ ਵਰਣ-ਵੰਡ ਵਿਚ ਨੀਵੀਆਂ ਜਾਤਾਂ ਨਾਲ ਸੰਬੰਧਿਤ ਸਨ ਅਤੇ ਕੁਲੀਨ ਜਾਤਾਂ ਦੇ ਲੋਕ ਇਨ੍ਹਾਂ ਜਾਤਾਂ ਦੇ ਸੰਪਰਕ ਵਿਚ ਆਉਣਾ ਵੀ ਪਸੰਦ ਨਹੀਂ ਕਰਦੇ ਸਨ ਪਰੰਤੂ ਗੁਰੂ ਸਾਹਿਬ ਨੇ:-

*ਸਭੇ ਸਾਂਝੀਵਾਲ ਸਦਾਇਨਿ ਤੂ ਕਿਸੈ ਨ ਦਿਸੈ ਬਾਹਰਾ ਜੀਉ॥* ਪੰਨਾ ੯੭

ਦੇ ਸਿਧਾਂਤ ਨੂੰ ਪੂਰਾ ਕਰਕੇ ਇਹ ਸਿਧਾਂਤ ਵੀ ਸਥਾਪਿਤ ਕਰ ਦਿੱਤਾ ਕਿ ਪਰਮ ਸਤਿ ਨੂੰ ਨਾ ਤਾਂ ਸੀਮਾਵਾਂ ਵਿਚ ਬੰਨ੍ਹਿਆ ਜਾ ਸਕਦਾ ਹੈ ਤੇ ਨਾ ਹੀ ਪਰਮਾਤਮਾ ਬਾਰੇ ਵਿਚਾਰ ਕਰਨ ਦੀ ਕੋਈ ਹੱਦ-ਬੰਦੀ ਹੁੰਦੀ ਹੈ। ਗਰੂ ਸਾਹਿਬਾਨ ਦੀ ਬਾਣੀ ਦੇ ਨਾਲ ਸੰਤਾਂ ਭਗਤਾਂ ਦੀ ਬਾਣੀ ਨੂੰ ਵੀ 'ਸ਼ਬਦ ਗੁਰੂ' ਹੋਣ ਦਾ ਮਾਣ ਬਖਸ਼ਿਆ। ਗੁਰੂ ਅੰਗਦ ਦੇਵ ਨੇ ਬਾਣੀ ਦੀ ਸਾਂਭ ਸੰਭਾਲ ਲਈ ਸਥਾਨਕ ਲਿਪੀਆਂ ਦਾ ਤੁਲਨਾਤਮਕ ਅਧਿਐਨ ਕਰਕੇ 'ਗੁਰਮੁੱਖੀ ਲਿਪੀ' ਤਿਆਰ ਕੀਤੀ, ਜਿਹੜੀ ਬਾਣੀ ਚਿੰਤਨ ਨੂੰ ਸੰਭਾਲਣ ਕਰਕੇ ਪ੍ਰਮਾਣਿਕ ਲਿਪੀ ਹੋ ਨਿਬੜੀ।

ਇਸ ਗ੍ਰੰਥ ਦੁਆਰਾ ਸੰਸਾਰ ਦੇ ਇਤਿਹਾਸ ਵਿਚ ਧਾਰਮਿਕ ਉਦਾਰਤਾ ਦੀ ਪਹਿਲੀ ਵਾਰ ਮਿਸਾਲ ਕਾਇਮ ਕਰਕੇ ਉਤਸ਼ਾਹ ਜਨਕ ਸੇਧ ਦਿੱਤੀ ਗਈ। ਇਸ ਵਿਚਲੀ ਬਾਣੀ ਦੇ ਰਚਣਹਾਰੇ ਮੁਸਲਮਾਨ, ਮਿਰਾਸੀ, ਡੂਮ ਜਾਂ ਭੱਟ ਹਿੰਦੂਆਂ ਦੀ ਅਖੌਤੀ ਜਾਤੀ ਵੰਡ ਦੇ ਬ੍ਰਾਹਮਣ, ਕਸ਼ੱਤਰੀ, ਵੈਸ਼, ਅਤੇ ਸ਼ੂਦਰ ਵੀ ਸਨ। ਵੱਖ-ਵੱਖ ਧਰਮਾਂ ਵਿਚ ਉਚਾਰੇ ਜਾਂਦੇ ਰੱਬ ਦੇ ਅਨੇਕ ਨਾਮ ਪਹਿਲੀ ਵਾਰ ਸਾਂਝੇ ਤੌਰ ਤੇ ਇਕੋ ਜ਼ਬਾਨ ਤੋਂ ਉਚਾਰੇ ਗਏ। ਦੇਸ਼ ਦੀਆਂ ਵੱਖ-ਵੱਖ ਭਾਸ਼ਾਵਾਂ ਤੇ ਸ਼ਬਦਾਂ ਵਿਚ ਪਹਿਲੀ ਵਾਰ ਸਾਂਝੀ ਸੁਰ ਸੁਣਾਈ ਗਈ। ਦੇਸ਼ ਦੇ ਵੱਖ-ਵੱਖ ਇਲਾਕਿਆਂ ਤੋਂ ਉੱਠੀਆਂ ਮਨੁੱਖੀ ਭਾਵਨਾਵਾਂ ਦੀ ਸਾਂਝੀ ਅਵਾਜ਼ ਨੇ ਹਰ ਪਾਸੇ ਗੁੰਜਾਰ ਪਾ ਦਿੱਤੀ।

ਗੁਰੂ ਅਰਜਨ ਦੇਵ ਨੇ ਬਾਣੀ ਦੇ ਸੰਕਲਨ ਅਤੇ ਸੰਪਾਦਨਾ ਦੇ ਅਤਿ ਬਿਖਮ ਕਾਰਜ ਨੂੰ ਨਿਪੁੰਨਤਾ ਨਾਲ ਸਿਰੇ ਚੜਾਇਆ। ਇਸ ਤਰ੍ਹਾਂ ਸਾਰੀ ਬਾਣੀ ਨੂੰ ਬੀੜ ਰੂਪ ਵਿਚ ਸੰਯੋਜਿਤ ਕਰਨ ਅਤੇ ਲਿਖਾਰੀ ਦਾ ਕਾਰਜ ਭਾਈ ਗੁਰਦਾਸ ਨੂੰ ਸੌਂਪ ਦਿੱਤਾ। ਸੰਸਕ੍ਰਿਤ, ਅਰਬੀ, ਫਾਰਸੀ ਅਤੇ ਬ੍ਰਜ ਭਾਸ਼ਾ ਦੇ ਵਿਦਵਾਨ ਭਾਈ ਗੁਰਦਾਸ ਨੇ ਬੜੀ ਵਿਦਵਤਾ, ਮਿਹਨਤ ਅਤੇ ਲਗਨ ਨਾਲ ਇਸ ਕਾਰਜ ਨੂੰ ੧੬੦੪ ਈ. ਵਿਚ ਸੰਪੂਰਨ ਕਰ ਲਿਆ। ਇਹ ਗ੍ਰੰਥ 'ਕਰਤਾਰਪੁਰ ਵਾਲੀ ਬੀੜ' ਦੇ ਨਾਂ ਨਾਲ ਪ੍ਰਸਿੱਧ ਹੈ। ਗੁਰੂ ਅਰਜਨ ਦੇਵ ਨੇ ਇਸ ਬੀੜ ਦੀ ਜਿਲਦ ਬੰਨ੍ਹਵਾਉਣ ਲਈ ਭਾਈ ਬੰਨੋ ਨੂੰ ਅੰਮ੍ਰਿਤਸਰ ਤੋਂ ਲਾਹੌਰ ਭੇਜ ਦਿੱਤਾ। ਉਸਨੇ ਰਸਤੇ ਵਿਚ ਕਈ ਲਿਖਾਰੀਆਂ ਨੂੰ ਲਗਾ ਕੇ ਇਸ ਬੀੜ ਦਾ ਉਤਾਰਾ ਕਰ ਲਿਆ ਤੇ ਇਸ ਵਿਚ ਕੁਝ ਵਾਧੂ ਬਾਣੀ ਵੀ ਸ਼ਾਮਿਲ ਕਰ ਲਈ। ਇਸ ਬੀੜ ਨੂੰ 'ਖਾਰੀ ਬੀੜ' ਦਾ ਨਾਂ ਦਿੱਤਾ ਗਿਆ। ਇਸ ਗ੍ਰੰਥ ਨੂੰ 'ਆਦਿ ਗ੍ਰੰਥ' ਵਜੋਂ ਜਾਣਿਆ ਜਾਂਦਾ ਹੈ। ਗੁਰੂ ਅਰਜਨ ਦੇਵ ਤੋਂ ਬਾਅਦ ਛੇਵੇਂ, ਸੱਤਵੇਂ ਅਤੇ ਅਠਵੇਂ ਗੁਰੂ ਸਾਹਿਬਾਨ ਨੇ ਬਾਣੀ ਨਹੀਂ ਰਚੀ। ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਗੁਰੂ ਤੇਗ ਬਹਾਦਰ ਦੇ ੧੫ ਰਾਗਾਂ ਵਿਚ ੫੯ ਸ਼ਬਦ ਅਤੇ ੫੭ ਸਲੋਕਾਂ ਨੂੰ ਪੁਨਰ ਸੰਪਾਦਨ ਕਰਕੇ ਆਦਿ ਗ੍ਰੰਥ ਵਿੱਚ ਸ਼ਾਮਲ ਕਰਵਾਇਆ ਅਤੇ ਭਾਈ ਮਨੀ ਸਿੰਘ ਨੂੰ ਇਸਦਾ ਲਿਖਾਰੀ ਨਿਯੁਕਤ ਕੀਤਾ। ਇਹ ਕਾਰਜ ਦਮਦਮਾ ਸਾਹਿਬ ਵਿਖੇ ਸੰਪੂਰਨ ਹੋਇਆ। *"ਸੋ ਮੁੱਕਦੀ ਗੱਲ ਹੈ ਕਿ ਅੰਤਮ ਰੂਪ ਵਾਲੀ ਬੀੜ ਦਮਦਮੀ ਬੀੜ ਦੇ ਨਾਂ ਨਾਲ ਪੁਕਾਰੀ ਗਈ ਅਤੇ ਇਸੇ ਦਮਦਮੀ ਸਰੂਪ ਨੂੰ ਸਵੀਕਾਰ ਕਰਕੇ ਹੁਣ ਆਦਿ ਗੁਰੂ ਗ੍ਰੰਥ ਸਾਹਿਬ ਦਾ ਛਾਪੇ ਦੁਆਰਾ ਪ੍ਰਕਾਸ਼ਨ ਕੀਤਾ ਜਾਂਦਾ ਹੈ।"* [11] ਗੁਰੂ ਗ੍ਰੰਥ ਸਾਹਿਬ ਦੀ ਬੀੜ ਦਾ ਵਰਤਮਾਨ ਸਰੂਪ 'ਦਮਦਮੀ ਬੀੜ ਦਾ ਉਤਾਰਾ' ਹੈ। ਜਿਸ ਨੂੰ ਗੁਰੂ ਗੋਬਿੰਦ ਸਿੰਘ ਨੇ ਸਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ੭ ਅਕਤੂਬਰ ੧੭੦੮ ਈ. ਵਿਚ ਗੁਰੂ ਗੋਬਿੰਦ ਸਿੰਘ ਨੇ 'ਗੁਰੂ' ਦਾ ਦਰਜਾ ਦਿੱਤਾ ਸੀ।

ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਨੂੰ ਕੇਵਲ ਇਕੱਤਰੀਕਰਨ ਜਾਂ ਸੰਕਲਨ ਵਜੋਂ ਹੀ ਪ੍ਰਸਤੁਤ ਨਹੀਂ ਕੀਤਾ ਗਿਆ ਸਗੋਂ ਇਸ ਦਾ ਸੰਪਾਦਨ ਕਾਰਜ ਅਤੇ ਇਸ ਵਿੱਚ ਵਰਤੀਆਂ ਗਈਆਂ ਜੁਗਤਾਂ ਤਾਂ ਵੱਡੇ ਵੱਡੇ ਅਧਿਐਨ ਕਰਤਾਵਾਂ ਨੂੰ ਹੈਰਾਨ ਕਰ ਦਿੰਦੀਆਂ ਹਨ। ਗੁਰੂ ਅਰਜਨ ਦੇਵ ਤੋਂ ਪਹਿਲਾਂ ਸੰਪਾਦਨਾ ਦਾ ਕੋਈ ਅਜਿਹਾ ਮਾਡਲ ਤਾਂ ਮੌਜੂਦ ਹੀ ਨਹੀਂ ਸੀ। ਡਾ. ਗੁਰਬਚਨ ਕੌਰ ਦੇ ਸ਼ਬਦਾਂ ਅਨੁਸਾਰ:

> *ਗੁਰੂ ਅਰਜਨ ਦੇਵ ਜੀ ਨੇ ਆਪਣੀ ਦੇਖ ਰੇਖ ਅਧੀਨ ਨਿਤਨੇਮ ਦੀਆਂ ਬਾਣੀਆਂ, ਰਾਗਬੱਧ ਅਤੇ ਰਾਗ ਮੁਕਤ ਬਾਣੀ ਦਾ ਗ੍ਰੰਥ ਤਿਆਰ ਕਰਕੇ ਨਾ ਕੇਵਲ ਬਾਣੀ ਨੂੰ ਸਥਾਈ ਤੌਰ ਤੇ ਰਲਿਆਂ ਤੋਂ ਸਰੱਖਿਅਤ ਕਰ ਦਿੱਤਾ ਸਗੋਂ ਭਾਰਤ ਦੇ ਸਾਹਿਤਕ ਇਤਿਹਾਸ ਵਿਚ ਸੰਪਾਦਨ ਦੇ ਇਕ ਨਵੇਂ ਅਧਿਆਇ ਨੂੰ ਸ਼ਾਮਲ ਕਰਨ ਦਾ ਗੌਰਵਮਈ ਉੱਦਮ ਕੀਤਾ।*[12]

ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਕੇ ਆਪਣੀ ਵਿਲੱਖਣ ਜੁਗਤ ਦਾ ਪਰਮਾਣ ਦਿੱਤਾ। ਗੁਰੂ ਗ੍ਰੰਥ ਸਾਹਿਬ ਦੀ ਸੁਚੱਜੀ ਅਤੇ ਮੌਲਿਕ ਸੰਪਾਦਕੀ ਜੁਗਤ ਬਾਰੇ ਡਾ. ਰਤਨ ਸਿੰਘ ਜੱਗੀ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਇਸ ਪ੍ਰਕਾਰ ਕਰਦੇ ਹਨ:

*ਸੰਪਾਦਕ ਗੁਰੂ ਨੇ ਹਰ ਸ਼ਬਦ, ਅਸਟਪਦੀ ਜਾਂ ਪਉੜੀ – ਸਲੋਕ ਦੇ ਅੰਕ ਉੱਤੇ ਸੰਖਿਆ ਅੰਕ ਦਿੱਤਾ ਗਿਆ ਹੈ ਅਤੇ ਨਾਲ ਨਾਲ ਕੁਲ ਜੋੜ ਅੰਕ ਵੀ ਦਿੱਤਾ ਗਿਆ ਹੈ। ਕਈਆਂ ਥਾਵਾਂ ਤੇ ਅਖਰਾਂ ਦੀ ਗਿਣਤੀ ਵੀ ਸੂਚਿਤ ਕੀਤੀ ਗਈ ਹੈ ਜਿਵੇਂ ਮਹਿਲੇ ਪਹਿਲੇ ਕੇ ਸਤਾਰਾਂ ਅਸਟਪਦੀਆਂ, ਸਤ ਚਉਪਦੇ ਮਹਲੇ ਚਉਥੇ ਕੇ, ਸੋਲਾਂ ਅਸਟਪਦੀਆਂ ਗੁਆਰੇਰੀ ਗਉੜੀ ਕੀਆ, ਬਾਈਸ ਚਉਪਦੇ ਤਥਾ ਪੰਚਪਦੇ ਆਦਿ। ਇਸ ਤਰ੍ਹਾਂ ਪਦਿਆਂ ਆਦਿ ਦੀ ਗਿਣਤੀ ਨਿਸਚਤ ਕਰਕੇ ਰਲਿਆਂ ਦੀ ਸੰਭਾਵਨਾ ਖਤਮ ਕੀਤੀ ਗਈ ਹੈ। ਹਰ ਸ਼ਬਦ/ਬਾਣੀ ਦੇ ਅਰੰਭ ਵਿਚ ਰਚੈਤਾ ਗੁਰੂ ਜਾਂ ਭਗਤ ਦੀ ਸੂਚਨਾ ਦਿੱਤੀ ਹੋਈ ਹੈ ਅਤੇ ਪੂਰਾ ਜਾਂ ਸੰਖਿਪਤ ਮੂਲ ਮੰਤ੍ਰ ਵੀ ਲਿਖਿਆ ਗਿਆ ਹੈ।*[13]

ਬਾਣੀਕਾਰਾਂ ਦੇ ਸਮੁੱਚੀ ਬਾਣੀ ਨੂੰ ਸੰਯੋਜਿਤ ਢੰਗ ਨਾਲ ਸੰਪਾਦਨ ਕਰਨ ਉਪਰੰਤ ਪਰੰਪਰਾ ਅਨੁਸਾਰ ਗੁਰਗੱਦੀ ਸੌਂਪ ਕੇ ' ਗੁਰੂ ਗ੍ਰੰਥ ਸਾਹਿਬ' ਨੂੰ ਗੁਰੂ ਮੰਨਣ ਦਾ ਆਦੇਸ਼ ਦਿੱਤਾ। ਕਿਸੇ ਗੁਰਸਿੱਖ ਕਵੀ ਅਨੁਸਾਰ 'ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਯੋ ਗ੍ਰੰਥ' ਮੁਤਾਬਕ ਗੁਰੂ ਗ੍ਰੰਥ ਸਾਹਿਬ ਗੁਰੂ ਦੀ ਦੇਹ ਹੈ ਅਤੇ ਜਿਹੜਾ ਵੀ ਗੁਰੂ ਨੂੰ ਮਿਲਣਾ ਚਾਹੁੰਦਾ ਹੈ ਉਹ ਸ਼ਬਦ ਦੀ ਖੋਜ ਕਰੇ। ਬੇਸ਼ਕ ਰਸਮੀ ਤੌਰ ਤੇ ਗੁਰੂ ਗੋਬਿੰਦ ਸਿੰਘ ਨੇ 'ਸ਼ਬਦ ਗੁਰੂ' ਨੂੰ ਗੱਦੀ ਦਿੱਤੀ ਪਰ ਗੁਰੂ ਨਾਨਕ ਦੇਵ ਨੇ 'ਸਿਧ ਗੋਸਟਿ' ਵਿਚ ਜੋਗੀਆਂ ਦੇ ਪ੍ਰਸ਼ਨ:

*ਕਵਣ ਮੂਲ ਕਵਣ ਮਤਿ ਵੇਲਾ॥*

*ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ॥* ਪੰਨਾ ੯੪੨

ਦਾ ਉੱਤਰ ਇਸ ਪ੍ਰਕਾਰ ਦਿੱਤਾ ਸੀ:

*ਪਵਨ ਅਰੰਭੁ ਸਤਿਗੁਰ ਮਤਿ ਵੇਲਾ॥*

*ਸਬਦੁ ਗੁਰੂ ਸੁਰਤਿ ਧੁਨਿ ਚੇਲਾ॥* ਪੰਨਾ ੯੪੩

ਇਸੇ ਸਿਧਾਂਤ ਦੀ ਪ੍ਰੋੜਤਾ ਗੁਰੂ ਰਾਮਦਾਸ ਨੇ ਵੀ ਕੀਤੀ ਸੀ:

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥*

*ਗੁਰੁ ਬਾਣੀ ਕਹੈ ਸੇਵਕੁ ਜਨ ਮਾਨੈ ਪਰਤਖਿ ਗੁਰੂ ਨਿਸਤਾਰੇ॥* ਪੰਨਾ ੯੮੨

ਜਿਸ ਗੁਰੂ ਦੀ ਸੰਕਲਪਨਾ ਗੁਰੂ ਨਾਨਕ ਨੇ ਕੀਤੀ, ਸੰਪਾਦਨਾ ਗੁਰੂ ਅਰਜਨ ਦੇਵ ਨੇ ਕੀਤੀ ਤੇ ਦਸਵੇਂ ਪਾਤਸ਼ਾਹ ਨੇ ਇਸ ਨੂੰ ਗੁਰੂ ਦਾ ਦਰਜਾ ਦਿੱਤਾ। ਇਹ ਗ੍ਰੰਥ ਨਿਰਗੁਣ ਭਗਤ ਸਾਧਕਾਂ ਦੀ ਪਵਿਤ੍ਰ ਬਾਣੀ ਦਾ ਇਕ ਅਜਿਹਾ ਸੰਗ੍ਰਹਿ ਹੈ ਜਿਸ ਵਿਚ ਬਿਨਾਂ ਕਿਸੇ ਧਰਮ, ਜਾਤੀ ਜਾਂ ਵਰਗ ਦੇ ਵਿਥ-ਵਿਤਕਰੇ ਦੇ ਉਹ ਸਾਰੀ ਬਾਣੀ ਸ਼ਾਮਲ ਕਰ ਲਈ, ਜਿਸ ਨਾਲ ਮਨੁੱਖਤਾ ਦਾ ਅਧਿਆਤਮਕ ਕਲਿਆਣ ਸੰਭਵ ਸੀ। ਗੁਰੂ ਅਰਜਨ ਦੇਵ ਨੇ ਅਜਿਹਾ ਉੱਦਮ ਕਰਕੇ ਰਾਸ਼ਟਰੀ ਏਕਤਾ ਉਦੋਂ ਕਾਇਮ ਰਹਿੰਦੀ ਜਦੋਂ ਵੱਖੋ-ਵੱਖਰੇ ਮਜ਼ਹਬਾਂ ਅਤੇ ਜਾਤੀ ਭੇਦ ਤੋਂ ਉੱਪਰ ਉੱਠ ਕੇ ਮਨੁੱਖਤਾ ਨਾਲ ਪਿਆਰ ਕੀਤਾ ਜਾਵੇ। ਇਹ ਗ੍ਰੰਥ ਉਹ ਅਨਮੋਲ ਖਜ਼ਾਨਾ ਹੈ ਜਿਥੇ ਹਰ ਵਿਅਕਤੀ ਨੂੰ ਆਪਣੀ ਆਤਮਕ ਸ਼ੁੱਧਤਾ ਲਈ ਆਬੇ-ਹਯਾਤ ਪ੍ਰਾਪਤ ਹੁੰਦਾ ਹੈ। ਜਿਸ ਨਾਲ ਮਨੁੱਖਤਾ ਦਾ ਅਧਿਆਤਮਕ ਕਲਿਆਣ ਸੰਭਵ ਹੈ, ਜੋ ਮਨੁੱਖ ਨੂੰ ਮਨੁੱਖਾਂ ਨਾਲ ਜੋੜਦੀ ਅਤੇ ਜੀਵ ਨੂੰ ਮਨੁੱਖ ਬਨਣ ਲਈ ਪ੍ਰੇਰਦੀ ਹੈ। ਇਹ ਮਹਾਨ ਗ੍ਰੰਥ ਇਕ ਅਜਿਹਾ ਗ੍ਰੰਥ ਹੈ ਜਿਸ ਤੋਂ ਸਾਰਾ ਸੰਸਾਰ ਅਗਵਾਈ ਲੈ ਸਕਦਾ ਹੈ ਕਿਉਂਕਿ ਸੰਸਾਰ ਵਿੱਚ ਰਹਿੰਦਿਆਂ ਉਤਮ ਜੀਵਨ ਜਿਉਣ ਬਾਰੇ ਅਤੇ ਉਤਮ ਮਨੁੱਖ ਹੋਣ ਬਾਰੇ ਦੱਸਦਾ ਹੈ। ਨਾਲ ਹੀ ਉਸ ਦੇ ਧਾਰਮਿਕ ਸਰੋਕਾਰਾਂ ਅਤੇ ਸੰਸਾਰ ਵਿਚ ਵਿਚਰਦਿਆਂ ਹੋਇਆਂ ਇਕ ਮਾਨਵ ਦੇ ਤੌਰ ਤੇ ਉਸਦੇ ਮਨੁੱਖਤਾ ਪ੍ਰਤੀ ਫਰਜ਼ਾਂ ਅਤੇ ਦੂਸਰੇ ਮਨੁੱਖਾਂ ਨਾਲ ਰਿਸ਼ਤੇ ਬਾਰੇ ਚਾਨਣਾ ਪਾਉਂਦਾ ਹੈ।

## (ਅ) ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਬਿਓਰਾ

ਬਾਣੀ ਆਪਣੀ ਪ੍ਰਕਿਰਤੀ ਵਜੋਂ ਅਧਿਆਤਮਕ ਸਰੂਪ ਵਾਲੀ ਟੈਕਸਟ ਹੈ। ਇਸੇ ਕਰਕੇ ਇਸਦੀ ਹੋਂਦ ਵਿਧੀ ਦੇ ਬਹੁ ਭਾਂਤੀ ਧਰਾਤਲਾਂ ਵਿਚੋਂ ਇਕ ਧਾਰਮਿਕ ਦ੍ਰਿਸ਼ਟੀ ਅਤੇ ਧਾਰਮਿਕ

ਰਹਿਤਲ ਵੀ ਹੈ। ਧਰਮ ਇਕ ਭਾਵੁਕ ਜਜ਼ਬਾ ਹੈ ਜੋ ਸ੍ਰਿਸ਼ਟੀ ਦੇ ਸਾਰੇ ਜੀਵਾਂ ਵਿਚੋਂ ਕੇਵਲ ਮਨੁੱਖ ਵਿਚ ਹੀ ਪਾਇਆ ਜਾਂਦਾ ਹੈ। ਮਨੁੱਖ ਦੇ ਜਨਮ ਉਪਰੰਤ ਉਸਦੇ ਪਾਲਣ ਪੋਸ਼ਣ ਦੇ ਨਾਲ ਹੀ ਉਸਦੀ ਸਿੱਖਿਆ ਦੀਖਿਆ ਦਾ ਕਾਰਜ ਆਰੰਭ ਹੋ ਜਾਂਦਾ ਹੈ। ਇਸੇ ਸਿੱਖਿਆ ਦੀਖਿਆ ਰਾਹੀਂ ਉਹ ਧਾਰਮਿਕ ਅਨੁਸ਼ਾਸਨਾਂ ਨੂੰ ਗ੍ਰਹਿਣ ਕਰਦਾ ਹੈ। ਇਸ ਤਰ੍ਹਾਂ ਦੀ ਸਥਿਤੀ ਵਿਚ ਕਿਸੇ ਵਿਸ਼ੇਸ਼ ਧਾਰਮਿਕ ਚੁਗਿਰਦੇ ਵਿਚ ਵਿਚਰਦਿਆਂ ਉਸ ਵਿਸ਼ੇਸ਼ ਧਰਮ ਨੂੰ ਸ੍ਰੇਸ਼ਟ ਮੰਨਣਾ ਅਤੇ ਬਾਕੀ ਪ੍ਰਚਲਿਤ ਧਰਮਾਂ ਨੂੰ ਊਣਾ ਕਰਕੇ ਜਾਣਨਾ, ਮਨੁੱਖ ਦੀ ਮੂਲ ਪ੍ਰਕਿਰਤੀ ਹੋ ਨਿਬੜਦੀ ਹੈ। ਮਨੁੱਖ ਦੀ ਇਸ ਮੂਲ ਅਤੇ ਬੁਨਿਆਦੀ ਧਾਰਮਿਕ ਪ੍ਰਵਿਰਤੀ ਤੋਂ ਸਿੱਖ ਗੁਰੂ ਸਾਹਿਬਾਨ ਭਲੀਭਾਂਤ ਜਾਣੂ ਸਨ। ਉਨ੍ਹਾਂ ਸਾਹਮਣੇ ਸਮੇਂ ਦੀਆਂ ਸਮਾਜਿਕ ਪਰਿਸਥਿਤੀਆਂ ਅਤੇ ਮਨੁੱਖ ਦੀਆਂ ਮਾਨਸਿਕ ਸਥਿਤੀਆਂ ਵੀ ਸਨ। ਇਹੀ ਕਾਰਨ ਸੀ ਪਰਿਸਥਿਤੀਆਂ ਅਤੇ ਸਥਿਤੀਆਂ ਦੀ ਪੇਸ਼ਕਾਰੀ ਉਨ੍ਹਾਂ ਦੀ ਬਾਣੀ ਵਿਚ ਅਗਰ-ਭੂਮੀ ਉੱਤੇ ਹੋਈ। ਉਸ ਸਮੇਂ ਦੇ ਧਾਰਮਿਕ ਵਾਤਾਵਰਨ, ਮਨੁੱਖੀ ਮਾਨਸਿਕਤਾ ਦੇ ਦਵੰਦ, ਰੱਬ ਦੀ ਹੋਂਦ/ਅਣਹੋਂਦ, ਉਸ ਦੀ ਸੱਤਾ ਅਤੇ ਨਿਰਗੁਣ-ਸਰਗੁਣ ਆਦਿ ਸੰਕਲਪਾਂ ਬਾਰੇ ਵੱਖ ਵੱਖ ਰਾਵਾਂ ਪ੍ਰਚਲਿਤ ਸਨ। ਬਾਣੀ ਰੂਪ ਵਿਚ ਇਸ ਸਮੁੱਚੇ ਧਾਰਮਿਕ ਵਰਤਾਰੇ ਬਾਰੇ ਜੋ ਕੁਝ ਵੀ ਪ੍ਰਾਪਤ ਹੁੰਦਾ ਹੈ ਉਹ ਆਪਣੇ ਬੁਨਿਆਦੀ ਨੁਕਤੇ ਤੋਂ ਸੰਸਕ੍ਰਿਤਕ ਤਾਂ ਹੈ ਹੀ ਸੀ, ਵਿਗਿਆਨਕ ਵੀ ਸੀ। ਭਾਰਤ ਦੇ ਧਰਮਾਂ ਵਿਚਲੀ ਹੁਣ ਤਕ ਦੀ ਸੰਸਕ੍ਰਿਤਕ ਚੇਸ਼ਟਾ ਉਸਦੇ ਪਰੰਪਰਾਵਾਦੀ (Orthodoxy) ਹੋਣ ਦੀ ਹੀ ਸ਼ਾਹਦੀ ਭਰਦੀ ਨਜ਼ਰ ਆਉਂਦੀ ਸੀ ਪਰ ਬਾਣੀ ਵਿੱਚੋਂ ਧਾਰਮਿਕ ਨੁਕਤੇ ਤੋਂ ਪਹਿਲੀ ਵਾਰ ਉਸ ਤਰ੍ਹਾਂ ਦੀ ਵਿਚਾਰਧਾਰਾ ਵਿਗਸੀ ਜੋ ਆਪਣੇ ਸਮਾਨੰਤਰ ਪ੍ਰਚਲਿਤ ਹੋਣ ਸੰਪਰਦਾਵਾਂ/ਧਰਮਾਂ ਦੀਆਂ ਧਾਰਮਿਕ ਸਥਾਪਨਾਵਾਂ ਉੱਤੇ ਕਾਬਜ਼ ਹੋ ਗਈ। ਇਸ ਵਿਚ ਕੋਈ ਸ਼ਕ ਨਹੀਂ ਆਦਿ ਗ੍ਰੰਥ ਦੀ ਸਮੁੱਚੀ ਬਾਣੀ ਵਿਚ ਧਾਰਮਿਕ ਦ੍ਰਿਸ਼ਟੀ ਤੋਂ ਜਿਹੜੀ ਵਿਚਾਰਧਾਰਾ ਪ੍ਰਤਿਪਾਦਿਤ ਹੋਈ ਉਸ ਵਿਚ ਬਹੁਤੇਰੇ ਧਰਮਾਂ ਦੀਆਂ ਚੰਗਿਆਈਆਂ ਦਾ ਵੀ ਵਿਲਯ (Lapse) ਹੋ ਗਿਆ ਅਤੇ ਹੌਲੀ ਹੌਲੀ ਧਾਰਮਿਕ ਦ੍ਰਿਸ਼ਟੀ ਤੋਂ ਬਾਣੀ ਇਕ ਸ਼੍ਰੋਮਣੀ ਵਿਚਾਰਧਾਰਾ ਦਾ ਦਰਜਾ ਹਾਸਿਲ ਕਰ ਗਈ।

ਗੁਰੂ ਗ੍ਰੰਥ ਸਾਹਿਬ ਦੇ ਮੁੱਢ ਵਿਚ ਮੂਲ ਮੰਤਰ ਹੈ। ਮੂਲ ਮੰਤਰ ਦੋ ਪਦਾਂ ਦਾ ਸੰਯੁਕਤ ਰੂਪ ਹੈ। ਮੂਲ ਦਾ ਅਰਥ ਜੜ੍ਹ ਹੈ ਅਤੇ ਮੰਤ੍ਰ ਦਾ ਅਰਥ ਹੈ ਜੋ ਮੰਨਨ ਕਰੀਏ, ਉਹ ਮੰਤ੍ਰ ਹੈ। ਮੂਲ ਮੰਤ੍ਰ ਵਿਚ ਉਸ ਪਰਮ-ਸਤਿ ਦਾ ਸੰਖੇਪ ਜ਼ਿਕਰ ਕੀਤਾ ਗਿਆ ਹੈ, ਉਸ ਨੂੰ ਕੇਵਲ ਇਕ ਕਿਹਾ ਗਿਆ ਹੈ। ਭਾਰਤੀ ਦਰਸ਼ਨ ਦੇ ਪ੍ਰਸਿੱਧ ਸੰਕਲਪ 'ਬ੍ਰਹਮ' ਜੋ 'ਓ' ਪ੍ਰਮਾਤਮਾ ਦਾ ਚਿੰਨ੍ਹ ਹੈ ਅਤੇ ਉਸਦੇ ਅੱਗੇ '੧' ਲਗਾ ਕੇ ਇਹ ਸਪਸ਼ਟ ਕੀਤਾ ਗਿਆ ਹੈ ਕਿ ਗੁਰੂ ਨਾਨਕ ਸਾਹਿਬ ਨੇ ਇਕ ਈਸ਼ਵਰਵਾਦ ਅਤੇ ਬ੍ਰਹਮਵਾਦ ਦਾ ਸਿਰਜਨਾਤਮਕ ਸੰਯੋਗ ਪੇਸ਼ ਕੀਤਾ ਹੈ। ੧ਓ ਉਹ ਹੀ ਹੈ ਜੋ ਸਾਰੀ ਰਚਨਾ ਦੇ ਮੁੱਢ

ਵਿਚ ਵੀ ਸੀ ਅਤੇ ਅਖੀਰ ਵਿਚ ਵੀ ਹੋਵੇਗਾ। ਉਹ ਹੀ ਇਸ ਸ੍ਰਿਸ਼ਟੀ ਦਾ ਕਰਤਾ ਪੁਰਖ ਹੈ, ਜੋ ਸ੍ਰਿਸ਼ਟੀ ਦਾ ਸਾਜਣਹਾਰ ਹੈ। ਉਹ ਨਿਰਭਉ ਤੇ ਨਿਰਵੈਰ ਹੈ ਕਿਉਂਕਿ ਵੈਰ ਅਤੇ ਭੈ ਅਜਿਹੇ ਬੰਧਨ ਹਨ ਜੋ ਸ੍ਰਿਸ਼ਟੀ ਦੀ ਰਚਨਾ ਕਰਨ ਵਾਲੇ ਉੱਤੇ ਲਾਗੂ ਨਹੀਂ ਹੁੰਦੇ। ਉਸ ਦੀ ਹੋਂਦ ਅਤੇ ਉਸਦਾ ਨਾਮ ਸੱਚ ਹੈ ਅਤੇ ਇਹ ਸੰਸਾਰ ਉਸੇ ਦਾ ਰੂਪ ਹੈ। ਉਹ ਪ੍ਰਮਾਤਮਾ ਜੰਮਣ ਅਤੇ ਮਰਨ ਦੇ ਬੰਧਨ ਤੋਂ ਰਹਿਤ ਹੈ। ਉਹ ਆਪਣੇ ਆਪ ਤੋਂ ਪ੍ਰਗਟ ਹੋਇਆ 'ਸੈਭੰ' ਹੈ ਅਤੇ ਉਸਨੂੰ ਗੁਰੂ ਦੀ ਕਿਰਪਾ ਦੁਆਰਾ ਪ੍ਰਾਪਤ ਕੀਤਾ ਜਾ ਸਕਦਾ ਹੈ। ਇਹ ਮੰਗਲਾਚਰਨ ਹੈ ਜੋ ਗੁਰੂ ਗ੍ਰੰਥ ਸਾਹਿਬ ਵਿਚ ਪੂਰੇ ਜਾਂ ਸੰਖਿਪਤ ਰੂਪ ਵਿਚ ੫੬੭ ਵਾਰ ਆਇਆ ਹੈ। ਹਰ ਰਾਗ ਅਤੇ ਹਰ ਬਾਣੀ ਦੇ ਆਰੰਭ ਵਿਚ ਵੱਖੋ ਵੱਖਰਿਆਂ ਰੂਪਾਂ ਵਿੱਚ ਪੇਸ਼ ਕੀਤਾ ਗਿਆ ਹੈ। ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਨੂੰ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ:

(i) ਨਿਤਨੇਮ ਦੀਆਂ ਬਾਣੀਆਂ (੧ ਤੋਂ ੧੩ ਪੰਨੇ ਤਕ)

(ii) *ਰਾਗ ਬੱਧ ਬਾਣੀ (੧੪ ਤੋਂ ੧੩੫੨ ਪੰਨੇ ਤਕ)*

(iii) *ਰਾਗ ਮੁਕਤ ਬਾਣੀ (੧੩੫੩ ਤੋਂ ੧੪੩੦ ਤਕ)*

**(i) ਨਿਤਨੇਮ ਦੀਆਂ ਬਾਣੀਆਂ**: ਗੁਰੂ ਗ੍ਰੰਥ ਸਾਹਿਬ ਵਿੱਚ ਸਭ ਤੋਂ ਪਹਿਲਾਂ ਨਿਤਨੇਮ ਦੀਆਂ ਬਾਣੀਆਂ ਆਉਂਦੀਆਂ ਹਨ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਸਮੁੱਚੀ ਬਣਤਰ ਬਾਰੇ ਡਾ. ਰਤਨ ਸਿੰਘ ਜੱਗੀ 'ਗੁਰੂ ਗ੍ਰੰਥ ਵਿਸ਼ਵ ਕੋਸ਼' ਵਿਚ ਲਿਖਦੇ ਹਨ :

> *ਕਈ ਵਿਦਵਾਨਾਂ ਨੇ ਰਾਗਾਂ ਤੋਂ ਪਹਿਲਾਂ ਨਿਤ-ਨੇਮ ਵਾਲੀ ਬਾਣੀ ਨੂੰ ਗ੍ਰੰਥ ਸਾਹਿਬ ਦਾ 'ਉਪ੍ਰਕਮ' ਅਰਥਾਤ ਭੂਮਿਕਾ ਮੰਨਿਆ ਹੈ। ਭਾਰਤੀ ਗ੍ਰੰਥ-ਲਿਖਣ-ਵਿਧੀ ਅਨੁਸਾਰ ਉਪਕ੍ਰਮ ਤੋਂ ਬਾਦ ਗ੍ਰੰਥ/ਪੁਸਤਕ ਵਿਚ ਵਿਸ਼ੇ ਦਾ ਵਿਸਤਾਰ ਸਹਿਤ ਵਰਨਣ ਹੁੰਦਾ ਹੈ ਅਤੇ ਅੰਤ ਉੱਤੇ 'ਉਪਸੰਹਾਰ' ਲਿਖਿਆ ਜਾਂਦਾ ਹੈ। 'ਉਪਸੰਹਾਰ' ਤੋਂ ਭਾਵ ਸਮਾਪਤੀ। ਇਸ ਵਿਚ ਵਿਸ਼ੇ ਦਾ ਸਮੁੱਚਾ ਭਾਵ ਜਾਂ ਸਾਰਾਂਸ਼ ਲਿਖਿਆ ਜਾਂਦਾ ਹੈ। ਪਰ ਇਸ ਗ੍ਰੰਥ ਉੱਪਰ ਇਸ ਪ੍ਰਕਾਰ ਦੀ ਪਰੰਪਰਾਗਤ ਅਤੇ ਰੂੜ੍ਹ-ਵਿਧੀ ਨੂੰ ਲਾਗੂ ਕਰ ਸਕਣਾ ਸਰਲ ਨਹੀਂ ਕਿਉਂਕਿ ਗੁਰਬਾਣੀ ਕਿਸੇ ਸ਼ਾਸਤਰੀ ਕਾਵਿ-ਵਿਧੀ ਜਾਂ ਕਿਸੇ ਹੋਰ ਪ੍ਰਕਾਰ ਦੇ ਬੰਧਨ ਨੂੰ ਅਪਣਾ ਕੇ ਨਹੀਂ ਚੱਲੀ।*[14]

ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿਚ ਗੁਰੂ ਨਾਨਕ ਦੇਵ ਦੀ ਬਾਣੀ ਜਪੁਜੀ ਹੈ। ਨਿਤਨੇਮ ਦੀਆਂ ਤਿੰਨਾਂ ਬਾਣੀਆ ਦੇ ਪੜ੍ਹਨ ਦਾ ਸਮਾਂ ਵੀ ਨਿਸਚਿਤ ਕੀਤਾ ਗਿਆ ਹੈ। ਜਪੁਜੀ ਸਵੇਰ ਵੇਲੇ, ਰਹਿਰਾਸ ਸ਼ਾਮ ਵੇਲੇ ਅਤੇ ਕੀਰਤਨ ਸੋਹਿਲਾ ਸੌਣ ਵੇਲੇ ਦਾ ਨਿਤਨੇਮ ਹੈ। ਭਾਈ ਗੁਰਦਾਸ ਨੇ ਇਸਦਾ ਜ਼ਿਕਰ ਇਸ ਪ੍ਰਕਾਰ ਕੀਤਾ ਹੈ:

*ਅੰਮ੍ਰਿਤ ਵੇਲੇ ਉਠਿ ਕੈ ਜਾਇ ਅੰਦਰਿ ਦਰੀਆਉ ਨਵ੍ਹੰਦੇ।।*
*ਸਹਿਜ ਸਮਾਧਿ ਅਗਾਧਿ ਵਿਚ ਇਕ ਮਨਿ ਹੋਇ ਗੁਰ ਜਾਪੁ ਜਪੰਦੇ।।*
*ਸੰਝੈ ਸੋਦਰੁ ਗਾਵਣਾ ਮਨ ਮੇਲੀ ਕਰਿ ਮੇਲ ਮਿਲੰਦੇ।।*
*ਰਾਤੀ ਕੀਰਤਿ ਸੋਹਿਲਾ ਕਰਿ ਆਰਤੀ ਪਰਸਾਦੁ ਵੰਡੰਦੇ।।* [15]

ਆਦਿ ਗ੍ਰੰਥ ਦੇ ਤਤਕਰੇ ਵਿਚ ਵਿਚ ਜਪੁਜੀ ਸਾਹਿਬ ਨੂੰ 'ਜਪੁ ਨੀਸਾਣੁ' ਲਿਖਿਆ ਗਿਆ ਹੈ। ਨਿਸ਼ਾਨ ਬਾਣੀ ਤੋਂ ਭਾਵ ਸਿੱਖ ਚਿੰਤਨ ਦਾ ਪੂਰਨ ਸਰੂਪ ਜੋ ਇਸ ਵਿਚ ਵਿਦਮਾਨ ਹੈ, ਬਾਰੇ ਡਾ. ਜਗਬੀਰ ਸਿੰਘ 'ਬਾਣੀ ਸੰਸਾਰ' ਵਿੱਚ ਲਿਖਦੇ ਹਨ: "ਜਪੁ ਬਾਣੀ ਵਿਚ ਗੁਰੂ ਨਾਨਕ ਨੇ ਗੁਰਮਤਿ ਦੇ ਪ੍ਰਧਾਨ ਸੰਕਲਪਾਂ ਦੀ ਵਿਆਖਿਆ ਕੀਤੀ ਹੈ।"[16] ਜਪੁਜੀ ਸਾਹਿਬ ਇਕ ਵਿਚਾਰ ਪ੍ਰਧਾਨ ਬਾਣੀ ਹੋਣ ਕਰਕੇ ਇਸ ਵਿਚਲੇ ਵਿਚਾਰਾਂ ਦੀ ਦਾਰਸ਼ਨਿਕਤਾ ਇਸ ਨੂੰ ਇਕ ਦਾਰਸ਼ਨਿਕ ਕਾਵਿ ਵਜੋਂ ਮਹੱਤਤਾ ਦਿੰਦੀ ਹੈ ਪਰ ਪਉੜੀ ਵ੍ਰਾਰ ਕੀਤੀ ਗਈ ਇਸ ਰਚਨਾ ਦਾ ਸੁਭਾ ਪ੍ਰਬੰਧ ਕਾਵਿ ਨਾਲ ਸੁਮੇਲ ਰੱਖਣ ਵਾਲਾ ਹੈ। ਜਪੁਜੀ ਦਾ ਆਰੰਭ ਸਲੋਕ ਨਾਲ ਹੁੰਦਾ ਹੈ। ਇਸਦਾ ਸੰਬੰਧ ਦੈਵੀ-ਸੱਤਾ ਨਾਲ ਹੈ। ਅਸਲ ਵਿਚ ਵਿਦਵਾਨਾਂ ਦੀ ਰਾਇ ਅਨੁਸਾਰ 'ਜਪੁ' ਦਾ ਆਰੰਭ ਹੀ "ਆਦਿ ਸਚੁ ਜੁਗਾਦਿ ਸਚੁ।। ਹੈ ਭੀ ਸਚਿ ਨਾਨਕ ਹੋਸੀ ਭੀ ਸਚੁ।।" ਨਾਲ ਹੁੰਦਾ ਹੈ ਅਤੇ ਇਸ ਸਲੋਕ ਤੋਂ ਬਾਅਦ ਜਪੁਜੀ ਦੀਆਂ ੩੮ ਪਉੜੀਆਂ ਹਨ ਅਤੇ ਅੰਤ ਵਿਚ ਇਕ ਸਲੋਕ ਫੇਰ ਦਰਜ ਕੀਤਾ ਗਿਆ ਹੈ।

*ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।।* ਪੰਨਾ ੮

'ਰਹਿਰਾਸ ਸਾਹਿਬ' ਵਿਚ ਸਭ ਤੋਂ ਪਹਿਲਾਂ 'ਸੋਦਰ' ਆਸਾ ਮਹਲਾ ੧ ਆਇਆ ਹੈ। ਜੋ ਦੋ ਸ਼ਬਦਾਂ ਦਾ ਜੁਟ ਹੈ, ਇਸ ਸ਼ਬਦ ਦਾ ਨਾਂ ਸ਼ਬਦ ਦੀ ਪਹਿਲੀ ਤੁਕ ਵਿਚ ਇਸ ਸ਼ਬਦ ਦੇ ਆਧਾਰ ਤੇ ਰੱਖਿਆ ਗਿਆ ਹੈ। ਗੁਰੂ ਸਾਹਿਬ ਅਨੁਸਾਰ ਪ੍ਰਭੂ ਦੇ ਦੁਆਰ ਤੇ ਸਾਰੇ ਦੇਵੀ ਦੇਵਤੇ, ਜਤੀ ਸਤੀ, ਰਿਸ਼ੀ ਮੁਨੀ ਆਦਿ ਸ਼ਕਤੀਆਂ ਉਸ ਪ੍ਰਮਾਤਮਾ ਦਾ ਜੱਸ ਗਾ ਰਹੀਆਂ ਹਨ। ਉਸ ਪ੍ਰਮਾਤਮਾ ਨੇ ਅਨੇਕ ਪ੍ਰਕਾਰ ਦੀ ਸ੍ਰਿਸ਼ਟੀ ਸਾਜੀ ਅਤੇ ਫਿਰ ਆਪ ਹੀ ਉਸ ਦੀ ਸੰਭਾਲ ਕਰ ਰਿਹਾ ਹੈ:

*ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ।।*
*ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ।।* ਪੰਨਾ ੬

ਇਸ ਪ੍ਰਕਰਣ ਦਾ ਦੂਜਾ ਸ਼ਬਦ ਵੀ ਆਸਾ ਰਾਗ ਵਿਚ ਲਿਖਿਆ ਗੁਰੂ ਨਾਨਕ ਸਾਹਿਬ ਦਾ ਸ਼ਬਦ ਹੈ। ਜਿਸ ਵਿਚ ਉਸ ਅਪਰਮਪਾਰ ਪ੍ਰਮਾਤਮਾ ਦੀ ਵਡਿਆਈ ਨੂੰ ਵਰਣਨ ਤੋਂ ਪਰ੍ਹੇ ਦਸਿਆ ਗਿਆ ਹੈ।

*ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ॥*

*ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ॥* ਪੰਨਾ ੯

ਤੀਸਰਾ ਸ਼ਬਦ ਵੀ ਆਸਾ ਰਾਗ 'ਚੋਂ ਗੁਰੂ ਨਾਨਕ ਸਾਹਿਬ ਦਾ ਹੈ। ਉਸ ਸੱਚੇ ਪਰਮਾਤਮਾ ਦੇ ਸੱਚੇ ਨਾਮ ਦੇ ਸਿਮਰਨ ਲਈ ਜਗਿਆਸੂ ਨੂੰ ਪ੍ਰੇਰਣਾ ਦਿੱਤੀ ਗਈ ਹੈ।

*ਖਸਮੁ ਵਿਸਾਰਹਿ ਤੇ ਕਮਜਾਤਿ॥*

*ਨਾਨਕ ਨਾਵੈ ਬਾਝੁ ਸਨਾਤਿ॥* ਪੰਨਾ ੯

ਗੁਜਰੀ ਰਾਗ ਵਿਚ ਗੁਰੂ ਰਾਮਦਾਸ ਦੇ ਚੌਥੇ ਸ਼ਬਦ ਵਿਚ ਸਾਧ ਸੰਗਤ ਦੀ ਮਹਾਨਤਾ ਦਾ ਵਰਨਣ ਕੀਤਾ ਗਿਆ ਹੈ। ਜੋ ਚੰਗੇ ਭਾਗਾਂ ਵਾਲਿਆਂ ਨੂੰ ਪ੍ਰਾਪਤ ਹੁੰਦੀ ਹੈ। ਗੁਜਰੀ ਰਾਗ ਦੇ ਪੰਜਵੇਂ ਸ਼ਬਦ ਵਿਚ ਗੁਰੂ ਅਰਜਨ ਦੇਵ ਨੇ ਦਸਿਆ ਹੈ ਕਿ ਸਤਿ ਸੰਗਤ ਵਿਚ ਜਾਣ ਨਾਲ ਹੀ ਜਗਿਆਸੂ ਇਸ ਭਵਸਾਗਰ ਤੋਂ ਤਰ ਸਕਦਾ ਹੈ। ਉਸ ਪਰਮਾਤਮਾ ਨੇ ਆਪ ਹੀ ਸਭ ਦੀ ਰਚਨਾ ਕੀਤੀ ਹੈ ਅਤੇ ਉਨ੍ਹਾਂ ਸਭ ਦੀ ਪ੍ਰਤਿਪਾਲਣਾ ਵੀ ਆਪ ਕਰ ਰਿਹਾ ਹੈ।

ਰਹਿਰਾਸ ਸਾਹਿਬ ਦੀ ਬਾਣੀ ਦੇ ਦੂਜੇ ਜੁੱਟ ਦਾ ਸਿਰਲੇਖ ਹੈ 'ਸੋ ਪੁਰਖ'। ਇਹ ਨਾਂ ਵੀ ਆਸਾ ਰਾਗ ਵਿਚ ਲਿਖੇ ਗੁਰੂ ਰਾਮਦਾਸ ਦੇ ਸ਼ਬਦ ਦੀ ਪਹਿਲੀ ਤੁਕ ਵਿਚੋਂ ਲਿਆ ਗਿਆ ਹੈ। ਇਸ ਸ਼ਬਦ ਵਿਚ ਪਰਮਾਤਮਾ ਦੇ ਸਰੂਪ ਅਤੇ ਉਸਦੀ ਸਮਰੱਥਾ ਉੱਤੇ ਭਰਪੂਰ ਚਾਨਣਾ ਪਾਇਆ ਗਿਆ ਹੈ। ਉਹ ਪ੍ਰਮਾਤਮਾ ਸਾਰੀ ਸ੍ਰਿਸ਼ਟੀ ਦਾ ਸਿਰਜਣਹਾਰ, ਘਟ ਘਟ ਵਾਸੀ, ਬੇਅੰਤ, ਅੰਤਰਜਾਮੀ, ਅਪਰਪਾਰ ਆਦਿ ਪੁਰਖ ਹੈ:

*ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ ਤੁਧੁ ਆਪੇ ਸਿਰਜਿ ਸਭ ਗੋਈ॥*

*ਜਨੁ ਨਾਨਕੁ ਗੁਣ ਗਾਵੈ ਕਰਤੇ ਕੇ ਜੀ ਜੋ ਸਭਸੈ ਕਾ ਜਾਣੋਈ॥* ਪੰਨਾ ੧੦

ਇਸ ਸ਼ਬਦ ਸਮੁੱਚ ਦਾ ਦੂਜਾ ਸ਼ਬਦ ਵੀ ਰਾਗ ਆਸਾ ਵਿਚੋਂ ਗੁਰੂ ਰਾਮ ਦਾਸ ਦਾ ਲਿਆ ਗਿਆ ਹੈ, ਜਿਸ ਵਿਚ ਇਸ ਪ੍ਰਮਾਤਮਾ ਦੇ ਸੱਚੇ, ਸਰਵ ਸ਼ਕਤੀਮਾਨ, ਕਰਣਹਾਰ ਅਤੇ ਅਦੁੱਤੀ ਸਰੂਪ ਉੱਤੇ ਪ੍ਰਕਾਸ਼ ਪਾਇਆ ਗਿਆ ਹੈ। ਉਸਦੀ ਮਿਹਰ ਸਦਕਾ ਹੀ ਮਨੁੱਖ ਨੂੰ ਸਭ ਕੁਝ ਪ੍ਰਾਪਤ ਹੁੰਦਾ ਹੈ।

*ਤੂੰ ਕਰਤਾ ਸਚਿਆਰ ਮੈਡਾ ਸਾਈ॥*

*ਜੋ ਤਉ ਭਾਵੈ ਸੋਈ ਥੀਸੀ ਜੋ ਤੂੰ ਦੇਹਿ ਸੋਈ ਹਉ ਪਾਈ॥* ਪੰਨਾ ੧੧

ਤੀਜਾ ਸ਼ਬਦ ਰਾਗ ਆਸਾ ਵਿਚ ਲਿਖਿਆ ਗੁਰੂ ਨਾਨਕ ਦੇਵ ਦਾ ਹੈ। ਇਸ ਵਿਚ ਸੰਸਾਰ ਦੇ ਮਾਇਆਵੀ ਰੂਪ ਦਾ ਚਿਤਰਨ ਕੀਤਾ ਗਿਆ ਹੈ। ਉਸ ਪ੍ਰਮਾਤਮਾ ਦੇ ਸਿਮਰਨ ਤੋਂ ਬਿਨਾਂ ਇਸ ਭਵਜਲ ਤੋਂ ਪਾਰ ਹੋਣਾ ਅਸੰਭਵ ਹੈ ਅਤੇ ਮਹਾਨ ਵਿਅਕਤੀਆਂ ਦੀ ਸ਼ਰਨ ਵਿਚ ਜਾਣ ਦੀ ਤਾਕੀਦ ਕੀਤੀ ਗਈ ਹੈ। ਇਸ ਪ੍ਰਸੰਗ ਵਿਚ ਗੁਰੂ ਅਰਜਨ ਦੇਵ ਦਾ ਆਸਾ ਰਾਗ ਵਿਚ ਲਿਖੇ ਚੌਥੇ ਸ਼ਬਦ ਵਿੱਚ ਦੱਸਿਆ ਗਿਆ ਹੈ ਕਿ ਮਨੁੱਖ ਨੂੰ ਇਹ ਜੂਨ ਪ੍ਰਮਾਤਮਾ ਨੂੰ ਮਿਲਣ ਲਈ ਪ੍ਰਾਪਤ ਹੋਈ ਹੈ। ਦੁਨਿਆਵੀ ਢੰਗਾਂ ਨੂੰ ਛੱਡ ਕੇ ਸਾਧ ਸੰਗਤ ਵਿਚ ਜਾ ਕੇ ਆਪਣਾ ਜਨਮ ਸਫਲਾ ਕਰਨਾ ਚਾਹੀਦਾ ਹੈ। ਬੰਦੇ ਨੂੰ ਹਉਮੈ ਦਾ ਤਿਆਗ ਕਰਕੇ ਪਰਮਾਤਮਾ ਦੀ ਸ਼ਰਨ ਵਿਚ ਹੀ ਜਾਣਾ ਚਾਹੀਦਾ ਹੈ।

*ਕਹੁ ਨਾਨਕ ਹਮ ਨੀਚ ਕਰੰਮਾ॥*

*ਸਰਣਿ ਪਰੇ ਕੀ ਰਾਖਹੁ ਸਰਮਾ॥* ਪੰਨਾ ੧੨

'ਸੋਹਿਲਾ' ਇਹ ਰਾਤ ਨੂੰ ਸੌਣ ਸਮੇਂ ਕੀਤਾ ਜਾਣ ਵਾਲਾ ਪਾਠ ਹੈ। ਇਸ ਸਿਰਲੇਖ ਅਧੀਨ ੫ ਸ਼ਬਦ ਹਨ। ਡਾ. ਰਤਨ ਸਿੰਘ ਜੱਗੀ ਅਨੁਸਾਰ ਇਸ ਸ਼ਬਦ ਸਮੂੱਚ ਨੂੰ ਇਹ ਨਾਂ ਗੁਰੂ ਅਰਜਨ ਦੇਵ ਨੇ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਵੇਲੇ ਦਿੱਤਾ।[17] ਗੁਰੂ ਅਰਜਨ ਦੇਵ ਨੇ ਇਹਨਾਂ ਦਾ ਸਿਰਲੇਖ ਸੰਪਾਦਨ ਵੇਲੇ ਮੁਢਲੀਆਂ ਦੋ ਤੁਕਾਂ ਦੇ ਅਧਾਰ ਤੇ ਨਿਸਚਿਤ ਕੀਤਾ ਹੈ-

*ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ॥*

*ਤਿਤੁ ਘਰਿ ਗਾਵਹੁ ਸੋਹਿਲਾ ਸਿਵਰਿਹੁ ਸਿਰਜਣਹਾਰੋ॥* ਪੰਨਾ ੧੨

ਅਸੀਂ ਆਮ ਬੋਲਚਾਲ ਵਿਚ ਇਸ ਨੂੰ 'ਕੀਰਤਨ ਸੋਹਿਲਾ' ਕਹਿੰਦੇ ਹਾਂ ਅਤੇ ਨਿਤਨੇਮ ਦੇ ਗੁਟਕਿਆਂ ਵਿੱਚ ਵੀ ਇਹੀ ਨਾਮ ਪ੍ਰਚੱਲਿਤ ਹੈ। ਭਾਈ ਗੁਰਦਾਸ ਨੇ 'ਕੀਰਤ' ਸ਼ਬਦ ਨੂੰ ਸੋਹਿਲਾ ਤੋਂ ਪਹਿਲਾਂ ਵਰਤਿਆ ਹੈ 'ਰਾਤੀ ਕੀਰਤਿ ਸੋਹਿਲਾ ਕਰਿ ਆਰਤੀ ਪ੍ਰਸ਼ਾਦਿ ਵੰਡੀਦੇ' 'ਕੀਰਤ' ਸ਼ਬਦ ਹੀ ਭਾਸ਼ਾ ਵਿਗਿਆਨ ਦੇ ਮੁਖ-ਸੁਖ ਸਿਧਾਂਤ ਅਨੁਸਾਰ ਜਾਂ ਸਿਖ ਸਾਧਕਾਂ ਵਿਚ 'ਕੀਰਤਨ' ਦੇ ਆਮ ਪ੍ਰਚਲਨ ਕਾਰਨ ਇਸ ਸ਼ਬਦ ਸਮੂੱਚ ਨੂੰ 'ਕੀਰਤਨ ਸੋਹਿਲਾ' ਕਿਹਾ ਜਾਣ ਲਗ ਪਿਆ।[18] ਸੋਹਿਲਾ ਰੂਪ ਗੁਰੂ ਗ੍ਰੰਥ ਸਾਹਿਬ ਵਿਚ ਦੋ ਥਾਵਾਂ ਉੱਪਰ ਦਰਜ ਹੈ ਪਹਿਲਾ ਪੰਨਾ ੧੨, ਦੂਜਾ ਪੰਨਾ ੧੫੭ ਉੱਪਰ ਇਸ ਵਿੱਚ ਸੋਹਿਲਾ ਦਾ ਸੰਬੰਧ "ਸੋਹਰ' ਨਾਲ ਜੋੜਿਆ ਗਿਆ ਹੈ। ਸੋ ਹਰ ਉਹ ਮੰਗਲਮਈ ਗੀਤ ਹਨ ਜੋ ਬੱਚੇ ਦੇ ਜਨਮ ਸਮੇਂ ਗਾਏ ਜਾਂਦੇ ਹਨ। ਪਰ 'ਸੋਹਿਲਾ' ਰਚਨਾ ਰੂਪ ਵਿਚ ਪੇਸ਼ ਹੋਇਆ ਸੰਦਰਭ ਵਿਆਹ ਦੇ ਸੰਸਕਾਰਾਂ ਨਾਲ ਮੇਲ ਖਾਂਦਾ ਹੈ। ਇਹ ਵੀ ਹੋ ਸਕਦਾ ਹੈ ਕਿ ਮੰਗਲਮਈ ਗੀਤ ਜਨਮ ਸਮੇਂ ਵੀ ਗਾਏ ਜਾਂਦੇ ਹੋਣ ਤੇ ਵਿਆਹ ਵੇਲੇ ਵੀ।[19]

ਇਸ ਦਾ ਪਹਿਲਾ ਸ਼ਬਦ ਗਉੜੀ ਦੀਪਕੀ ਰਾਗ ਵਿਚ ਰਚਿਤ ਗੁਰੂ ਨਾਨਕ ਦੇਵ ਦੀ ਰਚਨਾ ਹੈ। ਇਸ ਸ਼ਬਦ ਵਿਚ ਵਿਆਹਾਂ ਵੇਲੇ ਕੁੜੀ ਦੇ ਮਾਈਏਂ ਪੈਣ ਉੱਤੇ ਇਸਤਰੀਆਂ ਦੁਆਰਾ ਸੁਹਾਗ ਗੀਤ ਗਾਉਣ ਦੀ ਰਸਮ ਦੇ ਰੂਪਕ ਰਾਹੀਂ ਦੀ ਗੱਲ ਕੀਤੀ ਹੈ ਕਿ ਅਸੀਂ ਸਾਰਿਆਂ ਨੇ ਇਸ ਸੰਸਾਰ ਰੂਪੀ ਪੇਕੇ ਘਰ ਨੂੰ ਛੱਡ ਕੇ ਪਤੀ-ਰੂਪ ਪਰਮਾਤਮਾ ਦੇ ਘਰ ਜਾਣਾ ਹੈ। ਇਸ ਲਈ ਇਸਤਰੀ ਨੂੰ ਸਤਿ ਸੰਗ ਵਿਚ ਬੈਠਕੇ ਹਰਿ ਜਸ ਰੂਪੀ ਸੁਹਾਗ ਗੀਤ ਸੁਨਣੇ ਚਾਹੀਦੇ ਹਨ ਤਾਂ ਜੋ ਆਸ਼ੀਰਵਾਦ ਪ੍ਰਾਪਤ ਕੀਤਾ ਜਾ ਸਕੇ। ਇਸੇ ਲੌਕਿਕ ਪਿਛੋਕੜ ਕਾਰਨ ਹੀ ਵਿਅਕਤੀ ਦੀ ਮੌਤ ਉਪਰੰਤ ਇਹ ਪਾਠ ਕੀਤਾ ਜਾਂਦਾ ਹੈ। ਦੂਜਾ ਸ਼ਬਦ ਰਾਗ ਆਸਾ ਵਿਚੋਂ ਲਿਆ ਗੁਰੂ ਨਾਨਕ ਸਾਹਿਬ ਦਾ ਹੈ। ਜਿਸ ਵਿਚ ਗੁਰੂ ਸਾਹਿਬ ਨੇ ਇਹ ਸਪਸ਼ਟ ਕੀਤਾ ਹੈ ਕਿ ਜਿਵੇਂ ਸੂਰਜ ਇਕ ਹੈ, ਪਰ ਉਸਦੀਆਂ ਅਗੋਂ ਥਿਤਾਂ, ਵਾਰਾਂ, ਮਹੀਨੇ, ਪਹਿਰੇ, ਤੇ ਘੜੀਆਂ ਆਦਿ ਵਖ-ਵਖ ਇਕਾਈਆਂ ਹਨ। ਤਿਵੇਂ ਪਰਮਾਤਮਾ ਦੇ ਕਈ ਸਰੂਪ ਅਤੇ ਭੇਦ ਹਨ-

*ਸੂਰਜ ਏਕੋ ਰੁਤਿ ਅਨੇਕ॥*

*ਨਾਨਕ ਕਰਤੇ ਕੇ ਕੇਤੇ ਵੇਸ॥* ਪੰਨਾ ੧੩

ਤੀਜਾ ਸ਼ਬਦ ਧਨਾਸਰੀ ਰਾਗ ਵਿਚ ਗੁਰੂ ਨਾਨਕ ਦੇਵ ਦੀ 'ਆਰਤੀ' ਹੈ। ਇਸ ਸ਼ਬਦ ਨੂੰ ਵਖ-ਵਖ ਥਾਵਾਂ ਤੇ ਭਿੰਨ-ਭਿੰਨ ਸੰਦਰਭਾਂ ਵਿਚ ਉਚਾਰਿਆ ਗਿਆ ਹੈ। ਮੰਦਰਾਂ ਵਿਚ ਹੋ ਰਹੀ ਸਧਾਰਨ ਆਰਤੀ ਦੇ ਮੁਕਾਬਲੇ ਤੇ ਕੁਦਰਤ ਵੱਲੋਂ ਪਰਮਾਤਮਾ ਦੀ ਹੋ ਰਹੀ ਆਰਤੀ ਦਾ ਬਿਆਨ ਕੀਤਾ ਹੈ। ਇਸ ਵਿਚ ਪਰਮਾਤਮਾ ਦੀ ਸਰਵ ਵਿਆਪਕਤਾ ਨੂੰ ਉਸਦੀ ਅਨੇਕਤਾ ਵਿੱਚੋਂ ਏਕਤਾ ਵਾਲੀ ਬਿਰਤੀ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਰੂਪਕ ਅਲੰਕਾਰ ਰਾਹੀਂ ਪ੍ਰਗਟਾਇਆ ਗਿਆ ਹੈ।

ਗਉੜੀ ਪੂਰਬੀ ਰਾਗ ਵਿਚ ਲਿਖਿਆ ਚੌਥਾ ਸ਼ਬਦ ਗੁਰੂ ਰਾਮਦਾਸ ਦਾ ਹੈ। ਮਨੁੱਖ ਦਾ ਸਰੀਰ ਰੂਪੀ ਨਗਰ ਕਾਮ, ਕ੍ਰੋਧ, ਹੰਕਾਰ ਆਦਿ ਵਾਸ਼ਨਾਵਾਂ ਨਾਲ ਭਰਿਆ ਪਿਆ ਹੈ। ਸੰਸਾਰ ਵਿਚ ਰਹਿੰਦਿਆਂ ਮਨੁੱਖ ਜਮ-ਰੂਪੀ ਡੰਡੇ ਨੂੰ ਸਹਿ ਰਿਹਾ ਹੈ। ਨਿਮਾਣਾ ਮਨੁੱਖ ਪ੍ਰਮਾਤਮਾ ਦੀ ਭਗਤੀ ਕਰਕੇ ਇਨ੍ਹਾਂ ਰੁਕਾਵਟਾਂ ਨੂੰ ਦੂਰ ਕਰਕੇ ਸੁਖ ਪ੍ਰਾਪਤ ਕਰ ਸਕਦਾ ਹੈ। ਪੰਜਵਾਂ ਸ਼ਬਦ ਗੁਰੂ ਅਰਜਨ ਦੇਵ ਦੇ ਗਉੜੀ ਪੂਰਬੀ ਰਾਗ ਵਿਚੋਂ ਲਿਆ ਗਿਆ ਹੈ। ਇਸ ਵਿਚ ਮਨੁੱਖ ਮਾਤਰ ਨੂੰ ਇਹ ਸਮਝਾਇਆ ਗਿਆ ਹੈ ਕਿ ਇਹ ਮਨੁੱਖਾ ਜਨਮ ਅਧਿਆਤਮਕ ਕਮਾਈ ਕਰਨ ਦਾ ਹੈ। ਵਿਕਾਰਾਂ ਨਾਲ ਗ੍ਰੱਸੇ ਇਸ ਸੰਸਾਰ ਵਿਚ ਗੁਰੂ ਦੀ ਮਿਹਰ ਹਾਸਲ ਕਰਨੀ ਚਾਹੀਦੀ ਹੈ ਤਾਂ ਜੁ ਜਗਿਆਸੂ ਪਰਮਾਤਮਾ ਨਾਲ ਸੰਯੋਗ ਪ੍ਰਾਪਤ ਕਰ ਸਕੇ। ਜਗਿਆਸੂ ਤਾਂ ਬਾਰ ਬਾਰ ਪਰਮਾਤਮਾ ਕੋਲ ਅਰਜੋਈ ਕਰਦਾ ਹੈ:

*ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ॥*

*ਨਾਨਕ ਦਾਸ ਇਹੈ ਸੁਖੁ ਮਾਂਗੈ ਮੋ ਕਉ ਕਰਿ ਸੰਤਨ ਕੀ ਧੂਰੇ।।* ਪੰਨਾ ੧੩

ਜਿਥੇ ਇਸ ਗ੍ਰੰਥ ਦੇ ੧੪੩0 ਪੰਨਿਆਂ ਵਿਚ ਅਧਿਆਤਮਕਤਾ ਦਾ ਵਡਮੁੱਲਾ ਖਜ਼ਾਨਾ ਹੈ, ਉਥੇ ਸਾਹਿਤਕਤਾ ਦੇ ਉਚੇ ਮਿਆਰਾਂ ਨੂੰ ਵੀ ਆਪਣੇ ਵਿੱਚ ਸਮੋਈ ਬੈਠਾ ਹੈ। ਇਸ ਵਿਰਾਟ ਗ੍ਰੰਥ ਵਿਚਲੇ ਬਾਣੀਕਾਰਾਂ ਦੀ ਵਿਚਾਰਧਾਰਾ ਨੂੰ ਮਹਾਨ ਪ੍ਰਤਿਭਾ ਦੇ ਮਾਲਕ ਗੁਰੂ ਅਰਜਨ ਦੇਵ ਨੇ ਵਿਉਂਤਬੱਧ ਢੰਗ ਨਾਲ ਇਸ ਗ੍ਰੰਥ ਦੀ ਸੰਪਾਦਨਾ ਕੀਤੀ।

**(ii) ਰਾਗ ਬੱਧ ਬਾਣੀ**: ਆਦਿ ਗ੍ਰੰਥ ਵਿਚ ਸਮੁੱਚੀ ਬਾਣੀ ਨੂੰ ਦੋ ਮੁੱਖ ਭਾਗਾਂ ਵਿੱਚ ਵੰਡਿਆ ਗਿਆ ਹੈ, ਰਾਗ ਸਹਿਤ ਅਤੇ ਰਾਗ ਮੁਕਤ। ਗੁਰੂ ਗ੍ਰੰਥ ਸਾਹਿਬ ਦੇ ਪੰਨਾ ੧੪ ਤੋਂ ੧੩੫੨ ਪੰਨੇ ਤੱਕ ਦੀ ਸਾਰੀ ਬਾਣੀ ਰਾਗ ਬੱਧ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਵਡੇਰਾ ਭਾਗ ਰਾਗਾਂ ਵਿਚ ਹੈ, ਜਿਸ ਨੂੰ ੩੧ ਰਾਗਾਂ ਵਿਚ ਬੰਨ੍ਹਿਆ ਗਿਆ ਹੈ। ਇਹ ਬਾਣੀ ਸੰਗੀਤ ਵਿਚ ਬੰਨ੍ਹੀ ਹੋਣ ਕਰਕੇ ਸਰੋਤਿਆਂ ਨੂੰ ਵਿਸਮਾਦਿਤ ਕਰਦੀ ਹੈ ਪਰ ਵਿਚਾਰਨ ਯੋਗ ਨੁਕਤਾ ਇਹ ਹੈ ਕਿ ਇਸ ਬਾਣੀ ਨੂੰ ੩੧ ਰਾਗਾਂ ਵਿਚ ਕਿਉਂ ਬੰਨਿਆ ਗਿਆ ਹੈ, ਖੋਜੀਆਂ ਵਲੋਂ ਇਹ ਸਿੱਧ ਕੀਤਾ ਜਾ ਚੁੱਕਾ ਹੈ ਕਿ ਆਦਿ ਗ੍ਰੰਥ ਵਿਚਲਾ ਰਾਗ ਸੰਗੀਤ ਕੀਰਤਨ ਰਾਹੀਂ ਗਾਉਣ ਅਨੁਸਾਰ ਹੈ ਕਿਉਂਕਿ ਗੁਰਮਤਿ ਸੰਗੀਤ ਤਾਂ ਬਾਣੀ ਦਾ ਕੀਰਤਨ ਕਰਨਾ ਹੈ। ਰਾਗਾਂ ਨੂੰ ਉਸ ਇਲਾਹੀ ਅਨੁਭਵ ਦੀ ਪੇਸ਼ਕਾਰੀ ਕਰਨ ਤੱਕ ਹੀ ਸੀਮਤ ਰੱਖਿਆ ਹੈ। ਗੁਰੂ ਘਰ ਦਾ ਪਹਿਲਾ ਗਵੱਈਆ ਤਾਂ ਗੁਰੂ ਨਾਨਕ ਅਤੇ ਦੂਜਾ ਮਰਦਾਨਾ ਹੈ। ਗੁਰਮਤਿ ਸੰਗੀਤ ਵਿਚ ਤਾਂ ਸਿੱਧੇ ਸਾਦੇ ਸ਼ਬਦਾਂ ਨੂੰ ਕੀਰਤਨ ਦੁਆਰਾ ਗਾਇਣ ਕੀਤਾ ਜਾਂਦਾ ਹੈ।[20] ਗੁਰੂ ਅਰਜਨ ਦੇਵ ਨੇ ਆਪਣੀ ਦੂਰ ਦ੍ਰਿਸ਼ਟੀ ਨਾਲ ਦੋ ਹੁਨਰਾਂ ਕਵਿਤਾ ਤੇ ਰਾਗ ਵਿਚ ਵੰਡ ਕੇ ਗੁਰਮਤਿ ਨੂੰ ਕੀਰਤਨ ਦਾ ਨਾਮ ਦਿੱਤਾ ਗਿਆ ਹੈ। 'ਕੀਰਤਨ ਨਿਰਮੋਲਕ ਹੀਰਾ ਆਨੰਦ ਗੁਣੀ ਗਹੀਰਾ।।' ਕਹਿ ਕੇ ਵਡਿਆਇਆ ਗਿਆ ਹੈ। ਗੁਰੂ ਘਰ ਵਿਚ ਕੀਰਤਨ ਦਾ ਅਤਿਅੰਤ ਮਹੱਤਵ ਹੈ "ਹਰਿ ਦਿਨੁ ਰੈਨਿ ਕੀਰਤਨੁ ਗਾਈਐ। ਬਹੁੜਿ ਨ ਜੋਨੀ ਪਾਈਐ" ਜਿੰਨੀ ਮਹੱਤਤਾ ਦਿੱਤੀ ਗਈ ਹੈ। ਡਾ. ਮਹਿੰਦਰ ਕੌਰ ਗਿੱਲ ਤਾਂ ਕੀਰਤਨ ਦੀ ਮਹਿਮਾ ਬਾਰੇ ਲਿਖਦੇ ਹਨ,*"ਦਿਮਾਗੋਂ ਰਾਗ, ਦਿਲੋਂ ਧਨਿ, ਹਿਰਦੇ ਤੋਂ ਸੁਰਤ, ਹਥੋਂ ਪੰਜ ਸਾਜ਼, ਮੂੰਹੋਂ ਸਤ ਸੁਰਾਂ, ਕੰਠੋਂ ਤਾਨ, ਪੈਰੋਂ ਨ੍ਰਿਤਕਾਰੀ ਜੇ ਇਹ ਸਾਰੀ ਸਮਗ੍ਰੀ ਠਾਕਰ ਨੂੰ ਭਾਅ ਜਾਵੇ ਤਾਂ ਕੀਰਤਨੀਏ ਨੂੰ ਸਾਧ ਸੰਗਤ ਦਾ ਆਸਰਾ ਲੈ ਕੇ ਉਸ ਇਕ ਅਕਾਲ ਪੁਰਖ ਦਾ ਗਾਇਣ ਕਰਨਾ ਚਾਹੀਦਾ ਹੈ।"*[21]

ਇਸ ਸਬੰਧੀ ਡਾ. ਰਤਨ ਸਿੰਘ ਜੱਗੀ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਇਸ ਪ੍ਰਕਾਰ ਕਰਦੇ ਹਨ, *"ਕੀਰਤਨ ਤੋਂ ਭਾਵ ਹੈ ਪਰਮਾਤਮਾ ਦੇ ਗੁਣਾਂ ਦਾ ਜਸ ਗਾਉਣਾ। ਬਾਣੀਕਾਰਾਂ ਦਾ ਬਾਣੀ ਰਚਨ ਦਾ ਮਨੋਰਥ ਆਪਣੇ ਰਹੱਸਾਤਮਕ ਅਨੁਭਵ ਨੂੰ ਸਰੋਤਿਆਂ ਤੱਕ ਪੁਚਾ ਕੇ ਸਧਾਰਣੀਕਰਨ ਦੀ*

*ਅਵਸਥਾ ਵਿਚ ਲਿਆਉਣਾ ਸੀ। ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਨੇ ਆਪਣੀ ਬਾਣੀ ਵਿਚ ਨਾ ਕੇਵਲ ਕੀਰਤਨ ਉੱਤੇ ਜ਼ੋਰ ਦਿੱਤਾ ਸਗੋਂ ਆਪ ਵੀ ਕੀਰਤਨਮਈ ਜੀਵਨ ਜੀਵਿਆ ਹੈ।"* [22]

ਪੁਰਾਤਨ ਕਾਲ ਤੋਂ ਹੀ ਭਾਰਤੀ ਪਰੰਪਰਾ ਵਿਚ ਕੀਰਤਨ ਵਲ ਵਿਸ਼ੇਸ਼ ਰੁਚੀ ਹੈ। ਪੁਰਾਤਨ ਗ੍ਰੰਥਾਂ ਭਗਵਤ ਗੀਤਾ ਅਤੇ ਭਾਗਵਤ ਪੁਰਾਣ ਵਿਚ ਵੀ ਇਸ ਨੂੰ ਨਵਧਾ ਭਗਤੀ ਦਾ ਅੰਗ ਮੰਨਿਆ ਗਿਆ ਹੈ। ਕਲਜੁਗ ਵਿਚ ਕੀਰਤਨ ਤੋਂ ਵਿਸ਼ੇਸ਼ ਫਲ ਪ੍ਰਾਪਤ ਹੁੰਦਾ ਦਰਸਾਇਆ ਗਿਆ ਹੈ। ਬਾਣੀ ਚਿੰਤਨ ਕਵਿਤਾ ਦੇ ਨਾਲ ਨਾਲ ਰਾਗ ਬੱਧ ਵੀ ਇਸੇ ਕਰਕੇ ਹੈ ਤਾਂ ਜੁ ਇਸਦਾ ਕੀਰਤਨ ਕੀਤਾ ਜਾਵੇ। ਗੁਰੂ ਨਾਨਕ ਦਾ ਸਾਥੀ ਮਰਦਾਨਾ ਰਬਾਬ ਵਜਾ ਕੇ ਹਮੇਸ਼ਾਂ ਉਨ੍ਹਾਂ ਦਾ ਸਾਥ ਦਿੰਦਾ ਹੈ। ਕੀਰਤਨ ਇਨਸਾਨਾਂ ਨੂੰ ਤਾਂ ਪ੍ਰਭਾਵਿਤ ਕਰਦਾ ਹੈ ਪਰ ਪਸ਼ੂ ਪੰਛੀਆਂ ਤੇ ਜਾਨਵਰਾਂ ਨੂੰ ਵੀ ਕੀਲ ਕੇ ਰੱਖ ਲੈਂਦਾ ਹੈ। ਅਧਿਆਤਮਕ ਰਸਤੇ ਉੱਤੇ ਚਲਦੇ ਜੀਵ ਲਈ ਕੀਰਤਨ ਦਾ ਸੁਆਦ ਮਾਨਣ ਦੇ ਨਾਲ ਨਾਲ ਉਸਦੇ ਲੌਕਿਕ ਜੀਵਨ ਵਿਚ ਇਕ ਨਵਾਂ ਨਿਖਾਰ ਆਉਂਦਾ ਹੈ। ਉਸਦਾ ਸਮੁੱਚਾ ਅਚਾਰ ਤੇ ਵਿਹਾਰ ਆਪਣਾ ਰੂਪ ਬਦਲ ਕੇ ਉਸ ਨੂੰ ਇਕ ਚੰਗਾ ਸਮਾਜਿਕ ਜੀਵਨ ਜਿਉਣ ਵਾਸਤੇ ਤਿਆਰ ਕਰ ਦਿੰਦਾ ਹੈ। ਗੁਰੂ ਸਾਹਿਬ ਨੇ ਰਾਗਾਂ ਅਧੀਨ ਦਰਜ ਬਾਣੀ ਨੂੰ ਵਿਸ਼ੇਸ਼ ਕ੍ਰਮ ਅਨੁਸਾਰ ਦਰਜ ਕੀਤਾ ਹੈ। (i) ਪਦੇ – ਇਸਦੇ ਅੰਤਰਗਤ ਸਾਰੇ ਬਾਣੀਕਾਰਾਂ ਦੇ ਵਿਭਿੰਨ ਪਦੇ ਦੁਪਦੇ, ਤਿਪਦੇ, ਚਉਪਦੇ, ਪੰਜਪਦੇ ਅਤੇ ਛਿਅਪਦੇ ਆਦਿ (ii) ਅਸਟਪਦੀਆਂ (iii) ਛੰਤ, (iv) ਅਸੋਫਟਕ ਰਚਨਾਵਾਂ (v) ਲੰਮੇਰੀਆਂ ਰਚਨਾਵਾਂ (vi) ਵਾਰਾਂ (vii) ਭਗਤ ਬਾਣੀ ਨੂੰ ਕ੍ਰਮ ਅਨੁਸਾਰ ਸੰਕਲਿਤ ਕੀਤਾ ਹੈ। ਗੁਰੂ ਸਾਹਿਬ ਨੇ ਰਾਗਾਂ ਅਧੀਨ ਦਰਜ ਬਾਣੀ ਨੂੰ ਵਿਸ਼ੇਸ਼ ਕ੍ਰਮ ਦਿੱਤਾ ਹੈ। ਸਾਰੀ ਬਾਣੀ ਗੁਰੂ ਕ੍ਰਮ ਅਨੁਸਾਰ ਹੈ। ਪਹਿਲਾਂ ਗੁਰੂ ਨਾਨਕ ਦੇਵ, ਫਿਰ ਗੁਰੂ ਅਮਰਦਾਸ, ਗੁਰੂ ਰਾਮਦਾਸ ਤੇ ਅਖੀਰ ਵਿਚ ਗੁਰੂ ਅਰਜਨ ਦੇਵ ਦੇ ਪਦੇ, ਅਸਟਪਦੀਆਂ ਅਤੇ ਛੰਤ ਦਰਜ ਹਨ। ਗੁਰੂ ਅੰਗਦ ਦੇਵ ਨੇ ਸਿਰਫ਼ ਸਲੋਕਾਂ ਦੀ ਰਚਨਾ ਕੀਤੀ ਹੈ। ਜੋ ਕਈ ਵਾਰਾਂ ਦੀਆਂ ਪਉੜੀਆਂ ਦੇ ਨਾਲ ਦਰਜ ਕਰ ਦਿੱਤੇ ਗਏ ਹਨ। ਗੁਰੂ ਅਰਜਨ ਦੇਵ ਤੋਂ ਬਾਅਦ ਛੇਵੇਂ, ਸਤਵੇਂ ਅਤੇ ਅਠਵੇਂ ਗੁਰੂ ਸਾਹਿਬਾਨ ਦੀ ਕੋਈ ਰਚਨਾ ਪ੍ਰਾਪਤ ਨਹੀਂ ਹੋਈ। *"ਨੌਵੇਂ ਗੁਰੂ ਸਾਹਿਬ ਦੀ ਬਾਣੀ ਨੂੰ ਗ੍ਰੰਥ ਸਾਹਿਬ ਦੀ ਬਾਣੀ ਵਿਚ ਸ਼ਾਮਲ ਕਰਨ ਦਾ ਕਾਰਜ ਗੁਰੂ ਗੋਬਿੰਦ ਸਿੰਘ ਨੇ ਕੀਤਾ।"* [23] ਪਹਿਲੇ ਗੁਰੂ ਨਾਨਕ ਦੇਵ ਨੇ ੧੯ ਰਾਗਾਂ ਵਿਚ, ਗੁਰੂ ਅਮਰਦਾਸ ਨੇ ੧੭ ਰਾਗਾਂ ਵਿਚ, ਗੁਰੂ ਰਾਮ ਦਾਸ ਨੇ ਅਤੇ ਗੁਰੂ ਅਰਜਨ ਦੇਵ ਨੇ ੩੦ ਰਾਗਾਂ ਵਿਚ ਬਾਣੀ ਰਚੀ। ਗੁਰੂ ਤੇਗ ਬਹਾਦਰ ਨੇ ਆਪਣੀ ਬਾਣੀ ੧੫ ਰਾਗਾਂ ਵਿੱਚ ਰਚੀ ਅਤੇ ਇਕ ਨਵੇਂ 'ਜੈਜਾਵੰਤੀ' ਰਾਗ ਵਿਚ ਬਾਣੀ ਰਚੀ ਜਿਸ ਨੂੰ ਦਮਦਮਾ ਸਾਹਿਬ ਵਾਲੀ ਬੀੜ ਵਿਚ ਅੰਕਿਤ ਕੀਤਾ ਗਿਆ ਹੈ।

ਇਸ ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਵਿਚ ੨੨ ਵਾਰਾਂ ਹਨ। ਇਨ੍ਹਾਂ ਵਿਚੋਂ ੨੧ ਵਾਰਾਂ ਗੁਰੂ ਸਾਹਿਬਾਨ ਦੀਆਂ ਅਤੇ ਇਕ ਵਾਰ 'ਸੱਤੇ ਬਲਵੰਡ ਦੀ' ਵਾਰ ਹੈ। ਗੁਰੂ ਨਾਨਕ ਦੇਵ ਦੀਆਂ ਰਾਗ ਮਾਝ, ਆਸਾ ਤੇ ਮਲਾਰ ੩ ਵਾਰਾਂ, ਗੁਰੂ ਅਮਰਦਾਸ ਦੀਆਂ ਗੂਜਰੀ, ਸੂਹੀ, ਰਾਮਕਲੀ ਤੇ ਮਾਰੂ ਰਾਗ ਵਿਚ ੪ ਵਾਰਾਂ, ਗੁਰੂ ਰਾਮ ਦਾਸ ਦੀਆਂ ਸ੍ਰੀ ਰਾਗ, ਗਉੜੀ, ਬਿਹਾਗੜਾ, ਵਡਹੰਸ, ਸੋਰਠ, ਬਿਲਾਵਲ, ਸਾਰੰਗ ਅਤੇ ਕਾਨੜਾ ਵਿਚ ੮ ਵਾਰਾਂ, ਗੁਰੂ ਅਰਜਨ ਦੇਵ ਦੀਆਂ ਗਉੜੀ, ਜੈਤਸਰੀ, ਰਾਮਕਲੀ, ਮਾਰੂ ਬਸੰਤ ਵਿਚ ੬ ਵਾਰਾਂ ਹਨ। ਇਨ੍ਹਾਂ ਵਾਰਾਂ ਵਿਚੋਂ ਬਸੰਤ ਰਾਗ ਦੀ ਵਾਰ ਬਿਨਾਂ ਸਲੋਕਾਂ ਤੋਂ ਹੈ। ਬਾਕੀ ਦੀਆਂ ਵਾਰਾਂ ਵਿਚ ਵਾਰ ਲੇਖਕ ਗੁਰੂ ਜਾਂ ਕਿਸੇ ਹੋਰ ਗੁਰੂ ਦੇ ਸਲੋਕ ਦਰਜ ਹਨ। ਗੁਰੂ ਅਰਜਨ ਦੇਵ ਨੇ ਸੰਪਾਦਨ ਦੀ ਦ੍ਰਿਸ਼ਟੀ ਤੋਂ ਕਿਧਰੇ ਵੀ ਸਲੋਕਾਂ ਦੀ ਗਿਣਤੀ ਸਮਾਨ ਨਹੀਂ ਰੱਖੀ। ਸਗੋਂ ਭਾਵਾਂ ਦੀ ਸਮਾਨਤਾ ਨੂੰ ਦੇਖਦੇ ਹੋਏ ਲੋੜ ਅਨੁਸਾਰ ਸਲੋਕ ਦਰਜ ਕਰ ਦਿੱਤੇ ਹਨ। ਇਨ੍ਹਾਂ ਵਾਰਾਂ ਵਿਚੋਂ ੯ ਵਾਰਾਂ ਦੀਆਂ ਧੁਨੀਆਂ ਨੂੰ ਅੰਕਿਤ ਕੀਤਾ ਗਿਆ ਹੈ। ਡਾ. ਚਰਨ ਸਿੰਘ ਦੇ 'ਗੁਰੂ ਗ੍ਰੰਥ ਕੋਸ਼' ਅਨੁਸਾਰ ਸ੍ਰੀ ਗੁਰੂ ਹਰਗੋਬਿੰਦ ਨੇ ਇਨ੍ਹਾਂ ਵਾਰਾਂ ਦੀਆਂ ਧੁਨੀਆਂ ਨੂੰ ਅੰਕਿਤ ਕੀਤਾ ਹੈ।[24]

1. ਮਾਝ ਦੀ ਵਾਰ ਮਹਲਾ ੧, ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ।
2. ਗਉੜੀ ਦੀ ਵਾਰ ਮਹਲਾ ੫, ਰਾਇ ਕਮਾਲ ਮਉਜ ਕੀ ਵਾਰ ਕੀ ਧੁਨੀ
3. ਆਸਾ ਦੀ ਵਾਰ ਮਹਲਾ ੧, ਟੁੰਡੇ ਅਸਰਾਜੇ ਕੀ ਧੁਨੀ
4. ਵਡਹੰਸ ਕੀ ਵਾਰ ਮਹਲਾ 4, ਲਲਾਂ ਬਹਿਲੀਮਾਂ ਕੀ ਧੁਨੀ
5. ਗੂਜਰੀ ਦੀ ਵਾਰ ਮਹਲਾ ੩, ਸਿਕੰਦਰ ਇਬਰਾਹੀਮ ਕੀ ਧੁਨੀ
6. ਰਾਮਕਲੀ ਦੀ ਵਾਰ ਮਹਲਾ ੩, ਜੋਧੈ ਵੀਰੈ ਪੂਰਬਾਣੀ ਕੀ ਧੁਨੀ
7. ਸਾਰੰਗ ਕੀ ਵਾਰ ਮਹਲਾ ੪, ਰਾਇ ਮਹਿਮੇ ਹਸਨੇ ਕੀ ਧੁਨੀ
8. ਮਲਾਰ ਦੀ ਵਾਰ ਮਹਲਾ ੧, ਰਾਣੇ ਕੈਲਾਸ਼ ਤਥਾ ਮਾਲਦੇਵ ਕੀ ਧੁਨੀ
9. ਕਾਨੜੇ ਦੀ ਵਾਰ ਮਹਲਾ ੪, ਮੂਸੇ ਕੀ ਵਾਰ ਕੀ ਧੁਨੀ

ਭਾਈ ਕਾਹਨ ਸਿੰਘ ਨਾਭਾ ਦੇ ਮਤ ਅਨੁਸਾਰ ਇਨ੍ਹਾਂ ਧੁਨੀਆਂ ਦਾ ਸੰਕੇਤ ਪੰਜਵੇਂ ਗੁਰੂ ਨੇ ਆਪ ਹੀ ਦਿੱਤਾ ਸੀ। ਪਰ ਡਾ. ਮਹਿੰਦਰ ਕੌਰ ਗਿੱਲ ਅਨੁਸਾਰ, *"ਇਹ ਧੁਨੀ ਸੰਕੇਤ ਗੁਰੂ ਹਰਗੋਬਿੰਦ ਸਿੰਘ ਦਾ ਹੀ ਹੋ ਸਕਦਾ ਹੈ ਕਿਉਂਕਿ ਪੰਚਮ ਗੁਰੂ ਦੇ ਸਮੇਂ ਤਕ ਸ਼ਾਂਤ ਮਾਹੌਲ ਸੀ ਪਰੰਤੂ ਉਨ੍ਹਾਂ ਦੀ ਸ਼ਹੀਦੀ ਉਪਰੰਤ ਗੁਰੂ ਹਰਗੋਬਿੰਦ ਸਾਹਿਬ ਨੇ ਹੀ ਅਕਾਲ ਤਖਤ ਉਪਰ ਦਿਵਾਨ ਸਜਾ ਕੇ ਬੀਰ ਰਸੀ ਵਾਰਾਂ ਗਾਉਣ ਦੀ ਪਿਰਤ ਪਾਈ ਸੀ। ਇਹ ਧੁਨੀ ਸੰਕੇਤ ਵੀ ਬੀਰ ਰਸੀ ਵਾਰਾਂ ਦਾ ਹੀ ਹੈ।"*[25]

ਇਸੇ ਤਰ੍ਹਾਂ ਨੌਵੇਂ ਮਹੱਲੇ ਦੇ ਸਲੋਕਾਂ ਵਿਚ ਇਕ ਸਲੋਕ ਗੁਰੂ ਗੋਬਿੰਦ ਸਿੰਘ ਦਾ ਕਿਹਾ ਜਾਂਦਾ ਹੈ। ਇਹ ਸਲੋਕ ਨੌਵੇਂ ਮਹੱਲੇ ਦੇ ਸਲੋਕ 'ਬਲ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ' ਦੇ ਉੱਤਰ ਵਜੋਂ ਗੁਰੂ ਗੋਬਿੰਦ ਸਿੰਘ ਨੇ ਲਿਖਕੇ ਭੇਜਿਆ ਹੈ:

*ਬਲ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ॥*

*ਨਾਨਕ ਸਭ ਕਿਛੁ ਤੁਮਰੈ ਹਾਥ ਮੈਂ ਤੁਮ ਹੀ ਹੋਤ ਸਹਾਇ॥* ਪੰਨਾ ੧੪੨੯

ਇਸ ਤੱਥ ਦੀ ਪ੍ਰੋੜਤਾ ਗਿਆਨੀ ਬਚਨ ਸਿੰਘ ਨੇ ਟੀਕਾ ਫਰੀਦਕੋਟ ਵਿਚ ਕੀਤੀ ਹੈ।

ਵਾਰਾਂ ਤੋਂ ਪਿੱਛੋਂ ਭਗਤ ਬਾਣੀ ਨੂੰ ਸ਼ਾਮਲ ਕੀਤਾ ਗਿਆ ਹੈ। ਇਹ ਭਗਤ ਬਾਣੀ ੨੨ ਰਾਗਾਂ ਵਿਚ ਹੈ। ਭਗਤਾਂ ਦੇ ਸਾਰੇ ਸ਼ਬਦ ੩੪੯ ਹਨ ਤੇ ਭਗਤ ਬਾਣੀ ਵਿਚ ੩ ਸ਼ਬਦ ਗੁਰੂ ਅਰਜਨ ਦੇਵ ਦੇ ਹਨ।[26] ਪ੍ਰੋ. ਸਾਹਿਬ ਸਿੰਘ ਨੇ ਇਸਦਾ ਵੇਰਵਾ ਇਸ ਪ੍ਰਕਾਰ ਕੀਤਾ ਹੈ: ਕਬੀਰ – ੨੨੪, ਨਾਮਦੇਵ – ੬੧, ਰਵਿਦਾਸ – ੪੦, ਤ੍ਰਿਲੋਚਨ – ੪, ਫਰੀਦ – ੪, ਬੇਣੀ – ੩, ਧੰਨਾ – ੩, ਜੈਦੇਵ – ੨, ਭੀਖਣ – ੨, ਪਰਮਾਨੰਦ, ਸੈਣ, ਪੀਪਾ, ਸਧਨਾ, ਰਾਮਾਨੰਦ, ਸੂਰਦਾਸ ੧-੧, ਗੁਰੂ ਅਰਜਨ ਦੇਵ ੩, ਕੁੱਲ ਜੋੜ – ੩੫੨ ਸਲੋਕਾਂ ਤੋਂ ਇਲਾਵਾ ਭਗਤ ਕਬੀਰ ਦੀਆਂ ਤਿੰਨ ਬਾਣੀਆਂ ਗਉੜੀ ਰਾਗ ਵਿਚ ਬਾਵਨ ਅੱਖਰੀ, ਪੰਦ੍ਰਹ ਥਿਤੀ ਤੇ ਸਤਵਾਰਾ ਹਨ। ਭਗਤ ਬਾਣੀ ਤੋਂ ਇਲਾਵਾ ਭਾਈ ਮਰਦਾਨੇ ਦੇ ਨਾਂ ਤਿੰਨ ਸਲੋਕ ਬਿਹਾਗੜਾ ਰਾਗ ਵਿਚ ਦਰਜ ਹਨ। ਬਾਬੇ ਸੁੰਦਰ ਦਾ ਰਾਮਕਲੀ ਰਾਗ ਵਿਚ ਸੱਦ ਅਤੇ ਸੱਤਾ ਬਲਵੰਡ ਦੀ ਇਕ ਵਾਰ ਗੁਰ ਉਸਤਤ ਵਿਚ ਲਿਖੀ ਹੋਈ ਹੈ।

ਗੁਰੂ ਸਾਹਿਬ ਨੇ ਭਗਤਾਂ ਦੀ ਬਾਣੀ ਕ੍ਰਮ ਅਨੁਸਾਰ ਆਦਿ ਗ੍ਰੰਥ ਵਿਚ ਦਰਜ ਕਰ ਲਈ। ਗੁਰੂ ਸਾਹਿਬ ਨੇ ਭਗਤਾਂ ਦੇ ਕਾਲ ਕ੍ਰਮ ਨੂੰ ਸਾਹਵੇਂ ਰਖ ਕੇ ਉਨ੍ਹਾਂ ਨੂੰ ਸਥਾਨ ਦਿੱਤਾ ਹੈ। ਕਈ ਵਾਰ ਇਹ ਕ੍ਰਮ ਟੁੱਟਦਾ ਵੀ ਜਾਂਦਾ ਹੈ। ਭਗਤ ਜੈ ਦੇਵ ਦਾ ਸਮਾਂ ੧੧੭੦ ਈ. ਭਗਤ ਕਬੀਰ ਦਾ ੧੩੯੮ ਈ. ਬਾਬਾ ਫਰੀਦ ਦਾ ੧੧੭੩ ਪ੍ਰੰਤੂ ਭਗਤ ਬਾਣੀ ਵਿਚ ਸਭ ਤੋਂ ਪਹਿਲਾਂ ਭਗਤ ਕਬੀਰ ਦੀ ਬਾਣੀ ਦਰਜ ਹੈ।

ਰਾਗ ਬੱਧ ਬਾਣੀ ਵਿਚ ਵਿਸ਼ੇਸ਼ ਵਿਉਂਤ ਉਲੀਕੀ ਗਈ ਹੈ। ਹਰ ਰਾਗ ਦੀ ਬਾਣੀ ਦਾ ਆਰੰਭ ਗੁਰੂ ਨਾਨਕ ਬਾਣੀ ਨਾਲ ਕੀਤਾ ਗਿਆ ਹੈ। ਸਾਰੇ ਗੁਰੂਆਂ ਨੇ ਸ਼ਬਦ ਦੇ ਅੰਤ ਉਤੇ 'ਨਾਨਕ' ਪਦ ਦੀ ਵਰਤੋਂ ਕੀਤੀ ਹੈ। ਇਹ ਅੰਗ ਨਿਖੇੜਾ ਕਰਨ ਲਈ ਕਿ ਕਿਹੜੀ ਬਾਣੀ ਕਿਹੜੇ ਗੁਰੂ ਦੀ ਹੈ, ਬਾਣੀ ਉਪਰ ਮਹਲਾ ਲਿਖਕੇ ਨਾਲ ਕ੍ਰਮ ਅਨੁਸਾਰ ਅੰਕ ਪਾ ਦਿੱਤਾ ਹੈ।[27]

ਆਦਿ ਗ੍ਰੰਥ ਵਿਚ ਅੰਕਿਤ ਪਹਿਲੀ ਬਾਣੀ ਜਪੁ ਹੈ ਜੋ ਕਿਸੇ ਰਾਗ ਵਿਚ ਨਹੀਂ ਬੰਨ੍ਹੀ ਗਈ। ਅੰਤਿਮ ਬਾਣੀ ਰਾਗ ਮਾਲਾ ਹੈ। ਇਸ ਵਿਚ ਰਾਗ ਦਾ ਵੇਰਵਾ ਤਾਂ ਹੈ ਪਰ ਇਹ ਕਿਸੇ ਰਾਗ ਵਿਚ ਨਹੀਂ ਲਿਖੀ ਗਈ। ਜਪੁ ਤੇ ਰਾਗ ਮਾਲਾ ਦੋਹਾਂ ਨੂੰ ਕਾਵਿ ਛੰਦਾਂ ਵਿਚ ਲਿਖਿਆ ਗਿਆ ਹੈ। ਆਦਿ ਗ੍ਰੰਥ ਵਿਚਲੇ ਵਿਸ਼ੇ ਵਸਤੂ ਦੇ ਸਿਧਾਂਤਕ ਪੱਖ ਤੋਂ ਵਾਚਿਆਂ ਵੀ ਇਸ ਤੱਥ ਦੀ ਪੁਸ਼ਟੀ ਹੋ ਜਾਂਦੀ ਹੈ।

**(iii) ਰਾਗ ਮੁਕਤ ਬਾਣੀ**: ਗੁਰੂ ਗ੍ਰੰਥ ਸਾਹਿਬ ਦੇ ਪੰਨਾ ੧੩੫੩ ਤੋਂ ੧੪੩੦ ਪੰਨੇ ਤਕ ਰਾਗ ਮੁਕਤ ਬਾਣੀ ਦਰਜ ਹੈ। ਰਾਗ ਮੁਕਤ ਬਾਣੀ ਦੀ ਤਰਤੀਬ ਇਸ ਪ੍ਰਕਾਰ ਹੈ:

i. ਸਲੋਕ ਸਹਸਕ੍ਰਿਤੀ ਮਹਲਾ ੧, ੪ ਸਲੋਕ ਪੰਨਾ ੧੩੫੩
ii. ਸਲੋਕ ਸਹਸਕ੍ਰਿਤੀ ਮਹਲਾ ੫, ੬੭ ਸਲੋਕ ਪੰਨਾ ੧੩੫੩-੧੩੬੦
iii. ਮਹਲਾ ੫ ਗਾਥਾ, ੨੪ ਸਲੋਕ, ਪੰਨਾ ੧੩੬੦-੧੩੬੧
iv. ਫੁਨਹੇ ਮਹਲਾ ੫, ੨੩ ਸਲੋਕ, ਪੰਨਾ ੧੩੬੧-੧੩੬੩
v. ਚਉਬੋਲੇ ਮਹਲਾ ੫, ੧੧ ਸਲੋਕ, ਪੰਨਾ ੧੩੬੩-੧੩੬੪
vi. ਸਲੋਕ ਭਗਤ ਕਬੀਰ ਜੀਉ ਕੇ, ੨੪੩ ਸਲੋਕ, ਪੰਨਾ ੧੩੬੪-੧੩੭੩
vii. ਸਲੋਕ ਸੇਖ ਫਰੀਦ ਜੀ ਕੇ, ੧੩੦ ਸਲੋਕ, ਪੰਨਾ ੧੩੭੩-੧੩੮੪
viii. (ੳ) ਸਵੱਯੇ ਮੁਖਵਾਕ ਮਹਲਾ ੫, ੯ ਸਵੱਯੇ, ਪੰਨਾ ੧੩੮੫
(ਅ) ਸਵੱਯੇ ਮੁਖਵਾਕ ਮਹਲਾ ੫, ੧੧ ਸਲੋਕ, ਪੰਨਾ ੧੩੮੫-੧੩੮੯
ix. ਭੱਟਾਂ ਦੇ ਸਵੱਈਏ
ਸਵੱਯੇ ਮਹਲੇ ਕੇ ੧੦ ਸਵੱਯੇ, ਪੰਨਾ ੧੩੮੯
ਸਵੱਯੇ ਮਹਲੇ ਦੂਜੇ ਕੇ ੧੦ ਸਵੱਯੇ, ਪੰਨਾ ੧੩੯੧
ਸਵੱਯੇ ਮਹਲੇ ਤੀਜੇ ਕੇ, ੨੨ ਸਵੱਯੇ, ਪੰਨਾ ੧੩੯੩
ਸਵੱਯੇ ਮਹਲੇ ਚੌਥੇ ਕੇ, ੬੦ ਸਵੱਯੇ, ਪੰਨਾ ੧੩੯੬
ਸਵੱਯੇ ਮਹਲੇ ਪੰਜਵੇਂ ਕੇ, ੨੨ ਸਵੱਯੇ, ਪੰਨਾ ੧੪੦੬
x. ਸਲੋਕ ਵਾਰਾਂ ਤੇ ਵਧੀਕ
ਸਲੋਕ ਮਹਲਾ ੧, ੩੩ ਸਲੋਕ, ਪੰਨਾ ੧੪੧੧
ਸਲੋਕ ਮਹਲਾ ੩, ੬੭ ਸਲੋਕ, ਪੰਨਾ ੧੪੧੪
ਸਲੋਕ ਮਹਲਾ ੪, ੩੦ ਸਲੋਕ, ਪੰਨਾ ੧੪੧੮
ਸਲੋਕ ਮਹਲਾ ੫, ੨੨ ਸਲੋਕ ਪੰਨਾ ੧੪੨੫
ਸਲੋਕ ਮਹਲਾ ੯, ੫੭ ਸਲੋਕ, ਪੰਨਾ ੧੪੨੯
xi. ਮੁੰਦਾਵਣੀ ਮਹਲਾ ੫, ੧ ਸਲੋਕ, ੧੪੨੯
xii. ਸਲੋਕ ਮਹਲਾ ੫, ੧ ਸਲੋਕ, ੧੪੨੯
xiii. ਰਾਗ ਮਾਲਾ, ੧੪੨੯

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗ ਮੁਕਤ ਬਾਣੀ ਨੂੰ ਮੁਖ ਤੌਰ ਤੇ ਚਾਰ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ।

(ੳ) ਗੁਰੂ ਸਾਹਿਬਾਨ ਦੀ ਬਾਣੀ
(ਅ) ਭਗਤਾਂ ਦੀ ਬਾਣੀ
(ੲ) ਭੱਟਾਂ ਦੇ ਸੱਵਈਏ
(ਸ) ਰਾਗ ਮਾਲਾ।

## (ੲ) ਗੁਰੂ ਸਾਹਿਬਾਨ ਦੀ ਬਾਣੀ

ਰਾਗ ਮੁਕਤ ਬਾਣੀ ਵਿਚ ਗੁਰੂ ਸਾਹਿਬਾਨ ਦੀ ਬਾਣੀ ਅਕਾਰ ਤੇ ਗਿਣਤੀ ਪੱਖੋਂ ਸਭ ਤੋਂ ਜ਼ਿਆਦਾ ਹੈ। ਗੁਰੂ ਸਾਹਿਬਾਨ ਦੀ ਬਾਣੀ ਵਿਚ ਸਭ ਤੋਂ ਪਹਿਲਾਂ 'ਜਪੁਜੀ' ਸਾਹਿਬ ਦੀ ਬਾਣੀ ਆਉਂਦੀ ਹੈ। 'ਜਪੁ ਉਹ ਭੂਮਿਕਾ ਹੈ, ਜਿਸ ਉਪਰ ਸਮੁੱਚੇ ਆਦਿ ਗ੍ਰੰਥ ਦੇ ਦਰਸ਼ਨ ਦੀ ਉਸਾਰੀ ਹੋਈ ਹੈ। ਜਪੁ ਦਾ ਕਿਸੇ ਰਾਗ ਬੰਦਿਸ਼ ਵਿਚ ਨਾ ਹੋਣ ਦਾ ਕਾਰਨ ਵੀ ਸਪਸ਼ਟ ਹੈ। ਜਪੁ ਪਿੰਗਲ ਦੇ ਵਿਚ ਨਾ ਹੋਣ ਦਾ ਕਾਰਨ ਵੀ ਸਪਸ਼ਟ ਹੈ। ਜਪੁ ਪਿੰਗਲ ਦੇ ਨਿਯਮਾਂ ਅਨੁਸਾਰ ਛੰਦਾਂ ਵਿਚ ਉਸਾਰਿਆ ਗਿਆ ਹੈ।[28]

(i) **ਜਪੁਜੀ ਸਾਹਿਬ**: ਗੁਰੂ ਨਾਨਕ ਸਾਹਿਬ ਦੀ ਸਮੁੱਚੀ ਬਾਣੀ ਵਿਚੋਂ ਸ਼੍ਰੋਮਣੀ ਤੇ ਮਹੱਤਵ ਪੂਰਨ ਰਚਨਾ 'ਜਪੁਜੀ' ਹੈ। ਗੁਰੂ ਨਾਨਕ ਦੇਵ ਦੇ ਸਮੇਂ ਤੋਂ ਹੀ ਸਿਖਾਂ ਲਈ ਇਸ ਦਾ ਰੋਜ਼ ਪਾਠ ਕਰਨ ਦਾ ਵਿਧਾਨ ਹੈ। ਸਮੁੱਚੇ ਆਦਿ ਗ੍ਰੰਥ ਵਿਚ ਵੀ ਜਪੁਜੀ ਸਾਹਿਬ ਦਾ ਅਦੁੱਤੀ ਮਹੱਤਵ ਸਵੀਕਾਰ ਕੀਤਾ ਜਾਂਦਾ ਹੈ। ਇਹ ਮਨੁੱਖੀ ਜੀਵਨ ਨੂੰ ਸਾਰਥਕ ਸੇਧ ਦਿੰਦਾ ਹੈ। ਇਸ ਨੂੰ ਪੂਰੇ ਧਿਆਨ ਨਾਲ ਪੜ੍ਹਨ, ਵਿਚਾਰਨ ਅਤੇ ਵਿਸ਼ਲੇਸ਼ਣ ਕਰਨ ਨਾਲ ਜੀਵ ਜ਼ਿੰਦਗੀ ਦੀਆਂ ਔਖੀਆਂ ਘਾਟੀਆਂ ਨੂੰ ਪਾਰ ਕਰਕੇ ਸਹੀ ਮਾਰਗ ਤੇ ਤੁਰ ਪੈਂਦਾ ਹੈ। ਗੁਰੂ ਨਾਨਕ ਦੇ ਸ਼ਾਹਕਾਰ 'ਜਪੁਜੀ' ਵਿਚ ਗੁਰਮਤਿ ਜੀਵਨ-ਵਿਧੀ ਦਾ ਸੁੰਦਰ ਰੂਪ ਪੇਸ਼ ਕੀਤਾ ਗਿਆ ਹੈ। 'ਜਪੁਜੀ' ਦਾ ਬਾਹਰ ਮੁਖੀ ਰੂਪ ਦਰਸ਼ਨ ਸ਼ਾਸਤਰ ਨਾਲ ਨਹੀਂ ਮਿਲਦਾ ਪਰ ਦਰਸ਼ਨ ਸ਼ਾਸਤਰ ਦੇ ਵਿਦਿਆਰਥੀ ਲਈ ਇਸ ਵਿਚੋਂ ਬਿਖਰੇ ਹੋਏ ਸੰਕਲਪਾਂ ਦੀ ਸਹਾਇਤਾ ਨਾਲ ਇਕ ਸਮੁੱਚਾ ਦਾਰਸ਼ਨਿਕ ਪ੍ਰਬੰਧ ਨਿਖੇੜ ਸਕਣਾ ਸੰਭਵ ਹੈ।[29] ਇਸ ਦੀ ਦਾਰਸ਼ਨਿਕ ਵਿਚਾਰਧਾਰਾ ਨੂੰ ਦੇਖਦਿਆਂ ਸੰਤ 'ਵਿਨੋਬਾ ਭਾਵੇ' ਨੇ ਜਪੁਜੀ ਨੂੰ ਭਾਰਤ ਦੀ ਵਿਰਾਸਤ ਦਾ ਪੰਜਵਾਂ ਵੇਦ ਮੰਨਿਆ ਹੈ। ਡਾ. ਗੁਰਸ਼ਰਨਜੀਤ ਸਿੰਘ ਅਨੁਸਾਰ *ਗੁਰੂ ਗ੍ਰੰਥ ਸਾਹਿਬ ਦੇ ਤਤਕਰੇ ਵਿਚ 'ਸਿਰਲੇਖ 'ਜਪੁ ਨੀਸਾਣ' ਦਿੱਤਾ ਹੈ।*[30] ਨੀਸਾਣ ਤੋਂ ਭਾਵ ਹੈ ਨਿਸ਼ਾਨੀ। ਡਾ. ਸ੍ਰੀਮਤੀ ਵਿਦਿਆਵਤੀ ਤਾਂ 'ਜਪੁ' ਤੋਂ ਬਿਨਾਂ ਸਿਖ ਨੂੰ ਯਤੀਮ ਮੰਨਦੀ ਹੈ। ਉਸ ਦੇ ਵਿਚਾਰ ਅਨੁਸਾਰ,*"ਸਿੱਖ*

*ਤਾਂ 'ਜਪੁ' ਵਿਹੂਣਾ ਹੋਕੇ ਲੋਥ ਤੋਂ ਵੀ ਬਦਤਰ ਹੋ ਜਾਂਦਾ ਹੈ। 'ਜਪੁ' ਰਾਗ ਰਹਿਤ ਬਾਣੀ ਹੈ। ਇਸਦਾ ਕਾਰਣ ਹੈ ਕਿ ਗਹਿਰੀ ਦਾਰਸ਼ਨਿਕ ਬਾਣੀ ਹੋਣ ਕਰਕੇ ਇਸ ਨੂੰ ਵਿਚਾਰਨ ਦਾ ਆਦੇਸ਼ ਹੈ, ਗਾਇਣ ਦਾ ਨਹੀਂ। ਪ੍ਰੋ. ਪੂਰਨ ਸਿੰਘ ਤਾਂ ਇਥੋਂ ਤਕ ਕਹਿੰਦੇ ਹਨ ਕਿ 'ਜਪੁ' ਨੂੰ ਸਮਝਣ ਲਈ ਸਾਰੀ ਦੁਨੀਆਂ ਨੂੰ ਪੰਜਾਬੀ ਸਿੱਖਣੀ ਪੈਣੀ ਹੈ। 'ਜਪੁ' ਸਿਖ ਲਈ ਮਾਂ ਦਾ ਰੂਪ ਹੈ। ਜਦੋਂ ਵੀ ਮੁਸੀਬਤ ਪਵੇ ਤਾਂ ਮੂੰਹੋਂ 'ਮਾਂ' ਨਿਕਲਦਾ ਹੈ। ਪਰ ਸਿਖ ਹਰ ਮੁਸੀਬਤ ਵੇਲੇ 'ਜਪ' ਉਚਾਰਦਾ ਹੈ। ਕਰਮ ਸਿੰਘ ਹਿਸਟੋਰੀਅਨ ਕਾਅਬੇ ਵਿਚ 'ਜਪੁ' ਦੇ ਪਾਠ ਕਰਕੇ ਪਛਾਣਿਆ ਗਿਆ ਹੈ।"* [31]

ਜਪੁਜੀ ਦਾ ਆਰੰਭ ਮੂਲ ਮੰਤਰ ਨਾਲ ਹੁੰਦਾ ਹੈ। ਜੋ ਸਮੁੱਚੇ ਜਪੁਜੀ ਦਾ ਸਾਰ ਹੈ ਅਤੇ ਇਸ ਤਰ੍ਹਾਂ 'ਜਪੁਜੀ' ਪੂਰੇ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਸਤੁਤ ਕੀਤੇ ਗਏ ਵਿਚਾਰਾਂ ਦਾ ਸਾਰ ਮੰਨਿਆ ਜਾਂਦਾ ਹੈ। ਮੂਲ ਮੰਤਰ ਵਿਚ ਪਰਮਾਤਮਾ ਦੇ ਦੈਵੀ ਸਰੂਪ ਦਾ ਚਿਤਰ ਉਲੀਕਿਆ ਹੈ "੧ਓ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ" ਮੂਲ ਮੰਤਰ ਬਾਰੇ ਡਾ. ਜਗਬੀਰ ਸਿੰਘ ਦੀ ਧਾਰਨਾ ਹੈ:

> *ਮੂਲ ਮੰਤਰ ਦੀ ਰਚਨਾ ਤਾਂ ਸ਼ਾਇਦ ਜਪੁ ਤੋਂ ਸੁਤੰਤਰ ਰੂਪ ਵਿਚ ਕੀਤੀ ਗਈ ਹੈ, ਕਿਉਂਕਿ ਹਰ ਰਾਗ ਅਤੇ ਹਰ ਵਡੇਰੀ ਰਚਨਾ ਦੇ ਆਦਿ ਵਿਚ ਅੰਕਿਤ ਮਿਲਦੀ ਹੈ। ਇਸਤੋਂ ਬਿਨਾਂ 'ਜਪੁ' ਦਾ ਸਿਰਲੇਖ ਤਾਂ ਮੂਲ ਮੰਤ੍ਰ ਦੇ ਬਾਦ ਆਉਂਦਾ ਹੈ।* [32]

ਬਹੁਤ ਸਾਰੇ ਵਿਦਵਾਨ ਤਾਂ ਜਪੁਜੀ ਸਾਹਿਬ ਦਾ ਆਰੰਭ ਸਲੋਕ ਨਾਲ ਮੰਨਦੇ ਹਨ:

*ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥* ਪੰਨਾ ੧

ਇਸ ਸਲੋਕ ਦਾ ਸੰਬੰਧ ਵੀ ਦੈਵੀ ਸੱਤਾ ਨਾਲ ਹੋਣ ਕਰਕੇ ਇਕ ਤਰ੍ਹਾਂ ਦਾ ਮੰਗਲਾਚਰਨ ਹੈ। ਜਿਸ ਵਿਚ ਉਸ ਪਰਮਾਤਮਾ ਦੇ ਸੱਚ ਸਰੂਪ ਦਾ ਚਿਤਰਨ ਹੈ। ਜੋ ਮੁੱਢ ਤੋਂ, ਜੁਗਾਂ ਤੋਂ ਸੱਚਾ ਸੀ, ਹੁਣ ਵੀ ਸੱਚਾ ਹੈ ਤੇ ਅਗੋਂ ਵੀ ਸੱਚਾ ਰਹੇਗਾ ਭਾਵ ਪ੍ਰਭੂ ਦੀ ਹੋਂਦ ਸਦੀਵੀ ਹੈ ਜਦੋਂ ਕਿ ਬਾਕੀ ਸਾਰਾ ਸੰਸਾਰ ਨਾਸ਼ਮਾਨ ਹੈ। ਇਸ ਤਰ੍ਹਾਂ 'ਜਪੁਜੀ' ਸਾਹਿਬ ਵਿਚ ਪਰਮਾਤਮਾ ਦੇ ਨਿਰਗੁਣ ਸਰੂਪ ਦੀ ਗਲ ਕੀਤੀ ਗਈ ਹੈ। ਭਾਰਤੀ ਧਰਮ ਪਰਮਾਤਮਾ ਦੇ ਸਰਗੁਣ ਸਰੂਪ ਨੂੰ ਮੰਨਦੇ ਹਨ। ਜਿਸ ਵਿਚ ਅਵਤਾਰਵਾਦ ਦਾ ਸੰਕਲਪ ਪ੍ਰਾਪਤ ਹੈ ਪਰੰਤੂ ਗੁਰੂ ਸਾਹਿਬ ਨੇ ਆਪਣੀ ਵਿਚਾਰਧਾਰਾ ਰਾਹੀਂ ਪਰਮਾਤਮਾ ਦਾ ਜੋ ਸਰੂਪ ਚਿਤਰਿਆ ਹੈ ਉਹ ਭਾਰਤੀ ਧਰਮਾਂ ਤੋਂ ਵਖਰਾ ਅਤੇ ਨਵੇਂ ਚਰਿਤਰ ਵਾਲਾ ਹੈ। ਸਲੋਕ ਤੋਂ ਬਾਦ ਜਪੁਜੀ ਦੀਆਂ ੩੮ ਪਉੜੀਆਂ ਹਨ ਅਤੇ ਅੰਤ ਵਿਚ ਫੇਰ ਇਕ ਸਲੋਕ ਦਿੱਤਾ ਗਿਆ ਹੈ। ਪਹਿਲੀ ਪਉੜੀ ਵਿਚ ਹੀ ਸਚਿਆਰੇ ਦਾ ਮਾਡਲ ਉਸਾਰ ਲਿਆ ਹੈ:

*ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।।*

*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ।।* ਪੰਨਾ ੧

ਇਸ ਪਉੜੀ ਵਿਚ ਦੋ ਸਥਿਤੀਆਂ ਦਾ ਜ਼ਿਕਰ ਕੀਤਾ ਗਿਆ ਹੈ। ਸੰਸਾਰ ਵਿਚ ਵਿਚਰਦਿਆਂ ਜੀਵ ਝੂਠ ਦੇ ਪਸਾਰੇ ਵਿਚ ਪੂਰੀ ਤਰ੍ਹਾਂ ਘਿਰਿਆ ਹੋਣ ਕਰਕੇ ਮਨੁੱਖ ਨੂੰ ਆਪਣੇ ਅੰਦਰੋਂ ਹੀ ਸਚਿਆਰਤਾ ਨੂੰ ਲਭਣਾ ਪੈਣਾ ਹੈ ਪਰੰਤੂ ਹਉਮੈ ਰੋਗ ਵਿਚ ਗ੍ਰਸਿਆ 'ਹੁਕਮ' ਨੂੰ ਪਛਾਨਣ ਤੋਂ ਇਨਕਾਰੀ ਹੈ ਪਰ ਉਸਨੂੰ ਸਚਿਆਰਾ ਬਨਣ ਲਈ 'ਹੁਕਮ' ਅਨੁਸਾਰ ਚਲ ਕੇ ਜੀਵਨ ਯਾਤਰਾ ਸ਼ੁਰੂ ਕਰਨੀ ਪਵੇਗੀ। ਸਚੇ ਗੁਰੂ ਦੀ ਸਿਖਿਆ ਦੁਆਰਾ ਹੀ ਮਨੁੱਖ ਨੂੰ 'ਹੁਕਮ' ਦੀ ਸੋਝੀ ਹੁੰਦੀ ਹੈ। 'ਜਪੁਜੀ' ਦੀ ਬਣਤਰ ਬਾਰੇ ਡਾ. ਰਤਨ ਸਿੰਘ ਜੱਗੀ ਨੇ ਵਿਚਾਰਧਾਰਾ ਦੇ ਲੇਖ 'ਜਪੁਜੀ ਦਾ ਸਾਹਿਤਕ ਮੁਲਾਂਕਣ' ਵਿਚ ਜਪੁਜੀ ਦੀਆਂ ਪਉੜੀਆਂ ਤੇ ਸਲੋਕਾਂ ਨੂੰ ਦਸ ਚੌਕੜੀਆਂ ਵਿਚ ਵੰਡ ਦਿੱਤਾ ਹੈ।[33] ਜਪੁਜੀ ਸਾਹਿਬ ਵਿਚ ਚਾਰ ਚਾਰ ਪਉੜੀਆਂ ਦੇ ਕਈ ਜੁਟ ਮਿਲਦੇ ਹਨ। ਸੁਣਿਐ ਦੀਆਂ ਚਾਰ ਪਉੜੀਆਂ, ਮੰਨੈ ਦੀਆਂ ਚਾਰ ਪਉੜੀਆਂ ਅਤੇ ਆਦੇਸ ਦੀਆਂ ਚਾਰ ਪਉੜੀਆਂ। ਸੁਣਿਐ ਦੀਆਂ ਚਾਰ ਪਉੜੀਆਂ ਵਿਚ ਇਹ ਵਿਚਾਰ ਪ੍ਰਗਟਾਇਆ ਹੈ ਕਿ ਉਸ ਪਰਮਾਤਮਾ ਦਾ ਨਾਮ ਸੁਨਣ ਨਾਲ ਸਾਧਕ ਨੂੰ ਸਤਿ, ਸੰਤੋਖ ਆਦਿ ਗੁਣਾਂ ਦੀ ਪ੍ਰਾਪਤੀ ਹੋ ਜਾਂਦੀ ਹੈ। ਨਾਮ ਸੁਨਣ ਉਪਰੰਤ 'ਮੰਨੈ' ਦੀਆਂ ਚਾਰ ਪਉੜੀਆਂ ਵਿਚ ਨਾਮ ਨੂੰ ਮੰਨਣ ਦਾ ਮਹੱਤਵ ਉਜਾਗਰ ਕੀਤਾ ਹੈ। ਡਾ. ਜਗਬੀਰ ਸਿੰਘ ਅਨੁਸਾਰ, *"ਗਿਆਨ ਦੀ ਪ੍ਰਾਪਤੀ ਦਾ ਮਾਰਗ ਸ੍ਰਵਣ ਦੀ ਸਥੂਲ ਕਿਰਿਆ ਤੋਂ ਸ਼ੁਰੂ ਹੁੰਦਾ ਹੈ ਤੇ ਇਹ ਮਾਰਗ ਸੂਖਮਤਾ ਵਲ ਵਧਦਾ ਹੈ।"*[34] ਪਰੰਤੂ ਡਾ. ਦੀਵਾਨ ਸਿੰਘ ਅਨੁਸਾਰ, *"ਇਹ ਅਵਸਥਾ ਪਕੇਰੀ ਤੇ ਸਥਾਈ ਮੰਨਣ ਦੀ ਜੋ ਅਵਸਥਾ ਮਨੁੱਖ ਨੂੰ ਭਾਣਾ ਮੰਨਣ ਤਕ ਲੈ ਜਾਂਦੀ ਹੈ।"*[35]

ਅਸੰਖ ਦੀਆਂ ਪਉੜੀਆਂ ਵਿਚ ਅਨੇਕਾਂ ਗੁਣੀ ਗਿਆਨੀਆਂ ਅਤੇ ਮੰਦੇ ਲੋਕਾਂ ਦੀ ਗਲ ਕੀਤੀ ਹੈ। 'ਆਦੇਸ' ਦੀਆਂ ਪਉੜੀਆਂ ਵਿਚ 'ਨਮਸਕਾਰ' ਭਾਵ ਚਿਤਰਿਆ ਗਿਆ ਹੈ। ਜੋ 'ਆਦਿ ਅਨੀਲ, ਅਨਾਦਿ ਅਨਾਹਤ, ਜੁਗ ਜੁਗੋ ਏਕੋ ਵੇਸ' ਹੈ। ਇਨ੍ਹਾਂ ਪਉੜੀਆਂ ਵਿਚ ਸੰਸਾਰ ਦੇ ਪੈਦਾ ਕਰਨ ਵਾਲੇ ਤੇ ਸਦਾ ਸਥਿਰ ਰਹਿਣ ਵਾਲੇ ਪਰਮਾਤਮਾ ਦੇ ਸਿਮਰਨ ਨੂੰ ਮਨੁੱਖੀ ਜੀਵਨ ਦਾ ਮਨੋਰਥ ਮੰਨਿਆ ਹੈ। ਜਪੁਜੀ ਸਾਹਿਬ ਦੇ ਮਧ ਦੀਆਂ ਬਾਰਾਂ ਪਉੜੀਆਂ ਨਿਰੋਲ ਪਰਮਾਤਮਾ ਦੀ ਅਨੰਤਤਾ ਨੂੰ ਚਿਤਰਨ ਵਾਲੀਆਂ ਹਨ ਅਤੇ ਮਨੁੱਖ ਦੀ ਸ੍ਰਿਸ਼ਟੀ ਰਚਨਾ ਬਾਰੇ ਜਗਿਆਸਾ ਦਾ ਉਤਰ ਇਨ੍ਹਾਂ ਵਿਚੋ ਹੀ ਪ੍ਰਾਪਤ ਹੁੰਦਾ ਹੈ। ਕਰਤੇ ਤੇ ਕੁਦਰਤ ਦੀ ਵਡਿਆਈ ਉਸਦੀ ਬੇਅੰਤਤਾ, ਉਸ ਦੇ ਅਪਹੁੰਚ

ਰਹੱਸਾਂ ਅੱਗੇ ਜੀਵ ਦੀ ਤੁੱਛਤਾ ਨੂੰ ਬਿਆਨ ਕਰਕੇ ਬ੍ਰਹਮ ਦੀ ਵਿਸਮਾਦੀ ਵਚਿੱਤਰਤਾ ਨੂੰ ਚਿਤਰਿਆ ਗਿਆ ਹੈ:

*ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥*

*ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥* ਪੰਨਾ ੪

ਜਪੁਜੀ ਦੀਆਂ ਅੰਤਲੀਆਂ ਪਉੜੀਆਂ 'ਸਚਿਆਰ' ਪਦ ਬਾਰੇ ਹਨ। ਜਿਨ੍ਹਾਂ ਨੂੰ ਪੰਜ ਪੜਾਆਂ ਵਿਚ ਨਿਰਧਾਰਤ ਕਰਕੇ ਖੰਡ ਕਿਹਾ ਗਿਆ ਹੈ, ਵਾਸਤਵ ਵਿਚ ਇਹ ਪੰਜ ਪੜਾਅ ਮਨੁੱਖ ਦੀ ਆਤਮਿਕ ਉਨਤੀ ਨੂੰ ਦਰਸਾਉਂਦੇ ਹਨ। 'ਧਰਮ ਖੰਡ' ਮਨੁੱਖ ਦੇ ਨੈਤਿਕ ਫਰਜ਼ ਦਾ ਖੰਡ ਹੈ। ਸਚਿਆਰ ਪਦ ਦੀ ਪ੍ਰਾਪਤੀ ਦੇ ਚਾਹਵਾਨ ਸੰਸਾਰ ਵਿਚ ਰਹਿੰਦਿਆਂ ਆਪਣੇ ਫਰਜ਼ ਨਿਭਾਉਣ ਤਾਂ ਹੀ ਅੱਗੋਂ ਅਧਿਆਤਮਕਤਾ ਦੀ ਰਾਹ ਤੁਰ ਸਕਦੇ ਹਨ। ਧਰਮ ਖੰਡ ਦੇ ਰਸਤੇ ਤੇ ਚਲ ਕੇ ਗਿਆਨ ਖੰਡ ਜੀਵ ਨੂੰ ਬੇਅੰਤ ਤੇ ਅਨੰਤ ਕੁਦਰਤ ਦੇ ਨਜ਼ਾਰਿਆਂ ਬਾਰੇ ਗਿਆਨ ਪ੍ਰਦਾਨ ਕਰਦਾ ਹੈ। ਧਰਮ ਖੰਡ ਸਿਰਜਣਾ ਦਾ ਖੰਡ ਹੋਣ ਕਰਕੇ ਇਸ ਵਿਚ ਸੁਰਤਿ, ਚੇਤੰਨਤਾ, ਮਤਿ, ਬੁਧੀ ਤੇ ਵਿਵੇਕ ਜਿਹੀਆਂ ਅਨੁਪਮ ਘਾੜਤਾਂ ਘੜੀਆਂ ਜਾਂਦੀਆਂ ਹਨ। ਕਰਮ ਖੰਡ ਦਾ ਮਾਰਗ ਜੀਵ ਤੇ ਪ੍ਰਭੂ ਦੀ ਕਿਰਪਾ ਦ੍ਰਿਸ਼ਟੀ ਨੂੰ ਦਰਸਾਉਂਦਾ ਹੈ। ਜਿੱਥੇ ਮਨੁੱਖ ਦੀਆਂ ਪਦਾਰਥਕ ਲੋੜਾਂ ਪ੍ਰਭੂ ਦੀ ਕਿਰਪਾ ਨਾਲ ਪੂਰਨ ਹੁੰਦੀਆਂ ਹਨ ਉੱਥੇ ਅਧਿਆਤਮਕ ਵਿਕਾਸ ਵੀ ਪ੍ਰਭੂ ਦੀ ਕਿਰਪਾ ਉਤੇ ਨਿਰਭਰ ਕਰਦਾ ਹੈ। ਸਚਖੰਡ ਅਧਿਆਤਮਕ ਯਾਤਰਾ ਦਾ ਅੰਤਿਮ ਪੜਾਅ ਹੈ ਜਿਸ ਦਾ ਸੁੰਦਰ ਚਿੱਤਰ ਇਨ੍ਹਾਂ ਤੁਕਾਂ ਵਿਚ ਅੰਕਿਤ ਹੈ:

*ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥*

*ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ॥* ਪੰਨਾ ੬

**(ii) ਸਲੋਕ ਸਹਸਕ੍ਰਿਤੀ ਮਹਲਾ ੧:** ਗੁਰੂ ਗ੍ਰੰਥ ਸਾਹਿਬ ਵਿਚ ਰਾਗ ਮੁਕਤ ਬਾਣੀ ਦਾ ਆਰੰਭ ੧੩੫੩ ਪੰਨੇ ਤੋਂ ਸਲੋਕ ਸਹਸਕ੍ਰਿਤੀ ਮਹਲਾ ੧ ਤੋਂ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਸੁਚੱਜੀ ਸੰਪਾਦਨਾ ਅਧੀਨ ਇਸ ਰਾਗ ਮੁਕਤ ਬਾਣੀ ਦਾ ਆਰੰਭ ਵੀ ਮੂਲ ਮੰਤ੍ਰ ਨਾਲ ਹੁੰਦਾ ਹੈ। ੧ੴ ਤੋਂ ਲੈ ਕੇ ਗੁਰਪ੍ਰਸਾਦਿ ਤਕ ਮੰਗਲਾਚਰਣ ਉਪਰੰਤ ਸਲੋਕ ਸਹਸਕ੍ਰਿਤੀ ਆਰੰਭ ਹੁੰਦੇ ਹਨ। ਜਿਹਨਾਂ ਬਾਰੇ ਡਾ. ਰਤਨ ਸਿੰਘ ਜੱਗੀ ਦਾ ਵਿਚਾਰ ਹੈ:

> *ਸਹਸਕ੍ਰਿਤੀ ਸ਼ਬਦ ਸੰਸਕ੍ਰਿਤ ਦਾ ਪ੍ਰਾਕਿਰਤ ਰੂਪ ਹੈ। ਇਹ ਉਸ ਭਾਸ਼ਾ ਲਈ ਵਰਤਿਆ ਜਾਂਦਾ ਹੈ ਜੋ ਸੰਸਕ੍ਰਿਤ ਦੀਆਂ ਲੀਹਾਂ ਤੇ ਪਾਲੀ ਤੇ ਪ੍ਰਕਿਰਤ ਦੇ ਸੰਯੋਗ ਨਾਲ ਬਣੀ ਹੈ। ਇਹ ਆਮ ਤੌਰ ਤੇ ਮੁਢਲੇ ਸਿਧਾਂ,*

*ਨਾਥਾਂ ਦੇ ਡੇਰਿਆਂ ਤੇ ਬੋਲੀ ਜਾਂਦੀ ਸੀ। ਮਧਯੁਗ ਵਿਚ ਜਿਵੇਂ ਸਾਧ ਭਾਸ਼ਾ ਸਾਰੇ ਹਿੰਦੁਸਤਾਨ ਵਿਚ ਸਮਝੀ ਜਾਂਦੀ ਸੀ ਇਸੇ ਤਰ੍ਹਾਂ ਅਪ੍ਰਭੰਸ਼ ਦੇ ਵਿਕਸਤ ਹੋਣ ਤੋਂ ਪਹਿਲਾਂ ਇਹ ਭਾਸ਼ਾ ਅਧਿਆਤਮਕ ਵਿਚਾਰ-ਵਟਾਂਦਰੇ ਲਈ ਸਰਵ ਪ੍ਰਵਾਨ ਸੀ।* [36]

'ਸਲੋਕ ਸਹਸਕ੍ਰਿਤੀ ਮਹਲਾ ੧' ਵਿਚ ਗੁਰੂ ਨਾਨਕ ਦੇਵ ਦੇ ਚਾਰ ਸਲੋਕ ਹਨ। ਇਨ੍ਹਾਂ ਸਲੋਕਾਂ ਵਿਚੋਂ ਪਹਿਲਾ, ਤੀਜਾ ਅਤੇ ਚੌਥਾ ਸਲੋਕ ਆਸਾ ਕੀ ਵਾਰ ਦੀ ਚੌਦਵੀਂ ਪਉੜੀ ਨਾਲ ਵੀ ਦਰਜ ਹਨ। ਗੁਰੂ ਗ੍ਰੰਥ ਸਾਹਿਬ ਦੇ ਅੰਕਣ ਪ੍ਰਬੰਧ ਅਨੁਸਾਰ ਪਹਿਲਾ ਸਲੋਕ ਗੁਰੂ ਨਾਨਕ ਦੇਵ ਦਾ ਹੈ। ਬਾਕੀ ਦੇ ਦੋਵੇਂ ਸਲੋਕ ਗੁਰੂ ਅੰਗਦ ਦੇਵ ਨਾਲ ਸੰਬੰਧਿਤ ਮੰਨੇ ਜਾਂਦੇ ਹਨ। ਮਹਲਾ ੧ ਦੀ ਥਾਂ ਮਹਲਾ ੨ ਅੰਕਿਤ ਹੋਣ ਬਾਰੇ ਨਿਰਣਾ ਕਰਨਾ ਕਠਿਨ ਹੈ ਪਰ ਜਿਵੇਂ ਜਪੁ ਦਾ ਅੰਤਲਾ ਸਲੋਕ 'ਪਉਣ ਗੁਰੂ ਪਾਣੀ ਪਿਤਾ' ਹੈ। ਵਾਰ ਮਾਝ ਵਿਚ ਕੁਝ ਲਗਾਂ ਦੇ ਫਰਕ ਨਾਲ ਉਹੀ ਸਲੋਕ ਮਹਲਾ ੨ ਦਾ ਹੈ। ਇਸੇ ਤਰ੍ਹਾਂ ਦੂਜਾ ਸਲੋਕ 'ਮਾਝ ਕੀ ਵਾਰ' ਦੀ ਤੇਈਵੀਂ ਪਉੜੀ ਨਾਲ ਗੁਰੂ ਅੰਗਦ ਦੇਵ ਨਾਲ ਸੰਬੰਧਿਤ ਦਰਜ ਹੈ। ਇਸ ਤਰ੍ਹਾਂ ਇਨ੍ਹਾਂ ਚਾਰੇ ਸਲੋਕਾਂ ਵਿਚੋਂ ਪਹਿਲਾ ਸਲੋਕ ਹੀ ਗੁਰੂ ਨਾਨਕ ਦੇਵ ਨਾਲ ਸੰਬੰਧਿਤ ਮੰਨਿਆ ਜਾਂਦਾ ਹੈ। ਬਾਕੀ ਤਿੰਨ ਸਲੋਕਾਂ ਬਾਰੇ ਵਿਸਤ੍ਰਤ ਖੋਜ ਦੀ ਲੋੜ ਹੈ। ਪਰ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੧੩੫੩ ਉਪਰ ਦਰਜ ਇਹ ਚਾਰੇ ਸਲੋਕ 'ਸਲੋਕ ਸਹਸਕ੍ਰਿਤੀ ਮਹਲਾ ੧' ਅਧੀਨ ਦਰਜ ਹਨ। ਡਾ. ਰਤਨ ਸਿੰਘ ਜੱਗੀ 'ਸ੍ਰੀ ਗੁਰੂ ਗ੍ਰੰਥ ਪਰਿਚਯ' ਪੁਸਤਕ ਵਿਚ ਇਨ੍ਹਾਂ ਸਲੋਕਾਂ ਦੇ ਕਰਤਿਤਵ ਬਾਰੇ ਸੰਦਿਗਧ ਹਨ। [37] ਪਹਿਲੇ ਸਲੋਕ ਵਿਚ ਗੁਰੂ ਨਾਨਕ ਦੇਵ ਨੇ ਪਾਖੰਡੀ ਬ੍ਰਾਹਮਣਾਂ ਦੁਆਰਾ ਕੀਤੇ ਜਾਣ ਵਾਲੇ ਵਿਖਾਵੇ ਦੇ ਕਰਮਾਂ ਦਾ ਖੰਡਨ ਕੀਤਾ ਹੈ। ਫੋਕਟ ਕਰਮਾਂ ਨੂੰ ਤਿਲਾਂਜਲੀ ਦੇ ਕੇ ਪਰਮਾਤਮਾ ਨਾਲ ਸੱਚੀ ਪ੍ਰੀਤ ਪਾਈ ਜਾ ਸਕਦੀ ਹੈ:

*ਜੋ ਜਾਨਸਿ ਬ੍ਰਹਮੰ ਕਰਮੰ॥ਸਭ ਫੋਕਟ ਨਿਸਚੈ ਕਰਮੰ॥*

*ਕਹੁ ਨਾਨਕ ਨਿਸਚੌ ਧ੍ਯਿਾਵੈ॥ ਬਿਨੁ ਸਤਿਗੁਰ ਬਾਟ ਨ ਪਾਵੈ॥* ਪੰਨਾ ੧੩੫੩

ਦੂਸਰੇ ਸਲੋਕ ਵਿਚ ਗੁਰੂ ਦੀ ਕਿਰਪਾ ਨਾਲ ਸਚੇ ਪ੍ਰੇਮ ਦੇ ਮਾਰਗ ਤੇ ਚੜ੍ਹ ਕੇ ਨਾਮ ਸਿਮਰਨ ਦੁਆਰਾ ਹੀ ਅਧਿਆਤਮਕ ਸਿੱਧੀ ਪ੍ਰਾਪਤ ਕਰਨ ਬਾਰੇ ਦੱਸਿਆ ਹੈ। ਇਸੇ ਤਰ੍ਹਾਂ ਗੁਰੂ ਸਾਹਿਬ ਨੇ ਪੰਡਤਾਂ ਨੂੰ ਆਪਣੇ ਜਾਤੀ ਵਰਗ ਦਾ ਅਭਿਮਾਨ ਛਡਣ ਦਾ ਸੁਨੇਹਾ ਦਿੱਤਾ ਹੈ। ਉੱਚੀ ਜਾਤ ਵਿਚ ਜਨਮ ਲੈ ਕੇ ਜੇ ਉਸ ਨੇ ਚੰਗੇ ਕਰਮ ਨਹੀਂ ਕੀਤੇ ਤਾਂ ਨਰਕਾਂ ਦਾ ਵਾਸੀ ਬਣੇਗਾ।

**(iii) ਸਲੋਕ ਸਹਸਕ੍ਰਿਤੀ ਮਹਲਾ ੫:** ਇਸ ਸਿਰਲੇਖ ਅਧੀਨ ਗੁਰੂ ਅਰਜਨ ਦੇਵ ਦੇ ੬੭ ਸਲੋਕ ਦਰਜ ਹਨ। ਇਨ੍ਹਾਂ ਸਲੋਕਾਂ ਵਿਚ ਗੁਰੂ ਸਾਹਿਬ ਨੇ ਉਪਦੇਸ਼ਾਤਮਕ ਢੰਗ ਵਰਤਿਆ ਹੈ। ਇਨ੍ਹਾਂ ਦੀ

ਪ੍ਰਮੁੱਖ ਸੁਰ ਮਨੁੱਖ ਨੂੰ ਨਾਮ ਸਿਮਰਣ ਨਾਲ ਜੁੜ ਕੇ ਉਸ ਪਰਮਾਤਮਾ ਦੇ ਗੁਣ ਗਾਉਣ ਦੀ ਬਰਕਤ ਨਾਲ ਸ਼ਰਣ ਪਇਆਂ ਦੇ ਸਾਰੇ ਦੁਖਾਂ ਦਾ ਖਾਤਮਾ ਹੋ ਜਾਂਦਾ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ, *"ਅਸਲ ਵਿਚ ਮਨੁੱਖ ਦਾ ਉਧਾਰ ਪਰਮਾਤਮਾ ਦੀ ਕਿਰਪਾ ਦੁਆਰਾ ਸਾਧ-ਸੰਗਤ ਵਿਚ ਜਾਣ ਨਾਲ ਹੁੰਦਾ ਹੈ।"* [38] ਪ੍ਰਭੂ ਨੂੰ ਵਿਸਾਰਨ ਵਾਲੇ ਆਰੋਗ ਹੁੰਦੇ ਹੋਏ ਵੀ ਮਹਾਂ ਰੋਗੀ ਹਨ ਜਿਸ ਉਤੇ ਉਸ ਪ੍ਰਭੂ ਪਰਮਾਤਮਾ ਦੀ ਬਖਸ਼ਿਸ਼ ਹੋ ਜਾਵੇ ਤਾਂ ਜਗਿਆਸੂ ਦੇ ਜੀਵਨ ਵਿਚ ਅਨੋਖਾ ਪਰਿਵਰਤਨ ਆ ਜਾਂਦਾ ਹੈ:

*ਬਿਖਯਾ ਭਯੰਤਿ ਅੰਮ੍ਰਿਤੰ ਦ੍ਰੁਸਟਾਂ ਸਖਾ ਸ੍ਵਜਨਹ॥*

*ਦੁਖੰ ਭਯੰਤਿ ਸੁਖੵੰ ਭੈ ਭੀਤੰ ਤ ਨਿਰਭਯਹ॥*

*ਥਾਨ ਬਿਹੂਨ ਬਿਸ੍ਰਾਮ ਨਾਮੰ ਨਾਨਕ ਕ੍ਰਿਪਾਲ ਹਰਿ ਹਰਿ ਗੁਰਹ॥* ਪੰਨਾ ੧੩੫੭

ਇਸ ਸੰਸਾਰ ਵਿਚ ਸੁਖ ਤੇ ਦੁਖ ਦੋਵੇਂ ਨਾਲ ਨਾਲ ਹੀ ਚਲਦੇ ਰਹਿੰਦੇ ਹਨ। ਮਨੁੱਖ ਦੇ ਜੀਵਨ ਨੂੰ ਬਰਬਾਦ ਕਰਨ ਵਾਲੇ ਪੰਜ ਸ਼ਤਰੂਆਂ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਤੋਂ ਬਚਣ ਲਈ ਸਾਧ-ਸੰਗਤ ਦਾ ਆਸਰਾ ਲੈਣਾ ਚਾਹੀਦਾ ਹੈ। ੪੫ਵੇਂ ਸਲੋਕ ਵਿਚ ਮੋਹ, ੪੬ਵੇਂ ਵਿਚ ਕਾਮ, ੪੭ ਵੇਂ ਵਿਚ ਕ੍ਰੋਧ, ੪੮ਵੇਂ ਵਿਚ ਲੋਭ ਅਤੇ ੪੯ਵੇਂ ਸਲੋਕ ਵਿਚ ਹੰਕਾਰ ਦੀ ਗਲ ਕੀਤੀ ਗਈ ਹੈ। ਇਨ੍ਹਾਂ ਸਾਰੇ ਵਿਕਾਰਾਂ ਤੋਂ ਬਚਣ ਲਈ ਉਸ ਪ੍ਰਭੂ ਦੇ ਚਰਣਾਂ ਵਿਚ ਬੇਨਤੀ ਕੀਤੀ ਹੈ:

*ਹੇ ਪ੍ਰਾਣ ਨਾਥ ਗੋਬਿੰਦਹ ਕ੍ਰਿਪਾ ਨਿਧਾਨ ਜਗਦ ਗੁਰੋ॥*

*ਹੇ ਸੰਸਾਰ ਤਾਪ ਹਰਣਹ ਕਰੁਣਾ ਮੈ ਸਭ ਦੁਖ ਹਰੋ॥*

*ਹੇ ਸਰਣਿ ਜੋਗ ਦਯਾਲਹ ਦੀਨਾ ਨਾਥ ਮਯਾ ਕਰੋ॥*

*ਸਰੀਰ ਸ੍ਵਸਥ ਖੀਣ ਸਮਏ ਸਿਮਰੰਤਿ ਨਾਨਕ ਰਾਮ ਦਾਮੋਦਰ ਮਾਧਵਹ॥* ਪੰਨਾ ੧੩੫੮

ਇਸ ਸੰਸਾਰ ਰੂਪੀ ਜੰਗਲ ਵਿਚ ਵਿਕਾਰਾਂ ਤੇ ਤ੍ਰਿਸ਼ਨਾਲੂ ਸੁਭਾਅ ਵਾਲੇ ਜਾਨਵਰਾਂ ਨਾਲ ਰਹਿੰਦਿਆਂ ਮਨੁੱਖੀ ਮਨ ਵਿਕਾਰਾਂ ਵਿਚ ਫਸ ਜਾਂਦਾ ਹੈ ਪਰੰਤੂ ਪਦਾਰਥਾਂ ਤੇ ਵਿਸ਼ਿਆਂ ਦੀ ਤ੍ਰਿਸ਼ਨਾ ਰੂਪੀ ਅੱਗ ਨੂੰ ਬੁਝਾਉਣ ਲਈ ਗੁਰੂ ਰੂਪੀ ਕਿਨਾਰੇ ਤੋਂ ਮਿਹਰ ਦਾ ਜਲ ਚਾਹੀਦਾ ਹੈ। ਸਰੀਰਕ ਤੌਰ ਤੇ ਬਲਵਾਨ ਹੋਣ ਦਾ ਕੋਈ ਲਾਭ ਨਹੀਂ ਪਰ ਇਸ ਦੇ ਉਲਟ ਕੀੜੀ ਦੀ ਤਰ੍ਹਾਂ ਨਿਮਰਤਾ ਰਖਣ ਵਾਲਾ ਮਨੁੱਖ ਪਰਮਾਤਮਾ ਦੇ ਨੇੜੇ ਹੋਣ ਕਰਕੇ ਹਜ਼ਾਰਾਂ ਦਰਜੇ ਚੰਗਾ ਹੈ:

*ਤ੍ਰਿਣੰ ਤ ਮੇਰੰ ਸਹਕੰ ਤ ਹਰੀਅੰ॥ ਬੂਡੰ ਤ ਤਰੀਅੰ ਊਣੰ ਤ ਭਰੀਅੰ॥*

*ਅੰਧਕਾਰ ਕੋਟਿ ਸੂਰ ਉਜਾਰੰ॥ ਬਿਨਵੰਤਿ ਨਾਨਕ ਹਰਿ ਗੁਰ ਦਯਾਰੰ॥* ਪੰਨਾ ੧੩੫੯

ਪਰਮਾਤਮਾ ਦੀ ਮਿਹਰ ਨਾਲ ਤੀਲੇ ਤੋਂ ਸੁਮੇਰ ਪਰਬਤ ਬਣ ਜਾਂਦਾ ਹੈ, ਸੁਕੇ ਤੋਂ ਹਰਿਆ ਹੋ ਜਾਂਦਾ ਹੈ, ਡੁਬਦੇ ਤੋਂ ਤਰ ਜਾਂਦਾ ਹੈ, ਖਾਲੀ ਤੋਂ ਭਰਿਆ ਜਾਂਦਾ ਹੈ, ਘੁਪ ਹਨਰੇ ਚੋਂ ਵੀ ਕਰੋੜਾਂ ਸੂਰਜਾਂ ਦਾ ਚਾਨਣ ਹੋ ਜਾਂਦਾ ਹੈ। ਮਨੁੱਖ ਆਪਣੇ ਆਪੇ ਦੀ ਅਤੇ ਰਿਜਕ ਦੀ ਚਿੰਤਾ ਵਿੱਚ ਫਸਿਆ ਪਰਮਾਤਮਾ ਉੱਤੇ ਬੇਯਕੀਨੀ ਕਰਦਾ ਹੈ ਪਰ ਗੁਰੂ ਸਾਹਿਬ ਨੇ ਇਸ ਬਾਣੀ ਰਾਹੀਂ ਸਪੱਸ਼ਟ ਕੀਤਾ ਹੈ ਕਿ ਉਹ ਪਰਮਾਤਮਾ ਆਪ ਹੀ ਸਭ ਦੀ ਚਿੰਤਾ ਕਰਦਾ ਹੈ:

*ਨਹ ਚਿੰਤਾ ਮਾਤ ਪਿਤ ਭ੍ਰਾਤਹ ਨਹ ਚਿੰਤਾ ਕਛੁ ਲੋਕ ਕਹ॥*

*ਨਹ ਚਿੰਤਾ ਬਨਿਤਾ ਸੁਤ ਮੀਤਹ ਪ੍ਰਵਿਰਤਿ ਮਾਇਆ ਸਨਬੰਧਨਹ॥*

*ਦਇਆਲ ਏਕ ਭਗਵਾਨ ਪੁਰਖਹ ਨਾਨਕ ਸਰਬ ਜੀਆ ਪ੍ਰਤਿਪਾਲਕਹ॥* ਪੰਨਾ ੧੩੫੫

**(iv) ਮਹਲਾ ੫ ਗਾਥਾ**: ੨੪ ਪਦਿਆਂ ਤੇ ਆਧਾਰਿਤ ਇਹ ਬਾਣੀ ਓਪਰੀ ਨਜ਼ਰੇ ਸੰਸਕ੍ਰਿਤ ਭਾਸਦੀ ਹੈ ਪਰ ਗੁਰੂ ਸਾਹਿਬ ਨੇ 'ਗਾਥਾ' ਲਿਖ ਕੇ ਸੰਸਕ੍ਰਿਤ ਨਾ ਹੋਣ ਬਾਰੇ ਸਪਸ਼ਟ ਕਰ ਦਿੱਤਾ ਹੈ। ਮਹਲਾ ੫ ਤੋਂ ਭਾਵ ਪੰਜਵੇਂ ਨਾਨਕ ਗੁਰੂ ਅਰਜਨ ਦੇਵ ਦੀ ਰਚਨਾ ਹੈ। 'ਗੁਰੂ ਗ੍ਰੰਥ ਸੰਕੇਤ ਕੋਸ਼' ਵਿਚ ਲਿਖਿਆ ਹੈ ਕਿ ਬੋਧੀ ਅਤੇ ਜੈਨੀ ਲੇਖਕ 'ਗਾਥਾ' ਦਾ ਪ੍ਰਯੋਗ ਕਰਦੇ ਸਨ। ਗਾਥਾ ਦੇ ਅਰਥ-ਕਥਾ, ਪ੍ਰਸੰਗ, ਕਹਾਣੀ, ਉਪਦੇਸ਼ ਆਦਿ ਹਨ। ਗਾਥ ਦਾ ਅਰਥ ਪਦਾਰਥ ਵੀ ਹੈ।[39] ਭਾਈ ਕਾਹਨ ਸਿੰਘ ਨਾਭਾ ਅਨੁਸਾਰ ਗਾਥਾ ਇਕ ਛੰਦ ਦਾ ਨਾਂ ਹੈ, ਜਿਸ ਨੂੰ ਆਰਯਾ ਤੇ ਗਾਹਾ ਵੀ ਕਿਹਾ ਜਾਂਦਾ ਹੈ।[40] ਭਾਈ ਵੀਰ ਸਿੰਘ ਇਸ ਦੇ ਦੋ ਅਰਥ ਦਿੰਦੇ ਹਨ (1) ਗਾਥਾ - ਜੋ ਗਾਇਆ ਜਾਵੇ, ਛੰਦ, ਗੀਤ, ਕਥਾ। ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਵਿਚੋਂ ਇਸ ਦਾ ਹਵਾਲਾ ਦਿੱਤਾ ਹੈ। (2) ਪ੍ਰਾਕਿਰਤ ਜਾਂ ਹੋਰ ਭਾਸ਼ਾ ਜੋ ਸੰਸਕ੍ਰਿਤ ਤੋਂ ਭਿੰਨ ਹੋਵੇ।[41] 'ਗਾਥਾ' ਇਕ ਪੁਰਾਤਨ ਭਾਸ਼ਾ ਹੈ ਜਿਸ ਵਿਚ ਸੰਸਕ੍ਰਿਤ ਦੇ ਨਾਲ ਪਾਲੀ ਦੇ ਪਦ ਵਰਤੇ ਜਾਂਦੇ ਹਨ। ਇਕ ਹੋਰ ਵਿਚਾਰ ਅਨੁਸਾਰ ਉਹ ਭਾਸ਼ਾ ਜਿਸ ਵਿਚ ਸੰਸਕ੍ਰਿਤ ਤੋਂ ਇਲਾਵਾ ਦੇਸੀ ਭਾਸ਼ਾ ਦੇ ਸ਼ਬਦ ਜੋ ਸੰਸਕ੍ਰਿਤ ਨਾਲ ਮਿਲਵੇਂ ਹੁੰਦੇ ਹਨ, ਵਰਤੇ ਜਾਂਦੇ ਹਨ। ਬੋਧ ਧਰਮ ਦੇ ਗ੍ਰੰਥਾਂ ਵਿਚ ਇਸੇ ਭਾਸ਼ਾ ਦੀ ਵਰਤੋਂ ਹੋਈ ਹੈ। ਪਾਰਸੀਆਂ ਦੇ ਧਰਮ ਗ੍ਰੰਥਾਂ ਦਾ ਇਕ ਭੇਦ ਭੀ ਗਾਥਾ ਕਿਹਾ ਜਾਂਦਾ ਹੈ। ਇਸ ਰੱਬੀ ਬਾਣੀ ਦੇ ਤੀਰ ਚਲਾਇਆਂ ਪੰਜ ਵੈਰੀਆਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਦਾ ਮਾਣ ਦਲਿਆ ਮਲਿਆ ਜਾਂਦਾ ਹੈ:

*ਗਾਥਾ ਗੂੜ ਅਪਾਰੰ ਸਮਝਣੰ ਬਿਰਲਾ ਜਨਹ॥*

*ਸੰਸਾਰ ਕਾਮ ਤਜਣੰ ਨਾਨਕ ਗੋਬਿੰਦ ਰਮਣੰ ਸਾਧ ਸੰਗਮਹ॥* ਪੰਨਾ ੧੩੬੦

ਕਿਸੇ ਡੂੰਘੀ ਚੀਜ਼ ਨੂੰ ਸਮਝਣ ਲਈ ਮਨ ਤੇ ਸੁਰਤ ਦੀ ਇਕਾਗਰਤਾ ਅਤਿਅੰਤ ਲੋੜੀਂਦੀ ਹੈ ਕਿਉਂਕਿ ਦੁਨਿਆਵੀ ਕਾਮਨਾਵਾਂ ਤੰਗ ਕਰਦੀਆਂ ਰਹਿਣ ਤਾਂ ਗੁਰ ਉਪਦੇਸ਼ ਨੂੰ ਸਮਝਣਾ ਤੇ

ਅਮਲ ਕਰਨਾ ਇਕ ਪਾਸੇ ਰਿਹਾ, ਮਨ ਸੁਨਣ ਤੋਂ ਵੀ ਅਸਮਰਥ ਹੁੰਦਾ ਹੈ। ਗਾਥਾ ਨੂੰ ਗੂੜ, ਕਹਿਣ ਦਾ ਅੰਤਰੀਵ ਭਾਵ ਹੈ ਕਿ ਮਨ ਨੂੰ ਸੰਸਾਰ ਦੇ ਕੰਮਾਂ ਵਿਚ ਫਸਣ ਤੋਂ ਹੋੜ ਕੇ ਅਤੇ ਪਰਮਾਤਮਾ ਦੇ ਗੁਣਾਂ ਨੂੰ ਸਿਮਰ ਕੇ ਅਤੇ ਸੰਸਾਰਕ ਵਾਸ਼ਨਾਵਾਂ ਨੂੰ ਤਿਆਗ ਕੇ ਹੀ ਇਸ 'ਗਾਥਾ' ਦੀ ਸੋਝੀ ਆ ਸਕਦੀ ਹੈ। ਲਹੂ, ਮਿੱਝ ਤੇ ਹੋਰ ਦੁਰਗੰਧਾਂ ਨਾਲ ਭਰੇ ਸਰੀਰ ਤੇ ਮਾਣ ਕਰਨ ਦਾ ਕੀ ਲਾਭ ਜਿਸ ਤਰ੍ਹਾਂ ਨਿੰਮ ਦਾ ਦਰਖਤ ਚੰਦਨ ਦੀ ਸੰਗਤ ਦੇ ਅਸਰ ਨਾਲ ਖੁਸ਼ਬੂ ਪ੍ਰਾਪਤ ਕਰ ਸਕਦਾ ਹੈ ਤਾਂ ਮਨੁੱਖ ਨੂੰ ਵੀ ਬਾਂਸ ਦੇ ਦਰਖਤ ਵਾਲਾ ਹੰਕਾਰ ਛੱਡ ਕੇ ਨਿੰਮ ਵਰਗੀ ਨਿਮਰਤਾ ਨੂੰ ਅਪਨਾਉਣ ਉਤੇ ਜ਼ੋਰ ਦੇਣਾ ਚਾਹੀਦਾ ਹੈ। ਡਾਕਟਰ ਵੈਦ ਸਰੀਰਕ ਰੋਗਾਂ ਨੂੰ ਦੂਰ ਕਰ ਸਕਦੇ ਹਨ ਪਰ ਮਨ ਨੂੰ ਵਸ ਕਰਨ ਦਾ ਮੰਤਰ ਸਿਰਫ਼ ਪਰਮਾਤਮਾ ਦਾ ਨਾਮ ਸਿਮਰਨ ਹੀ ਹੈ। ਜਿਸ ਹਿਰਦੇ ਵਿਚ ਪਰਮਾਤਮਾ ਦਾ ਨਾਮ ਵਸ ਜਾਵੇ ਉਸ ਨੂੰ ਕਿਸੇ ਹੋਰ ਗਿਆਨ, ਧਿਆਨ ਦੀ ਲੋੜ ਹੀ ਨਹੀਂ ਰਹਿੰਦੀ। ਉਹ ਸਿਰਫ਼ ਆਪਣਾ ਭਵਿਖ ਹੀ ਉਜਲ ਨਹੀਂ ਕਰਦੇ ਸਗੋਂ ਆਪਣੇ ਸੰਗੀਆਂ ਸਾਥੀਆਂ ਨੂੰ ਵੀ ਆਵਾਗੌਣ ਵਿਚ ਪੈਣ ਤੋਂ ਬਚਾ ਲੈਂਦੇ ਹਨ ਭਾਵ ਉਹਨਾਂ ਦੀ ਸੰਗਤ ਦੂਜਿਆਂ ਨੂੰ ਪ੍ਰਭਾਵਿਤ ਕਰਦੀ ਹੈ।

(v) **ਫੁਨਹੇ ਮਹਲਾ ੫:** 'ਫੁਨਹੇ' ਸੰਸਕ੍ਰਿਤ ਦੇ 'ਪੁਨਹ' ਸ਼ਬਦ ਤੋਂ ਆਇਆ ਹੈ। 'ਫੁਨਹੇ' ਤੋਂ ਭਾਵ ਹੈ- ਫਿਰ ਜਾਂ ਦੂਜੀ ਵਾਰ। ਇਸ ਦਾ ਪ੍ਰਕਿਰਤ ਰੂਪ 'ਫੁਨਹ' ਹੋਂਦ ਵਿਚ ਆਇਆ ਜਿਸਦੇ ਅਰਥ ਹਨ ਮੁੜ ਮੁੜ ਕੇ। ਫੁਨਹ ਸੰਸਕ੍ਰਿਤ ਦੇ 'ਪੁਨਹ' ਸ਼ਬਦ ਦਾ ਤਦਭਵ ਰੂਪ ਹੈ ਅਤੇ ਇਹ ਇਕ ਵਿਸ਼ੇਸ਼ ਛੰਦ ਦਾ ਨਾਂ ਹੈ। ਜਿਸ ਵਿਚ ਇਕ ਖਾਸ ਸ਼ਬਦ ਹਰ ਇਕ ਪਦੇ ਵਿਚ ਬਾਰ ਬਾਰ ਦੁਹਰਾਇਆ ਜਾਵੇ। ਇਸ ਛੰਦ ਵਿਚ ਚਾਰ ਤੁਕਾਂ ਹੁੰਦੀਆਂ ਹਨ ਅਤੇ ਹਰ ਤੁਕ ਵਿਚ ੨੧ ਮਾਤ੍ਰਾ ਦਾ ਵਿਧਾਨ ਹੈ। ੧੧ ਤੇ ੧੦ ਉਤੇ ਵਿਸਰਾਮ ਹੁੰਦਾ ਹੈ। ਭਾਈ ਵੀਰ ਸਿੰਘ 'ਗੁਰੂ ਗ੍ਰੰਥ ਸਾਹਿਬ ਕੋਸ਼' ਅਨੁਸਾਰ 'ਫੁਨਹ' ਇਕ ਛੰਦ ਹੈ। ਇਸ ਵਿਚ ਅਖੀਰਲੀ ਤੁਕ ਜਾਂ ਪਦ 'ਹਰਿਹਾਂ' ਹਰ ਛੰਦ ਵਿਚ ਫਿਰ ਕੇ ਆਉਂਦਾ ਹੈ। [42]

ਇਨ੍ਹਾਂ ਫੁਨਹਿਆਂ ਵਿਚ ਗੁਰੂ ਅਰਜਨ ਦੇਵ ਨੇ ਹਿਰਦੇ ਦੀ ਬਿਰਹੋਂ ਕੁੱਠੀ ਭਾਵਨਾ ਨੂੰ ਚਿਤਰਿਆ ਹੈ। ਸੰਸਾਰਕ ਲੋਕ ਤਾਂ ਕਾਮ ਵਾਸ਼ਨਾ ਦੀ ਪੂਰਤੀ ਲਈ ਸਭ ਕੁਝ ਦੇਣ ਨੂੰ ਤਿਆਰ ਹੋ ਜਾਂਦੇ ਹਨ ਪਰੰਤੂ ਪਰਮਾਰਥ ਵਿਚ ਲੱਗੀ ਪ੍ਰੇਮ-ਲਗਨ ਵਿੱਚ ਮਨੁੱਖ ਸਭ ਕੁਝ ਤਿਆਗ ਕੇ ਪਰਮਾਤਮਾ ਦੀ ਭਗਤੀ ਵਿਚ ਲੀਨ ਹੋ ਜਾਂਦਾ ਹੈ। ਇਸ ਲਈ ਪ੍ਰਭੂ ਮਿਲਾਪ ਨਾਲ ਪ੍ਰਾਪਤ ਹੋਈ ਅਵਸਥਾ ਬਿਆਨ ਹੀ ਨਹੀਂ ਕੀਤੀ ਜਾ ਸਕਦੀ। ਸੰਸਾਰ ਸਾਗਰ ਤੋਂ ਪਾਰ ਹੋਣ ਲਈ ਵਿਕਾਰਾਂ ਤੋਂ ਬਚਣਾ ਹੈ ਪਰ ਗੁਰੂ ਦੀ ਕਿਰਪਾ ਨਾਲ ਸਾਧ ਸੰਗਤ ਦੇ ਸੰਪਰਕ ਵਿਚ ਹਰਿ ਨਾਮ ਦੀ ਅਰਾਧਨਾ ਕਰਕੇ ਇਸ ਦੁਤਰ ਸਾਗਰ ਨੂੰ ਤਰਿਆ ਜਾ ਸਕਦਾ ਹੈ:

*ਅਉਖਧੁ ਨਾਮੁ ਅਪਾਰੁ ਅਮੋਲਕੁ ਪੀਜਈ॥*

*ਮਿਲਿ ਮਿਲਿ ਖਾਵਹਿ ਸੰਤ ਸਗਲ ਕਉ ਦੀਜਈ॥*

*ਜਿਸੈ ਪਰਾਪਤਿ ਹੋਇ ਤਿਸੈ ਹੀ ਪਾਵਣੇ॥*

*ਹਰਿਹਾਂ ਹਉ ਬਲਿਹਾਰੀ ਤਿਨ ਜਿ ਹਰਿ ਰੰਗੁ ਰਾਵਣੇ॥* ਪੰਨਾ ੧੩੬੩

ਨਾਮ ਅਉਖਧ ਅਮੋਲ ਹੈ ਕਿਉਂਕਿ ਦੁਨਿਆਵੀ ਪਦਾਰਥਾਂ ਦਾ ਮੋਹ ਮਨੁੱਖ ਨੂੰ ਵਿਕਾਰਾਂ ਵਲ ਧਕੇਲ ਕੇ ਮਾਨਸਿਕ ਤਣਾਉ ਵਿੱਚ ਵਾਧਾ ਕਰਦਾ ਹੈ ਅਤੇ ਇਨ੍ਹਾਂ ਮਾਨਸਿਕ ਰੋਗਾਂ ਤੋਂ ਬਚਣ ਲਈ ਨਾਮ ਦਾਰੂ ਦੇ ਸੇਵਨ ਨਾਲ ਆਤਮਕ ਅਰੋਗਤਾ ਪ੍ਰਾਪਤ ਹੋ ਜਾਂਦੀ ਹੈ:

*ਵੈਦਾ ਸੰਦਾ ਸੰਗੁ ਇਕਠਾ ਹੋਇਆ॥*

*ਅਉਖਦ ਆਏ ਰਾਸਿ ਵਿਚਿ ਆਪਿ ਖਲੋਇਆ।*

*ਜੋ ਜੋ ਓਨਾ ਕਰਮ ਸੁਕਰਮ ਹੋਇ ਪਸਰਿਆ॥*

*ਹਰਿਹਾਂ ਦੂਖ ਰੋਗ ਸਭ ਪਾਪ ਤਨ ਤੇ ਖਿਸਰਿਆ॥* ਪੰਨਾ ੧੩੬੩

**(vi) ਚਉਬੋਲੇ ਮਹਲਾ ੫:** ਇਹ ਚਉਬੋਲੇ ਗਿਣਤੀ ਵਿਚ ੧੧ ਹਨ ਤੇ ਗੁਰ ਅਰਜਨ ਦੇਵ ਦੇ ਲਿਖੇ ਹੋਏ ਹਨ। ਵਿਦਵਾਨਾਂ ਦੀ ਧਾਰਨਾ ਹੈ ਕਿ ਇਹ ਬਾਣੀ ਗੁਰੂ ਅਰਜਨ ਦੇਵ ਨੇ ਆਪਣੇ ਚਾਰ ਸਿੱਖਾਂ ਸੰਮਨ, ਮੂਸਨ, ਜਮਾਲ ਅਤੇ ਪਤੰਗ ਨੂੰ ਸੰਬੋਧਨ ਕੀਤੀ ਹੈ। ਸੰਮਨ ਸਹਬਾਜਪੁਰ ਦਾ ਰਹਿਣ ਵਾਲਾ ਸੀ। ਦੂਜੇ ਸਿੱਖ ਦਾ ਨਾਂ ਮੂਸਨ ਹੈ ਜੋ ਸੰਮਨ ਦਾ ਪੁਤਰ ਹੈ। ਜਮਾਲ ਅਤੇ ਪਤੰਗ ਦੋ ਹੋਰ ਸਿੱਖਾਂ ਦੇ ਨਾਂ ਹਨ। ਡਾ. ਰਤਨ ਸਿੰਘ ਜੱਗੀ ਅਨੁਸਾਰ,*"ਜਮਾਲ ਅਤੇ ਪਤੰਗ ਦੋ ਅਰਥੇ ਸ਼ਬਦ ਹਨ ਕਿਉਂਕਿ ਸਿੱਖਾਂ ਦੇ ਨਾਵਾਂ ਤੋਂ ਇਲਾਵਾ ਇਨ੍ਹਾਂ ਦੇ ਕ੍ਰਮਵਾਰ ਅਰਥ ਖ਼ੂਬੀ ਜਾਂ ਗੁਣ ਅਤੇ ਪਤੰਗਾ ਜਾਂ ਧਮੱਕੜ ਵੀ ਕੀਤੇ ਜਾ ਸਕਦੇ ਹਨ।"* [44]

ਭਾਈ ਕਾਹਨ ਸਿੰਘ ਨਾਭਾ ਨੇ 'ਗੁਰਛੰਦ ਦਿਵਾਕਰ' ਵਿਚ ਚਉਬੋਲੇ ਬਾਰੇ ਲਿਖਿਆ ਹੈ: 'ਚਉਬੋਲੇ' ਚੌਪਈ ਦਾ ਇਕ ਰੂਪ ਹੁੰਦਾ ਹੈ। ਜਿਸ ਵਿਚ ਚਾਰ ਚਰਣ, ਹਰ ਚਰਣ ਵਿਚ ੧੫ ਮਾਤਰਾ ਤੇ ਅੰਤ ਵਿਚ ਲਘੂ ਗੁਰੂ ਹੁੰਦਾ ਹੈ। ਕਈ ਵਿਦਵਾਨ ਚਾਰ ਭਿੰਨ-ਭਿੰਨ ਤੁਕਾਂਤਾਂ ਵਾਲੇ ਸਵੱਯੇ ਨੂੰ ਹੀ ਚਉਬੋਲੇ ਮੰਨਦੇ ਹਨ। ਸੰਗੀਤ ਮਾਹਿਰਾਂ ਅਨੁਸਾਰ 'ਚਤੁਰੰਗ' ਦਾ ਨਾਮ ਭੀ ਚਉਬੋਲੇ ਹੈ। ਕੁਝ ਵਿਦਵਾਨਾਂ ਨੇ ਇਸ ਨੂੰ ਅੜਿੱਲ ਛੰਦ ਦਾ ਇਕ ਭੇਦ ਵੀ ਦਸਿਆ ਹੈ। ਕੁਝ ਵਿਦਵਾਨਾਂ ਦੀ ਰਾਏ ਅਨੁਸਾਰ ਜਿਸ ਛੰਦ ਵਿਚ ਚਾਰ ਚਰਣਾਂ ਵਿਚ ਵਖ-ਵਖ ਭਾਸ਼ਾਵਾਂ ਵਰਤੀਆਂ ਗਈਆਂ ਹੋਣ, ਨੂੰ ਵੀ ਚਉਬੋਲੇ ਕਿਹਾ ਹੈ। ਕਈ ਵਿਦਵਾਨ ਉਸ ਛੰਦ ਨੂੰ ਚਉਬੋਲਾ ਮੰਨਦੇ ਹਨ ਜਿਸ ਦੇ ਚੌਥੇ ਪਦੇ ਦੇ ਆਦਿ ਸੰਬੋਧਨ ਪਦ ਹੋਵੇ।[43] ਲੋਕ ਪਰੰਪਰਾ ਵਿਚ 'ਚਉਬੋਲਾ' ਕਿਸੇ ਪ੍ਰੇਮ ਮਈ ਉਦਗਾਰਾਂ ਦੀ

ਅਭਿਵਿਅਕਤੀ ਦਾ ਵਾਚਕ ਵੀ ਹੈ ਜਿਸ ਵਿਚ ਵਿਅੰਗ ਜਾਂ ਨਿਹੋਰਾ ਸ਼ਾਮਲ ਹੋਵੇ। ਇਹ ਸਾਰੇ ਚਉਬੋਲੇ ਦੋਹਿਰੇ ਦੇ ਤੋਲ ਵਿਚ ਰਚੇ ਹੋਏ ਹਨ।

ਇਹ ਬਾਣੀ ਪ੍ਰੇਮ ਤੇ ਭਾਵਨਾ ਦੀ ਪ੍ਰਤੀਕ ਹੈ। ਗੁਰੂ ਅਰਜਨ ਦੇਵ ਨੇ ਇਸ ਪ੍ਰੇਮ-ਭਾਵਨਾ ਨੂੰ ਸਪਸ਼ਟ ਕਰਦੇ ਹੋਏ ਦਸਿਆ ਹੈ ਕਿ ਪ੍ਰਭੂ ਦਾ ਪ੍ਰੇਮ ਸਿਮਰਨ ਅਤੇ ਸ਼ਰਧਾ ਭਾਵਨਾ ਨਾਲ ਪ੍ਰਾਪਤ ਹੁੰਦਾ ਹੈ। ਪ੍ਰਭੂ ਪ੍ਰੇਮ ਸੱਚੇ ਸੌਦੇ ਵਿਚ ਦੁਨਿਆਵੀ ਧਨ ਦੌਲਤ ਲਈ ਕੋਈ ਥਾਂ ਨਹੀਂ। ਜੇ ਪ੍ਰੇਮ ਦੀ ਇਹ ਪੂੰਜੀ ਧਨ ਦੌਲਤ ਨਾਲ ਖਰੀਦੀ ਜਾਂਦੀ ਤਾਂ ਸੋਨੇ ਦੀ ਲੰਕਾ ਦੇ ਮਾਲਕ ਰਾਵਣ ਨੇ ਖਰੀਦਣੀ ਸੀ। ਜਦੋਂ ਸਾਧਕ ਦਾ ਸਰੀਰ ਅਤੇ ਮਨ ਪ੍ਰੀਤਮ ਵਿਚ ਲੀਨ ਹੋ ਜਾਵੇ ਤਾਂ ਉਸ ਵਿਚ ਰਤਾ ਜਿੰਨੀ ਵਿਥ ਨਹੀਂ ਰਹਿੰਦੀ।

*ਪ੍ਰੀਤਿ ਪ੍ਰੇਮ ਤਨੁ ਖਚਿ ਰਹਿਆ ਬੀਚੁ ਨ ਰਾਈ ਹੋਤ॥*
*ਚਰਨ ਕਮਲ ਮਨੁ ਬੇਧਿਓ ਬੂਝਨੁ ਸੁਰਤਿ ਸੰਜੋਗ॥* ਪੰਨਾ ੧੩੬੩

ਗੁਰੂ ਸਾਹਿਬ ਨੇ ਪਤੰਗੇ ਦੀ ਮਿਸਾਲ ਦੇ ਕੇ ਸਪਸ਼ਟ ਕੀਤਾ ਹੈ ਕਿ ਉਹ ਆਪਣੇ ਪ੍ਰੀਤਮ ਅਰਥਾਤ ਜੋਤ ਸਰੂਪ ਵਿਚ ਇੰਨਾ ਮਗਨ ਹੋ ਜਾਂਦਾ ਹੈ ਕਿ ਉਸ ਨੂੰ ਆਪਣੀ ਸੁਧ ਬੁਧ ਨਹੀਂ ਰਹਿੰਦੀ। ਅਜਿਹੀ ਆਤਮਕ ਬਿਰਤੀ ਵਾਲਾ ਸਾਧਕ ਹੀ ਅਸਲ ਵਿਚ ਮਹਾ ਸੁਖ ਦੀ ਅਵਸਥਾ ਨੂੰ ਪ੍ਰਾਪਤ ਕਰਦਾ ਹੈ। ਇਨ੍ਹਾਂ ਚਉਬੋਲਿਆਂ ਵਿਚ ਪਰਮਾਰਥਕ ਪ੍ਰੇਮ ਦੀ ਮਹੱਤਤਾ ਨੂੰ ਪੇਸ਼ ਕੀਤਾ ਗਿਆ ਹੈ। ਜਿਸ ਨੂੰ ਸ਼ਬਦਾਂ ਵਿਚ ਬਿਆਨਿਆ ਨਹੀਂ ਜਾ ਸਕਦਾ। ਇਸ ਪ੍ਰੇਮ ਦਾ ਪਰਵਾਹ ਜਿਸਨੂੰ ਆਪਣੇ ਕਲਾਵੇ ਵਿਚ ਲੈ ਲਵੇ ਤਾਂ ਕਦੇ ਟੁਟਦਾ ਨਹੀਂ। ਪ੍ਰੇਮ ਦਾ ਇਹ ਅਨੁਭਵ ਤਾਂ 'ਗੂੰਗੇ ਦੇ ਗੁੜ ਖਾਣ' ਵਾਂਗ ਸੁਆਦ ਦਸਣ ਤੋਂ ਅਸਮਰਥ ਹੁੰਦਾ ਹੈ।

**(vii) ਸਵੱਯੈ ਸ੍ਰੀ ਮੁਖਵਾਕ ਮਹਲਾ ੫ (ਪਹਿਲਾ ਜੁਟ)**: ਗੁਰੂ ਗ੍ਰੰਥ ਸਾਹਿਬ ਦੇ ਪੰਨਾ ੧੩੮੫ ਉਪਰ ਸੰਪੂਰਨ ਮੂਲ ਮੰਤਰ '੧ੴ ਤੋਂ ਗੁਰ ਪ੍ਰਸਾਦਿ' ਤਕ ਉਪਰੰਤ ਸਵੱਯੈ ਸ੍ਰੀ ਮੁਖਵਾਕ ਮਹਲਾ ੫ ਆਰੰਭ ਹੁੰਦੇ ਹਨ। ਇਸ ਸਿਰਲੇਖ ਅਧੀਨ ਗੁਰੂ ਅਰਜਨ ਦੇਵ ਦੇ ਰਚੇ ੨੦ ਸੱਵਈਆਂ ਦੇ ਦੋ ਜੁਟ ਸੰਕਲਿਤ ਕੀਤੇ ਗਏ ਹਨ। ਪਹਿਲੇ ਜੁਟ ਦੇ ੯ ਸੱਵਈਆਂ ਵਿਚ ਪਰਮਾਤਮਾ ਦੇ ਸਰੂਪ, ਗੁਣ ਅਤੇ ਸਮਰੱਥਾ ਉਤੇ ਚਾਨਣਾ ਪਾਇਆ ਹੈ। ਪਹਿਲੇ ਸਵੱਯੇ ਦੀ ਆਰੰਭਿਕ ਸ਼ਬਦਾਵਲੀ 'ਆਦਿ ਪੁਰਖ ਕਰਤਾਰ ਕਰਣ ਕਾਰਣ ਸਭ ਆਪੇ' ਪਰਮਾਤਮਾ ਦੀ ਮੰਗਲ ਰੂਪ ਵਿਚ ਮਹਿਮਾ ਕੀਤੀ ਗਈ ਹੈ। ਗੁਰਬਾਣੀ ਵਿਚ ਨਾਮ ਜਪਣ ਦੇ ਸੰਦੇਸ਼ ਅਨੁਸਾਰ ਭਗਤ ਪਦਵੀ ਪ੍ਰਾਪਤ ਹੁੰਦੀ ਹੈ। ਪ੍ਰਭੂ ਨੇ ਮਨ, ਤਨ, ਧਨ ਤੇ ਪ੍ਰਾਣ ਇਕ ਚੇਤਨ ਸੱਤਾ ਵਿਚ ਇਸ ਤਰ੍ਹਾਂ ਪਰੋਏ ਹਨ ਕਿ ਕੋਈ ਉਸ ਦੇ ਗੁਣਾਂ ਦਾ ਗਾਇਨ ਕਰਨ ਦੇ ਸਮਰੱਥ ਹੀ ਨਹੀਂ ਹੈ:

*ਸਰਬ ਗੁਣ ਨਿਧਾਨੰ ਕੀਮਤਿ ਨ ਗ੍ਯਾਨੰ ਧਾਨੰ ਊਚੇ ਤੇ ਊਚੌ ਜਾਨੀਜੈ ਪ੍ਰਭ ਤੇਰੋ ਥਾਨੰ॥*

*ਮਨੁ ਧਨੁ ਤੇਰੋ ਪ੍ਰਾਨੰ ਏਕੈ ਸੂਤਿ ਹੈ ਜਹਾਨੰ ਕਵਨ ਉਪਮਾ ਦੇਉ ਬਡੇ ਤੇ ਬਡਾਨੰ॥*

ਪੰਨਾ ੧੩੮੬

ਪਹਿਲੇ ਚਾਰ ਸਵੱਈਆਂ ਵਿਚ ਪਰਮਾਤਮਾ ਦੀ ਉਸਤਤ ਉਪਰੰਤ 'ਗੁਰੂ ਨਾਨਕ ਦੇਵ ਗੋਬਿੰਦ ਰੂਪ' ਦੀ ਮਹਿਮਾ ਗਾਈ ਹੈ। ਅਗਲੇ ਸਵੱਈਆਂ ਵਿੱਚ ਅਬਿਨਾਸੀ ਅਤੇ ਆਨੰਦ ਦੇਣ ਵਾਲੇ ਅਕਾਲ ਪੁਰਖ ਦੀ ਮਿਹਰ ਸਦਕਾ ਨਿਰਾਕਾਰ ਤੋਂ ਆਕਾਰ ਗੁਰੂ ਨਾਨਕ ਦੀ ਮਹਿਮਾ ਦਾ ਗਾਇਨ ਕਰਦੇ ਹੋਏ ਪ੍ਰਭੂ ਦੇ ਚਰਨਾਂ ਵਿਚ ਜੋਦੜੀ ਕੀਤੀ ਹੈ ਕਿ ਦੁਨਿਆਵੀ ਮੰਗਾਂ ਪੂਰਨ ਦੀ ਥਾਂ ਮੈਨੂੰ ਤੇਰੇ ਚਰਨਾਂ ਦੀ ਧੂੜ ਮਿਲ ਜਾਵੇ ਤਾਂ ਇਸ ਸੰਸਾਰ ਵਿਚ ਨੀਵੇਂ ਉਚੇ, ਪਾਪੀ ਪੁੰਨੀ ਸਾਰਿਆਂ ਦਾ ਕਲਿਆਣ ਹੋ ਜਾਵੇ।

**ਸਵੱਯੈ ਸ੍ਰੀ ਮੁਖਵਾਕ ਮਹਲਾ ੫ (ਦੂਜਾ ਜੁਟ)** : ਇਸ ਦੂਜੇ ਜੁਟ ਵਿਚ ਸੰਖਿਪਤ ਮੂਲ ਮੰਤਰ ਉਪਰੰਤ ਗਿਆਰਾਂ ਸਵੱਯੈ ਹਨ। ਜਿਨ੍ਹਾਂ ਵਿਚ ਮਨੁੱਖ ਨੂੰ ਦੇਹੀ ਦੀ ਨਾਸ਼ਮਾਨਤਾ ਦਾ ਧਿਆਨ ਕਰਵਾ ਕੇ ਮਨੁੱਖ ਨੂੰ ਸੁਚੇਤ ਕੀਤਾ ਹੈ ਕਿ ਉਹ ਮਾਇਆ ਦੇ ਪ੍ਰਭਾਵ ਕਰਕੇ ਸੰਸਾਰ ਵਿਚ ਅਨੇਕਾਂ ਅਨੁਚਿਤ ਕਰਮ ਕਰਕੇ ਆਪਣਾ ਅਧਿਆਤਮਕ ਭਵਿਖ ਵਿਗਾੜ ਲੈਂਦਾ ਹੈ। ਇਸ ਮਾਇਆ ਦੇ ਰੰਗ ਨੇ ਨਾਲ ਨਹੀਂ ਨਿਭਣਾ ਸਗੋਂ ਤੇਰੇ ਉਤੇ ਸਮੇਂ ਨੇ ਅਸਰ ਪਾਉਣਾ ਅਤੇ ਮੌਤ ਨੇ ਬੁਢਾਪੇ ਤੋਂ ਬਾਦ ਬੋਚ ਲੈਣਾ ਹੈ ਅਤੇ ਤੈਨੂੰ ਉਸ ਸਮੇਂ ਆਪਣੇ ਕਰਮਾਂ ਦਾ ਫਲ ਭੁਗਤਣਾ ਪੈਣਾ ਹੈ। ਜਿਸ ਨੂੰ ਪ੍ਰੇਮ ਭਗਤੀ ਦੀ ਦਾਤ ਪ੍ਰਾਪਤ ਹੋ ਜਾਵੇ ਤਾਂ ਉਸ ਅੰਦਰੋਂ ਕਾਮ, ਕ੍ਰੋਧ, ਹੰਕਾਰ, ਈਰਖਾ ਆਦਿ ਸਾਰੇ ਅਉਗੁਣ ਨਾਸ ਹੋ ਜਾਂਦੇ ਹਨ:

*ਅਉਖਧ ਮੰਤ੍ਰ ਤੰਤ੍ਰ ਪਰ ਦੁਖ ਹਰ ਸਰਬ ਰੋਗ ਖੰਡਣ ਗੁਣਕਾਰੀ॥*

*ਕਾਮ ਕ੍ਰੋਧ ਮਦ ਮਤਸਰ ਤ੍ਰਿਸਨਾ ਬਿਨਸਿ ਜਾਹਿ ਹਰਿ ਨਾਮ ਉਚਾਰੀ॥*

ਪੰਨਾ ੧੩੮੯

ਪ੍ਰਭੂ ਦੇ ਚਰਨ ਕਮਲਾਂ ਦੀ ਓਟ ਲੈਣ ਵਾਲੇ ਨੂੰ ਕੋਈ ਵੀ ਦੁਨਿਆਵੀ ਤਾਕਤ ਮੇਟ ਨਹੀਂ ਸਕਦੀ ਅਤੇ ਨਾ ਹੀ ਅਜਿਹੇ ਪ੍ਰੇਮੀ ਦੇ ਮਾਰਗ ਵਿਚ ਕੋਈ ਰੁਕਾਵਟ ਆਉਂਦੀ ਹੈ। ਸਗੋਂ ਉਸ ਤੇ ਆਈ ਬਿਪਤਾ ਸਮੇਂ, ਉਸ ਦੇ ਰੋਗ ਕੱਟਣ ਲਈ ਪ੍ਰਮਾਤਮਾ ਅਗੰਮੀ ਖੇਡਾਂ ਵਰਤਾ ਦਿੰਦਾ ਹੈ। ਇਨ੍ਹਾਂ ਸਵੱਈਆਂ ਵਿਚ ਗੁਰਮਤਿ ਸਿਧਾਂਤ ਨੂੰ ਹੋਰ ਪਰਪੱਕ ਕੀਤਾ ਹੈ ਕਿ ਸਿਖ ਧਰਮ ਵਿਚ ਬਾਹਰਲੇ ਪਾਖੰਡਾਂ ਤੇ ਕਰਮ ਕਾਂਡਾਂ ਨੂੰ ਕੋਈ ਸਥਾਨ ਪ੍ਰਾਪਤ ਨਹੀਂ। ਸਗੋਂ ਇਨ੍ਹਾਂ ਸਾਧਨਾਂ ਨਾਲ ਹੰਕਾਰ ਵਰਗੀਆਂ ਅਲਾਮਤਾਂ ਉਪਜਦੀਆਂ ਹਨ। ਗੁਰੂ ਸਾਹਿਬ ਦਾ ਫ਼ੁਰਮਾਨ ਹੈ:

*ਬਿਨੁ ਹਰਿ ਭਜਨ ਸਗਲ ਦੁਖ ਪਾਵਤ ਜਿਉ ਪ੍ਰੇਮ ਬਢਾਇ ਸੂਤ ਕੇ ਹਟੂਆ॥*

*ਪੂਜਾ ਚਕ੍ਰ ਕਰਤ ਸੋਮਪਾਕਾ ਅਨਿਕ ਭਾਂਤਿ ਥਾਟਹਿ ਕਰਿ ਥਟੂਆ॥* ਪੰਨਾ ੧੩੮੯

(viii) **ਸਲੋਕ ਵਾਰਾਂ ਤੇ ਵਧੀਕ**: ਗੁਰੂ ਨਾਨਕ ਦੇਵ ਨੇ ੩, ਗੁਰੂ ਅਮਰਦਾਸ ਨੇ ੬ ਅਤੇ ਗੁਰੂ ਰਾਮਦਾਸ ਨੇ ੮ ਵਾਰਾਂ ਦੀ ਰਚਨਾ ਪਉੜੀਆਂ ਵਿਚ ਕੀਤੀ ਹੈ। ਗੁਰੂ ਅਰਜਨ ਦੇਵ ਨੇ ਇਨ੍ਹਾਂ ਵਾਰਾਂ ਨੂੰ ਰਾਗਾਂ ਅਨੁਸਾਰ ਤਰਤੀਬ ਦਿੱਤੀ। ਢਾਡੀ ਆਮ ਤੌਰ ਤੇ ਵਾਰਾਂ ਗਾਉਣ ਵਾਲੇ ਪਉੜੀ ਗਾਉਣ ਸਮੇਂ ਨਾਲ ਨਾਲ ਦੋਹਿੜੇ ਜਾਂ ਸਲੋਕ ਜੋੜ ਦਿੰਦੇ ਸਨ। ਜਿਸ ਕਰਕੇ ਗੁਰੂ ਅਰਜਨ ਦੇਵ ਨੇ ਵਾਰਾਂ ਨਾਲ ਮਿਲਦੇ ਜੁਲਦੇ ਭਾਵਾਂ ਦੀ ਦ੍ਰਿਸ਼ਟੀ ਅਨੁਸਾਰ ਵਾਲੇ ਸਲੋਕ ਵੀ ਇਹਨਾਂ ਵਾਰਾਂ ਵਿੱਚ ਸ਼ਾਮਲ ਕਰ ਲਏ ਪਰ ਜੋ ਸਲੋਕ ਇਨ੍ਹਾਂ ਵਾਰਾਂ ਵਿਚ ਦਰਜ ਕਰਨ ਉਪਰੰਤ ਰਹਿ ਗਏ, ਉਨ੍ਹਾਂ ਨੂੰ 'ਸਲੋਕ ਵਾਰਾਂ ਤੇ ਵਧੀਕ' ਅਧੀਨ ਸੰਕਲਿਤ ਕੀਤਾ ਹੈ। ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਵਿਧੀ ਦੁਆਰਾ ਰਾਗ ਮੁਕਤ ਬਾਣੀ ਦੇ ਅਰੰਭ ਵਿਚ ਹੀ ਮੂਲਮੰਤਰ "ੴ ਸਤਿਨਾਮ ਕਰਤਾ ਪੁਰਖ ਅਕਾਲ ਮੂਰਤਿ ਸੈਭੰ ਗੁਰਪ੍ਰਸਾਦਿ" ਮੰਗਲਾਚਰਣ ਵਜੋਂ ਅੰਕਿਤ ਕੀਤਾ ਗਿਆ ਹੈ। ਇਸ ਸਿਰਲੇਖ ਅਧੀਨ ੧੫੨ ਸਲੋਕ ਸੰਕਲਿਤ ਹਨ। ਜਿਹਨਾਂ ਵਿੱਚੋਂ ਗੁਰੂ ਨਾਨਕ ਦੇਵ ਦੇ ਮਹਲਾ ੧ ਅਧੀਨ ੩੩, ਮਹਲਾ ੩ ਅਧੀਨ ੬੭, ਗੁਰੂ ਰਾਮਦਾਸ ਦੇ ਮਹਲਾ ੪ ਅਧੀਨ ੩੦, ਗੁਰੂ ਅਰਜਨ ਦੇਵ ਦੇ ਮਹਲਾ ੫ ਅਧੀਨ ੨੨ ਸਲੋਕ ਹਨ। ਗੁਰੂ ਅੰਗਦ ਦੇਵ ਨੇ ਭਾਵੇਂ ੫੩ ਸਲੋਕ ਹੀ ਰਚੇ ਹਨ ਪਰ ਗੁਰੂ ਅਰਜਨ ਦੇਵ ਨੇ ਆਪਣੀ ਪਾਰਖੂ ਦ੍ਰਿਸ਼ਟੀ ਨਾਲ ਇਹਨਾਂ ਸਲੋਕਾਂ ਨੂੰ ਭਾਵਾਂ ਦੀ ਸਮਾਨਤਾ ਅਨੁਸਾਰ ਵਾਰਾਂ ਵਿਚ ਅੰਕਿਤ ਕਰ ਦਿੱਤਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, *"ਵਾਰਾਂ ਤੋਂ ਵਧੀਕ ਸਲੋਕ ਗੁਰੂ ਅਰਜਨ ਦੇਵ ਨੇ ਗੁਰੂ ਗ੍ਰੰਥ ਸਾਹਿਬ ਦੇ ਅਖੀਰ ਉਪਰ ਮੁੰਦਾਵਣੀ ਤੋਂ ਪਹਿਲਾਂ ਦਰਜ ਕਰ ਦਿੱਤੇ ਸਨ। ਗੁਰੂ ਗੋਬਿੰਦ ਸਿੰਘ ਦਮਦਮੇ ਸਾਹਿਬ ਵਾਲੀ ਬੀੜ ਰਚਣ ਸਮੇਂ ਵਾਰਾਂ ਤੋਂ ਪਹਿਲਾਂ ਵਧੀਕ ਸਲੋਕ ਅਤੇ ਮੁੰਦਾਵਣੀ ਮਧ ਨੌਵੇਂ ਸਤਿਗੁਰੂ ਜੀ ਦੇ ਸਲੋਕ ਲਿਖਵਾਏ।"* [45]

**ਸਲੋਕ ਮਹਲਾ ੧**: ਗੁਰੂ ਗ੍ਰੰਥ ਸਾਹਿਬ ਵਿੱਚ ਮਹਲਾ ੧ ਸਿਰਲੇਖ ਅਧੀਨ ਗੁਰੂ ਨਾਨਕ ਦੇਵ ਦੇ ਰਚੇ ੩੩ ਸਲੋਕਾਂ ਦੀ ਅੰਕਾਵਲੀ ਪ੍ਰਾਪਤ ਹੁੰਦੀ ਹੈ। ਗੁਰੂ ਅਰਜਨ ਦੇਵ ਨੇ ਸੰਪਾਦਨਾ ਸਮੇਂ ਗੁਰੂ ਨਾਨਕ ਸਾਹਿਬ ਦੀ ਇਸ ਰਚਨਾ ਨੂੰ ਰਾਗ ਮੁਕਤ ਰਖਿਆ ਹੈ। ਇਹ ਸਿਰਲੇਖ ਵਾਰਾਂ ਵਿਚ ਦਰਜ ਹੋਣ ਤੋਂ ਵਧ ਰਹੇ ਸਲੋਕਾਂ ਦਾ ਸੂਚਕ ਹੈ।[48] ਡਾ. ਰਤਨ ਸਿੰਘ ਜੱਗੀ 'ਗੁਰੂ ਨਾਨਕ ਦੀ ਵਿਚਾਰਧਾਰਾ' ਵਿਚ ੩੨ ਸਲੋਕ ਮੰਨਦੇ ਹਨ। ਇਨ੍ਹਾਂ ਵਿਚੋਂ ਸਲੋਕ ਨੰ: ੨੮ ਉਪਰ ਮਹਲਾ ੩ ਲਿਖਿਆ ਹੋਇਆ ਹੈ।[46]

ਡਾ. ਤਾਰਨ ਸਿੰਘ ਸਿੰਘ ਨੇ ਉਸ ਸਲੋਕ ਨੂੰ ਗੁਰੂ ਅਮਰਦਾਸ ਦਾ ਮੰਨ ਕੇ ਸਲੋਕਾਂ ਦੀ ਗਿਣਤੀ ੩੨ ਮੰਨੀ ਹੈ।[47] ਡਾ. ਬ੍ਰਹਮ ਜਗਦੀਸ਼ ਸਿੰਘ ਵੀ ਇਨ੍ਹਾਂ ਸਲੋਕਾਂ ਦੀ ਗਿਣਤੀ ਨੂੰ ੩੨ ਹੀ ਮੰਨਦੇ ਹਨ।

ਡਾ. ਰਤਨ ਸਿੰਘ ਜੱਗੀ ਅਨੁਸਾਰ ਇਹ *ਸਲੋਕ ਆਮ ਕਰਕੇ ਗੁਰੂ ਨਾਨਕ ਤੋਂ ਨਿੱਤ ਪੁਛੇ ਜਾਣ ਵਾਲੇ ਪ੍ਰਸ਼ਨ ਅਤੇ ਅਧਿਆਤਮਕ ਸਮਸਿਆਵਾਂ ਨਾਲ ਸਬੰਧਿਤ ਹਨ।*[49] ਇਨ੍ਹਾਂ ਵਿਚ ਰਾਗਾਤਮਕਤਾ ਦੀ ਥਾਂ ਬੌਧਿਕਤਾ ਅਤੇ ਤਰਕ ਵਿਤਰਕ ਦੀ ਪ੍ਰਧਾਨਤਾ ਹੈ। ਗੁਰੂ ਨਾਨਕ ਰਚਿਤ ਇਨ੍ਹਾਂ ਸਲੋਕਾਂ ਦੀ ਬਿਰਤੀ ਪ੍ਰਸੰਸਾਮਈ, ਉਪਦੇਸ਼ਾਤਮਕ, ਅਧਿਆਤਮਕ ਅਤੇ ਆਲੋਚਨਾਤਮਕ ਹੈ। ਇਨ੍ਹਾਂ ਸਲੋਕਾਂ ਵਿਚ ਸਰੋਦੀ ਹੂਕ ਅਤੇ ਉਚੇਰਾ ਸੁਰ ਹੋਣ ਕਰਕੇ ਸੰਗੀਤਕ ਤੱਤ ਮੌਜੂਦ ਹੁੰਦਾ ਹੈ। ਇਹ ਨਾ ਤਾਂ ਉਚਾਰੇ ਜਾਂਦੇ ਹਨ ਤੇ ਨਾ ਹੀ ਇਨ੍ਹਾਂ ਵਿਚ ਗਾਇਨ-ਤੱਤ ਹੁੰਦਾ ਹੈ। ਰਾਗੀ ਜਨ ਅੱਧਾ ਕੁ ਸਲੋਕ ਤਾਂ ਉਚਾਰਨ ਸ਼ੈਲੀ ਅਤੇ ਅੱਧਾ ਕੁ ਗਾਇਨ ਸ਼ੈਲੀ ਦੇ ਅੰਦਾਜ਼ ਵਿਚ ਪੇਸ਼ ਕਰਦੇ ਹਨ ਤਾਂ ਹੀ ਇਹ ਵੰਨਗੀ ਮਿਸ਼ਰਤ ਸ਼ੈਲੀ ਦੇ ਅੰਤਰਗਤ ਆਉਂਦੀ ਹੈ।

ਗੁਰੂ ਨਾਨਕ ਸਾਹਿਬ ਦੀ ਰਚਨਾ 'ਸਲੋਕ ਵਾਰਾਂ ਤੇ ਵਧੀਕ' ਦਾ ਵਿਸ਼ਾ ਖੇਤਰ ਬਹੁਤ ਵਿਸ਼ਾਲ ਹੈ। ਕੁਝ ਸਲੋਕਾਂ ਵਿਚ ਪ੍ਰਭੂ ਦਾ ਸਰੂਪ ਦਰਸਾ ਕੇ ਗੁਰੂ ਦੀ ਲੋੜ ਅਤੇ ਸੱਚੇ ਗੁਰੂ ਰਾਹੀਂ ਮੁਕਤੀ ਪ੍ਰਾਪਤੀ ਦਾ ਮਾਰਗ ਸੁਝਾਇਆ ਹੈ। ਪਰਮਾਤਮਾ ਦੀ ਕਿਰਪਾ ਨਾਲ ਪਿਰਮ ਪ੍ਰੇਮ ਦੀ ਭਾਵਨਾ ਜੀਵ ਦੇ ਮਨ ਵਿਚ ਉਪਜਦੀ ਹੈ। ਜਿਸ ਕਰਕੇ ਸਵੈ ਦੀ ਪਛਾਣ ਸਦਕਾ ਹਰੀ ਨਾਲ ਮਿਲਾਪ ਦੀ ਅਵਸਥਾ ਹਾਸਲ ਹੋ ਸਕਦੀ ਹੈ।

*ਝੜ ਝਖੜ ਓਹਾੜ ਲਹਰੀ ਵਹਨਿ ਲਖੇਸਰੀ॥*
*ਸਤਿਗੁਰ ਸਿਉ ਆਲਾਇ ਬੇੜੇ ਡੁਬਣਿ ਨਾਹਿ ਭਉ॥* ਪੰਨਾ ੧੪੧੦

ਪ੍ਰਭੂ ਪ੍ਰੇਮ ਨੂੰ ਪ੍ਰਾਪਤ ਕਰਨ ਲਈ ਹਉਮੈ ਨੂੰ ਤਿਆਗਣਾ ਅਤਿ ਜ਼ਰੂਰੀ ਹੈ। ਧਨ, ਜੋਬਨ, ਰੂਪ, ਸੁੰਦਰਤਾ ਦਾ ਮਾਣ ਤਿਆਗ ਕੇ ਗੁਰ ਸ਼ਬਦ ਦਾ ਪੱਲਾ ਫੜ ਕੇ ਜੀਵ ਇਸਤਰੀ ਦਾ ਭਲਾ ਹੋ ਸਕਦਾ ਹੈ:

*ਉਤੰਗੀ ਪੈ ਓਹਰੀ ਗਹਿਰੀ ਗੰਭੀਰੀ॥*
*ਸਸੁੜਿ ਸੁਹੀਆ ਕਿਵ ਕਰੀ ਨਿਵਣੁ ਨ ਜਾਇ ਥਣੀ॥*
*ਗਚੁ ਜਿ ਲਗਾ ਗਿੜਵੜੀ ਸਖੀਏ ਧਉਲਹਰੀ॥*
*ਸੇ ਭੀ ਢਹਦੇ ਡਿਠੁ ਮੈ ਮੁੰਧ ਨ ਗਰਬੁ ਥਣੀ॥* ਪੰਨਾ ੧੪੧੦

ਮਨੁੱਖ ਦਾ ਹਿਰਦੇ ਘਰ ਭਾਵ ਜੀਵਨ ਸਦਾ ਹਰਿਆ ਭਰਿਆ ਰਹਿੰਦਾ ਹੈ ਪਰੰਤੂ ਹਰੀ ਪ੍ਰੇਮ ਦੇ ਗਾਹਕ ਬਹੁਤ ਥੋੜੇ ਹਨ:

*ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ।।* ਪੰਨਾ ੧੪੧੧

ਗੁਰੂ ਦੇ ਬਖਸ਼ੇ ਗਿਆਨ ਰਾਹੀਂ ਮਨ ਦੇ ਅੰਨ੍ਹੇਪਣ ਨੂੰ ਦੂਰ ਕਰਕੇ ਹਰ ਥਾਂ, ਹਰ ਘਰ, ਹਰ ਹਿਰਦੇ ਵਿਚ ਪ੍ਰਭੂ ਦਿਸਦਾ ਹੈ। ਪ੍ਰਭੂ ਪ੍ਰੇਮ ਦੀ ਖੇਡ ਨਿਰਾਲੀ ਹੋਣ ਕਰਕੇ ਇਸ ਖੰਡੇਧਾਰ ਮਾਰਗ ਤੇ ਕੋਈ ਵਿਰਲਾ ਪ੍ਰੇਮੀ ਹੀ ਚਲਦਾ ਹੈ ਕਿਉਂਕਿ ਪ੍ਰਭੂ ਪ੍ਰੀਤ ਦੇ ਬਦਲੇ ਸੀਸ ਭੇਟ ਕਰਨਾ ਪੈਂਦਾ ਹੈ:

*ਜਉ ਤਉ ਪ੍ਰੇਮ ਖੇਲਣ ਕਾ ਚਾਉ।।*

*ਸਿਰ ਧਰਿ ਤਲੀ ਗਲੀ ਮੇਰੀ ਆਉ।।* ਪੰਨਾ ੧੪੧੨

ਗੁਰੂ ਨਾਨਕ ਦੇਵ ਸਰੀਰ ਨੂੰ ਦੁਖ ਦੇਣ ਵਾਲੇ ਪ੍ਰਭੂ ਪ੍ਰਾਪਤੀ ਦੇ ਸਾਧਨ ਨੂੰ ਨਕਾਰਦੇ ਹੋਏ ਬਾਹਰ ਦੀ ਭਾਲ ਛਡ ਕੇ 'ਅੰਦਰ ਪਿਰੀ ਸਮਾਲ' ਦੀ ਗਲ ਕਰਦੇ ਹਨ। ਸਰੀਰਕ ਤਪਸਿਆ ਨੂੰ ਪਿਰੀ ਮਿਲਾਵੇ ਦਾ ਸਾਧਨ ਮੰਨਣ ਦੀ ਬਜਾਏ ਅੰਦਰ ਪਿਰੀ ਸਮਾਲ ਦੀ ਨਵੀਂ ਦ੍ਰਿਸ਼ਟੀ ਦੇ ਕੇ ਬਾਬਾ ਫਰੀਦ ਦੀ ਸੋਚ ਸੁਧਾਰੀ ਹੈ ਅਤੇ ਅੰਦਰ ਦੇਖਣ ਦੀ ਦ੍ਰਿਸ਼ਟੀ ਦੀ ਜਾਗ ਲਾਈ ਹੈ।

ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿਚ ਭਾਰਤੀ ਜੀਵਨ ਵਿਚ ਆਏ ਰਾਜਨੀਤਕ ਅਨਿਆਂ, ਸਮਾਜਿਕ ਪਤਨ, ਸਦਾਚਾਰਕ ਗਿਰਾਵਟ ਅਤੇ ਧਾਰਮਿਕ ਅੰਧਕਾਰ ਨੂੰ ਬਹੁਪੱਖੀ ਵਿਸਤਾਰ ਸਹਿਤ ਚਿਤਰਿਆ ਹੈ। ਮਧਕਾਲ ਦੀ ਅਨੈਤਿਕ ਤਾਨਾਸ਼ਾਹੀ ਤੇ ਸਦਾਚਾਰਕ ਪਤਨ ਦੀ ਮੂੰਹ ਬੋਲਦੀ ਤਸਵੀਰ ਇਹਨਾਂ ਪੰਕਤੀਆਂ ਵਿੱਚ ਪੇਸ਼ ਹੈ:

*ਨਾਨਕ ਦੁਨੀਆਂ ਕੈਸੀ ਹੋਈ।।*

*ਸਾਲਕੁ ਮਿਤੁ ਨ ਰਹਿਓ ਕੋਈ।।*

*ਭਾਈ ਬੰਧੀ ਹੇਤੁ ਚੁਕਾਇਆ।।*

*ਦੁਨੀਆ ਕਾਰਣਿ ਦੀਨੁ ਗਵਾਇਆ।।* ਪੰਨਾ ੧੪੧੦

ਗੁਰਮੁਖ ਦੇ ਵਿਸ਼ਵਾਸ ਨੂੰ ਇਉਂ ਨਿਰੂਪਣ ਕੀਤਾ ਹੈ ਕਿ ਪੂਰੇ ਪਰਮੇਸਰ ਦਾ ਰਚਿਆ ਪਸਾਰਾ ਹਰ ਤਰ੍ਹਾਂ ਪੂਰਾ ਹੈ ਅਤੇ ਉਸ ਦੀ ਰਚਨਾ ਵਿਚ ਕੋਈ ਕਾਣ ਕਸਰ ਨਹੀਂ। ਗੁਰਮੁਖ ਜਿਉੜਾ ਪ੍ਰਭੂ ਨੂੰ ਪੂਰਨ, ਸਰਬ ਕਲਾ ਸਮੱਰਥ, ਸਰਵ ਵਿਆਪਕ ਸਮਝ ਕੇ ਉਸ ਵਿਚ ਲੀਨ ਹੋਇਆ ਰਹਿੰਦਾ ਹੈ। ਪਰਮਾਤਮਾ ਦੀ ਮਿਹਰ ਸਦਕਾ ਕੇਵਲ ਮਾਇਆ ਇਕੱਠੀ ਕਰਨ ਵਾਲੇ ਦੇ ਘਰ ਭਾਵੇਂ ਅੰਨ ਧੰਨ ਦੀ ਕੋਈ ਤੋਟ ਨਹੀਂ ਆਉਂਦੀ ਪਰ ਪਰਮਾਤਮਾ ਦੇ ਨਾਮ ਤੋਂ ਬਿਨਾਂ ਘਰ ਵਿਚ ਹਰ ਵੇਲੇ ਹਫੜਾ ਦਫੜੀ ਮਚੀ ਰਹਿੰਦੀ ਹੈ। ਇਸ ਚਲਾਇਮਾਨ ਸੰਸਾਰ ਵਿਚ ਅਨੇਕਾਂ ਜੀਵ ਆਏ ਤੇ ਚਲੇ ਗਏ ਪਰ ਫਿਰ ਵੀ ਬੰਦੇ ਦੇ ਮਨ ਵਿਚੋਂ ਜੀਵਨ ਦੀ ਲਾਲਸਾ ਨਹੀਂ ਮੁਕਤੀ। ਮੌਤ ਨੇ ਇਕ ਦਿਨ ਸਭ ਨੂੰ ਲੈ ਜਾਣਾ ਹੈ ਤਾਂ ਫਿਰ ਕਿਉਂ ਨਾ ਆਪਣੀ ਸੁਰਤ ਨੂੰ ਪਰਮਾਤਮਾ ਦੇ ਨਾਮ ਨਾਲ ਜੋੜਿਆ ਜਾਵੇ।

**ਸਲੋਕ ਮਹਲਾ ੩:** ਗੁਰੂ ਗ੍ਰੰਥ ਸਾਹਿਬ ਵਿਚ 'ਸਲੋਕ ਵਾਰਾਂ ਤੇ ਵਧੀਕ' ਮਹਲਾ ੩ ਦੇ ੬੭ ਸਲੋਕ ਦਰਜ ਹਨ। ਸ੍ਰੀ ਗੁਰੂ ਅਮਰਦਾਸ ਦੇ ਇਨ੍ਹਾਂ ਸਲੋਕਾਂ ਵਿਚ ਇਕ ਭਾਵ-ਲੜੀ ਦੀ ਥਾਂ ਅਨੇਕ ਭਾਵ-ਲੜੀਆਂ ਚਲਦੀਆਂ ਹਨ। ਇਨ੍ਹਾਂ ਸਲੋਕਾਂ ਦੀ ਵਿਸ਼ੇਸ਼ਤਾ ਵਿਸਥਾਰ ਵਿਚ ਹੈ। ਡਾ. ਰਾਜਿੰਦਰ ਸਿੰਘ ਨੇ *'ਗੁਰੂ ਅਮਰਦਾਸ ਦੀ ਬਾਣੀ' ਦਾ ਸਰਵੇਖਣ ਸਿਰਲੇਖ ਅਧੀਨ ਦੱਸਿਆ ਹੈ ਕਿ ਇਨ੍ਹਾਂ ਸਲੋਕਾਂ ਵਿਚ ਅਧਿਆਤਮਕ ਸਾਧਨਾ, ਰਹੱਸਾਤਮਕ ਅਨੁਭੂਤੀ ਤੋਂ ਇਲਾਵਾ ਸਮਕਾਲੀ, ਧਾਰਮਿਕ ਅਤੇ ਸਮਾਜਕ ਸਮਸਿਆਵਾਂ ਦਾ ਵੀ ਕਿਸੇ ਨਾ ਕਿਸੇ ਤਰ੍ਹਾਂ ਚਿਤਰਣ ਹੋ ਗਿਆ ਹੈ।*[50]

ਗੁਰੂ ਸਾਹਿਬ ਪਖੰਡੀ ਸਾਧੂਆਂ ਤੇ ਜੋਗੀਆਂ ਨੂੰ ਤਾੜਨਾ ਕਰਦੇ ਹਨ। ਭਗਵੇਂ ਜਾਂ ਮੈਲੇ ਕਪੜੇ ਪਾਉਣ ਦੀ ਬਜਾਏ ਜੇ ਮਨ ਨੂੰ ਸਾਧ ਲਵੇ ਤਾਂ ਗ੍ਰਹਿਸਥ ਵਿਚ ਰਹਿੰਦਿਆਂ ਹੀ ਉਸ ਪਰਮ ਸਤਿ ਤਕ ਪੁੱਜਿਆ ਜਾ ਸਕਦਾ ਹੈ। ਮਨੁੱਖ ਦਾ ਮਨ ਦੂਈ ਦਵੈਤ ਦੇ ਚੱਕਰ ਵਿਚ ਪੈ ਕੇ ਅਨੇਕਾਂ ਕਰਮ ਕਰਦਾ ਰਹਿੰਦਾ ਹੈ ਸਗੋਂ ਉਹ ਆਪਣਾ ਪੇਟ ਭਰਨ ਲਈ ਕਈ ਤਰ੍ਹਾਂ ਦੇ ਅਡੰਬਰ ਰਚਦਾ ਹੈ:

*ਭੇਖ ਕਰਹਿ ਬਹੁ ਕਰਮ ਵਿਗੁਤੇ ਭਾਇ ਦੂਜੈ ਪਰਜ ਵਿਗੋਈ॥* ਪੰਨਾ ੧੪੧੬

ਮਨੁੱਖ ਮੋਹ ਦੇ ਨਾ ਮਿਟਣ ਕਾਰਨ ਹੀ ਹਉਮੈ ਗ੍ਰਸਤ ਹੋ ਜਾਂਦਾ ਹੈ। ਹਉਮੈ ਅਤੇ ਦਵੈਤ ਦੀ ਭਾਵਨਾ ਘਰ ਕਰ ਚੁੱਕੀ ਹੈ। ਇਨ੍ਹਾਂ ਮੰਗਤੇ ਸਾਧੂਆਂ ਨੂੰ ਦਾਨ ਦੇਣ ਦਾ ਕੋਈ ਲਾਭ ਨਹੀਂ ਕਿਉਂਕਿ ਬੰਧਨਾਂ ਵਿਚ ਫਸੇ ਅਜਿਹੇ ਲੋਕ ਦੂਜਿਆਂ ਨੂੰ ਕਿਵੇਂ ਮੁਕਤ ਕਰਵਾ ਸਕਦੇ ਹਨ:

*ਅਭਿਆਗਤ ਏਹ ਨ ਆਖੀਅਹਿ ਜਿਨ ਕੈ ਮਨ ਮਹਿ ਭਰਮੁ॥*
*ਤਿਨ ਕੇ ਦਿਤੇ ਨਾਨਕਾ ਤੇਹੋ ਜੇਹਾ ਧਰਮੁ॥* ਪੰਨਾ ੧੪੧੩

ਗੁਰੂ ਸਾਹਿਬ ਦੇ ਇਨ੍ਹਾਂ ਸਲੋਕਾਂ ਵਿਚ ਮਾਇਆ ਦੀ ਅੱਗ ਵਿਚ ਸੜਦੇ ਮਨੁੱਖਾਂ ਦਾ ਚਿਤਰ ਖਿੱਚ ਕੇ ਲੋਭੀ, ਚੁਗਲ ਤੇ ਨਿੰਦਕ ਵੀ ਦੂਰ ਰਹਿਣ ਦੀ ਪ੍ਰੇਰਨਾ ਦਿੱਤੀ ਹੈ। ਅਜਿਹੀਆਂ ਬੁਰੀਆਂ ਭਾਵਨਾਵਾਂ ਦੇ ਵਿਅਕਤੀ ਤੋਂ ਦੂਰ ਰਹਿਣਾ ਹੀ ਚੰਗਾ ਹੈ ਕਿਉਂਕਿ ਗੁਰਮੁਖ ਤਾਂ ਹਰ ਸਮੇਂ ਪ੍ਰਮਾਤਮਾ ਦਾ ਚਿੰਤਨ ਕਰਦੇ ਰਹਿਣ ਕਾਰਨ ਆਪਣੇ ਪਰਿਵਾਰ ਨੂੰ ਨਾਲ ਹੀ ਤਾਰ ਲੈਂਦੇ ਹਨ। ਅਜਿਹੇ ਨਾਮ ਦੇ ਵਪਾਰੀ ਗੁਰਮੁਖ ਹਰ ਥਾਂ ਸਤਿਕਾਰੇ ਜਾਂਦੇ ਹਨ ਅਤੇ ਸਹੀ ਅਰਥਾਂ ਵਿਚ ਉਹ ਤਾਂ ਧਨਵਾਨ ਹਨ ਪਰ ਬਾਕੀ ਨਾਮ ਤੋਂ ਸੱਖਣੇ ਸਾਰੇ ਕੰਗਾਲ ਮੰਨੇ ਜਾਂਦੇ ਹਨ। ਬੁਰਾਈਆਂ ਕਰਨ ਵਾਲਾ ਮਨੁੱਖ ਜ਼ਿੰਦਗੀ ਵਿਚ ਕਦੇ ਸਫਲ ਨਹੀਂ ਹੋ ਸਕਦਾ ਬਲਕਿ ਆਪਣੇ ਮਨ ਨੂੰ ਸਾਧਨ ਵਾਲਾ ਗੁਰਮੁਖ ਹਮੇਸ਼ਾਂ ਸੁਖੀ ਰਹਿੰਦਾ ਹੈ:

- *ਬੁਰਾ ਕਰੇ ਸੁ ਕੇਹਾ ਸਿਝੈ॥*
  *ਆਪਣੈ ਰੋਹਿ ਆਪੇ ਹੀ ਦਝੈ॥*

*ਮਨਮੁਖਿ ਕਮਲਾ ਰਗੜੈ ਲੁਝੈ॥*

*ਗੁਰਮੁਖਿ ਹੋਇ ਤਿਸ ਸਭ ਕਿਛੁ ਸੁਝੈ॥*

*ਨਾਨਕ ਗੁਰਮੁਖਿ ਮਨ ਸਿਉ ਲੁਝੈ॥* ਪੰਨਾ ੧੪੧੮

- *ਹਰਿ ਕਿਰਪਾ ਕਰਿ ਕੈ ਬਖਸਿ ਲੈਹੁ ਹਉ ਪਾਪੀ ਵਡ ਗੁਨਹਗਾਰੁ॥*

  *ਹਰਿ ਜੀਉ ਲੇਖੈ ਵਾਰ ਨ ਆਵਈ ਤੂ ਬਖਸਿ ਮਿਲਾਵਣਹਾਰੁ॥* ਪੰਨਾ ੧੪੧੬

ਡਾ. ਦਲੀਪ ਸਿੰਘ ਦੀਪ ਗੁਰੂ ਅਮਰਦਾਸ ਦੇ ਵਿਅਕਤਿਤਵ ਦੇ ਤਿੰਨ ਗੁਣ ਵਿਸ਼ੇਸ਼ ਮੰਨਦੇ ਹਨ, ਨਿਮਰਤਾ, ਸਹਿਣਸ਼ੀਲਤਾ ਤੇ ਸ਼ਾਂਤੀ। ਆਪ ਨਿਮਰਤਾ ਦੇ ਅਜਿਹੇ ਡੂੰਘੇ ਸਮੁੰਦਰ ਸਨ ਕਿ ਕਿਸੇ ਪ੍ਰਕਾਰ ਦੀ ਨਿੰਦਾ ਅਤੇ ਵਿਰੋਧ ਨਾਲ ਆਪਣੇ ਮਨ ਵਿਚ ਹਲਚਲ ਨਾ ਹੋਈ, ਸਗੋਂ ਈਰਖਾ ਦੀ ਅੱਗ ਨੂੰ ਵੀ ਆਪ ਨੇ ਪਿਆਰ ਦਾ ਛੱਟਾ ਮਾਰਿਆ।[51] ਬਾਬਾ ਫਰੀਦ ਦੇ ਦਰਸਾਏ ਪ੍ਰਭੁ-ਪ੍ਰਤੀ ਨੂੰ ਰਿਝਾਉਣ ਲਈ ਤਿੰਨੇ ਗੁਣ ਨਿਮਰਤਾ, ਖਿਮਾ ਤੇ ਜ਼ੁਬਾਨ ਦੀ ਮਿਠਾਸ ਆਪ ਵਿਚ ਪੂਰਨ ਰੂਪ ਵਿਦਮਾਨ ਸਨ। ਗੁਰੂ ਨਾਨਕ ਸਾਹਿਬ ਦੇ ਸਲੋਕਾਂ ਵਿਚ 'ਲਾਹੌਰ ਸਹਿਰ ਜਹਰ ਕਹਰ ਸਵਾ ਪਹਿਰ' ਮੰਨਿਆ ਹੈ, ਪਰ ਆਪ ਨੇ ਆਪਣੀ ਜ਼ਬਾਨ ਦੇ ਮਿਠਾਸ ਨਾਲ 'ਲਾਹੌਰ ਸ਼ਹਿਰ ਅੰਮ੍ਰਿਤਸਰ ਸਿਫ਼ਤੀ ਦਾ ਘਰ' ਬਣਾ ਦਿੱਤਾ। ਪ੍ਰੋ. ਸਾਹਿਬ ਸਿੰਘ ਅਨੁਸਾਰ, *"ਹੁਣ ਲਾਹੌਰ ਸ਼ਹਿਰ ਅੰਮ੍ਰਿਤ ਦਾ ਚਸ਼ਮਾ ਅਤੇ ਪਰਮਾਤਮਾ ਦੀ ਸਿਫ਼ਤ ਸਲਾਹ ਦਾ ਸੋਮਾ ਬਣ ਗਿਆ ਹੈ।"* [52] ਇਸ ਤੁਕ ਦਾ ਅੰਮ੍ਰਿਤਸਰ ਸ਼ਹਿਰ ਨਾਲ ਕੋਈ ਸਬੰਧ ਨਹੀਂ ਕਿਉਂਕਿ ਇਹ ਤੁਕ ਅੰਮ੍ਰਿਤਸਰ ਸ਼ਹਿਰ ਦੀ ਸਥਾਪਨਾ ਤੋਂ ਪਹਿਲਾਂ ਲਿਖੀ ਗਈ ਹੈ।

ਗੁਰੂ ਅਮਰਦਾਸ ੭੦ ਸਾਲ ਦੀ ਉਮਰ ਵਿਚ ਗੁਰੂ ਅੰਗਦ ਦੇਵ ਦੀ ਸੇਵਾ ਵਿਚ ਹਾਜ਼ਰ ਹੋਏ ਸਨ। ਇਸ ਕਰਕੇ ਉਨ੍ਹਾਂ ਦੀ ਬਾਣੀ ਵਿਚ ਬੁਢਾਪੇ ਦਾ ਜ਼ਿਕਰ ਅਚੇਤ ਤੌਰ ਤੇ ਆ ਜਾਂਦਾ ਹੈ। ਹੇਠਲੇ ਸਲੋਕ ਵਿਚ ਉਹ 'ਬੁਢੇ' ਭਾਵ ਨਿਰਬਲ ਤੋਂ ਲੈਂਦੇ ਹਨ:

*ਗੁਰਮੁਖ ਬੁਢੇ ਕਦੇ ਨਾਹੀ ਜਿਨ੍ਹਾ ਅੰਤਰਿ ਸੁਰਤਿ ਗਿਆਨੁ।*

*ਸਦਾ ਸਦਾ ਹਰਿ ਗੁਣ ਰਵਹਿ ਅੰਤਰਿ ਸਹਜ ਧਿਆਨੁ॥* ਪੰਨਾ ੧੪੧੮

*"ਗੁਰੂ ਅਮਰਦਾਸ ਦੀ ਸਮੁੱਚੀ ਬਾਣੀ ਵਿਚ ਗੁਰੂ ਦੀ ਮਹੱਤਤਾ ਉਤੇ ਭਰਪੂਰ ਚਾਨਣਾ ਪਾਇਆ ਗਿਆ ਹੈ। ਗੁਰੂ ਇਕ ਪੂਰਨ ਸਾਧੂ ਹੈ ਅਰਥਾਤ ਉਸਦੇ ਆਪਣੇ ਆਪ ਨੂੰ ਪੂਰਨ ਰੂਪ ਨਾਲ ਸਾਧਿਆ ਹੋਇਆ ਹੈ। ਉਸਦੀ ਸੰਗਤ ਨਾਲ ਰਬੀ ਖਜ਼ਾਨਿਆਂ ਦੀ ਉਪਲਬਧੀ ਹੁੰਦੀ ਹੈ।"* [49] ਅਜਿਹੇ ਗੁਰੂ ਦੇ ਮਿਲਣ ਨਾਲ ਸਾਰੇ ਦੁਖ ਨਵਿਰਤ ਹੋ ਜਾਂਦੇ ਹਨ:

*ਬਾਬੀਹਾ ਪ੍ਰਿਉ ਪ੍ਰਿਉ ਕਰੇ ਜਲਨਿਧਿ ਪ੍ਰੇਮ ਪਿਆਰ॥*

*ਗੁਰ ਮਿਲੇ ਸੀਤਲ ਜਲੁ ਪਾਇਆ ਸਭ ਦੂਖ ਨਿਵਾਰਣਹਾਰੁ॥* ਪੰਨਾ ੧੪੧੯

ਉਸ ਸਰਬ ਸ਼ਕਤੀਮਾਨ ਪਰਮਾਤਮਾ ਦੀ ਮਿਹਰ ਸਦਕਾ ਭੁੱਲੇ ਹੋਏ ਮਨੁੱਖ ਵੀ ਸਿੱਧੇ ਰਸਤੇ ਜਾ ਪੁੱਜਦੇ ਹਨ। ਗੁਰੂ ਅਮਰਦਾਸ ਦੇ ਨਿਮਰਤਾ ਦੇ ਪੁੰਜ ਮੰਨੇ ਜਾਂਦੇ ਹਨ। ਕਥਨੀ ਤੇ ਕਰਨੀ ਦੇ ਸੂਰੇ ਗੁਰੂ ਸਾਹਿਬ ਆਪਣੀ ਉਮਰ ਦੀ ਪਰਵਾਹ ਨਾ ਕਰਦੇ ਹੋਏ ਗੁਰੂ ਅੰਗਦ ਸਾਹਿਬ ਦੀ ਸੇਵਾ ਵਿਚ ਤਤਪਰ ਰਹਿ ਕੇ ਆਪਣੀ ਕਥਨੀ ਨੂੰ ਪੂਰਾ ਕਰਕੇ ਦਿਖਾਇਆ:

*ਅਸੀ ਖਤੇ ਬਹੁਤੁ ਕਮਾਵਦੇ ਅੰਤੁ ਨ ਪਾਰਾਵਾਰੁ॥*

*ਹਰਿ ਕਿਰਪਾ ਕਰਿ ਕੈ ਬਖਸਿ ਲੈਹੁ ਹਉ ਪਾਪੀ ਵਡ ਗੁਨਹਗਾਰੁ॥*

ਪੰਨਾ ੧੪੧੬

**ਸਲੋਕ ਮਹਲਾ ੪:** ਚੌਥੇ ਗੁਰੂ ਰਾਮਦਾਸ ਨੇ ਗੁਰੂ ਗ੍ਰੰਥ ਸਾਹਿਬ ਵਿਚ ੩੦ ਰਾਗਾਂ ਵਿਚ ਬਾਣੀ ਰਚੀ। ਗੁਰੂ ਨਾਨਕ ਦੇਵ ਦੀ ਰਚੀ ਬਾਣੀ ੧੯ ਰਾਗਾਂ ਵਿਚ, ਗੁਰੂ ਅਮਰਦਾਸ ਦੀ ੧੭ ਰਾਗਾਂ ਵਿਚ, ਪਰ ਆਪਨੇ ਪਹਿਲੀ ਵਾਰ ਹੋਰ ੧੧ ਰਾਗਾਂ ਵਿਚ ਰਚਨਾ ਕੀਤੀ। ਡਾ. ਤਾਰਨ ਸਿੰਘ ਅਨੁਸਾਰ,"*ਪ੍ਰਮੁੱਖ ਤੌਰ ਤੇ ਆਪ ਵਾਰਾਂ ਦੇ ਕਵੀ ਹਨ। ਗੁਰੂ ਗ੍ਰੰਥ ਸਾਹਿਬ ਵਿਚ ਸਾਰੇ ਅਰਸ਼ੀ ਕਵੀਆਂ ਨੇ ੧੪ ਵਾਰਾਂ ਲਿਖੀਆਂ ਹਨ। ਇਕੱਲੇ ਗੁਰੂ ਰਾਮ ਦਾਸ ਨੇ ੮ ਵਾਰਾਂ ਰਚੀਆਂ ਹਨ।*"[54] ਗੁਰੂ ਰਾਮਦਾਸ ਦੇ ੧੩੮ ਸਲੋਕ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਇਨ੍ਹਾਂ ਵਿਚੋਂ ੩੦ ਸਲੋਕ ਵਾਰਾਂ ਤੇ ਵਧੀਕ ਮਹਲਾ ੪ ਅਧੀਨ ਅੰਕਿਤ ਹਨ। ਇਨ੍ਹਾਂ ਸਲੋਕਾਂ ਵਿਚ ਉਨ੍ਹਾਂ ਨੇ ਉਸ ਪਰਮਾਤਮਾ ਦੀ ਸਿਫ਼ਤ ਸਲਾਹ ਕਰਕੇ ਆਪਣੀ ਬਿਰਹੋਂ ਦੀ ਤੜਪ ਨੂੰ 'ਗੁਰਮੁਖ ਪਿਆਰੇ ਆਇ ਮਿਲ ਮੈ ਚਿਰੀ ਵਿਛੁੰਨੇ ਰਾਮ ਰਾਜੇ' ਵਾਲੀ ਸ਼ਖਸੀਅਤ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਦੀ ਬਾਣੀ ਵਿਸ਼ੇ ਪੱਖੋਂ ਮਹਾਨ ਹੈ ਕਿਉਂਕਿ ਇਸ ਵਿੱਚ ਆਤਮਾ ਪਰਮਾਤਮਾ, ਗੁਰੂ ਸਿਖ, ਦ੍ਰਿਸ਼ਟ ਅਦ੍ਰਿਸ਼ਟ, ਸੇਵਾ ਭਗਤੀ ਨੂੰ ਚੰਗੀ ਤਰ੍ਹਾਂ ਪੜਚੋਲਿਆ ਤੇ ਵਿਆਖਿਆ ਗਿਆ ਹੈ। ਬਿਰਹੋਂ ਦੀ ਭਾਵਨਾ, ਨਿਰਮਾਣਤਾ ਤੇ ਅਰਜੋਈ ਵਾਲੀ ਹਾਲਤ, ਸੇਵਾ ਦਾ ਫਲ, ਕਪਟੀ ਦੀ ਅਵੱਗਿਆ ਦਾ ਪ੍ਰਣਾਮ ਆਦਿ ਅਨੇਕ ਪੱਖਾਂ ਉੱਤੇ ਸਭ ਤੋਂ ਵੱਧ ਚਰਚਾ ਹੋਈ ਹੈ।[55]

*ਹਉ ਖੜੀ ਨਿਹਾਲੀ ਪੰਧੁ ਮਤੁ ਮੂੰ ਸਜਣੁ ਆਵਏ॥*

*ਕੋ ਆਣਿ ਮਿਲਾਵੈ ਅਜ ਮੈ ਪਿਰੁ ਮੇਲਿ ਮਿਲਾਵਏ॥*

*ਹਉ ਜੀਉ ਕਰੀ ਤਿਸ ਵਿਟਹੁ ਚਉ ਖੰਨੀਐ ਜੋ ਮੈ ਪਿਰੀ ਦਿਖਾਵਏ॥*

*ਨਾਨਕ ਹਰਿ ਹੋਇ ਦਇਆਲ ਤਾਂ ਗੁਰੁ ਪੂਰਾ ਮੇਲਾਵਏ॥* ਪੰਨਾ ੧੪੨੧

ਜਿਨ੍ਹਾਂ ਅੰਦਰ ਉਸ ਪਰਮਾਤਮਾ ਦਾ ਪਿਆਰ ਹੈ ਉਹ ਦਰਸ਼ਨਾਂ ਲਈ ਬਿਹਬਲ ਰਹਿੰਦੇ ਹਨ ਕਿਉਂਕਿ ਉਸ ਪ੍ਰਭੂ ਦੇ ਪਿਆਰ ਵਿਚ ਲੀਨ ਰਹਿਣ ਕਰਕੇ ਉਨ੍ਹਾਂ ਦੇ ਮਨਾਂ ਵਿਚ ਹਮੇਸ਼ਾਂ ਉਸੇ ਨੂੰ ਮਿਲਣ ਦੀ ਤੜਪ ਲਗੀ ਰਹਿੰਦੀ ਹੈ। ਉਸ ਪ੍ਰਭੂ ਪਰਮਾਤਮਾ ਦੀ ਮਿਹਰ ਸਦਕਾ ਜਿਨ੍ਹਾਂ ਦੇ ਹਿਰਦੇ ਵਿਚ ਨਾਮ ਰੂਪੀ ਖਜ਼ਾਨਾ ਵਸ ਗਿਆ, ਉਹ ਸਾਸ ਗਿਰਾਸ ਉਸਦਾ ਨਾਮ ਸਿਮਰ ਕੇ ਉਜਲੇ ਮੁੱਖਾਂ ਨਾਲ ਸਾਈਂ ਦੇ ਦਰਬਾਰ ਜਾਂਦੇ ਹਨ। ਗੁਰਮੁਖ ਬੰਦਾ ਹੁਕਮੀ ਹੋ ਕੇ ਗੁਰੂ ਦੀ ਦੱਸੀ ਕਾਰ ਕਮਾਉਂਦਾ ਹੈ ਅਤੇ ਉਸ ਲਈ ਸੇਵਾ, ਵਰਤ, ਨੇਮ, ਸੁਚ, ਸੰਜਮ ਸਭ ਕੁਝ ਪਰਮਾਤਮਾ ਦਾ ਹੁਕਮ ਹੀ ਹੈ। ਅਜਿਹੇ ਜੀਉੜੇ ਬਿਰਹੋਂ ਕੁਠੇ ਨੈਣਾਂ ਅੰਦਰ ਹੰਝੂ ਭਰਕੇ ਗੁਰੂ ਦੀ ਸਿਫ਼ਤ ਸਲਾਹ ਕਰਦੇ ਹਨ ਤਾਂ ਉਨ੍ਹਾਂ ਦਾ ਮਨ ਖੇੜੇ ਵਿਚ ਭਰ ਜਾਂਦਾ ਹੈ ਪਰ ਹੁਕਮ ਮੰਨਣ ਤੋਂ ਇਨਕਾਰੀ ਮਨਮੁਖ ਮਾਇਆ ਦੇ ਮੋਹ ਵਿਚ ਅੰਨ੍ਹਾ ਹੁੰਦਾ ਹੈ:

*ਮਨਮੁਖਿ ਹੁਕਮੁ ਨ ਬੁਝੈ ਬਪੁੜੀ ਨਿਤ ਹਉਮੈ ਕਰਮ ਕਮਾਇ॥*

*ਵਰਤ ਨੇਮੁ ਸੁਚ ਸੰਜਮੁ ਪੂਜਾ ਪਾਖੰਡਿ ਭਰਮੁ ਨ ਜਾਇ॥* ਪੰਨਾ ੧੪੨੩

ਅਜਿਹਾ ਮਨਮੁਖ ਧੋਖੇ ਤੇ ਠਗੀਆਂ ਨਾਲ ਮਾਇਆ ਇਕੱਠੀ ਕਰਕੇ ਲੋਕ ਪਰਲੋਕ ਵਿਚ ਖੁਆਰ ਹੁੰਦਾ ਹੈ ਪਰੰਤੂ ਉਸ ਪਰਮਾਤਮਾ ਦੀ ਮਿਹਰ ਸਦਕਾ ਗੁਰਮੁਖ ਸ਼ਾਂਤੀ ਭਰਪੂਰ ਜੀਵਨ ਗੁਜ਼ਾਰਦਾ ਹੈ ਅਤੇ ਹਰੀ ਪਰਮਾਤਮਾ ਦੇ ਨਾਮ ਵਿਚ ਦ੍ਰਿੜ ਹੋ ਕੇ ਉਸ ਦਾ ਮਨ ਕਦੇ ਇਧਰ ਉਧਰ ਨਹੀਂ ਡੋਲਦਾ। ਪ੍ਰੋ. ਪੂਰਨ ਸਿੰਘ ਆਪਣੀ ਪੁਸਤਕ Ten Great Masters ਵਿੱਚ ਲਿਖਦੇ ਹਨ:

> *The Poetry of Ramdas flows like a stream of love whose cooling melogy yearns for the beloved and signs the magic spell of his glance.*[56]

**ਸਲੋਕ ਮਹਲਾ ੫:** ਗੁਰੂ ਅਰਜਨ ਦੇਵ ਨੇ ਅਣਥੱਕ ਮਿਹਨਤ ਲਗਨ ਤੇ ਪਰਮ ਸਾਧਨਾ ਨਾਲ 'ਆਦਿ ਗ੍ਰੰਥ' ਦੀ ਸੰਪਾਦਨਾ ਦਾ ਕਾਰਜ ੧੬੦੪ ਈ. ਵਿਚ ਕੀਤਾ। ਜਿਥੇ ਆਪ ਨੇ ਬਾਕੀ ਗੁਰੂ ਸਾਹਿਬਾਨ ਦੀ ਬਾਣੀ ਨੂੰ 'ਸਲੋਕ ਵਾਰਾਂ ਤੇ ਵਧੀਕ' ਵਿਚ ਯੋਗ ਸਥਾਨ ਦਿੱਤਾ ਉੱਥੇ ਆਪਣੀ ਸੁਚੱਜੀ ਸੰਪਾਦਕੀ ਜੁਗਤ ਰਾਹੀਂ ਉਸੇ ਰੀਤ ਨੂੰ ਨਿਭਾਉਂਦਿਆਂ ਆਪਣੇ ੨੨ ਸਲੋਕਾਂ ਨੂੰ ਇਸੇ ਸਿਰਲੇਖ ਅਧੀਨ ਅੰਕਿਤ ਕੀਤਾ ਹੈ। ਇਨ੍ਹਾਂ ਸਲੋਕਾਂ ਵਿਚ ਅਨੇਕਾਂ ਵਿਸ਼ੇ ਛੋਹੇ ਗਏ ਹਨ। ਇਨ੍ਹਾਂ ਦੀ ਪ੍ਰਧਾਨ ਸੁਰ ਬਿਰਹਾ ਕੁੱਠੀ ਜੀਵ ਇਸਤਰੀ ਦੀ ਪੁਕਾਰ ਨਾਲ ਸੰਬੰਧਿਤ ਹੈ। ਜੇ ਪ੍ਰੇਮ ਵਿਚ ਰੱਤੀ ਜੀਵ ਆਤਮਾ ਸੁਖ ਦੁਖ ਵਿਚ ਆਪਣੇ ਪ੍ਰਭੂ ਨਾਲ ਸਾਂਝ ਬਣਾਈ ਰੱਖੇ ਪਰ ਜੇ ਉਸ ਦਾ ਪਰਮਾਤਮਾ ਨਾਲ ਪ੍ਰੇਮ ਨਹੀਂ ਤਾਂ ਧਾਰਮਿਕ ਦਿਖਾਵਿਆਂ ਦੀ ਲੋੜ ਨਹੀਂ । ਪ੍ਰੇਮ ਦੀ ਬਰਕਤ ਨਾਲ ਪੰਜ ਵਿਕਾਰਾਂ ਉੱਤੇ ਕਾਬੂ ਪਾਇਆ ਜਾ

ਸਕਦਾ ਹੈ। ਉਸ ਦੇ ਮਨ ਵਿਚ ਪ੍ਰਭੂ ਮਿਲਾਪ ਲਈ ਕਮਾਲ ਦੀ ਵਿਆਕੁਲਤਾ ਤੇ ਜਗਿਆਸਾ ਹੈ। ਆਪਣੇ ਆਪ ਨੂੰ ਵਾਰ ਕੇ ਉਹ ਐਸੇ ਖੰਭ ਲਭਣਾ ਚਾਹੁੰਦੇ ਹਨ ਜਿਨ੍ਹਾਂ ਨਾਲ ਉਹ ਪ੍ਰੀਤਮ ਦੇ ਦਰ ਤੇ ਦਸਤਕ ਦੇ ਸਕਣ। ਪ੍ਰੇਮ ਉਡਾਰੀ ਦੀ ਇਹ ਇੱਛਾ ਉਨ੍ਹਾਂ ਲਈ ਪ੍ਰਭੂ ਪ੍ਰਾਪਤੀ ਦਾ ਸਾਧਨ ਬਣ ਸਕਦੀ ਹੈ:

*ਖੰਭ ਵਿਕਾਂਦੜੇ ਜੇ ਲਹਾਂ ਘਿੰਨਾ ਸਾਵੀ ਤੋਲਿ॥*

*ਤੰਨਿ ਜੜਾਂਈ ਆਪਣੈ ਲਹਾਂ ਸੁ ਸਜਣੁ ਟੋਲਿ॥* ਪੰਨਾ ੧੪੨੬

ਲੋਕਾਈ ਮਾਇਆ ਮੋਹ ਦੀ ਨੀਂਦ ਵਿਚ ਗੜੂੰਦ ਆਪਣੇ ਪ੍ਰਭੂ ਨੂੰ ਚੇਤੇ ਨਹੀਂ ਕਰਦੀ ਪਰੰਤੂ ਪ੍ਰੇਮ ਲਗਨ ਵਾਲੇ ਸੁਖ ਦੀ ਨੀਂਦ ਸੌਂਦੇ ਹਨ। ਨਾਮ ਨੂੰ ਮਨੋ ਵਿਸਾਰਨ ਵਾਲੇ ਹਰ ਵੇਲੇ ਕਾਵਾਂ ਰੌਲੀ ਪਾਉਂਦੇ ਰਹਿੰਦੇ ਹਨ। ਇਸ ਕੂੜੇ ਸੰਸਾਰ ਵਿਚ ਜੀਵ ਮ੍ਰਿਗ ਤ੍ਰਿਸ਼ਨਾ ਪਿਛੇ ਭਜਿਆ ਫਿਰਦਾ ਹੈ ਕਿਉਂਕਿ ਉਸ ਨੂੰ ਇਹ ਨਹੀਂ ਪਤਾ ਕਿ ਉਸ ਸਚੇ ਪ੍ਰਭੂ ਦੇ ਸਿਮਰਨ ਨਾਲ ਆਤਮਿਕ ਸੁੰਦਰਤਾ ਪ੍ਰਾਪਤ ਹੋ ਸਕਦੀ ਹੈ। ਉਸ ਪਰਮਾਤਮਾ ਨਾਲ ਆਪਣਾ ਸਬੰਧ ਜੋੜ ਕੇ ਨਾਮ ਧਨ ਦਾ ਸਚਾ ਵਪਾਰ ਕਰਨ ਵਾਲੇ ਹੀ ਅਸਲ ਵਪਾਰੀ ਹਨ। ਵਿਅਕਤੀ ਨੂੰ ਮੋਹ ਮਾਇਆ ਦੇ ਜਾਲ ਵਿਚੋਂ ਨਿਕਲਣ ਵਾਸਤੇ ਪਰਮਾਤਮਾ ਦੀ ਮਿਹਰ ਦੀ ਲੋੜ ਹੈ। ਸ਼ਬਦ ਰੂਪੀ ਨਾਮ ਧਨ ਦੀ ਬਰਕਤ ਨਾਲ ਕੋਈ ਕਮੀ ਨਹੀਂ ਆਉਂਦੀ:

*ਤਿਚਰੁ ਮੂਲਿ ਨ ਥੁੜੀਦੋ ਜਿਚਰੁ ਆਪਿ ਕ੍ਰਿਪਾਲੁ॥*

*ਸਬਦੁ ਅਖੁਟੁ ਬਾਬਾ ਨਾਨਕਾ ਖਾਹਿ ਖਰਚਿ ਧਨੁ ਮਾਲੁ॥* ਪੰਨਾ ੧੪੨੬

**(ix) ਸਲੋਕ ਮਹਲਾ ੯** : ਰਾਗ ਮੁਕਤ ਬਾਣੀਆਂ ਵਿਚ 'ਸਲੋਕ ਵਾਰਾਂ ਤੇ ਵਧੀਕ' ਮਹਲਾ ੧, ੩, ੪, ੫, ਉਪਰੰਤ ਸਲੋਕ ਮਹਲਾ ੯ ਅੰਕਿਤ ਹਨ। ਇਨ੍ਹਾਂ ਸਲੋਕਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਪੁਨਰ ਸੰਪਾਦਨ ਸਮੇਂ ਗੁਰੂ ਗੋਬਿੰਦ ਸਿੰਘ ਦੁਆਰਾ ਦਰਜ ਕੀਤਾ ਗਿਆ ਹੈ। ਵਿਦਵਾਨਾਂ ਅਨੁਸਾਰ ਇਹ ਸਲੋਕ ਗੁਰੂ ਤੇਗ ਬਹਾਦਰ ਨੇ ਸ਼ਹਾਦਤ ਤੋਂ ਪਹਿਲਾਂ ਦਿੱਲੀ ਵਿਚ ਕੈਦ ਹੋਣ ਸਮੇਂ ਰਚੇ ਸਨ। ਇਨ੍ਹਾਂ ਸਲੋਕਾਂ ਨੂੰ ਉਪਦੇਸ਼ ਰੂਪ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਨੂੰ ਅਨੰਦਪੁਰ ਭੇਜਿਆ ਗਿਆ। ਡਾ. ਰਤਨ ਸਿੰਘ ਜੱਗੀ ਅਨੁਸਾਰ, *"ਆਧੁਨਿਕ ਵਿਦਵਾਨਾਂ ਦੀ ਸਥਾਪਨਾ ਹੈ ਕਿ ਵਖ ਵਖ ਅਵਸਰਾਂ ਤੇ ਉਠਾਏ ਗਏ ਸਲੋਕਾਂ ਨੂੰ ਹੀ 'ਸਲੋਕ ਵਾਰਾਂ ਤੇ ਵਧੀਕ' ਦੀ ਪਰੰਪਰਾ ਵਿਚ ਗੁਰੂ ਗੋਬਿੰਦ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਕੀਤਾ।"* [57] ਗੁਰੂ ਤੇਗ ਬਹਾਦਰ ਆਪਣੇ ਯੁਗ ਦੇ ਪ੍ਰਸਿੱਧ ਧਾਰਮਿਕ ਨੇਤਾ, ਸਮਾਜਿਕ ਚੇਤਨਾ ਜਗਾਉਣ ਵਾਲੇ ਅਤੇ ਸਮਾਜ ਵਿਚ ਨਵੀਂ ਰੂਹ ਭਰਨ ਵਾਲੇ ਆਤਮ-ਵਿਸ਼ਵਾਸੀ ਸੰਤ ਸਨ। ਉਨ੍ਹਾਂ ਨੇ ਆਪਣੀ ਵਿਲੱਖਣ ਪ੍ਰਤਿਭਾ ਨਾਲ ਰਾਜਨੀਤਕ,

ਧਾਰਮਿਕ, ਸਮਾਜਿਕ ਤੇ ਸਾਹਿਤਕ ਹਾਲਾਤਾਂ ਨੂੰ ਪ੍ਰਭਾਵਿਤ ਕੀਤਾ। ਗੁਰੂ ਪਰੰਪਰਾ ਵਿਚ ਜੋਤੀ ਜੋਤਿ ਦੇ ਰੂਪ ਵਿਚ ਉਨ੍ਹਾਂ ਨੇ ਨਾਨਕ ਫਲਸਫੇ, ਜੀਵਨ ਜਾਚ ਅਤੇ ਚੱਜ ਅਚਾਰ ਦਾ ਆਪਣੇ ਮਧੁਰ ਬੋਲਾਂ ਰਾਹੀਂ ਪ੍ਰਚਾਰ ਕੀਤਾ ਹੈ।

ਇਨ੍ਹਾਂ ਸਲੋਕਾਂ ਵਿਚ ਮੁਖ ਵਿਸ਼ਾ ਮਨੁੱਖ ਨੂੰ ਸੰਸਾਰ ਦੀ ਨਾਸ਼ਮਾਨਤਾ ਬਾਰੇ ਗਿਆਨ ਕਰਵਾਉਣਾ ਹੈ। ਇਹ ਨਾਸ਼ਮਾਨਤਾ ਤੇ ਤਿਆਗ ਦੀ ਗੱਲ ਉਨ੍ਹਾਂ ਦੇ ਉਚੇਰੇ ਆਤਮਕ ਅਤੇ ਵਿਹਾਰਕ ਜੀਵਨ ਲਈ ਸੇਧ ਦਾ ਕੰਮ ਦਿੰਦੇ ਹੋਏ ਮਨੁੱਖ ਨੂੰ ਬਾਰ ਬਾਰ ਇਹ ਚਿਤਾਵਨੀ ਦਿੰਦੇ ਹਨ ਕਿ ਸੰਸਾਰ ਇਕ ਸੁਪਨੇ ਦੀ ਨਿਆਈਂ ਹੈ। ਇਹਨਾਂ ਸਲੋਕਾਂ ਵਿੱਚ ਇਹ ਦਰਸਾਇਆ ਗਿਆ ਹੈ। ਮਨੁੱਖੀ ਜੀਵਨ ਵਿਚ ਬੰਦੇ ਲਈ ਆਪਣੀ ਵਡਿਆਈ ਅਤੇ ਨਿੰਦਾ ਦੋਹਾਂ ਨੂੰ ਸੁਨਣਾ ਔਖਾ ਹੁੰਦਾ ਹੈ। ਆਪਣੀ ਪ੍ਰਸੰਸਾ ਸੁਣ ਕੇ ਹੰਕਾਰੀ ਹੋ ਜਾਂਦਾ ਹੈ ਤੇ ਬੁਰਾਈ ਸੁਣ ਕੇ ਕ੍ਰੋਧ ਵਿਚ ਅੱਗ ਬਬੂਲਾ। ਇਹ ਦੋਵੇਂ ਪ੍ਰਭ ਪ੍ਰਾਪਤੀ ਦੇ ਮਾਰਗ ਦੀਆਂ ਰੁਕਾਵਟਾਂ ਹਨ। ਇਸ ਲਈ ਦੋਹਾਂ ਨੂੰ ਇਕੋ ਜਿਹਾ ਸਮਝ ਕੇ ਹੀ ਮੁਕਤੀ ਪ੍ਰਾਪਤ ਹੋ ਸਕਦੀ ਹੈ। ਰਬੀ ਜੋਤਿ ਦੇ ਦਰਸ਼ਨ ਕਰਨ ਵਾਲਾ ਮਨੁੱਖ ਨਾ ਕਿਸੇ ਨੂੰ ਭੈ ਦਿੰਦਾ ਹੈ ਤੇ ਨਾ ਹੀ ਕਿਸੇ ਦਾ ਭੈ ਮੰਨਦਾ ਹੈ। ਅਜਿਹੇ ਵਿਅਕਤੀ ਅਸਲ ਅਰਥਾਂ ਵਿਚ ਗਿਆਨੀ ਹੁੰਦੇ ਹਨ:

*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥*
*ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥* ਪੰਨਾ ੧੪੨੭

ਗੁਰੂ ਸਾਹਿਬ ਦਾ ਇਕ ਸਲੋਕ ਹੈ:

*ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ॥*
*ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ॥* ਪੰਨਾ ੧੪੨੯

ਕਿਹਾ ਜਾਂਦਾ ਹੈ ਕਿ ਇਹ ਸਲੋਕ ਗੁਰੂ ਤੇਗ ਬਹਾਦਰ ਨੇ ਆਪਣੇ ਸਪੁੱਤਰ ਗੋਬਿੰਦ ਰਾਇ ਨੂੰ ਪ੍ਰਸ਼ਨ ਰੂਪ ਵਿਚ ਭੇਜਿਆ ਸੀ। ਪਰ ਆਪ ਤਾਂ 'ਭੈ ਕਾਹੂ ਕੋ ਦੇਤਿ ਨਾਹਿ" ਦੀ ਗਲ ਕਰਨ ਵਾਲੇ ਸਨ। ਉਨ੍ਹਾਂ ਦਾ ਅਗਲਾ ਸਲੋਕ ਮਹਲਾ ੧੦ ਦੇ ਨਾਮ ਨਾਲ ਜੋੜਿਆ ਜਾਂਦਾ ਹੈ।

*ਬਲ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ॥*
*ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ॥* ਪੰਨਾ ੧੪੨੯

ਅਸਲ ਵਿਚ ਇਹ ਸਲੋਕ ਬਾਲ ਗੋਬਿੰਦ ਰਾਏ ਨੂੰ ਆਉਣ ਵਾਲੇ ਸਾਕਿਆਂ ਲਈ ਤਿਆਰ ਕਰਨਾ ਸੀ। ਇਸ ਤਰ੍ਹਾਂ ਗੁਰੂ ਤੇਗ ਬਹਾਦਰ ਸੰਸਾਰ ਦੀ ਨਾਸ਼ਮਾਨਤਾ ਵਲ ਲੋਕਾਈ ਦੀ ਝਾਤ ਪੁਆਉਂਦੇ ਆਪਣੇ ਆਪ ਨੂੰ ਹਰਿ ਦੇ ਭਜਨ ਵਲ ਮੋੜਨ ਦਾ ਉਪਦੇਸ਼ ਦਿੰਦੇ ਹਨ। ਇਹ ਮੋੜਾ ਅਸਲ ਵਿਚ ਉਹ ਲੋਕਾਈ ਦਾ ਚਾਹੁੰਦੇ ਸਨ ਆਪ ਤਾਂ ਉਹ ਪਹਿਲਾਂ ਤੋਂ ਹੀ ਲਗੇ ਹੋਏ ਸਨ। [58]

(x) **ਮੁੰਦਾਵਣੀ ਮਹਲਾ ੫:** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੁੰਦਾਵਣੀ ਦੇ ਦੋ ਸਲੋਕ ਹਨ। ਮੁੰਦਾਵਣੀ ਦਾ ਅਰਥ ਹੈ ਮੁਦ੍ਰਾ ਜਾਂ ਭੇਤ ਦੀ ਗੱਲ। ਸਾਹਿਤ ਵਿਚ ਐਸੀ ਰਚਨਾ ਜਿਸਦੇ ਪ੍ਰਗਟ ਅਰਥ ਤੇ ਸਿਵਾ ਹੋਰ ਕੋਈ ਅਰਥ ਜਾਂ ਸਾਰਥਕ ਪਦ ਭੀ ਬਣ ਜਾਵੇ। ਮੁੰਦਾਵਣੀ ਜਿਸ ਵਿਚ ਭਾਵ ਜਾਂ ਅਰਥ ਗੁੰਦ ਕੇ, ਮੁੰਦ ਕੇ, ਬੰਦ ਕਰਕੇ ਜਾਂ ਲੁਕਾ ਕੇ ਰਖਿਆ ਹੋਵੇ। ਗਿਆਨੀ ਗੁਰਦਿੱਤ ਸਿੰਘ ਨੇ 'ਮੁੰਦਾਵਣੀ ਦੇ ਅਰਥ ਭਾਵ' ਵਿੱਚ ਲਿਖਿਆ ਹੈ, *"ਗੁਰੂ ਗ੍ਰੰਥ ਸਾਹਿਬ ਦੀ ਸਮਾਪਤੀ ਸਮੇਂ ਦੋ ਸਲੋਕਾਂ ਦੀ ਛੋਟੀ ਜਿਹੀ ਰਚਨਾ 'ਮੁੰਦਾਵਣੀ' ਜਿਥੇ ਅਕਾਰ ਵਿਚ ਸੰਖੇਪ ਹੈ ਉਥੇ ਭਾਵ ਅਰਥ ਪਖੋਂ ਸਾਰੇ ਗੁਰੂ ਗ੍ਰੰਥ ਦਾ ਤੱਤ ਸਾਰ ਜਾਨਣ ਦਾ ਵੱਡਾ ਝਰੋਖਾ ਹੈ।"* [59] ਡਾ. ਗੋਪਾਲ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੇ ਅੰਗਰੇਜ਼ੀ ਰੂਪ ਵਿਚ ਲਿਖਿਆ, *"ਮੁੰਦਾਵਣੀ ਮ: ੫ ਸ਼ਬਦਾਰਥ ਇਕ ਅੜਾਉਣੀ ਜਾਂ ਬੁਝਾਰਤ। ਕੁਝ ਵਿਦਵਾਨਾਂ ਨੇ ਇਸ ਦਾ ਅਰਥ ਸੀਲ ਜਾਂ ਮੋਹਰ ਵੀ ਕੀਤਾ ਹੈ। ਸੀਲ ਪੁਸਤਕ ਦੇ ਅੰਤ ਵਿਚ ਲਗਾਈ ਗਈ ਕਿ ਪਿਛੋਂ ਕੋਈ ਅਦਲਾ ਬਦਲੀ ਨਾ ਕੀਤੀ ਜਾ ਸਕੇ।"* [60] ਡਾ. ਚਰਨ ਸਿੰਘ ਨੇ *'ਬਾਣੀ ਬਿਉਰਾ' ਪੁਸਤਕ ਵਿਚ ਮੁੰਦਾਵਣੀ ਦਾ ਅਰਥ ਮੁੰਦਣ ਜਾਂ ਰੋਕਣਾ, ਬਸ ਕਰਨੀ, ਹੱਦ ਬੰਨ੍ਹਣੀ, ਸੋਤ ਪਾਉਣੀ ਆਦਿ ਹਨ। ਭਾਵ ਪੰਜਵੇਂ ਪਾਤਸ਼ਾਹ ਨੇ ਇਹ ਮੁੰਦਾਵਣੀ ਮਾਨੋ ਮੁਹਰ ਲਾ ਕੇ ਸਮਾਪਤੀ ਕੀਤੀ ਹੈ ਕਿ ਇਸ ਪਰ ਹੋਰ ਕਿਸੇ ਦੀ ਬਾਣੀ ਨਾ ਚੜ੍ਹੇ।* [61] ਭਾਈ ਵੀਰ ਸਿੰਘ ਨੇ ਪੰਜ ਗ੍ਰੰਥੀ ਸਟੀਕ ਵਿਚ ਮੁੰਦਾਵਣੀ ਦੇ ਅਰਥ ਹੇਠ ਲਿਖੇ ਅਨੁਸਾਰ ਦਿੱਤੇ ਹਨ। *ਮੁਹਰ, ਛਾਪ, ਰੋਕ ਭਾਵ ਇਥੇ ਗੁਰੂ ਗ੍ਰੰਥ ਸਾਹਿਬ ਦੀ ਸਮਾਪਤੀ ਹੈ।* [62] ਇਸ ਤਰ੍ਹਾਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਆਦਿ ਗ੍ਰੰਥ ਸਾਹਿਬ ਦੇ ਵਿਸ਼ੇ ਅਨੁਸਾਰ ਮੁੰਦਾਵਣੀ ਹੀ ਇਸਦੀ ਅੰਤਿਮ ਮੋਹਰ ਹੈ। ਸੰਪਾਦਕ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਮਹਾਨ ਗ੍ਰੰਥ ਵਿਚ ਸਤਿ, ਸੰਤੋਖ ਤੇ ਨਾਮ ਜੋ ਕੁਲ ਕਾਇਨਾਤ ਦਾ ਆਸਰਾ ਹਨ, ਰਖੇ ਗਏ ਹਨ। ਜੋ ਇਸ ਗ੍ਰੰਥ ਦੀ ਵਿਚਾਰ ਕਰੇਗਾ, ਪਚਾ ਕੇ ਵਰਤੇਗਾ ਤਾਂ ਉਸ ਦਾ ਕਲਿਆਣ ਹੋਵੇਗਾ।[63] ਗੁਰੂ ਗ੍ਰੰਥ ਸਾਹਿਬ ਵਿੱਚ ਮੁੰਦਾਵਣੀ ਦੇ ਦੋ ਸਲੋਕ ਦਰਜ ਹਨ। ਮੁੰਦਾਵਣੀ ਦਾ ਪਹਿਲਾ ਸਲੋਕ ਸੋਰਠਿ ਰਾਗ ਵਿਚ ਤੀਜੇ ਪਾਤਸ਼ਾਹ ਦਾ ਰਚਿਆ ਹੋਇਆ ਹੈ।

*ਥਾਲੈ ਵਿਚ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤ ਸਾਰੁ।।*
*ਜਿਤੁ ਖਾਧੈ ਮਨ ਤ੍ਰਿਪਤੀਐ ਪਾਈਐ ਮੋਖ ਦੁਆਰ।।*
*ਇਹ ਭੋਜਨੁ ਅਲਭੁ ਹੈ ਸੰਤਹੁ ਲਭੈ ਗੁਰ ਵੀਚਾਰਿ।।*
*ਏਹ ਮੁਦਾਵਣੀ ਕਿਉ ਵਿਚਹੁ ਕਢੀਐ ਸਦਾ ਰਖੀਐ ਉਰਿਧਾਰਿ।।*
*ਏਹ ਮੁਦਾਵਣੀ ਸਤਿਗੁਰ ਪਾਈ ਗੁਰਸਿਖਾ ਲਧੀ ਭਾਲਿ।।*
*ਨਾਨਕ ਜਿਸ ਬੁਝਾਏ ਸੁ ਬੁਝਸੀ ਹਰਿ ਪਾਇਆ ਗੁਰਮੁਖਿ ਘਾਲਿ।।* ਪੰਨਾ ੬੪੫

ਅਰਥਾਤ ਗੁਰਮੁਖ ਦੇ ਹਿਰਦੇ ਰੂਪੀ ਥਾਲ ਵਿਚ ਗੁਰੂ ਵਲੋਂ ਤਿੰਨ ਵਸਤੂਆਂ ਪਰੋਸੀਆਂ ਗਈਆਂ ਹਨ। ਇਹ ਭੋਜਨ ਸੰਸਾਰਕ ਨਹੀਂ ਹੈ, ਸਗੋਂ ਈਸ਼ਵਰੀ ਭੋਜਨ ਹੈ। ਜੋ ਸੁਆਦ ਵਿਚ ਅੰਮ੍ਰਿਤ ਤੋਂ ਵੀ ਸ੍ਰੇਸ਼ਟ ਹੈ। ਇਸ ਭੋਜਨ ਦਾ ਸੇਵਨ ਕੀਤਿਆਂ ਮਨ ਤ੍ਰਿਪਤ ਹੁੰਦਾ ਹੈ ਤੇ ਨਾਲ ਹੀ ਮੁਕਤੀ ਦਾ ਦਰਵਾਜ਼ਾ ਵੀ ਪ੍ਰਾਪਤ ਹੋ ਜਾਂਦਾ ਹੈ। ਇਸ ਨੂੰ ਲਭਣ ਲਈ ਗੁਰੂ ਦੀ ਬਖਸ਼ੀ ਵਿਚਾਰ ਦੀ ਲੋੜ ਹੈ। ਇਨ੍ਹਾਂ ਤਿੰਨਾਂ ਤੁਕਾਂ ਨੂੰ ਪੜ੍ਹਨ ਉਪਰੰਤ ਇਹ ਪਤਾ ਨਹੀਂ ਲਗ ਸਕਾ ਕਿ ਇਹ 'ਤ੍ਰੈ' ਵਸਤੂਆਂ ਕਿਹੜੀਆਂ ਹਨ। ਇਸ ਲਈ ਇਹ ਇਕ ਬੁਝਾਰਤ ਹੈ। ਗੁਰੂ ਅਮਰਦਾਸ ਅਨੁਸਾਰ ਕਿ ਇਹ ਬੁਝਾਰਤ ਤਾਂ ਗੁਰੂ ਨੇ ਆਪ ਹੀ ਪਾਈ ਹੈ ਪਰ ਜੋ ਗੁਰਸਿਖਾਂ ਨੇ ਆਪ ਲਭ ਲਈ ਹੈ। ਗੁਰਮੁਖਾਂ ਨੇ ਘਾਲ ਕਰਕੇ ਗੁਰੂ ਨੂੰ ਪਾ ਲਿਆ ਹੈ ਅਤੇ ਉਸ ਪਰਮਾਤਮਾ ਦੀ ਮਿਹਰ ਨਾਲ ਹੀ ਉਸ ਬੁਝਾਰਤ ਨੂੰ ਬੁਝਿਆ ਜਾ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦੂਜਾ ਸਲੋਕ ਗੁਰੂ ਅਰਜਨ ਦੇਵ ਦਾ ਹੈ। ਜੋ ਨੌਂਵੇਂ ਮੁਹੱਲੇ ਦੇ ਸਲੋਕਾਂ ਉਪਰੰਤ ੧੪੨੯ ਅੰਗ ਉਤੇ ਦਰਜ ਹੈ।

*ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ॥*
*ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ॥*
*ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ॥*
*ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ॥*
*ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ॥* ਪੰਨਾ ੧੪੨੯

ਪਹਿਲੇ ਸਲੋਕ ਵਿਚ ਗੁਰੂ ਅਮਰਦਾਸ ਨੇ ਈਸ਼ਵਰ ਪ੍ਰਾਪਤੀ ਦੇ ਸਾਰੇ ਸਿਧਾਤਾਂ ਦਾ ਜ਼ਿਕਰ ਕੀਤਾ ਹੈ। ਇਹ ਬੁਝਾਰਤ ਘਾਲ ਕਰਨ ਵਾਲੇ ਗੁਰਸਿੱਖ ਤੇ ਖੁਲਦੀ ਹੈ। ਗੁਰਸਿੱਖੀ ਦੀ ਚੋਟੀ ਤੇ ਖੜ੍ਹੇ ਗੁਰੂ ਅਰਜਨ ਦੇਵ ਨੇ ਗੁਰਿਆਈ ਦੇ ਤਖਤ ਤੇ ਬੈਠ ਕੇ ਪੰਜਵੇਂ ਜਾਮੇ ਵਿਚ ਇਸ ਬੁਝਾਰਤ ਨੂੰ ਖੋਲ੍ਹਿਆ ਗਿਆ ਹੈ, ਤ੍ਰੈ ਪਦਾਰਥ ਬਾਰੇ ਜਾਣੂ ਹੋ ਜਾਣ ਉਪਰੰਤ ਬੁਝਾਰਤ ਬੁੱਝੀ ਗਈ ਹੈ। ਪੰਜਵੇਂ ਨਾਨਕ ਦਾ ਲਿਖਿਆ ਦੂਜਾ ਸਲੋਕ ਇਸ ਬੁਝਾਰਤ ਦਾ ਹੱਲ ਹੈ। ਇਸ ਦਾ ਸਿਰਲੇਖ ਵੀ 'ਮੁੰਦਾਵਣੀ ਮਹਲਾ ੫' ਰਖਿਆ ਗਿਆ ਹੈ। ਇਸ ਮੁੰਦਾਵਣੀ ਰੂਪੀ ਬੁਝਾਰਤ ਨੂੰ ਸਮਝਣ ਲਈ ਵਿਚਾਰ ਦੀ ਲੋੜ ਹੈ। ਥਾਲ ਵਿਚ ਤਿੰਨ ਵਸਤੂਆਂ (੧) ਸਤ (੨) ਸੰਤੋਖ (੩) ਵੀਚਾਰ ਤੇ (੪) ਅੰਮ੍ਰਿਤ ਨਾਮ। ਗੁਰੂ ਅਮਰਦਾਸ ਨੇ ਕਿਹਾ ਸੀ 'ਸੰਤਹੁ ਲਭੈ ਗੁਰ ਵੀਚਾਰਿ' ਹੁਣ ਗੁਰੂ ਅਰਜਨ ਦੇਵ ਨੇ ਕਿਹਾ ਹੈ 'ਵੀਚਾਰੋ'। ਜਿਸ ਨੂੰ ਪਹਿਲੇ ਸਲੋਕ ਵਿਚ 'ਪਾਈਐ ਮੋਖ ਦੁਆਰਿ' ਕਿਹਾ ਸੀ ਉਸ ਨੂੰ 'ਜੇ ਕੋ ਖਾਵੈ ਜੇ ਕਉ ਭੁੰਚੈ ਤਿਸ ਕਾ ਹੋਇ ਉਧਾਰੋ' ਕਹਿ ਕੇ ਉਸ ਬੁਝਾਰਤ ਦਾ ਹੱਲ ਦੱਸਿਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਮੁੰਦਾਵਣੀ ਮਹਲਾ ੫ ਉਪਰੰਤ ਦੂਸਰਾ ਸਲੋਕ ਮਹਲਾ ੫ ਹੈ। ਇਸ ਵਿਚ ਸੁਘੜ ਸੁਜਾਨ

ਸੰਪਾਦਕ ਸ੍ਰੀ ਗੁਰੂ ਅਰਜਨ ਦੇਵ ਨੇ ਇਸ ਗ੍ਰੰਥ ਦੇ ਸੰਪੂਰਨ ਹੋਣ ਉਪਰੰਤ ਉਸ ਸਰਬ ਸ਼ਕਤੀਮਾਨ ਪ੍ਰਭੂ ਦਾ ਸ਼ੁਕਰਾਨਾ ਕੀਤਾ ਹੈ:

*ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ॥*

*ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ॥*

*ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ॥*

*ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ॥* ਪੰਨਾ ੧੪੨੯

ਇਸ ਸੰਬੰਧੀ ਡਾ. ਮਹਿੰਦਰ ਕੌਰ ਗਿੱਲ ਦਾ ਵਿਚਾਰ ਹੈ,*"ਪ੍ਰਤਿਸ਼ਟਤ ਗ੍ਰੰਥਾਂ ਵਿਚ ਤਿੰਨ ਵੇਰ ਮੰਗਲ ਲਿਖੇ ਹੁੰਦੇ ਹਨ। ਗ੍ਰੰਥ ਦੇ ਅਰੰਭ ਵਾਲਾ ਮੰਗਲ ਪਰਮਾਤਮਾ ਦੀ ਉਸਤਤੀ ਲਈ ਰਚਿਆ ਜਾਂਦਾ ਹੈ। ਸਿਆਣਿਆਂ ਦੇ ਮਤ ਅਨੁਸਾਰ ਜਿਸ ਗ੍ਰੰਥ ਵਿਚ ਮੰਗਲ ਨਾ ਹੋਵੇ ਤਾਂ ਸਮਝ ਲਿਆ ਜਾਂਦਾ ਹੈ ਕਿ ਇਸ ਦਾ ਰਚਨਹਾਰ ਨਾਸਤਕ ਹੈ। ਦੂਜਾ ਮੰਗਲ ਗ੍ਰੰਥ ਦੇ ਮੱਧ ਵਿਚ ਆਉਂਦਾ ਹੈ ਜੋ ਗ੍ਰੰਥ ਦੀ ਨਿਰਵਿਘਨ ਸਮਾਪਤੀ ਲਈ ਕੀਤਾ ਜਾਂਦਾ ਹੈ। ਤੀਸਰਾ ਮੰਗਲ ਗ੍ਰੰਥ ਦੀ ਸਮਾਪਤੀ ਉਤੇ ਕੀਤਾ ਜਾਂਦਾ ਹੈ । ਗੁਰੂ ਅਰਜਨ ਦੇਵ ਨੇ ਇਸ ਸ਼ਬਦ ਵਿਚ ਆਪਣੀ ਨਿਰਮਾਣਤਾ ਦਾ ਸਬੂਤ ਦਿੱਤਾ ਹੈ। ਉਸ ਪਰਮਾਤਮਾ ਨੇ ਆਪ ਹੀ ਮਿਹਰ ਕਿਰਪਾ ਦ੍ਰਿਸ਼ਟੀ ਕਰਕੇ ਇਸ ਗ੍ਰੰਥ ਨੂੰ ਸੰਪੂਰਨ ਕਰਵਾਇਆ ਹੈ।"* [64]

## (ਸ) ਭਗਤ ਬਾਣੀ

ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਰਾਗ ਮੁਕਤ ਬਾਣੀ ਵਿਚ ਭਗਤ ਕਬੀਰ ਅਤੇ ਸਲੋਕ ਸ਼ੇਖ ਫਰੀਦ ਦੇ ਸਲੋਕ ਵੀ ਸ਼ਾਮਲ ਹਨ। ਬਾਬਾ ਫਰੀਦ ਨੂੰ ਸਿੱਖ ਜਗਤ ਵਿਚ ਇਕ ਬਾਣੀਕਾਰ ਵਜੋਂ ਭਗਤ-ਕਵੀਆਂ ਦੀ ਚੋਟੀ ਵਿਚ ਸ਼ੁਮਾਰ ਕੀਤਾ ਜਾਂਦਾ ਰਿਹਾ ਹੈ। ਜਿਸ ਨੂੰ ਇਸਲਾਮੀ ਦੁਨੀਆਂ ਵਿਚ ਸੂਫੀ ਸ਼ਾਇਰ ਦੇ ਤੌਰ ਤੇ ਜਾਣਿਆ ਜਾਂਦਾ ਹੈ। ਭਗਤ ਕਬੀਰ ਦੀ ਬਾਣੀ ਗੁਰੂ ਸਾਹਿਬਾਨ ਤੋਂ ਇਲਾਵਾ ਬਾਕੀ ਦੇ ਤੀਹ ਬਾਣੀਕਾਰਾਂ ਵਿੱਚੋਂ ਸਭ ਤੋਂ ਵੱਧ ਹਨ। ਉਨ੍ਹਾਂ ਨੇ ੧੭ ਰਾਗਾਂ ਵਿਚ ੫੪੧ ਸ਼ਬਦ ਉਚਾਰੇ ਹਨ। ਕਬੀਰ ਭਗਤੀ ਲਹਿਰ ਦੇ ਸੰਤਾਂ ਵਿਚੋਂ ਮਹਾਨ ਕ੍ਰਾਂਤੀਕਾਰੀ ਸੰਤ ਮੰਨੇ ਜਾਂਦੇ ਹਨ ਜਿਨ੍ਹਾਂ ਨੇ ਪ੍ਰਚਲਤ ਅਖੌਤੀ ਧਾਰਮਿਕ ਪ੍ਰਥਾਵਾਂ ਉਤੇ ਕਰਾਰੇ ਵਾਰ ਕੀਤੇ। ਭਗਤ ਕਬੀਰ ਮੱਧਕਾਲੀਨ ਭਾਰਤ ਦੇ ਉਨ੍ਹਾਂ ਮਹਾਨ ਸੰਤਾਂ, ਸੂਫ਼ੀਆਂ ਅਤੇ ਗੁਰੂ-ਵਿਅਕਤੀਆਂ ਵਿੱਚੋਂ ਹਨ ਜਿਨ੍ਹਾਂ ਨੇ ਆਪਣੇ ਰੂਹਾਨੀ ਕਲਾਮ ਰਾਹੀਂ ਧਰਮ, ਸਮਾਜ ਅਤੇ ਸੱਭਿਆਚਾਰ ਦੇ ਖੇਤਰ ਵਿਚ ਜਾਗ੍ਰਿਤੀ (renaissance) ਦੀ ਵਿਆਪਕ ਲਹਿਰ ਨੂੰ ਉਸਾਰਨ ਵਿਚ ਮਹੱਤਵਪੂਰਣ ਭੂਮਿਕਾ ਨਿਭਾਈ। ਭਗਤੀ ਲਹਿਰ ਦੀ ਨਿਰਗੁਣਧਾਰਾ ਦੇ ਇਸ ਮਹਾਨ ਸੰਤ ਦੀ ਬਾਣੀ ਸਿੱਖ ਧਰਮ ਦੇ ਪਾਵਨ ਗ੍ਰੰਥ,

ਗੁਰੂ ਗ੍ਰੰਥ ਸਾਹਿਬ, ਵਿਚ ਸ਼ਾਮਿਲ ਹੈ। ਕਬੀਰ-ਬਾਣੀ ਨੂੰ ਸੱਭਿਆਚਰਿਕ ਜਾਗ੍ਰਿਤੀ ਦੇ ਪਰਿਪੇਖ ਵਿਚ ਰੱਖ ਕੇ ਵਾਚਣ ਅਤੇ ਵਿਚਾਰਨ ਤੋਂ ਪਹਿਲਾਂ ਉਨ੍ਹਾਂ ਦੇ ਜੀਵਨ ਅਤੇ ਰਚਨਾ ਬਾਰੇ ਸੰਖੇਪ ਜਿਹੀ ਚਰਚਾ ਕਰਨੀ ਉਚਿਤ ਪ੍ਰਤੀਤ ਹੁੰਦੀ ਹੈ। ਮੁੱਢਲੀ ਗੱਲ ਇਹ ਹੈ ਕਿ ਕਬੀਰ ਦੇ ਜਨਮ ਅਤੇ ਜੀਵਨ ਬਾਰੇ ਇਤਿਹਾਸਕ ਤੱਥਾਂ ਨਾਲੋਂ ਲੋਕ ਰਵਾਇਤਾਂ ਵਧੇਰੇ ਪ੍ਰਚੱਲਤ ਹਨ ਜੋ ਇਨ੍ਹਾਂ ਦੀ ਅਲੌਕਿਕ ਹਸਤੀ ਅਤੇ ਚਮਤਕਾਰੀ ਸ਼ਖ਼ਸੀਅਤ ਵਲ ਸੰਕੇਤ ਕਰਦੀਆਂ ਹਨ। ਆਪ ਰਾਮਾਨੰਦ ਦੇ ਚੇਲੇ ਸਨ। ਆਪਣੇ ਮੁਰਸ਼ਦ ਦੇ ਕਹਿਣ ਤੇ ਅੰਮ੍ਰਿਤ ਵੇਲੇ ਸੁਤਾ ਨਾ ਰਿਹਾ ਕਰ ਸਗੋਂ ਪ੍ਰਭੂ ਅਰਾਧਨਾ ਵਿਚ ਲਗਿਆ ਕਰ, ਅਜਿਹਾ ਜਾਗੇ ਕਿ ਸਾਰੀਆਂ ਲੋਕਾਈ ਨੂੰ ਜਗਾਉਂਦੇ ਹੋਏ ਉਸ ਨੇ ਪ੍ਰਭੂ ਨਾਲ ਜੋੜਦੇ ਰਹੇ। ਗੁਰੂ ਗ੍ਰੰਥ ਸਾਹਿਬ ਦੀ ਭਗਤ ਬਾਣੀ ਵਿਚ ਸਭ ਤੋਂ ਪਹਿਲਾ ਸਥਾਨ ਉਹਨਾਂ ਦੀ ਬਾਣੀ ਨੂੰ ਦਿੱਤਾ ਜਾਂਦਾ ਹੈ।

**ਸਲੋਕ ਭਗਤ ਕਬੀਰ ਜੀਉ ਕੇ** : ਇਸ ਸਿਰਲੇਖ ਅਧੀਨ ਆਪ ਦੇ ੨੪੩ ਸਲੋਕ ਦਰਜ ਹਨ। ਇਨ੍ਹਾਂ ਵਿਚੋਂ ੬ ਸਲੋਕ ਗੁਰੂ ਸਾਹਿਬਾਨ ਦੇ ਹਨ। ਪੰਜ ਸਲੋਕ ੨੦੯-੨੧੧, ੨੧੪ ੨੧੫ ਗਰੂ ਅਰਜਨ ਦੇਵ ਦੇ ਅਤੇ ਇਕ ਸਲੋਕ ੨੨੦ ਗੁਰੂ ਅਮਰਦਾਸ ਦਾ ਹੈ। ਗੁਰੂ ਸਾਹਿਬਾਨ ਦੇ ਇਹ ਸਲੋਕ ਭਗਤ ਕਬੀਰ ਦੇ ਭਾਵਾਂ ਨੂੰ ਸਪਸ਼ਟ ਕਰਨ ਲਈ ਅੰਕਿਤ ਕੀਤੇ ਹਨ। ਡਾ. ਰਤਨ ਸਿੰਘ ਜੱਗੀ ਅਨੁਸਾਰ *ਇਨ੍ਹਾਂ ਸਲੋਕਾਂ ਨੂੰ 'ਕਬੀਰ ਗ੍ਰੰਥਾਵਲੀ' ਆਦਿ ਦੇਵਨਗਰੀ ਸੰਸਕਰਣਾਂ ਜਾਂ ਕਬੀਰ-ਪੰਥੀਆਂ ਵਿਚ ਸਾਖੀ/ਸਾਖੀਆਂ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਸਾਖੀ ਉਪਦੇਸ਼ ਪ੍ਰਧਾਨ ਕਾਵਿ ਰੂਪ ਹੈ। ਨਾਥ ਪੰਥੀਆਂ ਅਤੇ ਨਿਰਗੁਣਵਾਦੀ ਸੰਤਾਂ ਨੇ ਵੈਰਾਗ, ਨੀਤੀ, ਗਿਆਨ ਅਤੇ ਮਾਨਵ-ਏਕਤਾ ਦੀਆਂ ਭਾਵਨਾਵਾਂ ਪ੍ਰਗਟ ਕਰਨ ਵੇਲੇ ਸਾਖੀਆਂ ਦੀ ਰਚਨਾ ਕੀਤੀ। ਦੋਹਿਰੇ ਦੇ ਨੇੜੇ ਤੇੜੇ ਲਿਖੀਆਂ ਇਹ ਸਾਖੀਆਂ ਹੀ ਗੁਰੂ ਗ੍ਰੰਥ ਸਾਹਿਬ ਵਿਚ 'ਸਲੋਕ' ਸਿਰਲੇਖ ਅਧੀਨ ਸੰਕਲਿਤ ਕੀਤੀਆਂ ਗਈਆਂ ਹਨ।*[65]

ਮਧਕਾਲੀ ਭਾਰਤੀ ਸਾਹਿਤ ਵਿਚ ਆਪ ਦਾ ਮਹੱਤਵ ਪੂਰਨ ਸਥਾਨ ਹੈ। ਆਪ ਉਤਰੀ ਭਾਰਤ ਦੇ ਭਗਤੀ ਅੰਦੋਲਨ ਦੇ ਮੋਢੀ ਕਵੀਆਂ ਵਿਚੋਂ ਇਕ ਹਨ। ਭਗਤੀ ਲਹਿਰ ਵਿਚ ਉਨ੍ਹਾਂ ਦੀ ਭੂਮਿਕਾ ਨੂੰ ਕ੍ਰਾਂਤੀਕਾਰੀ, ਗਤੀਸ਼ੀਲ ਅਤੇ ਸਾਰਥਕ ਮੰਨਿਆ ਗਿਆ। ਆਪ ਨੇ ਦੇਸ਼ ਕਾਲ ਦੀਆਂ ਸੀਮਾਵਾਂ ਉਲੰਘ ਕੇ ਆਪਣੀ ਬਾਣੀ ਰਾਹੀਂ ਸਰਵ ਸ੍ਰੇਸ਼ਟਤਾ ਨਾ ਕੇਵਲ ਉਤਰੀ ਭਾਰਤ ਵਿਚ ਸਗੋਂ ਸਮੁੱਚੇ ਭਾਰਤ ਵਿਚ ਸਥਾਪਿਤ ਕੀਤੀ। ਉਨ੍ਹਾਂ ਨੇ ਆਪਣੇ ਵਿਚਾਰ ਇਤਨੇ ਸਹਿਜ, ਸਰਲ ਤੇ ਸਪੱਸ਼ਟ ਰੂਪ ਵਿਚ ਪ੍ਰਗਟਾਏ ਕਿ ਉਨ੍ਹਾਂ ਦੇ ਦੋਹੇ, ਸ਼ਬਦ ਅਤੇ ਸਾਖੀਆਂ ਘਰ ਘਰ ਤਕ ਪੁਜ ਗਈਆਂ।

ਭਗਤ ਕਬੀਰ ਦੀ ਬਾਣੀ ਬਹੁ ਪੱਖੀ ਹੈ। ਭਾਵੇਂ ਇਸਦੀ ਪ੍ਰਮੁਖ ਸੁਰ ਅਧਿਆਤਮਕ ਹੈ ਪਰ ਸਧਾਰਨ ਜੀਵਨ ਜਿਉਣ ਦੀ ਜੁਗਤੀ ਦਾ ਵਿਲੱਖਣ ਸਾਥਨ ਹੈ। ਆਪ ਨੇ ਪਰੰਪਰਾਵਾਦੀਆਂ, ਕਰਮ ਕਾਂਡੀ ਬ੍ਰਾਹਮਣਾਂ ਮੌਲਾਣਿਆਂ ਅਤੇ ਜਾਤ ਪਾਤ ਦੇ ਅਭਿਮਾਨੀਆਂ ਨੂੰ ਖਰੀਆ ਖੋਟੀਆਂ ਸੁਣਾਈਆਂ ਹਨ। ਕਬੀਰ ਬਾਣੀ ਦੀ ਚੇਤਨਾ ਦਾ ਮੁੱਖ ਬਿੰਦੂ ਬ੍ਰਹਮ ਦੇ ਸੰਕਲਪ ਵਿਚੋਂ ਵੇਖਿਆ ਜਾ ਸਕਦਾ ਹੈ। ਮਨੁੱਖ ਮਾਤਰ ਦੀ ਰੂਹਾਨੀ ਏਕਤਾ ਨੂੰ ਬ੍ਰਹਮ ਬਿੰਦੂ ਦੇ ਹਵਾਲੇ ਨਾਲ ਵਿਸ਼ਵ-ਵਿਆਪੀ ਦੈਵੀ ਹੋਂਦ ਨਾਲ ਸੰਬੰਧਿਤ ਕਰਨਾ ਕਬੀਰ ਦੀ ਬ੍ਰਹਿਮੰਡੀ ਚੇਤਨਾ ਦਾ ਪ੍ਰਮਾਣ ਹੈ। ਇਸ ਅਧਿਆਤਮਕ/ਦਾਰਸ਼ਨਿਕ ਪ੍ਰਮਾਣ ਦੇ ਸਮਾਨੰਤਰ ਉਹ ਬ੍ਰਾਹਮਣ ਅਤੇ ਸ਼ੂਦਰ (ਕੁਲੀਨ ਅਤੇ ਦਲਿਤ) ਦੀ ਪ੍ਰਚੱਲਤ ਮਿੱਥ ਨੂੰ ਲੋਕ ਸੂਝ ਦੇ ਤਰਕ ਰਾਹੀਂ ਵਿਸਫੋਟਿਤ ਕਰ ਦਿੰਦੇ ਹਨ- 'ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ।। ਤਉ ਆਨ ਬਾਟ ਕਾਹੇ ਨਹੀਂ ਆਇਆ'। ਕਬੀਰ ਦੀ ਕ੍ਰਾਂਤੀਕਾਰੀ ਚੇਤਨਾ ਦਾ ਪ੍ਰਮਾਣ ਇਹ ਹੈ ਕਿ ਉਨ੍ਹਾਂ ਨੇ ਬ੍ਰਾਹਮਣ ਦੇ ਸੰਕਲਪ ਨੂੰ ਨਵੀਂ ਪਰਿਭਾਸ਼ਾ ਦੇ ਕੇ ਉਸ ਨੂੰ ਜਾਤ ਅਤੇ ਜਨਮ ਦੇ ਪਰੰਪਰਿਕ ਸੰਕਲਪ ਨਾਲੋਂ ਤੋੜ ਦਿੱਤਾ। ਕਬੀਰ ਲਈ ਅਸਲੀ ਬ੍ਰਾਹਮਣ ਉਹ ਹੈ ਜਿਹੜਾ ਬ੍ਰਹਮ (ਸਰਬ-ਵਿਆਪੀ ਦੈਵੀ ਹੋਂਦ) ਨੂੰ ਆਪਣੇ ਚਿੰਤਨ ਦਾ ਆਧਾਰ ਬਣਾਉਂਦਾ ਹੈ, *'ਕਹੁ ਕਬੀਰ ਜੋ ਬ੍ਰਹਮੁ ਬੀਚਾਰੈ।। ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ'।* [67] ਇਸੇ ਵਿਚਾਰ ਦੀ ਪ੍ਰਤਿ ਧੁਨੀ ਬਾਅਦ ਵਿਚ ਸਾਨੂੰ ਗੁਰੂ ਨਾਨਕ ਬਾਣੀ ਦੇ ਇਸ ਕਥਨ ਵਿਚ ਸੁਣਾਈ ਦਿੰਦੀ ਹੈ:

*ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ।।*
*ਆਪਿ ਤਰੈ ਸਗਲੇ ਕੁਲ ਤਾਰੈ।।* ਪੰਨਾ ੬੬੨

ਹਿੰਦੀ ਦੇ ਪ੍ਰਸਿੱਧ ਵਿਦਵਾਨ ਡਾ. ਸੁਕਦੇਵ ਸਿੰਘ ਨੇ ਕਬੀਰ ਬਾਣੀ ਦੇ ਇਸੇ ਕ੍ਰਾਂਤੀਕਾਰੀ ਮਹੱਤਵ ਨੂੰ ਉਜਾਗਰ ਕਰਦਿਆਂ ਆਖਿਆ ਹੈ, *"ਮਨੁੱਖ ਦੇ ਦਮਨ ਅਤੇ ਅਪਮਾਨ ਦੇ ਖ਼ਿਲਾਫ਼ 'ਕਬੀਰ' ਇਕ ਆਕ੍ਰਮਕ ਸ਼ਬਦ ਹੈ। ਇਸ ਸ਼ਬਦ ਦੇ ਅਰਥ ਵਿਚ ਕਿਸੇ ਨੂੰ ਕੋਈ ਸ਼ੱਕ ਨਹੀਂ ਹੈ। ਸੱਚ ਦੇ ਬਲ ਤੇ ਜਦ ਕੋਈ ਸੁਰ, ਜਦ ਕੋਈ ਵਿਦਰੋਹ, ਜਦ ਕੋਈ ਨਿਰਭੈ ਆਵਾਜ਼ ਕਾਰਜਸ਼ੀਲ ਹੁੰਦੀ ਹੈ- ਉਹ 'ਕਬੀਰ' ਸ਼ਬਦ ਦੇ ਅੰਦਰ ਹੁੰਦੀ ਹੈ। 'ਕਬੀਰ' ਵਿਰੋਧ ਤੇ ਸੱਚਾਈ ਦਾ ਪ੍ਰਤੀਕ ਹੈ। .... ਕਬੀਰ ਇਕ ਅਜਿਹਾ ਸ਼ਬਦ ਹੈ, ਇਕ ਅਜਿਹਾ ਵਾਕ ਹੈ, ਇਕ ਅਜਿਹਾ ਗੀਤ ਹੈ, ਇਕ ਅਜਿਹਾ ਸ਼ਾਸਤਰ ਹੈ ਜਿਹੜਾ ਗ਼ੈਰ-ਬਰਾਬਰੀ ਦੇ ਖ਼ਿਲਾਫ਼ ਲੜਾਈ ਅਤੇ ਇਨਸਾਨੀਅਤ ਦੇ ਖ਼ਾਬਾਂ ਨਾਲ ਲਾਜ਼ਮੀ ਤੌਰ ਤੇ ਜੁੜ ਚੁੱਕਾ ਹੈ। ਕਬੀਰ ਮਨੁੱਖ ਦੀ ਵਿਜੈ ਯਾਤਰਾ ਦਾ ਝੰਡਾ ਹੈ।"* [68]

ਭਗਤ ਕਬੀਰ ਦੇ ਵਿਚਾਰ ਅਨੁਸਾਰ ਨਾਮ ਸਿਮਰਨ ਦੀ ਦਾਤ ਗੁਰੂ ਦੀ ਮਿਹਰ ਦੁਆਰਾ ਪ੍ਰਾਪਤ ਹੋ ਜਾਂਦੀ ਹੈ। ਇਸ ਲਈ ਪਰਮਾਤਮਾ ਦੀ ਨਜ਼ਰ ਵਿਚ ਕੋਈ ਉੱਚਾ ਜਾਂ ਨੀਵਾਂ ਨਹੀਂ ਸਗੋਂ

ਉਸ ਨੂੰ ਆਪਣੀ ਜਾਤ ਤੇ ਮਾਣ ਹੈ ਜਿਸ ਨੇ ਉਸ ਨੂੰ ਪਰਮਾਤਮਾ ਨਾਲ ਜੋੜਿਆ। ਜੋ ਵਿਅਕਤੀ ਹਰਿ-ਨਾਮ ਨੂੰ ਭੁਲਾ ਕੇ ਸੰਸਾਰਕ ਮਾਇਆ ਮੋਹ ਦੇ ਜਾਲ ਵਿਚ ਫਸਦਾ ਹੈ ਤਾਂ ਉਸ ਦਾ ਆਪਣਾ ਕਸੂਰ ਹੁੰਦਾ ਹੈ। ਕਬੀਰ ਸੁੰਦਰ ਸਰੀਰ, ਉਚਾ ਮਕਾਨ, ਸੋਹਣੀ ਇਸਤਰੀ ਅਤੇ ਧਨ ਦੌਲਤ ਉਤੇ ਹੰਕਾਰ ਕਰਨ ਤੋਂ ਤੋਬਾ ਕਰਦੇ ਹਨ। ਇਸ ਕਰਕੇ ਉਹ ਮਾਇਆ ਤੋਂ ਵੀ ਜ਼ਿਆਦਾ ਜ਼ੋਰ ਹੰਕਾਰ ਤਿਆਗਣ ਉਤੇ ਦਿੰਦੇ ਹਨ:-

*ਕਬੀਰ ਮਾਇਆ ਤਜੀ ਤ ਕਿਆ ਭਇਆ ਜਉ ਮਾਨੁ ਤਜਿਆ ਨਹੀ ਜਾਇ।*
*ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ।।* ਪੰਨਾ ੧੩੭੨

ਪਰਮਾਤਮਾ ਤੋਂ ਬਿਨਾਂ ਕਿਸੇ ਹੋਰ ਦੀ ਆਸ ਨਹੀਂ ਕਰਣੀ ਚਾਹੀਦੀ। ਭਗਤ ਕਬੀਰ ਉਹਨਾਂ ਲੋਕਾਂ ਵਿੱਚੋਂ ਨਹੀਂ ਸੀ ਜੋ ਦੂਜਿਆਂ ਨੂੰ ਉਪਦੇਸ਼ ਦਿੰਦਾ ਰਹੇ ਪਰ ਆਪ ਬਿਗਾਨੀ ਆਸ ਲੈ ਕੇ ਬੈਠਾ ਰਹੇ:

*ਕਬੀਰ ਅਵਰਹ ਕਉ ਉਪਦੇਸਤੇ ਮੁਖ ਮੈ ਪਰਿ ਹੈ ਰੇਤੁ।*
*ਰਾਸਿ ਬਿਰਾਨੀ ਰਾਖਤੇ ਖਾਯਾ ਘਰ ਕਾ ਖੇਤੁ।।* ਪੰਨਾ ੧੩੬੯

ਇਸ ਦੁਨੀਆਂ ਵਿਚ ਰਹਿੰਦਿਆਂ ਕੌਡੀਆਂ ਜੋੜ ਕੇ ਅਤੇ ਲੱਖਾਂ ਕਰੋੜਾਂ ਇਕੱਠੇ ਕਰਕੇ ਜਦੋਂ ਸੰਸਾਰ ਨੂੰ ਛਡ ਕੇ ਜਾਣਾ ਹੈ ਤਾਂ ਮਾਇਆ ਨੇ ਨਾਲ ਨਹੀਂ ਨਿਭਣਾ। ਭਗਤ ਕਬੀਰ ਸੰਸਾਰ ਦੀ ਸਥਿਤੀ ਨੂੰ ਦੇਖਦੇ ਹੋਏ ਕਹਿੰਦੇ ਹਨ ਕਿ ਸਤਿਸੰਗ ਸਰੋਵਰ ਅੰਮ੍ਰਿਤ ਨਾਲ ਭਰਿਆ ਪਿਆ ਹੈ ਪਰ ਜਿਨ੍ਹਾਂ ਦੀਆਂ ਅੱਖਾਂ ਤੇ ਦਵੈਤ ਦੀ ਪੱਟੀ ਬੰਨ੍ਹੀ ਹੋਈ ਹੈ ਉਹ ਇਸ ਤੋਂ ਵਾਂਝੇ ਰਹਿ ਜਾਂਦੇ ਹਨ। ਭਗਤ ਤ੍ਰਿਲੋਚਨ ਨਾਮਦੇਵ ਨੂੰ ਪੁਛਦੇ ਹਨ ਕਿ ਮਾਇਆ ਦੇ ਮੋਹ ਵਿਚ ਫਸਿਆ ਕੰਮ ਵਿਚ ਲੱਗਾ ਰਹਿਣ ਦੀ ਬਜਾਏ ਪਰਮਾਤਮਾ ਤੇ ਚਰਨਾਂ ਵਿਚ ਕਿਉਂ ਨਹੀਂ ਜੁੜਦਾ। ਭਗਤ ਕਬੀਰ ਇਸ ਦਾ ਉੱਤਰ ਇਉਂ ਦਿੰਦੇ ਹਨ:

*ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ।।*
*ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ।।* ਪੰਨਾ ੧੩੭੬

ਉਸ ਪਰਮਾਤਮਾ ਦਾ ਸਿਮਰਨ ਕਰਨਾ ਅਤੀ ਜ਼ਰੂਰੀ ਹੈ। ਹਥੀ ਕੰਮ ਕਰਦਿਆਂ ਉਸ ਦਾ ਨਾਮ ਮਨੋ ਨਹੀਂ ਵਿਸਾਰਨਾ ਚਾਹੀਦਾ। ਉਸੇ ਤਰ੍ਹਾਂ:

*ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ।।*
*ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ।।* ਪੰਨਾ ੧੩੭੭

ਭਗਤ ਕਬੀਰ ਅਨੁਸਾਰ ਤੀਰਥਾਂ ਤੇ ਇਸ਼ਨਾਨ ਕਰਣਾ ਤੇ ਹੋਰ ਧਰਮ ਕਰਮ ਕਰਨੇ ਬੜੇ ਚੰਗੇ ਹਨ ਪਰ ਭੰਗ, ਮੱਛੀ, ਸਰਾਬ ਆਦਿ ਨਸ਼ਿਆਂ ਦਾ ਸੇਵਨ ਕਰਕੇ ਇਹ ਸਭ ਧਰਮ-ਕਰਮ ਵਿਅਰਥ ਚਲੇ

ਜਾਣਗੇ। ਗ੍ਰਿਹਿਸਥੀ ਦਾ ਧਰਮ ਹੈ ਨਾਮ ਜਪਣਾ, ਧਰਮ ਦੀ ਕਿਰਤ ਕਰਨੀ ਤੇ ਵੰਡ ਕੇ ਛਕਣਾ। ਬੈਰਾਗੀ ਤੋਂ ਭਾਵ ਹੈ ਵਿਸ਼ੇ ਵਿਕਾਰਾਂ ਤੋਂ ਤਿਆਗ, ਜੋ ਕਥਨੀ ਤੇ ਕਰਨੀ ਦੇ ਖੇਤਰ ਵਿਚ ਪੂਰਾ ਹੋਵੇ। ਧਰਮ ਅਨੁਸਾਰ ਆਪਣਾ ਜੀਵਨ ਬਸਰ ਕਰਨਾ ਚਾਹੀਦਾ ਹੈ ਕਿਉਂਕਿ ਅਜਿਹਾ ਬੈਰਾਗ ਵੀ ਫਜ਼ੂਲ ਹੈ ਜੋ ਮਨੁੱਖ ਨੂੰ ਮਾਇਆ ਦੇ ਬੰਧਨ ਤੋਂ ਮੁਕਤ ਨਾ ਕਰ ਸਕੇ। ਉਹ ਉਹਨਾਂ ਸਾਧੂ ਸੰਤਾਂ ਨੂੰ ਵੀ ਆੜੇ ਹੱਥੀ ਲੈਂਦੇ ਹਨ ਜੋ ਨਸ਼ੀਲੇ ਪਦਾਰਥਾਂ ਦਾ ਸੇਵਨ ਕਰਕੇ ਤੱਪ-ਸਾਧਨਾ ਦਾ ਢੋਂਗ ਰਚਾਉਂਦੇ ਹਨ। ਅਜਿਹੇ ਭੇਖੀ, ਪਾਖੰਡੀ ਅਤੇ ਦੰਭੀ ਸਾਧੂ ਸੰਤਾਂ ਨੂੰ ਸੂਕਰ ਤੋਂ ਵੀ ਭੈੜੇ ਮੰਨਦਾ ਹੈ:

*ਕਬੀਰ ਸਾਕਤ ਤੇ ਸੂਕਰ ਭਲਾ ਰਾਖੈ ਆਛਾ ਗਾਉ॥*

*ਉਹੁ ਸਾਕਤੁ ਬਪੁਰਾ ਮਰਿ ਗਇਆ ਕੋਇ ਨ ਲੈਹੈ ਨਾਉ॥* ਪੰਨਾ ੧੩੭੨

**ਸਲੋਕ ਸੇਖ ਫਰੀਦ ਕੇ** : ਮੱਧਕਾਲੀ ਭਾਰਤ ਦੀ ਅਧਿਆਤਮਕ ਧਾਰਾ ਵਿਚ ਸ਼ੇਖ ਫਰੀਦ ਦਾ ਨਾਮ ਕਾਫੀ ਮਹੱਤਵਪੂਰਨ ਹੈ। ਜੋ ਸਿਰਫ ਸ਼ਰੀਅਤ ਦਾ ਪੁਜਾਰੀ ਹੀ ਨਹੀਂ ਸਗੋਂ ਇਕ ਪਰਪੱਕ ਸੂਫੀ ਕਵੀ, ਨਿਰਗੁਣ ਭਗਤੀ ਧਾਰਾ ਦੇ ਭਗਤ ਅਤੇ ਗੁਰਮਤਿ ਮਾਰਗ ਦੇ ਸੱਚਾ ਸੁੱਚਾ ਪਾਂਧੀ ਮੰਨਿਆ ਜਾਂਦਾ ਹੈ। ਉਹ ਪਹਿਲਾ ਸੂਫੀ ਕਵੀ ਹੈ ਜਿਸਨੇ ਗੁਰਮਤਿ ਅਤੇ ਭਗਤੀ ਮਾਰਗ ਦੇ ਉੱਚ ਭਾਵਾਂ ਅਤੇ ਆਸ਼ਿਆਂ ਦੇ ਅਜਿਹੇ ਪੂਰਨੇ ਪਾਏ, ਜਿਨ੍ਹਾਂ ਉੱਪਰ ਪਿਛੋਂ ਆਉਣ ਵਾਲੇ ਲਗਪਗ ਸਾਰੇ ਸੂਫੀ, ਭਗਤ ਅਤੇ ਗੁਰਮਤਿ ਵਿਚਾਰਵਾਨਾਂ ਨੇ ਆਲੀਸ਼ਾਨ ਮਹਿਲ ਉਸਾਰੇ।[69] ਗੁਰੂ ਗ੍ਰੰਥ ਸਾਹਿਬ ਵਿਚ ਆਪ ਦੇ ੧੩੦ ਸਲੋਕ ਅਤੇ ਚਾਰ ਸ਼ਬਦ ਦੋ ਰਾਗ ਆਸਾ ਅਤੇ ਦੋ ਰਾਗ ਸੂਹੀ ਵਿਚ ਦਰਜ ਹਨ। ਰਾਗ ਮੁਕਤ ਬਾਣੀ ਦੇ ਪਰਿਪੇਖ ਵਿਚ ਅਸੀਂ ਸਿਰਲੇਖ 'ਸਲੋਕ ਸ਼ੇਖ ਫਰੀਦ ਕੇ' ਹੀ ਵਾਚਾਂਗੇ। ਜਿਸ ਵਿਚੋਂ ੧੧੨ ਸਲੋਕ ਸੇਖ ਫਰੀਦ ਦੇ ਹਨ ਅਤੇ ਬਾਕੀ ੧੮ ਸਲੋਕ ਵਖ ਵਖ ਗੁਰੂ ਸਾਹਿਬਾਨ ਦੇ ਦਰਜ ਹਨ। ਗੁਰੂ ਅਰਜਨ ਦੇਵ ਨੇ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਸਮੇਂ ਇਹ ਸਲੋਕ ਭਾਵਾਂ ਦੀ ਸਪਸ਼ਟਤਾ ਜਾਂ ਸਮਰੂਪ ਭਾਵ ਦਰਸਾਉਣ ਲਈ ਦਰਜ ਕੀਤੇ। ਕਿਸੇ ਦੇ ਦਿਲ ਨੂੰ ਦੁਖਾਣ ਦਾ ਅਰਥ ਹੀ ਰੱਬ ਨੂੰ ਦੁਖਾਣਾ ਹੈ। ਇਸ ਕਰਕੇ ਪਰਮਾਤਮਾ ਦਾ ਪ੍ਰੇਮ ਹੀ ਮਾਨਵ-ਪ੍ਰੇਮ ਸਿਖਾਉਂਦਾ ਹੈ। ਹਰ ਬੰਦੇ ਦਾ ਮਨ ਅਨਮੋਲ ਮੋਤੀ ਹੈ ਅਤੇ ਇਸ ਲਈ ਮਨੁੱਖਾਂ ਦਾ ਦਿਲ ਦੁਖਾਉਣ ਨਾਲ ਤਾਂ ਕਦੀ ਵੀ ਪ੍ਰੀਤਮ ਦੀ ਪ੍ਰਸੰਨਤਾ ਮਿਲ ਹੀ ਨਹੀਂ ਸਕਦੀ:

*ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ॥*

*ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥* ਪੰਨਾ ੧੩੮੪

ਰੱਬ ਦਾ ਸੱਚਾ ਭਗਤ ਦੁਨੀਆਂ ਦੇ ਹਰ ਜੀਵ ਚੋਂ ਉਸੇ ਦਾ ਝਲਕਾਰਾ ਪ੍ਰਾਪਤ ਕਰਦਾ ਹੈ। ਇਸੇ ਕਰਕੇ ਊਚ-ਨੀਚ, ਮੇਰ-ਤੇਰ, ਦੂਈ-ਦਵੈਤ, ਗੁੱਸਾ-ਗਿਲਾ ਆਦਿ ਸਭ ਸ਼ਿਕਵੇ ਮਿਟ ਜਾਂਦੇ ਹਨ:

*ਫਰੀਦਾ ਮਨੁ ਮੈਦਾਨੁ ਕਰਿ ਟੋਏ ਟਿਬੇ ਲਾਹਿ॥*

*ਅਗੈ ਮੂਲਿ ਨ ਆਵਸੀ ਦੋਜਕ ਸੰਦੀ ਭਾਹਿ॥* ਪੰਨਾ ੧੩੮੧

ਬਾਬਾ ਫਰੀਦ ਪਰਮਾਤਮਾ ਦਾ ਵਾਸਾ ਹਰ ਜੀਵ ਵਿਚ ਮੰਨਦੇ ਹਨ। ਅਤਿ ਦੇ ਕੋਮਲ ਹਿਰਦੇ ਵਾਲਾ ਫਰੀਦ ਨਿਮਰਤਾ ਤੇ ਖਿਮਾ ਭਾਵਨਾ ਨਾਲ ਓਤ ਪ੍ਰੋਤ ਹੋ ਕੇ ਮਾਰਨ ਵਾਲੇ ਦੇ ਘਰ ਜਾ ਕੇ ਵੀ ਉਸਦੇ ਪੈਰ ਚੁੰਮਣ ਲਈ ਤਿਆਰ ਹਨ:

*ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ॥*

*ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ॥* ਪੰਨਾ ੧੩੭੮

ਨਿਮਰਤਾ ਉਸ ਹਿਰਦੇ ਵਿਚ ਹੀ ਪ੍ਰਵੇਸ਼ ਕਰ ਸਕਦੀ ਹੈ ਜਿੱਥੇ ਹਉਮੈ ਦਾ ਨਾਮੋ ਨਿਸ਼ਾਨ ਹੀ ਨਾ ਹੋਵੇ। ਇਸ ਲਈ ਹਉਮੈ ਤੇ ਭਗਤੀ ਇਕੱਠੇ ਹੋ ਹੀ ਨਹੀਂ ਸਕਦੇ। ਬਾਬਾ ਫਰੀਦ ਮਨੁੱਖ ਨੂੰ ਅਜੇਹਾ ਨਿਮਰ ਬਨਣ ਦਾ ਸੁਨੇਹਾ ਦਿੰਦੇ ਹਨ ਜੋ ਰਸਤੇ ਦੀ ਘਾਹ ਦੀ ਤਰ੍ਹਾਂ ਸਾਰਿਆਂ ਦੇ ਪੈਰਾਂ ਥੱਲੇ ਲਿਤਾੜਿਆ ਜਾਵੇ। ਜਿਸ ਸਦਕਾ ਸਾਂਈਂ ਦੇ ਦਰਬਾਰ ਵਿਚ ਪ੍ਰਵਾਨ ਹੋ ਜਾਵੇ:

*ਫਰੀਦਾ ਥੀਉ ਪਵਾਹੀ ਦਭੁ॥*

*ਜੇ ਸਾਈਂ ਲੋੜਹਿ ਸਭੁ॥*

*ਇਕੁ ਛਿਜਹਿ ਬਿਆ ਲਤਾੜੀਅਹਿ॥*

*ਤਾਂ ਸਾਈ ਦੈ ਦਰਿ ਵਾੜੀਅਹਿ॥* ਪੰਨਾ ੧੩੭੮

ਕ੍ਰੋਧ ਤੋਂ ਕੋਹਾਂ ਦੂਰ ਰਹਿ ਕੇ ਹੀ ਜ਼ਿੰਦਗੀ ਨੂੰ ਵਧੀਆ ਬਣਾਇਆ ਜਾ ਸਕਦਾ ਹੈ:

*ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥*

*ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥* ਪੰਨਾ ੧੩੮੨

ਇਨ੍ਹਾਂ ਵਿਚੋਂ ਚਾਰ ਸਲੋਕ ਅੰਕ ੩੨, ੧੧੩, ੧੨੦, ੧੨੪ ਗੁਰੂ ਨਾਨਕ ਦੇਵ, ਗੁਰੂ ਅਮਰਦਾਸ ਪੰਜ ਸਲੋਕ ੧੩ , ੫੨, ੧੦੪, ੧੨੨, ੧੨੩ ਗੁਰੂ ਰਾਮਦਾਸ ਦਾ ਇੱਕ ਸਲੋਕ (੧੨੧) ਅਤੇ ਗੁਰੂ ਅਰਜਨ ਦੇਵ ਦੇ ਅਠ ਸਲੋਕ ੭੫, ੮੨, ੮੩, ੧੦੫, ੧੦੮, ੧੦੯, ੧੧੦, ੧੧੧ ਹਨ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਇਹ ਸਲੋਕ ਫਰੀਦ ਸਾਹਿਬ ਦੇ ਸਲੋਕਾਂ ਉੱਤੇ ਗੁਰੂ ਸਾਹਬਾਨ ਦੀ ਟਿੱਪਣੀ ਦੇ ਰੂਪ ਵਿਚ ਹਨ। ਪਰ ਕੁਝ ਵਿਦਵਾਨ ਇਹ ਮੰਨਦੇ ਹਨ ਕਿ ਫਰੀਦ ਦੇ ਭਾਵਾਂ ਨੂੰ ਸਪਸ਼ਟ

ਕਰਨ ਜਾਂ ਵਿਸਥਾਰ ਦੇਣ ਲਈ ਗੁਰੂ ਅਰਜਨ ਦੇਵ ਨੇ ਇਨ੍ਹਾਂ ਨੂੰ ਦਰਜ ਕੀਤਾ ਹੈ। ਪਰ ਡਾ. ਰਤਨ ਸਿੰਘ ਜੱਗੀ ਅਨੁਸਾਰ *ਗੁਰੂ ਅਰਜਨ ਦੇਵ ਨੇ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਵੇਲੇ ਪ੍ਰਸੰਗ/ਭਾਵ ਅਨੁਰੂਪ ਦਰਜ ਕੀਤੇ ਸਨ।*[70]

ਬਾਬਾ ਫਰੀਦ ਇਕ ਰਹੱਸਵਾਦੀ ਸੂਫੀ ਫਕੀਰ ਹਨ, ਜਿਨ੍ਹਾਂ ਦੀ ਆਤਮਾ ਆਪਣੇ ਪਰਵਿਦਗਾਰ ਨਾਲ ਇਕਸੁਰ ਹੋਣ ਲਈ ਇਸ਼ਕ ਦੇ ਰੰਗ ਵਿਚ ਰੰਗੀ ਹੋਈ ਹੈ। ਉਸ ਸੁਲੱਖਣੀ ਘੜੀ ਦੀ ਆਸ ਵਿਚ ਉਹਨਾਂ ਨੇ ਮਾਨਵ ਜੀਵਨ ਵਿਚ ਉਚੇਰੀਆਂ ਸਦਾਚਾਰਕ ਕੀਮਤਾਂ ਨੂੰ ਅਪਣਾ ਕੇ ਪ੍ਰਚਾਰ ਕੀਤਾ। ਕਈ ਆਲੋਚਕ ਬਾਬਾ ਫਰੀਦ ਨੂੰ ਨਿਰਾਸ਼ਾਵਾਦੀ ਕਵੀ ਮੰਨਦੇ ਹਨ। ਇਸ ਲਈ ਉਹ ਬਾਬਾ ਫਰੀਦ ਦੇ ਉਨ੍ਹਾਂ ਸਲੋਕਾਂ ਨੂੰ ਪ੍ਰਸਤੁਤ ਕਰਦੇ ਹਨ ਜਿਨ੍ਹਾਂ ਵਿਚ ਸੰਸਾਰ ਦੀ ਨਾਸ਼ਮਾਨਤਾ ਦਾ ਜ਼ਿਕਰ ਹੁੰਦਾ ਹੈ। ਬਾਬਾ ਫਰੀਦ ਮਾਇਆ ਵਿਚ ਗ੍ਰਸਤ ਲੋਕਾਂ ਨੂੰ ਜ਼ਿੰਦਗੀ ਦੀ ਅਟੱਲ ਸਚਾਈ ਦਾ ਗਿਆਨ ਕਰਵਾਉਂਦੇ ਹਨ। ਮਨੁੱਖ ਵਿਕਾਰਾਂ ਵਿਚ ਫਸ ਕੇ ਗੁਰੂ ਨੂੰ ਭੁਲਾ ਬੈਠਾ ਹੈ। ਮੌਤ ਇਕ ਅਟੱਲ ਸਚਾਈ ਹੈ ਅਤੇ ਕਿਉਂ ਨਾ ਉਸਦੇ ਵੱਸ ਪੈਣ ਤੋਂ ਪਹਿਲਾਂ ਕਰਮਸ਼ੀਲ ਹੋ ਕੇ ਆਪਣਾ ਸਮਾਂ ਵਿਅਰਥ ਨਹੀਂ ਗੁਆਉਣਾ ਚਾਹੀਦਾ। ਮੌਤ ਤਾਂ ਜ਼ਿੰਦਗੀ ਦਾ ਕੌੜਾ ਸੱਚ ਹੈ ਜਿਸ ਤੋਂ ਮੂੰਹ ਨਹੀਂ ਫੇਰਿਆ ਜਾ ਸਕਦਾ। ਬਾਬਾ ਫਰੀਦ ਦੇ ਸਲੋਕਾਂ ਵਿਚ ਬਾਹਰਮੁਖੀ ਤੌਰ ਤਾਂ ਮੌਤ ਦੀ ਸੁਰ ਸੁਣਾਈ ਦਿੰਦੀ ਹੈ ਪਰ ਅਸਲ ਵਿਚ ਬਾਬਾ ਜੀ ਇਹ ਦੱਸਣਾ ਚਾਹੁੰਦੇ ਹਨ ਕਿ ਮਾਇਆ ਵਿਚ ਅੰਨ੍ਹੇ ਲੋਕ ਮੌਤ ਨੂੰ ਭੁਲਾ ਕੇ ਜ਼ਿੰਦਗੀ ਨੂੰ ਹੀ ਮੌਤ ਬਣਾਈ ਬੈਠੇ ਹਨ। ਸਰੀਰਕ ਸੁੰਦਰਤਾ, ਸੋਹਣੇ ਵੇਸ, ਉਤਮ ਖਾਣਾ ਪੀਣਾ ਸਭ ਵਿਅਰਥ ਹੈ। ਉਸ ਲਈ ਸੰਸਾਰ ਦੀ ਥੋੜ੍ਹ-ਚਿਰੀ ਖੇਡ ਦਾ ਗਿਆਨ ਹੋ ਜਾਣ ਕਰਕੇ ਸੰਸਾਰਿਕ ਪਦਾਰਥਾਂ ਦੀਆਂ ਪ੍ਰਾਪਤੀਆਂ ਬਿਲਕੁਲ ਕੋਈ ਅਰਥ ਨਹੀਂ ਰੱਖਦੀਆਂ। ਉਹ ਜੋਗੀਆਂ ਅਤੇ ਸੰਨਿਆਸੀਆਂ ਵਾਂਗ ਘਰ ਗ੍ਰਿਹਸਥ ਦੇ ਤਿਆਗ ਦੀ ਗੱਲ ਵੀ ਨਹੀਂ ਕਰਦੇ, ਸਗੋਂ ਸਿਖ ਗੁਰੂ ਸਾਹਿਬਾਨ ਵਾਂਗ ਹੱਕ ਹਲਾਲ ਦੀ ਕਮਾਈ ਕਰਕੇ ਜੀਵਨ ਦੇ ਕਰਤੱਵਾਂ ਦੀ ਪਾਲਣਾ ਕਰਦੇ ਹੋਏ ਆਪਣੇ ਹਿਰਦੇ ਵਿਚੋਂ ਹੀ ਉਸ ਨੂੰ ਲੱਭਣ ਦੀ ਗਲ ਤੋਰਦੇ ਹਨ:

*ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥*

*ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥* ਪੰਨਾ ੧੩੭੮

ਬਾਬੇ ਫਰੀਦ ਦਾ ਰੱਬ ਮਨੁੱਖ ਦੇ ਹਿਰਦੇ ਵਿਚ ਵਸਦਾ ਹੈ। ਉਹ ਸਮੁੱਚੀ ਮਾਨਵ ਜਾਤੀ ਨੂੰ ਭਰਾਤਰੀ ਭਾਵ, ਪ੍ਰੇਮ, ਪਰਉਪਕਾਰ, ਨੇਕੀ, ਨਿਮਰਤਾ, ਮਿੱਠਤ, ਖਿਮਾ ਅਤੇ ਸਹਿਣਸ਼ੀਲਤਾ ਦਾ ਉਪਦੇਸ਼ ਦਿੰਦੇ ਹਨ। ਉਹ ਆਸ਼ਾਵਾਦੀ ਰੁਚੀ ਰਖਦੇ ਹੋਏ ਮੌਤ ਤੋਂ ਵਖ ਹੋ ਕੇ ਸੰਸਾਰ ਤੋਂ ਭੱਜਣ ਦੀ ਗੱਲ ਨਹੀਂ ਕਰਦੇ ਸਗੋਂ ਜ਼ਿੰਦਗੀ ਨੂੰ ਅਸਲ ਅਰਥਾਂ ਵਿਚ ਜ਼ਿੰਦਗੀ ਬਨਾਉਣ ਲਈ ਚੰਗੇ ਅਮਲ

ਕਰਨ ਦਾ ਸੰਦੇਸ਼ ਦਿੰਦੇ ਹਨ। ਜਿਥੇ ਬਾਬਾ ਫਰੀਦ ਨੇ ਅਧਿਆਤਮਕਤਾ ਤੇ ਸਮਾਜਿਕਤਾ ਦੀ ਗੱਲ ਕੀਤੀ ਹੈ ਉਥੇ ਸਮੇਂ ਦੇ ਧਾਰਮਿਕ ਪਖੰਡਾਂ ਨੂੰ ਵੀ ਨੰਗਾ ਕਰ ਕੇ ਉਹਨਾਂ ਨੇ ਧਰਮ ਦੇ ਨਾਂ ਤੇ ਕੁਕਰਮ ਕਰਨ ਵਾਲੇ ਲੋਕਾਂ ਉਤੇ ਵਿਅੰਗ ਭਰੀਆਂ ਚੋਭਾਂ ਲਾਈਆਂ ਹਨ। ਜੇ ਮਨੁੱਖ ਅੰਦਰੋਂ ਬਾਹਰੋਂ ਸ਼ੁਧ ਹੋਵੇਗਾ ਤਾਂ ਪਰਮਾਤਮਾ ਦੀ ਬੰਦਗੀ ਦੇ ਕਾਬਲ ਹੋ ਸਕਦਾ ਹੈ।

ਉਨ੍ਹਾਂ ਨੇ ਆਪਣੇ ਸਲੋਕਾਂ ਵਿਚ ਆਪਣੇ ਵੇਲੇ ਦੇ ਸਮਾਜ ਦੀ ਸਿੱਧੀ ਆਲੋਚਨਾ ਨਹੀਂ ਕੀਤੀ ਪਰ ਇਸ ਕਾਣੀ ਸ਼੍ਰੇਣੀ ਵੰਡ ਉਪਰ ਆਪਣੇ ਵਿਚਾਰ ਜ਼ਰੂਰ ਪੇਸ਼ ਕੀਤੇ ਹਨ। ਪਾਪਾਂ ਨਾਲ ਇਕੱਠੀ ਕੀਤੀ ਦੌਲਤ ਵਾਲੇ ਨੂੰ ਸਜ਼ਾ ਜ਼ਰੂਰ ਭੁਗਤਣੀ ਪੈਂਦੀ ਹੈ। ਉਨ੍ਹਾਂ ਦੀ ਸਮੁੱਚੀ ਹਮਦਰਦੀ ਕਿਰਤੀ ਸ਼੍ਰੇਣੀ ਨਾਲ ਹੈ 'ਫਰੀਦਾ ਇਕਨਾ ਆਟਾ ਅਗਲਾ ਇਕਨਾ ਨਾਹੀ ਲੋਣੁ' ਪਰ ਨਾਲ ਹੀ ਗਰੀਬ ਕਿਰਤੀਆਂ ਨੂੰ ਇਹ ਸੁਨੇਹਾ ਵੀ ਦਿੰਦੇ ਹਨ ਕਿ ਅਮੀਰਾਂ ਦੀ ਚੋਪੜੀ ਨੂੰ ਦੇਖ ਕੇ ਆਪਣੀ ਹੱਕ ਹਲਾਲ ਦੀ ਕਮਾਈ ਨੂੰ ਛਡ ਕੇ ਲਾਲਚ ਵਿਚ ਨਾ ਆ ਜਾਵੀਂ।

### (ਹ) ਭੱਟਾਂ ਦੇ ਸਵੱਈਏ

ਗੁਰੂ ਗ੍ਰੰਥ ਸਾਹਿਬ ਦੇ ਪੰਨਾ ੧੩੮੫ ਉਪਰ ੧ਓ ਤੋਂ ਗੁਰਪ੍ਰਸਾਦਿ ਭਾਵ ਮੂਲ ਮੰਤਰ ਉਪਰੰਤ ਸਿਰਲੇਖ ਹੈ 'ਸਵੱਯੇ ਸ੍ਰੀ ਮੁਖਵਾਕ ਮਹਲਾ ੫' ਇਸ ਸਿਰਲੇਖ ਅਧੀਨ ਗੁਰੂ ਅਰਜਨ ਦੇਵ ਰਚਿਤ ੯ ਸੱਵਈਏ ਹਨ। ਜੋ ੧੩੮੭ ਪੰਨੇ ਉਪਰ ਸਮਾਪਤ ਹੁੰਦੇ ਹਨ। ਸਵੈਯੇ ਸ੍ਰੀ ਮੁਖਵਾਕ ਮਹਲਾ ੫ '੧ਓ ਸਤਿਗੁਰੁ ਪ੍ਰਸਾਦਿ' ਦੇ ਰੂਪ ਵਿਚ ਸੰਖਿਪਤ ਮੂਲ ਮੰਤਰ ਦੇ ਕੇ ਗੁਰੂ ਅਰਜਨ ਦੇਵ ਦੇ ਦੂਜੇ ਜੁਟ ਦੇ ੧੧ ਸੱਵਈਏ ਅੰਕਿਤ ਹਨ। ਗੁਰੂ ਗ੍ਰੰਥ ਸਾਹਿਬ ਦੇ ਪੰਨਾ ੧੩੮੯ ਉਪਰ 'ਸੱਵਈਏ ਮਹਲੇ ਪਹਿਲੇ ਕੇ' ਨੂੰ ਅੰਕਾਂ ਵਿਚ ਲਿਖਕੇ ੧ਓ ਸਿਤਿਗੁਰ ਪ੍ਰਸਾਦਿ' ਦੇ ਮੰਗਲਾਚਰਣ ਨਾਲ ਭੱਟ ਆਪਣੇ 'ਸੱਵਈਏ' ਆਰੰਭ ਕਰਦੇ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨ, ਹਿੰਦੂ, ਮੁਸਲਮਾਨ, ਸੰਤਾਂ ਭਗਤਾਂ ਦੇ ਨਾਲ ਨਾਲ ਭੱਟਾਂ ਦੀ ਬਾਣੀ ਵੀ ਸ਼ਾਮਲ ਕੀਤੀ ਗਈ ਹੈ। ਭੱਟ ਗੁਰੂ ਘਰ ਦੇ ਅਨਿੰਨ ਸ਼ਰਧਾਲੂ ਮੰਨੇ ਜਾਂਦੇ ਹਨ। ਆਮ ਤੌਰ ਤੇ ਇਹ ਮੰਨਿਆ ਜਾਂਦਾ ਹੈ ਕਿ ਭੱਟ ਲੋਕ ਆਪਣੇ ਆਸਰਾ ਦੇਣ ਵਾਲੇ ਰਾਜਿਆਂ ਮਹਾਰਾਜਿਆਂ ਜਾਂ ਉਸਦੇ ਦਰਬਾਰ ਦੇ ਪ੍ਰਮੁੱਖ ਵਿਅਕਤੀਆਂ ਦੀ ਪ੍ਰਸੰਸਾ ਕਰਨ ਲਈ ਕਾਵਿ ਰਚਨਾ ਕਰਦੇ ਸਨ। ਇਸਦੇ ਬਦਲੇ ਉਨ੍ਹਾਂ ਨੂੰ ਚੋਖੀਆਂ ਜ਼ਮੀਨਾਂ, ਜਾਇਦਾਦਾਂ ਅਤੇ ਜਗੀਰਾਂ ਪ੍ਰਾਪਤ ਹੁੰਦੀਆਂ ਸਨ ਪਰ ਇਹ ਭੱਟ ਕਵੀ ਗੁਰੂ ਦਰਬਾਰ ਬਿਨਾਂ ਕਿਸੇ ਇਨਾਮ ਦੀ ਇੱਛਾ ਤੋਂ ਸਿਰਫ਼ ਗੁਰੂ ਦੀ ਮਿਹਰ ਭਰੀ ਨਦਰਿ ਵਾਸਤੇ ਹੀ ਮੌਜੂਦ ਹਨ। ਉਨ੍ਹਾਂ ਦਾ ਮੰਤਵ ਪੈਸਾ ਕਮਾਉਣਾ ਨਹੀਂ ਸੀ ਸਗੋਂ ਉਹ ਗੁਰੂ

ਦੇ ਚਰਣਾਂ ਦੀ ਛੂਹ ਪ੍ਰਾਪਤ ਕਰਨ ਲਈ ਆਏ ਸਨ। ਉਨ੍ਹਾਂ ਨੇ ਗੁਰੂ ਸਾਹਿਬਾਨ ਦੀ ਪ੍ਰਸੰਸਾ ਕਿਸੇ ਵਿਅਕਤੀ ਵਿਸ਼ੇਸ਼ ਨੂੰ ਪ੍ਰਭਾਵਿਤ ਕਰਨ ਦੇ ਉਦੇਸ਼ ਨਾਲ ਨਹੀਂ ਘੜੀ, ਸਗੋਂ ਅਖੀਂ ਡਿਠੇ ਨੂੰ ਸ਼ਬਦਾਂ ਰਾਹੀਂ ਪ੍ਰਗਟ ਕਰਨ ਦਾ ਸੋਹਣਾ ਢੰਗ ਵਰਤਿਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭੱਟਾਂ ਦੇ ਸੱਵਈਏ ਗੁਰੂ ਦਰਬਾਰ ਜਾ ਕੇ ਉਨ੍ਹਾਂ ਦੀ ਮਹਿਮਾ ਵਿਚ ਉਚਾਰੇ ਗਏ ਹਨ। ਇਸੇ ਕਰਕੇ ਪੰਚਮ ਪਾਤਸ਼ਾਹ ਨੇ ਉਨ੍ਹਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਯੋਗ ਸਥਾਨ ਦਿੱਤਾ ਹੈ। ਭੱਟ ਬਾਣੀ ਉਸਤਤ ਕਾਵਿ ਹੈ ਅਤੇ ਸੰਸਕ੍ਰਿਤ ਵਿਚ 'ਸਤੁਤਿ ਕਾਵਯ' ਦੀ ਅਮੀਰ ਪਰੰਪਰਾ ਹੈ। ਭਾਈ ਗੁਰਦਾਸ ਨੇ ਇਨ੍ਹਾਂ ਭੱਟਾਂ ਨੂੰ 'ਵੇਦਾਂ ਦੇ ਅਵਤਾਰ' ਮੰਨਿਆ ਹੈ। ਇਹ ਵਿਦਵਾਨ ਜਗਿਆਸੂ ਹੋਣ ਕਰਕੇ ਅਨੇਕ ਸਾਧ-ਸੰਤਾਂ ਪਾਸ ਜਾਂਦੇ ਰਹਿੰਦੇ ਹਨ ਪਰ ਤਾਂ ਵੀ ਉਨ੍ਹਾਂ ਦੀ ਜਗਿਆਸਾ ਸ਼ਾਂਤ ਨਹੀਂ ਸੀ ਹੋਈ। ਭਿੱਖਾ ਭੱਟ 'ਸੱਵਈਏ ਮਹਲੇ ਤੀਜੇ ਕੇ' ਵਿੱਚ ਲਿਖਦੇ ਹਨः-

*ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ॥*
*ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ॥*
*ਬਰਸ ਏਕ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ॥*
*ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ॥* ਪੰਨਾ ੧੩੯੫-੯੬

ਡਾ. ਰਤਨ ਸਿੰਘ ਜੱਗੀ ਅਨੁਸਾਰ, '*ਹਾਰ ਹੁਟ ਕੇ ਉਹ ਗੁਰੂ ਅਰਜਨ ਦੇਵ ਦੀ ਸ਼ਰਨ ਵਿਚ ਪਹੁੰਚੇ। ਉਥੇ ਉਹਨਾਂ ਦੀ ਅਧਿਆਤਮਕ ਜਗਿਆਸਾ ਸਮਾਪਤ ਹੋਈ। ਇਹ ਤਦ ਹੀ ਸੰਭਵ ਹੋਇਆ ਜਦੋਂ ਉਨ੍ਹਾਂ ਦੇ ਮਸਤਕ ਉਤੇ ਭਾਗ ਰੇਖਾ ਦਾ ਉਦਭਵ ਹੋਇਆ।*'[71]

*ਜਬ ਲਉ ਨਹੀ ਭਾਗ ਲਿਲਾਰ ਉਦੈ ਤਬ ਲਉ ਭ੍ਰਮਤੇ ਫਿਰਤੇ ਬਹੁ ਧਾਯਉ॥*
*ਕਲਿ ਘੋਰ ਸਮੁਦ੍ਰ ਮੈ ਬੂਡਤ ਥੇ ਕਬਹੂ ਮਿਟਿ ਹੈ ਨਹੀ ਰੇ ਪਛੁਤਾਯਉ॥* ਪੰਨਾ ੧੪੦੯

ਭੱਟ ਸ਼ਬਦ ਵੀਰ ਯੋਧਿਆਂ ਲਈ ਵਰਤਿਆ ਜਾਂਦਾ ਹੈ। ਭੱਟ ਜੋਧੇ ਤੇ ਬੀਰ ਨੂੰ ਵੀ ਆਖਦੇ ਹਨ ਤੇ ਲੋਕਾਂ ਦਾ ਜਸ ਕਰਕੇ ਦਾਨ ਤੇ ਬਖਸ਼ਿਸ਼ ਲੈਣ ਵਾਲੇ ਨੂੰ ਵੀ।[72] ਭਾਈ ਕਾਹਨ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ ਭੱਟ ਸ਼ਬਦ ਦਾ ਅਰਥ (੧) ਉਸਤਤ ਕਰਨ ਵਾਲਾ ਕਵਿ, ਰਾਜ ਦਰਬਾਰ ਵਿਚ ਰਾਜਾ ਤੇ ਯੋਧਿਆਂ ਦਾ ਜਸ ਗਾਉਣ ਵਾਲਾ ; (੨) ਵੇਦ ਗਿਆਤਾ ਪੰਡਤ; (੩) ਪੰਜਾਂ ਸਤਿਗੁਰੂ ਦੀ ਮਹਿਮਾ ਕਰਨ ਵਾਲੇ ਭੱਟ' ਭਾਵੇਂ ਵੀਰ ਯੋਧੇ ਹੋਣ ਤੇ ਭਾਵੇਂ ਰਾਜਿਆਂ, ਮਹਾਰਾਜਿਆਂ, ਵੀਰ ਯੋਧਿਆਂ ਦੀ ਉਸਤਤੀ ਗਾਇਣ ਕਰਨ ਵਾਲੇ ਹੋਣ ਪਰ ਉਨ੍ਹਾਂ ਨੂੰ ਪ੍ਰਸੰਸਾ ਯੋਗ ਵਿਦਵਾਨ ਅਤੇ ਯੋਧੇ ਮੰਨਿਆ ਜਾਂਦਾ ਹੈ।[73] ਭੱਟਾਂ ਦੀ ਰਚਨਾ ਅਤੇ ਉਨ੍ਹਾਂ ਦੇ ਜੀਵਨ-ਮੂਲਕ ਵੇਰਵਿਆਂ ਬਾਰੇ ਜਾਣਕਾਰੀ ਪ੍ਰੋ. ਸਾਹਿਬ ਸਿੰਘ ਦੇ ਹਵਾਲੇ ਨਾਲ ਪ੍ਰਾਪਤ ਹੁੰਦੀ ਹੈ। ਉਹਨਾਂ ਦੇ ਸ਼ਬਦਾਂ ਵਿਚः ਪੰਜਾਬ ਦੇ ਭੱਟ ਜਾਤ ਦੇ

ਸਾਰਸੁਤ ਬ੍ਰਾਹਮਣ ਸਨ। ਇਹ ਆਪਣੀ ਉਤਪਤੀ ਕੋਸ਼ਸ਼ ਰਿਸ਼ੀ ਤੋਂ ਦਸਦੇ ਹਨ। ਉਚੀਆਂ ਜਾਤੀਆਂ ਦੇ ਬ੍ਰਾਹਮਣ ਭੱਟਾਂ ਨੂੰ ਆਪਣੇ ਤੋਂ ਨੀਵੀਂ ਜਾਤ ਦੇ ਬ੍ਰਾਹਮਣ ਸਮਝਦੇ ਹਨ।[74] ਇਸ ਤਰ੍ਹਾਂ ਭੱਟ ਬੰਸਾਵਲੀ ਦੀ ਸ਼ੁਰੂਆਤ ਭੱਟ ਭਗੀਰਥ ਤੋਂ ਹੋਈ ਮੰਨੀ ਜਾਂਦੀ ਹੈ। ਇਸ ਭੱਟ ਤੋਂ ਹੀ ਨੌਵੀਂ ਪੀੜ੍ਹੀ ਵਿਚ ਭੱਟ 'ਰਈਆ' ਹੋਇਆ। ਜਿਸਦੇ ਛੇ ਪੁੱਤਰ - ਭਿਖਾ, ਸੇਖਾ, ਤੋਖਾ, ਗੋਖਾ, ਚੋਖਾ ਅਤੇ ਟੋਡਾ ਸਨ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭੱਟ ਮਥੁਰਾ, ਜਾਲਪ ਤੇ ਕੀਰਤ ਤਿੰਨੇ ਭਿੱਖੇ ਦੇ ਪੁੱਤਰ ਸਨ। ਦੂਜੇ ਭਰਾ ਸੇਖੇ ਦੇ ਪੁੱਤਰ ਭੱਟ ਸਲ੍ਹ ਅਤੇ ਭੱਲ੍ਹ ਸਨ। ਤੀਜੇ ਭਰਾ ਤੋਖੇ ਦਾ ਪੁਤਰ ਭਟ ਬਲ੍ਹ ਸੀ ਅਤੇ ਮੋਖੇ ਦਾ ਪੁਤਰ ਭਟ ਹਰਿਬੰਸ ਹੈ ਇਸੇ ਤਰ੍ਹਾਂ ਚੌਥੇ ਭਰਾ ਚੋਖੇ ਦੇ ਪੁਤਰ ਭੱਟ ਕਲ੍ਹ ਸਹਾਰ ਅਤੇ ਗਯੰਦ ਸਨ। ਪ੍ਰੋ. ਸਾਹਿਬ ਸਿੰਘ ਨੇ ਭੱਟਾਂ ਦੀ ਬਾਣੀ ਵਿਚੋਂ ਪ੍ਰਮਾਣ ਲੈ ਕੇ ਆਪਣੀ ਗਲ ਸਿੱਧ ਕਰਨ ਦਾ ਯਤਨ ਕੀਤਾ ਹੈ। ਭੱਟਾਂ ਨੇ ਆਪਣੀ ਸਾਰੀ ਬਾਣੀ ਗੁਰੂ ਅਰਜਨ ਦੇਵ ਦੀ ਹਜ਼ੂਰੀ ਵਿਚ ਗੋਇੰਦਵਾਲ ਵਿਖੇ ਉਚਾਰੀ ਸੀ। ਗੁਰੂ ਰਾਮਦਾਸ ਜੋਤੀ ਜੋਤਿ ਸਮਾ ਚੁਕੇ ਸਨ ਅਤੇ ਉਨ੍ਹਾਂ ਤੋਂ ਪਿਛੋਂ ਗੁਰੂ ਅਰਜਨ ਸਾਹਿਬ ਨੂੰ ਗੁਰਗੱਦੀ ਤੇ ਬੈਠਿਆਂ ਥੋੜ੍ਹਾ ਹੀ ਸਮਾਂ ਹੋਇਆ ਸੀ।

ਗੁਰੂ ਗ੍ਰੰਥ ਸਾਹਿਬ ਵਿਚ ਸਭ ਤੋਂ ਜ਼ਿਆਦਾ ਬਾਣੀ ਕਲ ਸਹਾਰ ਦੀ ਹੈ। ਇਸ ਨੇ ਪੰਜਾਂ ਗੁਰੂ ਸਾਹਿਬਾਨ ਦੀ ਉਸਤਤ ਕੀਤੀ ਹੈ। ਹਰੇਕ ਮਹੱਲੇ ਦੇ ਸੱਵਈਆਂ ਵਿਚ ਸਭ ਤੋਂ ਪਹਿਲਾਂ ਇਸ ਭੱਟ ਦੀ ਬਾਣੀ ਆਉਂਦੀ ਹੈ। ਗੁਰੂ ਅਰਜਨ ਦੇਵ ਨੇ ਇਹ ਸੱਵਈਏ ਆਪ ਦਰਜ ਕਰਵਾਏ। ਉਨ੍ਹਾਂ ਦੀ ਸੰਪਾਦਕ ਜੁਗਤ ਸਦਕਾ ਗੁਰੂ ਸਾਹਿਬ ਵਾਸਤੇ 'ਮਹਲਾ' ਵਰਤਿਆ ਗਿਆ ਹੈ। ਜਦੋਂ ਸੱਵਈਏ ਦੇ ਸਿਰਲੇਖ ਹੇਠ ਅੰਕਿਤ ਬਾਣੀ ਨੂੰ ਦੇਖਦੇ ਹਾਂ ਤਾਂ ਇਸ ਵਿਚ ਇਕ ਉਚੇਚ ਨਜ਼ਰ ਆਉਂਦਾ ਹੈ। 'ਸਵੱਯੇ ਸ੍ਰੀ ਮੁਖਵਾਕ ਮਹਲਾ ੫' ਗੁਰੂ ਸਾਹਿਬ ਦੇ ਆਪਣੇ ਮੁਖ ਤੋਂ ਉਚਾਰੀ ਬਾਣੀ ਬਾਰੇ ਅਤੇ ਭੱਟਾਂ ਦੁਆਰਾ ਕੀਤੀ ਉਸਤਤ ਸਬੰਧੀ ਬਾਣੀ ਨੂੰ 'ਸੱਵਈਏ ਮਹਲੇ ਪਹਿਲੇ, ਦੂਜੇ, ਤੀਜੇ, ਚਉਥੇ ਅਤੇ ਪੰਜਵੇਂ ਕੇ' ਲਿਖਿਆ ਹੈ। ਪ੍ਰੋ. ਸਾਹਿਬ ਸਿੰਘ ਅਨੁਸਾਰ ਭੱਟਾਂ ਦੀ ਗਿਣਤੀ ਸਬੰਧੀ ਮਤਭੇਦ ਚਲਿਆ ਆ ਰਿਹਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ੧੦, ੧੧, ੧੨, ੧੩, ੧੪ ਤੇ ੧੯ ਭੱਟਾਂ ਦੀ ਰਚਨਾ ਮੰਨੀ ਜਾਂਦੀ ਹੈ। ਪਰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਦਰਜ ਅੰਕਾਂ ਨੂੰ ਧਿਆਨ ਪੂਰਵਕ ਵਾਚਣ ਨਾਲ ਹੀ ਸੁਤੇ ਸਿੱਧ ਹੀ ਆਪ ਨੂੰ ਭੱਟਾਂ ਦੀ ਗਿਣਤੀ ਅਤੇ ਹਰੇਕ ਭੱਟ ਦੇ ਵਿਅਕਤੀਗਤ ਸੱਵਈਆਂ ਦੀ ਗਿਣਤੀ ਮਿਲਦੀ ਜਾਵੇਗੀ। ਇਸ ਤਰ੍ਹਾਂ ਭੱਟਾਂ ਦੀ ਗਿਣਤੀ ੧੧ ਮੰਨੀ ਗਈ ਹੈ। ੧. ਕਲ ਸਹਾਰ, ੨. ਜਾਲਪ, ੩. ਕੀਰਤ, ੪. ਭਿੱਖਾ, ੫. ਸਲ੍ਹ, ੬. ਭਲ, ੭. ਬਲ, ੮. ਨਲ, ੯. ਗਯੰਦ ੧੦.

ਮਥੁਰਾ ੧੧ ਹਰਿਬੰਸ। ਗੁਰੂ ਗ੍ਰੰਥ ਸਾਹਿਬ ਵਿੱਚ ਪੰਜ ਗੁਰੂ ਸਾਹਿਬਾਨ ਪ੍ਰਤੀ ਉਚਾਰੇ ਸਵੱਈਆਂ ਦਾ ਵੇਰਵਾ ਇਸ ਪ੍ਰਕਾਰ ਹੈ:

ਸਵੱਈਏ ਮਹਲੇ ਪਹਿਲੇ ਕੇ – ੧੦
ਸੱਵਈਏ ਮਹਲੇ ਦੂਜੇ ਕੇ – ੧੦
ਸੱਵਈਏ ਮਹਲੇ ਤੀਜੇ ਕੇ – ੨੨
ਸੱਵਈਏ ਮਹਲੇ ਚਉਥੇ ਕੇ – ੬੦
ਸੱਵਈਏ ਮਹਲੇ ਪੰਜਵੇਂ ਕੇ – ੨੧

ਇਸ ਤਰ੍ਹਾਂ ਇਨ੍ਹਾਂ ਸਵੱਈਆਂ ਦੀ ਗਿਣਤੀ ੧੨੩ ਹੈ। ਉਪਰੋਕਤ ਤਰਤੀਬ ਅਨੁਸਾਰ ਪੰਜ ਗੁਰੂ ਸਾਹਿਬਾਨ ਦੀ ਉਸਤਤ ਵਿਚ ਉਚਾਰੇ ਸੱਵਈਆਂ ਦੇ ਅਰੰਭ ਵਿਚ ਭੱਟ ਕਲ ਸਹਾਰ ਦੇ ਸੱਵਈਏ ਦਰਜ ਹਨ। ਵਿਦਵਾਨਾਂ ਨੇ ਭੱਟ ਕਲ ਸਹਾਰ ਨੂੰ ਭੱਟਾਂ ਦਾ ਜਥੇਦਾਰ ਮੰਨਿਆ ਹੈ। ਕੇਵਲ ਭੱਟ ਕਲ ਸਹਾਰ ਨੇ ਪੰਜਾਂ ਗੁਰੂ ਸਾਹਿਬਾਨ ਦੀ ਵਡਿਆਈ ਕੀਤੀ ਹੈ ਤੇ ਸਭ ਤੋਂ ਵੱਧ ੫੪ ਸੱਵਈਏ ਉਚਾਰੇ ਹਨ। ਇਸ ਦੀ ਪੁਸ਼ਟੀ ਉਸਦੀ ਆਪਣੀ ਬਾਣੀ ਵਿਚੋਂ ਹੋ ਜਾਂਦੀ ਹੈ:

*ਖੇਲੁ ਗੂੜਉ ਕੀਅਉ ਹਰਿ ਰਾਇ ਸੰਤੋਖਿ ਸਮਾਚਰ੍ਹਿਓ॥*
*ਬਿਮਲ ਬੁਧਿ ਸਤਿਗੁਰਿ ਸਮਾਣਉ॥*
*ਅਜੋਨੀ ਸੰਭਵਿਅਉ ਸੁਜਸੁ ਕਲ੍ਹ ਕਵੀਅਣਿ ਬਖਾਣਿਅਉ॥*
*ਗੁਰਿ ਨਾਨਕਿ ਅੰਗਦੁ ਵਰ੍ਹਉ ਗੁਰਿ ਅੰਗਦਿ ਅਮਰ ਨਿਧਾਨੁ॥*
*ਗੁਰਿ ਰਾਮਦਾਸ ਅਰਜੁਨੁ ਵਰ੍ਹਉ ਪਾਰਸੁ ਪਰਸੁ ਪ੍ਰਮਾਣੁ॥* ਪੰਨਾ ੧੪੦੭

ਭੱਟ ਕਲ ਸਹਾਰ ਨੇ ਪੰਜ ਗੁਰੂਆਂ ਦਾ ਜ਼ਿਕਰ ਇਸ ਸੱਵਈਏ ਵਿਚ ਕੀਤਾ ਹੈ ਜਿਸ ਤੋਂ ਪਤਾ ਲਗਦਾ ਹੈ ਕਿ ਸਾਰੇ ਭੱਟ ਇਕੱਠੇ ਹੋ ਕੇ ਗੁਰੂ ਅਰਜਨ ਦੇਵ ਦੀ ਹਜ਼ੂਰੀ ਵਿਚ ਆਏ ਸਨ। ਸੱਵਈਆਂ ਨੂੰ ਧਿਆਨ ਵਿਚ ਪੜ੍ਹਨ ਤੇ ਸਪਸ਼ਟ ਹੋ ਜਾਂਦਾ ਹੈ ਕਿ ਕੇਵਲ ਭੱਟ ਕਲ ਸਹਾਰ ਨੇ ਹੀ ਅਕਾਲ ਪੁਰਖ ਨੂੰ ਸਿਮਰਿਆ ਹੈ ਅਤੇ ਕਿਸੇ ਹੋਰ ਭੱਟ ਨੇ ਮੰਗਲਾਚਰਣ ਨਹੀਂ ਉਚਾਰਿਆ। ਉਨ੍ਹਾਂ ਨੇ ਸਿਰਫ਼ ਗੁਰੂ ਸਾਹਿਬਾਨ ਦੀ ਸਿਫਤ ਸਲਾਹ ਕੀਤੀ ਹੈ ਪਰੰਤੂ ਇਹ ਸਾਰੀ ਵਡਿਆਈ ਗੁਰ -ਪਰਮੇਸਰ ਲਈ ਹੈ। ਉਸ ਅਕਾਲ ਪੁਰਖ ਦੀ ਜੋਤ ਸਾਰੇ ਗੁਰੂ ਸਾਹਿਬਾਨ ਵਿਚ ਵਿਚਰ ਰਹੀ ਹੈ। ਗੁਰੂ ਨਾਨਕ ਦੇਵ ਦੀ ਜੋਤ ਗੁਰੂ ਅੰਗਦ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ ਤੇ ਫਿਰ ਗੁਰੂ ਅਰਜਨ ਦੇਵ ਵਿਚ ਜਗਮਗਾ ਰਹੀ ਹੈ। ਇਹ ਗੁਰੂ ਉਪਮਾ ਤਲਵੰਡੀ ਵਿਚ ਪੈਦਾ ਹੋਏ ਨਾਨਕ ਦੀ ਨਹੀਂ ਸਗੋਂ ਗੁਰੂ ਨਾਨਕ ਜੋਤਿ ਦੀ ਹੈ। ਮਥੁਰਾ ਭੱਟ ਦੇ ਸ਼ਬਦਾਂ ਵਿਚ:

*ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥*

*ਤਾ ਤੇ ਅੰਗਦ ਭਯਉ ਤਤ ਸਿਉ ਤਤੁ ਮਿਲਾਯਉ॥*

*ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰ ਥਿਰੁ ਕੀਅਉ॥*

*ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ॥*

*ਗੁਰ ਰਾਮਦਾਸ ਦਰਸਨੁ ਪਰਸ ਕਹਿ ਮਥੁਰਾ ਅੰਮ੍ਰਿਤ ਬਯਣ॥*

*ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ॥* ਪੰਨਾ ੧੪੦੮

ਭੱਟਾਂ ਨੇ ਪੌਰਾਨਿਕ ਅਤੇ ਇਤਿਹਾਸਕ ਹਵਾਲੇ ਦੇ ਕੇ ਸਪਸ਼ਟ ਕੀਤਾ ਕਿ ਸੱਚੇ ਨਾਮ ਨੇ ਭਗਤਾਂ ਨੂੰ ਸੰਸਾਰ ਸਾਗਰ ਤੋਂ ਪਾਰ ਕਰਵਾਇਆ। ਉਸੇ ਨਾਮ ਦਾ ਆਨੰਦ ਗੁਰੂ ਨਾਨਕ ਤੇ ਬਾਕੀ ਗੁਰੂ ਸਾਹਿਬਾਨ ਮਾਣ ਰਹੇ ਹਨ। ਇਸੇ ਨਾਮ ਸਿਮਰਨ ਦੁਆਰਾ ਗੁਰੂ ਸਾਹਿਬਾਨ ਸੰਪੂਰਨ, ਆਦਰਸ਼ਕ, ਤੇ ਸਰਵਪੱਖੀ ਸ਼ਖਸੀਅਤਾਂ ਦੇ ਮਾਲਕ ਬਣੇ, ਜਿਨ੍ਹਾਂ ਦੀ ਸਿਫ਼ਤ ਸਲਾਹ ਭੱਟ ਕਵੀਆਂ ਨੇ ਸੱਵਈਆਂ ਦੇ ਰੂਪ ਵਿਚ ਕੀਤੀ।[75] ਗੁਰੂ ਗ੍ਰੰਥ ਸਾਹਿਬ ਛੱਤੀ ਬਾਣੀਕਾਰਾਂ ਦੀ ਬਾਣੀ ਦਾ ਸੰਪਾਦਿਤ ਗ੍ਰੰਥ ਹੈ। ਜਦੋਂ ਅਸੀਂ 'ਗੁਰਬਾਣੀ' ਦੀ ਗਲ ਕਰਦੇ ਹਾਂ ਤਾਂ ਉਦੋਂ ਸਮੂਹ ਬਾਣੀਕਾਰਾਂ ਦੀ ਬਾਣੀ ਇਸ ਵਿੱਚ ਸਮਾ ਜਾਂਦੀ ਹੈ। ਗੁਰੂ ਗ੍ਰੰਥ ਸਾਹਿਬ ਅੱਗੇ ਸਿਰ ਝੁਕਾਉਣ ਨਾਲ ਸਾਰੇ ਬਾਣੀਕਾਰਾਂ ਨੂੰ ਬਰਾਬਰ ਦਾ ਸਤਿਕਾਰ ਦਿੱਤਾ ਜਾਂਦਾ ਹੈ। ਇਸ ਕਰਕੇ ਸਾਰੇ ਗੁਰੂ ਸਾਾਹਿਬਾਨ, ਸੰਤਾਂ, ਸੂਫੀ ਭਗਤਾਂ, ਸਿੱਖਾਂ ਤੇ ਭੱਟਾਂ ਦੀ ਬਾਣੀ ਨੂੰ ਵੀ 'ਗੁਰਬਾਣੀ' ਜਿੰਨੀ ਹੀ ਮਹੱਤਤਾ ਪ੍ਰਾਪਤ ਹੈ।

**ਸਵੱਈਏ ਮਹਲੇ ਪਹਿਲੇ ਕੇ**: ਸਵੱਈਏ ਮਹਲੇ ਪਹਿਲੇ ਕੇ ੧ ਸਿਰਲੇਖ ਅਧੀਨ ਭੱਟ ਕਲ ਸਹਾਰ ਦੇ ੧੦ ਸੱਵਈਏ ਹਨ। ਸੰਖਿਪਤ ਮੂਲ ਮੰਤਰ ਉਪਰੰਤ ਪਹਿਲੇ ਸਵੱਈਏ ਵਿੱਚ ਗੁਰੂ ਨਾਨਕ ਸਾਹਿਬ ਦੀ ਉਪਮਾ ਗਾਉਣ ਤੋਂ ਪਹਿਲਾਂ ਅਕਾਲ ਪੁਰਖ ਨੂੰ ਇਕਾਗਰ ਮਨ ਨਾਲ ਸਿਮਰਦਾ ਹੈ ਜੋ ਬਖਸ਼ਿਸ਼ਾਂ ਕਰਨ ਵਾਲਾ, ਸੰਤਾਂ ਦਾ ਆਸਰਾ ਹੈ। ਦੂਜੇ ਸੱਵਈਏ ਵਿਚ ਕਹਿੰਦਾ ਹੈ ਮੈਂ ਸੁਖਾਂ ਦਾ ਸਾਗਰ, ਪਾਪ ਦੂਰ ਕਰਨ ਵਾਲੇ ਗੁਰੂ ਨਾਨਕ ਦਾ ਜੱਸ ਗਾਉਣ ਲਗਾ ਹਾਂ। ਭੱਟ ਕਲ ਸਹਾਰ ਨੇ ਗੁਰੂ ਨਾਨਕ ਦੇ ਗੁਣ ਗਾਇਨ ਕਰਨ ਵਾਲਿਆਂ ਦੀ ਲੰਮੀ ਸੂਚੀ ਦਿੱਤੀ ਹੈ। ਧਰੂ, ਅਕੂਰ, ਬਿਦਰ ਜੇਹੇ ਭਗਤ ਸ਼ਿਵ, ਬ੍ਰਹਮਾ, ਬ੍ਰਹਮਾ ਦੇ ਪੁੱਤਰ ਸ਼ੇਸ਼ ਨਾਗ, ਛੇ ਦੇ ਛੇ ਦਰਸ਼ਨ, ਚਾਰ ਵਰਣ, ਸਾਰੇ ਉਹਨਾਂ ਦਾ ਜੱਸ ਗਾਉਂਦੇ ਦੱਸੇ ਜਾਂਦੇ ਹਨ। ਇਹ ਗੁਰੂ ਨਾਨਕ ਸਤਿਜੁਗ ਵਿਚ ਵਾਮਨ ਦੇ ਰੂਪ ਵਿਚ ਰਾਜਾ ਬਲਿ ਨੂੰ ਛਲਣ ਵਾਲੇ, ਤ੍ਰੇਤੇ ਵਿਚ ਰਾਮ, ਦੁਆਪਰ ਵਿਚ ਕ੍ਰਿਸ਼ਨ ਤੇ ਕਲਯੁਗ ਵਿਚ ਗੁਰੂ ਨਾਨਕ, ਗੁਰੂ ਅੰਗਦ ਤੇ ਗੁਰੂ ਅਮਰਦਾਸ ਕਹੇ ਜਾਂਦੇ ਹਨ। ਭੱਟ ਕਲ ਸਹਾਰ ਰਵਿਦਾਸ, ਜੈ ਦੇਵ, ਤ੍ਰਿਲੋਚਨ, ਕਬੀਰ, ਬੇਣੀ ਤੇ ਨਾਮਦੇਵ ਜਿਹੇ ਭਗਤਾਂ ਨੂੰ ਵੀ ਗੁਰ ਨਾਨਕ ਦੀ ਵਡਿਆਈ ਕਰਦੇ ਦੱਸ ਕੇ ਉਹ

ਸ੍ਰਿਸ਼ਟੀ ਦੇ ਰਚੈਤਾ ਬ੍ਰਹਮਾ ਨੂੰ ਵੀ ਗੁਰੂ ਨਾਨਕ ਦੇ ਗੁਣ ਗਾਂਦੇ ਦਸਦਾ ਹੈ। ਇਥੇ ਧਿਆਨ ਯੋਗ ਨੁਕਤਾ ਇਹ ਹੈ ਕਿ ਭੱਟ ਬ੍ਰਹਮਾ ਨੂੰ ਸ੍ਰਿਸ਼ਟੀ ਦਾ ਸੁਤੰਤਰ ਰੂਪ ਵਿਚ ਸਿਰਜਕ ਨਹੀਂ ਮੰਨਦਾ ਸਗੋਂ ਉਸਨੇ ਅਕਾਲ ਪੁਰਖ ਦੇ ਹੁਕਮ ਨਾਲ ਹੀ ਇਹ ਸ੍ਰਿਸ਼ਟੀ ਸਾਜੀ ਹੈ। ਭੱਟ ਕਲ ਸਹਾਰ ਨੇ ਉਹਨਾਂ ਦੇ ਵਿਸ਼ੇਸ਼ ਗੁਣਾਂ ਦੀ ਪ੍ਰਸੰਸਾ ਕਰਦਿਆਂ ਹੋਇਆਂ ਰਾਜ-ਜੋਗ ਮਾਣਿਆ ਹੈ ਭਾਵ ਗ੍ਰਹਿਸਥੀ ਹੁੰਦੇ ਹੋਏ ਵੀ ਮਾਇਆ ਤੋਂ ਨਿਰਲੇਪ ਰਹਿ ਕੇ ਅਕਾਲ ਪੁਰਖ ਨਾਲ ਜੁੜੇ ਹੋਏ ਸਨ।

*ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ॥* ਪੰਨਾ ੧੩੮੯

**ਸੱਵਈਏ ਮਹਲੇ ਦੂਜੇ ਕੇ ੨** : ਇਨ੍ਹਾਂ ਦੇ ਆਰੰਭ ਵਿਚ ਭੱਟ ਕਵੀ ਕਲ ਸਹਾਰ ਕਹਿੰਦਾ ਹੈ ਕਿ ਸਰਵ ਸ਼ਕਤੀਮਾਨ ਅਕਾਲ ਪੁਰਖ ਧੰਨ ਹੈ ਤੇ ਉਹ ਗੁਰੂ ਨਾਨਕ ਵੀ ਧੰਨ ਹੈ। ਜਿਸ ਨੇ ਆਪਣੇ ਸੇਵਕ ਭਾਈ ਲਹਿਣਾ (ਗੁਰੂ ਅੰਗਦ ਦੇਵ) ਤੇ ਸਿਰ ਤੇ ਹਥ ਧਰਿਆ ਹੈ। ਜਿਸ ਨਾਲ ਉਨ੍ਹਾਂ ਦੇ ਹਿਰਦੇ ਵਿਚ ਨਾਮ ਦੀ ਛਹਿਬਰ ਲਗ ਪਈ ਹੈ। ਇਸ ਲਈ ਭਾਈ ਲਹਿਣਾ (ਗੁਰੂ ਅੰਗਦ ਦੇਵ) ਦੀ ਸਿਫਤ ਸਲਾਹ ਕਰਦਿਆਂ ਬਾਰ-ਬਾਰ ਇਸ ਗੱਲ ਉੱਤੇ ਜ਼ੋਰ ਦਿੱਤਾ ਹੈ ਕਿ ਹਰੀ ਰੂਪ ਜਗਤ-ਗੁਰੂ ਨੂੰ ਪਰਸ ਕੇ ਲਹਿਣੇ ਦੀ ਸੋਭਾ ਸਾਰੇ ਸੰਸਾਰ ਵਿਚ ਫੈਲ ਰਹੀ ਹੈ।

*ਕਹੁ ਕੀਰਤ ਕਲ ਸਹਾਰ ਸਪਤ ਦੀਪ ਮਝਾਰ ਲਹਣਾ ਜਗਤ੍ਰ ਗੁਰੁ ਪਰਸਿ ਮੁਰਾਰਿ॥* ਪੰਨਾ ੧੩੯੧

ਭੱਟ ਕਵੀ ਅਨੁਸਾਰ ਗੁਰੂ ਅੰਗਦ ਦੇਵ ਦੇ ਦਰਸ਼ਨਾਂ ਨਾਲ ਜਿਵੇਂ ਅਕਾਲ ਪੁਰਖ ਨੂੰ ਪਰਸ ਲਿਆ ਹੋਵੇ। ਆਪ ਦੇ ਦਰਸ਼ਨ ਕੀਤਿਆਂ ਅਠਾਹਠ ਤੀਰਥਾਂ ਦਾ ਫਲ ਮਿਲਦਾ ਹੈ ਅਤੇ ਸਦਾ ਥਿਰ ਰਹਿਣ ਵਾਲੇ ਨਾਮ ਦੀ ਪ੍ਰਾਪਤੀ ਨਾਲ ਸਾਰੇ ਦੁਖ ਕੱਟੇ ਜਾਂਦੇ ਹਨ। ਆਪ ਨੇ ਨਾਮ ਦੀ ਕਮਾਈ ਕਰਕੇ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਪੰਜ ਦੂਤਾਂ ਨੂੰ ਵੱਸ ਕਰ ਲਿਆ ਹੈ। ਸਤ-ਸੰਤੋਖ ਗੁਣਾਂ ਨੂੰ ਧਾਰਨ ਕਰਕੇ ਬਿਰਤੀ ਦਾ ਪ੍ਰਵਾਹ ਪੂਰਨ ਖਿੜਾਉ ਦੀ ਅਵਸਥਾ ਵਿਚ ਟਿਕਾ ਕੇ ਵਿਗਸਤ ਹੋ ਕੇ ਨਿਰੰਕਾਰ ਨਾਲ ਲਿਵਲਾਈ ਰਖਦੇ ਹਨ। ਜਿਸ ਉੱਤੇ ਗੁਰੂ ਅੰਗਦ ਦੇਵ ਦੀ ਮਿਹਰ ਭਰੀ ਨਿਗਾਹ ਹੋ ਜਾਵੇ ਉਸਦੇ ਪਾਪ ਤੇ ਮਨ ਦੀ ਮੈਲ ਧੋਣ ਉਪਰੰਤ ਜਨਮ ਮਰਣ ਦੇ ਦੁਖ ਵੀ ਕੱਟੇ ਜਾਂਦੇ ਹਨਃ

*ਸੁ ਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ॥*
*ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ॥* ਪੰਨਾ ੧੩੯੨

ਇਸ ਸੱਵਈਏ ਦਾ ਪਾਠ ਸਿਖ ਧਰਮ ਵਿਚ ਇਕ ਵਿਸ਼ੇਸ਼ ਦਰਜਾ ਰਖਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚੋਂ ਹੁਕਮਨਾਮਾ ਲੈਣ ਸਮੇਂ ਇਹ ਸੱਵਈਆ ਉਚਾਰਿਆ ਜਾਂਦਾ ਹੈ।

**ਸੱਵਈਏ ਮਹਲੇ ਤੀਜੇ ਕੇ ੩** : ਇਸ ਸਿਰਲੇਖ ਅਧੀਨ ੨੨ ਸੱਵਈਏ ਹਨ ਜਿਹਨਾਂ ਵਿੱਚੋਂ ਭੱਟ ਕਲ ਸਹਾਰ ਦੇ ੯, ਜਾਲਪ ਦੇ ੫, ਕੀਰਤ ਦੇ ੪ ਭਿੱਖਾ ਦੇ ੨, ਸਲ ਤੇ ਭਲ ਦੇ ੧, ੧ ਦਰਜ ਹਨ। ਪਹਿਲੇ ਸੱਵਈਏ ਦੇ ਅਰੰਭ ਵਿਚ ਭੱਟ ਬਾਣੀਕਾਰ ਦਾ ਕਹਿਣਾ ਹੈ ਕਿ ਉਸ ਅਕਾਲ ਪੁਰਖ ਨੂੰ ਸਿਮਰਿਆ ਜਾਵੇ ਜਿਸ ਦੇ ਨਾਮ ਵਿਚ ਲੀਨ ਹੋ ਕੇ ਗੁਰੂ ਨਾਨਕ ਆਤਮ ਰਸੀਆ ਬਣਿਆ, ਉਸੇ ਨੇ ਭਾਈ ਲਹਿਣਾ ਨੂੰ ਗੁਰੂ ਥਾਪਿਆ ਅਤੇ ਸਾਰੀਆਂ ਸਿੱਧੀਆਂ ਪ੍ਰਾਪਤ ਕੀਤੀਆਂ। ਕਲ੍ਹ ਕਵੀ ਕਹਿੰਦਾ ਹੈ ਕਿ ਉਸੇ ਪਰਮਾਤਮਾ ਦੀ ਮਿਹਰ ਸਦਕਾ ਮੈਂ ਗੁਰੂ ਅਮਰਦਾਸ ਦੀ ਜੱਗ ਵਿਚ ਵਰਤੀ ਕੀਰਤੀ ਦੀ ਗਲ ਕਰਨ ਲਗਾ ਹਾਂ। ਇਹਨਾਂ ਸੱਵਈਆਂ ਵਿਚ ਗੁਰੂ ਅਮਰਦਾਸ ਦੀ ਮਹਾਨ ਸ਼ਖਸੀਅਤ ਦੀ ਝਲਕ ਮਿਲਦੀ ਹੈ, ਜਿਸ ਦੀ ਪ੍ਰਾਪਤੀ ਨਾਮ ਵਿਚ ਬਿਰਤੀ ਜੋੜਨ ਨਾਲ ਹੋਈ ਹੈ। ਆਪ ਦੇ ਹਿਰਦੇ ਵਿਚ ਭਗਤਾਂ ਨੂੰ ਸੰਸਾਰ ਤੋਂ ਤਾਰਨ ਵਾਲਾ ਨਾਮ ਸਫੁਰਤ ਹੋਇਆ ਹੈ।

*ਸੋਈ ਨਾਮੁ ਅਛਲੁ ਭਗਤਹ ਭਵ ਤਾਰਣੁ ਅਮਰਦਾਸ ਗੁਰ ਕਉ ਫੁਰਿਆ॥* ਪੰਨਾ ੧੩੯੩

ਆਪ ਹਮੇਸ਼ਾ ਅਕਾਲ ਪੁਰਖ ਵਿਚ ਲੀਨ ਰਹਿੰਦੇ ਸਨ ਤਾਂ ਹੀ ਆਪ ਦੇ ਦਰਸ਼ਨ ਕਰਨ ਨਾਲ ਨਿਰਭਉ ਅਕਾਲ ਪੁਰਖ ਦੀ ਪ੍ਰਾਪਤੀ ਹੋ ਜਾਂਦੀ ਹੈ ਤੇ ਜਨਮ-ਮਰਣ ਦਾ ਗੇੜਾ ਮੁਕ ਜਾਂਦਾ ਹੈ:

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥*

*ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥* ਪੰਨਾ ੧੩੯੫

ਭੱਟ ਕਲ ਸਹਾਰ ਅਨੁਸਾਰ ਤੇਜਭਾਨ ਦਾ ਪੁਤਰ ਭੱਲਿਆਂ ਦੀ ਕੁਲ ਵਿਚ ਪੈਦਾ ਹੋਏ। ਇਸ ਬਾਰੇ ਭੱਟ ਸਲ੍ਹ ਵੀ ਲਿਖਦਾ ਹੈ:

*ਭਲਉ ਭੂਹਾਲੁ ਤੇਜੋ ਤਨਾ ਨ੍ਰਿਪਤਿ ਨਾਥੁ ਨਾਨਕ ਬਰਿ॥* ਪੰਨਾ ੧੩੯੬

ਅਰਥਾਤ ਭੱਲਿਆਂ ਦੀ ਕੁਲ ਵਿਚ ਪੈਦਾ ਹੋਇਆ ਤੇਜ ਭਾਨ ਦਾ ਪੁੱਤਰ ਸ਼੍ਰੋਮਣੀ ਹੈ ਤੇ ਗੁਰੂ ਨਾਨਕ ਦੇ ਵਰ ਨਾਲ ਰਾਜਿਆਂ ਦਾ ਰਾਜਾ ਹੈ। ਆਪ ਨਿਰਭਉ, ਦਰਿਆ ਦਿਲ, ਨਿਰਮਲ, ਧਰਮ ਤੇ ਧੀਰਜ ਦੇ ਧਾਰਨੀ, ਬਲਵੰਤ, ਗੰਭੀਰ, ਉਚੀ ਮਤਿ ਵਾਲੇ ਹਨ, ਜਿਨ੍ਹਾਂ ਨੇ ਸ਼ਬਦ ਰੂਪੀ ਨੇਜੇ ਨਾਲ ਪੰਜ ਵੈਰੀਆਂ ਦਾ ਨਾਸ ਕਰ ਦਿੱਤਾ-

*ਭੈ ਨਿਰਭਉ ਹਰਿ ਅਟਲੁ ਮਨਿ ਸਬਦਿ ਗੁਰ ਨੇਜਾ ਗਡਿਓ॥*

*ਕਾਮ ਕ੍ਰੋਧ ਲੋਭ ਮੋਹ ਅਪਤੁ ਪੰਚ ਦੂਤ ਬਿਖੰਡਿਓ॥* ਪੰਨਾ ੧੩੯੬

**ਸੱਵਈਏ ਮਹਲੇ ਚਉਥੇ ਕੇ ੪:** ਇਸ ਸਿਰਲੇਖ ਅਧੀਨ ਭੱਟ ਕਲ ਸਹਾਰ ਦੇ ੧੩, ਨਲ ਦੇ ੧੬, ਗਯੰਦ ਦੇ ੧੩, ਮਥੁਰਾ ਦੇ ੭, ਬਲ ਦੇ ੫, ਕੀਰਤ ਦੇ ੪ ਅਤੇ ਸਲ੍ਹ ਦੇ ੨ ਕੁਲ ੬੦ ਸੱਵਈਏ ਹਨ।

ਭੱਟ ਕਲ ਸਹਾਰ ਨੇ ਅਕਾਲਪੁਰਖ ਦਾ ਮੰਗਲਾਚਰਨ ਕਰਨ ਉਪਰੰਤ ਪਹਿਲੇ ਸੱਵਈਏ ਵਿਚ ਆਖਿਆ ਹੈ ਕਿ ਉਹ ਸ੍ਰੀ ਗੁਰੂ ਰਾਮ ਦਾਸ ਦੇ ਨਿਰਮਲ ਗੁਣ ਗਾਉਂਦਾ ਹੈ। ਭੱਟ ਨਲ੍ਹ ਅਨੁਸਾਰ ਸਾਹਿੱਬ ਗੁਰੂ ਨੇ ਆਪ ਦੇ ਸਿਰ ਤੇ ਹਥ ਰਖ ਕੇ, ਕਿਰਪਾ ਕਰਕੇ, ਹਰਿ ਨਾਮ ਦੇ ਕੇ ਅਟੱਲ ਪਦਵੀ ਦੇ ਮਾਲਕ ਬਣਾ ਦਿੱਤਾ ਹੈ। ਅਕਾਲ ਪੁਰਖ ਨੇ ਗੁਰੂ ਰਾਮ ਦਾਸ ਨੂੰ ਰਾਜ ਤੇ ਜੋਗ ਵਾਲਾ ਤਖਤ ਦੇ ਕੇ ਨਿਵਾਜਿਆ ਹੈ:

*ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ॥*

*ਪ੍ਰਥਮੇ ਨਾਨਕ ਚੰਦੁ ਜਗਤ ਭਯੋ ਆਨੰਦੁ ਤਾਰਨਿ ਮਨੁਖ੍ ਜਨ ਕੀਅਉ ਪ੍ਰਗਾਸ॥*

ਪੰਨਾ ੧੩੯੯

ਭੱਟ ਬਾਣੀਕਾਰ ਗੁਰੂ ਰਾਮ ਦਾਸ ਨੂੰ ਸਾਰੀ ਸ੍ਰਿਸ਼ਟੀ ਦਾ ਰਚਨਹਾਰ, ਸਰਬ ਵਿਆਪਕ ਪਰਮਾਤਮਾ ਤੇ ਨਿਰੰਕਾਰ ਰੂਪ ਵਿਚ ਦੇਖਦੇ ਹੋਏ ਉਹ ਐਸੇ ਗੁਰੂ ਦੀ ਵਡਿਆਈ ਕਰਦੇ ਰਹਿੰਦੇ ਹਨ। ਭੱਟਾਂ ਨੇ ਹਰ ਗੁਰੂ ਵਿਅਕਤੀਤਵ ਵਿਚੋਂ ਗੁਰੂ ਜੋਤ ਦੇ ਦਰਸ਼ਨ ਕੀਤੇ ਹਨ ਅਤੇ ਇਸੇ ਕਾਰਨ ਗੁਰੂ ਅਤੇ ਪਰਮਾਤਮਾ ਵਿਚ ਕੋਈ ਭੇਦ ਹੀ ਨਹੀਂ ਸਮਝਦੇ। ਭੱਟ ਕਵੀਆਂ ਨੂੰ ਗੁਰੂ ਜੋਤ ਕਾਲਗਤ ਤੇ ਸਥਾਨਗਤ ਇਤਿਹਾਸਕ ਬੰਧਨਾਂ ਤੋਂ ਮੁਕਤ ਹੋ ਕੇ ਪਰਮ ਜੋਤ ਦੇ ਰੂਪ ਵਿਚ ਵਿਚਰਦੀ ਨਜ਼ਰ ਆਉਂਦੀ ਹੈ:

*ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ॥* ਪੰਨਾ ੧੪੦੨

ਭੱਟ ਬਾਣੀਕਾਰ ਆਪਣੇ ਅਉਗੁਣ ਬਖਸ਼ਾਉਣ ਲਈ ਗੁਰੂ ਰਾਮ ਦਾਸ ਅੱਗੇ ਅਰਜੋਈ ਕਰਦੇ ਹਨ:

*ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ॥*

*ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ॥* ਪੰਨਾ ੧੪੦੬

**ਸੱਵਈਏ ਮਹਲੇ ਪੰਜਵੇਂ ਕੇ ੫:** ਇਸ ਸਿਰਲੇਖ ਅਧੀਨ ਭਟ ਕਲ ਸਹਾਰ ਦੇ ੧੨, ਭਟ ਮਥਰਾ ੭, ਭੱਟ ਹਰਿਬੰਸ ਦੇ ੨ ਕੁਲ ੨੧ ਸੱਵਈਏ ਦਰਜ ਹਨ। ਅਰੰਭ ਵਿਚ ਭੱਟ ਕਲ ਸਹਾਰ ਅਬਿਨਾਸੀ ਤੇ ਅਚਲ ਪੁਰਖ ਨੂੰ ਧਿਆਉਣ ਤੋਂ ਬਾਅਦ ਗੁਰੂ ਅਰਜਨ ਦੇਵ ਦੇ ਗੁਣਾਂ ਨੂੰ ਵਿਚਾਰਦਾ ਹੈ:

*ਸਿਮਰੰ ਸੋਈ ਪੁਰਖੁ ਅਚਲੁ ਅਬਿਨਾਸੀ॥*

*ਜਿਸੁ ਸਿਮਰਤ ਦੁਰਮਤਿ ਮਲੁ ਨਾਸੀ॥* ਪੰਨਾ ੧੪੦੬

ਆਪ ਨੇ ਗੁਰੂ ਨਾਨਕ, ਗੁਰੂ ਅੰਗਦ ਅਤੇ ਗੁਰੂ ਅਮਰਦਾਸ ਦੇ ਚਰਨੀਂ ਲਗ ਕੇ ਉਤਮ ਪਦਵੀ ਪ੍ਰਾਪਤ ਕੀਤੀ। ਗੁਰੂ ਅਰਜਨ ਦੇਵ ਦੇ ਪ੍ਰਤਖ ਦਰਸ਼ਨ ਕਰਨ ਵਾਲੇ ਭੱਟਾਂ ਨੇ ਉਨ੍ਹਾਂ ਦੀ

ਸਿਫ਼ਤ ਇਸ ਪ੍ਰਕਾਰ ਕੀਤੀ ਹੈ ਕਿ ਉਹਨਾਂ ਨੂੰ ਪੈਦਾ ਹੁੰਦਿਆਂ ਹੀ ਗੁਰਮਤਿ ਤੇ ਬ੍ਰਹਮ ਦੀ ਸੋਝੀ ਹੋ ਗਈ ਹੈ। ਜਦੋਂ ਭੱਟ ਆਤਮਕ ਸ਼ਾਂਤੀ ਦੀ ਭਾਲ ਵਿਚ ਭਟਕਦੇ ਗੁਰੂ ਅਰਜਨ ਦੇ ਦਰਸ਼ਨ ਕਰਦੇ ਹਨ ਤਾਂ ਉਨ੍ਹਾਂ ਨੂੰ ਸ਼ਾਂਤੀ ਪ੍ਰਾਪਤ ਹੋ ਜਾਂਦੀ ਹੈ। ਪ੍ਰਿੰਸੀਪਲ ਸਤਬੀਰ ਸਿੰਘ ਦੇ ਸ਼ਬਦਾਂ ਵਿਚ,*"ਭੱਟਾਂ ਨੇ ਗੁਰੂ ਅਰਜਨ ਦੇਵ ਨੂੰ ਗੰਗਾ ਵਾਂਗ ਪਵਿਤਰ, ਸਮੁੰਦਰ ਵਾਂਗ ਸ਼ਾਂਤ ਚੰਦਨ ਵਾਂਗ ਠੰਡਾ ਤੇ ਬ੍ਰਿਛ ਵਾਂਗ ਸਹਿਜ ਅਵਸਥਾ ਵਿਚ ਦੇਖਿਆ।"* [76] ਭੱਟ ਬਾਣੀ ਅਨੁਸਾਰ ਗੁਰੂ ਅਰਜਨ ਕਲਯੁਗ ਦੇ ਜਹਾਜ ਹਨ। ਦੁਨੀਆਂ ਦੇ ਲੋਕ ਉਨ੍ਹਾਂ ਦੇ ਚਰਨੀਂ ਲਗ ਕੇ ਭਵ ਸਾਗਰ ਤਰ ਜਾਣਗੇ। ਹਰਿਬੰਸ ਭੱਟ ਅਨੁਸਾਰ:

*ਕਾਟੇ ਸੁ ਪਾਪ ਤਿਨ੍ਹ ਨਰਹੁ ਕੇ ਗੁਰੁ ਰਾਮਦਾਸੁ ਜਿਨ੍ਹ ਪਾਇਯਉ॥*
*ਛਤ੍ਰ ਸਿੰਘਾਸਨੁ ਪਿਰਥਮੀ ਗੁਰ ਅਰਜੁਨ ਕਉ ਦੇ ਆਇਅਉ॥* ਪੰਨਾ ੧੪੦੯

ਸਮੁੱਚੇ ਤੌਰ ਤੇ ਗਿਆਰਾਂ ਭੱਟਾਂ ਦੇ ੧੨੩ ਸੱਵਈਆਂ ਵਿਚ ਪੰਜ ਗੁਰੂ ਸਾਹਿਬਾਨ ਦੀਆਂ ਮਹਾਨ ਆਤਮਕ ਸਖਸੀਅਤਾਂ ਦੇ ਗੁਣਾਂ ਦਾ ਵਰਨਣ ਹੋਇਆ ਹੈ ਜੋ ਰਾਜ ਜੋਗ ਵਾਲੀ ਗੁਰਮਤਿ ਦੇ ਧਾਰਨੀ ਸਨ। ਭੱਟਾਂ ਨੇ ਅਕਾਲ ਪੁਰਖ ਨੂੰ ਸਰਵ ਸ਼ਕਤੀਮਾਨ ਦੱਸ ਕੇ ਦੱਸਿਆ ਹੈ ਉਸਦੇ ਨਾਮ ਨੂੰ ਮਨੁੱਖ ਦੇ ਨਿਸਤਾਰੇ ਦਾ ਇਕ ਸਾਧਨ ਮੰਨਿਆ ਹੈ। ਗੁਰੂ ਨਾਨਕ ਨੇ ਨਾਮ ਦਾ ਸਰਲ ਮਾਰਗ ਜੀਵਾਂ ਦੇ ਨਿਸਤਾਰੇ ਲਈ ਪੇਸ਼ ਕੀਤਾ ਅਤੇ ਇਸ ਨੂੰ ਹਿਰਦੇ ਵਿਚ ਵਸਾਉਣ ਕਰਕੇ ਉਹ ਹਰੀ ਰੂਪ ਨਾਲ ਇਕਮਿਕ ਹੋ ਗਏ। ਉਨ੍ਹਾਂ ਦੀ ਜੋਤ ਬਾਕੀ ਗੁਰੂਆਂ ਵਿਚ ਚਲਦੀ ਰਹੀ, ਇਸ ਤਰ੍ਹਾਂ ਇਹ ਸਿਧਾਂਤ ਪਰਪੱਕ ਕਰਵਾਇਆ ਕਿ ਗੁਰੂ ਵਿਅਕਤੀਆਂ ਵਿਚ ਅਕਾਲ ਪੁਰਖ ਦੀ ਜੋਤਿ ਜਗਮਗਾ ਰਹੀ ਹੈ। ਇਹੀ ਨਿਰੰਕਾਰੀ ਜੋਤਿ ਹੀ ਨਾਮ ਦੀ ਬਖਸ਼ਿਸ਼ ਸੰਸਾਰ ਨੂੰ ਵੰਡ ਰਹੀ ਹੈ। ਭਾਰਤੀ ਜਨ ਸਮੂਹ ਦੇ ਅਵਚੇਤਨ ਵਿਚ ਪਏ ਦੇਵੀ ਦੇਵਤੇ ਉਨ੍ਹਾਂ ਨੂੰ ਗੁਰੂ ਨਾਨਕ ਤੇ ਬਾਕੀ ਗੁਰੂ ਸਾਹਿਬਾਨ ਵਿਚੋਂ ਨਜ਼ਰ ਆਉਂਦੇ ਹਨ। ਇਸ ਲਈ ਭੱਟ 'ਜਿਵ ਤੂ ਰਖਹਿ ਤਿਵ ਰਹਉ' ਆਖ ਕੇ ਸਾਰਿਆਂ ਨੂੰ ਗੁਰੂ ਨਾਨਕ ਘਰ ਨਾਲ ਜੁੜਨ ਦਾ ਸੱਦਾ ਦਿੰਦੇ ਹਨ।

### (ਕ) ਰਾਗ ਮਾਲਾ

'ਰਾਗ' ਪਦ ਦਾ ਅਰਥ ਹੈ – ਪ੍ਰੇਮ। ਜਿਸ ਨੂੰ ਸੁਣ ਕੇ ਅਨੰਦ ਦੀ ਪ੍ਰਾਪਤੀ ਹੋਵੇ ਅਤੇ ਮਨ ਪ੍ਰੇਮ ਵਿਚ ਪ੍ਰਸੰਨ ਹੋ ਜਾਵੇ। ਉਹ ਹੀ ਸਹੀ ਅਰਥਾਂ ਵਿਚ ਰਾਗ ਹੈ। ਗੁਰਮਤਿ ਵਿਚ ਰਾਗ ਬਾਰੇ 'ਰਾਗ ਨਾਦਿ ਸਬਦਿ ਸੋਹਣੇ ਜਾਂ ਲਾਗੈ ਸਹਜਿ ਧਿਆਨ' ਦਾ ਪ੍ਰਮਾਣਿਕ ਸਿਧਾਂਤ ਹੈ। ਮਾਲਾ ਦੇ ਅਰਥ ਹਨ 'ਲੜੀ'। ਪੁਰਾਤਨ ਲਿਖਾਰੀ ਆਪਣੀਆਂ ਰਚਨਾਵਾਂ ਦੇ ਨਾਂ 'ਮਾਲਾ' ਸ਼ਬਦ ਦੀ ਵਰਤੋਂ ਆਮ ਕਰਦੇ ਹਨ ਜਿਵੇਂ ਰਤਨਮਾਲਾ, ਭਗਤਮਾਲਾ ਜਾਂ ਸਿੱਖਾਂ ਦੀ ਭਗਤ ਮਾਲਾ। ਗੁਰੂ ਗ੍ਰੰਥ ਸਾਹਿਬ ਵਿਚ

ਅੰਕਿਤ ਬਾਣੀ ੩੧ ਰਾਗਾਂ ਵਿਚ ਪੇਸ਼ ਹੋਣਾ ਹੀ ਰਾਗ ਦੀ ਮਹੱਤਤਾ ਦਾ ਲਖਾਇਕ ਹੈ। ਰਾਗ ਮਾਲਾ ਦੇ ਨਾਂ ਤੋਂ ਸਾਰੇ ਜਾਣੂ ਹਨ ਕਿਉਂਕਿ ਹਰ ਸਹਿਜ, ਸਪਤਾਹਿਕ ਅਤੇ ਅਖੰਡ ਪਾਠਾਂ ਦੀ ਸਮਾਪਤੀ ਵੇਲੇ ਇਸਦਾ ਉਚਾਰਨ ਕੀਤਾ ਜਾਂਦਾ ਹੈ ਪ੍ਰੰਤੂ ਕਈ ਅਜਿਹੇ ਵਿਦਵਾਨ ਵੀ ਹਨ ਜੋ ਰਾਗ ਮਾਲਾ ਦਾ ਪਾਠ ਕੀਤੇ ਬਿਨਾਂ ਹੀ ਭੋਗ ਪਾਉਣਾ ਉਚਿਤ ਸਮਝਦੇ ਹਨ। ਇਹ ਰਚਨਾ ਲਗਭਗ ੧੫੦ ਸਾਲ ਤੋਂ ਵਾਦ-ਵਿਵਾਦ ਦਾ ਵਿਸ਼ਾ ਬਣੀ ਹੋਈ ਹੈ। ਇਸ ਰਚਨਾ ਬਾਰੇ ਵਿਰੋਧੀ ਅਤੇ ਪੱਖੀ ਦੋਵੇਂ ਧੜੇ ਹੀ ਇਸ ਦੀ ਅਸਲੀਅਤ ਤੋਂ ਅਨਜਾਣ ਹਨ। ਸਾਡੇ ਕੋਲ ਲੋੜੀਂਦੀ ਜਾਣਕਾਰੀ ਲਈ ' ਰਾਗ ਮਾਲਾ ' ਬਾਰੇ ਕੇਵਲ ਦੋ ਇਤਿਹਾਸਕ ਗ੍ਰੰਥ ਹਨ:

1. ਗੁਰ ਬਿਲਾਸ ਛੇਵੀਂ ਪਾਤਸ਼ਾਹੀ ਰਚਨਾ ਕਾਲ ੧੭੭੫ ਬਿਕ੍ਰਮੀ
2. ਗੁਰ ਪ੍ਰਤਾਪ ਸੂਰਜ ਗ੍ਰੰਥ (ਸੂਰਜ ਪ੍ਰਕਾਸ਼) ਰਚਨਾ ੧੯੦੧ ਬਿਕ੍ਰਮੀ

ਇਸ ਤੋਂ ਇਲਾਵਾ ਭਾਈ ਚੌਪਾ ਸਿੰਘ ਦਾ ਰਹਿਤਨਾਮਾ, 'ਪ੍ਰਾਚੀਨ ਬੀੜਾਂ' (ਜੀ. ਬੀ. ਸਿੰਘ) ਅਤੇ ਘਟੋ ਘਟ ੩੦ ਕੁ ਛੋਟੇ ਤੋਂ ਛੋਟੇ ਟ੍ਰੈਕਟ ਜਾਂ ਕੁਝ ਪੁਸਤਕਾਂ ਵੇਖਣ ਵਿਚ ਆਈਆਂ। ਸਭ ਤੋਂ ਪਹਿਲਾ ਗ੍ਰੰਥ 'ਗੁਰ ਬਿਲਾਸ ਛੇਵੀਂ ਪਾਤਸ਼ਾਹੀ' ਹੈ ਜਿਸ ਵਿਚ ਰਾਗ ਮਾਲਾ ਪੜ੍ਹਨ ਦੀ ਪਰੰਪਰਾ ਅਤੇ ਆਦੇਸ਼ ਅੰਕਿਤ ਹਨ:

*ਰਾਗਨਿ ਬਿਨਤੀ ਧੁਨੀ ਗੁਰ ਅਰਜਨ ਸੁਖ ਖਾਨ।।*
*ਰਾਗ ਮਾਲਾ ਤਬ ਹੀ ਲਿਖੀ ਭੋਗ ਤਹ ਪਰ ਠਾਨ।।* [77]

ਭਾਈ ਸੰਤੋਖ ਸਿੰਘ ਨੇ ਲਿਖਿਆ ਹੈ ਕਿ ਉਨ੍ਹਾਂ ਨੂੰ ਪਤਾ ਨਹੀਂ ਕਿ ਰਾਗ ਮਾਲਾ ਗੁਰੂ ਨੇ ਲਿਖੀ ਕਿ ਕਿਸੇ ਹੋਰ ਨੇ। ਇਸਦੇ ਲਿਖੇ ਜਾਣ ਦਾ ਭਾਵ ਇਹ ਸੀ ਕਿ ਲੋਕਾਂ ਨੂੰ ਰਾਗਾਂ ਦੇ ਨਾਵਾਂ ਦੀ ਜਾਣਕਾਰੀ ਹੋ ਸਕੇ:

*ਇਹ ਸੁਧਿ ਨਹਿ ਲਿਖੀ ਇਹ ਗੁਰ ਨੇ ਕਿਥੋਂ ਸਿਖ ਕਾਹੂ ਲਿਖਿ ਦੀਨ।।*
*ਰਾਗ ਨਾਦ ਸਭਿ ਜਾਨਣ ਰਾਗੀ ਇਹ ਕਾਰਨ ਲਿਖ ਦਈ ਪ੍ਰਬੀਨ।।*
*ਸ੍ਰੀ ਗੁਰੂ ਗਿਰਾ ਨਾਮ ਹਰਿ ਕੇ ਬਿਨ ਸੰਤਨ ਮਹਿਮਾ ਬਿਨ ਨਹਿ ਕੀਨਿ।।*
*ਭਰਯੋ ਮਹਦ ਫਲ ਪੜਿਬੇ ਸੁਨਿਬੇ ਲਿਖਬੇ ਗੁਨਿਬੇ ਚਹੈ ਸੁ ਲੇਹ।।* [78]

ਇਹ ਰਚਨਾ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਤੋਂ ਅਨਿੱਖੜ ਮੰਨੀ ਜਾ ਰਹੀ ਹੈ ਕਿਉਂਕਿ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਤਕ ਦੇ ਜਿੰਨੇ ਵੀ ਹੁਕਮਨਾਮੇ ਜਾਰੀ ਹੋਏ ਹਨ। ਉਨ੍ਹਾਂ ਵਿਚ ਰਾਗ ਮਾਲਾ ਪੜ੍ਹਨ ਜਾਂ ਨਾ ਪੜ੍ਹਨ ਦਾ ਕੋਈ ਆਦੇਸ਼ ਜਾਰੀ ਨਹੀਂ ਹੋਇਆ,ਨਾ ਹੀ ਕਿਸੇ

ਇਤਿਹਾਸਕ ਗ੍ਰੰਥ ਵਿਚੋਂ ਇਸਦਾ ਹਵਾਲਾ ਦਿੱਤਾ ਜਾ ਸਕਦਾ ਹੈ।'ਰਾਗ ਮਾਲਾ ' ਗੁਰੂ ਗ੍ਰੰਥ ਸਾਹਿਬ ਵਿਚ ਵਿਦਮਾਨ ਹੈ। 'ਸਿਖ ਰਹਿਤ ਮਰਯਾਦਾ' ਅਨੁਸਾਰ ਰਾਗ-ਮਾਲਾ ਤੋਂ ਬਿਨਾ ਕੋਈ ਸਰੂਪ ਪ੍ਰਕਾਸ਼ਤ ਹੋ ਹੀ ਨਹੀਂ ਸਕਦਾ। ਜਥੇਦਾਰ ਭਾਈ ਰਾਮ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਰਾਗ ਮਾਲਾ ਤੋਂ ਬਿਨਾਂ ਲਿਖਿਆ ਸੀ, ਪਰ ਬਾਅਦ ਵਿੱਚ ਫਿਰ ਉਸ ਨੂੰ ਰਾਗ ਮਾਲਾ ਨਾਲ ਹੀ ਸੰਪੂਰਨ ਕਰਨਾ ਪਿਆ। ਸਾਰੀਆਂ ਸੰਪ੍ਰਦਾਵਾਂ, ਨਿਰਮਲੇ, ਉਦਾਸੀ, ਨਾਮਧਾਰੀ ਟਕਸਾਲਾਂ ਅਤੇ ਇਥੋਂ ਤਕ ਕਿ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਸਾਰੇ ਗੁਰਦੁਆਰਿਆਂ ਵਿਚ ਰਾਗ ਮਾਲਾ ਦੇ ਪਾਠ ਉਪਰੰਤ ਹੀ ਭੋਗ ਪਾਇਆ ਜਾਂਦਾ ਹੈ। ਪਰ ਅਖੰਡ ਕੀਰਤਨ ਦੇ ਧਨੀ ਭਾਈ ਰਣਧੀਰ ਸਿੰਘ ਨਾਰੰਗਵਾਲ ਵਾਲੇ ਦੇ ਅਨੁਆਈ ਰਾਗ ਮਾਲਾ ਪੜ੍ਹੇ ਬਿਨਾ ਸਧਾਰਨ ਜਾਂ ਅਖੰਡ ਪਾਠ ਦਾ ਭੋਗ ਪਾਉਂਦੇ ਹਨ। ਭਾਵੇਂ ਉਹ ਰਾਗ ਮਾਲਾ ਨਹੀਂ ਪੜ੍ਹਦੇ ਪਰ ਉਨ੍ਹਾਂ ਨੇ ਆਪਣੀਆਂ ਦੋ ਦਰਜਨ ਪੁਸਤਕਾਂ ਵਿਚ ਕਿਧਰੇ ਵੀ ਰਾਗ ਮਾਲਾ ਦਾ ਵਿਰੋਧ ਨਹੀਂ ਕੀਤਾ। ਭਾਈ ਕਾਹਨ ਸਿੰਘ ਨਾਭਾ ਨੇ 'ਮਹਾਨ ਕੋਸ਼' ਵਿਚ ਭਾਈ ਚੌਪਾ ਸਿੰਘ ਜੋ ਦਸ਼ਮੇਸ਼ ਪਿਤਾ ਦਾ ਖਿਡਾਵਾ ਤੇ ਸਤਿਗੁਰ ਦਾ ਅਨਿੰਨ ਸਿਖ ਸੀ, ਦੇ ਬਣਾਏ ਰਹਿਤਨਾਮੇ ਨੂੰ ਅਗਿਆਨੀ ਸਿੱਖਾਂ ਨੇ ਬਹੁਤ ਅਸ਼ੁਧ ਕਰ ਦਿੱਤਾ ਮੰਨਿਆ ਹੈ ਪਰੰਤੂ ਆਪ ਉਸੇ ਰਹਿਤਨਾਮੇ ਨੂੰ ਅਧਾਰ ਬਣਾ ਕੇ 'ਗੁਰਮਤਿ ਸੁਧਾਕਰ' ਵਿੱਚ ਵਿਚਾਰ ਪ੍ਰਗਟਾਉਂਦਾ ਹੈ:

> *ਗੁਰੂ ਗ੍ਰੰਥ ਸਾਹਿਬ ਦਾ ਭੋਗ ਨੌਵੇਂ ਪਾਤਸ਼ਾਹ ਦੇ ਸਲੋਕਾਂ ਪੁਰ ਪਾਵੇ, ਮੁੰਦਾਵਣੀ ਦਾ ਇਸ ਲਈ ਜ਼ਿਕਰ ਨਹੀਂ ਕੀਤਾ ਕਿ ਮੁੰਦਾਵਣੀ ਭੋਗ ਦੀ ਮੋਹਰ ਹੈ, ਜਿਸਦਾ ਪੜ੍ਹਨਾ ਇਸ ਲਈ ਜ਼ਰੂਰੀ ਹੈ ਜਿਸ ਤਰ੍ਹਾਂ ਸ਼ਾਹੀ ਫ਼ਰਮਾਨ ਪੜ੍ਹ ਕੇ ਮੁਹਰ ਦੀ ਇਬਾਰਤ ਅਵੱਸ਼ ਪੜ੍ਹੀ ਜਾਂਦੀ ਹੈ, ਇਸ ਤੋਂ ਛੁੱਟ ਮੁੰਦਾਵਣੀ ਗੁਰੂ ਗ੍ਰੰਥ ਸਾਹਿਬ ਦਾ ਮਹਾਤਮ ਅਤੇ ਅੰਤਮ ਪ੍ਰਾਰਥਨਾ ਹੈ, ਜਿਸ ਦਾ ਪਾਠ ਦੀ ਸਮਾਪਤੀ ਪਰ ਪੜ੍ਹਨਾ ਜ਼ਰੂਰੀ ਹੈ।*[79]

ਗੁਰੂ ਗ੍ਰੰਥ ਸਾਹਿਬ ਦੇ ਸਮੁੱਚੇ ਸਰੂਪ ਅਗੇ ਆਪਣਾ ਸਿਰ ਝੁਕਾਉਣਾ ਅਤੇ ਨਾਲ ਕਿੰਤੂ-ਪ੍ਰੰਤੂ ਵੀ ਕਰਨਾ ਵੀ ਠੀਕ ਨਹੀਂ। ਕੁਝ ਵਿਦਵਾਨ ਇਹ ਦਲੀਲ ਦਿੰਦੇ ਹਨ ਕਿ ਜੇ ਰਾਗ ਮਾਲਾ ਪੜ੍ਹਨੀ ਜ਼ਰੂਰੀ ਹੈ ਤਾਂ ਤਤਕਰਾ ਵੀ ਪੜ੍ਹਨਾ ਚਾਹੀਦਾ ਹੈ ਪਰੰਤੂ ਤਤਕਰਾ ਕਿਸੇ ਸ਼ਬਦ ਦਾ ਪੰਨਾ ਦੇਖਣ ਲਈ ਹੈ ਨਾ ਕਿ ਪਾਠ ਕਰਨ ਲਈ। ਕੁਝ ਵਿਦਵਾਨ ਇਹ ਵਿਚਾਰ ਪੇਸ਼ ਕਰਦੇ ਹਨ ਕਿ ਗੁਰੂ ਅਰਜਨ ਦੇਵ ਨੇ ਆਪਣੇ ਸੰਪਾਦਕੀ ਅਧਿਕਾਰ ਵਰਤਦੇ ਹੋਏ ਬਾਣੀ ਦੇ ਹਰ ਸ਼ਬਦ ਦੇ ਅੰਤ ਵਿਚ ਸੰਕੇਤ ਦਿੱਤੇ ਹਨ। ਗੁਰੂਆਂ ਦੀ ਬਾਣੀ ਨੂੰ ਮਹੱਲੇ ਦੇ ਅੰਕਾਂ ਨਾਲ ਵੀ ਸਪਸ਼ਟ ਕੀਤਾ ਹੈ। ਪਰ ਰਾਗ ਮਾਲਾ ਵਿਚ ਨਾ ਤਾਂ ਨਾਨਕ ਪਦ ਆਇਆ ਹੈ ਤੇ ਨਾ ਹੀ ਕਿਸੇ ਹੋਰ ਕਵੀ ਦਾ ਪਰ 'ਜਪੁ' ਦੇ ਉਪਰ

ਵੀ ਮਹਲੇ ਦਾ ਜ਼ਿਕਰ ਨਹੀਂ ਹੈ। ਰਾਗ ਮਾਲਾ ਵਿਚ ਕਈ ਰਾਗ ਅਜਿਹੇ ਹਨ ਜਿਨ੍ਹਾਂ ਵਿਚ ਬਾਣੀ ਨਹੀਂ ਰਚੀ ਗਈ। ਆਦਿ ਗ੍ਰੰਥ ਸੰਗੀਤਕ ਕਾਇਦੇ ਬੱਧੀ ਵਿਆਕਰਣ ਦਾ ਗ੍ਰੰਥ ਨਹੀਂ। ਜੇ ਇਹ ਰਾਗ ਸਿਧਾਂਤ ਮੁਤਾਬਕ ਲਿਖਿਆ ਜਾਂਦਾ ਤਾਂ ਰਾਗਾਂ ਦੀਆਂ ਕਿਸਮਾਂ, ਸਰੂਪ ਅਤੇ ਬੰਦਸ਼ਾਂ ਬਾਰੇ ਪੂਰੀ ਜਾਣਕਾਰੀ ਮਿਲਦੀ। ਕਈ ਵਿਦਵਾਨ ਇਸ ਨੂੰ ਆਲਮ ਕਵੀ ਦੀ ਰਚਨਾ ਵੀ ਮੰਨਦੇ ਹਨ। ਆਲਮ ਸੰਗੀਤਕਾਰ ਸੀ ਨਾ ਕਿ ਰਾਗ ਮਾਲਾ ਦਾ ਰਚੈਤਾ। ਮੁਸਲਮਾਨੀ ਮਤ ਅਨੁਸਾਰ ਕਿਸੇ ਮਸੀਤ ਵਿਚ ਰਾਗ ਗਾਇਆ ਹੀ ਨਹੀਂ ਜਾ ਸਕਦਾ ਪਰ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਚਨਾ ਦਾ ਅਰੰਭ ੧ੴ ਸਤਿਗੁਰੂ ਪ੍ਰਸਾਦਿ ਦੇ ਮੰਗਲ ਨਾਲ ਹੁੰਦਾ ਹੈ। ਗੁਰਬਾਣੀ ਰਾਗਾਂ ਵਿਚ ਵੀ ਹੈ ਤੇ ਰਾਗ ਮੁਕਤ ਵੀ। ਰਾਗਾਂ ਵਿਚ ਇਹ ਗੁਣ ਪ੍ਰਤਖ ਨਜ਼ਰ ਆਉਂਦਾ ਹੈ ਕਿ ਉਹ ਖਿੰਡੇ ਪੁੰਡੇ ਮਨ ਨੂੰ ਇਕਾਗਰ ਕਰਕੇ ਅਨੰਦਿਤ ਕਰਦੇ ਹਨ। ਡਾ. ਮਹਿੰਦਰ ਕੌਰ ਗਿੱਲ ਅਨੁਸਾਰ,*"ਗ੍ਰੰਥ ਦਾ ਆਰੰਭ ਕਿਸ ਅੱਖਰ ਤੇ ਸਿਧਾਂਤ ਹੋਵੇ ਉਸ ਦੀ ਸਮਾਪਤੀ ਵੀ ਉਸੇ ਨਾਲ ਹੀ ਕੀਤੀ ਜਾਵੇ। ਆਦਿ ਗ੍ਰੰਥ ਅੱਖਰ ਤੇ ਸਿਧਾਂਤ ਦੋਹਾਂ ਪੱਖਾਂ ਤੋਂ ਇਸ ਉਪਰ ਪੂਰਾ ਉਤਰਦਾ ਹੈ। ਆਦਿ ਗ੍ਰੰਥ ਦਾ ਆਰੰਭ ੧ੴ ਦੇ ਸਿਧਾਂਤ ਨਾਲ ਹੁੰਦਾ ਹੈ ਅਤੇ ਸਮਾਪਤੀ 'ਸਭ ਨਾਨਕ ਬ੍ਰਹਮ ਪਸਾਰੋ' ਦੇ ਸਿਧਾਂਤ ਉਪਰ ਹੁੰਦੀ ਹੈ। ੧ੴ ਤੇ ਸਭ ਨਾਨਕ ਬ੍ਰਹਮ ਪਸਾਰੋ, ਇਕੋ ਹੀ ਸਿਧਾਂਤ ਦੀ ਪ੍ਰੋੜਤਾ ਕਰਦੇ ਹਨ। ਜੇ ਅੱਖਰ ਦੇ ਹਿਸਾਬ ਨਾਲ ਦੇਖੀਏ ਤਾਂ ਸਤਿਨਾਮ ਅਥਵਾ 'ਸ' ਨਾਲ ਸ਼ੁਰੂ ਹੁੰਦਾ ਹੈ ਤੇ ਇਸਦੀ ਸਮਾਪਤੀ ਰਾਗ ਮਾਲਾ ਦੀ ਅਖੀਰਲੀ ਪੰਕਤੀ ਦਸਬੀਸ ਅੱਖਰ ਉੱਪਰ ਹੀ ਹੁੰਦੀ ਹੈ।"* [80]

ਅਸਲ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਵਿਸ਼ੇ ਨਾਲ ਰਾਗ ਮਾਲਾ ਦਾ ਕੋਈ ਸਬੰਧ ਨਹੀਂ ਹੈ। ਕਿਸੇ ਵੀ ਮਹਾਨ ਰਚਨਾ ਵਿੱਚ ਇਕਸੁਰਤਾ ਅਤੇ ਇਕਾਗਰਤਾ ਵਰਗੇ ਦੋਵੇਂ ਗੁਣ ਅਤਿਅੰਤ ਜਰੂਰੀ ਹੁੰਦੇ ਹਨ। ਜੇ ਇਸ ਰਾਗ ਮਾਲਾ ਨੂੰ ਕਿਧਰੇ ਵਿਚਕਾਰ ਰੱਖਿਆ ਜਾਂਦਾ ਤਾਂ ਵਿਸ਼ੇ ਵਸਤੂ ਦੇ ਪੱਖੋਂ ਗੁਰੂ ਗ੍ਰੰਥ ਸਾਹਿਬ ਦੀ ਇਕਾਗਰਤਾ ਭੰਗ ਹੋਣੀ ਸੀ। ਰਾਗ ਮਾਲਾ ਰਾਗ ਪਰਿਵਾਰ ਦਾ ਤੱਤਕਰਾ ਹੋਣ ਕਰਕੇ ਅੰਤ ਵਿੱਚ ਹੀ ਰੱਖਿਆ ਜਾਣਾ ਸੀ। ਸਾਡੇ ਵਿਚਾਰ ਅਨੁਸਾਰ ਗੁਰੂ ਅਰਜਨ ਦੇਵ ਨੇ ਆਦਿ ਗ੍ਰੰਥ ਵਿੱਚ ਆਏ ਰਾਗਾਂ ਉੱਪਰ ਕਿਸੇ ਸੰਦੇਹ ਜਾਂ ਕਿੰਤੂ ਦੀ ਵਜਹ ਕਰਕੇ ਹੀ ਇਸਨੂੰ ਅੰਤ ਵਿੱਚ ਸੰਪਾਦਿਤ ਕੀਤਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਚਾਹੀਦਾ ਹੈ ਕਿ 'ਸਿਖ ਰਹਿਤ ਮਰਿਯਾਦਾ' ਵਿੱਚ 'ਜਾਂ' ਅਖਰ ਉਤੇ ਪੁਨਰ ਵਿਚਾਰ ਕੀਤੀ ਜਾਵੇ ਅਤੇ ਰਾਗ ਮਾਲਾ ਪੜ੍ਹਨੀ ਜਾਂ ਨਾ ਪੜ੍ਹਨੀ ਦੇ ਵਿਵਾਦ ਨੂੰ ਸਮੇਟ ਕੇ ਗੁਰੂ ਗ੍ਰੰਥ ਸਾਹਿਬ ਦੇ ਆਦਰ 'ਤੇ ਅਖੰਡਤਾ ਦੀ ਭਾਵਨਾ ਨੂੰ ਕਾਇਮ ਰੱਖਿਆ ਜਾਵੇ।

# ਹਵਾਲੇ ਅਤੇ ਟਿੱਪਣੀਆਂ

1. ਡਾ. ਰਤਨ ਸਿੰਘ ਜੱਗੀ, ***ਗੁਰੂ ਗ੍ਰੰਥ ਵਿਸ਼ਵ ਕੋਸ਼***, ਪੰਨਾ 253
2. ਉਹੀ, ***ਗੁਰੂ ਨਾਨਕ ਦੀ ਵਿਚਾਰਧਾਰਾ***, ਪੰਨਾ 20
3. ਗੁਰ ਪ੍ਰਤਾਪ, ***ਸੂਰਜ ਗ੍ਰੰਥ, ਰਾਸ 1, ਅੰਸ*** 59
4. ***ਪੁਰਾਤਨ ਜਨਮ ਸਾਖੀ***, ਪੰਨਾ 207
5. J.S. Grewal, ***'A Study of the Guru Granth Sahib'***, Page 9
6. ਮੋਹਨ ਲਾਲ ਸ਼ਰਮਾ, ***ਮਨੂੰ ਸਮ੍ਰਿਤੀ*** (ਅਨੁਵਾਦ), ਪੰਨਾ 8
7. ਡਾ. ਮਹਿੰਦਰ ਕੌਰ ਗਿੱਲ, ***ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਕਲਾ***, ਪੰਨਾ 32
8. ਡਾ. ਦਰਸ਼ਨ ਸਿੰਘ, ***ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਕਲਪਨਾ ਅਤੇ ਸੰਪਾਦਨਾ, ਵਿਸਮਾਦ ਨਾਦ***, ਪੰਨਾ 356
9. -ਉਹੀ-, ਪੰਨਾ 359
10. ਕੇਸਰ ਸਿੰਘ ਛਿੱਬਰ, ***ਬੰਸਾਵਲੀਨਾਮਾ, ਚੌਦਵਾਂ ਚਰਣ***
11. ਡਾ. ਗੁਰਨਾਮ ਕੌਰ (ਸੰਪਾ.), ***ਨਾਨਕ ਪ੍ਰਕਾਸ਼ ਪਤ੍ਰਿਕਾ***, ਦਸੰਬਰ 2002, ਪੰਨਾ 6
12. ਡਾ. ਗੁਰਬਚਨ ਕੌਰ, ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ, ਇਤਿਹਾਸ ਤੇ ਤਕਨੀਕ, ***ਗੁਰਮਤਿ ਕਾਵਿ-ਅੰਕ ਖੋਜ ਪਤ੍ਰਿਕਾ***, ਪੰਨਾ 27
13. ਡਾ. ਰਤਨ ਸਿੰਘ ਜੱਗੀ, ***ਗੁਰੂ ਗ੍ਰੰਥ ਵਿਸ਼ਵ ਕੋਸ਼***, ਪੰਨਾ 253
14. -ਉਹੀ-, ਪੰਨਾ 254
15. ਭਾਈ ਗੁਰਦਾਸ, ***ਛੇਵੀਂ ਵਾਰ, ਪਉੜੀ***
16. ਡਾ. ਜਗਬੀਰ ਸਿੰਘ, ***ਬਾਣੀ ਸੰਸਾਰ***, ਪੰਨਾ 92
17. ਡਾ. ਰਤਨ ਸਿੰਘ ਜੱਗੀ, ***ਗੁਰੂ ਗ੍ਰੰਥ ਵਿਸ਼ਵ ਕੋਸ਼***, ਪੰਨਾ 241
18. -ਉਹੀ-, ***ਸ੍ਰੀ ਗੁਰੂ ਗ੍ਰੰਥ ਪਰਿਚਯ***, ਪੰਨਾ 20
19. ਡਾ. ਮਹਿੰਦਰ ਕੌਰ ਗਿੱਲ, ***ਆਦਿ ਗ੍ਰੰਥ, ਲੋਕ ਰੂਪ, ਬਾਣੀ ਰੂਪ ਪ੍ਰਬੰਧ***, ਪੰਨਾ 283
20. -ਉਹੀ-, ਪੰਨਾ 65
21. -ਉਹੀ-, ਰਾਗ ਪ੍ਰਬੰਧ, ***ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਕਲਾ***, ਪੰਨਾ 60
22. ਡਾ. ਰਤਨ ਸਿੰਘ ਜੱਗੀ, ***ਗੁਰੂ ਗ੍ਰੰਥ ਵਿਸ਼ਵ ਕੋਸ਼***, ਪੰਨਾ 360

23. ਡਾ. ਗੁਰਬਚਨ ਕੌਰ, ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਕਲਾ, ***ਖੋਜ ਪਤ੍ਰਿਕਾ, ਗੁਰਮਤਿ ਕਾਵਿ ਅੰਕ***, ਪੰਨਾ 27

24. ਉਧਰਿਤ, ***ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਕਲਾ, ਬਾਣੀ ਦਾ ਅੰਕਣ ਪ੍ਰਬੰਧ***, ਪੰਨਾ 26

25. ਉਹੀ

26. ਪ੍ਰੋ. ਸਾਹਿਬ ਸਿੰਘ, ***ਆਦਿ ਬੀੜ ਬਾਰੇ***, ਪੰਨਾ 152

27. ਡਾ. ਗੁਰਬਚਨ ਕੌਰ, ***ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਕਲਾ***, ਉਹੀ, ਪੰਨਾ 27

28. ਡਾ. ਮਹਿੰਦਰ ਕੌਰ ਗਿੱਲ, ***ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਕਲਾ***, ਪੰਨਾ 26

29. ਡਾ. ਜਗਬੀਰ ਸਿੰਘ, ***ਬਾਣੀ ਸੰਸਾਰ***, ਪੰਨਾ 93

30. ਡਾ. ਗੁਰਸ਼ਰਨਜੀਤ ਸਿੰਘ, ***ਗੁਰੂ ਨਾਨਕ ਬਾਣੀ ਦਾ ਸਮਾਜ ਸ਼ਾਸਤਰੀ ਪਰਿਪੇਖ***, ਪੰਨਾ 17

31. ਸ੍ਰੀਮਤੀ ਵਿਦਿਆਵਤੀ, ***ਜਪੁਜੀ ਇਕ ਵਿਵੇਚਨ***, ਪੰਨਾ 16

32. ਡਾ. ਜਗਬੀਰ ਸਿੰਘ, ***ਬਾਣੀ ਸੰਸਾਰ***, ਪੰਨਾ 95

33. ਡਾ. ਰਤਨ ਸਿੰਘ ਜੱਗੀ, ***ਵਿਚਾਰਧਾਰਾ, ਜਪੁਜੀ ਦਾ ਸਾਹਿੱਤਕ ਮੁਲਾਂਕਣ***, ਪੰਨਾ 50-51

34. ਡਾ. ਜਗਬੀਰ ਸਿੰਘ, ***ਬਾਣੀ ਸੰਸਾਰ***, ਪੰਨਾ 97

35. ਡਾ. ਦੀਵਾਨ ਸਿੰਘ, ***ਗੁਰਬਾਣੀ ਚਿੰਤਨ***, ਪੰਨਾ 53

36. ਡਾ. ਰਤਨ ਸਿੰਘ ਜੱਗੀ, ***ਗੁਰੂ ਗ੍ਰੰਥ ਵਿਸ਼ਵ ਕੋਸ਼***, ਪੰਨਾ 165

37. -ਉਹੀ-, ***ਸ੍ਰੀ ਗੁਰੂ ਗ੍ਰੰਥ ਪਰਿਚਯ***, ਪੰਨਾ 133

38. -ਉਹੀ-, ਪੰਨਾ 133

39. ਪ੍ਰੋ. ਪਿਆਰਾ ਸਿੰਘ ਪਦਮ, ***ਗੁਰੂ ਗ੍ਰੰਥ ਸੰਕੇਤ ਕੋਸ਼***, ਪੰਨਾ 317

40. ਭਾਈ ਕਾਹਨ ਸਿੰਘ ਨਾਭਾ, ***ਮਹਾਨ ਕੋਸ਼***, ਪੰਨਾ 405

41. ਡਾ. ਗੁਰਚਰਨ ਸਿੰਘ, ***ਗੁਰੂ ਗ੍ਰੰਥ ਸਾਹਿਬ ਕੋਸ਼***, ਪੰਨਾ 382

42. ਭਾਈ ਵੀਰ ਸਿੰਘ, ***ਗੁਰੂ ਗ੍ਰੰਥ ਸਾਹਿਬ ਕੋਸ਼***, ਪੰਨਾ 438

43. ਭਾਈ ਕਾਹਨ ਸਿੰਘ ਨਾਭਾ, ***ਗੁਰਛੰਦ ਦਿਵਾਕਰ***, ਪੰਨਾ 104

44. ਡਾ. ਰਤਨ ਸਿੰਘ ਜੱਗੀ, ***ਗੁਰੂ ਗ੍ਰੰਥ ਵਿਸ਼ਵ ਕੋਸ਼***, ਪੰਨਾ 466

45. ਭਾਈ ਕਾਹਨ ਸਿੰਘ ਨਾਭਾ, ***ਮਹਾਨ ਕੋਸ਼***, ਪੰਨਾ 902

46. ਡਾ. ਰਤਨ ਸਿੰਘ ਜੱਗੀ, ***ਗੁਰੂ ਨਾਨਕ ਦੀ ਵਿਚਾਰਧਾਰਾ***, ਪੰਨਾ 80

47. ਪ੍ਰੋ. ਸਾਹਿਬ ਸਿੰਘ, ***ਸ਼ਬਦਾਰਥ - ਪੋਥੀ ਚੌਥੀ***, ਪੰਨਾ 1410

48. ਡਾ. ਤਾਰਨ ਸਿੰਘ, ***ਗੁਰੂ ਨਾਨਕ ਚਿੰਤਨ ਤੇ ਕਲਾ***, ਪੰਨਾ 39-40

49. ਡਾ. ਰਤਨ ਸਿੰਘ ਜੱਗੀ, ***ਗੁਰੂ ਗ੍ਰੰਥ ਵਿਸ਼ਵ ਕੋਸ਼***, ਪੰਨਾ 168-169

50. ਡਾ. ਰਾਜਿੰਦਰ ਸਿੰਘ, ***ਗੁਰੂ ਅਮਰਦਾਸ ਦੀ ਬਾਣੀ ਦਾ ਸਰਵੇਖਣ***, ਪੰਨਾ 36

51. ਡਾ. ਦਲੀਪ ਸਿੰਘ ਦੀਪ, ***ਗੁਰੂ ਅਮਰਦਾਸ, ਜੀਵਨ ਤੇ ਵਿਅਕਤਿਤਵ***, ਪੰਨਾ 39

52. ਪ੍ਰੋ. ਸਾਹਿਬ ਸਿੰਘ, ***ਗੁਰੂ ਗ੍ਰੰਥ ਦਰਪਣ***, ਪੰਨਾ 88

53. ਡਾ. ਦਰਸ਼ਨ ਸਿੰਘ, ***ਗੁਰੂ ਅਮਰਦਾਸ ਜੀ ਦੀ ਬਾਣੀ ਵਿਚ ਗੁਰੂ ਦਾ ਸੰਕਲਪ***, ਪੰਨਾ 63

54. ਡਾ. ਤਾਰਨ ਸਿੰਘ, ***ਗੁਰੂ ਗ੍ਰੰਥ ਸਾਹਿਬ ਦਾ ਸਾਹਿੱਤਕ ਇਤਿਹਾਸ***, ਪੰਨਾ 360

55. ਨਿਰਵੈਰ ਸਿੰਘ ਅਰਸ਼ੀ, ***ਬਾਣੀ ਗੁਰੂ ਰਾਮਦਾਸ: ਆਲੋਚਨਾਤਮਕ ਅਧਿਐਨ***, ਪੰਨਾ 43

56. Prof. Puran Singh, ***Ten Great Masters***, page 38

57. ਡਾ. ਰਤਨ ਸਿੰਘ ਜੱਗੀ, ***ਸ੍ਰੀ ਗੁਰੂ ਗ੍ਰੰਥ ਪਰਿਚਯ***, ਪੰਨਾ 146

58. ਚਾਨਣ ਸਿੰਘ ਨਿਰਮਲ, ***ਗੁਰੂ ਤੇਗ ਬਹਾਦਰ ਦੀ ਬਾਣੀ ਵਿਚ ਨਾਸ਼ਮਾਨਤਾ***, ਪੰਨਾ 153

59. ਗਿਆਨੀ ਗੁਰਦਿੱਤ ਸਿੰਘ, ***ਮੁੰਦਾਵਣੀ***, ਪੰਨਾ 85

60. -ਉਹੀ-, ਉਧਰਿਤ

61. ਡਾ. ਚਰਨ ਸਿੰਘ, ***ਬਾਣੀ ਬਿਉਰਾ***, ਪੰਨਾ 65

62. ਉਧਰਿਤ, ਗਿਆਨੀ ਗੁਰਦਿੱਤ ਸਿੰਘ, ***ਮੁੰਦਾਵਣੀ***, ਪੰਨਾ 85

63. ਡਾ. ਮਹਿੰਦਰ ਕੌਰ ਗਿੱਲ, ***ਰਾਗ ਮੁਕਤ ਰਚਨਾ ਦਾ ਪ੍ਰਬੰਧ***, ਪੰਨਾ 107

64. ਉਹੀ

65. ਡਾ. ਰਤਨ ਸਿੰਘ ਜੱਗੀ, ***ਸ੍ਰੀ ਗੁਰੂ ਗ੍ਰੰਥ ਪਰਿਚਯ***, ਪੰਨਾ 136

66. ***ਸ੍ਰੀ ਗੁਰੂ ਗ੍ਰੰਥ ਸਾਹਿਬ***, ਪੰਨਾ 324

67. -ਉਹੀ-

68. ਡਾ. ਧਰਮਪਾਲ ਸਿੰਗਲ (ਸੰਪਾ.), ***ਭਗਤ ਬਾਣੀ***, ਪੰਨਾ-101

69. ਡਾ. ਜੀਤ ਸਿੰਘ ਸੀਤਲ, ***ਬਾਬਾ ਫਰੀਦ -ਪ੍ਰਥਮ ਭਾਰਤੀ ਲੋਕ ਕਵੀ***, ਪੰਨਾ 25

70. ਡਾ. ਰਤਨ ਸਿੰਘ ਜੱਗੀ, ***ਸ੍ਰੀ ਗੁਰੂ ਗ੍ਰੰਥ ਪਰਿਚਯ***, ਪੰਨਾ 138

71. ਉਹੀ, ਪੰਨਾ 139

72. ਗਿਆਨੀ ਗੁਰਦਿੱਤ ਸਿੰਘ, ***ਭੱਟ ਤੇ ਉਨ੍ਹਾਂ ਦੀ ਰਚਨਾ ਕਾਨਫਰੰਸ ਅੰਕ***, ਅਗਸਤ 1961

73. ਭਾਈ ਕਾਹਨ ਸਿੰਘ ਨਾਭਾ, ***ਮਹਾਨ ਕੋਸ਼***, ਪੰਨਾ 904

74. ਪ੍ਰੋ. ਸਾਹਿਬ ਸਿੰਘ, ***ਭੱਟਾਂ ਦੇ ਸੱਵਈਏ ਸਟੀਕ***, ਪੰਨਾ 7

75. ਡਾ. ਗੁਰਵਿੰਦਰ ਕੌਰ, ਭੱਟਾਂ ਦੇ ਸੱਵਈਏ ਇਕ ਅਧਿਐਨ ਭੱਟ ਬਾਣੀ ਵਿਸ਼ੇਸ਼ ਅੰਕ, ***ਨਾਨਕ ਪ੍ਰਕਾਸ਼ ਪਤ੍ਰਿਕਾ***, ਪੰਨਾ 97

76. ਪ੍ਰਿੰ. ਸਤਬੀਰ ਸਿੰਘ, ***ਸਚਖੰਡ ਪੱਤਰ***, ਅਗਸਤ 1982

77. ਭਾਈ ਸੰਤੋਖ ਸਿੰਘ, ***ਗੁਰ ਬਿਲਾਸ ਛੇਵੀ ਪਾਤਸ਼ਾਹੀ***, ਪੰਨਾ 481

78. ਉਹੀ, ***ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਗ 3, ਅੰਸ*** 481

79. ਭਾਈ ਕਾਹਨ ਸਿੰਘ ਨਾਭਾ, ***ਮਹਾਨ ਕੋਸ਼***, ਪੰਨਾ 466-67

80. ਡਾ. ਮਹਿੰਦਰ ਕੌਰ ਗਿੱਲ, ***ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਕਲਾ***, ਪੰਨਾ 38

0-0-0

# ਅਧਿਆਇ ਤੀਜਾ

## ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਰਾਗ ਮੁਕਤ ਬਾਣੀ ਦਾ ਸਮਾਜਿਕ ਪਰਿਪੇਖ

(ੳ) ਰਾਗ ਮੁਕਤ ਬਾਣੀ ਵਿੱਚ ਕੁਲੀਨ ਵਰਗ ਨਾਲ ਵਿਰੋਧ ਅਤੇ ਲੋਕ ਧਿਰਾਂ ਨੂੰ ਸਮਾਜਿਕ ਪ੍ਰਵਾਨਗੀ

(ਅ) ਰਾਗ ਮੁਕਤ ਬਾਣੀ ਵਿੱਚ ਸੰਸਥਾਗਤ ਸਮਾਜਿਕ ਮੁੱਲਾਂ ਨਾਲ ਸੰਵਾਦ

(ੲ) ਰਾਗ ਮੁਕਤ ਬਾਣੀ ਵਿੱਚ ਅਰਥਹੀਣ ਸਮਾਜਿਕ ਪਰੰਪਰਾਵਾਂ ਦੇ ਸਮਵਿੱਥ ਨਵੇਂ ਪ੍ਰਤੀਮਾਨ

(ਸ) ਰਾਗ ਮੁਕਤ ਬਾਣੀ ਵਿੱਚ ਆਦਰਸ਼ ਸਮਾਜ ਦੀ ਪਰਿਕਲਪਨਾ ਅਤੇ ਭੂਮਿਕਾ

# ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਰਾਗ ਮੁਕਤ ਬਾਣੀ ਦਾ ਸਮਾਜਿਕ ਪਰਿਪੇਖ

ਇਸ ਤੱਥ ਵਿਚ ਕੋਈ ਦੋ ਰਾਵਾਂ ਨਹੀ ਹਨ ਕਿ ਸਮਾਜਿਕ ਸੰਰਚਨਾਵਾਂ ਆਪਣੀਆਂ ਸੀਮਾਵਾਂ ਅਤੇ ਸਥਾਪਨਾਵਾਂ ਨਾਲ ਲੈ ਕੇ ਆਉਂਦੀਆਂ ਹਨ। ਸੀਮਾਵਾਂ ਅਤੇ ਸਥਾਪਨਾਵਾਂ ਦਾ ਇਹੋ ਸਮਿਨਵੈ ਉਨ੍ਹਾਂ ਸੰਰਚਨਾਵਾਂ ਦੇ ਪਾਰ ਭਵਿਖਮੁਖੀ ਤਬਦੀਲੀਆਂ ਦਾ ਵਾਹਕ ਬਣਦਾ ਹੈ। ਅਸੀਂ ਵੇਖਦੇ ਹਾਂ ਕਿ ਮੱਧਕਾਲੀ ਸਮੇਂ ਦਾ ਭਾਰਤੀ ਇਤਿਹਾਸ ਰਾਜਸੀ ਉਥਲ ਪੁਥਲ ਦਾ ਇਤਿਹਾਸ ਹੈ। ਰਾਜਸੀ ਉਥਲ ਪੁਥਲ ਆਪਣੇ ਦੋਵਾਂ ਧਰਾਤਲਾਂ, ਅੰਦਰੂਨੀ ਅਤੇ ਬਾਹਰੀ, ਉੱਤੇ ਸਮਾਜਿਕ ਢਾਂਚੇ ਤੋਂ ਪ੍ਰੇਰਿਤ ਸੀ ਤੇ ਇਹੀ ਸਮਾਜਿਕ ਢਾਂਚਾ ਧਾਰਮਿਕ ਚੌਗਿਰਦੇ ਦੇ ਅਧੀਨ ਵਿਕਸਤ ਹੁੰਦਾ ਵੇਖਿਆ ਜਾ ਸਕਦਾ ਸੀ। ਸੋ ਸਮਾਜ ਵਿਚਲਾ ਰਾਜਸੀ ਏਕਾਧਿਕਾਰ ਆਪਣਾ ਸਰੂਪ ਸਮਾਜਿਕ ਧਾਰਮਿਕ ਚੌਗਿਰਦੇ ਵਿਚੋਂ ਗ੍ਰਹਿਣ ਕਰਦਾ ਸੀ। ਇਸ ਦਾ ਸਭ ਤੋਂ ਵੱਡਾ ਪ੍ਰਭਾਵ ਇਸ ਰੂਪ ਵਿਚ ਸਾਹਮਣੇ ਆਇਆ ਕਿ ਸੱਤਾ ਧਿਰ ਜਮਾਤ ਦਾ ਧਰਮ ਹਮੇਸ਼ਾ ਹੀ ਵਧਦਾ ਫੁੱਲਦਾ ਰਿਹਾ ਅਤੇ ਪਰਜਾ ਦਾ ਧਰਮ ਹਮੇਸ਼ਾ ਹੀ ਨਜ਼ਰ ਅੰਦਾਜ਼ੀ ਦਾ ਸ਼ਿਕਾਰ ਹੋਇਆ। ਇਸ ਅਰਾਜਿਕਤਾ ਦੇ ਮਾਹੌਲ ਵਿਚ ਪੰਜਾਬ ਦੀ ਧਰਤੀ ਉੱਤੇ ਸਿਖ ਧਰਮ ਨੇ ਜਨਮ ਲਿਆ। ਇਹ ਵਿਚਾਰ ਪ੍ਰਮਾਣਿਕ ਰੂਪ ਵਿਚ ਸਵੀਕਾਰ ਕੀਤਾ ਜਾਂਦਾ ਹੈ ਕਿ ਕੇਵਲ ਪੰਜਾਬ ਵਿਚ ਹੀ ਨਹੀਂ ਬਲਕਿ ਸਾਰੇ ਮਹਾਂਦੀਪ ਵਿਚ ਪਿਛਲੇ 1500 ਸਾਲ ਦੇ ਇਤਿਹਾਸ ਵਿਚ ਅਜਿਹੀ ਕੋਈ ਹਸਤੀ ਨਹੀਂ ਸੀ ਪੈਦਾ ਹੋਈ ਜਿਸਨੇ ਦਹਿਸ਼ਤਗਰਦ ਜਾਂ ਹਮਲਾਵਰ ਵਿਰੁੱਧ ਕਦੇ ਆਪਣੀ ਆਵਾਜ਼ ਬੁਲੰਦੀ ਕੀਤੀ ਹੋਵੇ।

ਸਿੱਖ ਚਿੰਤਨ ਵਿਚ ਨਾ ਕੇਵਲ ਸੱਤਾ 'ਤੇ ਕਾਬਜ਼ ਜਰਵਾਣਿਆਂ ਦੇ ਵਿਰੋਧ ਵਿਚ ਕੀਤੀ ਟਿਪਣੀਆਂ ਹੀ ਮਿਲਦੀਆਂ ਹਨ ਬਲਕਿ ਇਕ ਵਿਰੋਧ ਦੀ ਸੁਰ ਵੀ ਉਠਦੀ ਦਿਖਾਈ ਦਿੰਦੀ ਹੈ। ਇਸੇ ਸਦਕਾ ਅਸੀਂ ਵੇਖਦੇ ਹਾਂ ਕਿ ਸਿੱਖ ਚਿੰਤਨ ਵਿਚ ਵਿਚਾਰਧਾਰਾ ਦੇ ਸਰੂਪਗਤ ਪਹਿਲੂ ਦਾ ਜਿਹੜਾ ਸਭ ਤੋਂ ਵੱਡਾ ਪ੍ਰਭਾਵ ਸਿੱਖ ਕੌਮ ਉੱਤੇ ਪਿਆ, ਉਹ ਦਲੇਰੀ ਸੀ। ਗੁਰੂ ਨਾਨਕ ਸਾਹਿਬ ਵਲੋਂ ਬਾਬਰ ਨੂੰ ਜਮ ਦਾ ਦਰਜਾ ਦੇਣਾ, ਦੋਖੀ ਰਾਜਿਆਂ ਨੂੰ ਸ਼ੀਂਹ ਕਹਿਣਾ, ਗੁਰੂ ਅਰਜਨ ਦੇਵ ਵਲੋਂ ਸ਼ਹੀਦੀ ਦੀ ਪਰੰਪਰਾ ਨੂੰ ਸੁਰਜੀਤ ਕਰਕੇ ਮਨੁੱਖਤਾ ਦੇ ਭਲੇ ਲਈ ਆਤਮ ਬਲੀਦਾਨ ਦੀ ਨਵੀਂ ਪਿਰਤ ਪਾਉਣੀ, ਗੁਰੂ ਗੋਬਿੰਦ ਸਿੰਘ ਵਲੋਂ ਰਾਜਸੀ ਪ੍ਰਕਿਰਿਆ ਵਿਚ ਸ਼ਾਮਿਲ ਹੋਣ ਦੇ ਸਿੱਧੇ ਉਚੇਚ ਵਜੋਂ ਖਾਲਸੇ ਦੀ ਸਥਾਪਨਾ ਕਰਨੀ ਆਦਿ ਸੰਕਲਪ ਉਸ ਸਮੇਂ ਦੇ ਗਲ ਘੋਟੂ ਸਮਾਜਿਕ ਨਿਜ਼ਾਮ

ਵਿਰੁਧ ਇਕ ਵੱਖਰੇ ਇਨਕਲਾਬ ਦਾ ਆਰੰਭ ਬੰਨ੍ਹਦੇ ਵੇਖੇ ਜਾ ਸਕਦੇ ਹਨ। ਸਾਰੇ ਮਹਾਂਦੀਪ ਵਿਚ ਹਕੂਮਤ ਨੂੰ ਟੱਕਰ ਦੇਣ ਵਾਲੇ ਧਾਰਮਿਕ ਆਗੂ ਸਿੱਖ ਧਰਮ ਰਾਹੀਂ ਹੀ ਪਹਿਲੀ ਵਾਰ ਇਤਿਹਾਸਕ ਪਟ ਉੱਤੇ ਆਏ ਸਨ। ਇਹ ਉਹ ਸਮਾਂ ਸੀ ਜਦੋਂ ਮਹਾਂਦੀਪ ਦੀ ਅਣਖੀਲੀ ਕੌਮ ਰਾਜਪੂਤਾਂ ਵਿਚੋਂ ਵੀ ਬਹੁਤਿਆਂ ਨੇ ਹਥਿਆਰ ਸੁੱਟ ਕੇ ਆਪਣੀ ਅਣਖ ਦਾ ਸੌਦਾ ਕਰ ਲਿਆ ਸੀ ਤੇ ਉਹ ਮੁਗ਼ਲ ਬਾਦਸ਼ਾਹ ਅਕਬਰ ਨੂੰ ਆਪਣੀਆਂ ਧੀਆਂ ਦੇ ਡੋਲੇ ਦੇ ਕੇ, ਬੈ-ਗ਼ੈਰਤ ਅਖਵਾਉਣ ਲੱਗਿਆਂ ਵੀ ਸ਼ਰਮ ਨਹੀਂ ਸਨ ਕਰਦੇ । ਅਜਿਹੇ ਸਮੇਂ ਗੁਰੂ ਸਾਹਿਬ ਨੇ ਪੰਜਾਬੀਆਂ ਨੂੰ ਅਣਖ ਨਾਲ ਜਿਉਣ ਦੀ ਜਾਚ ਸਿਖਾਈ। ਗੁਰੂ ਸਾਹਿਬ ਨੇ ਪੰਜਾਬੀਆਂ ਨੂੰ ਜਿੱਥੇ ਇੱਕ ਅਕਾਲ ਪੁਰਖ ਦੀ ਹਸਤੀ ਦਾ ਅਹਿਸਾਸ ਕਰਵਾਇਆ ਉਥੇ ਅਣਖ ਅਤੇ ਸ਼ਾਨ ਦਾ ਜਜ਼ਬਾ ਵੀ ਪ੍ਰਦਾਨ ਕੀਤਾ। ਸਿੱਖ ਗੁਰੂ ਸਾਹਿਬਾਨ ਨੇ ਸਿਰਫ਼ ਡਰ ਦੇ ਸਾਏ ਹੇਠ ਰੱਖ ਕੇ ਕਿਸੇ ਵਿਅਕਤੀ ਤੋਂ ਈਨ ਮੰਨਵਾਉਣ ਦੀ ਸਖ਼ਤ ਨਿਖੇਧੀ ਕੀਤੀ ਤੇ ਇਕ ਅਕਾਲ ਪੁਰਖ ਦੇ ਸਾਏ ਹੇਠ ਰਹਿੰਦਿਆਂ ਸਮੁੱਚੀ ਸਿੱਖ ਕੌਮ ਨੂੰ ਸਦੈਵ ਨਿਡਰ ਰਹਿਣ ਦਾ ਸੰਦੇਸ਼ ਦਿੱਤਾ। ਵਿਚਾਰ ਕੀਤਾ ਜਾਂਦਾ ਹੈ ਕਿ ਦੁਨੀਆਂ ਭਰ ਦੀਆਂ ਹਾਕਮ ਕੌਮਾਂ ਦੇ ਪੈਰੋਕਾਰਾਂ ਵਿਚ ਹੈਂਕੜ ਦੀ ਪਿੱਠ ਭੂਮੀ ਦਾ ਪਿਛੋਕੜ, ਉਨ੍ਹਾਂ ਦੇ ਹੱਥ ਵਿਚ ਤਾਕਤ ਹੋਣਾ ਹੈ। ਇਸ ਹੈਂਕੜ ਨੂੰ ਅਣਖ ਨਹੀਂ ਆਖ ਸਕਦੇ ਕਿਉਂਕਿ ਅਣਖ ਨਾਲ ਜਿਉਣਾ ਕਿਸੇ ਦੂਜੇ ਉੱਪਰ ਹਕੂਮਤ ਕਰਨਾ ਨਹੀਂ ਬਲਕਿ ਦੂਜੇ ਦੇ ਹੱਕ, ਵਜੂਦ ਭਾਵ ਹਸਤੀ ਨੂੰ ਕਬੂਲ ਕਰਨਾ ਹੈ। ਬਹੁਤੀਆਂ ਹਾਕਮ ਕੌਮਾਂ ਵਿਚ ਅਣਖ ਦੀ ਜਗ੍ਹਾ ਹੈਂਕੜ ਭਾਰੂ ਰਹੀ ਹੈ। ਇਸ ਹੈਂਕੜ ਵਿਚ ਅਕਸਰ ਧੱਕੇਸ਼ਾਹੀ, ਦੂਜੇ ਧਰਮ/ਕੌਮਾਂ ਨਸਲਾਂ ਨਾਲ ਨਫ਼ਰਤ ਪ੍ਰਧਾਨ ਹੁੰਦੀ ਹੈ। ਸਿੱਖ ਧਰਮ ਵਿਚ ਇਨਸਾਨ ਨੂੰ ਜਿਸ ਅਣਖ ਦਾ ਪਾਠ ਪੜ੍ਹਾਇਆ ਗਿਆ, ਉਸਦਾ ਅਮਲ ਇਸ ਪ੍ਰਕਾਰ ਹੈ:

*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥*
*ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥* ਪੰਨਾ ੧੪੨੭

ਇਸ ਤਰ੍ਹਾਂ ਸਿੱਖ ਚਿੰਤਨ ਵਿਚ ਜਿੱਥੇ ਨਾ ਭੈਅ ਮੰਨਣ ਦਾ ਅਤੇ ਨਾ ਕਿਸੇ ਨੂੰ ਭੈ ਭੀਤ ਕਰਨ ਦਾ ਸੰਦੇਸ਼ ਮਿਲਦਾ ਹੈ ਉੱਥੇ ਸਿੱਖਾਂ ਨੂੰ ਸੰਤ ਸਿਪਾਹੀ ਬਣਾਉਣ ਦੀ ਪ੍ਰਕਿਰਿਆ ਵੀ ਕੇਂਦਰ ਵਿਚ ਆ ਖੜ੍ਹੋਂਦੀ ਹੈ। ਮੀਰੀ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰਕੇ ਸਿੱਖਾਂ ਨੂੰ ਦੁਨਿਆਵੀ ਅਤੇ ਅਧਿਆਤਮਕ ਤੌਰ 'ਤੇ ਬਲ ਪ੍ਰਦਾਨ ਕੀਤਾ। ਸਿੱਖਾਂ ਨੂੰ ਸ਼ਸਤਰ ਧਾਰਨ ਕਰਨ ਦਾ ਐਲਾਨ ਹੋਇਆ ਤੇ ਨਾਲ ਹੀ ਇਹ ਸਪਸ਼ਟ ਆਦੇਸ਼ ਦਿੱਤਾ ਗਿਆ ਇਹ ਸ਼ਸਤਰ ਗ਼ਰੀਬ ਦੀ ਰੱਖਿਆ ਅਤੇ ਜਰਵਾਣੇ ਦੀ ਭੱਖਿਆ ਵਾਸਤੇ ਹਨ। ਇਸ ਸੰਬੰਧ ਵਿਚ ਸਾਡੇ ਸਾਹਮਣੇ ਉਸ ਸਮੇਂ ਦੇ ਪ੍ਰਚਲਿਤ ਮਾਡਲਾਂ ਨਾਲ ਸੰਵਾਦ ਰਚਾਉਂਦੀ ਸਿੱਖ ਚਿੰਤਨ ਦੀ ਇਕ ਹੋਰ ਵਿਸ਼ੇਸ਼ਤਾ, ਕੁਰਬਾਨੀ ਅਤੇ

ਬਲੀਦਾਨ ਦੀ ਭਾਵਨਾ ਆਉਂਦੀ ਹੈ। ਪੰਜਵੇਂ ਗੁਰੂ, ਗੁਰੂ ਅਰਜਨ ਦੇਵ ਦੀ ਸ਼ਹੀਦੀ ਨਾਲ ਸਿਖ ਇਤਿਹਾਸ ਵਿਚ ਇਹ ਪਰੰਪਰਾ ਸ਼ੁਰੂ ਹੁੰਦੀ ਹੈ। ਇਸ ਉਪਰੰਤ ਗੁਰੂ ਤੇਗ ਬਹਾਦਰ ਕਸ਼ਮੀਰੀ ਬ੍ਰਹਮਣਾਂ ਲਈ ਆਤਮ ਬਲੀਦਾਨ ਦਿੰਦੇ ਹਨ ਅਤੇ ਇਸ ਉਪਰੰਤ ਸਿੱਖਾਂ ਦੇ ਰਾਜਸੀ ਮੰਚ ਉਤੇ ਗੁਰੂ ਗੋਬਿੰਦ ਸਿੰਘ ਰਾਜ ਅਤੇ ਧਰਮ ਦੀ ਰੱਖਿਆ ਲਈ 'ਖਾਲਸਾ ਪੰਥ' ਦੀ ਸਥਾਪਨਾ ਕਰਦੇ ਨਜ਼ਰ ਆਉਂਦੇ ਹਨ।

ਉਪਰੋਕਤ ਇਤਿਹਾਸਕ ਵਿਵੇਚਨ ਦੀ ਲੋੜ ਇਸ ਲਈ ਭਾਸਦੀ ਨਜ਼ਰ ਆਉਂਦੀ ਹੈ ਕਿਉਂਕਿ ਬਾਣੀ ਦੇ ਸਮਾਜਿਕ ਪਰਿਪੇਖ ਨੂੰ ਜਾਨਣ ਲਈ ਤਤ ਕਾਲੀਨ ਸਮਾਜਿਕ ਪਰਿਸਥਿਤੀਆਂ ਨੂੰ ਜਾਨਣਾ ਬਹੁਤ ਜ਼ਰੂਰੀ ਹੈ। ਧਾਰਮਿਕ ਟੈਕਸਟ ਦੇ ਅਧਿਐਨ ਦੇ ਸੰਬੰਧ ਵਿਚ ਇਸਦਾ ਮਹੱਤਵ ਹੋਰ ਵੀ ਵਧ ਜਾਂਦਾ ਹੈ ਕਿਉਂਕਿ ਅਸੀਂ ਜਾਣਦੇ ਹਾਂ ਕਿ ਧਰਮ ਅਤੇ ਸਮਾਜ ਦੋ ਅਜਿਹੇ ਸੰਕਲਪ ਬਿੰਦੂ ਹਨ ਜਿਨ੍ਹਾਂ ਦਾ ਆਪਸ ਵਿਚ ਗੂੜ੍ਹਾ ਸਬੰਧ ਹੈ। ਸਮਾਜ ਧਰਮ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਧਰਮ ਸਮਾਜ ਨੂੰ। ਆਮ ਤੌਰ ਤੇ ਸਮਾਜਿਕ ਵਾਤਾਵਰਣ ਧਰਮ ਨੂੰ ਪ੍ਰਭਾਵਿਤ ਕਰਦਾ ਹੈ। ਧਰਮ ਦਾ ਪ੍ਰਭਾਵ ਵੀ ਸਮਾਜ ਉਤੇ ਅਕਸਰ ਦੇਖਿਆ ਜਾਂਦਾ ਹੈ। ਜੇ ਕੋਈ ਧਰਮ ਸਮਾਜ ਵਿਚਲੀਆਂ ਸਮੱਸਿਆਵਾਂ ਨੂੰ ਸੁਲਝਾਉਣ ਲਈ ਆਪਣੀ ਯੋਗ ਅਗਵਾਈ ਨਾ ਬਖਸ਼ੇ ਤਾਂ ਸਮਾਜ ਉਸ ਧਰਮ ਤੋਂ ਕੰਨੀ ਕਤਰਾ ਲੈਂਦਾ ਹੈ। ਡਾ. ਰਾਧਾ ਕ੍ਰਿਸ਼ਨ ਧਰਮ ਬਾਰੇ ਲਿਖਦੇ ਹਨ:

> *ਕਿਸੇ ਸੱਚੇ ਧਰਮ ਦੀ ਕਸਵੱਟੀ ਇਹ ਹੈ ਕਿ ਇਹ ਕਿਸ ਹੱਦ ਤਕ ਵਿਅਕਤੀ ਅਤੇ ਸਮਾਜਿਕ ਵਿਵਸਥਾ ਨੂੰ ਬਦਲ ਸਕਦਾ ਹੈ। ਧਰਮ ਨੂੰ ਸਮਾਜਿਕ ਜੀਵਨ ਅਤੇ ਧਰਮ ਪ੍ਰਥਾਵਾਂ ਦੇ ਹਨੇਰੇ ਪੱਖਾਂ ਨੂੰ ਪ੍ਰਕਾਸ਼ਿਤ ਕਰਨਾ ਚਾਹੀਦਾ ਹੈ।* [1]

ਧਰਮ ਹਮੇਸ਼ਾ ਹੀ ਸਮਾਜ ਵਿਚ ਫੈਲੇ ਕੋਹੜ ਨੂੰ ਖਤਮ ਕਰਨ ਲਈ ਤਤਪਰ ਰਹਿੰਦਾ ਹੈ। ਬਾਣੀਕਾਰਾਂ ਦਾ ਮਤ ਹੈ ਕਿ ਜੀਵਾਤਮਾ ਉਸੇ ਪਰਮ ਸਤਿ ਦੀ ਅੰਸ਼ ਹੈ ਪਰ ਉਹ ਆਪਣੀ ਅਗਿਆਨਤਾ ਕਾਰਨ ਉਸ ਤੋਂ ਵਿਛੁੰਨਿਆ ਹੋਇਆ ਹੈ। ਇਸ ਲਈ ਇਕ ਮਨੁੱਖ ਨੂੰ ਦੂਜੇ ਨਾਲ ਇਸ ਤਰ੍ਹਾਂ ਦਾ ਵਿਹਾਰ ਕਰਨਾ ਚਾਹੀਦਾ ਹੈ ਤਾਂ ਜੁ ਉਸ ਦੇ ਅੰਦਰ ਵਸਦੇ ਰੱਬ ਦਾ ਅਪਮਾਨ ਨਾ ਕਰ ਸਕੇ। ਸਾਰੇ ਮਨੁੱਖ ਮੂਲ ਰੂਪ ਵਿਚ ਬਰਾਬਰ ਹਨ ਪਰ ਉਸਨੇ ਆਪ ਹੀ ਸਮਾਜ ਵਿਚ ਜਾਤ ਪਾਤ, ਭਿੰਨ ਭੇਦ, ਵਰਣ ਵੰਡ, ਰੰਗ, ਨਸਲ ਅਤੇ ਕੌਮਾਂ ਜਿਹੇ ਵਿਤਕਰੇ ਪੈਦਾ ਕਰ ਦਿੱਤੇ ਹਨ। ਧਰਮ ਅਤੇ ਸਮਾਜ ਹਮੇਸ਼ਾਂ ਇਕ ਦੂਜੇ ਦੇ ਨਾਲ ਰਲਕੇ ਚਲਦੇ ਹਨ। ਫਰਾਂਸੀਸੀ ਸਮਾਜ-ਵਿਗਿਆਨੀ ਈਮਾਈਲ ਦੁਰਥੀਮ ਧਰਮ ਨੂੰ ਇਕ ਸਮਾਜਿਕ ਵਰਤਾਰਾ ਮੰਨਦਾ ਹੈ। *"ਸੰਸਾਰ ਦੇ ਸਾਰੇ ਧਰਮ ਸੱਚੇ ਹਨ ਕਿਉਂ ਜੋ ਉਹ ਮਨੁੱਖ ਦੀ ਕਿਸੇ ਨਾ ਕਿਸੇ ਸਮਾਜਿਕ ਲੋੜ ਨੂੰ ਪੂਰਿਆਂ ਕਰਦੇ ਹਨ। ਉਸਦੀ ਧਾਰਨਾ ਅਨੁਸਾਰ ਸਮਾਜ ਦਾ*

*ਵਿਚਾਰ ਹੀ ਧਰਮ ਦੀ ਆਤਮਾ ਹੈ। ਉਹ ਵਿਚਾਰ ਅਤੇ ਆਚਾਰ ਨੂੰ ਧਰਮ ਦੇ ਦੋ ਮੂਲ ਅਧਾਰ ਮੰਨਦਾ ਹੈ।"* [2]

ਇਸ ਤੱਥ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਸੰਕਲਿਤ ਬਾਣੀ ਵਿਚ ਅਧਿਆਤਮਿਕ ਚਿੰਤਨ ਦੇ ਨਾਲ ਬਾਣੀਕਾਰਾਂ ਦਾ ਸਮਾਜਿਕ ਚਿੰਤਨ ਵੀ ਸਮਨਾਂਤਰ ਕਾਰਜਸ਼ੀਲ ਰਹਿੰਦਾ ਹੈ। ਬਾਣੀਕਾਰ ਇਹਨਾਂ ਸਮਾਜਿਕ ਸਰੋਕਾਰਾਂ ਦੀ ਅਭਿਵਿਅਕਤੀ ਅਧਿਆਤਮਿਕਤਾ ਦੀ ਪਿਠ ਭੂਮੀ ਵਿੱਚ ਕਰਦੇ ਹਨ। ਡਾ. ਦੇਵਿੰਦਰ ਸਿੰਘ ਆਪਣੀ ਪੁਸਤਕ 'ਚਿੰਤਨ ਮੰਥਨ' ਵਿੱਚ ਇਸ ਸਬੰਧੀ ਆਪਣੇ ਵਿਚਾਰ ਇਸ ਪ੍ਰਕਾਰ ਪ੍ਰਗਟਾਉਂਦੇ ਹਨ:

> *ਗੁਰਮਤਿ ਕਾਵਿ ਦਾ ਇੱਕ ਨਿਆਰਾ ਚਰਿੱਤਰ ਹੈ ਕਿ ਇੱਥੇ ਅਧਿਆਤਮਿਕਤਾ ਸਮਾਜਿਕਤਾ ਦੇ ਅੰਗ ਸੰਗ ਵਿਚਰਦੀ ਹੈ। ਦੂਸਰੇ ਸ਼ਬਦਾਂ ਵਿੱਚ ਅਧਿਆਤਮਿਕ ਪ੍ਰਾਪਤੀ ਦਾ ਜੀਵਾਤਮਾ ਦਾ ਮੰਤਵ ਸਮਾਜਿਕ ਜੀਵਨ ਵਿੱਚ ਹੀ ਪੂਰਾ ਹੋ ਸਕਦਾ ਹੈ। ਇਸ ਤਰ੍ਹਾਂ ਇਹ ਕਵਿਤਾ ਧਾਰਮਿਕਤਾ ਅਤੇ ਸਮਾਜਿਕਤਾ ਦੇ ਸੁੰਦਰ ਸੰਗਮ ਵਿੱਚੋਂ ਆਪਣਾ ਅਸਤਿਤਵ ਗ੍ਰਹਿਣ ਕਰਦੀ ਹੈ।* [3]

ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ ਸਮਕਾਲੀਨ ਸਮਾਜ ਦੀਆਂ ਪ੍ਰਸਥਿਤੀਆਂ ਤੋਂ ਪੂਰੀ ਤਰ੍ਹਾਂ ਜਾਣੂ ਹੋਣ ਕਾਰਨ ਕੁਰੀਤੀਆਂ ਭਰਪੂਰ ਸਮਾਜ ਨੂੰ ਸੁਧਾਰਨ ਦਾ ਦ੍ਰਿੜ ਨਿਸਚਾ ਵੀ ਰੱਖਦੇ ਸਨ। ਉਹਨਾਂ ਨੇ ਆਪਣੇ ਵਿਚਾਰਾਂ ਅਤੇ ਵਿਹਾਰ ਰਾਹੀਂ ਕ੍ਰਾਂਤੀਕਾਰੀ ਕਦਮ ਉਠਾ ਕੇ ਇਸ ਦੂਸ਼ਿਤ ਸਮਾਜਿਕ ਵਾਤਾਵਰਣ ਵਿੱਚ ਸ਼ੁੱਧੀ ਕਰਨ ਦੀ ਲਹਿਰ ਵੀ ਚਲਾਈ।

ਸਧਾਰਨ ਤੌਰ ਤੇ ਸਮਾਜ ਅਜਿਹੇ ਵਿਅਕਤੀਆਂ ਦੇ ਇਕੱਠ ਨੂੰ ਕਿਹਾ ਜਾਂਦਾ ਹੈ, ਜਿਨ੍ਹਾਂ ਦੀ ਮਾਨਸਿਕ ਪੱਧਰ ਲਗਭਗ ਇਕੋ ਜਿਹੀ ਹੋਵੇ ਅਤੇ ਜਿਨ੍ਹਾਂ ਨੇ ਆਪਣੇ ਅਮਲੀ ਜੀਵਨ ਵਿਚ ਕੁਝ ਸਾਂਝੇ ਰਸਮ ਰਿਵਾਜਾਂ ਅਤੇ ਸਾਂਝੇ ਜੀਵਨ ਪੱਧਰ ਨੂੰ ਅਪਣਾ ਲਿਆ ਹੋਵੇ। ਆਮ ਤੌਰ ਤੇ ਅਜਿਹੇ ਵਿਅਕਤੀਆਂ ਦਾ ਰਹਿਣ ਸਹਿਣ ਅਤੇ ਜੀਵਨ ਪੱਧਰ ਹੀ ਇਕੋ ਜਿਹਾ ਨਹੀਂ ਹੁੰਦਾ, ਸਗੋਂ ਉਨ੍ਹਾਂ ਸਾਰਿਆਂ ਦੇ ਵਿਚਾਰ ਵੀ ਇਕੋ ਜਿਹੇ ਹੁੰਦੇ ਹਨ। ਸਮਾਜ ਵਿਅਕਤੀਆਂ ਦੇ ਸਮੂਹ ਨੂੰ ਨਹੀਂ ਬਲਕਿ ਉਨ੍ਹਾਂ ਰਾਹੀਂ ਸਿਰਜੇ ਜਾਂਦੇ ਸਮਾਜਿਕ ਸੰਬੰਧਾਂ ਦੇ ਵਿਸਥਾਰ ਨੂੰ ਕਹਿੰਦੇ ਹਨ। ਇਹ ਸਮਾਜਿਕ ਸੰਬੰਧ ਅਮੂਰਤ ਹੁੰਦੇ ਹਨ, ਜਿਸ ਕਰਕੇ ਇਨ੍ਹਾਂ ਵਿਚ ਮਾਨਸਿਕ ਤੱਤ ਜ਼ਰੂਰ ਹੁੰਦਾ ਹੈ। ਸਮਾਜ ਵਿਗਿਆਨੀ ਕੁਝ ਪ੍ਰਮੁੱਖ ਪੱਖਾਂ ਨੂੰ ਧਿਆਨ ਗੋਚਰੇ ਰਖਦੇ ਹਨ- 1. ਪਦਾਰਥਕ ਪੱਖ; 2. ਮਾਨਸਿਕ ਪੱਖ; 3. ਆਤਮਿਕ ਪੱਖ ਵੱਖ-ਵੱਖ ਸਮੇਂ ਅਤੇ ਸਥਾਨਾਂ ਵਿਚ ਵਖੋ-ਵਖਰੇ ਰਾਜ-ਪ੍ਰਬੰਧ ਰਹੇ ਹੋਣ ਕਰਕੇ ਹਰ

ਸਮੇਂ ਸਮਾਜ ਦੇ ਇਨ੍ਹਾਂ ਤਿੰਨਾਂ ਬੁਨਿਆਦੀ ਅੰਗਾਂ ਵਿਚ ਪ੍ਰੀਵਰਤਨ ਆਉਂਦਾ ਰਹਿੰਦਾ ਹੈ। ਸਮਾਜ ਸ਼ਾਸ਼ਤਰੀ ਸਮਾਜ ਦੀ ਸਿਰਜਨਾ ਵਿਚ ਪੰਜ ਤੱਤਾਂ ਨੂੰ ਪ੍ਰਮੁੱਖ ਮੰਨਦੇ ਹਨ: 1. ਪਰਵਾਰ; 2. ਰਿਸ਼ਤੇਦਾਰ; 3. ਪਿੰਡ ਜਾਂ ਸ਼ਹਿਰ; 4.ਆਪਣੀ ਕੌਮ; 5. ਵਿਸ਼ਵ ਰਾਜ[4] ਪਰ ਡਾ. ਸੀ. ਪੀ. ਭਟਨਾਗਰ The Crisis in Indian Society ਵਿਚ ਇਨ੍ਹਾਂ ਦੀ ਵੰਡ ਇਸ ਪ੍ਰਕਾਰ ਕਰਦਾ ਹੈ-1. ਮਾਨਵ/ਵਿਅਕਤੀ, 2. ਪਰਵਾਰ, 3. ਮਾਨਵੀ ਵਾਤਾਵਰਣ, 4. ਕੌਮ, 5. ਅਨੁਸ਼ਾਸਨ ਜਾਂ ਰਾਜ, 6. ਮਾਨਸਿਕ ਅਤੇ ਆਤਮਿਕ ਵਿਰਸਾ, 7. ਸਾਂਝਾ ਮੰਤਵ, 8. ਸਾਂਝੀ ਚੇਤਨਾ, 9. ਨੈਤਿਕ ਦ੍ਰਿਸ਼ਟੀ।[5] ਸਮਾਜ ਕੇਵਲ ਵਿਅਕਤੀਆਂ ਦਾ ਸਮੂਹ ਨਹੀਂ ਹੁੰਦਾ ਸਗੋਂ ਇਹ ਇੱਕ ਅਜਿਹਾ ਗੁੰਝਲਦਾਰ ਤਾਣਾ-ਬਾਣਾ ਹੁੰਦਾ ਹੈ ਜੋ ਆਪਸੀ ਸਬੰਧਾਂ ਵਿੱਚ ਬੱਝਾ ਹੁੰਦਾ ਹੈ। ਇਨ੍ਹਾਂ ਨੂੰ ਸਮਾਜਿਕ ਸਬੰਧਾਂ ਦਾ ਨਾਂ ਦਿੱਤਾ ਜਾਂਦਾ ਹੈ ਜਿਨ੍ਹਾਂ ਦਾ ਕੇਂਦਰ ਵਿਅਕਤੀ ਹੁੰਦਾ ਹੈ ਕਿਉਂਕਿ ਵਿਅਕਤੀ ਹੀ ਸਮਾਜ ਦੇ ਨਿਰਮਾਣ ਦਾ ਧੁਰਾ ਹੁੰਦਾ ਹੈ।

ਗੁਰੂ ਗ੍ਰੰਥ ਸਾਹਿਬ ਮੱਧਕਾਲੀਨ ਸਮਾਜ ਦਾ ਵਿਵਰਣ ਪ੍ਰਸਤੁਤ ਕਰਨ ਵਾਲਾ ਗ੍ਰੰਥ ਹੈ। ਜਿਸ ਵਿਚ ਬਾਣੀਕਾਰਾਂ ਨੇ ਮੱਧਕਾਲ ਦੀ ਤੱਤਕਾਲੀਨ ਸਮਾਜ ਦੀਆਂ ਊਣਤਾਈਆਂ ਦਾ ਚਿਤਰਨ ਕੀਤਾ ਹੈ ਜਿਸ ਕਰਕੇ ਉਸ ਸਮੇਂ ਦੇ ਸਮਾਜ ਦੀਆਂ ਸਮੁੱਚੀਆ ਕੁਰੀਤੀਆਂ, ਕਰਮ ਕਾਂਡਾਂ ਅਤੇ ਵਹਿਮਾਂ ਭਰਮਾਂ ਦਾ ਚਿਤਰਣ ਇਸ ਵਿੱਚ ਹੋਇਆ ਹੈ। ਸਮਾਜ ਵਿੱਚ ਜਾਤ ਪਾਤ ਦੇ ਵਿਤਕਰੇ ਹੋਣ ਕਰਕੇ ਨੀਵੀਆਂ ਜਾਤਾਂ ਨਾਲ ਹੀਣਤਾ ਭਰਿਆ ਦੁਰ ਵਿਵਹਾਰ ਹੁੰਦਾ ਸੀ। ਬਾਣੀਕਾਰਾਂ ਨੇ ਸਮਾਜਿਕ ਚੇਤਨਾ ਫੈਲਾ ਕੇ ਇਹਨਾਂ ਕੁਰੀਤੀਆਂ ਨੂੰ ਦੂਰ ਕਰਨ ਦਾ ਬੀੜਾ ਚੁੱਕਿਆ। ਇਸ ਸਮੇਂ ਸਮਾਜਿਕ ਆਗੂ ਵੀ ਆਪਣੇ ਫਰਜ਼ਾਂ ਨੂੰ ਭੁਲਾ ਕੇ ਸਮਾਜ ਨੂੰ ਰਸਾਤਲ ਵੱਲ ਲਿਜਾ ਰਹੇ ਸਨ। *"ਬਾਣੀ ਚਿੰਤਨ ਵਿਚ ਪਰਿਵਾਰਕ ਜੀਵਨ, ਸਮਾਜਿਕ ਜੀਵਨ, ਕੌਮੀਅਤ ਦੀ ਭਾਵਨਾ ਅਤੇ ਇਕ ਨਿਆਂਸ਼ੀਲ ਰਾਜ ਸੱਤਾ ਦੇ ਚਿਤਰ ਬਹੁਤ ਥਾਵਾਂ ਤੇ ਮਿਲ ਜਾਂਦੇ ਹਨ।"* [6]

ਬਾਣੀਕਾਰਾਂ ਨੇ ਸੁਚੇਤ ਰੂਪ ਵਿਚ ਮਨੁੱਖ ਨੂੰ ਪਹਿਲਾਂ ਵਿਅਕਤੀਗਤ ਸ਼ੁੱਧੀ ਲਈ ਸਮਾਜਿਕ ਕਰਮ ਕਰਨ ਲਈ ਪਰੇਰਿਆ ਤਾਂ ਜੁ ਆਪਣੇ ਆਚਾਰ ਅਤੇ ਵਿਚਾਰ ਰਾਹੀਂ ਇਕ ਐਸਾ 'ਧਰਮਸਾਲ' ਭਾਵ ਧਰਮ ਕਮਾਉਣ ਵਾਲਾ ਸਮਾਜ ਸਿਰਜ ਸਕੇ ਜਿੱਥੇ ਰਹਿ ਕੇ ਪਰਮ-ਮੁਕਤੀ ਪ੍ਰਾਪਤੀ ਵਲ ਵਧਿਆ ਜਾਵੇ। ਜੇ ਮਨੁੱਖ ਆਪਣੇ ਚੌਗਿਰਦੇ ਦੀਆਂ ਸਮਸਿਆਵਾਂ ਵਿਚ ਖਚਿਤ ਰਹੇਗਾ ਤਾਂ ਉਹ ਕਦੇ ਵੀ ਪਰਮ ਮੁਕਤੀ ਬਾਰੇ ਸੋਚ ਵੀ ਨਹੀਂ ਸਕਦਾ। ਇਸ ਕਰਕੇ ਹੀ ਮਨੁੱਖ ਨੂੰ ਐਸੀ ਚੇਤਨਾ ਨਾਲ ਜੋੜਿਆ ਹੈ, ਜਿਸਨੇ ਉਸ ਨੂੰ ਸਮਾਜਿਕ ਸੰਦਰਭ ਵਿਚ ਇਕ ਨਵਾਂ ਪ੍ਰਵਚਨ ਦਿੱਤਾ ਹੈ। ਬਾਣੀ ਸੰਸਾਰ ਵਿਚ ਜਾਤ ਜਨਮ ਅਤੇ ਸ਼੍ਰੇਣੀ ਦੇ ਬੰਧਨਾਂ ਨੂੰ ਤੋੜ ਕੇ ਇਕ ਨਵੇਂ ਸਮਾਜ ਦਾ ਮਾਡਲ ਭਗਤ

ਕਬੀਰ ਦੀ ਬਾਣੀ ਵਿੱਚ ਪ੍ਰਾਪਤ ਹੈ। ਭਗਤ ਕਬੀਰ ਆਪਣੀ ਨੀਵੀਂ ਜਾਤ ਹੋਣ ਬਾਰੇ ਕੋਈ ਹੇਠੀ ਮਹਿਸੂਸ ਨਹੀਂ ਕਰਦਾ। ਉਹਨਾਂ ਦੀ ਬਾਣੀ ਵਿੱਚ ਇਸ ਤੱਥ ਦੀ ਤਰਜਮਾਨੀ ਕਰਦਾ ਹੇਠਲਾ ਸਲੋਕ ਅੰਕਿਤ ਹੈ:

*ਕਬੀਰ ਮੇਰੀ ਜਾਤਿ ਕਉ ਸਭੁ ਕੋ ਹਸਨੇਹਾਰੁ॥*

*ਬਲਿਹਾਰੀ ਇਸ ਜਾਤਿ ਕਉ ਜਿਹ ਜਪਿਓ ਸਿਰਜਨਹਾਰੁ॥* ਪੰਨਾ ੧੩੬੪

ਉਪਰੋਕਤ ਸਲੋਕ ਭਗਤ ਕਬੀਰ ਦੀ ਉਸ ਦ੍ਰਿੜ ਮਾਨਸਿਕ ਸ਼ਕਤੀ ਅਤੇ ਸਮਾਜਿਕ ਮਨੋਬਲ ਨੂੰ ਪ੍ਰਗਟਾਉਂਦਾ ਹੈ ਜਿਸ ਵਿਚ ਉਸਦੇ ਲਈ ਸਮਾਜ ਵਿਚ ਪੈਦਾ ਹੋਈ ਨੀਵੀਂ ਉੱਚੀ ਵਿਵਸਥਾ ਕੋਈ ਅਰਥ ਨਹੀਂ ਰੱਖਦੀ ਕਿਉਂ ਜੁ ਉਹ ਆਪ ਪ੍ਰਭੂ ਸ਼ਕਤੀ ਨੂੰ ਪਹਿਚਾਨਣ ਕਰਕੇ ਜਾਤ-ਪਾਤ ਦੇ ਇਨ੍ਹਾਂ ਬੰਧਨਾਂ ਤੋਂ ਅਜ਼ਾਦ ਹੋ ਚੁੱਕੇ ਸਨ। ਉਹਨਾਂ ਦੀ ਬਾਣੀ ਅਤੇ ਦ੍ਰਿੜ ਵਿਅਕਤੀਤਵ ਇਸ ਗੱਲ ਦਾ ਮਾਡਲ ਸਿਰਜਦਾ ਹੈ ਕਿ ਜਦੋਂ ਮਨੁੱਖ ਅੰਦਰੋਂ ਹੀਣਤਾ ਦੀ ਭਾਵਨਾ ਖਤਮ ਹੋ ਜਾਵੇ ਤਾਂ ਉਹ ਬੇਪ੍ਰਵਾਹ ਹੋ ਕੇ ਸਮਾਜ ਦੇ ਪ੍ਰਤਿ ਉਤਰ ਵਿਚ ਆਪਣੇ ਨਾਲ ਹੋਰਨਾਂ ਲਈ ਵੀ ਮੁਕਤੀ ਦੇ ਰਾਹ ਖੋਲ੍ਹ ਲੈਂਦਾ ਹੈ। ਇਥੇ ਬਾਣੀ ਸੰਸਾਰ ਵਿਚ ਜੋ ਮਾਡਲ ਪ੍ਰਸਤੁਤ ਕਰ ਰਿਹਾ ਹੈ ਉਹ ਹਰ ਪ੍ਰਕਾਰ ਦੇ ਸਮਾਜਿਕ ਬੰਧਨਾਂ ਤੋਂ ਰਹਿਤ ਹੋਣ ਦਾ ਹੈ। ਭਗਤ ਕਬੀਰ ਦੇ ਜੀਵਨ ਦਾ ਪ੍ਰਮਾਣ ਇਸ ਪੱਖੋਂ ਵਿਚਾਰਨਯੋਗ ਹੈ ਕਿ ਉਸ ਨੇ ਨੀਚ ਜਾਤ ਅੰਦਰ ਜਨਮ ਲੈ ਕੇ ਇਕ 'ਉਤਮ ਮਨੁੱਖ' ਦਾ ਦਰਜਾ ਪ੍ਰਾਪਤ ਕਰ ਲਿਆ। ਇਸ ਸੰਦਰਭ ਵਿਚ ਉਹਨਾਂ ਦਾ ਉਪਰੋਕਤ ਸਲੋਕ ਬੰਧਨਾਂ ਤੋਂ ਉਪਰ ਉਠਣ ਦੀ ਪ੍ਰੇਰਣਾ ਵੀ ਦਿੰਦਾ ਹੈ। ਇਥੇ ਇੱਕ ਗੱਲ ਅਹਿੰਮ ਰੂਪ ਵਿਚ ਵਿਚਾਰ ਕਰਨ ਯੋਗ ਹੈ ਕਿ ਗੁਰੂ ਸਾਹਿਬਾਨ ਆਪ ਭਾਵੇਂ ਨੀਵੀਂ ਜਾਤ ਨਾਲ ਸੰਬੰਧਤ ਨਹੀਂ ਸਨ ਪਰ ਉਨ੍ਹਾਂ ਨੇ ਪੁਰ ਜ਼ੋਰ ਢੰਗ ਨਾਲ ਸਮਾਜ ਵਿਚ ਨਿਤਾਣੇ ਲੋਕਾਂ ਨਾਲ ਆਪਣੀ ਧਿਰ ਨੂੰ ਜੋੜਿਆ ਅਤੇ ਹੱਕ, ਸੱਚ ਤੇ ਨਿਆਂ ਦੀ ਖਾਤਰ ਆਪਣੀ ਅਵਾਜ਼ ਬੁਲੰਦ ਕੀਤੀ:

*ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥*

*ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥*

*ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥* ਪੰਨਾ ੧੫

ਗੁਰੂ ਨਾਨਕ ਸਾਹਿਬ ਦੇ ਇਸ ਕ੍ਰਾਂਤੀਕਾਰੀ ਪ੍ਰਵਚਨ ਵਿੱਚ ਜਾਤੀ ਪ੍ਰਥਾ ਨੂੰ ਵੰਗਾਰ ਕੇ ਤਾਰਕਿਕ ਢੰਗ ਨਾਲ ਤਿੱਖਾ ਵਿਰੋਧ ਪ੍ਰਗਟ ਕਰਕੇ ਨਵੀਨ ਚੇਤਨਾ ਦਾ ਸੰਚਾਰ ਕੀਤਾ ਗਿਆ ਹੈ।

ਧਰਮ ਅਤੇ ਸਮਾਜ ਵਾਂਗ ਸਾਹਿਤ ਅਤੇ ਸਮਾਜ ਦੇ ਸੰਬੰਧ ਬਹੁਤ ਗ਼ਹਿਰੇ ਹਨ। ਇਹਨਾਂ ਦੇ ਆਪਸੀ ਸੰਬੰਧਾਂ ਸਦਕਾ, ਕਿਸੇ ਵੀ ਕਾਲ ਦੇ ਸਾਹਿਤ ਵਿਚ ਉਸ ਸਮੇਂ ਦੀਆਂ ਰਾਜਸੀ, ਸਮਾਜਿਕ

ਗਤੀਵਿਧੀਆਂ ਦੇ ਹਵਾਲੇ ਮਿਲ ਜਾਂਦੇ ਹਨ। ਸਾਹਿਤ ਭਾਵੇਂ ਸਮਾਜ ਦਾ ਸ਼ੀਸ਼ਾ ਤਾਂ ਨਹੀਂ ਹੁੰਦਾ ਪਰੰਤੂ ਇਸ ਵਿਚ ਸੰਬੰਧਿਤ ਸਮਾਜ ਦੀ ਝਲਕ ਜ਼ਰੂਰ ਮਿਲ ਜਾਂਦੀ ਹੈ। ਮਨੁੱਖ ਦਾ ਸਮਾਜ ਨਾਲ ਸਾਹਿਤ ਦੇ ਮਾਧਿਅਮ ਰਾਹੀਂ ਗਹਿਰਾ ਰਿਸ਼ਤਾ ਜੁੜ ਜਾਂਦਾ ਹੈ। ਮਨੁੱਖ ਜਿੱਥੇ ਸਮਾਜ ਦੀ ਇਕਾਈ ਹੈ ਉੱਥੇ ਸਮਾਜ ਮਨੁੱਖ ਦੀ ਬੌਧਿਕਤਾ ਦਾ ਵੀ ਸੂਚਕ ਹੈ। ਸਮਾਜ ਦੇ ਸਭਿਆਚਾਰਕ ਸਰੂਪ ਦਾ ਨਿਰਮਾਣ ਵਿਅਕਤੀ ਦੇ ਅਚਾਰਾਂ ਅਤੇ ਵਿਚਾਰਾਂ ਉੱਤੇ ਨਿਰਭਰ ਕਰਦਾ ਹੈ। ਜਦ ਵਿਅਕਤੀ ਆਪਣੇ ਨੈਤਿਕ ਕਰਤੱਵ ਤੋਂ ਡਿਗਦੇ ਹਨ ਤਾਂ ਸਮਾਜ ਵਿੱਚ ਅਸਥਿਰਤਾ ਪੈਦਾ ਹੋਣੀ ਸੁਭਾਵਿਕ ਹੈ। ਇਹੋ ਅਸਥਿਰਤਾ ਸਮਾਜਿਕ ਪ੍ਰਬੰਧ ਤੇ ਵਿਘਟਨ ਦਾ ਕਾਰਨ ਬਣਦੀ ਹੈ। ਇਤਿਹਾਸ ਦੇ ਅਧਿਐਨ ਤੋਂ ਪਤਾ ਚਲਦਾ ਹੈ ਕਿ ਬਹੁਤ ਵੇਰ ਸਭਿਅਤਾਵਾਂ ਦੇ ਨਸ਼ਟ ਹੋਣ ਪਿੱਛੇ ਰਾਜਸੀ ਕਾਰਨ ਉਤਰਦਾਈ ਦਿਖਾਏ ਜਾਂਦੇ ਹਨ ਜਦ ਕਿ ਅਸਲੀਅਤ ਇਹ ਹੁੰਦੀ ਹੈ ਕਿ ਇਨ੍ਹਾਂ ਰਾਜਸੀ ਕਾਰਨਾਂ ਲਈ ਇਕ ਪੂਰੀ ਸਮਾਜਿਕ ਪਿਠ ਭੂਮੀ ਹੁੰਦੀ ਹੈ ਜਿਹੜੀ ਪਹਿਲਾਂ ਸਮਾਜ ਦੀ ਅੰਦਰੂਨੀ ਉਥਲ ਪੁਥਲ ਦਾ ਕਾਰਨ ਬਣਦੀ ਹੈ ਤੇ ਫਿਰ ਉਸਦੇ ਖੇਰੂੰ ਖੇਰੂੰ ਹੋਣ ਦੀ ਗਵਾਹ ਬਣਦੀ ਹੈ। ਅਸੀਂ ਵੇਖਦੇ ਹਾਂ ਕਿ ਭਾਰਤੀ ਦਾਰਸ਼ਨਿਕ ਪਰੰਪਰਾ ਅੰਤਰਗਤ ਰਿਗ ਵੇਦ ਵਿੱਚ ਦੇਵੀ ਦੇਵਤਿਆਂ ਦੀ ਉਸਤਤਿ ਵਿੱਚ ਗਾਏ ਮੰਤਰ ਭਗਤੀ ਭਾਵ ਨਾਲ ਓਤਪ੍ਰੋਤ ਸਨ। 'ਵੇਦ' ਸੰਸਕ੍ਰਿਤ ਦੇ ਇੱਕ ਧਾਤੂ 'ਵਿਦ' ਤੋਂ ਉਤਪੰਨ ਹੋਇਆ ਜਿਸ ਦਾ ਭਾਵ ਜਾਨਣਾ ਹੈ। ਵਿਦਵਾਨਾਂ ਅਨੁਸਾਰ ਆਰੀਆ ਲੋਕਾਂ ਨੇ ਭਾਰਤ ਦੇ ਵਿਸ਼ਾਲ ਅਤੇ ਹਰੇ ਭਰੇ ਮੈਦਾਨਾਂ ਦੀ ਸੁੰਦਰਤਾ ਤੋਂ ਪ੍ਰਭਾਵਿਤ ਹੋ ਕੇ ਪ੍ਰਕਿਰਤੀ ਦੀਆਂ ਅਨੇਕ ਸ਼ਕਤੀਆਂ ਦਾ ਗੁਣਗਾਨ ਕੀਤਾ। ਇਸ ਦੇ ਇੱਕ ਪੁਰਸ਼ ਸੂਕਤ ਵਿੱਚ ਅਕਾਲ ਪੁਰਖ ਤੋਂ ਉਤਪੰਨ ਹੋਏ ਜਗਤ ਦਾ ਵਰਨਣ ਮਿਲਦਾ ਹੈ। ਡਾ. ਜਗਬੀਰ ਸਿੰਘ ਆਪਣੀ ਪੁਸਤਕ 'ਮਾਨਵ ਮੁਕਤੀ ਅਤੇ ਦਲਿਤ ਚੇਤਨਾ ਦਾ ਪ੍ਰਵਚਨ: ਗੁਰੂ ਗ੍ਰੰਥ ਸਾਹਿਬ' ਵਿਚ ਲਿਖਦੇ ਹਨ:

> *ਰਿਗ ਵੇਦ ਨੂੰ ਭਾਰਤ ਦੇ ਪੁਰਾਤਨ ਇਤਿਹਾਸ ਦਾ ਦਸਤਾਵੇਜ਼ੀ ਸੋਮਾ ਮੰਨਿਆ ਗਿਆ ਹੈ। ਇਸਦੀ ਟੈਕਸਟ ਵਿਚ ਪ੍ਰਕਿਰਤਕ ਸ਼ਕਤੀ ਦੇ ਦੈਵੀਕਰਨ, ਉਨ੍ਹਾਂ ਦੀ ਸਤੁਤੀ ਅਤੇ ਸੁਖ-ਸਮ੍ਰਿਧੀ ਲਈ ਕੀਤੇ ਜਾਣ ਵਾਲੇ ਕਰਮ-ਕਾਂਡ ਦੇ ਨਾਲ ਦੇਵਤਿਆਂ ਨੂੰ ਮੰਨਣ ਵਾਲੇ ਦਸਯੂਆਂ ਜਾਂ ਅਨਾਰੀਆਂ ਵਿਚਕਾਰ ਹੋਏ ਘੋਰ ਸੰਗ੍ਰਾਮ ਦਾ ਬਿਰਤਾਂਤ ਵੀ ਪੇਸ਼ ਹੁੰਦਾ ਹੈ। ਭਾਰਤ ਦੇ ਇਕ ਸਮਕਾਲੀ ਧਰਮ-ਚਿੰਤਕ Rev.Kappan ਅਨੁਸਾਰ ਇਹ ਵੈਦਿਕ ਧਰਮ ਹੀ ਸੀ ਜਿਸ ਨੇ ਭਾਰਤ ਵਿਚ ਧਰਮ ਅਤੇ ਸਭਿਆਚਾਰ ਦੇ ਪਹਿਲੇ ਸੰਕਟ ਨੂੰ ਜਨਮ ਦਿੱਤਾ।*[7]

ਭਾਰਤੀ ਸਮਾਜ ਵਿੱਚ ਜਾਤੀ ਪ੍ਰਥਾ ਨੇ ਸਦੀਆਂ ਤੋਂ ਸਮਾਜ ਦੇ ਇੱਕ ਵੱਡੇ ਹਿੱਸੇ ਨੂੰ ਅਮਾਨਵੀ ਪ੍ਰਸਥਿਤੀਆਂ ਵਿੱਚ ਜੀਵਨ ਗੁਜ਼ਾਰਨ ਲਈ ਮਜਬੂਰ ਕੀਤਾ ਹੋਇਆ ਸੀ। ਸਮਾਜਿਕ ਤੌਰ ਤੇ ਹੀਣਤਾ ਦਾ ਸ਼ਿਕਾਰ ਦੱਬੇ ਤੇ ਲਿਤਾੜੇ ਹੋਏ ਇਹਨਾਂ ਲੋਕਾਂ ਲਈ ਸ਼ੂਦਰ, ਅਛੂਤ, ਹਰੀਜਨ ਅਤੇ ਦਲਿਤ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਰਹੀ ਹੈ। ਭਾਰਤ ਵਿਚ ਜਾਤੀ ਪ੍ਰਥਾ ਦਾ ਅਧਾਰ ਰਿਗ ਵੇਦ ਤੋਂ ਹੀ ਹੋ ਜਾਂਦਾ ਹੈ। ਇਸ ਦੇ ਇੱਕ ਪ੍ਰਸਿਧ ਸਲੋਕ ਵਿਚ ਮਨੁੱਖ ਦੇ ਹਵਨ ਤੋਂ ਪੈਦਾ ਹੋਏ ਚਾਰ ਵਰਣਾਂ ਦਾ ਜ਼ਿਕਰ ਕੀਤਾ ਗਿਆ ਹੈ। ਉਸ ਵਿਚ ਇਨ੍ਹਾਂ ਚਾਰ ਵਰਣਾਂ ਦੇ ਨਾਮ ਹਨ- ਬ੍ਰਾਹਮਣ, ਰਾਜਨਯ, ਵੈਸ਼ ਅਤੇ ਸ਼ੂਦਰ। ਉਸਦੇ ਮੁੱਖ ਤੋਂ ਬ੍ਰਾਹਮਣ, ਉਸਦੀਆਂ ਭੁਜਾਵਾਂ ਤੋਂ ਖੱਤਰੀ, ਉਸਦੇ ਪੱਟਾਂ ਤੋਂ ਵੈਸ਼ ਅਤੇ ਪੈਰਾਂ ਤੋਂ ਸ਼ੂਦਰ ਪੈਦਾ ਹੋਏ। ਬ੍ਰਾਹਮਣ ਪਰਮਾਤਮਾ ਦੇ ਸਭ ਤੋਂ ਪਵਿਤਰ ਅੰਗ ਮੂੰਹ ਤੋਂ ਪੈਦਾ ਹੋਏ ਹੋਣ ਕਾਰਨ ਸਰਵੋਤਮ ਹੈ।[8]

ਰਿਗ ਵੇਦ ਵਿਚੋਂ ਪ੍ਰਾਪਤ ਇਸ ਬਿਰਤਾਂਤ ਨੂੰ ਮਨੂ ਸਮਰਿਤੀ ਵਿੱਚ ਇਹਨਾਂ ਲੋਕਾਂ ਦੇ ਨੀਵੇਂ ਦਰਜੇ ਨੂੰ ਦੈਵਿਕ ਅਰਥ ਦੇਣ ਲਈ ਮਿੱਥਾਂ ਦੀ ਸਿਰਜਣਾ ਕੀਤੀ ਗਈ। ਇਸ ਦੇ ਪਹਿਲੇ ਅਧਿਆਇ ਵਿਚ ਮਿੱਥ ਦਾ ਜੋ ਪ੍ਰਸੰਗ ਉਸਾਰਿਆ ਗਿਆ, ਉਸ ਦਾ ਅਰੰਭ ਇਸ ਤਰ੍ਹਾਂ ਹੈ ਕਿ ਕੁਝ ਮਹਾਨ ਰਿਸ਼ੀਆਂ ਨੇ ਮਨੂ ਦੀ ਅਰਾਧਨਾ ਕੀਤੀ ਤੇ ਉਸ ਪਾਸ ਜਾਕੇ ਬੇਨਤੀ ਕੀਤੀ ਕਿ ਹੇ ਦੇਵਾਤਮਾ ਸਾਨੂੰ ਚਾਰ ਪ੍ਰਮੁੱਖ ਵਰਣਾਂ ਬਾਰੇ ਗਿਆਨ ਦਿਉ। ਇਸ ਦੇ ਜੁਆਬ ਵਿਚ ਮਨੂ ਨੇ ਆਖਿਆ ਬਾਹਮਣਾਂ ਦਾ ਧਰਮ ਹੈ ਵੇਦਾਂ ਦਾ ਅਧਿਐਨ ਕਰਨਾ, ਸਿਖਿਆ ਦੇਣਾ, ਆਪਣੇ ਤੇ ਹੋਰਨਾਂ ਦੇ ਭਲੇ ਲਈ ਯੱਗ ਕਰਨਾ, ਲੋਕਾਂ ਪਾਸੋਂ ਦਾਨ ਦੱਖਣਾ ਗ੍ਰਹਿਣ ਕਰਨਾ, ਖਤਰੀਆਂ ਦਾ ਮੁੱਖ ਧਰਮ ਹੈ ਲੋਕਾਂ ਦੀ ਰਖਿਆ ਕਰਨੀ। ਵੈਸ਼ਾਂ ਦਾ ਮੁਖ ਧਰਮ ਹੈ ਪਸ਼ੂ ਪਾਲਣਾ, ਪਰ ਸ਼ੂਦਰਾਂ ਦਾ ਇਕੋ ਧਰਮ ਹੈ- *ਹਲੀਮੀ ਨਾਲ ਉਪਰਲੀਆਂ ਤਿੰਨ ਜਾਤੀਆਂ ਦੀ ਸੇਵਾ ਕਰਨਾ।*[9] ਮਨੂ ਸਮਰਿਤੀ ਵਿੱਚ ਜਾਤੀਗਤ ਭੇਦਾਂ ਸਬੰਧੀ ਵੇਰਵੇ ਕਾਲਾਂਤਰ ਨਿਰਦਈ ਵਿਵਸਥਾ ਦਾ ਚਿਤਰਨ ਕਰਦੇ ਹਨ।

ਇਤਿਹਾਸ ਗਵਾਹ ਹੈ ਕਿ ਪੁਰਾਤਨ ਭਾਰਤੀ ਸਮਾਜ ਵਿਅਕਤੀਗਤ ਅਤੇ ਸਮਾਜਿਕ ਪਖੋਂ ਇਕ ਉਤਮ ਸਮਾਜ ਸੀ। ਆਰੀਆ ਲੋਕਾਂ ਦੇ ਆਉਣ ਤਕ ਸਮਾਜ ਵਿਚ ਕੋਈ ਭੇਦ-ਭਾਵ ਨਹੀਂ ਸੀ। ਰਿਗ ਵੇਦ ਦੇ ਸੂਤਰਾਂ ਅਤੇ ਗੀਤਾ ਵਿਚ ਵੀ ਅਰੰਭਲੇ ਆਰੀਆ ਲੋਕਾਂ ਦੀ ਉੱਨਤ ਜ਼ਿੰਦਗੀ ਦੇ ਹਵਾਲੇ ਮਿਲਦੇ ਹਨ। ਪਰ ਹੌਲੀ ਹੌਲੀ ਖੇਤੀਬਾੜੀ ਤੇ ਧਾਤੂ ਜੁਗ ਆਉਣ ਕਾਰਨ ਲੋਕਾਂ ਵਿਚ ਸ਼ਕਤੀ ਅਤੇ ਧਨ ਕਰ ਕੇ ਫਰਕ ਪੈਣੇ ਸ਼ੁਰੂ ਹੋ ਗਏ ਜਿਸ ਕਾਰਨ ਸਮਾਜਿਕ ਭੇਦ-ਭਾਵ ਅਰੰਭ ਹੋ ਗਏ। ਇਸ ਤਰ੍ਹਾਂ ਸਮਾਜ ਚਾਰ ਵਰਣਾਂ ਵਿਚ ਵੰਡਿਆ ਗਿਆ। ਬ੍ਰਾਹਮਣ, ਖੱਤਰੀ, ਸ਼ੂਦਰ ਤੇ ਵੈਸ਼ ਅਤੇ ਉਨ੍ਹਾਂ ਦੇ ਕੰਮਾਂ ਦੇ ਚਿੰਨ੍ਹਾਤਮਕ ਅਰਥ ਕੱਢੇ ਗਏਃ ਬ੍ਰਾਹਮਣ-ਗਿਆਨ, ਖਤਰੀ-ਸੁਰਖਿਆ,

ਵੈਸ਼-ਧਨ, ਸ਼ੂਦਰ-ਸੇਵਾ। ਬਾਣੀ ਚਿੰਤਨ ਅਨੁਸਾਰ ਸਭ ਮਨੁੱਖ ਬਰਾਬਰ ਹਨ ਪ੍ਰੰਤੂ ਭਾਰਤੀ ਸਮਾਜ ਨੂੰ ਜਾਤ ਪਾਤ ਨੇ ਜਕੜਿਆ ਹੋਇਆ ਸੀ। ਇਸ ਲਈ ਆਪਣੇ ਅੰਦਰੋਂ ਜਾਤ ਦੇ ਅਭਿਮਾਨ ਨੂੰ ਕਢ ਕੇ ਇਕ ਪਰਮ ਮਨੁੱਖ ਬਨਣ ਉੱਤੇ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ। ਗੁਰੂ ਦੀ ਕਿਰਪਾ ਨਾਲ ਹੀ ਜਾਤ ਪਾਤ ਦੀ ਹਉਂ ਆਪਣੇ ਆਪ ਹੀ ਖਤਮ ਹੋ ਜਾਵੇਗੀ। ਇਸ ਪ੍ਰਸੰਗ ਵਿੱਚ ਨਿਮਨ ਲਿਖਿਤ ਤੁਕਾਂ ਇਸ ਦਾ ਪ੍ਰਤੱਖ ਪ੍ਰਮਾਣ ਹਨ:

*ਜਾਤਿ ਬਰਨ ਕੁਲ ਸਹਸਾ ਚੂਕਾ ਗੁਰਮਤਿ ਸਬਦ ਬੀਚਾਰੀ॥* ਪੰਨਾ ੧੧੯੮

ਗੁਰੂ ਗ੍ਰੰਥ ਸਾਹਿਬ ਨੂੰ ਵਿਸ਼ਵ ਦੇ ਸਭ ਤੋਂ ਸ੍ਰੇਸ਼ਟ ਧਰਮ ਨਿਰਪੱਖ, ਫਿਰਕਾ ਪ੍ਰਸਤੀ ਤੋਂ ਨਿਰਲੇਪ, ਸਰਬ ਸਾਂਝੇ ਧਰਮ ਗ੍ਰੰਥ ਹੋਣ ਦਾ ਮਾਣ ਹਾਸਲ ਹੈ। ਇਸ ਵਿਚ ਸ਼ਾਮਲ ਬਾਣੀ ਦਾ ਪੈਗ਼ਾਮ ਸਮੁੱਚੀ ਮਨੁੱਖਤਾ ਲਈ ਸਾਂਝਾ ਹੈ ਅਤੇ ਇਹ ਬਾਣੀ ਚਾਰੇ ਵਰਣਾਂ ਦੇ ਉਧਾਰ ਹਿੱਤ ਰਚੀ ਗਈ ਸੀ। ਇਸ ਬਾਣੀ ਦਾ ਉਪਦੇਸ਼ ਤਾਂ-

*ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸ ਚਹੁ ਵਰਨਾ ਕਉ ਸਾਝਾ॥* ਪੰਨਾ ੭੪੭

ਇਸ ਵਿਚਲੇ ਬਾਣੀਕਾਰਾਂ ਦੀ ਬਾਣੀ ਭਾਵੇਂ ਉਹ ਕਿਸੇ ਵੀ ਜਾਤ, ਧਰਮ ਜਾਂ ਫਿਰਕੇ ਨਾਲ ਸਬੰਧਿਤ ਹੋਵੇ, ਸਭ ਨੂੰ 'ਗੁਰਬਾਣੀ' ਦਾ ਦਰਜਾ ਪ੍ਰਾਪਤ ਹੈ। ਇਸ ਵਿਚਲੇ ਬਾਣੀਕਾਰ ਭਾਵੇਂ ਸੈਨ ਨਾਈ, ਸਧਨਾ ਕਸਾਈ, ਨਾਮਦੇਵ ਛੀਂਬਾ, ਕਬੀਰ ਜੁਲਾਹਾ, ਸਾਰਿਆਂ ਦੀ ਬਾਣੀ ਨੂੰ ਹੀ ਸਮਾਨ ਆਦਰ ਅਤੇ ਸਤਿਕਾਰ ਦਿੱਤਾ ਜਾਂਦਾ ਹੈ। ਸਾਰੇ ਬਾਣੀਕਾਰਾਂ ਦੀ ਬਾਣੀ ਨੂੰ 'ਪਰਤਖਿ ਗੁਰੂ' ਦਾ ਦਰਜਾ ਪ੍ਰਾਪਤ ਹੈ:

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ॥*
*ਗੁਰ ਬਾਣੀ ਕਹੈ ਸੇਵਕ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥* ਪੰਨਾ ੯੮੨

ਗੁਰੂ ਗ੍ਰੰਥ ਸਾਹਿਬ ਵਿਚਲੇ ਬਾਣੀਕਾਰ ਭਾਵੇਂ ਕਿੰਨੇ ਵਖਰੇਵਿਆਂ ਨਾਲ ਸਬੰਧਿਤ ਸਨ, ਪਰ ਉਨ੍ਹਾਂ ਦੀ ਸਮਾਜਿਕ ਵਿਚਾਰਧਾਰਾ ਵਿਚ ਇਕ ਸਾਂਝ ਦ੍ਰਿਸ਼ਟੀਗੋਚਰ ਹੁੰਦੀ ਹੈ ਕਿ ਉਹ ਧਰਮ ਨੂੰ ਦਿਖਾਵੇ ਜਾਂ ਕਰਮ-ਕਾਂਡ ਦੀ ਵਸਤੂ ਨਾ ਮੰਨ ਕੇ ਧਰਮ ਨੂੰ ਸਹੀ ਕਰਮ ਨਾਲ ਜੋੜਦੇ ਹਨ। ਇਸ ਵਾਸਤੇ ਉਨ੍ਹਾਂ ਸਾਰਿਆਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਿਨਾਂ ਕਿਸੇ ਭੇਦ-ਭਾਵ ਕੇ ਸਮਾਨ ਦਰਜਾ ਦੇਣਾ ਵੀ ਇਕ ਅਦੁੱਤੀ ਕਾਰਨਾਮਾ ਹੈ। ਮੱਧਕਾਲੀ ਸਮਾਜਿਕ ਵਿਵਸਥਾ ਨੂੰ ਜਾਨਣ ਦੇ ਪ੍ਰਮਾਣਿਕ ਸਰੋਤ ਵਜੋਂ ਜਦੋਂ ਅਸੀਂ ਸਿੱਖ ਚਿੰਤਨ ਦਾ ਅਧਿਐਨ ਕਰਦੇ ਹਾਂ ਤਾਂ ਸਾਡੇ ਸਾਹਮਣੇ ਦ੍ਰਿਸ਼ਟੀਗੋਚਰ ਹੁੰਦੇ ਅਨੇਕ ਸਰੋਕਾਰ ਮਨੁੱਖੀ ਆਤਮਕ ਚੇਤਨਾ ਅਤੇ ਸਮਾਜਿਕ ਸੂਝ ਦੇ ਉਸ ਸਮਿਨਵੈ ਨੂੰ ਸਮਝਣ ਵਿਚ ਸਾਡੀ ਸਹਾਇਤਾ ਕਰਦੇ ਹਨ, ਜਿਹੜੇ ਸਿੱਖ ਚਿੰਤਨ ਨੂੰ ਨਾ ਕੇਵਲ

ਮੱਧਕਾਲੀ ਸਮਾਜ ਦਾ ਪ੍ਰਤਿਬਿੰਬ ਬਲਕਿ ਪ੍ਰਮਾਣਿਕ ਦਸਤਾਵੇਜ਼ ਵੀ ਸਾਬਤ ਕਰਦੇ ਹਨ। ਨਿਰੰਸਦੇਹ ਇਹ ਰਚਨਾ, ਵੇਲੇ ਦੀ ਰਾਜਨੀਤਕ, ਆਰਥਿਕ ਅਤੇ ਸਮਾਜਿਕ ਵਿਵਸਥਾ ਹੱਥੋਂ ਪੀੜਤ ਲੋਕਾਈ ਨੂੰ ਮਾਨਵੀ ਗੌਰਵ ਅਤੇ ਸਵੈਮਾਨ ਦੇ ਸਦੀਵੀ ਪ੍ਰੇਰਨਾ ਸਰੋਤਾਂ ਨਾਲ ਜੁੜਨ ਦੀ ਚੇਤਨਾ ਜਗਾਉਂਦੀ ਹੈ। ਇਕ ਪਾਸੇ ਇਹ ਮੁਗਲ ਸਾਮੰਤਵਾਦ ਦੀ ਕੱਟੜ ਮਜ਼ਬੀ ਨੀਤੀ, ਫਿਰਕੂ ਨਫ਼ਰਤ ਅਤੇ ਆਰਥਿਕ ਸ਼ੋਸ਼ਣ ਵਿਰੁੱਧ ਆਵਾਜ਼ ਬੁਲੰਦ ਕਰਦੀ ਹੈ ਅਤੇ ਦੂਜੇ ਪਾਸੇ ਇਹ ਤਤਕਾਲੀਨ ਸਮਾਜ ਵਿਚ ਪ੍ਰਚਲਿਤ ਬ੍ਰਾਹਮਣਵਾਦੀ ਕਰਮ ਕਾਂਡਾਂ ਦੇ ਮਾਨਵ ਦੋਖੀ ਕਿਰਦਾਰ ਨੂੰ ਵੀ ਉਘਾੜਦੀ ਹੈ।

ਬਾਣੀ ਚਿੰਤਨ ਦੇ ਉਦੈ ਸਮੇਂ ਅਨੇਕਾਂ ਪਰੰਪਰਾਵਾਦੀ ਧਾਰਨਾਵਾਂ ਅਤੇ ਹੋਰ ਸਿਧਾਂਤਾਂ ਕਰਕੇ ਮੱਧਕਾਲੀ ਭਾਰਤ ਦੀ ਸਮਾਜਿਕ ਅਵਸਥਾ ਅਤਿਅੰਤ ਬੁਰੀ ਹਾਲਤ ਵਿਚ ਸੀ। ਇਸ ਸਮੇਂ ਲੋਕਾਈ ਨੂੰ ਗੁਲਾਮੀ ਦੇ ਅਹਿਸਾਸ ਨੇ ਜਕੜ ਰਖਿਆ ਸੀ ਪਰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਇਨ੍ਹਾਂ ਦਬੇ-ਕੁਚਲੇ, ਨਿਤਾਣੇ ਤੇ ਨੀਵੇਂ ਲੋਕਾਂ ਨੂੰ ਜਿਉਣ ਦਾ ਉੱਤਮ ਢੰਗ ਦੱਸਦੀ ਹੈ। ਭਾਵੇਂ ਮੱਧਕਾਲ ਵਿਚ ਹਰ ਗਲ ਅਧਿਆਤਮਕ ਮੁਹਾਵਰੇ ਵਿਚ ਕਹੀ ਜਾਂਦੀ ਹੈ ਪਰ ਇਨ੍ਹਾਂ ਸਭ ਦੇ ਸਰੋਕਾਰ ਸਾਧਾਰਨ ਲੋਕਾਈ ਨਾਲ ਜੁੜੇ ਹੋਏ ਹਨ। ਕਈ ਥਾਵਾਂ ਤੇ ਹਾਕਮ ਸ਼੍ਰੇਣੀ ਦੇ ਅੱਤਿਆਚਾਰੀ ਰਵੱਈਏ ਦੀ ਤਿੱਖੀ ਆਲੋਚਨਾ ਕਰਦੇ ਹਨ। ਉਸ ਵੇਲੇ ਦੀ ਰਾਜਨੀਤਕ ਅਵਸਥਾ ਦਾ ਚਿਤਰਨ ਇਨ੍ਹਾਂ ਪੰਕਤੀਆਂ ਵਿਚ ਮੌਜੂਦ ਹੈ:

*ਰਾਜੇ ਸੀਹ ਮੁਕਦਮ ਕੁਤੇ।।*  
*ਜਾਇ ਜਗਾਇਨਿ ਬੈਠੇ ਸੁਤੇ।।*  
*ਚਾਕਰ ਨਹਦਾ ਪਾਇਨ੍ਹਿ ਘਾਉ।।*  
*ਰਤੁ ਪਿਤੁ ਕੁਤਿਹੋ ਚਟਿ ਜਾਹੁ।।* ਪੰਨਾ ੧੨੮੮

ਪ੍ਰਸਿੱਧ ਇਤਿਹਾਸਕਾਰ ਡਾ. ਭਗਤ ਸਿੰਘ ਆਪਣੀ ਪੁਸਤਕ 'ਮਧਕਾਲੀਨ ਭਾਰਤ ਦੀਆਂ ਸੰਸਥਾਵਾਂ' ਵਿਚ ਲਿਖਦੇ ਹਨ:

> *ਸਿਕੰਦਰ ਲੋਧੀ ਇਕ ਹਿੰਦੂ ਸੁਨਿਆਰੇ ਦੀ ਧੀ ਕੁੱਖੋਂ ਪੈਦਾ ਹੋਇਆ ਸੀ, ਪਰ ਫਿਰ ਉਸਨੇ ਮਾਂ ਦੇ ਧਰਮ ਵਲ ਜ਼ਰਾ ਵੀ ਲਿਹਾਜ਼ੀ ਰੱਵਈਆ ਧਾਰਨ ਨਾ ਕੀਤਾ। ਉਸਨੇ ਬੋਧਨ ਨਾਮੀ ਇਕ ਬ੍ਰਾਹਮਣ ਨੂੰ ਇਤਨਾ ਕਹਿਣ ਤੇ ਹੀ ਕਿ ਇਸਲਾਮ ਵਰਗਾ ਸੱਚਾ ਧਰਮ ਹੋਰ ਵੀ ਹੋ ਸਕਦਾ ਹੈ, ਮੌਤ ਦੇ ਘਾਟ ਉਤਾਰ ਦਿੱਤਾ ਸੀ।*[10]

ਅਸੀਂ ਵੇਖਦੇ ਹਾਂ ਕਿ ਮਨੁੱਖੀ ਸਮਾਜ ਹਮੇਸ਼ਾਂ ਹੀ ਸ਼ਕਤੀਸ਼ਾਲੀ ਤੇ ਸ਼ਕਤੀਹੀਣ ਵਰਗਾਂ ਵਿਚ ਵੰਡਿਆ ਹੁੰਦਾ ਹੈ। ਹਾਕਮ ਸ਼ਕਤੀ ਸੰਪੰਨ ਹੋਣ ਕਰਕੇ ਸਮਾਜ ਦੇ ਸਾਰੇ ਵਸੀਲਿਆਂ ਉੱਪਰ ਕਾਬਜ਼ ਹੁੰਦੀ ਹੈ। ਇਸ ਤਰ੍ਹਾਂ ਸ਼ਕਤੀ ਵਿਹੀਨ ਵਰਗ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋ ਨਹੀਂ ਸਕਦਾ ਕਿਉਂਕਿ ਉਹ ਆਪਣੇ ਹੱਕਾਂ ਪ੍ਰਤੀ ਚੇਤੰਨ ਹੀ ਨਹੀਂ ਹੁੰਦਾ। ਅਚੇਤ ਤੌਰ ਤੇ ਉਹ ਸ਼ਕਤੀਸ਼ਾਲੀ ਹਾਕਮ ਸ਼੍ਰੇਣੀ ਦਾ ਗੁਲਾਮ ਬਣ ਜਾਂਦਾ ਹੈ। ਮੁਸਲਮਾਨ ਹਾਕਮ ਸ਼੍ਰੇਣੀ ਆਪਣਾ ਦਬਦਬਾ ਬਣਾ ਕੇ ਰੱਖਦੀ ਹੈ। ਇਸ ਪ੍ਰਸੰਗ ਵਿਚ ਡਾ. ਗੁਰਸ਼ਰਨਜੀਤ ਸਿੰਘ ਸਮਾਜ ਦੀ ਅਤਿਅੰਤ ਘਿਨੌਣੀ ਅਵਸਥਾ ਦਾ ਚਿਤਰ ਖਿੱਚਦੇ ਹਨ-

> *ਹਿੰਦੂਆਂ ਨੂੰ ਸਵਾਰੀ ਲਈ ਘੋੜੇ ਰਖਣ ਤੇ ਹਥਿਆਰ ਲਿਜਾਣ ਤੋਂ ਮਨ੍ਹਾਂ ਕਰ ਦਿੱਤਾ ਗਿਆ ਸੀ। ਸੋਨਾ-ਚਾਂਦੀ ਜਾਂ ਪਾਨ ਸੁਪਾਰੀ ਕਿਸੇ ਵੀ ਹਿੰਦੂ ਘਰ ਵਿਚ ਰਖਣ ਤੋਂ ਮਨਾਹੀ ਸੀ। ਗਰੀਬ ਕੀਤੇ ਹਿੰਦੂ ਮੁਲਾਜ਼ਮਾਂ ਦੀਆਂ ਇਸਤਰੀਆਂ ਨੂੰ ਮੁਸਲਮਾਨਾਂ ਦੇ ਘਰਾਂ ਵਿਚ ਕੰਮ ਕਰਨਾ ਪੈਂਦਾ ਸੀ।*[11]

ਮੱਧਕਾਲੀ ਸਮਾਜ ਦੀਆਂ ਬੁਰਾਈਆਂ ਵਿਚ ਜਿਥੇ ਹਾਕਮ ਜਮਾਤ ਜ਼ਿੰਮੇਵਾਰ ਸੀ ਉੱਥੇ ਨਾਲ ਹੀ ਹਿੰਦੂ ਸਮਾਜ ਵਿਚ ਫੈਲੀਆਂ ਕੁਰੀਤੀਆਂ ਨੇ ਵੀ ਹਾਲਾਤ ਮਾੜੇ ਬਣਾ ਦਿੱਤੇ ਸਨ। ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਇਨ੍ਹਾਂ ਸਾਰੇ ਲੋਕਾਂ ਲਈ ਚਾਨਣ-ਮੁਨਾਰੇ ਦਾ ਕੰਮ ਦਿੰਦੀ ਹੈ। ਅਜੋਕੇ ਯੁੱਗ ਵਿੱਚ ਮਨੁੱਖੀ ਅਧਿਕਾਰਾਂ ਦੀ ਗੱਲ ਬੜੇ ਜ਼ੋਰ-ਸ਼ੋਰ ਨਾਲ ਹੋ ਰਹੀ ਹੈ ਪਰੰਤੂ ਇਸ ਦਾ ਮੁੱਢ ਬਾਣੀਕਾਰਾਂ ਨੇ ਬੰਨਿਆ ਸੀ। ਉਹਨਾਂ ਨੇ ਮਨੁੱਖੀ ਅਧਿਕਾਰਾਂ ਦੇ ਹੱਕ ਵਿਚ ਆਵਾਜ਼ ਉਠਾ ਕੇ ਸਮਾਜ ਵਿੱਚ ਆਰਥਿਕ ਨਾ ਬਰਾਬਰੀ ਵਿਰੁੱਧ ਆਪਣੀ ਬਾਣੀ ਉਚਾਰੀ। ਉਸ ਸਮੇਂ ਉੱਚ ਵਰਗ ਅਤੇ ਨਿਮਨ ਵਰਗ ਦੀ ਜੀਵਨ ਸ਼ੈਲੀ ਵਿੱਚ ਜ਼ਮੀਨ ਅਸਮਾਨ ਦਾ ਫਰਕ ਸੀ। ਆਰਥਿਕ ਢਾਂਚੇ ਦੀ ਸੰਰਚਨਾ ਦੀ ਪ੍ਰਵਿਰਤੀ ਉੱਚ ਵਰਗ ਦੇ ਹਿੱਤ ਵਿੱਚ ਅਤੇ ਬਾਕੀ ਵਰਗਾਂ ਪ੍ਰਤੀ ਸ਼ੋਸਨਕਾਰੀ ਰਵੱਈਆ ਅਖਤਿਆਰ ਕਰਦੀ ਸੀ। ਗਰੀਬ ਲੋਕਾਂ ਦੀ ਕਮਾਈ ਉੱਤੇ ਐਸ਼ ਕਰਨ ਵਾਲੇ ਅਜਿਹੇ ਲੋਕਾਂ ਨੂੰ ਆਪਣੇ ਕਰਮਾਂ ਦੀ ਸਜ਼ਾ ਭੁਗਤਣੀ ਪਵੇਗੀ:

*ਫਰੀਦਾ ਇਕਨਾ ਆਟਾ ਅਗਲਾ ਇਕਨਾ ਨਾਹੀ ਲੋਣੁ॥*
*ਅਗੈ ਗਏ ਸਿੰਞਾਪਸਨਿ ਚੋਟਾਂ ਖਾਸੀ ਕਉਣ॥* ਪੰਨਾ ੧੩੮੦

ਗੁਰਬਾਣੀ ਚਿੰਤਨ ਵਿੱਚ 'ਮਨੁੱਖ' ਨੂੰ ਕੇਂਦਰ ਵਿਚ ਰੱਖ ਕੇ ਉਸ ਦੀ ਪ੍ਰਫੁੱਲਤਾ ਵਾਸਤੇ ਸਭ ਤੋਂ ਪ੍ਰਭਾਵਸ਼ਾਲੀ ਮਾਡਲ 'ਗ੍ਰਹਿਸਥ' ਦਾ ਮੰਨਿਆ ਹੈ। ਭਾਰਤੀ ਚਿੰਤਨ ਵਿਚ ਸੰਨਿਆਸ ਨੂੰ ਮੁਕਤੀ ਪ੍ਰਾਪਤ ਕਰਨ ਦਾ ਪ੍ਰਮੁੱਖ ਸਾਧਨ ਮੰਨਿਆ ਜਾਂਦਾ ਹੈ ਪਰੰਤੂ ਬਾਣੀਕਾਰਾਂ ਨੇ ਇਹ ਦ੍ਰਿੜ ਕਰਵਾਇਆ

ਕਿ ਇਹ ਸਿਰਫ਼ ਦਿਖਾਵਾ ਹੈ ਕਿਉਂਕਿ ਮਾਨਵੀ ਮਨ ਵਿਚੋਂ ਇਛਾਵਾਂ ਦਾ ਤਿਆਗ ਲਗਭਗ ਅਸੰਭਵ ਹੈ ਸਗੋਂ ਮੁਕਤੀ ਬੰਧਨਾਂ, ਅਡੰਬਰਾਂ ਤੇ ਵਿਕਾਰਾਂ ਤੋਂ ਹੋਣੀ ਚਾਹੀਦੀ ਹੈ। ਗੁਰਮਤਿ "ਹਸੰਦਿਆ ਖੇਲੰਦਿਆਂ ਪੈਨੰਦਿਆਂ ਵਿਚੈ ਹੋਵੈ ਮੁਕਤਿ" ਵਾਲੇ ਮਾਰਗ ਦੀ ਧਾਰਨੀ ਹੈ। ਇਸ ਲਈ ਗੁਰੂ ਨਾਨਕ ਸਾਹਿਬ ਨੇ 'ਸਿੱਧ ਗੋਸਟਿ' ਵਿਚ ਜੋਗੀਆਂ ਨਾਲ ਸੰਵਾਦ ਰਚਾਉਂਦਿਆਂ ਉਨ੍ਹਾਂ ਨੂੰ ਗ੍ਰਿਹਸਥੀ ਕਰਮ ਕਰਦਿਆਂ ਵੀ ਨਿਰਲੇਪ ਰਹਿਣ ਤੇ ਜ਼ੋਰ ਦਿੱਤਾ ਹੈ। 'ਜੈਸੇ ਜਲਿ ਮਹਿ ਕਮਲ ਨਿਰਾਲਮ ਮੁਰਗਾਈ ਨੈਸਾਣੇ' ਇਸ ਤਰ੍ਹਾਂ ਬਾਣੀ ਚਿੰਤਨ ਦੀ ਧਾਰਨਾ ਅਨੁਸਾਰ ਮਨੁੱਖ ਦਾ ਸਮੁੱਚਾ ਸਮਾਜਿਕ ਵਰਤਾਰਾ ਵਿਆਹ ਦੀ ਸੰਸਥਾ ਅੰਤਰਗਤ ਇਸਤਰੀ-ਮਰਦ ਸੰਬੰਧਾਂ ਉੱਤੇ ਨਿਰਧਾਰਿਤ ਹੈ। ਇਸ ਵਿਚ 'ਘਾਲ ਖਾਇ ਕਿਛੁ ਹਥਹੁ ਦੇਇ' ਦਾ ਸਿਧਾਂਤ ਗ੍ਰਿਹਸਥ ਜੀਵਨ ਦੀ ਆਧਾਰ ਸ਼ਿਲਾ ਹੈ। ਆਪਣੀ ਕਿਰਤ ਨੂੰ ਸਫਲਾ ਬਨਾਉਣ ਲਈ ਵੰਡ ਕੇ ਛਕਣਾ ਜ਼ਰੂਰੀ ਹੈ।

ਕਿਸੇ ਵੀ ਸਮਾਜ-ਸਭਿਆਚਾਰ, ਮੁਲਕ ਜਾਂ ਕੌਮ ਦੇ ਵਿਕਾਸ ਦਾ ਅੰਦਾਜ਼ਾ ਉਥੋਂ ਦੇ ਲੋਕਾਂ ਦੇ ਔਰਤ ਪ੍ਰਤੀ ਦ੍ਰਿਸ਼ਟੀਕੋਣ ਤੋਂ ਲਗਦਾ ਹੈ। ਪ੍ਰਾਚੀਨ ਭਾਰਤੀ ਸਮਾਜ ਵਿਚ ਔਰਤ ਦਾ ਬਹੁਤ ਸਤਿਕਾਰ ਕੀਤਾ ਜਾਂਦਾ ਸੀ। ਮੱਧਕਾਲ ਤੱਕ ਪੁੱਜਦੇ ਨਾਥਾਂ ਜੋਗੀਆਂ ਦੇ ਰਵੱਈਏ ਕਾਰਨ ਔਰਤ ਦੀ ਹਾਲਤ ਬਹੁਤ ਨਿੱਘਰ ਗਈ। ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿਚ ਸਪਸ਼ਟ ਕਰ ਦਿੱਤਾ ਕਿ ਸਿਰਫ਼ ਇਸਤਰੀ ਦੀ ਬਰਾਬਰਤਾ ਦੀ ਗੱਲ ਕਰਦੇ ਹੋਏ ਇਸ ਤੱਥ ਨੂੰ ਮੰਨਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਮਰਦ ਦੀ ਪੈਦਾਇਸ਼ ਵੀ ਇਸੇ ਦੀ ਕੁਖ ਤੋਂ ਹੀ ਹੋਈ ਹੈ। ਉਸ ਦਾ ਜਨਮ, ਬਚਪਨ, ਜਵਾਨੀ, ਵਿਆਹ ਸਭ ਕੁਝ ਔਰਤ ਦੀ ਬਦੌਲਤ ਹੈ:

*ਭੰਡਿ ਜੰਮੀਐ ਭੰਡ ਨਿੰਮੀਐ ਭੰਡਿ ਮੰਗਣਿ ਵੀਆਹੁ॥*
*ਭੰਡਹੁ ਹੋਵੇ ਦੋਸਤੀ ਭੰਡਹੁ ਚਲੈ ਰਾਹੁ॥*
*ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥*
*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ॥*
*ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ॥*
*ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ॥* ਪੰਨਾ ੪੭੩

ਵਰਤਮਾਨ ਸਮੇਂ ਪ੍ਰਦੂਸ਼ਨ ਦੇ ਮਹਾਂ ਦੈਂਤ ਨੇ ਸਮੁੱਚੀ ਧਰਤੀ ਨੂੰ ਨਿਗਲ ਲਿਆ ਹੈ। ਵਧਦੀ ਆਬਾਦੀ, ਜੰਗਲਾਂ ਦੀ ਬੇਰੋਕ ਕਟਾਈ, ਆਵਾਜਾਈ ਦੇ ਸਾਧਨਾਂ ਵਿਚ ਅਤਿਅੰਤ ਵਾਧਾ, ਸ਼ਹਿਰੀ ਵਸੋਂ ਦੀ ਬਹੁਤਾਤ ਕੁਦਰਤੀ ਵਾਤਾਵਰਣ ਨੂੰ ਨਸ਼ਟ ਕਰ ਰਹੀ ਹੈ ਕਿਉਂਕਿ ਇਸਦਾ ਜ਼ਿੰਮੇਵਾਰ ਮਨੁੱਖ ਆਪ ਹੈ। ਰਾਗ ਮੁਕਤ ਬਾਣੀ ਵਿਚ ਕੁਦਰਤ ਦੀਆਂ ਅਨਮੋਲ ਦਾਤਾਂ ਹਵਾ, ਪਾਣੀ, ਧਰਤੀ ਤੇ

ਬਨਸਪਤੀ ਪ੍ਰਤੀ ਆਪਣੇ ਫਰਜ਼ਾਂ ਨੂੰ ਭੁਲ ਜਾਣ ਦੀ ਚਿਤਾਵਨੀ ਦੇ ਕੇ ਅਜਿਹੇ ਕੁਦਰਤੀ ਸੋਮਿਆਂ ਨਾਲ ਸਤਿਕਾਰ ਪ੍ਰਗਟਾਉਣ ਲਈ ਪਰੇਰਿਆ ਗਿਆ ਹੈ:

*ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥*
*ਦਿਵਸੁ ਰਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥* ਪੰਨਾ ੮

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਨੁਸਾਰ ਬਾਹਰੀ ਅਡੰਬਰ, ਜਾਤ-ਪਾਤ ਅਤੇ ਸ਼੍ਰੇਣੀ-ਵੰਡ ਅਨੈਤਿਕ ਹਨ। ਨੈਤਿਕਤਾ ਹਰ ਧਰਮ ਚਿੰਤਨ ਦਾ ਮੂਲ ਆਧਾਰ ਹੈ ਅਤੇ ਹਰ ਧਾਰਮਿਕ ਭਾਈਚਾਰਾ ਆਪਣੇ ਧਰਮ ਗ੍ਰੰਥ ਤੋਂ ਇਸ ਸਬੰਧੀ ਅਗਵਾਈ ਲੈਂਦਾ ਹੈ। ਬਾਣੀ ਸਮੁੱਚੇ ਪੰਜਾਬੀ ਸਾਹਿਤ ਦੀ ਇਕ ਅਜਿਹੀ ਦਾਰਸ਼ਨਿਕ ਅਤੇ ਰਚਨਾਤਮਕ ਪ੍ਰਾਪਤੀ ਹੈ ਜਿਸ ਨੇ ਮੱਧਕਾਲ ਦੇ ਭਾਰਤੀ ਸਮਾਜ ਅੰਦਰ ਨਵੇਂ ਮੁੱਲਾਂ ਅਤੇ ਨਵੇਂ ਸੰਕਲਪਾਂ ਵਾਲਾ ਪ੍ਰਵਚਨ ਉਸਾਰਿਆ ਹੈ। ਇਸ ਅਧਿਆਤਮਕ ਕਾਵਿ ਪਰੰਪਰਾ ਦੇ ਮੂਲ ਸਰੋਕਾਰ ਏਨੇ ਬਹੁ-ਦਿਸ਼ਾਵੀ ਹਨ ਕਿ ਜ਼ਿੰਦਗੀ ਦਾ ਹਰ ਵੇਰਵਾ ਇਸ ਦੇ ਝਰੋਖੇ ਵਿਚੋਂ ਅਰਥ ਪ੍ਰਾਪਤ ਕਰਦਾ ਹੈ। ਇਹੀ ਕਾਰਣ ਹੈ ਕਿ ਗੁਰਮਤਿ ਵਿਚਾਰਧਾਰਾ ਆਪਣੇ ਸਮਕਾਲ ਤੋਂ ਲੈ ਕੇ ਵਰਤਮਾਨ ਤਕ ਜ਼ਿੰਦਗੀ ਦਾ ਪ੍ਰੇਰਕ ਸੋਮਾ ਬਣੀ ਹੋਈ ਹੈ। ਇਸ ਵਿਚਾਰਧਾਰਾ ਦਾ ਮੁਹਾਵਰਾ ਤਾਂ ਅਧਿਆਤਮਕ ਹੈ ਪਰ ਇਸ ਮੁਹਾਵਰੇ ਦੀਆਂ ਸਾਰੀਆਂ ਇਕਾਈਆਂ ਲੌਕਿਕ ਸਰੋਕਾਰਾਂ ਨਾਲ ਜੁੜੀਆਂ ਹਨ। ਅਕਸਰ ਸਤਹੀ ਪੱਧਰ ਉੱਪਰ ਇਹ ਸੋਚ ਲਿਆ ਜਾਂਦਾ ਹੈ ਕਿ ਅਧਿਆਤਮਕ ਸੰਸਾਰ ਸਮਾਜ ਤੋਂ ਪਰੇ ਇਕ ਉੱਚੇ ਮੰਡਲਾਂ ਦੀ ਪਰਿਕਰਮਾ ਤਕ ਸੀਮਤ ਰਹਿੰਦਾ ਹੈ ਅਤੇ ਇਸ ਚਿੰਤਨ ਵਿਚ ਮਾਨਵੀ ਸੱਚ ਗ਼ੈਰ-ਹਾਜ਼ਰ ਹੋ ਜਾਂਦੇ ਹਨ। ਇਹ ਸੋਚ ਬਾਣੀ ਸੰਸਾਰ ਦੇ ਪ੍ਰਸੰਗ ਵਿਚ ਮੂਲੋਂ ਹੀ ਗ਼ਲਤ ਸਿੱਧ ਹੁੰਦੀ ਹੈ। ਗੁਰਮਤਿ ਵਿਚਾਰਧਾਰਾ ਦਾ ਕੇਂਦਰੀ ਝਰੋਖਾ ਭਾਵੇਂ ਬ੍ਰਹਮ ਹੈ ਪਰ ਇਸ ਝਰੋਖੇ ਵਿਚੋਂ ਜ਼ਿੰਦਗੀ ਦਾ ਪੂਰਨ ਬਿੰਬ ਉਸਰਦਾ ਹੈ। ਅਸਲ ਵਿਚ ਸਥਿਤੀ ਇਹ ਹੈ ਕਿ ਬਾਣੀਕਾਰਾਂ ਨੇ ਬ੍ਰਹਮ ਨੂੰ ਮਾਨਵੀ ਜ਼ਿੰਦਗੀ ਦੇ ਆਰ-ਪਾਰ ਇੰਜ ਫੈਲਾ ਦਿੱਤਾ ਹੈ ਕਿ ਇਸ ਦੈਵੀ ਚਾਨਣ ਨੇ ਧਰਤੀ ਨੂੰ ਰੋਸ਼ਨਮਈ ਬਣਾ ਦਿੱਤਾ ਹੈ। ਇਹੀ ਕਾਰਣ ਹੈ ਕਿ ਬਾਣੀ ਵਿਚੋਂ ਜਿਹੜਾ ਮਨੁੱਖ ਉੱਭਰਦਾ ਹੈ ਜਾਂ ਜਿਸ ਮਨੁੱਖ ਨੂੰ ਪ੍ਰਵਾਨਗੀ ਮਿਲਦੀ ਹੈ, ਉਹ ਮਨੁੱਖ ਨੈਤਿਕ ਮੁੱਲਾਂ ਵਾਲਾ ਹੈ ਭਾਵ ਬਾਣੀ ਸੰਸਾਰ ਵਿਚ ਉਹ ਮਨੁੱਖ ਮੁਕਤ ਹੈ, ਸਚਿਆਰਾ ਹੈ, ਗੁਰਮੁਖ ਜਾਂ ਸੰਤ ਹੈ ਜਿਸ ਨੇ ਨੈਤਿਕ ਮੁੱਲਾਂ ਦੇ ਝਰੋਖੇ ਵਿਚੋਂ ਆਪਣੇ ਆਪ ਨੂੰ ਪ੍ਰਵਾਨ ਕਰਵਾਇਆ ਹੈ। ਇਹ ਤੱਥ ਭਲੀ ਭਾਂਤ ਜਾਣ ਲੈਣਾ ਜ਼ਰੂਰੀ ਹੈ ਕਿ ਗੁਰਮਤਿ ਵਿਚਾਰਧਾਰਾ ਦਾ ਇਕ ਬਿੰਦੂ ਜੇਕਰ ਬ੍ਰਹਮ ਨਾਲ ਜੁੜਿਆ ਹੈ ਤਾਂ ਦੂਸਰਾ ਬਿੰਦੂ ਬ੍ਰਹਮ ਵਰੋਸਾਈ ਧਰਤੀ ਨਾਲ ਹੈ। ਗੁਰਮਤਿ ਵਿਚਾਰਧਾਰਾ ਦੀ ਵਡਿਆਈ ਦਾ ਰਹੱਸ ਇਹ ਹੈ ਕਿ ਇਸ ਦੇ ਆਰ-ਪਾਰ ਇਕ ਨੈਤਿਕ ਮੁੱਲਾਂ ਵਾਲਾ ਸੰਸਾਰ ਵੱਸਿਆ ਹੋਇਆ ਹੈ। ਗੁਰੂ ਗ੍ਰੰਥ ਸਾਹਿਬ ਦੀ ਰਾਗ

ਮੁਕਤ ਬਾਣੀ ਵਿੱਚ ਪੰਜ ਵਿਕਾਰਾਂ ਨੂੰ ਬੰਧਨ ਦਾ ਕਾਰਣ ਮੰਨਿਆ ਹੈ ਅਤੇ ਇਹਨਾਂ ਬੰਧਨਾਂ ਨੂੰ ਤਿਆਗ ਕੇ ਮਨੁੱਖ ਅੰਦਰ ਜਿਉਣ ਦੀ ਚੇਤਨਾ ਜਗਾਈ ਗਈ ਹੈ:

*ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ॥*

*ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ॥* ਪੰਨਾ ੧੪੨੭

ਰਾਗ ਮੁਕਤ ਬਾਣੀ ਦੇ ਝਰੋਖੇ ਵਿਚ ਮਨੁੱਖ ਨੂੰ ਇਨ੍ਹਾਂ ਵਿਕਾਰਾਂ ਨੂੰ ਛੱਡ ਕੇ ਉਸ ਪਰਮਾਤਮਾ ਨਾਲ ਸੱਚੀ ਪ੍ਰੀਤ ਜੋੜਨ ਨੂੰ ਉੱਤਮ ਦਸਿਆ ਹੈ ਕਿਉਂਕਿ ਪਰਮਾਤਮਾ ਸਭਨਾਂ ਦੇ ਹਿਰਦੇ ਅੰਦਰ ਵਸਦਾ ਹੈ। ਇਸ ਲਈ ਕਿਸੇ ਦੇ ਦਿਲ ਨੂੰ ਦੁਖਾਉਣਾ ਠੀਕ ਨਹੀਂ ਹੈ:

*ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ॥*

*ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ॥* ਪੰਨਾ ੧੩੮੪

ਸਚ, ਗਿਆਨ, ਪ੍ਰੇਮ, ਦਇਆ, ਸੇਵਾ, ਸੰਤੋਖ, ਨਿਡਰਤਾ ਅਤੇ ਕੁਰਬਾਨੀ ਵਰਗੇ ਸਦਗੁਣਾਂ ਰਾਹੀਂ ਪ੍ਰਭੂ-ਮਿਲਾਪ ਹੋ ਸਕਦਾ ਹੈ ਪਰੰਤੂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਜਿਹੇ ਪੰਜ ਵਿਕਾਰਾਂ ਤੋਂ ਇਲਾਵਾ ਨਿੰਦਾ-ਚੁਗਲੀ, ਪਰ-ਇਸਤਰੀ ਦਾ ਸੰਗ ਅਤੇ ਚੋਰੀ-ਠੱਗੀ ਤੋਂ ਵੀ ਦੂਰ ਰਹਿਣਾ ਚਾਹੀਦਾ ਹੈ:

*ਕਬੀਰ ਨ੍ਰਿਪ ਨਾਰੀ ਕਉ ਨਿੰਦੀਐ ਕਿਉ ਹਰਿ ਚੇਰੀ ਕਉ ਮਾਨੁ॥*

*ਓਹ ਮਾਂਗ ਸਵਾਰੈ ਬਿਖੈ ਕਉ ਓਹ ਸਿਮਰੈ ਹਰਿ ਨਾਮੁ॥* ਪੰਨਾ ੧੩੭੩

ਇਸ ਤਰ੍ਹਾਂ ਸਮੁੱਚੇ ਬਾਣੀ ਚਿੰਤਨ ਵਿਚ ਸ਼ੁੱਧ ਅਧਿਆਤਮਿਕ ਚਿੰਤਨ ਹੀ ਨਹੀਂ ਸਗੋਂ ਇਸ ਵਿੱਚ ਸਮਾਜਿਕ ਸਰੋਕਾਰਾਂ ਦੀ ਪੇਸ਼ਕਾਰੀ ਕੀਤੀ ਗਈ ਹੈ। ਬਾਣੀਕਾਰ ਤੱਤਕਾਲੀਨ ਸਮਾਜ ਵਿੱਚ ਪ੍ਰਚੱਲਿਤ ਕੁਰੀਤੀਆਂ ਅਤੇ ਕਰਮ ਕਾਂਡਾਂ ਦੀ ਕੇਵਲ ਨਿਸ਼ਾਨਦੇਹੀ ਹੀ ਨਹੀਂ ਕਰਦੇ ਸਗੋਂ ਇਹਨਾਂ ਪ੍ਰਤੀ ਆਪਣੀ ਵਿਰੋਧਤਾ ਵੀ ਪ੍ਰਗਟ ਕਰਦੇ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਸੰਕਲਿਤ ਰਾਗ ਮੁਕਤ ਬਾਣੀ ਵਿੱਚ ਤਾੜਨਾ ਕੀਤੀ ਗਈ ਹੈ ਕਿ ਇਹਨਾਂ ਸਮਾਜਿਕ ਬੁਰਾਈਆਂ ਨੂੰ ਖਤਮ ਕਰਕੇ ਇਕ ਸਿਹਤਮੰਦ ਸਮਾਜ ਸਿਰਜਿਆ ਜਾ ਸਕਦਾ ਹੈ ਜਿਸ ਦੀ ਚਰਚਾ ਅਸੀਂ ਅੱਗੋਂ ਜਾ ਕੇ ਕਰਾਂਗੇ।

### (ੳ) ਰਾਗ ਮੁਕਤ ਬਾਣੀ ਵਿੱਚ ਕੁਲੀਨ ਵਰਗ ਨਾਲ ਵਿਰੋਧ ਅਤੇ ਲੋਕ-ਧਿਰਾਂ ਨੂੰ ਸਮਾਜਿਕ ਪ੍ਰਵਾਨਗੀ

ਗੁਰੂ ਗ੍ਰੰਥ ਸਾਹਿਬ ਵਿਚਲੇ ਸਮੂਹ ਬਾਣੀਕਾਰਾਂ ਦੀ ਦੇਣ ਭਾਵੇਂ ਮੂਲ ਰੂਪ ਵਿਚ ਧਾਰਮਿਕ ਖੇਤਰ ਦੀ ਮੰਨੀ ਜਾਂਦੀ ਹੈ ਪਰੰਤੂ ਉਹ ਪਰਮ ਸਤਿ ਦੀ ਭਾਲ ਵਿਚ ਉਸ ਮਾਰਗ ਤੇ ਚਲਣ ਵਾਲੇ ਤੇ ਦੂਜਿਆਂ ਨੂੰ ਵੀ ਇਸੇ ਭਾਵਨਾ ਅਧੀਨ ਚਲਣ ਦੀ ਪ੍ਰੇਰਣਾ ਦੇਣ ਵਾਲੇ ਸਨ। ਆਮ ਤੌਰ ਤੇ ਧਰਮ

ਦਾ ਸਬੰਧ ਮਨੁੱਖੀ ਭਾਵਾਂ ਨਾਲ ਹੁੰਦਾ ਹੈ। ਸਾਹਿਤ ਵੀ ਮਨੁੱਖੀ ਭਾਵਾਂ ਦੀ ਤਰਜਮਾਨੀ ਕਰਦਾ ਹੈ। ਧਰਮ ਅਤੇ ਸਮਾਜ ਦੇ ਸੰਜੋਗੀ ਰਿਸ਼ਤੇ ਵਿੱਚ ਟਕਰਾਓ ਹੋਣਾ ਸੁਭਾਵਕ ਹੁੰਦਾ ਹੈ। ਭਾਰਤ ਵਿੱਚ ਮੁਸਲਮਾਨਾਂ ਦੇ ਪ੍ਰਵੇਸ਼ ਤੋਂ ਪਹਿਲਾਂ ਆਉਣ ਵਾਲੀਆਂ ਯੂਨਾਨੀ, ਹੂਨ, ਕੁਸ਼ਾਨ ਅਤੇ ਪਾਰਥੀਅਨ ਕੌਮਾਂ ਆਰਿਆਈ ਸਮਾਜ ਅੱਗੇ ਸਮਰਪਣ ਕਰਦੀਆਂ ਹਨ ਪਰੰਤੂ ਇਸਲਾਮ ਦੇ ਪ੍ਰਵੇਸ਼ ਨਾਲ ਪਹਿਲਾਂ ਸਥਿਤੀ ਤਨਾਓ ਗ੍ਰਸਤ ਬਣੀ ਰਹੀ ਬਾਅਦ ਵਿੱਚ ਸੰਵਾਦਿਕ ਬਿਰਤੀ ਰਾਹੀਂ ਨਵੇਂ ਮੁੱਲਾਂ ਦੀ ਸਿਰਜਣਾ ਕੀਤੀ ਗਈ। ਨਵੇਂ ਸਮਾਜਿਕ ਪਰਿਪੇਖ ਨੇ ਮਨੁੱਖ ਨੂੰ ਸ਼ੁੱਧ ਮਾਨਵੀ ਮੁੱਲਾਂ ਬਾਰੇ ਗਿਆਨ ਕਰਵਾਇਆ। ਇਸ ਸਾਂਸਕ੍ਰਿਤਕ ਸੰਸਲੇਸ਼ਣ ਵਿੱਚੋਂ ਹੀ ਕੁਲੀਨ ਵਰਗ ਪੈਦਾ ਹੋਇਆ ਜਿਸ ਦੇ ਵਿਰੋਧ ਵਿੱਚ ਲੋਕ ਹਿੱਤਾਂ ਨੂੰ ਸਮਾਜਿਕ ਪ੍ਰਵਾਨਗੀ ਪ੍ਰਾਪਤ ਹੋਈ। ਇਹਨਾਂ ਲੋਕ ਹਿੱਤਾਂ ਵਿੱਚੋਂ ਬਾਣੀਕਾਰਾਂ ਨੇ ਆਪੇ ਦੀ ਪਛਾਣ ਨੂੰ ਆਪੇ ਦੇ ਪ੍ਰਗਟਾਵੇ ਦਾ ਸਾਧਨ ਬਣਾਇਆ ਹੈ ਪਰ ਉਹ ਆਪਣੇ ਸਮਕਾਲੀ ਸਮਾਜ ਤੋਂ ਅਣਭਿੱਜ ਨਹੀਂ ਸਨ। ਜਿਸ ਕਰਕੇ ਇਸ ਅਨਿਆਂ ਗ੍ਰਸਤ ਸਮਾਜ ਦੀਆਂ ਕੁਰੀਤੀਆਂ ਨੂੰ ਚਿਤਰ ਕੇ ਜਨ-ਸਧਾਰਨ ਦੀਆਂ ਮੁਸ਼ਕਲਾਂ ਨੂੰ ਬਿਆਨ ਕਰ ਰਹੇ ਸਨ। ਇਨ੍ਹਾਂ ਵਿਚੋਂ ਬਹੁਤੇ ਬਾਣੀਕਾਰ ਆਪ ਵੀ ਇਨ੍ਹਾਂ ਸਮਸਿਆਵਾਂ ਦਾ ਸ਼ਿਕਾਰ ਬਣੇ ਸਨ ਅਤੇ ਇਸ ਸਮਾਜਿਕ ਅਨਿਆਂ ਵਿਰੁੱਧ ਜ਼ੋਰਦਾਰ ਅਵਾਜ਼ ਉਠਾ ਰਹੇ ਸਨ। ਉਨ੍ਹਾਂ ਨੇ ਆਪਣੇ ਆਪ ਨੂੰ ਸਿਰਫ਼ ਰਹੱਸਵਾਦੀ ਖੇਤਰ ਤਕ ਹੀ ਸੀਮਤ ਨਹੀਂ ਰਖਿਆ, ਸਗੋਂ ਲੋਕਾਈ ਦੀ ਪੀੜਾ ਹਰਨ ਵਿੱਚ ਆਪਣਾ ਯੋਗਦਾਨ ਪਾਇਆ।

ਮੱਧਕਾਲ ਵਿਚ ਭਾਰਤ ਅੰਦਰ ਬਾਹਰਲੀਆਂ ਸੱਭਿਆਤਾਵਾਂ ਦੇ ਪ੍ਰਭਾਵ ਕਾਰਨ ਆਮ ਲੋਕ ਭਾਰਤੀ ਸੰਸਕ੍ਰਿਤੀ ਦੇ ਮੂਲ ਸਰੋਤ ਤੋਂ ਦੂਰ ਹੁੰਦੇ ਜਾ ਰਹੇ ਹਨ। ਭਗਤੀ ਲਹਿਰ ਦੇ ਸੰਤਾਂ-ਭਗਤਾਂ ਨੇ ਕਰਮ-ਕਾਂਡਾਂ ਦੇ ਜਾਲ ਵਿਚ ਫਸੇ ਇਨ੍ਹਾਂ ਲੋਕਾਂ ਦੇ ਖਿਲਾਫ ਅਵਾਜ਼ ਉਠਾਈ। ਇਸੇ ਸਮੇਂ ਤੁਰਕਾਂ ਅਤੇ ਮੁਗਲਈ ਹਮਲਿਆਂ ਕਾਰਨ ਭਾਰਤ ਵਿਚ ਸਾਮੀ/ਇਸਲਾਮੀ ਸਭਿਆਚਾਰ ਦਾ ਪ੍ਰਭਾਵ ਪ੍ਰਤਖ ਨਜ਼ਰ ਆ ਰਿਹਾ ਸੀ। ਹੁਕਮਰਾਨ ਜਮਾਤ ਨੇ ਆਪਣੀ ਕੱਟੜ ਧਾਰਮਿਕ ਨੀਤੀ ਕਾਰਨ ਇਥੋਂ ਦੇ ਲੋਕਾਂ ਉੱਤੇ ਅਤਿਆਚਾਰ ਕਰਨੇ ਸ਼ੁਰੂ ਕਰ ਦਿੱਤੇ। ਇਸ ਸਮੇਂ ਭਗਤੀ ਲਹਿਰ ਦੇ ਉਦੈ ਹੋਣ ਨਾਲ ਨਵੀਆਂ ਕਦਰਾਂ-ਕੀਮਤਾਂ ਦੀ ਸਿਰਜਨਾ ਹੋਈ। ਭਗਤੀ ਲਹਿਰ ਨੇ ਭਾਰਤੀਆਂ ਦੀ ਇੱਛਾ ਸ਼ਕਤੀ ਨੂੰ ਮਜ਼ਬੂਤ ਕਰਕੇ ਜੀਵਨ ਸੰਘਰਸ਼ ਲਈ ਤਿਆਰ ਕਰਨ ਦਾ ਬੀੜਾ ਚੁਕਿਆ। ਇਸ ਤਰ੍ਹਾਂ ਸਮਾਜ ਵਿਚ ਫੈਲੇ ਜਾਤ ਪਾਤ ਅਤੇ ਊਚ ਨੀਚ ਦੇ ਕੋਹੜ ਨੂੰ ਦੂਰ ਕਰਨ ਦਾ ਉਪਰਾਲਾ ਕੀਤਾ ਗਿਆ।

ਭਾਰਤ ਵਿੱਚ ਜਾਤ ਪਾਤ ਦੀ ਅਜਿਹੀ ਵਿਵਸਥਾ ਅਧੀਨ ਬ੍ਰਾਹਮਣਾਂ ਨੂੰ ਰਾਜਸੀ, ਸਮਾਜਿਕ ਅਤੇ ਧਾਰਮਿਕ ਰੂਪ ਵਿਚ ਅਨੇਕਾਂ ਅਧਿਕਾਰ ਪ੍ਰਾਪਤ ਹੋ ਗਏ। ਬ੍ਰਾਹਮਣ ਦੀ ਕੁਲ ਵਿਚ

ਪੈਦਾ ਹੋਣ ਵਾਲਾ ਪੂਜਣ ਯੋਗ ਬਣ ਜਾਂਦਾ ਜੋ ਆਪਣੀ ਉੱਚੀ ਪਦਵੀ ਨੂੰ ਕਾਇਮ ਰੱਖਣ ਲਈ ਕਈ ਕਿਸਮਾਂ ਦੇ ਭਰਮ ਲੋਕਾਂ ਵਿਚ ਫੈਲਾ ਦਿੰਦਾ। ਜਨਮ ਤੋਂ ਲੈ ਕੇ ਮ੍ਰਿਤੂ ਤਕ ਦੇ ਸੰਸਕਾਰਾਂ ਵਿਚ ਬ੍ਰਾਹਮਣਾਂ ਦੀ ਪ੍ਰੋਹਤਾਈ ਜ਼ਰੂਰੀ ਸੀ ਕਿਉਂਕਿ ਉਹ ਆਪਣੇ ਆਪ ਨੂੰ ਕੁਲੀਨ ਸਮਝਣ ਲਗ ਪਏ ਸਨ। ਸਭ ਤੋਂ ਪਹਿਲਾਂ ਗੁਰੂ ਨਾਨਕ ਸਾਹਿਬ ਨੇ ਇਨ੍ਹਾਂ ਖਿਲਾਫ਼ ਅਵਾਜ਼ ਉਠਾਈ। ਉਨ੍ਹਾਂ ਅਨੁਸਾਰ ਸਭ ਮਨੁੱਖ ਇਕ ਨਿਰੰਕਾਰ ਦੀ ਸਿਰਜਣਾ ਹਨ ਅਤੇ ਕੋਈ ਵੀ ਉੱਚਾ ਨੀਵਾਂ ਨਹੀਂ। ਰਾਗ ਮੁਕਤ ਬਾਣੀ ਵਿੱਚ 'ਸਹਸਕ੍ਰਿਤੀ' ਦਾ ਇੱਕ ਸਲੋਕ ਇਸ ਪ੍ਰਸੰਗ ਵਿੱਚ ਵਿਚਾਰਨ ਯੋਗ ਹੈ :

*ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਤ ਬ੍ਰਾਹਮਣਹ॥*
*ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾ ਕ੍ਰਿਤਹ॥*
*ਸਰਬ ਸਬਦੰ ਤ ਏਕ ਸਬਦੰ ਜੇ ਕੋ ਜਾਨਸਿ ਭੇਉ॥*
*ਨਾਨਕ ਤਾ ਕੋ ਦਾਸੁ ਹੈ ਸੋਈ ਨਿਰੰਜਨ ਦੇਉ॥* ਪੰਨਾ ੧੩੫੩

ਜੋਗੀਆਂ ਦਾ ਧਰਮ ਗਿਆਨ ਦੀ ਪ੍ਰਾਪਤੀ, ਬ੍ਰਾਹਮਣਾਂ ਦਾ ਧਰਮ ਵੇਦਾਂ ਦਾ ਪਠਨ-ਪਾਠਨ, ਖਤਰੀਆਂ ਦਾ ਧਰਮ ਸੂਰਮਤਾਈ ਦਿਖਾਉਣਾ ਅਤੇ ਸ਼ੂਦਰ ਦਾ ਧਰਮ ਹੈ ਪਰਾਈ ਕਿਰਤ ਕਰਨੀ ਭਾਵ ਦੂਜਿਆਂ ਦੀ ਸੇਵਾ ਕਰਨਾ ਪਰੰਤੂ ਸਾਰਿਆਂ ਦਾ ਧਰਮ ਇੱਕੋ ਹੈ ਜੋ ਇਸ ਭੇਦ ਨੂੰ ਸਮਝ ਲਵੇ ਕਿ ਪਰਮਾਤਮਾ ਸਭ ਦੇਵਤਿਆਂ ਦਾ ਦੇਵਤਾ ਹੈ ਅਤੇ ਉਸ ਤੋਂ ਉਪਜੀਆਂ ਸਭ ਆਤਮਾਵਾਂ ਵਿੱਚ ਵਸ ਰਿਹਾ ਹੈ ਫਿਰ ਕਿਸ ਤਰ੍ਹਾਂ ਵਰਣਾਂ ਦੇ ਵਖੋ-ਵਖਰੇ ਧਰਮ ਹੋ ਸਕਦੇ ਹਨ। ਧਰਮ ਭਾਵੇਂ ਹਿੰਦੂ ਹੋਵੇ ਜਾਂ ਮੁਸਲਿਮ ਪ੍ਰੰਤੂ:

*ਰਾਹ ਦੋਵੈ ਇਕ ਜਾਣੈ ਸੋਈ ਸਿਝਸੀ॥*
*ਕੁਫਰ ਗੋਅ ਕੁਫਰਾਣੈ ਪਇਆ ਦਝਸੀ॥* ਪੰਨਾ ੧੪੨

ਇਸ ਸੰਸਾਰ ਵਿਚ ਰਹਿੰਦਿਆਂ ਇਕ ਨਿਰੰਕਾਰ ਦੀ ਜੋਤ ਨੂੰ ਪਛਾਨਣ ਵਾਲਾ ਹੀ ਕਾਮਯਾਬ ਹੋ ਸਕਦਾ ਹੈ ਅਤੇ ਉਸਦੀ ਹੋਂਦ ਤੋਂ ਮੁਨੱਕਰ ਹੋਣ ਵਾਲਾ ਨਾ ਸ਼ੁਕਰੀ ਦੀ ਅਵਸਥਾ ਵਿਚ ਸੜਦਾ ਖਿਝਦਾ ਰਹਿ ਜਾਵੇਗਾ। ਗੁਰੂ ਦੀ ਸਿਖਿਆ ਅਨੁਸਾਰ ਉਸ ਦੇ ਹੁਕਮ ਨੂੰ ਪਛਾਨਣਾ ਹੀ ਪਵੇਗਾ ਕਿਉਂਕਿ ਉਹ ਪਰਮਾਤਮਾ ਤਾਂ ਸਾਰੇ ਰੂਪਾਂ, ਵਰਣਾਂ ਅਤੇ ਸਭ ਜੀਵਾਂ ਦੇ ਮਨ ਵਿਚ ਰਮ ਰਿਹਾ ਹੈ। ਮਨੁੱਖ ਆਪਣੇ ਧਰਮ ਦਾ ਨਾਮ ਕੋਈ ਵੀ ਰਖ ਲਵੇ ਪਰ ਅਸਲ ਵਿਚ ਤਾਂ-

*ਹੇਕੋ ਪਾਧਰੁ ਹੇਕੁ ਦਰੁ ਗੁਰ ਪਉੜੀ ਨਿਜ ਥਾਨੁ॥*
*ਰੂੜਉ ਠਾਕੁਰੁ ਨਾਨਕਾ ਸਭਿ ਸੁਖ ਸਾਚਉ ਨਾਮੁ॥* ਪੰਨਾ ੧੨੭੯

ਧਰਮ ਮਨੁੱਖ ਨੂੰ ਜੀਵਨ ਦੀਆਂ ਲੋੜਾਂ ਅਨੁਸਾਰ ਅਗਵਾਈ ਪ੍ਰਦਾਨ ਕਰਦਾ ਹੈ ਅਤੇ ਮਨੁੱਖੀ ਹੋਂਦ ਦੀ ਸਮੱਸਿਆ ਦਾ ਹਲ ਸੁਝਾਉਣ ਵਾਲਾ ਧਰਮ ਹੀ ਜੀਵਤ ਰਹਿ ਸਕਦਾ ਹੈ। ਜਦੋਂ ਕੋਈ ਵੀ ਧਰਮ ਕਰਮ-ਕਾਂਡੀ ਬਣ ਜਾਂਦਾ ਹੈ ਤਾਂ ਉਸਦੀ ਪ੍ਰਸੰਗਿਕਤਾ ਵੀ ਅਰਥਹੀਣ ਹੋ ਜਾਂਦੀ ਹੈ ਅਤੇ ਕਰਮ-ਕਾਂਡਾਂ ਤੋਂ ਉਪਰ ਉਠਣ ਨਾਲ ਹੀ ਧਰਮ ਸਰਵ ਕਾਲੀ ਬਣ ਜਾਂਦਾ ਹੈ। ਬਾਣੀ ਚਿੰਤਨ ਵਿਚ ਲੋਕ ਮਨਾਂ ਨੂੰ ਜੋੜ ਕੇ ਉਨ੍ਹਾਂ ਦੇ ਅੰਤਰ ਮਨ ਨੂੰ ਤਕੜੀ ਸੇਧ ਬਖਸ਼ਣ ਕਰਕੇ ਹੀ ਅੱਜ ਵੀ ਪ੍ਰਸੰਗਿਕਤਾ ਹਾਸਿਲ ਹੈ। ਗੁਰੂ ਸਾਹਿਬਾਨ ਧਰਮ ਨੂੰ ਸੰਸਥਾਗਤ ਬਨਾਉਣ ਵਾਲੇ ਸਭ ਧਰਮਾਂ ਦੇ ਕੁਲੀਨ ਆਗੂਆਂ ਨੂੰ ਕਰੜੇ ਹੱਥੀਂ ਲੈਂਦੇ ਹਨ:

*ਕਾਦੀ ਕੂੜੁ ਬੋਲਿ ਮਲੁ ਖਾਇ॥*
*ਬ੍ਰਾਹਮਣ ਨਾਵੈ ਜੀਆ ਘਾਇ॥*
*ਜੋਗੀ ਜੁਗਤਿ ਨ ਜਾਣੈ ਅੰਧੁ॥*
*ਤੀਨੇ ਓਜਾੜੇ ਕਾ ਬੰਧੁ॥* ਪੰਨਾ ੬੬੨

ਗੁਰਬਾਣੀ ਚਿੰਤਨ ਵਿੱਚ ਹਰ ਇਨਸਾਨ ਨੂੰ ਆਪਣੀ ਗਲ ਸਮਝਾਉਣ ਲਈ ਉਹਨਾਂ ਦੇ ਮੁਹਾਵਰੇ ਵਿਚ ਗੱਲ ਕੀਤੀ ਜਾਂਦੀ ਹੈ। ਜੇ ਕਿਸੇ ਮੁਸਲਮਾਨ ਨੂੰ ਸਮਝਾਉਣਾ ਚਾਹਿਆ ਤਾਂ ਉਸ ਨੂੰ ਪੰਜ ਨਮਾਜ਼ਾਂ ਦਾ ਚਿਤਰ ਖਿੱਚ ਕੇ ਆਪਣੇ ਅੰਦਰ ਗੁਣਾਂ ਦਾ ਪ੍ਰਗਟਾਵਾ ਕਰਨ ਉੱਤੇ ਜ਼ੋਰ ਦਿੱਤਾ:

*ਪੰਜਿ ਨਿਵਾਜਾ ਵਖਤ ਪੰਜਿ ਪੰਜੇ ਪੰਜਾ ਨਾਉ॥*
*ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ॥*
*ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ॥*
*ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ॥* ਪੰਨਾ ੧੪੧

ਉਨ੍ਹਾਂ ਨੇ ਹਿੰਦੂ ਧਰਮ ਵਿਚ ਚੌਧਰੀ ਬਣੇ ਬ੍ਰਾਹਮਣ ਨੂੰ ਸਮਝਾਇਆ ਕਿ ਬ੍ਰਾਹਮਣ ਦੀ ਕੁਲ ਵਿਚ ਜਨਮ ਲੈਣ ਜਾਂ ਕਰਮ-ਕਾਂਡ ਕਰਕੇ ਬ੍ਰਾਹਮਣ ਨਹੀਂ ਅਖਵਾਇਆ ਜਾ ਸਕਦਾ, ਸਗੋਂ ਜਪ, ਤਪ, ਸੀਲ, ਸੰਤੋਖ ਅਤੇ ਧਰਮ ਆਦਿ ਗੁਣਾਂ ਵਾਲਾ ਮਨੁੱਖ ਹੀ ਬ੍ਰਾਹਮਣ ਪਦ ਦਾ ਯੋਗ ਅਧਿਕਾਰੀ ਕਹਾਉਣ ਦਾ ਹੱਕਦਾਰ ਹੈ:

*ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ॥*
*ਜਪੁ ਤਪੁ ਸੰਜਮੁ ਕਮਾਵੈ ਕਰਮੁ॥*
*ਸੀਲ ਸੰਤੋਖ ਕਾ ਰਖੈ ਧਰਮੁ॥*
*ਬੰਧਨ ਤੋੜੈ ਹੋਵੈ ਮੁਕਤੁ।*

*ਸੋਈ ਬ੍ਰਹਮਣੁ ਪੂਜਣ ਜੁਗਤੁ॥* ਪੰਨਾ ੧੪੧੧

ਇਸ ਕੁਲੀਨ ਵਰਗ ਵਿਚ ਬ੍ਰਾਹਮਣ ਕਰਮ ਕਾਡਾਂ ਰਾਹੀਂ ਪਾਖੰਡ ਅਤੇ ਦਿਖਾਵੇ ਭਰੀ ਜੀਵਨ ਕਿਰਿਆ ਨਾਲ ਆਪਣੇ ਉੱਚਤਾ ਦਾ ਪ੍ਰਗਟਾਵਾ ਕਰਦਾ ਹੈ। ਉਹ ਪੰਡਤਾਂ ਵਾਲਾ ਪਹਿਰਾਵਾ ਪਾ ਕੇ, ਵੇਦ ਸ਼ਾਸਤਰਾਂ ਦੇ ਰਟਨ ਕਰਕੇ, ਮੂੰਹੋਂ ਝੂਠ ਅਲਾਪਦਾ ਹੋਇਆ ਬਗਲੇ ਵਾਂਗ ਸਮਾਧੀ ਲਗਾ ਕੇ ਲੋਕਾਂ ਨੂੰ ਆਪਣੇ ਇੰਦਰ ਜਾਲ ਵਿਚ ਫਸਾ ਰਿਹਾ ਹੈ ਪਰ ਰਾਗ ਮੁਕਤ ਬਾਣੀ ਵਿੱਚ ਉਸਦਾ ਇਹ ਪਾਜ ਉਘੇੜ ਕੇ ਉਸ ਨੂੰ ਤਾੜਨਾ ਕੀਤੀ ਗਈ ਹੈ ਕਿ ਉਹ ਫੋਕਟ ਕਰਮਾਂ ਨੂੰ ਤਿਲਾਂਜਲੀ ਦੇ ਕੇ ਸੱਚੀ ਪ੍ਰੀਤ ਨਾਲ ਗੰਢ ਪਾ ਲਵੇ:

*ਪੜਿ ਪੁਸਤਕ ਸੰਧਿਆ ਬਾਦੰ॥*
*ਸਿਲ ਪੂਜਸਿ ਬਗੁਲ ਸਮਾਧੰ॥*
*ਮੁਖਿ ਝੂਠੁ ਬਿਭੂਖਨੁ ਸਾਰੰ॥*
*ਤ੍ਰੈਪਾਲ ਤਿਹਾਲ ਬਿਚਾਰੰ॥*
*ਗਲਿ ਮਾਲਾ ਤਿਲਕ ਲਿਲਾਟੰ॥*
*ਦੁਇ ਧੋਤੀ ਬਸਤ੍ਰ ਕਪਾਟੰ॥*
*ਜੋ ਜਾਨਸਿ ਬ੍ਰਹਮੰ ਕਰਮੰ॥*
*ਸਭ ਫੋਕਟ ਨਿਸਚੈ ਕਰਮੰ॥*
*ਕਹੁ ਨਾਨਕ ਨਿਸਚੌ ਧ੍ਯਿਾਵੈ॥*
*ਬਿਨੁ ਸਤਿਗੁਰ ਬਾਟ ਨਾ ਪਾਵੈ॥* ਪੰਨਾ ੧੩੫੩

ਭਗਤ ਕਬੀਰ ਕੁਲ ਜਾਂ ਪਰਿਵਾਰ ਨੂੰ ਕੋਈ ਦਰਜਾ ਨਹੀਂ ਦਿੰਦਾ। ਉਸ ਅਨੁਸਾਰ ਉੱਚੀ ਜਾਤ ਜਾਂ ਉੱਚੀ ਕੁਲ ਵਿਚ ਪੈਦਾ ਹੋਣ ਵਾਲਾ ਉਚਾ ਨਹੀਂ ਹੁੰਦਾ ਸਗੋਂ ਉਹ ਖਾਨਦਾਨ ਉਤਮ ਹੈ ਜਿਸ ਵਿੱਚ 'ਹਰੀ ਦਾ ਦਾਸ' ਪੈਦਾ ਹੁੰਦਾ ਹੈ ਕਿਉਂਕਿ ਉਚੀ ਕੁਲ ਵਿੱਚ ਜਨਮ ਲੈਣ ਦਾ ਕੀ ਫਾਇਦਾ, ਜੇ ਕਿਸੇ ਦਾ ਕੁਝ ਵੀ ਨਾ ਸੰਵਾਰਿਆ:

*ਕਬੀਰ ਸੋਈ ਕੁਲ ਭਲੀ ਜਾ ਕੁਲ ਹਰਿ ਕੋ ਦਾਸੁ॥*
*ਜਿਹ ਕੁਲ ਦਾਸੁ ਨ ਉਪਜੈ ਸੋ ਕੁਲ ਢਾਕੁ ਪਲਾਸੁ॥* ਪੰਨਾ ੧੩੭੦

ਬਾਬਾ ਫਰੀਦ ਇਸ ਤੋਂ ਉਪਰ ਇਨਸਾਨ ਨੂੰ ਚੰਗੇ ਕਰਮ ਕਰਨ ਦੀ ਪ੍ਰੇਰਣਾ ਦਿੰਦੇ ਹਨ। ਆਪਣੇ ਆਪ ਨੂੰ ਕੁਲੀਨ ਸਮਝਣ ਵਾਲੇ ਬ੍ਰਾਹਮਣ ਨੂੰ ਦੱਸਿਆ ਕਿ ਵੇਦ ਪਾਠ ਕਰਕੇ ਵਿਦਵਾਨ

ਬਨਣ ਨਾਲੋਂ ਆਪਣੀ ਪੀੜੀ ਹੇਠ ਸੋਟਾ ਫੇਰਨਾ ਚਾਹੀਦਾ ਹੈ। ਇਹੋ ਜਿਹੇ ਪੰਡਤ ਜਾਂ ਗਿਆਨੀ ਬਨਣ ਨਾਲੋਂ ਸਵੈ-ਪੜਚੋਲ ਕਰਕੇ ਸਫਲ ਜੀਵਨ ਜਿਉਣ ਦਾ ਢੰਗ ਅਪਣਾ ਲੈਣਾ ਚਾਹੀਦਾ ਹੈ:

*ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ॥*

*ਆਪਨੜੇ ਗਿਰੀਵਾਨ ਮਹਿ ਸਿਰ ਨੀਵਾਂ ਕਰਿ ਦੇਖੁ॥* ਪੰਨਾ ੧੩੭੮

ਪਰ ਇਨ੍ਹਾਂ ਪਖੰਡੀ ਪੰਡਤਾਂ ਅੰਦਰ ਹਉਮੈ ਕੁਟ ਕੁਟ ਕੇ ਭਰੀ ਹੋਈ ਹੈ ਅਤੇ ਇਹ ਕਰਮ-ਕਾਂਡੀ ਪੰਡਤ ਹਵਨ, ਯਗ, ਤੀਰਥ ਇਸ਼ਨਾਨ ਕਰਕੇ, ਪੁਰਾਣਾਂ ਪੜ੍ਹ ਪੜ੍ਹ ਕੇ ਥਕ ਗਏ ਹਨ, ਪਰ ਉਹਨਾਂ ਦੇ ਅੰਦਰੋਂ ਹਉਮੈ ਖਤਮ ਨਹੀਂ ਹੋਈ। ਗੁਰੂ ਅਮਰਦਾਸ ਜੀ ਨੇ ਇਸ ਕੁਲੀਨ ਵਰਗ ਨੂੰ ਖਰੀਆਂ ਖੋਟੀਆਂ ਸੁਣਾਈਆਂ ਹਨ:

*ਹੋਮ ਜਗ ਸਭਿ ਤੀਰਥਾ ਪੜ੍ਹਿ ਪੰਡਿਤ ਥਕੇ ਪੁਰਾਣ॥*

*ਬਿਖੁ ਮਾਇਆ ਮੋਹੁ ਨ ਮਿਟਈ ਵਿਚਿ ਹਉਮੈ ਆਵਣੁ ਜਾਣੁ॥*

*ਸਤਿਗੁਰ ਮਿਲਿਐ ਮਲੁ ਉਤਰੀ ਹਰਿ ਜਪਿਆ ਪੁਰਖੁ ਸੁਜਾਣੁ॥*

*ਜਿਨਾ ਹਰਿ ਹਰਿ ਪ੍ਰਭੁ ਸੇਵਿਆ ਜਨ ਨਾਨਕੁ ਸਦ ਕੁਰਬਾਣੁ॥* ਪੰਨਾ ੧੪੧੭

ਇਸ ਕੁਲੀਨ ਵਰਗ ਵਿਚ ਸਿਰਫ ਬ੍ਰਾਹਮਣ ਹੀ ਨਹੀਂ ਸਗੋਂ ਖਤਰੀ ਵੀ ਆਪਣੇ ਕਰਤੱਵਾਂ ਨੂੰ ਭੁੱਲ ਚੁਕੇ ਸਨ। ਵਰਣਾਂ ਦੀ ਉਤਪਤੀ ਬਾਰੇ ਜੋ ਰਿਗ ਵੇਦ ਦੀ ਧਾਰਣਾ ਸੀ ਉਸੇ ਨੂੰ ਹੀ ਮਨੂ ਸਿਮਰਤੀ ਨੇ ਸਮਕਾਲੀ ਸਰੋਕਾਰਾਂ ਅਧੀਨ ਕਿੱਤਿਆਂ ਦੀ ਵੰਡ ਤਕ ਸੀਮਤ ਕਰ ਦਿੱਤਾ ਸੀ। ਬਾਣੀ ਚਿੰਤਨ ਵਿਚ ਖਤਰੀ ਵਰਣ ਦੇ ਲੋਕਾਂ ਨੂੰ ਸਮੇਂ ਅਨੁਸਾਰ ਬਦਲਣ ਉਤੇ ਸਿੱਧੀ ਚੋਟ ਦਾ ਸਾਹਮਣਾ ਕਰਨਾ ਪਿਆ। ਉਹ ਆਪਣੇ ਪ੍ਰਮੁੱਖ ਫਰਜ਼ ਲੋਕਾਂ ਦੀ ਰੱਖਿਆ ਕਰਨ ਤੋਂ ਦੂਰ ਹੋ ਗਏ। ਵਿਸ਼ੇ ਵਿਕਾਰਾਂ ਨੂੰ ਤਿਲਾਂਜਲੀ ਦੇਣ ਦੀ ਬਜਾਏ ਸ਼ਖਸੀ ਆਜ਼ਾਦੀ ਤੇ ਵਿੱਦਿਆ ਦੇ ਅਧਿਕਾਰ ਤੋਂ ਵੀ ਦੂਰ ਚਲੇ ਗਏ। ਇਸ ਸੰਦਰਭ ਵਿਚ ਗੁਰਬਾਣੀ ਵਿਚੋਂ ਨਿਮਨ ਅੰਕਿਤ ਪੰਕਤੀਆਂ ਪੇਸ਼ ਹਨ:

*ਖਤ੍ਰੀਆ ਤ ਧਰਮ ਛੋਡਿਆ ਮਲੇਛ ਭਾਖਿਆ ਗਹੀ॥* ਪੰਨਾ ੬੬੨

ਉਹਨਾਂ ਨੇ ਸਮੇਂ ਦੇ ਹਾਕਮਾਂ ਨਾਲ ਰਲ ਕੇ ਉਨ੍ਹਾਂ ਦੀ ਭਾਸ਼ਾ ਅਤੇ ਸਭਿਆਚਾਰ ਨੂੰ ਅਪਨਾਉਣ ਕਰਕੇ ਉਹਨਾਂ ਨੂੰ 'ਘਰ ਘਰ ਮੀਆਂ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ' ਕਹਿਣ ਉਪਰੰਤ ਗੁਰੂ ਨਾਨਕ ਸਾਹਿਬ ਨੇ 'ਸਲੋਕ ਵਾਰਾਂ ਤੇ ਵਧੀਕ' ਵਿਚ ਉਨ੍ਹਾਂ ਉਤੇ ਕਰਾਰੀ ਚੋਟ ਕੀਤੀ:

*ਖਤ੍ਰੀ ਸੋ ਜੁ ਕਰਮਾ ਕਾ ਸੂਰੁ॥*

*ਪੁੰਨ ਦਾਨ ਕਾ ਕਰੈ ਸਰੀਰੁ॥*

*ਖੇਤ ਪਛਾਣੈ ਬੀਜੈ ਦਾਨੁ॥*

*ਸੋ ਖਤ੍ਰੀ ਦਰਗਹ ਪਰਵਾਣੁ॥*

*ਲਬੁ ਲੋਭੁ ਜੇ ਕੂੜੁ ਕਮਾਵੈ॥*

*ਅਪਣਾ ਕੀਤਾ ਆਪੇ ਪਾਵੈ॥* ਪੰਨਾ ੧੪੧੧

ਮੁਸਲਮਾਨ ਹਮਲਾਵਰਾਂ ਨੇ ਭਾਰਤ ਦੀ ਇਸ ਸਮਾਜਿਕ ਅਵਸਥਾ ਦਾ ਭਰਪੂਰ ਲਾਭ ਉਠਾਇਆ। ਉਹ ਭਾਰਤ ਵਿੱਚ ਇਥੋਂ ਦੀ ਧਨ ਦੌਲਤ ਨੂੰ ਲੁੱਟਣ ਦੀ ਨੀਅਤ ਨਾਲ ਆਏ ਸਨ ਪਰ ਬਾਅਦ ਵਿਚ ਸਥਾਈ ਰੂਪ ਵਿਚ ਮਾਲਕ ਬਣ ਕੇ ਬੈਠ ਗਏ। ਇਸ ਤਰ੍ਹਾਂ ਹਿੰਦੂ ਸਮਾਜ ਵਿਚਲੀਆਂ ਉੱਚ ਜਾਤੀਆਂ ਨੇ ਹਾਕਮ ਜਮਾਤ ਦੀ ਗੁਲਾਮੀ ਤਾਂ ਸਵੀਕਾਰ ਕਰ ਲਈ ਪਰ ਉਹਨਾਂ ਨਾ ਤਾਂ ਮੁਸਲਮਾਨਾਂ ਦੇ ਸਭਿਆਚਾਰ ਨੂੰ ਅਪਣਾਇਆ ਤੇ ਨਾ ਹੀ ਉਨ੍ਹਾਂ ਲੋਕਾਂ ਨੂੰ ਸਵੀਕਾਰ ਕੀਤਾ ਜੋ ਜਾਤੀ ਵੰਡ ਅਧੀਨ ਮੁਸਲਮਾਨ ਹੋਏ ਸਨ। ਬਾਣੀ ਚਿੰਤਨ ਮੁਗਲ ਸਾਮਰਾਜ ਦੀਆਂ ਕੱਟੜ ਪੰਥੀ ਨੀਤੀਆਂ ਕਾਰਨ ਨਿਮਾਣੇ ਅਤੇ ਨਿਤਾਣੇ ਸਧਾਰਨ ਲੋਕਾਂ ਦੀਆਂ ਸਮੱਸਿਆਵਾਂ ਦਾ ਚਿਤਰਣ ਕਰਕੇ ਉਨ੍ਹਾਂ ਨੂੰ ਆਵਾਜ਼ ਬਖ਼ਸ਼ਦਾ ਹੈ। ਇਕ ਪਾਸੇ ਬ੍ਰਾਹਮਣਾਂ ਦੇ ਕਰਮ-ਕਾਂਡ ਅਤੇ ਦੂਜੇ ਪਾਸੇ ਮਨੂਵਾਦੀ ਜਾਤੀ ਪ੍ਰਥਾ ਹਾਕਮ ਸ਼੍ਰੇਣੀ ਦੇ ਅਤਿਆਚਾਰਾਂ ਨੇ ਮਨੁੱਖ ਦੀ ਆਜ਼ਾਦੀ ਤੇ ਡਾਕਾ ਮਾਰਿਆ ਪਿਆ ਸੀ। ਬਾਬਰ ਵਰਗੇ ਹਮਲਾਵਰ ਇਨ੍ਹਾਂ ਨਿਤਾਣੇ ਲੋਕਾਂ ਤੇ ਜ਼ੁਲਮ ਕਰ ਰਹੇ ਸਨ ਤਾਂ ਗੁਰੂ ਨਾਨਕ ਨੇ ਚੁੱਪ ਕਰਕੇ ਬੈਠਣ ਦੀ ਬਜਾਏ ਰੱਬ ਨੂੰ ਉਲਾਂਭਾ ਦੇ ਦਿੱਤਾ:

*ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ।ਰਹਾਉ॥*

*ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ॥* ਪੰਨਾ ੩੬੦

ਗੁਰੂ ਗ੍ਰੰਥ ਸਾਹਿਬ ਵਿਚਲੇ ਨੀਵੀਆਂ ਜਾਤੀਆਂ ਨਾਲ ਸਬੰਧ ਰਖਣ ਵਾਲੇ ਭਗਤ ਕਵੀ ਕਬੀਰ, ਨਾਮਦੇਵ ਤੇ ਰਵਿਦਾਸ ਨੇ ਜਾਤੀ ਪ੍ਰਥਾ ਦਾ ਦਰਦ ਆਪਣੇ ਪਿੰਡੇ ਤੇ ਹੰਢਾਇਆ ਸੀ। ਭਾਈ ਜੋਧ ਸਿੰਘ ਅਨੁਸਾਰ ਸਾਰੇ ਮਨੁੱਖ ਇਕੋ ਜਿਹੇ ਹਨ, ਇਸ ਲਈ ਜਾਤ ਪਾਤ ਦੇ ਭੇਦ ਮਿਟਣੇ ਚਾਹੀਦੇ ਹਨ।[10] ਉਹ ਆਰਥਿਕ ਤੌਰ ਤੇ ਸੋਸ਼ਿਤ ਹੈ ਹੀ ਰਹੇ ਸਨ ਪਰ ਉਨ੍ਹਾਂ ਨੂੰ ਸਮਾਜਿਕ ਵਿਵਸਥਾ ਵਿਚ ਵੀ ਸਵਰਨ ਜਾਤੀਆਂ ਵਲੋਂ ਅਪਮਾਨ ਸਹਿਣਾ ਪੈਂਦਾ ਸੀ। ਉਹ ਜਾਤ, ਵਰਣ ਅਤੇ ਕੁਲ ਦੇ ਅਧਾਰ ਤੇ ਵੰਡੀਆਂ ਪਾਉਣ ਵਾਲਿਆਂ ਦੀ ਤਿੱਖੀ ਆਲੋਚਨਾ ਕਰਦੇ ਹਨ। ਡਾ. ਅਮਰਜੀਤ ਸਿੰਘ ਕਾਂਗ ਅਨੁਸਾਰ:

> *ਵਿਅਕਤੀ ਸਮਾਜਿਕ ਬੰਧਨਾਂ ਤੋਂ ਅਜ਼ਾਦ ਹੋ ਕੇ ਹੀ ਉਨ੍ਹਾਂ ਮੁੱਲਾਂ ਨੂੰ ਰੱਦ ਕਰਦਾ ਹੈ, ਜੋ ਉਸਦੀ ਆਤਮ ਪਛਾਣ ਨੂੰ ਉੱਭਰਨ ਦਾ ਮੌਕਾ ਨਹੀਂ ਦਿੰਦੇ। ਵਿਅਕਤੀ ਜਦੋਂ ਹੀਣ ਭਾਵ ਤੋਂ ਉੱਪਰ ਉਠ ਜਾਂਦਾ ਹੈ ਤਾਂ ਉਸ*

*ਅੰਦਰ ਆਤਮ ਵਿਸ਼ਵਾਸ, ਗਿਆਨ ਦੀ ਸੋਝੀ ਅਤੇ ਸੰਵਾਦ ਸ਼ਕਤੀ ਪੈਦਾ ਹੁੰਦੀ ਹੈ।*[11]

ਭਗਤ ਕਬੀਰ ਆਪਣੀ ਨਿਮਨ ਜਾਤ ਬਾਰੇ ਕਿਧਰੇ ਵੀ ਹੇਠੀ ਨਹੀਂ ਮਹਿਸੂਸ ਕਰਦੇ, ਸਗੋਂ ਆਪਣੀ ਜਾਤ ਬਾਰੇ ਦੂਸਰਿਆਂ ਨੂੰ ਦੱਸ ਕੇ ਆਪਣੇ ਆਪ ਨੂੰ ਇਸ ਹੀਣ ਭਾਵਨਾ ਤੋਂ ਮੁਕਤ ਕਰਦੇ ਹਨ। ਉਨ੍ਹਾਂ ਨੇ ਲੌਕਿਕਤਾ ਦੀ ਗੱਲ ਕਰਕੇ ਪਾਰਲੌਕਿਕਤਾ ਤਕ ਪੁਜ ਕੇ ਅਹਿਸਾਸ ਕਰਾਇਆ ਕਿ ਅਧਿਆਤਮਕਤਾ ਵਿਚ ਗੜੂੰਦ ਵਿਅਕਤੀ ਪਤਿਤ ਨਹੀਂ ਰਹਿ ਜਾਂਦਾ ਸਗੋਂ ਸਾਰੇ ਉਸ ਅੱਗੇ ਸਿਰ ਝੁਕਾ ਕੇ ਉਸ ਦੀ ਜਾਤ ਜਾਂ ਵਰਣ ਦੇ ਚੱਕਰ ਵਿਚ ਨਹੀਂ ਪੈਂਦੇ:

*ਕਬੀਰ ਮੇਰੀ ਜਾਤਿ ਕਉ ਸਭ ਕੋ ਹਸਨੇਹਾਰੁ॥*
*ਬਲਿਹਾਰੀ ਇਸ ਜਾਤਿ ਕਉ ਜਿਹ ਜਪਿਓ ਸਿਰਜਨਹਾਰੁ॥* ਪੰਨਾ ੧੩੬੪

ਉਨ੍ਹਾਂ ਨੇ ਇਸ ਸਮਾਜਿਕ ਅਨਿਆਂ ਵਿਰੁਧ ਲੜਣ ਲਈ ਕੋਈ ਸਖਤ ਕਦਮ ਨਹੀਂ ਪੁੱਟੇ ਸਗੋਂ ਆਪਣੇ ਪ੍ਰਵਚਨ ਰਾਹੀਂ ਵਿਚਾਰਧਾਰਾਈ ਅਧਾਰ ਪ੍ਰਸਤੁਤ ਕੀਤੇ। ਉਨ੍ਹਾਂ ਲਈ ਸਮਾਜਿਕ ਬੰਧਨ ਤਾਂ ਖੋਖਲੇ ਹੋ ਗਏ ਸਨ ਅਤੇ ਉਨ੍ਹਾਂ ਨੂੰ ਆਪੇ ਦੀ ਸੋਝੀ ਆ ਗਈ ਸੀ। ਭਗਤ ਕਬੀਰ ਆਪਣੇ ਕ੍ਰਾਂਤੀਕਾਰੀ ਪ੍ਰਵਚਨ ਰਾਹੀਂ ਪੰਡਤਾਂ ਦੁਆਰਾ ਫੈਲਾਏ ਜਾ ਰਹੇ ਕੂੜ ਗਿਆਨ ਦਾ ਪਰਦਾ ਫਾਸ਼ ਕਰਦਾ ਹੈ। ਜਿਹਨਾਂ ਨੇ ਲੋਕਾਂ ਨੂੰ ਸਵਰਗ ਨਰਕ ਦੇ ਚੱਕਰਵਿਊ ਵਿਚ ਫਸਾ ਕੇ ਰੱਖਿਆ ਹੋਇਆ ਸੀ। ਚੰਗੇ ਕਰਮ ਸਵਰਗ ਵੱਲ ਭੇਜਣਗੇ ਅਤੇ ਮੰਦੇ ਕਰਮਾਂ ਦਾ ਫਲ ਨਰਕ ਵਲ ਧੱਕੇਗਾ। ਇਥੋਂ ਤਕ ਕਿ ਮੌਤ ਦਾ ਸਥਾਨ ਵੀ ਉਹਨਾਂ ਨੂੰ ਨਰਕ ਤੇ ਸੁਰਗ ਵਲ ਭੇਜ ਸਕਦਾ ਹੈ। ਕਬੀਰ ਆਪਣੇ ਅੰਤਲੇ ਸਮੇਂ ਕਾਂਸ਼ੀ ਤੋਂ ਚਲਕੇ ਮਗਹਰ ਆ ਕੇ ਆਪਣੇ ਸਰੀਰ ਨੂੰ ਤਿਆਗ ਕੇ ਇਸ ਮਾਨਤਾ ਨੂੰ ਰੱਦ ਕਰ ਦਿੱਤਾ ਕਿ ਕਾਸ਼ੀ ਵਿਚ ਮਰਨ ਨਾਲ ਸਵਰਗ ਅਤੇ ਮਗਹਰ ਵਿਚ ਮਰਨ ਨਾਲ ਨਰਕ ਪ੍ਰਾਪਤ ਹੁੰਦਾ ਹੈ। ਇਸ ਤਰ੍ਹਾਂ ਲੋਕਾਂ ਨੂੰ ਵਹਿਮਾਂ ਭਰਮਾਂ ਤੋਂ ਮੁਕਤ ਕਰਾਇਆ। ਉਹ ਘਰ ਆਏ ਸਾਧੂ ਜਨਾਂ ਦੀ ਸੇਵਾ ਅਤੇ ਆਦਰ ਸਤਿਕਾਰ ਕਰਨ ਉੱਤੇ ਜ਼ੋਰ ਦਿੰਦੇ ਸਨ ਪਰ ਜੋ ਲੋਕ ਅਜਿਹਾ ਨਹੀਂ ਕਰਦੇ ਉਨ੍ਹਾਂ ਦੇ ਘਰ ਤਾਂ ਭੂਤਾਂ ਦੇ ਵਿਹੜਿਆਂ ਦੀ ਤਰ੍ਹਾਂ ਹਨ:

*ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ॥*
*ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ॥* ਪੰਨਾ ੧੩੭੪

ਬਾਣੀਕਾਰਾਂ ਨੇ ਹਰ ਸਮਾਜਿਕ ਸਰੋਕਾਰ ਨੂੰ ਵਿਹਾਰਕ ਪੱਧਰ ਤੇ ਸਿਧਾਂਤਕ ਅਧਾਰ ਭੂਤ ਦੇ ਕੇ ਸਮਾਜ ਵਿਚ ਪੂਰਵ ਪ੍ਰਚਲਿਤ ਅਤੇ ਸਥਾਪਿਤ ਧਾਰਨਾਵਾਂ ਤੇ ਸਿਧਾਂਤਾਂ ਨੂੰ ਨਕਾਰ ਕੇ, ਨਵੇਂ ਮੁਹਾਵਰੇ ਤੇ ਨਵੇਂ ਅਰਥਾਂ ਦੀ ਉਸਾਰੀ ਕੀਤੀ। ਦਰਅਸਲ ਮਾਨਵ ਅਤਿਅੰਤ ਘਿਨੌਣੀ ਸਮਾਜਿਕ

ਵਿਵਸਥਾ ਵਿਚ ਅਨਿਆਂ ਦਾ ਸ਼ਿਕਾਰ ਹੋ ਗਿਆ ਪਰੰਤੂ ਗੁਰਬਾਣੀ ਇਸ ਸਮੇਂ ਨੀਵਿਆਂ ਤੇ ਲਿਤਾੜੇ ਹੋਇਆਂ ਦੀ ਧਿਰ ਬਣ ਕੇ ਖੜ੍ਹੀ ਹੁੰਦੀ ਹੈ। ਬਾਬਾ ਫਰੀਦ ਕਿਸੇ ਨੀਵੀਂ ਜਾਤ ਨਾਲ ਸਬੰਧਿਤ ਨਾ ਹੋਣ ਦੇ ਬਾਵਜੂਦ ਇਨ੍ਹਾਂ ਜ਼ੁਲਮ ਕਰਨ ਵਾਲਿਆਂ ਨੂੰ ਨਹੀਂ ਛਡਦਾ ਸਗੋਂ ਉਹ 'ਘੜੀਆਲੁ' ਦੀ ਉਦਾਹਰਣ ਦੇ ਕੇ ਸਪਸ਼ਟ ਕਰਦਾ ਹੈ ਕਿ ਜੇ ਇਸ ਨਿਰਦੋਸ਼ ਨੂੰ ਇੰਨਾ ਕੁਟਿਆ ਜਾਂਦਾ ਹੈ ਤਾਂ ਦੋਸ਼ੀ ਵਿਅਕਤੀ ਦਾ ਕੀ ਬਣੇਗਾ?

*ਫਰੀਦਾ ਦਰਿ ਦਰਵਾਜੈ ਜਾਇ ਕੈ ਕਿਉ ਡਿਠੋ ਘੜੀਆਲੁ॥*

*ਏਹੁ ਨਿਦੋਸਾਂ ਮਾਰੀਐ ਹਮ ਦੋਸਾਂ ਦਾ ਕਿਆ ਹਾਲੁ॥* ਪੰਨਾ ੧੩੭੯

ਸਮਕਾਲੀ ਸਮਾਜ ਵਿਚ ਕੁਲੀਨ ਵਰਗ ਦੇ ਲੋਕ ਭਾਵ ਬ੍ਰਾਹਮਣ ਆਪ ਹੀ ਆਪਣੀ ਉੱਚੀ ਜਾਤ ਦਾ ਦਾਅਵਾ ਕਰਕੇ ਮਾਲਕ ਬਣ ਬੈਠੇ ਸਨ। ਰਾਜਿਆਂ ਤੋਂ ਬਾਅਦ ਉਹਨਾਂ ਦਾ ਦਬਦਬਾ ਸਮਾਜ ਤੇ ਠੋਸਿਆ ਗਿਆ ਸੀ। ਖਤਰੀ ਜਾਤ ਦੇ ਬਹਾਦਰ ਯੋਧੇ ਵੀ ਸਤਿਕਾਰ ਦੇ ਪਾਤਰ ਮੰਨੇ ਜਾਂਦੇ ਸਨ ਕਿਉਂਕਿ ਉਨ੍ਹਾਂ ਦੇ ਮੋਢਿਆਂ ਤੇ ਦੇਸ਼ ਦੀ ਰਖਿਆ ਦਾ ਭਾਰ ਹੁੰਦਾ ਸੀ ਪਰ ਆਪਣੇ ਫਰਜ਼ਾਂ ਤੋਂ ਕੁਤਾਹੀ ਕਰਨ ਵਾਲੇ ਅਜਿਹੇ ਲੋਕ ਕਿਵੇਂ 'ਭਗਤ' ਹੋ ਸਕਦੇ ਹਨ। ਇਸ ਸਬੰਧੀ ਭਗਤ ਕਬੀਰ ਦਾ ਇੱਕ ਸਲੋਕ ਵਿਚਾਰਨ ਯੋਗ ਹੈ:

*ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧਿ॥*

*ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ॥* ਪੰਨਾ ੧੩੭੭

ਇੱਥੇ ਗੋਸਟਿ ਤੋਂ ਭਾਵ ਸੰਵਾਦ ਹੈ ਅਤੇ ਇਸ ਰਾਹੀਂ ਇਸ ਤੱਥ ਦੀ ਪੁਸ਼ਟੀ ਹੁੰਦੀ ਹੈ ਕਿ ਪਾਰਲੌਕਿਕਤਾ ਤਕ ਪੁੱਜਣ ਲਈ ਆਪਣੇ ਵਿਚੋਂ ਹਉਮੈ ਨੂੰ ਦੂਰ ਕਰਕੇ 'ਸਰਬਤ ਦਾ ਭਲਾ' ਮੰਗਣ ਵਾਲੇ ਸਾਰੇ ਭਗਤਾਂ ਦਾ ਪ੍ਰਵਚਨ ਇਨਸਾਨ ਦਾ ਜੀਵਨ ਬਦਲ ਕੇ ਰਖ ਦਿੰਦਾ ਹੈ। ਬਾਬਾ ਫਰੀਦ ਅਨੁਸਾਰ ਅਸਲ ਭਗਤ ਤਾਂ ਇਸ ਪ੍ਰਕਾਰ ਦੇ ਹੁੰਦੇ ਹਨ:

*ਮਤਿ ਹੋਦੀ ਹੋਇ ਇਆਣਾ॥*

*ਤਾਣਿ ਹੋਦੇ ਹੋਇ ਨਿਤਾਣਾ॥*

*ਅਣਹੋਦੇ ਆਪੁ ਵੰਡਾਏ॥*

*ਕੋ ਐਸਾ ਭਗਤੁ ਸਦਾਏ॥* ਪੰਨਾ ੧੩੮੪

ਅਕਲ ਹੁੰਦਿਆਂ ਉਸ ਦਾ ਦਿਖਾਵਾ ਨਾ ਕਰਨ ਵਾਲਾ, ਤਕੜਾ ਹੁੰਦਾ ਹੋਏ ਵੀ ਤਾਣ ਨਾ ਦਿਖਾਣ ਵਾਲਾ, ਆਪਣੇ ਕੋਲ ਕੁਝ ਨਾ ਹੁੰਦਿਆਂ ਹੋਇਆਂ ਵੀ ਵੰਡ ਕੇ ਖਾਣ ਵਾਲਾ ਅਸਲ ਵਿਚ 'ਭਗਤ' ਹੈ।

ਭੱਟ ਸਾਹਿਬਾਨ ਦੇ ਸੱਵਈਆਂ ਵਿਚ ਪ੍ਰਮੁੱਖ ਰੂਪ ਵਿਚ ਗੁਰੂ ਸਾਹਿਬਾਨ ਦੀ ਉਸਤਤ ਹੀ ਕੀਤੀ ਗਈ ਹੈ। ਉਨ੍ਹਾਂ ਦੇ ਦੋ ਹੀ ਮੁਖ ਕੰਮ ਸਨ: ਕੀਰਤੀ ਤੇ ਬੀਰਤਾ। ਭੱਟਾਂ ਨੇ ਗੁਰੂ ਸਾਹਿਬਾਨ ਦੀ ਉਸਤਤ ਵਿਚ ਰਚਨਾ ਵੀ ਕੀਤੀ ਅਤੇ ਨਾਲ ਹੀ ਜੰਗ-ਜੁਧਾਂ ਵਿਚ ਸ਼ਹਾਦਤਾਂ ਵੀ ਦਿੱਤੀਆਂ। ਭੱਟ ਬਾਣੀ ਵਿਚ ਗੁਰੂ ਸਾਹਿਬਾਨ ਪ੍ਰਤੀ ਸ਼ਰਧਾ ਤੇ ਸਤਿਕਾਰ ਦਾ ਪ੍ਰਗਟਾਵਾ ਭਰਪੂਰ ਰੂਪ ਵਿਚ ਮਿਲਦਾ ਹੈ। ਉਹਨਾਂ ਨੇ ਗੁਰੂ ਸਾਹਿਬਾਨ ਨੂੰ ਧਰਤੀ ਤੇ ਪਾਪੀ ਜੀਵਾਂ ਦਾ ਉਧਾਰ ਕਰਨ ਵਾਲੀਆਂ ਪਵਿਤਰ ਰੂਹਾਂ ਵਜੋਂ ਪੇਸ਼ ਕਰਕੇ ਆਪਣੀ ਬਾਣੀ ਵਿਚ ਇਨ੍ਹਾਂ ਦੇਵੀ ਦੇਵਤਿਆਂ ਦੇ ਹਉਮੈ ਹੰਕਾਰ ਵਸ ਹੋਣ ਕਰਕੇ ਪਰਪੰਚੀ ਬਣ ਬੈਠਣ ਵਲ ਸੰਕੇਤ ਕੀਤਾ ਹੈ:

*ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭ ਸਦਕਾ।।*
*ਨਿਰੰਕਾਰੁ ਪ੍ਰਭੁ ਸਦਾ ਸਲਾਮਤਿ ਕਹਿ ਨ ਸਕੈ ਕੋਊ ਤੂ ਕਦ ਕਾ।।*
*ਬ੍ਰਹਮਾ ਬਿਸਨੁ ਸਿਰੇ ਤੈ ਅਗਨਤ ਤਿਨ ਕਉ ਮੋਹੁ ਭਯਾ ਮਨ ਮਦ ਕਾ।।*

ਪੰਨਾ ੧੪੦੩

ਉਸ ਪ੍ਰਮਾਤਮਾ ਨੇ ਬ੍ਰਹਮਾ ਤੇ ਵਿਸ਼ਨੂੰ ਪੈਦਾ ਕੀਤੇ ਹਨ, ਪਰ ਉਨ੍ਹਾਂ ਨੂੰ ਵੀ ਇਸ ਦਾ ਅਹੰਕਾਰ ਪੈਦਾ ਹੋ ਗਿਆ ਕਿ ਉਹ ਸ੍ਰਿਸ਼ਟੀ ਦੇ ਪਾਲਣਹਾਰ ਤੇ ਸਾਜਣਹਾਰ ਹਨ।

ਮੱਧਕਾਲ ਵਿਚ ਨਿੱਘਰੀਆਂ ਹੋਈਆਂ ਕਦਰਾਂ ਕੀਮਤਾਂ, ਇਨਸਾਨੀਅਤ ਦੇ ਜਨਾਜ਼ੇ ਦੀ ਤਸਵੀਰ ਅਤੇ ਛੂਤ-ਛਾਤ ਦਾ ਬੋਲਬਾਲਾ ਹਰ ਜਾਗਰੂਕ ਪ੍ਰਾਣੀ ਦਾ ਚੈਨ ਲੁਟ ਲੈਂਦਾ ਹੈ। ਕੁਲੀਨ ਵਰਗ ਬਾਕੀਆਂ ਦੀ ਲੁਟ ਖਸੁਟ ਸ਼ਰੇਆਮ ਕਰਕੇ ਆਪਣੇ ਆਪ ਨੂੰ ਸ੍ਰੇਸ਼ਟ ਮੰਨਣ ਦੀ ਆੜ ਵਿਚ ਨੀਵੀਂ ਜਾਤ ਵਾਲਿਆਂ ਦਾ ਜੀਣਾ ਦੁੱਭਰ ਕਰ ਰਹੇ ਹਨ। ਭਗਤ ਕਬੀਰ ਲੋਕ ਹਿੱਤਾਂ ਅਧੀਨ ਇਨ੍ਹਾਂ ਬ੍ਰਾਹਮਣਾਂ ਨੂੰ ਪੂਰੀ ਬੇਬਾਕੀ ਨਾਲ ਸਮਝਾਉਂਦੇ ਹਨ:

*ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ।।*
*ਅਰਝਿ ਉਰਝਿ ਕੈ ਪਚਿ ਮੂਆ ਚਾਰਉ ਬੇਦਹੁ ਮਾਹਿ।।* ਪੰਨਾ ੧੩੭੭

ਉਸ ਸਮੇਂ ਦੋ ਪ੍ਰਮੁੱਖ ਧਰਮਾਂ ਵਿਚੋਂ ਬ੍ਰਾਹਮਣ ਹਿੰਦੂ ਜਾਤ ਦਾ ਪੁਜਾਰੀ ਸੀ ਅਤੇ ਮੁਸਲਮਾਨੀ ਧਰਮ ਵਿਚ ਮੁੱਲਾਂ ਦਾ ਰੋਲ ਵੀ ਕੋਈ ਘਟ ਨਹੀਂ ਸੀ। ਉਹ ਪੰਜ ਵਖਤ ਨਮਾਜ਼ ਪੜ੍ਹਨ ਲਈ ਬਾਂਗਾਂ ਦੇ ਰਿਹਾ ਹੈ ਪਰੰਤੂ ਕਬੀਰ ਉਸ ਨੂੰ ਚੇਤੰਨ ਕਰਦੇ ਹੋਏ ਕਹਿੰਦੇ ਹਨ:

*ਕਬੀਰ ਮੁਲਾਂ ਮੁਨਾਰੇ ਕਿਆ ਚਢਹਿ ਸਾਈਂ ਨ ਬਹਰਾ ਹੋਇ।।*
*ਜਾ ਕਾਰਨਿ ਤੂੰ ਬਾਂਗ ਦੇਹਿ ਦਿਲ ਹੀ ਭੀਤਰਿ ਜੋਇ।।* ਪੰਨਾ ੧੩੭੪

ਸਮੁੱਚਾ ਬਾਣੀ ਚਿੰਤਨ ਪਰਮਾਤਮਾ ਦੀ ਹੋਂਦ ਵਿਚ ਵਿਸ਼ਵਾਸ ਦਾ ਧਾਰਨੀ ਹੈ ਕਿ ਸਮੁੱਚੀ ਕਾਇਨਾਤ ਵਿਚ ਰਹਿੰਦੇ ਸਾਰੇ ਮਨੁੱਖ ਉਸ ਦੀ ਇਕ ਸੰਤਾਨ ਹਨ। ਗੁਰੂ ਗ੍ਰੰਥ ਸਾਹਿਬ ਅਨੁਸਾਰ ਇਸ ਸੰਸਾਰ ਦੀ ਵਾਸਤਵਿਕ ਹੋਂਦ ਹੈ ਕਿਉਂਕਿ ਉਸ ਪਰਮਾਤਮਾ ਦੀ ਰਚਨਾ ਹੈ। ਰਚਨਹਾਰ ਆਪ ਸਤਿ ਹੈ ਉਸਦੀ ਰਚਨਾ ਵੀ ਸਤਿ ਹੈ। ਇਸ ਲਈ ਇਹ ਝੂਠ ਦਾ ਪਸਾਰਾ ਨਹੀਂ ਸਗੋਂ ਜੋ ਵੀ ਦਿਸਦਾ ਹੈ ਉਸੇ ਦਾ ਰੂਪ ਹੈ। ਉਸ ਵਾਸਤੇ ਨਾ ਕੋਈ ਵੱਡਾ ਹੈ ਤੇ ਨਾ ਕੋਈ ਛੋਟਾ ਸਗੋਂ ਸਾਰਿਆਂ ਨੂੰ ਬਰਾਬਰ ਦਾ ਸਥਾਨ ਦਿੱਤਾ ਗਿਆ ਹੈ ਬਲਕਿ ਉੱਚੀ ਨੀਵੀਂ ਜਾਤ ਦਾ ਗੁਮਾਨ ਇਕ ਛਲਾਵਾ ਹੈ :

*ਏਕ ਪਿਤਾ ਏਕਸ ਕੇ ਹਮ ਬਾਰਿਕ ਤੂੰ ਮੇਰਾ ਗੁਰ ਹਾਈ॥* ਪੰਨਾ ੬੧੧

ਮੱਧਕਾਲੀ ਸਮਾਜ ਵਿਚ ਹਾਲਾਤ ਬਦਤਰ ਹੋਣ ਕਰਕੇ ਇਸ ਸਮਾਜਿਕ ਵਿਵਸਥਾ ਵਿਚ ਕੋਈ ਬ੍ਰਾਹਮਣ, ਖਤਰੀ ਅਤੇ ਵੈਸ਼ ਤਿੰਨੇ ਜਾਤਾਂ ਵਾਲੇ ਆਪਣੇ ਆਪ ਨੂੰ ਉੱਚੇ ਸਮਝਦੇ ਹਨ ਪਰ ਸ਼ੂਦਰ ਲਈ ਇਹ ਤਿੰਨੇ ਜਾਤਾਂ ਹੀ ਕੁਲੀਨ ਹਨ। ਇਸ ਅਤਿਅੰਤ ਘਿਨੌਣੀ ਵਿਵਸਥਾ ਵਿਚ ਬਾਣੀ ਚਿੰਤਨ ਨੀਵਿਆਂ, ਨਿਤਾਣਿਆਂ ਤੇ ਲਿਤਾੜਿਆਂ ਦੀ ਗਲ ਕਰਦਾ ਹੈ ਤਾਂ ਜੋ ਇਸ ਲੋਕ ਧਿਰ ਨਾਲ ਸਿੱਝ ਕੇ ਹੀ ਪਰਮਾਤਮਾ ਦੀ ਬਖਸ਼ਿਸ਼ ਦੇ ਭਾਗੀ ਬਣਿਆ ਜਾ ਸਕੇ। ਪਰ ਝੂਠ, ਪਾਪ ਤੇ ਲੋਭ ਚਾਰੇ ਪਾਸੇ ਫੈਲਿਆ ਹੋਇਆ ਹੈ:

*ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ॥*
*ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ॥* ਪੰਨਾ ੪੬੯

ਇਸ ਗਿਰਾਵਟ ਭਰੀ ਰਾਜਨੀਤਕ ਸਥਿਤੀ ਵਿਚ ਗੁਰੂ ਸਾਹਿਬਾਨ ਦੇ ਪੂਰਵਕਾਲੀ ਤੇ ਸਮਕਾਲੀ ਕੁਝ ਭਗਤਾਂ ਨੇ ਇਨ੍ਹਾਂ ਵਿਰੁੱਧ ਵਿਦਰੋਹੀ ਸੁਰ ਅਲਾਪੀ ਸੀ। ਉਨ੍ਹਾਂ ਨੇ ਲੋਕ ਲਹਿਰ ਤਿਆਰ ਕਰਨ ਵਿਚ ਮੈਦਾਨ ਜ਼ਰੂਰ ਕਰ ਲਿਆ ਪਰ ਇਸ ਲੋਕ ਲਹਿਰ ਦੇ ਆਸ਼ੇ ਅਤੇ ਉਸ ਦੀ ਪੂਰਤੀ ਲਈ ਗੁਰੂ ਸਾਹਿਬ ਨੇ ਆਪਣੇ ਕ੍ਰਾਂਤੀਕਾਰੀ ਪ੍ਰਵਚਨ ਨਾਲ ਲੋਕਾਂ ਨੂੰ ਜੂਝਣ ਲਈ ਪ੍ਰੇਰਨਾ ਦਿੱਤੀ:

*ਜਉ ਤਉ ਪ੍ਰੇਮ ਖੇਲਣ ਕਾ ਚਾਉ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥*
*ਸਿਰੁ ਦੀਜੈ ਕਾਣਿ ਨ ਕੀਜੈ॥* ਪੰਨਾ ੧੪੧੨

ਭਾਰਤੀ ਚਿੰਤਨ ਅਨੁਸਾਰ ਇਹ ਸੰਸਾਰ ਦੁਖਾਂ ਦਾ ਘਰ ਹੈ। ਇਸ ਲਈ ਦੁੱਖਾਂ ਤੋਂ ਛੁਟਕਾਰਾ ਪ੍ਰਾਪਤ ਕਰਨ ਲਈ ਧਾਰਮਿਕ ਕਰਮ ਕਾਂਡ ਕੀਤੇ ਜਾਂਦੇ ਹਨ। ਇਸ ਸੰਸਾਰ ਵਿਚ ਰਹਿੰਦਿਆਂ ਮਨੁੱਖ

ਨੂੰ ਕਿਸੇ ਵਿਸ਼ੇਸ਼ ਪ੍ਰਕਾਰ ਦੇ ਪਹਿਰਾਵੇ, ਭੇਖ, ਵੇਸ ਜਾਂ ਕਿਸੇ ਹੋਰ ਫੋਕਟ ਵਿਧੀ ਦੀ ਲੋੜ ਹੀ ਨਹੀਂ। ਸਗੋਂ ਧਰਮ ਦੀ ਕਿਰਤ ਕਰਦਿਆਂ ਅਤੇ ਘਰ ਗ੍ਰਿਹਸਥੀ ਨਿਭਾਉਂਦਿਆਂ ਹੀ ਉਸ ਸੱਚੇ ਪਾਤਸ਼ਾਹ ਦੀ ਕੀਰਤੀ ਗਾਈ ਜਾ ਸਕਦੀ ਹੈ। ਕਬੀਰ ਜੀ ਦੇ ਸਲੋਕਾਂ ਵਿਚ ਭਗਤ ਤ੍ਰਿਲੋਚਨ ਅਤੇ ਨਾਮਦੇਵ ਦੇ ਸੰਵਾਦ ਤੋਂ ਇਹ ਗਲ ਸਪਸ਼ਟ ਹੋ ਜਾਂਦੀ ਹੈ:

*ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ॥*
*ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ॥*
*ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮਾਲਿ॥*
*ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ।* ਪੰਨਾ ੧੩੭੫-੭੬

ਰਾਗ ਮੁਕਤ ਬਾਣੀ ਸਾਰੇ ਮਨੁੱਖਾਂ ਨੂੰ ਹੱਕ-ਹਲਾਲ ਦੀ ਕਮਾਈ ਕਰਨ ਉਤੇ ਜ਼ੋਰ ਦਿੱਤਾ ਹੈ। ਸਮਾਜ ਵਿਚ ਦੂਜਿਆਂ ਦੇ ਹੱਕ ਮਾਰ ਕੇ ਕੀਤੀ ਕਮਾਈ ਉਨ੍ਹਾਂ ਦਾ ਲਹੂ ਪੀਣ ਤੁੱਲ ਹੈ। ਬਾਬਾ ਫਰੀਦ ਸਮਾਜ ਦੀ ਆਰਥਿਕ ਕਾਣੀ ਵੰਡ ਬਾਰੇ ਚੇਤੰਨ ਹਨ। ਗਰੀਬ ਲੋਕ ਲੱਕੜ ਵਾਂਗ ਸਖਤ ਸੁੱਕੀ ਰੋਟੀ ਖਾ ਕੇ ਆਪਣੀ ਭੁੱਖ ਮਿਟਾ ਲੈਂਦੇ ਹਨ ਪਰੰਤੂ ਅਮੀਰ ਦੂਜਿਆਂ ਦੇ ਹੱਕ ਮਾਰ ਕੇ ਆਪਣੀ ਖਾਧੀ 'ਚੋਪੜੀ' ਰੋਟੀ ਦਾ ਜਵਾਬ ਕਿਵੇਂ ਦੇਣਗੇ। ਇਸ ਲਈ ਅਜਿਹੇ ਕੁਲੀਨ ਵਰਗ ਨੂੰ ਆਪਣੇ ਭਵਿੱਖ ਬਾਰੇ ਵੀ ਫਿਕਰਮੰਦ ਹੋਣਾ ਚਾਹੀਦਾ ਹੈ ਕਿਉਂਕਿ ਲੋਕਾਂ ਦੀ ਲੁੱਟ ਖਸੁੱਟ ਕਰਨ ਵਾਲਾ ਕਦੀ ਵੀ ਅਧਿਆਤਮਕਤਾ ਦੇ ਰਸਤੇ ਤੁਰਨ ਵਾਲਾ ਪਾਂਧੀ ਨਹੀਂ ਬਣ ਸਕਦਾ:

*ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ॥*
*ਜਿਨਾ ਖਾਧੀ ਚੋਪੜੀ ਘਣੇ ਸਹਨਿਗੇ ਦੁਖ॥*
*ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥*
*ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥* ਪੰਨਾ ੧੩੭੯

ਤਤਕਾਲੀਨ ਸਮਾਜ ਵਿਚ ਨੀਵੀਆਂ ਜਾਤਾਂ ਵਿਚ ਜਨਮ ਲੈਣ ਦੇ ਬਾਵਜੂਦ ਇਹ ਮਹਾਂਪੁਰਖ ਜੱਗ ਦਾ ਚਾਨਣ ਬਣਨ ਦੇ ਸਮਰੱਥ ਹੋ ਗਏ ਤਾਂ ਮਨੂਵਾਦੀਆਂ, ਮੂਲਵਾਦੀਆਂ ਅਤੇ ਧਰਮ ਦੇ ਅਖੌਤੀ ਚੌਧਰੀਆਂ ਦੇ ਸਿੰਘਾਸਨ ਡਾਵਾਂਡੋਲ ਹੋ ਗਏ ਤਾਂ ਜਨਸਾਧਾਰਨ ਦੀ ਜ਼ਬਾਨ ਤੇ ਇਨ੍ਹਾਂ ਮਹਾਨ ਹਸਤੀਆਂ ਦੀ ਕੀਰਤੀ ਗੂੰਜਣ ਲਗ ਪਈ। ਭੱਟ ਕਲ ਦੇ ਸਵੱਈਏ ਇਸ ਦਾ ਪ੍ਰਤਖ ਪ੍ਰਮਾਣ ਹਨ:

*ਗੁਣ ਗਾਵੈ ਰਵਿਦਾਸੁ ਭਗਤੁ ਜੈਦੇਵ ਤ੍ਰਿਲੋਚਨ॥*
*ਨਾਮਾ ਭਗਤੁ ਕਬੀਰ ਸਦਾ ਗਾਵਹਿ ਸਮ ਲੋਚਨ॥* ਪੰਨਾ ੧੩੯੦

ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਹੀ ਆਪਣੇ ਆਪ ਵਿਚ ਕੁਲੀਨ ਵਰਗ ਨਾਲ ਵਿਰੋਧ ਤੇ ਲੋਕ ਹਿੱਤਾਂ ਨੂੰ ਸਮਾਜਿਕ ਪ੍ਰਵਾਨਗੀ ਦੀ ਉਤਮ ਉਦਾਹਰਣ ਹੈ। ਸਮਾਜਿਕ ਵਿਵਸਥਾ ਦੇ ਪ੍ਰਬੰਧ ਵਿਚ ਵਰਗ ਵੰਡ ਅਤੇ ਵਰਣ-ਵੰਡ ਦੇ ਵਿਰੁੱਧ ਜਾਕੇ ਬਿਨਾ ਕਿਸੇ ਭੇਦ ਭਾਵ, ਵਿਤਕਰੇ ਤੋਂ ਸੰਤਾਂ, ਭਗਤਾਂ, ਭੱਟਾਂ ਅਤੇ ਮੁਸਲਮਾਨ ਫਕੀਰਾਂ ਨੂੰ ਇਕੋ ਦਰਜਾ ਦੇਣਾ ਹੀ ਉਨ੍ਹਾਂ ਦੀ ਉੱਚਤਾ ਨੂੰ ਸਵੀਕਾਰ ਕਰਨਾ ਹੈ। ਗੁਰੂ ਸਾਹਿਬਾਨ ਆਪ ਖੱਤਰੀ, ਬੇਦੀ, ਤਰੇਹਨ, ਭੱਲੇ ਜਾਂ ਸੋਢੀ ਕੁੱਲ ਵਿਚੋਂ ਹਨ ਪਰੰਤੂ ਭਗਤ ਸਾਹਿਬਾਨ ਅਖੌਤੀ ਨੀਵੀਆਂ ਜਾਤਾਂ ਦੀ ਪ੍ਰਤੀਨਿਧਤਾ ਕਰ ਰਹੇ ਹਨ ਅਤੇ ਬਾਬਾ ਫਰੀਦ ਤੇ ਭੀਖਣ ਸ਼ਾਹ ਮੁਸਲਮਾਨੀ ਧਰਮ ਵਿਚੋਂ ਸਨ। ਇਸ ਤਰ੍ਹਾਂ ਸਮੁੱਚੀ ਬਾਣੀ ਦਾ ਸੰਕਲਨ ਇਸ ਸਮਾਜਿਕ ਵਿਵਸਥਾ ਦੇ ਵਿਰੁਧ ਇਕ ਐਸੀ ਚੁਣੌਤੀ ਹੈ ਜੋ ਮਾਨਵਤਾ ਦੇ ਕਲਿਆਣ ਲਈ ਰਚੀ ਗਈ ਹੈ।

## (ਅ) ਰਾਗ ਮੁਕਤ ਬਾਣੀ ਵਿਚ ਸੰਸਥਾਗਤ ਸਮਾਜਿਕ ਮੁੱਲਾਂ ਨਾਲ ਸੰਵਾਦ

ਗੁਰੂ ਗ੍ਰੰਥ ਸਾਹਿਬ ਮੂਲ ਰੂਪ ਵਿਚ ਅਧਿਆਤਮਕ ਗ੍ਰੰਥ ਹੈ। ਇਸ ਵਿਚਲੇ ਬਾਣੀਕਾਰਾਂ ਦੀ ਬਾਣੀ ਵਿਚ ਰਹੱਸਵਾਦੀ ਚੇਤਨਾ ਨਾਲ ਸਬੰਧਿਤ ਹੋਣ ਦੇ ਬਾਵਜੂਦ ਵੀ ਸਮਾਜਿਕਤਾ ਦੀ ਗੁੰਜਾਰ ਵੀ ਸੁਣਾਈ ਦਿੰਦੀ ਹੈ। ਜ਼ਿਆਦਾਤਰ ਬਾਣੀਕਾਰਾਂ ਨੇ ਸਮੁੱਚੀ ਲੋਕਾਈ ਨੂੰ ਸਮੇਂ ਦੀ ਲੋੜ ਅਨੁਸਾਰ ਮਨੁੱਖੀ ਜੀਵਨ ਜਾਚ ਨੂੰ ਨੈਤਿਕਤਾ ਨਾਲ ਭਰਪੂਰ ਹੋ ਕੇ ਕਰਮਸ਼ੀਲ ਜੀਵਨ ਜਿਉਣ ਦਾ ਢੰਗ ਦੱਸਿਆ। ਮਨੁੱਖ ਜਨਮ ਤੋਂ ਲੈ ਕੇ ਆਪਣੇ ਜੀਵਨ ਦੇ ਅੰਤਿਮ ਪਲਾਂ ਤਕ ਅੰਦਰੋਂ ਬਾਹਰੋਂ ਮਾਨਸਿਕ ਤਣਾਉ ਦਾ ਸ਼ਿਕਾਰ ਹੁੰਦਾ ਹੈ। ਇਸ ਭਿਆਨਕ ਬੁਰਾਈ ਤੋਂ ਛੁਟਕਾਰਾ ਪਾਉਣ ਵਾਸਤੇ ਉਸਨੂੰ 'ਧਰਮ' ਦੀ ਲੋੜ ਜਾਪਦੀ ਹੈ। ਬਾਣੀ ਚਿੰਤਨ ਜਿਥੇ ਉਸ ਲਈ ਕਰਮਸ਼ੀਲ ਹੋਣ ਲਈ ਪ੍ਰੇਰਣਾ ਦਾ ਸਰੋਤ ਬਣਦਾ ਹੈ ਉਥੇ ਨਾਲ ਹੀ ਇਸ ਬਾਣੀ ਵਿਚੋਂ ਮਿਲਦੇ ਸਮਾਜਿਕ ਤੱਤਾਂ ਨਾਲ ਇਕ ਅਜਿਹੇ ਨਵੇਂ ਵਿਧਾਨ ਦੀ ਉਸਾਰੀ ਕੀਤੀ ਜਾਂਦੀ ਹੈ। ਜਿਸ ਵਿਚ 'ਕੂੜ੍ਹ' ਲਈ ਕੋਈ ਥਾਂ ਨਹੀਂ ਹੈ। ਇਥੇ ਅਸੀਂ ਸੰਸਥਾਗਤ ਸਮਾਜਿਕ ਮੁੱਲਾਂ ਨਾਲ ਸਬੰਧਿਤ ਵਿਚਾਰ ਚਰਚਾ ਨੂੰ ਅਗੇ ਤੋਰਾਂਗੇ।

ਸਮਾਜ ਕੇਵਲ ਵਿਅਕਤੀਆਂ ਦਾ ਇਕੱਠ ਨਹੀਂ ਹੁੰਦਾ ਸਗੋਂ ਉਹਨਾਂ ਦੇ ਆਪਸੀ ਸੰਬੰਧਾਂ ਵਿੱਚ ਬੱਝਿਆ ਹੁੰਦਾ ਹੈ। ਜੋ ਅੱਗੋਂ ਵੱਖ ਵੱਖ ਸੰਸਥਾਵਾਂ ਨੂੰ ਜਨਮ ਦਿੰਦੇ ਹਨ। *"ਸਧਾਰਨ ਬੋਲਚਾਲ ਵਿਚ 'ਸੰਸਥਾ' ਸ਼ਬਦ ਦਾ ਅਰਥ ਕਿਸੇ ਵਿਸ਼ੇਸ਼ ਉਦੇਸ਼ ਲਈ ਬਣਾਈਆਂ ਗਈਆਂ ਇਮਾਰਤਾਂ ਤੋਂ ਲਿਆ ਜਾਂਦਾ ਹੈ। ਪਰ ਸਮਾਜ ਵਿਗਿਆਨ ਵਿਚ ਸੰਸਥਾ ਵਿਸ਼ੇਸ਼ ਮਨੁੱਖੀ ਲੋੜ ਨੂੰ ਪੂਰਿਆਂ ਕਰਨ ਲਈ ਨਿਯਮਾਂ, ਕਾਰਜ ਪ੍ਰਣਾਲੀਆਂ ਅਤੇ ਕਾਰਜ ਵਿਧੀਆਂ ਦਾ ਸੰਗਠਨ ਹੈ।"*[13] ਇਸ ਸਮਾਜ ਵਿਚ ਰਹਿੰਦਿਆਂ ਬਣਾਏ ਗਏ ਨਿਯਮਾਂ ਅਨੁਸਾਰ ਸਮਾਜ ਵਿੱਚ ਪਰਿਵਾਰ, ਵਿਆਹ ਤੇ

ਰਿਸ਼ਤੇ ਨਾਤੇ ਵਰਗੀਆਂ ਸੰਸਥਾਵਾਂ ਆ ਜਾਂਦੀਆਂ ਹਨ। ਪਰਿਵਾਰ ਸਮਾਜ ਦਾ ਸਭ ਤੋਂ ਅਹਿਮ ਅੰਗ ਹੈ ਜੋ ਕੁਝ ਵਿਅਕਤੀਆਂ ਦੇ ਆਪਸੀ ਸਬੰਧਾਂ ਉਪਰ ਉਸੱਰਿਆ ਇਕ ਅਜਿਹਾ ਢਾਂਚਾ ਹੈ ਜੋ ਸਮਾਜ ਦੇ ਨਿਰਮਾਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਪਰਿਵਾਰ ਸੰਸਥਾ ਦਾ ਉਦਭਵ ਮਨੁੱਖ ਦੀਆਂ ਆਪਣੀਆਂ ਲੋੜਾਂ ਦੀ ਪੂਰਤੀ ਦੇ ਸਿੱਟੇ ਵਜੋਂ ਹੋਇਆ। ਸਮਾਜ ਦੇ ਵਿਕਾਸ ਲਈ ਪਰਿਵਾਰ ਇੱਕ ਬਹੁ ਉਪਯੋਗੀ ਪਰਿਵਾਰ ਹੈ ਜਿਹੜਾ ਵਿਅਕਤੀ ਨੂੰ ਸਮਾਜ ਵਿੱਚ ਰਹਿਣ ਦੀ ਜਾਚ ਸਿਖਾਉਂਦਾ ਹੈ। ਪਰਿਵਾਰ ਸਮਾਜ ਵਿੱਚ ਰਹਿ ਕੇ ਵਿਅਕਤੀਆਂ ਨੂੰ ਇੱਕ ਸੁਚੱਜੇ ਸਮਾਜਿਕ ਪ੍ਰਾਣੀ ਦੇ ਤੌਰ ਤੇ ਵਿਚਰਨ ਲਈ ਤਿਆਰ ਕਰਦਾ ਹੈ। ਮਨੂ ਸਿਮ੍ਰਤੀ ਦੇ ਚੌਥੇ, ਪੰਜਵੇਂ ਅਤੇ ਛੇਵੇਂ ਅਧਿਆਇ ਵਿਚ ਵਖੋ ਵਖਰੇ ਆਸ਼ਰਮਾਂ ਦੀ ਤਰਤੀਬ ਅਤੇ ਫਰਜ਼ ਮਿਥਿਆ ਗਿਆ ਹੈ। ਮਨੁੱਖ ਦੀ ਉਮਰ ਨੂੰ ਸੌ ਸਾਲ ਮੰਨ ਕੇ 25-25 ਸਾਲਾਂ ਦੇ ਅਰਸੇ ਨੂੰ ਬ੍ਰਹਮਚਾਰੀ, ਗ੍ਰਹਿਸਥ, ਵਾਨਪ੍ਰਸਤ ਅਤੇ ਸੰਨਿਆਸ ਨੂੰ ਦਿੱਤੀ ਗਈ ਹੈ। ਉਪਨਿਸ਼ਦਕਾਰਾਂ ਨੇ ਵੀ ਇਸੇ ਵੀ ਕ੍ਰਮ ਨੂੰ ਮੰਨਿਆ ਹੈ।[14]

ਗੁਰੂ ਗ੍ਰੰਥ ਸਾਹਿਬ ਵਿਚ ਗ੍ਰਹਿਸਥ ਨੂੰ ਮਾਨਤਾ ਦਿੱਤੀ ਗਈ ਹੈ। ਬਾਣੀਕਾਰਾਂ ਅਨੁਸਾਰ ਸਾਰੇ ਫਰਜ਼ ਗ੍ਰਹਿਸਥੀ ਹੁੰਦੇ ਹੋਏ ਵੀ ਪੂਰੇ ਕੀਤੇ ਜਾ ਸਕਦੇ ਹਨ। "ਵਿਚੈ ਗ੍ਰਿਹ ਰਹੈ ਸਦਾ ਉਦਾਸੀ ਜਿਉ ਕਮਲ ਰਹੈ ਵਿਚਿ ਪਾਣੀ ਹੇ" ਅਨੁਸਾਰ ਪਰਿਵਾਰ ਦਾ ਅਸਲੀ ਅਧਾਰ ਗ੍ਰਹਿਸਥ ਆਸ਼ਰਮ ਹੈ। ਸਮੁੱਚੇ ਬਾਣੀ ਚਿੰਤਨ ਵਿਚ ਪਰਿਵਾਰ ਦੀ ਮਹਾਨਤਾ ਨੂੰ ਅਦੁੱਤੀ ਤੌਰ ਤੇ ਸਵੀਕਾਰਿਆ ਗਿਆ ਹੈ। ਸਮਾਜ ਦੇ ਲਗਪਗ ਸਾਰੇ ਰਿਸ਼ਤੇ ਹੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਪ੍ਰਾਪਤ ਹੁੰਦੇ ਹਨ। ਪਰ ਮੂਲ ਰੂਪ ਵਿਚ ਅਧਿਆਤਮਕ ਗ੍ਰੰਥ ਹੋਣ ਕਰਕੇ ਭਗਤ ਅਤੇ ਪਰਮਾਤਮਾ ਨੂੰ ਪ੍ਰਮੁੱਖ ਦਰਜਾ ਹਾਸਲ ਹੈ। ਸਮੁੱਚੀ ਬਾਣੀ ਭਗਤ ਰੂਪੀ ਇਸਤਰੀ ਵੱਲੋਂ ਆਪਣੇ ਕੰਤ ਰੂਪੀ ਪਰਮਾਤਮਾ ਨੂੰ ਸੰਬੋਧਿਤ ਹੈ:

*ਇਕੋ ਬੂਟਾ ਇਕੋ ਲਜ਼ਤ ਇਕੋ ਪੱਤਾ ਨਿਸ਼ਾਨੀ।*
*ਉਸੇ ਬੂਟਿਉਂ ਫੁਲ ਮਜਾਜੀ ਮੇਵਾ ਇਸ਼ਕ ਹਕਾਨੀ।।*

ਇਸ ਤਰ੍ਹਾਂ ਪਰਮਾਤਮਾ ਦੇ ਇਸ਼ਕ ਲਈ ਦੁਨਿਆਵੀ ਇਸ਼ਕ ਲਈ ਕੋਈ ਥਾਂ ਨਹੀਂ ਸਗੋਂ ਇਹ ਪ੍ਰੇਮ ਧਨ ਤੇ ਪਿਰ ਦਾ ਹੈ। ਵਿਆਹ ਉਪਰੰਤ ਪਤੀ ਪਤਨੀ 'ਏਕ ਜੋਤਿ' ਹੋ ਜਾਂਦੇ ਹਨ।

*ਧਨ ਪਿਰੁ ਏਹਿ ਨ ਆਖੀਅਨ ਬਹਨਿ ਇਕਠੇ ਹੋਇ।।*
*ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ।।* ਪੰਨਾ ੭੮੮

ਰਾਗ ਮੁਕਤ ਬਾਣੀ ਵਿੱਚ ਬਾਬਾ ਫਰੀਦ ਦੇ ਸਲੋਕਾਂ ਵਿਚ 'ਵਿਆਹ' ਦਾ ਦਿਨ ਨਿਸਚਤ ਹੋਣ ਤੇ ਸਾਹੇ ਲਿਖਾਣੇ, ਜਿੰਦ ਵਹੁਟੀ, ਤਿੱਲਾਂ, ਲੜ ਦੀ ਗਲ ਆਮ ਕੀਤੀ ਗਈ ਹੈ। ਉਨ੍ਹਾਂ ਨੇ ਕਈ ਥਾਈਂ ਪਤੀ-ਪਤਨੀ ਦੇ ਚਿਹਨ ਰਾਹੀਂ ਲੌਕਿਕਤਾ ਨੂੰ ਪਾਰ ਲੌਕਿਕਤਾ ਦੇ ਅਰਥਾਂ ਵਿਚ ਸੰਚਾਰਿਤ

ਕੀਤਾ ਹੈ। 'ਸੁਹਾਗਣ' ਪਤੀ ਦੇ ਸਾਥ ਦਾ ਆਨੰਦ ਮਾਣਦੀ ਹੈ ਅਤੇ 'ਦੁਹਾਗਣ' ਪਤੀ ਤੋਂ ਦੂਰ ਰਹਿੰਦੀ ਛੁਟੜ, ਅਜਿਹੀ ਇਸਤਰੀ ਦੀ ਅਵਸਥਾ ਦਾ ਵੇਦਨਾਮਈ ਚਿਤਰ ਫਰੀਦ ਦੀਆਂ ਇਨ੍ਹਾਂ ਤੁਕਾਂ ਵਿੱਚ ਪੇਸ਼ ਕੀਤਾ ਗਿਆ ਹੈ:

*ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ॥*

*ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ॥* ਪੰਨਾ ੧੩੭੯

ਪਤੀਬ੍ਰਤਾ ਇਸਤਰੀ ਹਮੇਸ਼ਾਂ ਆਪਣੇ ਪਤੀ ਦੀ ਸੇਵਾ ਕਰਦੀ ਹੈ। ਉਹ ਕਈ ਤਰ੍ਹਾਂ ਦੇ ਖੱਟੇ ਅਤੇ ਮਿੱਠੇ ਰਸ ਪਾ ਕੇ ਆਪਣੇ ਪਤੀ ਦੀ ਖੁਸ਼ੀ ਹਾਸਲ ਕਰਨ ਲਈ ਅਨੇਕਾਂ ਤਰ੍ਹਾਂ ਦੇ ਸੁਆਦਲੇ ਪਕਵਾਨ ਤਿਆਰ ਕਰਦੀ ਹੈ। ਇਸੇ ਤਰ੍ਹਾਂ ਹੀ ਜੀਵ ਰੂਪੀ ਇਸਤਰੀ ਵੀ ਆਪਣੇ ਪਤੀ ਰੂਪੀ ਪਰਮੇਸ਼ਰ ਦੀ ਖੁਸ਼ੀ ਹਾਸਲ ਕਰਨ ਲਈ ਆਪਣਾ ਤਨ, ਮਨ ਅਤੇ ਧਨ ਸਭ ਕੁਝ ਉਸ ਦੇ ਅਰਪਣ ਕਰਕੇ ਧੰਨਤਾ ਪ੍ਰਾਪਤ ਕਰਨ ਦੇ ਯੋਗ ਹੋ ਜਾਂਦੀ ਹੈ। ਗੁਰੂ ਅਮਰਦਾਸ 'ਸਲੋਕ ਵਾਰਾਂ ਤੇ ਵਧੀਕ' ਵਿਚ ਅਜਿਹੀ ਇਸਤਰੀ ਦੀ ਪ੍ਰਸੰਸਾ ਬੜੇ ਢੁਕਵੇਂ ਸ਼ਬਦਾਂ ਵਿਚ ਕਰਦੇ ਹਨ:

*ਜਿਉ ਪੁਰਖੈ ਘਰਿ ਭਗਤੀ ਨਾਰਿ ਹੈ ਅਤਿ ਲੋਚੈ ਭਗਤੀ ਭਾਇ॥*

*ਬਹੁ ਰਸ ਸਾਲਣੇ ਸਵਾਰਦੀ ਖਟ ਰਸ ਮੀਠੇ ਪਾਇ॥*

*ਤਿਉ ਬਾਣੀ ਭਗਤ ਸਲਾਹਦੇ ਹਰਿ ਨਾਮੈ ਚਿਤੁ ਲਾਇ॥*

*ਮਨੁ ਤਨੁ ਧਨੁ ਆਗੈ ਰਾਖਿਆ ਸਿਰੁ ਵੇਚਿਆ ਗੁਰ ਆਗੈ ਜਾਇ॥*

*ਭੈ ਭਗਤੀ ਭਗਤ ਬਹੁ ਲੋਚਦੇ ਪ੍ਰਭੁ ਲੋਚਾ ਪੂਰਿ ਮਿਲਾਇ॥*

*ਹਰਿ ਪ੍ਰਭੁ ਵੇਪਰਵਾਹੁ ਹੈ ਕਿਤੁ ਖਾਧੈ ਤਿਪਤਾਇ॥*

*ਸਤਿਗੁਰ ਕੈ ਭਾਣੈ ਜੋ ਚਲੈ ਤਿਪਤਾਸੈ ਹਰਿ ਗੁਣ ਗਾਇ॥*

*ਧਨੁ ਧਨੁ ਕਲਜੁਗਿ ਨਾਨਕਾ ਜਿ ਚਲੇ ਸਤਿਗੁਰ ਭਾਇ॥* ਪੰਨਾ ੧੪੧੩

ਅਜਿਹੀਆਂ ਸੋਹਾਗਣ ਇਸਤਰੀਆਂ ਆਪਣੇ ਪਤੀ ਦੇ ਪਿਆਰ ਵਿਚ ਗੜੂੰਦ ਹੋ ਕੇ ਔਸੀਆਂ ਪਾਉਂਦੀਆਂ ਹਨ ਅਤੇ ਉਨ੍ਹਾਂ ਦੇ ਮਨ ਦੀ ਇਹ ਚਾਹਨਾ ਹੁੰਦੀ ਹੈ ਕਿ ਕਿਵੇਂ ਨਾ ਕਿਵੇਂ ਪਤੀ ਦਾ ਮਿਲਾਪ ਕਰਾਉਣ ਵਾਲਾ ਕੋਈ ਸਹਾਇਕ ਮਿਲ ਜਾਵੇ ਤਾਂ ਜੁ ਉਸ ਨੂੰ ਅੰਗ ਸੰਗ ਵਸਦਾ ਦੇਖ ਲਿਆ ਜਾਵੇ। ਉਹ ਅਜਿਹੇ ਸੱਜਣ ਦੇ ਮਿਲਾਪ ਦੀ ਤਾਂਘ ਵਿਚ ਬਿਹਬਲ ਉਸ ਖਾਤਰ ਆਪਣੀ ਜਿੰਦ ਕੁਰਬਾਨ ਕਰਨ ਤੋਂ ਵੀ ਪਿਛੇ ਨਹੀਂ ਹਟਦੀ:

*ਹਉ ਖੜੀ ਨਿਹਾਲੀ ਪੰਧੁ ਮਤੁ ਮੂੰ ਸਜਣੁ ਆਵਏ॥*

*ਕੋ ਆਣਿ ਮਿਲਾਵੈ ਅਜੁ ਮੈ ਪਿਰੁ ਮੇਲਿ ਮਿਲਾਵਏ॥*

*ਹਉ ਜੀਉ ਕਰੀ ਤਿਸ ਵਿਟਉ ਚਉ ਖੰਨੀਐ ਜੋ ਮੈ ਪਿਰੀ ਦਿਖਾਵਏ॥*

*ਨਾਨਕ ਹਰਿ ਹੋਇ ਦਇਆਲੁ ਤਾਂ ਗੁਰੁ ਪੂਰਾ ਮੇਲਾਵਏ॥* ਪੰਨਾ ੧੪੨੧

ਜਿਨ੍ਹਾਂ ਜੀਵ-ਇਸਤਰੀਆਂ ਦੇ ਹਿਰਦੇ ਵਿਚ ਪਤੀ-ਪਰਮਾਤਮਾ ਦਾ ਪਿਆਰ ਹੈ, ਉਹ ਦੁਨੀਆਂ ਦੀਆਂ ਕੀਮਤੀ ਤੋਂ ਕੀਮਤੀ ਚੀਜ਼ਾਂ ਨੂੰ ਠੋਕਰ ਮਾਰਨ ਤੋਂ ਗੁਰੇਜ਼ ਨਹੀਂ ਕਰਦੀਆਂ। ਉਨ੍ਹਾਂ ਦਾ ਜੀਵਨ ਆਪਣੇ ਪਤੀ ਦੇ ਮਿਲਾਪ ਬਿਨਾਂ ਮੁਹਾਲ ਹੁੰਦਾ ਹੈ ਕਿਉਂਕਿ ਉਹ ਦਿਨੇ ਰਾਤ ਹੀ ਉਸ ਦੇ ਪ੍ਰੇਮ ਵਿਚ ਗੜੂੰਦ ਰਹਿੰਦੀਆਂ ਹਨ। ਇਹ ਸਨੇਹ ਉਨ੍ਹਾਂ ਦੇ ਪਤੀ ਰੂਪੀ ਪਰਮੇਸਰ ਨੇ ਆਪ ਹੀ ਉਨ੍ਹਾਂ ਅੰਦਰ ਜਗਾਇਆ ਹੁੰਦਾ ਹੈ। ਸਚੇ ਪ੍ਰੇਮ ਪਿਆਰ ਦੀ ਨਿਸ਼ਾਨੀ ਹੀ ਇਹ ਹੈ ਕਿ ਇਹ ਕਦੇ ਵੀ ਫਿਕਾ ਨਹੀਂ ਪੈਂਦਾ। ਅਜਿਹੀਆਂ ਇਸਤਰੀਆਂ ਦੀ ਅਵਸਥਾ ਦਾ ਜ਼ਿਕਰ ਗੁਰੂ ਅਮਰਦਾਸ ਨੇ ਇਨ੍ਹਾਂ ਤੁਕਾਂ ਵਿਚ ਕੀਤਾ ਹੈ:

*ਜਿਨਾ ਅੰਦਰਿ ਨਾਮੁ ਨਿਧਾਨੁ ਹੈ ਗੁਰਬਾਣੀ ਵੀਚਾਰਿ॥*

*ਤਿਨ ਕੇ ਮੁਖ ਸਦ ਉਜਲੇ ਤਿਤੁ ਸਚੈ ਦਰਬਾਰਿ॥*

*ਤਿਨ ਬਹਦਿਆ ਉਠਦਿਆ ਕਦੇ ਨ ਵਿਸਰੈ ਜਿ ਆਪਿ ਬਖਸੇ ਕਰਤਾਰਿ॥*

*ਨਾਨਕ ਗੁਰਮੁਖਿ ਮਿਲੇ ਨ ਵਿਛੁੜਹਿ ਜਿ ਮੇਲੇ ਸਿਰਜਣਹਾਰਿ॥* ਪੰਨਾ ੧੪੨੨

ਆਪਣੇ ਅੰਦਰ ਗੁਣਾਂ ਦਾ ਪ੍ਰਕਾਸ਼ ਕਰਨ ਉਪਰੰਤ ਪ੍ਰੇਮ ਦੀ ਇਹ ਅਣਮੁਲੀ ਦਾਤ ਪ੍ਰਭੂ ਦੀ ਮਿਹਰ ਸਦਕਾ ਹੀ ਪ੍ਰਾਪਤ ਹੁੰਦੀ ਹੈ:

*ਜਿਨ ਕਉ ਪ੍ਰੇਮ ਪਿਆਰੁ ਤਉ ਆਪੇ ਲਾਇਆ ਕਰਮੁ ਕਰਿ॥*

*ਨਾਨਕ ਲੇਹੁ ਮਿਲਾਇ ਮੈ ਜਾਚਿਕ ਦੀਜੈ ਨਾਮੁ ਹਰਿ॥* ਪੰਨਾ ੧੪੨੨

ਅਜਿਹੀ ਜੀਵ ਇਸਤਰੀ ਆਪਣੇ ਪਤੀ ਪਰਮੇਸਰ ਨੂੰ ਪਾਉਣ ਵਾਸਤੇ ਆਪਣਾ ਸ਼ਿੰਗਾਰ ਅਤੇ ਇਥੋਂ ਤਕ ਕਿ ਆਪਣੀ ਜਿੰਦ ਭੀ ਉਸੇ ਨੂੰ ਅਰਪਣ ਲਈ ਤਿਆਰ ਹੈ। ਹਿਰਦੇ ਰੂਪੀ ਸੇਜ ਨੂੰ ਸੰਵਾਰ ਕੇ ਉਡੀਕ ਕਰ ਰਹੀ ਬਿਰਹਨ ਦਾ ਚਿਤਰ 'ਫੁਨਹੇ ਮਹਲਾ ੫' ਵਿੱਚ ਇਸ ਪ੍ਰਕਾਰ ਕੀਤਾ ਗਿਆ ਹੈ:

*ਅਰਪੀ ਸਭੁ ਸੀਗਾਰੁ ਏਹੁ ਜੀਉ ਸਭੁ ਦਿਵਾ॥*

*ਆਸ ਪਿਆਸੀ ਸੇਜ ਸੁ ਕੰਤ ਵਿਛਾਈਐ॥*

*ਹਰਿਹਾਂ ਮਸਤਕਿ ਹੋਵੈ ਭਾਗੁ ਤ ਸਾਜਨੁ ਪਾਈਐ॥* ਪੰਨਾ ੧੩੬੧

ਜਿਨ੍ਹਾਂ ਜੀਵ ਇਸਤਰੀਆਂ ਦਾ ਪ੍ਰਭੂ ਪਤੀ ਨਾਲ ਮਿਲਾਪ ਹੋ ਜਾਂਦਾ ਹੈ ਤਾਂ ਉਹਨਾਂ ਵੱਡੇ ਭਾਗਾਂ ਵਾਲੀਆਂ ਦੇ ਹਿਰਦੇ ਅੰਦਰ ਰਬੀ ਗਿਆਨ ਦੀ ਜੋਤ ਪ੍ਰਕਾਸ਼ਮਾਨ ਹੋ ਜਾਂਦੀ ਹੈ ਤਾਂ ਉਹ ਅਸਲ ਵਿਚ

'ਸੋਹਾਗਣ' ਦਾ ਦਰਜਾ ਪ੍ਰਾਪਤ ਕਰ ਲੈਂਦੀਆਂ ਹਨ। ਰਾਗ ਮੁਕਤ ਬਾਣੀ ਵਿਚ ਅਜਿਹੀਆਂ ਸੁਹਾਗਣਾਂ ਦਾ ਚਿਤਰ ਇਸ ਪ੍ਰਕਾਰ ਖਿਚਿਆ ਗਿਆ ਹੈ:

*ਵਡਭਾਗੀਆ ਸੋਹਾਗਣੀ ਜਿਨ੍ਾ ਗੁਰਮੁਖਿ ਮਿਲਿਆ ਹਰਿ ਰਾਇ॥*

*ਅੰਤਰਿ ਜੋਤਿ ਪਰਗਾਸੀਆ ਨਾਨਕ ਨਾਮ ਸਮਾਇ॥* ਪੰਨਾ ੧੪੨੧

ਉਨ੍ਹਾਂ ਨੂੰ ਇਸ ਗੱਲ ਦਾ ਵੀ ਗਿਆਨ ਹੈ ਕਿ ਉਸ ਖਸਮ ਦੇ ਬਿਨਾਂ ਉਨ੍ਹਾਂ ਦੇ ਵਧੀਆ ਰੇਸ਼ਮ ਦੇ ਬਣੇ ਸੁੰਦਰ ਵਸਤਰ ਵੀ ਸੜ ਕੇ ਰਾਖ ਹੋ ਜਾਣਗੇ ਪਰੰਤੂ ਜਦੋਂ ਉਸ ਦੀ ਮਿਹਰ ਹੋ ਜਾਵੇ ਤਾਂ ਇਨ੍ਹਾਂ ਸੁੰਦਰ ਪਹਿਰਾਵਿਆਂ ਤੋਂ ਬਿਨਾਂ ਉਸ ਦੇ ਚਰਨਾਂ ਦੀ ਧੂੜੀ ਵਿਚ ਲਿਬੜੀ ਹੋਈ ਵੀ ਸੁੰਦਰ ਜਾਪਦੀ ਹੈ:

*ਧਣੀ ਵਿਹੂਣਾ ਪਾਟ ਪਟੰਬਰ ਭਾਹੀ ਸੇਤੀ ਜਾਲੇ॥*

*ਧੂੜੀ ਵਿਚ ਲੁਡੰਦੜੀ ਸੋਹਾਂ ਨਾਨਕ ਤੈ ਸਹ ਨਾਲੇ॥* ਪੰਨਾ ੧੪੨੫

ਔਰਤ ਵਿਆਹ ਉਪਰੰਤ ਸਹੁਰੇ ਘਰ ਜਾ ਕੇ ਉਹ ਆਪਣੇ ਗੁਣਾਂ ਰਾਹੀਂ ਸਭ ਨੂੰ ਪ੍ਰਭਾਵਿਤ ਕਰਦੀ ਹੈ। ਸਹਿਜ ਤੇ ਸੰਤੋਖ ਦਾ ਸੀਗਾਰ ਕਰਨਾ, ਮਿੱਠਾ ਬੋਲਣਾ, ਨਿਮਰਤਾ ਧਾਰਨ ਕਰਨੀ, ਖਿਮਾ ਕਰਨਾ ਤੇ ਵੱਡਾ ਜਿਗਰਾ ਰਖਣਾ ਵਰਗੇ ਗੁਣ ਚਲ ਕੇ ਉਹ ਪਤੀ-ਪ੍ਰੇਮ ਪ੍ਰਾਪਤ ਕਰ ਸਕਦੀ ਹੈ। ਜਿਸ ਨੇ ਪਤੀ ਪ੍ਰੇਮ ਨੂੰ ਹਾਸਲ ਕਰ ਲਿਆ ਉਸ ਲਈ ਪ੍ਰਭੂ ਨੂੰ ਹਾਸਲ ਕਰਨਾ ਕੋਈ ਔਖਾ ਕੰਮ ਨਹੀਂ। ਬਾਬਾ ਫਰੀਦ ਆਪਣੇ ਸਲੋਕਾਂ ਵਿੱਚ ਮਨੁੱਖ ਨੂੰ ਅਜਿਹੇ ਗੁਣਾਂ ਦਾ ਧਾਰਨੀ ਬਨਣ ਦੀ ਵਕਾਲਤ ਇਸ ਪ੍ਰਕਾਰ ਕਰਦੇ ਹਨ:

*ਨਿਵਣੁ ਸੁ ਅਖਰੁ ਖਵਣੁ ਗੁਣ ਜਿਹਬਾ ਮਣੀਆ ਮੰਤੁ॥*

*ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥* ਪੰਨਾ ੧੩੮੪

ਅਗਲੇ ਸਲੋਕਾਂ ਵਿਚ ਬਾਬਾ ਫਰੀਦ ਗੁਣਾਂ ਨਾਲ ਆਪਣੇ ਸਹੁਰੇ ਘਰ ਥਾਂ ਬਨਾਉਣ ਦੀ ਗਲ ਕਰਦੇ ਹਨ। ਜੀਵ ਰੂਪੀ ਇਸਤਰੀ ਆਪਣੇ ਚੰਗੇ ਵਿਹਾਰ ਕਰਕੇ ਸਹੁਰੇ ਪੇਕੇ ਘਰ ਵਿਚ ਇਜ਼ਤ ਖਟਦੀ ਹੈ ਪਰੰਤੂ ਨਾਲ ਹੀ ਵਿਅੰਗ ਕਸਦੇ ਹਨ ਕਿ ਕੇਵਲ ਤੇਰਾ ਨਾਮ 'ਸੋਹਾਗਣ' ਨਹੀਂ ਹੋਣਾ ਚਾਹੀਦਾ ਸਗੋਂ ਸੁਹਾਗਣਾਂ ਵਾਲੇ ਕਰਮ ਕਰਨੇ ਵੀ ਜ਼ਰੂਰੀ ਹਨ:

*ਸਾਹੁਰੈ ਢੋਈ ਨ ਲਹੈ ਪੇਈਐ ਨਾਹੀ ਥਾਉ॥*

*ਪਿਰੁ ਵਾਤੜੀ ਨ ਪੁਛਈ ਧਨ ਸੋਹਾਗਣਿ ਨਾਉ॥* ਪੰਨਾ ੧੩੭੯

ਆਪਣੇ ਚੰਗਾਂ ਕੰਮਾਂ, ਗੁਣਾਂ ਅਤੇ ਕਰਮ ਕਰਕੇ ਉਹ ਪਤੀ ਪਰਮੇਸ਼ਰ ਦੇ ਦਰ ਉਤੇ ਕਬੂਲ ਹੋ ਜਾਂਦੀ ਹੈ:

*ਸਾਹੁਰੈ ਪੇਈਐ ਕੰਤ ਕੀ ਕੰਤੁ ਅਗੰਮੁ ਅਥਾਹੁ॥*

*ਨਾਨਕ ਸੋ ਸੋਹਾਗਣੀ ਜੁ ਭਾਵੈ ਬੇਪਰਵਾਹ॥* ਪੰਨਾ ੧੩੭੯

ਸਮਾਜ ਵਿਗਿਆਨ ਅਨੁਸਾਰ ਸਮੱਸਿਆਵਾਂ ਦੇ ਕਾਰਨ ਅਤੇ ਉਪਾਅ ਲੱਭ ਕੇ ਇਕ ਸਿਹਤਮੰਦ ਸਮਾਜ ਸਿਰਜਿਆ ਜਾ ਸਕਦਾ ਹੈ। ਡਾ. ਦਿਨੇਸ਼ ਆਪਣੀ ਪੁਸਤਕ Violence Free Family ਵਿਚ ਲਿਖਦੇ ਹਨ:

*In a unity based family or society, the individual endeavour to their utmost to serve one another, while at the same time the family and society make certain that justice will be the modus oper and of the groups.*

*ਭਾਵ ਇਕਸੁਰਤਾ ਵਾਲੇ ਪਰਵਾਰ ਤੇ ਸਮਾਜ ਵਿਚ ਹਰ ਵਿਅਕਤੀ ਇਕ ਦੂਜੇ ਦੀ ਸੇਵਾ ਨੂੰ ਆਪਣਾ ਪਰਮ ਧਰਮ ਸਮਝਦਾ ਹੈ। ਜਦੋਂ ਕਿ ਪਰਵਾਰ ਤੇ ਸਮਾਜ ਵਿਚ ਯਕੀਨੀ ਬਣਾਉਂਦੇ ਹਨ ਕਿ ਸਮਾਜ ਵਿਚ ਹਰ ਇਕ ਨੂੰ ਨਿਆਂ ਮਿਲੇ। ਜਿਸ ਸਮਾਜ ਵਿਚ ਅਧੀ ਮਨੁਖਤਾ ਅਨਿਆਂ ਦੀ ਚਕੀ ਵਿਚ ਪੀਸੀ ਜਾਵੇ, ਉਹ ਸਿਹਤਮੰਦ ਸਮਾਜ ਨਹੀਂ ਹੋ ਸਕਦਾ।*[15]

ਇਹ ਇੱਕ ਅਟੱਲ ਸੱਚਾਈ ਹੈ ਕਿ ਸਵੈ ਮਾਣ ਦੀ ਭਾਵਨਾ ਤੋਂ ਵਿਹੂਣੀ ਇਸਤਰੀ ਦੀ ਸੰਤਾਨ ਇੰਨੀ ਕਮਜ਼ੋਰ ਹੋ ਚੁੱਕੀ ਸੀ ਕਿ ਦੇਸ਼ ਤੇ ਹੋਏ ਹਮਲਿਆਂ ਕਾਰਨ ਵੀ ਉਨ੍ਹਾਂ ਦੀ ਅਣਖ ਨਹੀਂ ਜਾਗੀ ਸਗੋਂ ਉਹ ਮੁਸਲਮਾਨੀ ਰੰਗ ਵਿਚ ਪੂਰੀ ਤਰ੍ਹਾਂ ਰੰਗੇ ਗਏ। ਜਿਹਨਾਂ ਬਾਰੇ ਗੁਰੂ ਨਾਨਕ ਸਾਹਿਬ ਦਾ ਫੁਰਮਾਨ ਹੈ:

*ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ॥*
*ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ॥* ਪੰਨਾ ੧੨੪੩

ਇਸ ਭਿਆਨਕ ਸਮੇਂ ਇਸਤਰੀਆਂ ਕਮਜ਼ੋਰ ਹੋ ਗਈਆਂ ਤੇ ਪੁਰਸ਼ ਜ਼ਾਲਮ। ਉਨ੍ਹਾਂ ਵਿਚੋਂ ਸਦਾਚਾਰਕ ਗੁਣ ਖੰਭ ਲਾ ਕੇ ਉਡ ਗਏ ਅਤੇ ਇਸ ਅਚਾਰ ਵਿਹੂਣੇ ਰਿਸ਼ਤੇ ਤੋਂ ਉਤਪੰਨ ਹੋਈ ਸੰਤਾਨ ਤੋਂ ਸਦਾਚਾਰ ਅਤੇ ਆਤਮ ਸਨਮਾਨ ਦੀ ਆਸ ਰਖਣੀ ਵਿਅਰਥ ਹੁੰਦੀ ਹੈ। ਹਿੰਦੁਸਤਾਨੀ ਸਮਾਜ ਇਸਤਰੀ ਨੂੰ ਪੈਰ ਦੀ ਜੁੱਤੀ ਸਮਝਣ ਵਾਲਾ ਆਪ ਹੀ ਮੁਸਲਮਾਨੀ ਜਰਵਾਣਿਆਂ ਤੇ ਧਾੜਵੀਆਂ ਦੀ ਪੈਰ ਦੀ ਜੁੱਤੀ ਬਣ ਗਿਆ। ਬਾਣੀ ਚਿੰਤਨ ਰਾਹੀਂ ਇਕ ਅਵਾਜ਼ ਉਠਾਈ ਗਈ ਕਿ ਇਕ ਗੁਣਵਾਨ ਇਸਤਰੀ ਦੀ ਸੰਤਾਨ ਜਾਗ੍ਰਿਤ ਹੋ ਕੇ ਇਨ੍ਹਾਂ ਜ਼ੁਲਮਾਂ ਦੇ ਖਿਲਾਫ਼ ਆਵਾਜ਼ ਉਠਾ ਸਕਦੀ ਹੈ ਜਿਸ ਕਰਕੇ ਸਮੁੱਚੀ ਬਾਣੀ ਵਿਚ ਇਸਤਰੀ ਨੂੰ ਅਜਿਹੇ ਭਾਵਾਂ ਦੇ ਪ੍ਰਗਟਾਵੇ ਲਈ ਹੀ ਚੁਣਿਆ ਗਿਆ। ਅਸੀਂ ਉਸ ਬਿਰਹੋਂ ਕੁਠੀ ਇਸਤਰੀ ਦੀ ਵੇਦਨਾ ਨੂੰ ਵੇਖ ਸਕਦੇ ਹਾਂ :

*ਹਉ ਖੜੀ ਨਿਹਾਲੀ ਪੰਧੁ ਮਤੁ ਮੂੰ ਸਜਣ ਆਵਏ॥*

*ਕੋ ਆਨਿ ਮਿਲਾਵੈ ਅਜੁ ਮੈ ਪਿਰੁ ਮੇਲਿ ਮਿਲਾਵਏ॥* ਪੰਨਾ ੧੪੨੧

ਰਾਗ ਮੁਕਤ ਬਾਣੀ ਵਿਚ ਇਸ ਤੱਥ ਤੇ ਜ਼ੋਰ ਦਿੱਤਾ ਗਿਆ ਹੈ ਕਿ ਜਿਥੇ ਔਰਤ ਤੋਂ ਚੰਗੇ ਚਾਲ ਚਰਿੱਤਰ ਦੀ ਆਸ ਰੱਖੀ ਜਾਂਦੀ ਹੈ ਉਥੇ ਮਰਦ ਨੂੰ ਤਾੜਨਾ ਕੀਤੀ ਗਈ ਕਿ ਉਹ ਵੀ ਪਰ ਇਸਤਰੀ ਗਮਨ ਤੋਂ ਦੂਰ ਰਹੇ। ਇਸਤਰੀ ਦੀ ਤਰ੍ਹਾਂ ਮਰਦ ਤੋਂ ਵੀ ਵਫ਼ਾਦਾਰੀ ਦੀ ਆਸ ਬੰਨ੍ਹਾਈ ਗਈ ਹੈ ਅਤੇ ਅਜਿਹੇ ਬੇਵਫਾ ਮਨੁੱਖ ਤਾਂ ਲੋਕ ਪਰਲੋਕ ਦੋਹਾਂ ਵਿਚ ਹੀ ਸ਼ਰਮਿੰਦੇ ਹੁੰਦੇ ਹਨ:

*ਪਰਤ੍ਰਿਅ ਰਾਵਣਿ ਜਾਹਿ ਸੇਈ ਤਾ ਲਾਜੀਅਹਿ॥*

*ਨਿਤਪ੍ਰਤਿ ਹਿਰਹਿ ਪਰ ਦਰਬੁ ਛਿਦ੍ਰ ਕਤ ਢਾਕੀਅਹਿ॥* ਪੰਨਾ ੧੩੬੨

ਗੁਰੂ ਅਰਜਨ ਦੇਵ ਨੇ ਸੱਵਈਆਂ ਵਿਚ ਇਸ ਵਿਚਾਰ ਨੂੰ ਦ੍ਰਿੜ ਕੀਤਾ ਹੈ ਕਿ ਮਨੁੱਖ ਦੀ ਬਿਰਤੀ ਹਰ ਵੇਲੇ ਪਰਾਏ ਧਨ, ਪਰਾਏ ਝਗੜੇ, ਪਰਾਈ ਨਿੰਦਾ ਤੇ ਪਰਾਈਆਂ ਇਸਤਰੀਆਂ ਦੇ ਰੂਪ ਚੁਰਾਉਣ ਵਿਚ ਲਗੀ ਰਹਿਣ ਕਰਕੇ ਉਹ ਆਪਣੇ ਅੰਦਰ ਇਨ੍ਹਾਂ ਵਾਸ਼ਨਾਵਾਂ ਨੂੰ ਪਾਲਣ ਵੱਲ ਲੱਗੀ ਰਹਿੰਦੀ ਹੈ:

*ਪਰ ਧਨ ਪਰ ਅਪਵਾਦ ਨਾਰਿ ਨਿੰਦਾ ਯਹ ਮੀਠੀ ਜੀਅ ਮਾਹਿ ਹਿਤਾਨੀ॥*

*ਬਲਬੰਚ ਛਪਿ ਕਰਤ ਉਪਾਵਾ ਪੇਖਤ ਸੁਨਤ ਪ੍ਰਭ ਅੰਤਰਜਾਮੀ॥* ਪੰਨਾ੧੩੮੭

ਬਾਣੀਕਾਰਾਂ ਨੇ ਪਰਾਈ ਇਸਤਰੀ ਤੋਂ ਦੂਰ ਰਹਿਣ ਦੀ ਤਾੜਨਾ ਕੀਤੀ ਹੈ ਕਿਉਂਕਿ ਇਸ ਨਾਲ ਸਮਾਜ ਵਿਚ ਅਨੇਕਾਂ ਬੁਰਾਈਆਂ ਦਾ ਜਨਮ ਹੁੰਦਾ ਹੈ। ਦੁਸ਼ਮਣੀ, ਕੁੜੱਤਣ, ਬਦਇਖਲਾਕੀ ਅਤੇ ਬਦਚਲਨੀ ਨੂੰ ਪੈਦਾ ਨਹੀਂ ਹੋਣ ਦੇਣਾ ਚਾਹੀਦਾ। ਇਸ ਲਈ ਸਮੁੱਚੀ ਬਾਣੀ ਵਿਚ ਲੁਕ ਛਿਪ ਕੇ ਵੀ ਪਰਾਈ ਇਸਤਰੀ ਨੂੰ ਦੇਖਣਾ ਪਾਪ ਮੰਨਿਆ ਗਿਆ ਹੈ ਕਿਉਂਕਿ ਪਰਮਾਤਮਾ ਉਸਦੇ ਹਰ ਕਰਮ ਨੂੰ ਦੇਖ ਰਿਹਾ ਹੈ। ਇਸੇ ਗੱਲ ਨੂੰ ਭਾਈ ਗੁਰਦਾਸ ਨੇ ਹੋਰ ਪਰਪੱਖ ਕਰਕੇ ਜਿਥੇ ਦੂਜੀਆਂ ਔਰਤਾਂ ਨੂੰ ਮਾਂ ਭੈਣ ਤੇ ਧੀ ਮੰਨਣ ਦਾ ਉਪਦੇਸ਼ ਦਿੱਤਾ ਹੈ ਉਥੇ ਨਾਲ ਹੀ ਪਰਾਈ ਔਰਤ ਤੋਂ ਦੂਰ ਰਹਿਣ ਵਾਲਿਆਂ ਦੀ ਸਲਾਹੁਣਾ ਵੀ ਕੀਤੀ ਹੈ:-

- ਦੇਖ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੇ॥ ੨੯ ਗਿਆਰਵੀਂ ਵਾਰ
- *ਹਉ ਤਿਸੁ ਘੋਲਿ ਘੁਮਾਇਆ ਪਰ ਨਾਰੀ ਦੇ ਨੇੜਿ ਨ ਜਾਵੈ॥* ੧੨ ਚੌਥੀ ਵਾਰ

ਗੁਰੂ ਗ੍ਰੰਥ ਸਾਹਿਬ ਵਿਚ ਪਰਿਵਾਰ ਦੀ ਮਹਾਨਤਾ ਨੂੰ ਸਵੀਕਾਰ ਕਰਕੇ ਇਨਸਾਨ ਦੀ ਜ਼ਿੰਦਗੀ ਵਿਚ ਮਾਤਾ ਤੇ ਪਿਤਾ ਦੋਹਾਂ ਦੀ ਅਹਿਮੀਅਤ ਨੂੰ ਮਹੱਤਤਾ ਦਿੰਦੇ ਹੋਏ ਗੁਰੂ ਨਾਨਕ ਸਾਹਿਬ ਨੇ ਪਾਣੀ ਨੂੰ ਜ਼ਿੰਦਗੀ ਦੀ ਵਡਮੁੱਲੀ ਦਾਤ ਮੰਨਦੇ ਹੋਏ ਉਸ ਨੂੰ 'ਪਿਤਾ' ਦਾ ਦਰਜਾ ਦਿੱਤਾ

ਹੈ। ਪਾਣੀ ਤੋਂ ਬਿਨਾਂ ਉਤਪਤੀ ਹੋ ਹੀ ਨਹੀਂ ਸਕਦੀ ਅਤੇ ਧਰਤੀ ਨੂੰ ਮਾਤਾ ਮੰਨਿਆ ਹੈ। ਇਸੇ ਤਰ੍ਹਾਂ ਦੁਨਿਆਵੀ ਰਿਸ਼ਤਿਆਂ ਵਿਚੋਂ ਪ੍ਰਮੁੱਖ ਰਿਸ਼ਤੇ ਜ਼ਿੰਦਗੀ ਜਿਉਣ ਦੀਆਂ ਦੋ ਮੁੱਖ ਲੋੜਾਂ ਉਤੇ ਨਿਰਭਰ ਹਨ:

*ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥* ਪੰਨਾ ੮

ਇਸ ਮਰਦ ਪ੍ਰਧਾਨ ਸਮਾਜ ਵਿਚ ਪਰਮਾਤਮਾ ਨੂੰ ਮਰਦ ਜਾਂ ਪਤੀ ਦੇ ਰੂਪ ਵਿਚ ਹੀ ਚਿਤਵਿਆ ਜਾਂਦਾ ਹੈ। ਜਦੋਂ ਪਰਮਾਤਮਾ ਨੂੰ ਪਿਤਾ ਜਾਂ ਪਤੀ ਦੇ ਰੂਪ ਵਿਚ ਦੇਖਿਆ ਜਾਂਦਾ ਹੈ ਤਾਂ ਇਹ ਲੋਕਾਂ ਅੰਦਰ ਫਰਮਾਬਰਦਾਰੀ, ਭਗਤੀ, ਸ਼ਰਧਾ, ਲਾਭ ਅਤੇ ਫਲ ਅਤੇ ਸਜ਼ਾ ਆਦਿ ਭਾਵਨਾਵਾਂ ਪੈਦਾ ਕਰਦਾ ਹੈ। ਪਰ ਜਦੋਂ 'ਮਾਂ' ਦੇ ਰੂਪ ਵਿਚ ਦੇਖਦੇ ਹਾਂ ਤਾਂ ਸਾਰੀਆਂ ਸਮਸਿਆਵਾਂ ਦਾ ਅੰਤ ਹੋ ਜਾਂਦਾ ਹੈ। ਮਾਂ ਅਤੇ ਬੱਚੇ ਦਾ ਰਿਸ਼ਤਾ ਪਿਆਰ, ਮਮਤਾ, ਸਹਿਯੋਗ, ਤਾਲਮੇਲ, ਨਿੱਘ ਅਤੇ ਵਫਾਦਾਰੀ ਉਪਰ ਅਧਾਰਤ ਹੁੰਦਾ ਹੈ।[16] ਮਾਇਆ ਦੇ ਪ੍ਰਭਾਵ ਅਧੀਨ ਪਰਿਵਾਰ ਦੇ ਬਾਕੀ ਮੈਂਬਰਾਂ ਵਲ ਸਿੱਧਾ ਸਬੰਧ ਜੁੜ ਜਾਂਦਾ ਹੈ। ਮਨੁੱਖ ਕੁਦਰਤੀ ਤੌਰ 'ਤੇ ਮਾਤਾ-ਪਿਤਾ, ਭਰਾਵਾਂ, ਇਸਤਰੀ, ਪੁਤਰਾਂ ਨਾਲ ਸੰਬੰਧਿਤ ਹੋਣ ਕਰਕੇ ਜਕੜਿਆ ਰਹਿੰਦਾ ਹੈ। ਗੁਰੂ ਅਰਜਨ ਦੇਵ ਸਹਸਕ੍ਰਿਤੀ ਸਲੋਕਾਂ ਵਿਚ ਇਸ ਪ੍ਰਵਿਰਤੀ ਨੂੰ ਤਿਆਗਣ ਉੱਤੇ ਜ਼ੋਰ ਦਿੰਦੇ ਹੋਏ ਇਹ ਵਿਚਾਰ ਦ੍ਰਿੜ ਕਰਵਾਉਂਦੇ ਹਨ ਕਿ ਮਨੁੱਖ ਨੂੰ ਵਿਅਰਥ ਹੀ ਇਨ੍ਹਾਂ ਸਨਬੰਧੀਆਂ ਲਈ ਚਿੰਤਾ ਨਹੀਂ ਕਰਨੀ ਚਾਹੀਦੀ:

*ਨਹ ਚਿੰਤਾ ਮਾਤ ਪਿਤ ਭ੍ਰਾਤਹ ਨਹ ਚਿੰਤਾ ਕਛੁ ਲੋਕ ਕਹ॥*
*ਨਹ ਚਿੰਤਾ ਬਨਿਤਾ ਸੁਤ ਮੀਤਹ ਪ੍ਰਵਿਰਤਿ ਮਾਇਆ ਸਨਬੰਧਨਹ॥*
*ਦਇਆਲ ਏਕ ਭਗਵਾਨ ਪੁਰਖਹ ਨਾਨਕ ਸਰਬ ਜੀਅ ਪ੍ਰਤਿਪਾਲਕਹ॥* ਪੰਨਾ ੧੩੫੫

ਗੁਰੂ ਸਾਹਿਬ ਇਨ੍ਹਾਂ ਸੰਸਾਰਕ ਰਿਸ਼ਤਿਆਂ ਦੀ ਅਹਿਮੀਅਤ ਨੂੰ ਪ੍ਰਵਾਨ ਕਰਨ ਕਰਕੇ ਇਸ ਵਿਚਾਰ ਦੇ ਧਾਰਨੀ ਮੰਨੇ ਜਾਂਦੇ ਹਨ ਕਿ ਪੁੱਤਰ, ਮਿਤਰ, ਭਰਾ, ਰਿਸ਼ਤੇਦਾਰ ਅਤੇ ਇਸਤਰੀ ਦੇ ਹਾਵ-ਭਾਵ ਤਾਂ ਅਸਾਨੀ ਨਾਲ ਪ੍ਰਾਪਤ ਹੋ ਜਾਂਦੇ ਹਨ। ਇਨ੍ਹਾਂ ਦੀ ਪ੍ਰਾਪਤੀ ਇਨਸਾਨ ਦੇ ਚੰਗੇ ਭਾਗਾਂ ਦੀ ਨਿਸ਼ਾਨੀ ਮੰਨੀ ਜਾਂਦੀ ਹੈ ਪਰੰਤੂ ਸੰਸਾਰਕ ਰਿਸ਼ਤਿਆਂ ਦੇ ਵਿਪਰੀਤ ਪਰਮਾਤਮਾ ਦਾ ਨਾਮ ਇਕ ਐਸੀ ਦੁਰਲੱਭ ਵਸਤੂ ਹੈ ਜੋ ਸਿਰਫ਼ ਗੁਰੂ ਦੀ ਕਿਰਪਾ ਨਾਲ ਹੀ ਪ੍ਰਾਪਤ ਹੁੰਦਾ ਹੈ:

*ਨਚ ਦੁਰਲਭੰ ਸੁਤ ਮਿਤ੍ਰ ਭ੍ਰਾਤ ਬਾਂਧਵ ਨਚ ਦੁਰਲਭੰ ਬਨਿਤਾ ਬਿਲਾਸਹ॥*
*ਨਚ ਦੁਰਲਭੰ ਬਿਦਿਆ ਪ੍ਰਬੀਣੰ ਨਚ ਦੁਰਲਭੰ ਚਤੁਰ ਚੰਚਲਹ॥*
*ਦੁਰਲਭੰ ਏਕ ਭਗਵਾਨ ਨਾਮਹ ਨਾਨਕ ਲਬਧਿੰ ਸਾਧਸੰਗਿ ਕ੍ਰਿਪਾ ਪ੍ਰਭੰ॥* ਪੰਨਾ ੧੩੫੭

ਇਸ ਮਾਇਆਵੀ ਸੰਸਾਰ ਵਿਚ ਰਿਸ਼ਤੇ ਨਾਤੇ ਭਾਵੇਂ ਆਪਣੀ ਮਹੱਤਤਾ ਰਖਦੇ ਹਨ ਪਰ ਧਨ ਦੌਲਤ ਅਤੇ ਵਿਕਾਰ ਮਨ ਦੀ ਖੇਹ ਖਬੜੀ ਨੂੰ ਨਾਸ਼ ਕਰਨ ਵਾਲੇ, ਇਨ੍ਹਾਂ ਰਿਸ਼ਤਿਆਂ ਦੀ ਕੋਈ ਅਹਿਮੀਅਤ ਨਹੀਂ ਹੈ। ਮਨੁੱਖ ਨੂੰ ਇਨ੍ਹਾਂ ਤ੍ਰਿਸ਼ਨਾਲੂ ਜਾਨਵਰਾਂ ਨੂੰ ਜਾਣੇ ਅਨਜਾਣੇ ਆਪਣਾ ਸਬੰਧ ਕਾਇਮ ਰੱਖਣਾ ਪੈਂਦਾ ਹੈ। ਗੁਰੂ ਅਰਜਨ ਦੇਵ ਸਹਸਕ੍ਰਿਤੀ ਸਲੋਕਾਂ ਵਿਚ ਇਸ ਦਾ ਜ਼ਿਕਰ ਕਰਦੇ ਹਨ:

*ਉਦਿਆਨ ਬਸਨੰ ਸੰਸਾਰੰ ਸਨਬੰਧੀ ਸ੍ਵਾਨ ਸਿਆਲ ਖਰਹ॥*

*ਬਿਖਮ ਸਥਾਨ ਮਨ ਮੋਹ ਮਦਿਰੰ ਮਹਾਂ ਅਸਾਧ ਪੰਚ ਤਸਕਰਹ॥* ਪੰਨਾ ੧੩੫੯

ਭਗਤ ਕਬੀਰ ਇਨ੍ਹਾਂ ਰਿਸ਼ਤਿਆਂ ਨਾਤਿਆਂ ਦੇ ਪ੍ਰਬੰਧ ਨੂੰ ਲੜਕੇ ਤੇ ਲੜਕੀ ਦੇ ਰੂਪਕ ਰਾਹੀਂ ਮਨ ਅਤੇ ਬੁੱਧੀ ਦੀ ਗੱਲ ਸਮਝਾਉਂਦੇ ਹਨ, ਆਪਣੇ ਸਲੋਕਾਂ ਵਿੱਚ ਉਹ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵਿਕਾਰਾਂ ਨੂੰ ਅਗਨ ਭੇਟ ਕਰਕੇ ਲਿਵ ਲਾਉਣ ਦੀ ਜਾਚ ਦੱਸ ਕੇ ਮਨ ਰੂਪੀ ਲੜਕੇ ਨੂੰ ਵੇਚਣ ਉਪਰੰਤ ਬੁਧੀ ਰੂਪੀ ਲੜਕੀ ਨੂੰ ਵੀ ਗੁਰੂ ਅੱਗੇ ਸਮਰਪਿਤ ਕਰਨ ਲਈ ਤਤਪਰ ਹੈ:

*ਕਬੀਰ ਐਸਾ ਕੋਈ ਨ ਜਨਮਿਓ ਅਪਨੈ ਘਰਿ ਲਾਵੈ ਆਗਿ॥*

*ਪਾਂਚਉ ਲਰਿਕਾ ਜਾਰਿ ਕੈ ਰਹੈ ਰਾਮ ਲਿਵ ਲਾਗਿ॥*

*ਕੋ ਹੈ ਲਰਿਕਾ ਬੇਚਈ ਲਰਿਕੀ ਬੇਚੈ ਕੋਇ॥*

*ਸਾਝਾ ਕਰੈ ਕਬੀਰ ਸਿਉ ਹਰਿ ਸੰਗਿ ਬਨਜੁ ਕਰੇਇ॥* ਪੰਨਾ ੧੩੬੬

ਭਗਤ ਕਬੀਰ ਪਰਮਾਤਮਾ ਦੇ ਭਗਤ ਦੀ ਕੁੱਤੀ ਨੂੰ ਵੀ ਚੰਗੀ ਮੰਨਦਾ ਹੈ ਕਿਉਂਕਿ ਕੁਸੰਗਤ ਵਿਚ ਜਾਕੇ ਕੁਕਰਮ ਕਰਨ ਵਾਲੇ ਸਾਕਤ ਦੀ ਮਾਂ ਉਸ ਕੁੱਤੀ ਨਾਲੋਂ ਵੀ ਮਾੜੀ ਹੈ ਜੋ ਪਾਪ ਖਰੀਦਣ ਜਾਂਦੀ ਹੈ:

*ਕਬੀਰ ਬੈਸਨਉ ਕੀ ਕੂਕਰਿ ਭਲੀ ਸਾਕਤ ਕੀ ਬੁਰੀ ਮਾਇ॥*

*ਓਹ ਨਿਤ ਸੁਨੈ ਹਰਿ ਨਾਮ ਜਸੁ ਓਹ ਪਾਪ ਬਿਸਾਹਨ ਜਾਇ॥* ਪੰਨਾ ੧੩੬੭

ਜਿਥੇ ਉਹ ਰੱਬ ਤੋਂ ਬੇਮੁੱਖ ਹੋ ਚੁੱਕੇ ਬੰਦੇ ਦੀ ਮਾਂ ਨੂੰ ਬੁਰਾ ਭਲਾ ਕਹਿੰਦਾ ਹੈ ਉਥੇ ਆਪਣੇ ਆਪ ਨੂੰ 'ਮਾਟੀ ਕਾ ਪੁਤਰ' ਕਹਿ ਕੇ ਵਡਿਆਉਂਦਾ ਹੈ। ਜਿਸਦਾ ਨਾਂ ਮਨੁੱਖ ਹੈ ਪਰ ਉਸ ਨੂੰ ਇਹ ਨਹੀਂ ਚੇਤਾ ਕਿ ਉਸਨੇ ਇਕ ਦਮ ਮਿੱਟੀ ਬਣ ਜਾਣਾ ਹੈ:

*ਕਬੀਰ ਮਾਟੀ ਕੇ ਹਮ ਪੂਤਰੇ ਮਾਨਸੁ ਰਾਖਿਓ ਨਾਉ॥*

*ਚਾਰ ਦਿਵਸ ਕੇ ਪਾਹੁਨੇ ਬਡਿ ਬਡਿ ਰੂੰਧਹਿ ਠਾਉ॥* ਪੰਨਾ ੧੩੬੭

ਭਗਤ ਕਬੀਰ ਵਰਗਾ ਕ੍ਰਾਂਤੀਕਾਰੀ ਸਿਰਫ਼ ਆਪਣੀ ਮਾਂ ਦਾ ਨਹੀਂ ਸਗੋਂ ਉਸ ਗੁਰੂ ਦੀ ਮਾਂ ਦਾ ਸਿਰ ਵੀ ਮੁੰਨਣ ਨੂੰ ਤਿਆਰ ਬੈਠਾ ਹੈ; ਜਿਸਦੇ ਦਰਸਾਏ ਮਾਰਗ ਤੇ ਚਲਣ ਨਾਲ ਭਟਕਣਾ ਦੂਰ ਨਹੀਂ ਹੋਈ। ਅਸਲ ਵਿਚ ਉਹ ਪਖੰਡੀ ਗੁਰੂਆਂ ਤੇ ਵਿਅੰਗ ਕੱਸ ਰਿਹਾ ਹੈ:

*ਕਬੀਰ ਮਾਇ ਮੂੰਡਉ ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ॥*

*ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ॥* ਪੰਨਾ ੧੩੬੯-੭੦

ਭਗਤ ਕਬੀਰ ਵਰਗਾ ਕ੍ਰਾਂਤੀਕਾਰੀ ਇਨ੍ਹਾਂ ਦੁਨਿਆਵੀ ਰਿਸ਼ਤਿਆਂ ਦੀ ਕੋਈ ਪਰਵਾਹ ਨਹੀਂ ਕਰਦਾ ਉਸ ਨੂੰ ਆਪਣੇ ਘਰ ਪੁਤਰ 'ਕਮਾਲ' ਦੇ ਪੈਦਾ ਹੋਣ ਤੇ ਖੁਸ਼ੀ ਨਹੀਂ ਹੋਈ। ਡਾ. ਰਾਮ ਕੁਮਾਰ ਵਰਮਾ ਨੇ ਆਪਣੀ ਪੁਸਤਕ 'ਸੰਤ ਕਬੀਰ' ਵਿਚ ਭਗਤ ਕਬੀਰ ਦੇ ਪੁੱਤਰ ਕਮਾਲ ਨੇ ਕਿਸੇ ਧਨੀ ਦੇ ਮੁਰਦਾ ਲੜਕੇ ਨੂੰ ਜ਼ਿੰਦਾ ਕੀਤਾ ਸੀ। ਜਿਸ ਤੋਂ ਪ੍ਰਸੰਨ ਹੋ ਕੇ ਉਸਨੇ ਬਹੁਤ ਸਾਰਾ ਧਨ ਕਮਾਲ ਨੂੰ ਭੇਟ ਕਰ ਦਿੱਤਾ।[17]

*ਬੂਡਾ ਬੰਸੁ ਕਬੀਰ ਕਾ ਉਪਜਿਓ ਪੂਤੁ ਕਮਾਲੁ॥*

*ਹਰਿ ਕਾ ਸਿਮਰਨੁ ਛਾਡਿ ਕੈ ਘਰਿ ਲੇ ਆਯਾ ਮਾਲੁ॥* ਪੰਨਾ ੧੩੭੦

ਉਹ ਗੁਆਂਢੀਆਂ ਤੋਂ ਵੀ ਸਬਕ ਲੈਣ ਦੀ ਜਾਚ ਸਿਖਣ ਉੱਤੇ ਜ਼ੋਰ ਦਿੰਦਾ ਹੈ। ਉਸਨੂੰ ਲੋਕ ਲਾਜ ਦੀ ਖਾਤਰ ਪਰਮਾਰਥ ਨਾ ਛਡਣ ਲਈ ਪ੍ਰੇਰਦਾ ਹੈ ਕਿਉਂਕਿ ਜੋ ਕੁਝ ਪੜੋਸੀ ਦੇ ਘਰ ਵਾਪਰਿਆ ਹੈ ਉਹੀ ਕਲ ਆਪਣੇ ਘਰ ਵਿੱਚ ਵੀ ਹੋ ਸਕਦਾ ਹੈ:

*ਕਬੀਰ ਡੂਬਹਿਗੋ ਰੇ ਬਾਪੁਰੇ ਬਹੁ ਲੋਗਨ ਕੀ ਕਾਨਿ॥*

*ਪਾਰੋਸੀ ਕੇ ਜੋ ਹੂਆ ਤੂ ਅਪਨੇ ਭੀ ਜਾਨੁ॥* ਪੰਨਾ ੧੩੭੩

ਭੱਟ ਸਾਹਿਬਾਨ ਵੀ ਆਪਣੀ ਬਾਣੀ ਵਿਚ ਪਰਿਵਾਰ ਤੇ ਰਿਸ਼ਤੇ ਨਾਤਿਆਂ ਦਾ ਜ਼ਿਕਰ ਕਰਦੇ ਹਨ। ਉਨ੍ਹਾਂ ਅਨੁਸਾਰ ਪਰਿਵਾਰਕ ਮੋਹ ਵਿਚ ਫਸ ਕੇ ਪਰਮਾਤਮਾ ਦੇ ਨਾਮ ਸਿਮਰਨ ਨੂੰ ਛਡ ਕੇ ਮਨੁੱਖ ਵਿਸ਼ਿਆਂ ਰੂਪੀ ਜ਼ਹਿਰ ਨਿਗਲ ਰਿਹਾ ਹੈ :

*ਮਾਯਾ ਮੋਹ ਭਰਮ ਪੈ ਭੂਲੈ ਸੁਤ ਦਾਰਾ ਸਿਉ ਪ੍ਰੀਤ ਲਗਾਈ॥*

*ਇਕ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ॥*

ਪੰਨਾ ੧੪੦੬

ਇਸ ਸੰਸਾਰ ਵਿਚ ਰਹਿੰਦਿਆਂ ਮਨੁੱਖ ਤ੍ਰਿਸ਼ਨਾ ਦੀ ਅੱਗ ਵਿਚ ਸੜਕੇ ਹਮੇਸ਼ਾਂ ਚਿੰਤਾਤੁਰ ਰਹਿੰਦਾ ਹੈ ਪਰੰਤੂ ਜੇ ਗੁਰੂ ਦੀ ਸ਼ਰਨ ਪੈ ਜਾਣ ਵਾਲਿਆਂ ਨੂੰ ਸੰਸਾਰਿਕ ਮੋਹ ਛਡ ਜਾਂਦੇ ਹਨ:

*ਮੋਹੁ ਕੁਟੰਬ ਸਭੁ ਕੂੜੁ ਹੈ ਕੂੜਿ ਰਹਿਆ ਲਪਟਾਇ॥*

*ਅਨਦਿਨੁ ਚਿੰਤਾ ਚਿੰਤਵੈ ਚਿੰਤਾ ਬਧਾ ਜਾਇ॥*

*ਜੰਮਣੁ ਮਰਣੁ ਨ ਚੁਕਈ ਹਉਮੈ ਕਰਮ ਕਮਾਇ॥*

*ਗੁਰ ਸਰਣਾਈ ਉਬਰੈ ਨਾਨਕ ਲਏ ਛਡਾਇ॥* ਪੰਨਾ ੧੪੨੪

ਇਸ ਪ੍ਰਕਾਰ ਗੁਰੂ ਗ੍ਰੰਥ ਸਾਹਿਬ ਵਿਚਲੀ ਰਾਗ ਮੁਕਤ ਬਾਣੀ ਵਿੱਚ ਸੰਸਥਾਗਤ ਸਮਾਜਿਕ ਮੁੱਲਾਂ ਨਾਲ ਸੰਵਾਦ ਰਚਾ ਕੇ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਭਾਵੇਂ ਸਮਾਜ ਵਿੱਚ ਇਹਨਾਂ ਸੰਸਥਾਵਾਂ ਦੀ ਮਹੱਤਤਾ ਤੋਂ ਮੁਨੱਕਰ ਨਹੀਂ ਹੋਇਆ ਜਾ ਸਕਦਾ ਪਰੰਤੂ ਇਹਨਾਂ ਵਿੱਚ ਗਲਤਾਨ ਹੋਣ ਦੀ ਬਜਾਏ ਇਹਨਾਂ ਨੂੰ ਅਧਿਆਤਮਿਕਤਾ ਦੇ ਰਾਹ ਤੁਰਨ ਵਿੱਚ ਸਹਾਇਕ ਮੰਨਣਾ ਚਾਹੀਦਾ ਹੈ।

## (ੲ) ਰਾਗ ਮੁਕਤ ਬਾਣੀ ਵਿਚ ਅਰਥਹੀਣ ਸਮਾਜਿਕ ਪਰੰਪਰਾਵਾਂ ਦੇ ਸਮਵਿੱਥ ਨਵੇਂ ਪ੍ਰਤਿਮਾਨ

ਗੁਰੂ ਗ੍ਰੰਥ ਸਾਹਿਬ ਅਨੁਭਵੀ ਗਿਆਨ ਦਾ ਇਕ ਲਾਸਾਨੀ ਗ੍ਰੰਥ ਹੈ। ਜਿਸ ਵਿਚ ਬਾਣੀਕਾਰਾਂ ਨੇ ਆਪਣੇ ਨਿਰੋਲ ਸਮਾਜਿਕ ਵਿਹਾਰ ਨੂੰ ਅਧਿਆਤਮਕਤਾ ਦੀ ਰੰਗਣ ਵਿਚ ਬੜੀ ਸ਼ਿੱਦਤ ਨਾਲ ਪੇਸ਼ ਕੀਤਾ। ਇਹ ਅਧਿਆਤਮਕਤਾ ਆਪਣਾ ਸਮਾਜਿਕ ਆਦਰਸ਼ ਰੱਖਣ ਵਾਲੀ ਇਕ ਐਸੀ ਸ਼ਕਤੀ ਸੀ, ਜਿਸ ਨੂੰ ਬਾਣੀਕਾਰਾਂ ਨੇ ਆਪਣੇ ਪਿੰਡੇ ਤੇ ਹੰਢਾ ਕੇ ਮੂਰਤੀਮਾਨ ਕੀਤਾ। ਛੇ ਗੁਰੂ ਸਾਹਿਬਾਨ ਤੋਂ ਇਲਾਵਾ ਬਾਕੀ ਤੀਹ ਬਾਣੀਕਾਰ ਸਮਾਜ ਦੇ ਵੱਖ ਵੱਖ ਧਰਮਾਂ, ਵਰਣਾਂ, ਜਾਤੀਆਂ, ਸ਼੍ਰੇਣੀਆਂ ਅਤੇ ਭੂ-ਖੰਡ ਵਿਚ ਵਿਚਰਨ ਵਾਲੇ ਸਨ। ਇਨ੍ਹਾਂ ਸਾਰੇ ਬਾਣੀਕਾਰਾਂ ਨੇ ਹਉਮੈ ਗ੍ਰਸਤ ਸ਼ਕਤੀਆਂ ਨੂੰ ਵੰਗਾਰਨ ਵਿਚ ਅਹਿਮ ਯੋਗਦਾਨ ਪਾਇਆ। ਉਨ੍ਹਾਂ ਨੇ ਸਮਕਾਲੀ ਸਮਾਜ ਦੀਆਂ ਅਰਥਹੀਣ ਸਮਾਜਿਕ ਪਰੰਪਰਾਵਾਂ ਦੇ ਵਿਰੁਧ ਖੁਲ੍ਹ ਕੇ ਬਗਾਵਤ ਕੀਤੀ ਅਤੇ ਸਮਾਜ ਵਿਚ ਫੈਲੇ ਹੋਏ ਕੋਹੜ ਨੂੰ 'ਬਾਣੀ' ਦੇ ਹਥਿਆਰ ਲਈ ਦੂਰ ਕਰਨ ਲਈ ਪਹਿਲਕਦਮੀ ਕੀਤੀ।

ਬਾਣੀ ਚਿੰਤਨ ਸਮੇਂ ਸਮਾਜ ਦੀ ਹਾਲਤ ਅਤਿਅੰਤ ਤਰਸਯੋਗ ਬਣੀ ਹੋਈ ਸੀ। ਦੇਸ਼ ਦੇ ਲੋਟੂ ਹਾਕਮਾਂ ਦੀ ਆਪਸੀ ਫੁੱਟ ਵਿਦੇਸ਼ੀ ਹਮਾਵਰਾਂ ਨੂੰ ਸ਼ਹਿ ਦੇ ਰਹੀ ਸੀ। ਗੁਰੂ ਨਾਨਕ ਸਾਹਿਬ ਨੇ ਸਮਕਾਲੀ ਸਮਾਜ ਦੀ ਇਸ ਅਤਿ ਘਿਨੌਣੀ ਦਸ਼ਾ ਨੂੰ ਵੰਗਾਰਿਆ। ਜਨ ਸਧਾਰਨ ਦੇ ਸੋਸ਼ਨ ਲਈ ਧਰਮ ਨੂੰ ਹਥਿਆਰ ਬਣਾ ਕੇ ਅਤੇ ਵਿਹਾਰਕ ਰੂਪ ਵਿਚ ਸੰਸਕਾਰ, ਅੰਧ ਵਿਸ਼ਵਾਸ ਅਤੇ ਧਾਰਮਿਕ ਰਸਮਾਂ ਹਿੰਦੂ ਧਰਮ ਵਿਚ ਪ੍ਰਚਲਿਤ ਕਰ ਦਿੱਤੀਆਂ ਗਈਆਂ ਜਿਹੜੀਆਂ ਆਮ ਲੋਕਾਈ ਨੂੰ ਨਿਘਾਰ ਅਤੇ ਪਤਨ ਵਲ ਲੈ ਜਾ ਰਹੀਆਂ ਸਨ। ਗੁਰੂ ਸਾਹਿਬ ਅਨੁਸਾਰ:

*ਕਲਿ ਕਾਤੀ ਰਾਜੇ ਕਸਾਈ ਧਰਮੁ ਪੰਖ ਕਰ ਉਡਰਿਆ॥*

*ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹਿ ਚੜਿਆ॥* ਪੰਨਾ ੧੪੫

ਆਮ ਜਨਤਾ ਵਰਣ ਵੰਡ ਦਾ ਸ਼ਿਕਾਰ ਹੋਈ ਮਾਨਸਿਕ ਪੱਖੋਂ ਅਤਿਅੰਤ ਦੁੱਖਾਂ ਦਾ ਸ਼ਿਕਾਰ ਹੋ ਰਹੀ ਸੀ। ਇਸਦਾ ਦੁਸ਼-ਪ੍ਰਭਾਵ ਸਮਾਜ ਵਿਚ ਭਿੱਟ ਅਥਵਾ ਛੂਤ ਛਾਤ ਦੇ ਰੂਪ ਵਿਚ ਪ੍ਰਚਲਿਤ ਹੋ ਗਿਆ। ਅਛੂਤ ਲੋਕਾਂ ਨੂੰ ਤ੍ਰਿਸਕਾਰ ਦੀ ਨਜ਼ਰ ਨਾਲ ਦੇਖਿਆ ਜਾਂਦਾ ਸੀ। ਉਨ੍ਹਾਂ ਨੂੰ ਵੇਦ ਪੜਨ੍ਹ ਦਾ ਅਧਿਕਾਰ ਤਾਂ ਇਕ ਪਾਸੇ ਰਿਹਾ ਮੰਦਰਾਂ ਦੇ ਨੇੜੇ ਵੀ ਆਉਣ ਤੋਂ ਵਰਜਿਆ ਜਾਂਦਾ ਸੀ। ਉਨ੍ਹਾਂ ਅੰਦਰ ਹੀਣਤਾ ਦਾ ਅਹਿਸਾਸ ਪੈਦਾ ਹੋ ਜਾਂਦਾ ਸੀ। "ਮੱਧਕਾਲੀਨ ਸਮਾਜ ਵਿੱਚ ਸੁਚ-ਭਿੱਟ ਅਤੇ ਚੌਂਕਾਕਾਰ ਆਦਿ ਦੀ ਭਾਵਨਾ ਦਾ ਕਾਫੀ ਬੋਲਬਾਲਾ ਸੀ। ਸੁੱਚ-ਭਿੱਟ ਦੀ ਭਾਵਨਾ ਨੂੰ ਬੜ੍ਹਾਵਾ ਦੇਣ ਵਿੱਚ ਕਥਿਤ ਉੱਚ ਸ਼੍ਰੇਣੀ (ਬ੍ਰਾਹਮਣ) ਦਾ ਹੀ ਹੱਥ ਸੀ।" ਸੁੱਚ-ਭਿੱਟ ਨਾਲ ਸਬੰਧਿਤ ਪ੍ਰਥਾ ਚੌਂਕਾਕਾਰ ਦੀ ਸੀ। ਕਥਿਤ ਉਚ ਵਰਣ ਵਾਲੇ ਰਸੋਈ ਵਾਲੀ ਥਾਂ ਦੇ ਆਲੇ ਦੁਆਲੇ ਇਕ ਕਾਰ ਖਿਚ ਦਿੰਦੇ ਸਨ ਜਿਥੇ ਸ਼ੂਦਰ ਜਾਤ ਦਾ ਜਾਣਾ ਵਰਜਿਤ ਹੁੰਦਾ ਸੀ। ਭਿੱਟ ਜਾਣ ਤੇ ਇਸ਼ਨਾਨ ਕਰਨਾ ਪੈਂਦਾ ਜਾਂ ਫਿਰ ਤੀਰਥ ਇਸ਼ਨਾਨ ਕਰਕੇ ਆਪਣੇ ਅੰਦਰੋਂ ਬਾਹਰੋਂ ਸੁਚਤਾ ਦਰਸਾਈ ਜਾਂਦੀ ਪਰ ਗੁਰੂ ਨਾਨਕ ਸਾਹਿਬ ਨੇ ਉਨ੍ਹਾਂ ਉਚ ਵਰਣਾਂ ਵਾਲਿਆਂ ਦੀ ਮੰਦੀ ਭਾਵਨਾ, ਮੰਦੀ ਸੋਚ ਅਤੇ ਮੰਦੀ ਕਰਨੀ ਨੂੰ ਜ਼ੋਰਦਾਰ ਸ਼ਬਦਾਂ ਵਿਚ ਭੰਡਿਆ ਹੈ:

*ਚਉਕੇ ਉਪਰ ਕਿਸੈ ਨ ਜਾਣਾ॥*

*ਦੇ ਕੈ ਚਉਕਾ ਕਢੀ ਕਾਰ॥*

*ਉਪਰ ਆਇ ਬੈਠੇ ਕੂੜਿਆਰ॥*

*ਮਤ ਭਿਟੈ ਵੇ ਮਤੁ ਭਿਟੈ॥*

*ਇਹੁ ਅੰਨੁ ਅਸਾਡਾ ਫਿਟੈ॥* ਪੰਨਾ ੪੭੧

ਅਸਲ ਵਿਚ ਬ੍ਰਾਹਮਣ ਜਾਤੀ ਨੇ ਆਪਣੇ ਸੁਆਰਥਾਂ ਦੀ ਸਿੱਧੀ ਲਈ ਉਸ ਸਮੇਂ ਦੇ ਲੋਕਾਂ ਨੂੰ ਲੁਟਣ ਲਈ ਅਨੇਕ ਤਰ੍ਹਾਂ ਦੇ ਭ੍ਰਮ ਜਾਲ ਪੈਦਾ ਕੀਤੇ ਹੋਏ ਸਨ। ਲੋਕਾਂ ਅੰਦਰ ਤੀਰਥ ਇਸ਼ਨਾਨ ਨੂੰ ਇਕ ਧਾਰਮਿਕ ਸੰਸਕਾਰ ਦੇ ਤੌਰ ਤੇ ਇਕ ਸਮਾਜਿਕ ਲੋਕ ਵਿਸ਼ਵਾਸ ਦੇ ਰੂਪ ਵਿਚ ਪੇਸ਼ ਕੀਤਾ ਜਾਂਦਾ ਸੀ। ਆਦਿ ਕਾਲ ਤੋਂ ਮਨੁੱਖ ਦੇ ਮਨ ਅੰਦਰ ਆਤਮਿਕ ਸ਼ਾਂਤੀ, ਆਨੰਦ ਤੇ ਮੁਕਤੀ ਦੀ ਇਛਾ ਹੋਣ ਕਰਕੇ ਬ੍ਰਾਹਮਣ ਵਰਗ ਨੇ ਆਮ ਲੋਕਾਂ ਦੀਆਂ ਇਨ੍ਹਾਂ ਭਾਵਨਾਵਾਂ ਨੂੰ ਅਧਾਰ ਬਣਾ ਕੇ ਸਮਾਜ ਵਿਚ ਅਜਿਹੇ ਵਿਸ਼ਵਾਸ ਪੈਦਾ ਕਰ ਦਿੱਤੇ ਸਨ ਕਿ ਜਿਨ੍ਹਾਂ ਅਧੀਨ ਤੀਰਥਾਂ ਤੇ ਜਾ ਕੇ ਆਪਣੇ ਪਾਪਾਂ ਨੂੰ ਧੋਤਾ ਜਾਵੇ ਪਰੰਤੂ ਭਗਤ ਕਬੀਰ ਨੇ ਲੋਕਾਂ ਨੂੰ ਅਜਿਹੇ ਫੋਕੇ ਵਹਿਮਾਂ ਭਰਮਾਂ ਤੋਂ ਅਜ਼ਾਦ ਕਰਵਾਇਆ

ਅਤੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਕਿ ਗੰਗਾ ਕੰਢੇ ਰਹਿਣ ਨਾਲ ਜਾਂ ਗੰਗਾ ਜਲ ਪੀਣ ਨਾਲ ਮੁਕਤੀ ਨਹੀਂ ਹੋਣੀ:

*ਕਬੀਰ ਗੰਗਾ ਤੀਰ ਜੁ ਘਰੁ ਕਰਹਿ ਪੀਵਹਿ ਨਿਰਮਲ ਨੀਰੁ॥*

*ਬਿਨੁ ਹਰਿ ਭਗਤਿ ਨ ਮੁਕਤਿ ਹੋਇ ਇਉ ਕਹਿ ਰਮੇ ਕਬੀਰੁ॥*

*ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ॥*

*ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ॥* ਪੰਨਾ ੧੩੬੭

ਗੁਰੂ ਨਾਨਕ ਸਾਹਿਬ ਨੇ ਤੀਰਥਾਂ ਦੀ ਮਹਾਨਤਾ ਬਾਰੇ ਪੁਰਾਣੇ ਅਰਥਾਂ ਨੂੰ ਖਾਰਜ ਕਰਕੇ ਨਵੇਂ ਅਰਥ ਸੁਝਾ ਦਿੱਤੇ। ਮਨ ਵਿਚ ਭਾਉ ਤੇ ਭਗਤੀ ਹੋਵੇ ਤਾਂ ਤੀਰਥ ਯਾਤਰਾ, ਤੱਪ ਸਾਧਨਾ, ਜੀਵਾਂ ਤੇ ਦਇਆ ਕਰਨੀ ਅਤੇ ਦਾਨ-ਪੁੰਨ ਸਫਲ ਹਨ। ਜੋ ਵਿਅਕਤੀ ਆਪਣੇ ਅੰਦਰਲੇ ਤੀਰਥ ਭਾਵ ਮਨ ਦੀ ਮੈਲ ਨੂੰ ਕੱਟ ਲਵੇ ਤਾਂ ਉਹ ਉੱਤਮ ਮਨੁੱਖ ਬਣ ਸਕਦਾ ਹੈ। ਤੀਰਥ ਇਸ਼ਨਾਨ ਵਰਗੇ ਕਰਮ ਕਾਂਡ ਕੋਈ ਸਹਾਇਤਾ ਨਹੀਂ ਕਰਦੇ ਸਗੋਂ ਉਸ ਸਚਿਆਰੇ ਦੇ ਗੁਣਾਂ ਦਾ ਗਾਹਕ ਬਨਣ ਲਈ ਨਾਮ ਰੂਪੀ ਤੀਰਥ ਇਸ਼ਨਾਨ ਕਰਨਾ ਜ਼ਰੂਰੀ ਹੈ:

*ਤੀਰਥੁ ਤਪੁ ਦਇਆ ਦਤੁ ਦਾਨੁ॥*

*ਜੇ ਕੋ ਪਾਵੈ ਤਿਲ ਕਾ ਮਾਨੁ॥*

*ਸੁਣਿਆ ਮੰਨਿਆ ਮਨਿ ਕੀਤਾ ਭਾਉ।*

*ਅੰਤਰਗਤਿ ਤੀਰਥ ਮਲਿ ਨਾਉ॥* ਪੰਨਾ ੪

ਜਿਥੇ ਹਿੰਦੂਆਂ ਨੂੰ ਤੀਰਥ ਇਸ਼ਨਾਨ ਦੀ ਮਹੱਤਤਾ ਬਾਰੇ ਜਾਗਰੂਕ ਕਰਨਾ ਚਾਹਿਆ, ਉਥੇ ਭਗਤ ਕਬੀਰ ਹਜ ਕਾਬੇ ਦੀ ਯਾਤਰਾ ਕਰਨ ਵਾਲੇ ਸ਼ੇਖਾਂ ਨੂੰ ਤਾੜਨਾ ਕਰਦੇ ਹਨ ਕਿ ਜੇ ਮਨ ਵਿਚ ਸੰਤੋਖ ਨਹੀਂ ਤਾਂ ਕਾਬੇ ਦਾ ਹੱਜ ਕਰਨ ਨਾਲ ਵੀ ਕੁਝ ਨਹੀਂ ਸੰਵਰ ਸਕਦਾ। ਇਸ ਲਈ ਜੇ ਸੰਤੋਖ ਦੀ ਪ੍ਰਾਪਤੀ ਹੋ ਜਾਵੇ ਤਾਂ ਯਾਤਰਾ ਕਰਨ ਦਾ ਲਾਭ ਹੋਵੇਗਾ

*ਸੇਖ ਸਬੂਰੀ ਬਾਹਰਾ ਕਿਆ ਹਜ ਕਾਬੇ ਜਾਇ॥*

*ਕਬੀਰ ਜਾ ਕੀ ਦਿਲ ਸਾਬਤਿ ਨਹੀ ਤਾ ਕਉ ਕਹਾਂ ਖੁਦਾਇ॥* ਪੰਨਾ ੧੩੭੪

ਬਾਣੀ ਦੇ ਸਿਰਜਨ ਕਾਲ ਵਿਚ ਆਮ ਲੋਕਾਂ ਦਾ ਜੀਵਨ ਅੰਧ ਵਿਸ਼ਵਾਸਾਂ, ਛੂਤ ਛਾਤ ਅਤੇ ਜਾਤੀ ਪ੍ਰਥਾ ਉਪਰ ਅਧਾਰਿਤ ਵਖਰੇਵਿਆਂ ਦਾ ਸ਼ਿਕਾਰ ਹੋ ਜਾਣ ਕਰਕੇ ਲੋਕਾਂ ਦੇ ਧਾਰਮਿਕ ਜੀਵਨ ਵਿਚ ਵੀ ਅਨੇਕਾਂ ਕੁਰੀਤੀਆਂ ਅਤੇ ਵਹਿਮ ਭਰਮ ਪੈਦਾ ਹੋ ਚੁੱਕੇ ਸਨ। ਜਿਨ੍ਹਾਂ ਨਾਲ ਉਨ੍ਹਾਂ ਦਾ ਜੀਵਨ ਪਤਨ ਵਲ ਵਧ ਰਿਹਾ ਸੀ। ਸਦੀਆਂ ਤੋਂ ਚਲੀਆਂ ਆ ਰਹੀਆਂ ਪਰੰਪਰਾਵਾਂ ਨੇ ਉਨ੍ਹਾਂ

ਅੰਦਰ ਅੰਧ ਵਿਸ਼ਵਾਸਾਂ ਦੀ ਪਕੜ ਬੜੀ ਮਜ਼ਬੂਤ ਕਰ ਦਿੱਤੀ ਸੀ। ਸਮਕਾਲੀ ਸਮਾਜ ਵਿਚ ਧਾਰਮਿਕ ਸਥਿਤੀ ਨੇ ਵਿਕਰਾਲ ਰੂਪ ਧਾਰਨ ਕਰ ਲਿਆ ਸੀ ਕਿਉਂਕਿ ਉਸ ਸਮੇਂ ਦੇ ਸਾਰੇ ਧਰਮ ਅਨੇਕ ਪ੍ਰਕਾਰ ਦੀਆਂ ਕੁਰੀਤੀਆਂ ਦਾ ਸ਼ਿਕਾਰ ਹੋ ਚੁਕੇ ਸਨ। ਹਰ ਧਰਮ ਦਾ ਆਗੂ ਆਪਣੇ ਧਰਮ ਨੂੰ ਉੱਚਾ ਸਾਬਤ ਕਰਨ ਲਈ ਅਨੇਕਾਂ ਪ੍ਰਕਾਰ ਦੇ ਹਥਕੰਡੇ ਅਪਣਾ ਰਿਹਾ ਸੀ। ਲੋਕਾਂ ਨੂੰ ਲਾਲਚ, ਡਰਾਵੇ ਜਾਂ ਜੋਰ ਜਬਰ ਨਾਲ ਆਪਣੇ ਧਰਮ ਵਲ ਖਿਚਿਆ ਜਾ ਰਿਹਾ ਸੀ ਜਿਸ ਕਰਕੇ ਧਰਮ ਆਪਣੇ ਅਸਲੀ ਅਰਥ ਗੁਆ ਚੁੱਕਾ ਸੀ। ਸਮਾਜ ਵਿਚ ਜਿਥੇ ਵਰਣ ਵੰਡ ਅਤੇ ਜਾਤੀ ਪ੍ਰਥਾ ਦਾ ਬੋਲਬਾਲਾ ਸੀ ਉਥੇ ਆਰਥਿਕ ਕਾਣੀ ਵੰਡ ਅਤੇ ਨਾ ਬਰਾਬਰੀ ਵੀ ਪੂਰੀ ਤਰ੍ਹਾਂ ਫੈਲ ਚੁੱਕੀ ਸੀ। ਸੱਤਾ ਵਰਗ ਵਿਲਾਸਤਾ ਭਰਪੂਰ ਜੀਵਨ ਬਿਤਾਉਣ ਵਾਸਤੇ ਧਨ ਦੌਲਤ ਇਕੱਠੀ ਕਰਨ ਲਈ ਲੋਕਾਂ ਪਾਸੋਂ ਕਰ ਉਗਰਾਹੁੰਦਾ ਸੀ। ਦੂਜਿਆਂ ਦਾ ਹੱਕ ਮਾਰ ਕੇ ਇਹ 'ਮਾਇਆ' ਪ੍ਰਾਪਤ ਕੀਤੀ ਜਾਂਦੀ ਹੈ ਪਰ ਇਸ ਨੇ ਨਾਲ ਨਹੀਂ ਜਾਣਾ:

*ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ॥*

*ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥* ਪੰਨਾ ੪੧੭

ਗੁਰੂ ਗ੍ਰੰਥ ਸਾਹਿਬ ਸਮੂਹ ਲੋਕਾਈ ਦੀ ਪ੍ਰਤੀਨਿਧਤਾ ਕਰਨ ਵਾਲਾ ਗ੍ਰੰਥ ਹੈ। ਗੁਰੂ ਨਾਨਕ ਦੀ ਬਾਣੀ 'ਜਪੁਜੀ' ਦੇ ਆਰੰਭ ਵਿਚ ਮੂਲ ਮੰਤਰ ਨਾਲ ਅਰੰਭ ਹੋਣ ਵਾਲਾ ਇਹ ਗ੍ਰੰਥ ਉਹਨਾਂ ਦੀ ਵਿਚਾਰਧਾਰਾ ਨੂੰ ਪ੍ਰਗਟਾਉਂਦਾ ਹੈ। ਇਹ ਬਾਣੀ ਸਮਾਜ ਦੀ ਉਨਤੀ, ਪ੍ਰਗਤੀ ਅਤੇ ਭਲਾਈ ਹਿੱਤ ਰਚੀ ਗਈ ਹੈ। ਉਹ ਵਹਿਮਾਂ-ਭਰਮਾਂ, ਪਾਖੰਡਾਂ, ਜ਼ੁਲਮੀ ਅਤੇ ਕੁਕਰਮੀ ਮਨੁੱਖਾਂ ਵਾਲਾ ਸਮਾਜ ਉਸਾਰਨ ਦੀ ਬਜਾਏ 'ਕਿਵ ਸਚਿਆਰਾ ਹੋਈਐ' ਦਾ ਸਿਧਾਂਤ ਲੈ ਕੇ ਇਕ ਆਦਰਸ਼ਕ ਸਮਾਜ ਦਾ ਸਰੂਪ ਇਸ ਪ੍ਰਕਾਰ ਚਿਤਵਦੇ ਹਨ:

*ਐਸੇ ਜਨ ਵਿਰਲੇ ਜਗ ਅੰਦਰਿ ਪਰਖਿ ਖਜਾਨੈ ਪਾਇਆ॥*

*ਜਾਤਿ ਵਰਨ ਤੇ ਭਏ ਅਤੀਤਾ ਮਮਤਾ ਲੋਭੁ ਚੁਕਾਇਆ॥*

*ਨਾਮਿ ਰਤੇ ਤੀਰਥ ਸੇ ਨਿਰਮਲ ਦੁਖੁ ਹਉਮੈ ਮੈਲੁ ਚੁਕਾਇਆ॥*

*ਨਾਨਕੁ ਤਿਨ ਕੇ ਚਰਨ ਪਖਾਲੈ ਜਿਨਾ ਗੁਰਮੁਖਿ ਸਾਚਾ ਭਾਇਆ॥* ਪੰਨਾ ੧੩੪੫

ਬਾਬਾ ਫਰੀਦ ਨੇ ਆਪਣੀ ਵਿਚਾਰਧਾਰਾ ਦਾ ਪ੍ਰਗਟਾਵਾ ਆਮ ਲੋਕਾਈ ਦੇ ਪੱਧਰ ਤੇ ਕੀਤਾ। ਮੁਸਲਮਾਨ ਹਮਲਾਵਰ ਆਪਣੇ ਸੱਭਿਆਚਾਰ ਨੂੰ ਸਾਰੇ ਭਾਰਤ ਉਪਰ ਠੋਸਣਾ ਚਾਹੁੰਦੇ ਸਨ ਜਿਸ ਦੇ ਫਲਸਰੂਪ ਹਿੰਦੂ ਪੁਜਾਰੀ ਵਰਗ ਵਿਚ ਫੈਲੀ ਕੱਟੜਤਾ ਤੋਂ ਦੁਖੀ ਪਰਜਾ ਬਾਬਾ ਫਰੀਦ ਦੀ ਪੈਰੋਕਾਰ ਬਣ ਕੇ ਉਨ੍ਹਾਂ ਦੀ ਵਿਚਾਰਧਾਰਾ ਨੂੰ ਅਪਨਾਉਣ ਲਗ ਪਈ। ਇਤਿਹਾਸ ਵਿਚ ਕਿਧਰੇ ਵੀ

ਇਹ ਜ਼ਿਕਰ ਪ੍ਰਾਪਤ ਨਹੀਂ ਹੁੰਦਾ ਕਿ ਬਾਬਾ ਫਰੀਦ ਨੇ ਜਬਰੀ ਕਿਸੇ ਉੱਤੇ ਆਪਣਾ ਧਰਮ ਠੋਸਿਆ ਹੋਵੇ ਪਰੰਤੂ ਆਮ ਲੋਕਾਈ ਉਨ੍ਹਾਂ ਦੇ ਪਿਆਰ ਅਤੇ ਵਿਚਾਰਧਾਰਾ ਤੋਂ ਬਹੁਤ ਪ੍ਰਭਾਵਿਤ ਹੋਈ। ਉਹ ਸਵੈ ਸੰਬੋਧਨੀ ਸ਼ੈਲੀ ਰਾਹੀਂ ਸੂਫ਼ੀ ਪਹਿਰਾਵਾ ਪਹਿਨਣ ਵਾਲੇ ਨੂੰ ਵੀ ਬੜੇ ਪਿਆਰ ਨਾਲ ਸਮਝਾਉਂਦੇ ਹਨ:

*ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ॥*
*ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ॥* ਪੰਨਾ ੧੩੮੦

ਬਾਣੀਕਾਰਾਂ ਨੇ ਪਖੰਡ ਤੇ ਦਿਖਾਵੇ ਦੀ ਜੁਗਤ ਨੂੰ ਅਸਵੀਕਾਰ ਕਰਕੇ ਸਮੁੱਚੀ ਬਾਣੀ ਰਾਹੀਂ ਲੋਕਾਂ ਨੂੰ ਸਿੱਧੇ ਰਾਹ ਤੇ ਪਾਇਆ। ਬਾਣੀ ਚਿੰਤਨ ਨੂੰ ਅਧਾਰ ਬਣਾ ਕੇ ਰਾਗ ਮੁਕਤ ਬਾਣੀ ਵਿੱਚ ਜਿਨ੍ਹਾਂ ਅਰਥਹੀਣ ਪਰੰਪਰਾਵਾਂ ਤੋਂ ਕਿਨਾਰਾ ਕਰਨ ਤੇ ਜ਼ੋਰ ਦਿੱਤਾ ਗਿਆ ਹੈ ਉੱਥੇ ਆਪਣੇ ਆਪ ਨੂੰ ਜੋਗੀ, ਤਿਆਗੀ, ਵੈਰਾਗੀ ਅਤੇ ਸੰਨਿਆਸੀ ਕਹਿਣ ਵਾਲੇ ਅਤੇ ਭਗਵੇ ਵੇਸ ਪਹਿਨਣ ਵਾਲਿਆਂ ਨੂੰ ਗੁਰੂ ਅਮਰਦਾਸ ਤਾੜਨਾ ਕਰਦੇ ਹੋਏ ਕਹਿੰਦੇ ਹਨ:

*ਜੋਗੁ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ॥*
*ਨਾਨਕ ਘਰਿ ਬੈਠਿਆ ਜੋਗੁ ਪਾਈਐ ਸਤਿਗੁਰ ਕੈ ਉਪਦੇਸਿ॥* ਪੰਨਾ ੧੪੨੧

ਉਸ ਸਮੇਂ ਦੀ ਸਮਾਜਿਕ ਬਣਤਰ ਵਿਚ ਬ੍ਰਾਹਮਣਾਂ ਅਤੇ ਪੰਡਤਾਂ ਦਾ ਦਬਦਬਾ ਬਣਿਆ ਹੋਣ ਕਰਕੇ ਗੁਰੂ ਨਾਨਕ ਨੇ ਉਨ੍ਹਾਂ ਦੁਆਰਾ ਫੈਲਾਏ ਅੰਧ ਵਿਸ਼ਵਾਸਾਂ ਅਤੇ ਗੁਮਰਾਹਕੁਨ ਰਸਮਾਂ ਨੂੰ ਬੜੇ ਦਲੀਲਮਈ ਢੰਗ ਨਾਲ ਨਕਾਰਿਆ ਅਤੇ ਲੋਕਾਂ ਦੇ ਮਨਾਂ ਵਿਚੋਂ ਉਨ੍ਹਾਂ ਦੇ ਆਤੰਕ ਅਤੇ ਭੈਅ ਨੂੰ ਕਢਿਆ। ਨਾਲ ਹੀ ਇਸ ਸਮੁੱਚੇ ਭੇਖ ਦਿਖਾਵੇ ਅਤੇ ਅੰਧ ਵਿਸ਼ਵਾਸ ਪਿਛੇ ਛੁਪੇ ਹੋਏ ਬ੍ਰਾਹਮਣ ਵਰਗ ਨੇ ਭ੍ਰਿਸ਼ਟਾਚਾਰ ਅਤੇ ਸਵਾਰਥ ਨੂੰ ਨੰਗਾ ਕੀਤਾ ਹੈ।[18] ਬ੍ਰਾਹਮਣ ਵਰਗ ਨੇ ਧਰਮ ਦੇ ਨਾਂ ਉੱਤੇ 'ਕੂੜ' ਦਾ ਪਸਾਰਾ ਕੀਤਾ ਹੋਇਆ ਸੀ। ਗੁਰੂ ਨਾਨਕ ਸਾਹਿਬ ਨੇ ਉਨ੍ਹਾਂ ਤੇ ਕਰਾਰੀ ਚੋਟ ਕੀਤੀ ਜਿਸ ਨਾਲ ਆਮ ਲੁਕਾਈ ਦੇ ਮਨਾਂ ਵਿਚ 'ਸੱਚ' ਨੂੰ ਉਭਾਰਿਆ। ਉਸ ਸਮੇਂ ਦੀਆਂ ਫੋਕੀਆਂ ਰਸਮਾਂ ਸੂਤਕ, ਜਨੇਊ ਧਾਰਨ ਕਰਨਾ, ਸੁਚ ਜੂਠ, ਊਚ ਨੀਚ ਦੇ ਵਿਤਕਰੇ ਨੂੰ ਦਲੀਲਾਂ ਰਾਹੀਂ ਨਕਾਰਿਆ ਅਤੇ ਨਾਲ ਹੀ ਪੰਡਤਾਂ ਨੂੰ ਤਾੜਨਾ ਕੀਤੀ ਕਿ ਜੇ ਜਨੇਊ ਪਹਿਨਣਾ ਹੈ ਤਾਂ ਉਸ ਵਿਚ ਦਇਆ, ਸੰਤੋਖ ਅਤੇ ਜਤ ਸਤ ਨੂੰ ਵੀ ਸ਼ਾਮਲ ਕਰ ਲਵੋ:

*ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥*
*ਏਹ ਜਨੇਊ ਜੀਅ ਕਾ ਹਈ ਤਾਂ ਪਾਂਡੇ ਘਤੁ॥* ਪੰਨਾ ੪੭੧

ਮੱਧਕਾਲ ਵਿਚ ਭਗਤੀ ਲਹਿਰ ਦਾ ਉਦੈ ਸਮਾਜਿਕ ਵਿਵਸਥਾ ਦੇ ਵਿਰੋਧ ਵਿਚ ਹੋਇਆ। ਇਸ ਤਰ੍ਹਾਂ ਜਾਤ ਪਾਤ ਦੇ ਪੀੜਤ ਵਰਗ ਨਾਲ ਸੰਬੰਧਿਤ ਮਨੁੱਖਾਂ ਨੂੰ ਆਤਮ ਅਭਿਵਿਅਕਤੀ ਦਾ ਪਹਿਲੀ ਵਾਰ ਮੌਕਾ ਮਿਲਿਆ। ਭਗਤ ਨਾਮਦੇਵ, ਕਬੀਰ ਅਤੇ ਰਵਿਦਾਸ ਭਗਤਾਂ ਨੇ ਆਪਣੇ ਨਾਲ ਹੋ ਰਹੇ ਅਨਿਆਂ ਦੀ ਪੇਸ਼ਕਾਰੀ ਕਰਕੇ ਇੱਕ ਤਰ੍ਹਾਂ ਪ੍ਰਾਚੀਨ ਭਾਰਤੀ ਵਿਵਸਥਾ ਨੂੰ ਸਿੱਧੀ ਚੁਣੌਤੀ ਦਿੱਤੀ। ਗੁਰੂ ਅਰਜਨ ਦੇਵ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਨਾਲ ਅਖੌਤੀ ਨੀਵੀਆਂ ਜਾਤੀਆਂ ਨੂੰ ਬਰਾਬਰ ਦਾ ਸਤਿਕਾਰ ਦਿੱਤਾ ਪਰ ਸਮੁੱਚਾ ਹਿੰਦੂ ਅਤੇ ਮੁਸਲਿਮ ਸਮਾਜ ਫੋਕੀਆਂ ਰਸਮਾਂ ਅਤੇ ਕਰਮ ਕਾਂਡਾਂ ਵਿਚ ਫਸਿਆ ਹੋਇਆ ਹੈ। ਸਮਾਜ ਵਿਚ ਫੈਲੀਆਂ ਇਨ੍ਹਾਂ ਅਰਥਹੀਣ ਪਰੰਪਰਾਵਾਂ ਬਾਰੇ ਡਾ. ਕੁਲਵੰਤ ਕੌਰ ਲਿਖਦੇ ਹਨ:

*ਸਮਕਾਲੀ ਸਮਾਜ ਵਿਚ ਇਕ ਹਿੰਦੂ ਲਈ ਅਠਾਹਠ ਤੀਰਥਾਂ ਦੇ ਇਸ਼ਨਾਨ ਦਾ ਮਹਾਤਮ ਸੀ ਉਸੇ ਤਰ੍ਹਾਂ ਮੋਮਨ ਮੁਸਲਮਾਨ ਲਈ ਕਾਅਬੇ ਦਾ ਹੱਜ ਦਾ ਮਹਾਤਮ ਮੰਨਿਆ ਜਾਂਦਾ ਸੀ। ਇਸਲਾਮ ਦੇ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਦੀ ਜਨਮ ਭੂਮੀ ਅਤੇ ਕਰਮ ਭੂਮੀ ਸੱਚੀ ਕਰਨੀ ਲਈ ਸਹਾਇਕ ਹੋ ਸਕਦੀ ਹੈ ਪਰੰਤੂ ਅੰਧਾਧੁੰਦੇ ਅੰਧ ਵਿਸ਼ਵਾਸ ਵਿਚ ਪਰੁੱਚੇ ਵਿਅਕਤੀ ਲਈ ਕਾਅਬੇ ਦੇ ਹੱਜ ਨਾਲ ਕੀ ਸੰਵਰ ਸਕਦਾ ਸੀ। ਇਕ ਕਰਮ ਕਾਂਡੀ ਹਾਜੀ ਸੌ ਵਾਰ ਵੀ ਹੱਜ ਕਰ ਲਵੇ ਤਾਂ ਵੀ ਉਸ ਦੀ ਸੋਚਣੀ ਅਤੇ ਚਿੰਤਨ ਅਪ੍ਰਭਾਵਿਤ ਹੀ ਰਹਿਣਗੇ।[19] ਇਕ ਮੁਸਲਮਾਨ ਜੁਲਾਹੇ ਜਾਤ ਨਾਲ ਸਬੰਧਿਤ ਭਗਤ ਕਬੀਰ ਦਾ ਅਨੁਭਵ ਮੂੰਹੋਂ ਬੋਲਦਾ ਹੈ:*

*ਕਬੀਰ ਹਜ ਕਾਬੈ ਹੋਇ ਹੋਇ ਗਇਆ ਕੇਤੀ ਬਾਰ ਕਬੀਰ॥*
*ਸਾਂਈ ਮੁਝਿ ਮਹਿ ਕਿਆ ਖਤਾ ਮੁਖਹੁ ਨ ਬੋਲੈ ਪੀਰ॥* ਪੰਨਾ ੧੩੭੫

ਮੱਧਕਾਲੀਨ ਸਮਾਜ ਵਿਚ ਨਰਕ ਅਤੇ ਸੁਰਗ ਦੋ ਸ਼ਬਦਾਂ ਦਾ ਆਮ ਪ੍ਰਚਲਨ ਸੀ। ਬਦਤਰ ਤੋਂ ਬਦਤਰ ਥਾਂ ਨਰਕ ਅਤੇ ਸੁੰਦਰ ਨੂੰ ਸੁਰਗ ਮੰਨਿਆ ਜਾਂਦਾ ਸੀ। ਭਾਈ ਕਾਹਨ ਸਿੰਘ ਨਾਭਾ ਨਰਕ ਬਾਰੇ ਲਿਖਦੇ ਹਨ: ਪੁਰਾਣਾਂ ਅਨੁਸਾਰ ਉਹ ਦੇਸ਼ ਜਿਥੇ ਪਾਪੀ ਜੀਵ ਕਰਮਾਂ ਦਾ ਫਲ ਭੋਗਣ ਲਈ ਜਾਂਦੇ ਹਨ।[20] ਸੁਰਗ ਬਾਰੇ ਉਨ੍ਹਾਂ ਦਾ ਕਥਨ ਹੈ: ਦੇਵ ਲੋਕ, ਬਹਿਸ਼ਤ ਜਾਂ ਇੰਦਰ ਲੋਕ ਭਾਵ ਦੇਵਤਿਆਂ ਦੇ ਰਹਿਣ ਦਾ ਸਥਾਨ।[21] ਲੋਕਾਂ ਨੂੰ ਸੁਰਗ ਜਾਣ ਦੇ ਲਾਲਚ ਵਿਚ ਕਰਮ-ਕਾਂਡਾਂ ਦਾ ਆਸਰਾ ਲੈਣ ਲਈ ਮਜਬੂਰ ਕੀਤਾ ਜਾਂਦਾ ਸੀ। ਬਾਣੀਕਾਰਾਂ ਨੇ ਬੜੇ ਸਰਲ ਤੇ ਸਪਸ਼ਟ ਸ਼ਬਦਾਂ ਵਿਚ ਦੱਸਿਆ ਹੈ ਕਿ ਸੁਰਗ ਤੇ ਨਰਕ ਸਿਰਫ਼ ਆਤਮਿਕ ਮੰਡਲ ਹਨ ਜਿਨ੍ਹਾਂ ਦੀ ਪ੍ਰਾਪਤੀ ਲਈ ਆਪਣੇ ਅੰਦਰੋਂ ਝਾਤੀ ਮਾਰਨ ਦੀ ਲੋੜ ਹੈ। ਗੁਰੂ ਨਾਨਕ ਸਾਹਿਬ ਨੇ ਆਪਣੇ ਆਪ ਨੂੰ ਪਹਿਚਾਨਣ ਤੇ ਜ਼ੋਰ ਦਿੱਤਾ ਤਾਂ ਜੁ ਨਰਕ ਸੁਰਗ ਦੇ ਲਾਰਿਆਂ ਤੋਂ ਬਚਿਆ ਜਾ ਸਕੇ:

*ਸਚਖੰਡਿ ਵਸੈ ਨਿਰੰਕਾਰ॥*

*ਕਰਿ ਕਰਿ ਵੇਖੈ ਨਦਰਿ ਨਿਹਾਲ॥*

*ਤਿਥੈ ਖੰਡ ਮੰਡਲ ਵਰਭੰਡ॥*

*ਜੇ ਕੋ ਕਥੈ ਤ ਅੰਤ ਨ ਅੰਤ॥*

*ਤਿਥੈ ਲੋਅ ਲੋਅ ਆਕਾਰ॥*

*ਜਿਵ ਜਿਵ ਹੁਕਮ ਤਿਵੈ ਤਿਵ ਕਾਰ॥* ਪੰਨਾ ੮

ਬਾਬਾ ਫਰੀਦ ਲੋਕਾਂ ਨੂੰ ਇਸ ਗੱਲ ਦੀ ਸੋਝੀ ਦਿੰਦੇ ਹਨ ਕਿ ਨਰਕ ਦੀ ਲੂੰਹਦੀ ਅੱਗ ਵਿਚੋਂ ਆਪਣੇ ਚੰਗੇ ਕਰਮਾਂ ਨਾਲ ਬਚਿਆ ਜਾ ਸਕਦਾ ਹੈ। ਐਵੇਂ ਪੁੰਨ ਪਾਪ ਕਰਮਾਂ ਦੇ ਝਗੜਿਆਂ ਵਿਚ ਗਲਤਾਨ ਹੋਣ ਨਾਲੋਂ ਚੰਗੇ ਕਰਮ ਕਰਨੇ ਚਾਹੀਦੇ ਹਨ:

*ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ॥*

*ਅਗੈ ਦੋਜਕੁ ਤਪਿਆ ਸੁਣੀਐ ਹੂਲ ਪਵੈ ਕਾਹਾਹਾ॥*

*ਇਕਨਾ ਕੋ ਸਭ ਸੋਝੀ ਆਈ ਇਕਿ ਫਿਰਦੇ ਵੇਪਰਵਾਹਾ॥*

*ਅਮਲੁ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ॥* ਪੰਨਾ ੧੩੮੩

ਬਾਣੀ ਦੇ ਸਿਰਜਨ ਕਾਲ ਸਮੇਂ ਭਾਰਤ ਵਿਚ ਮੁਗਲ ਰਾਜ ਦੀ ਸਥਾਪਤੀ ਦਾ ਦੌਰ ਅਰੰਭ ਹੋ ਚੁੱਕਾ ਸੀ। ਹਿੰਦੂ ਸਮਾਜ ਵਿਚਲੀ ਸ਼੍ਰੇਣੀ ਵੰਡ ਨਾਲ ਨੀਵੀਆਂ ਜਾਤੀਆਂ ਨੂੰ ਤ੍ਰਿਸਕਾਰ ਦਾ ਸ਼ਿਕਾਰ ਹੋਣਾ ਪਿਆ। ਉਨ੍ਹਾਂ ਲਈ ਇਹ ਜਾਤ ਪਾਤ ਅਤੇ ਊਚ ਨੀਚ ਦੇ ਵਖਰੇਵੇਂ ਨੂੰ ਸਹਿਣਾ ਅਤਿਅੰਤ ਔਖਾ ਹੋ ਗਿਆ ਜਿਸ ਦੇ ਪ੍ਰਤੀਕਰਮ ਵਜੋਂ ਮੁਸਲਮਾਨ ਬਣ ਗਏ। ਉਦੋਂ ਤਕ ਇਸਲਾਮ ਵਿਚ ਵੀ ਅਖੌਤੀ ਭੇਖ ਦਿਖਾਵਾ ਅਰੰਭ ਹੋ ਚੁੱਕਾ ਸੀ। ਬਾਣੀਕਾਰਾਂ ਨੇ ਉਨ੍ਹਾਂ ਦੇ ਸਿਧਾਂਤ ਅਤੇ ਵਿਹਾਰ ਵਿਚਲੇ ਦੰਭ ਨੂੰ ਚੰਗੀ ਤਰ੍ਹਾਂ ਫਰੋਲ ਕੇ ਇਸ ਵਿਚਾਰਧਾਰਾ ਨੂੰ ਨਕਾਰ ਕੇ ਚੁਣੌਤੀ ਦੇ ਕੇ ਧਰਮ ਦਾ ਸੱਚਾ ਸਰੂਪ ਗ੍ਰਹਿਣ ਕਰਨ ਦਾ ਰਾਹ ਸੁਝਾਇਆ ਅਤੇ ਬਣਾਉਟੀ ਵਿਸ਼ਵਾਸਾਂ ਦਾ ਪੋਲ ਖੋਲ ਕੇ ਹਰ ਪ੍ਰਕਾਰ ਦੀ ਸਮਾਜਿਕ ਨਾ ਬਰਾਬਰੀ ਦਾ ਖੰਡਨ ਕੀਤਾ ਗਿਆ ਹੈ ਕਿਉਂਕਿ ਕਿਸੇ ਦੂਜੇ ਦਾ ਹੱਕ ਖੋਹ ਕੇ ਨਾ ਖਾਣਾ ਅਤੇ ਦਸਾਂ ਨਹੁੰਆਂ ਦੀ ਕਮਾਈ ਕਰਕੇ ਆਪਣੇ ਜੀਵਨ ਦਾ ਨਿਰਬਾਹ ਕਰਨਾ ਤੇ ਫਿਰ ਇਸ ਨੇਕ ਕਮਾਈ ਵਿਚੋਂ ਕਿਸੇ ਲੋੜਵੰਦ ਦੀ ਸਹਾਇਤਾ ਕਰਨੀ ਜ਼ਰੂਰੀ ਹੈ ਤਾਂ ਜੁ ਸਹੀ ਰਾਹ ਦਾ ਪਾਂਧੀ ਬਣਿਆ ਜਾਵੇ:

*ਘਾਲਿ ਖਾਇ ਕਿਛੁ ਹਥਹੁ ਦੇਹਿ॥*

*ਨਾਨਕ ਰਾਹੁ ਪਛਾਣਹਿ ਸੇਇ॥* ਪੰਨਾ ੧੨੪੫

ਬੰਦੇ ਨੂੰ ਆਪਣੀ ਮਿਹਨਤ ਦੀ ਕਮਾਈ ਰੋਟੀ ਅਨੰਦ ਪ੍ਰਦਾਨ ਕਰਦੀ ਹੈ ਪਰੰਤੂ ਦੂਜਿਆਂ ਦਾ ਹੱਕ ਮਾਰ ਕੇ ਖਾਧੀ ਚੋਪੜੀ ਰੋਟੀ ਅੰਤ ਨੂੰ ਦੁਖ ਦੇਵੇਗੀ। ਇਸ ਤੋਂ ਚੰਗਾ ਇਹ ਹੈ ਕਿ ਆਪਣੀ ਸਾਦ ਮੁਰਾਦੀ ਰੋਟੀ ਨਾਲ ਹੀ ਸਬਰ ਕਰ ਲਿਆ ਜਾਵੇ:

*ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ॥*
*ਜਿਨਾ ਖਾਧੀ ਚੋਪੜੀ ਘਣੇ ਸਹਿਨਗੇ ਦੁਖ॥*
*ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥*
*ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥* ਪੰਨਾ ੧੩੭੯

ਇਸ ਤਰ੍ਹਾਂ ਸਮਾਜਿਕ ਨਾ ਬਰਾਬਰੀ ਦੇ ਖਿਲਾਫ ਆਵਾਜ਼ ਉਠਾ ਕੇ ਗੁਰੂ ਨਾਨਕ ਸਾਹਿਬ ਨੇ ਸਿਰਫ਼ ਜ਼ਬਾਨੀ ਜਾਂ ਲਿਖਤੀ ਅਸੂਲ ਨਹੀਂ ਅਪਣਾਏ ਸਗੋਂ ਮਲਕ ਭਾਗੋ ਦੀ ਦਾਅਵਤ ਨੂੰ ਠੁਕਰਾ ਕੇ ਭਾਈ ਲਾਲੋ ਦੇ ਘਰ ਜਾ ਕੇ ਠਹਿਰਣਾ ਇਕ ਤਰ੍ਹਾਂ ਉਨ੍ਹਾਂ ਨੇ ਸਿਧਾਂਤ ਨੂੰ ਵਿਹਾਰ ਦੇ ਰੂਪ ਵਿਚ ਪ੍ਰਚਲਿਤ ਕੀਤਾ। ਗੁਰੂ ਨਾਨਕ ਦਾ ਉਸ ਵਕਤ ਦੇ ਸਮਾਜ ਵਿਚ ਸਭ ਤੋਂ ਨੀਵੇਂ ਛੇਕੇ ਹੋਏ ਦੂਸਰੇ ਧਰਮ ਦੇ ਮਰਾਸੀ ਨੂੰ ਤਕਰੀਬਨ ਅੱਧੀ ਸਦੀ ਤੱਕ ਨਾਲ ਰੱਖਣਾ ਸਮਾਜਿਕ ਬਰਾਬਰੀ ਦੀ ਉੱਤਮ ਉਦਾਹਰਣ ਹੈ। ਉਨ੍ਹਾਂ ਨੇ ਜੋ ਕੁਝ ਪਰਚਾਰ ਕੀਤਾ ਉਸੇ ਨੂੰ ਆਪਣੀ ਹਡੀਂ ਵਰਤ ਕੇ ਦਿਖਾਇਆ। ਜਦੋਂ ਜੰਗਲਾਂ, ਬੇਲਿਆਂ ਤੇ ਪਹਾੜੀਆਂ ਵਿਚ ਦਿਨ ਰਾਤ ਦਾ ਸਾਥ ਰਿਹਾ ਹੋਵੇਗਾ ਤਾਂ ਕੁਦਰਤੀ ਹੈ ਦੋਹਾਂ ਦਾ ਖਾਣਾ ਪੀਣਾ ਵੀ ਸਾਂਝਾ ਹੋਵੇਗਾ। ਇਸ ਤਰ੍ਹਾਂ ਜਾਤ ਪਾਤ ਦੀਆਂ ਸੀਮਾਵਾਂ ਦੇ ਬੰਧਨ ਤੋੜਨ ਵਾਲੇ ਨਾਨਕ ਨੇ ਆਪਣੀ ਕਥਨੀ ਅਤੇ ਕਰਨੀ ਨੂੰ ਸਚ ਕਰਕੇ ਦਿਖਾ ਦਿੱਤਾ। ਲੰਗਰ ਵਿਚ ਪੰਗਤ ਅਤੇ ਗੁਰਦੁਆਰੇ ਵਿਚ ਸੰਗਤ ਸਮਾਜਿਕ ਬਰਾਬਰੀ ਦਾ ਜ਼ਾਹਰਾ ਪ੍ਰਮਾਣ ਹੈ। 'ਪਹਿਲਾਂ ਪੰਗਤ ਪਾਛੈ ਸੰਗਤ' ਅਨੁਸਾਰ ਤਾਂ ਅਕਬਰ ਨੂੰ ਵੀ ਗੁਰੂ ਸਾਹਿਬ ਦੇ ਦਰਸ਼ਨ ਕਰਨ ਤੋਂ ਪਹਿਲਾਂ ਪੰਗਤ ਵਿਚ ਬੈਠ ਕੇ ਲੰਗਰ ਛਕਣਾ ਪਿਆ।

ਗੁਰਬਾਣੀ ਚਿੰਤਨ ਵਿਚ ਅਧਿਆਤਮਕਤਾ ਦੀ ਸੁਰ ਪ੍ਰਤੱਖ ਨਜ਼ਰ ਆਉਂਦੀ ਹੈ ਪਰ ਇਸ ਦੇ ਨਾਲ ਸਮਾਜ ਸਭਿਆਚਾਰ ਇਕ ਕੇਂਦਰੀ ਨੁਕਤੇ ਵਜੋਂ ਉਭਰਦਾ ਹੈ। ਸਮਾਜ ਦੀ ਵਰਣ ਵਿਵਸਥਾ ਦਾ ਵਡੇਰਾ ਹਿੱਸਾ 'ਔਰਤ' ਦੇ ਕਿਰਦਾਰ ਨਾਲ ਜੁੜਿਆ ਹੋਇਆ ਹੈ। ਮੱਧਕਾਲੀਨ ਸਮਾਜਿਕ ਨੇਮ ਪ੍ਰਬੰਧ ਵਿਚ ਔਰਤ ਦਾ ਨਿੰਦਾਯੋਗ ਸੀ। ਉਸ ਨੂੰ ਘਰ ਦੀ ਚਾਰ ਦੀਵਾਰੀ ਵਿਚ ਕੈਦ ਰਖ ਕੇ ਭੋਗ ਵਿਲਾਸ ਦੀ ਵਸਤੂ ਹੀ ਮੰਨਿਆ ਜਾਂਦਾ ਸੀ। ਉਸ ਨੂੰ ਧਰਮ ਅਸਥਾਨਾਂ ਤੇ ਜਾਣ ਤੋਂ ਮਨ੍ਹਾਂ ਕੀਤਾ ਜਾਂਦਾ ਸੀ ਅਤੇ ਧਰਮ ਸ਼ਾਸਤਰਾਂ ਦੇ ਪੜ੍ਹਨ ਤੇ ਵੀ ਰੋਕ ਲਗਾਈ ਜਾਂਦੀ ਸੀ। ਦੇਵੀਆਂ ਦੀ ਪੂਜਾ ਕਰਨ ਵਾਲੇ ਇਸ ਪੂਰਬੀ ਸਮਾਜ ਵਿਚ ਇਸਤਰੀ ਨੂੰ ਸਮਾਜਿਕ ਅਤੇ ਧਾਰਮਿਕ ਖੇਤਰ ਵਿਚ

ਸਨਮਾਨ ਦੀ ਦ੍ਰਿਸ਼ਟੀ ਨਾਲ ਨਹੀਂ ਦੇਖਿਆ ਜਾਂਦਾ ਸੀ। ਇਸਤਰੀ ਦੀ ਵਿਰੋਧਤਾ ਆਦਮ ਅਤੇ ਹਵਾ ਦੀ ਕਹਾਣੀ ਤੋਂ ਹੋਈ ਨੂੰ ਮੰਨਿਆ ਜਾਂਦਾ ਹੈ ਕਿਉਂਕਿ ਉਸ ਨੇ ਹੀ ਆਦਮ ਕੋਲੋਂ ਵਰਜਿਤ ਫਲ ਖੁਆਇਆ। ਜਿਸ ਦੇ ਫਲਸਰੂਪ ਆਦਮ ਨੂੰ ਇਸ ਸਮਾਜ ਵਿਚ ਜਨਮ ਲੈਣਾ ਪਿਆ। ਜਿਸ ਦੇ ਨਤੀਜੇ ਵਜੋਂ ਉਹ ਅੱਜ ਤਕ ਦੁਖ ਭੋਗ ਰਿਹਾ ਹੈ।[22] ਇਸ ਸਮਾਜ ਵਿਚ ਬ੍ਰਾਹਮਣ ਕਥਿਤ ਨੀਵੀਆਂ ਜਾਤੀਆਂ ਤੇ ਜ਼ੁਲਮ ਕਰ ਰਹੇ ਸਨ ਜਿਨ੍ਹਾਂ ਵਿਚੋਂ ਔਰਤ ਵੀ ਇਕ ਸੀ ਪਰ ਇਹ ਧਾਰਮਿਕ ਗਿਰਾਵਟ ਸਿਰਫ਼ ਇਕ ਧਰਮ ਦੀਆਂ ਔਰਤਾਂ ਤੱਕ ਨਹੀਂ ਰਹੀ ਸਗੋਂ ਮੁਸਲਮਾਨ ਔਰਤਾਂ ਨੂੰ ਵੀ ਕਸ਼ਟ ਸਹਾਰਨੇ ਪਏ:

ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ॥

ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ॥ ਪੰਨਾ ੭੨੨

ਬਾਬਰ ਨੇ ਸਿਰਫ਼ ਹਿੰਦੂਆਂ ਤੇ ਜ਼ੁਲਮ ਨਹੀਂ ਕੀਤਾ ਸਗੋਂ ਉਸ ਉੱਤੇ ਸਵਾਰ ਵਾਸ਼ਨਾ ਦੇ ਭੂਤ ਨੇ ਕਿਸੇ ਧਰਮ ਨੂੰ ਵੀ ਨਹੀਂ ਦੇਖਿਆ। ਉਨ੍ਹਾਂ ਦੇ ਜ਼ੁਲਮਾਂ ਦਾ ਸ਼ਿਕਾਰ ਤਾਂ "ਇਕ ਹਿੰਦਵਾਣੀ ਅਵਰ ਤੁਰਕਾਣੀ ਭਟਿਆਣੀ ਅਰ ਠਕੁਰਾਣੀ" ਵੀ ਹੋਈਆਂ। ਡਾ. ਕੁਲਵੰਤ ਕੌਰ 'ਇਸਤਰੀ ਦਾ ਸਥਾਨ' ਵਿਚ ਲਿਖਦੀ ਹੈ: ਕਿਸੇ ਵੀ ਦੇਸ਼, ਕੌਮ, ਸਮਾਜ ਅਤੇ ਸੱਭਿਆਚਾਰ ਦੇ ਅਧਿਐਨ ਸਮੇਂ ਉਥੋਂ ਦੀ ਔਰਤ ਦੀ ਦਸ਼ਾ, ਸਥਿਤੀ ਅਤੇ ਸਥਾਨ ਇਕ ਮਹੱਤਵਪੂਰਨ ਰੋਲ ਅਦਾ ਕਰਦਾ ਹੈ।[27] ਗੁਰਬਾਣੀ ਅਨੁਸਾਰ ਮਨੁੱਖੀ ਜਨਮ ਚੁਰਾਸੀ ਲੱਖ ਜੂਨਾਂ ਤੋਂ ਸਰਵਸ੍ਰੇਸ਼ਟ ਹੈ:

*ਲਖ ਚਉਰਾਸੀਹ ਜੋਨਿ ਸਬਾਈ॥*

*ਮਾਣਸ ਕਉ ਪ੍ਰਭਿ ਦੀਈ ਵਡਿਆਈ॥* ਪੰਨਾ ੧੦੭੫

ਇਥੇ 'ਮਨੁੱਖ' ਤੋਂ ਭਾਵ ਔਰਤ ਦੇ ਮਰਦ ਦੋਵੇਂ ਹਨ। ਗੁਰਬਾਣੀ ਚਿੰਤਨ ਵਿਚ ਇਨਸਾਨ ਵਜੋਂ ਜਨਮੇ ਇਸਤਰੀ ਤੇ ਮਰਦ ਨੂੰ ਲਿੰਗ ਭੇਦ ਕਾਰਨ ਛੋਟਾ ਵੱਡਾ ਸਮਝਣਾ ਅਤਿਅੰਤ ਮਾੜਾ ਹੈ। ਸਮਾਜ ਰੂਪੀ ਗੱਡੀ ਦੇ ਇਕ ਪਹੀਏ (ਮਰਦ) ਨੂੰ ਵੱਡਾ ਤੇ ਦੂਜੇ ਪਹੀਏ (ਇਸਤਰੀ) ਨੂੰ ਛੋਟਾ ਕਹਿਣਾ ਤਾਂ ਬਿਲਕੁਲ ਵੀ ਠੀਕ ਨਹੀਂ ਜਾਪਦਾ। ਸਮਾਜ ਦੇ ਸੰਤੁਲਿਤ ਵਿਕਾਸ ਅਤੇ ਨਿਰੰਤਰ ਤੌਰ ਤੇ ਪ੍ਰਫੁਲਿਤ ਹੋਣ ਲਈ ਦੋਵਾਂ ਵਿਚ ਸਮਾਨਤਾ, ਸਾਂਝ ਤੇ ਦੋਹਾਂ ਦਾ ਵਿਕਾਸ ਹੋਣਾ ਬਹੁਤ ਜ਼ਰੂਰੀ ਹੈ। ਬਾਣੀ ਚਿੰਤਨ ਵਿਚ ਜੀਵ-ਆਤਮਾ ਲਈ ਵਰਤਿਆ ਜਾਣ ਵਾਲਾ ਰੂਪਕ ਇਸ ਦੇ ਮਹੱਤਵ ਨੂੰ ਉਘਾੜਦਾ ਹੈ ਸਗੋਂ ਗੁਰਬਾਣੀ ਦੀਆਂ ਅਨੇਕ ਤੁਕਾਂ ਇਸਤਰੀ ਜਾਤੀ ਨੂੰ ਅਧਿਆਤਮਕ ਰਾਹ ਤੇ ਚਲਣ ਵਾਲੇ ਮਰਦ ਦੀ ਪੱਥ-ਪ੍ਰਦਰਸ਼ਕ ਹੈ ਦੇ ਸਿਧਾਂਤ ਨੂੰ ਪਰਪੱਕ ਕਰਦੀਆਂ ਹਨ:

*ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ॥* ਪੰਨਾ ੭੨੨

ਸਮੁੱਚੀ ਗੁਰਬਾਣੀ ਵਿੱਚ ਅਧਿਆਤਮਕਤਾ ਦੇ ਅਰਥਾਂ ਨੂੰ ਪ੍ਰਗਟਾਉਣ ਲਈ ਜੀਵਾਤਮਾ ਨੂੰ ਪਤਨੀ ਅਤੇ ਉਸ ਪਰਮਾਤਮਾ ਨੂੰ ਪਤੀ ਦੇ ਰੂਪ ਵਿਚ ਚਿਤਰਿਆ ਗਿਆ ਹੈ:

*ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ॥* ਪੰਨਾ ੫੯੧

ਗੁਰਬਾਣੀ ਚਿੰਤਨ ਵਿਚ ਲਿੰਗ ਭੇਦ ਨੂੰ ਕਿਤੇ ਸਵੀਕਾਰ ਨਹੀਂ ਕੀਤਾ ਗਿਆ। ਇਸਤਰੀ ਤੇ ਮਰਦ ਉਤੇ ਇਕੋ ਜਿਹੀਆਂ ਗੱਲਾਂ ਲਾਗੂ ਹੁੰਦੀਆਂ ਹਨ। ਉਚੇ ਨੀਵੇਂ, ਸਵਰਨ ਦਲਿਤ ਜਾਤੀ, ਔਰਤ ਮਰਦ ਲਈ ਇਕੋ ਜਿਹਾ ਹੀ ਆਦਰਸ਼ ਹੈ। ਸਮੁੱਚੀ ਮਨੁੱਖਤਾ ਲਈ ਇਸਤਰੀ ਲਿੰਗ ਹੀ ਵਰਤਿਆ ਗਿਆ ਹੈ:

*ਆਵਹੁ ਭੈਣੇ ਗਲਿ ਮਿਲਹਿ ਅੰਕਿ ਸਹੇਲੜੀਆਹ॥*

*ਮਿਲਿ ਕੈ ਕਰਹਿ ਕਹਾਣੀਆ ਸੰਮ੍ਰਥ ਕੰਤ ਕੀਆਹ॥* ਪੰਨਾ ੧੭

ਇਥੋਂ ਤਕ ਕਿ ਬਾਣੀਕਾਰ ਵੀ ਆਪਣੇ ਆਪ ਨੂੰ ਇਸਤਰੀ ਰੂਪ ਵਿਚ ਚਿਤਵਦੇ ਹਨ:

*ਮੈਂ ਬਨਜਾਰਨਿ ਰਾਮ ਕੀ॥ ਤੇਰਾ ਨਾਮੁ ਵਖਰੁ ਵਾਪਾਰੁ ਜੀ॥* ਪੰਨਾ ੧੫੭

ਆਪ ਨਰ ਹੋਣ ਦੇ ਬਾਵਜੂਦ ਆਪਣੇ ਆਪ ਨੂੰ ਹਰਨੀ, ਕੋਇਲ ਅਤੇ ਨਾਗਣ ਭਾਵ ਇਸਤਰੀ ਰੂਪ ਵਿਚ ਚਿਤਰਦੇ ਹਨ। ਜੋ ਪਰਮਾਤਮਾ ਤਕ ਪੁੱਜਣ ਲਈ ਇਸਤਰੀ ਦੇ ਰੂਪ ਵਿੱਚ ਕੰਤ ਦੀ ਉਡੀਕ ਵਿਚ ਬਿਹਬਲ ਹੁੰਦੇ ਹਨ:

- *ਹਰਣੀ ਹੋਵਾ ਬਨਿ ਬਸਾ ਕੰਦ ਮੂਲ ਚੁਣਿ ਖਾਉ॥*
- *ਕੋਕਿਲ ਹੋਵਾ ਅੰਬਿ ਵਸਾ ਸਹਜਿ ਸਬਦ ਬੀਚਾਰੁ॥*
- *ਨਾਗਿਨ ਹੋਵਾ ਧਰ ਬਸਾ ਸਬਦੁ ਵਸੈ ਭਉ ਜਾਇ॥* ਪੰਨਾ ੧੫੭

ਡਾ. ਅਸ਼ੋਕ ਖੁਰਾਣਾ ਦੇ ਵਿਚਾਰ ਅਨੁਸਾਰ: ਕਿਸੇ ਵੀ ਮਾਨਵੀ ਸਮਾਜ-ਸੱਭਿਆਚਾਰ, ਮੁਲਕ ਜਾਂ ਕੌਮ ਦੇ ਵਿਕਾਸ ਦਾ ਅੰਦਾਜ਼ਾ ਹੀ ਲਗਾਇਆ ਜਾ ਸਕਦਾ ਹੈ। ਪ੍ਰਾਚੀਨ ਭਾਰਤੀ ਸਮਾਜ-ਸੱਭਿਆਚਾਰ ਵਿਚ ਔਰਤ ਦਾ ਬਹੁਤ ਸਤਿਕਾਰ ਕੀਤਾ ਜਾਂਦਾ ਸੀ। ਪਰ ਮੱਧਕਾਲ ਤਕ ਪਹੁੰਚਦੇ ਪਹੁੰਚਦੇ ਭਾਰਤੀ ਸਮਾਜ ਵਿਚ ਔਰਤਾਂ ਦੀ ਹਾਲਤ ਬਹੁਤ ਨਿੱਘਰ ਚੁੱਕੀ ਸੀ।[23]

ਬਾਣੀ ਚਿੰਤਨ ਔਰਤ ਦੀ ਇਸ ਅਤਿ ਨਿਘਾਰ ਵਾਲੀ ਦਸ਼ਾ ਪ੍ਰਤੀ ਮਨੁੱਖੀ ਜੀਵਨ ਦੇ ਵਿਹਾਰਕ ਪੱਖ ਵਿਚ ਉਸਦੀ ਹੋਂਦ ਨੂੰ ਬੜੇ ਉਤਮ ਢੰਗ ਨਾਲ ਪ੍ਰਸਤੁਤ ਕਰਦਾ ਹੈ। ਗੁਰੂ ਨਾਨਕ ਸਾਹਿਬ ਨੇ ਇੱਥੋਂ ਤੱਕ ਕਹਿ ਦਿੱਤਾ ਕਿ ਇਸਤਰੀ ਮਰਦ ਦੇ ਬਰਾਬਰ ਦਾ ਕੇਵਲ ਹੱਕ ਹੀ ਨਹੀਂ ਰਖਦੀ ਸਗੋਂ ਵਡੇ ਵਡੇ ਰਾਜਿਆਂ ਦੀ ਜਨਮ-ਦਾਤੀ ਵੀ ਹੋਣ ਕਰਕੇ ਮਨੁੱਖ ਦਾ ਸਮੁੱਚਾ ਜੀਵਨ

ਅਤੇ ਵਿਕਾਸ ਉਸੇ ਦੀ ਬਦੌਲਤ ਹੈ। ਇਸ ਲਈ ਉਸਨੂੰ ਮਾੜਾ ਕਹਿਣਾ, ਨਿੰਦਣਾ ਜਾਂ ਨੀਵਾਂ ਖਿਆਲ ਕਰਨਾ ਵੀ ਕਿਸੇ ਤਰ੍ਹਾਂ ਜਾਇਜ਼ ਨਹੀਂ:

*ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨਿ॥*

*ਸੋ ਕਿਉ ਮੰਦਾ ਆਖੀਐ ਜਿਤੁ ਜੰਮੈ ਰਾਜਾਨ॥* ਪੰਨਾ ੪੭੩

ਰਾਗ ਮੁਕਤ ਬਾਣੀ ਵਿੱਚ ਗੁਰੂ ਅਰਜਨ ਦੇਵ ਨੇ 'ਫੁਨਹੇ ਮਹਲਾ ੫' ਬਾਣੀ ਵਿਚ ਇਸਤਰੀ ਨੂੰ ਕੱਜਲ, ਫੁਲਾਂ ਦੇ ਹਾਰ ਅਤੇ ਸੋਲ੍ਹਾਂ ਸ਼ਿੰਗਾਰਾਂ ਨਾਲ ਭਰਪੂਰ ਆਪਣੇ ਪਤੀ ਦੀ ਉਡੀਕ ਵਿਚ ਬੈਠੇ ਦਰਸਾਇਆ ਹੈ ਪਰ ਉਸ ਦਾ ਸ਼ਿੰਗਾਰ ਤਾਂ ਹੀ ਸਫਲ ਹੈ ਜੇ ਪਤੀ ਘਰ ਵਿਚ ਆ ਜਾਵੇ:

*ਸਖੀ ਕਾਜਲ ਹਾਰ ਤੰਬੋਲ ਸਭੈ ਕਿਛੁ ਸਾਜਿਆ॥*

*ਸੋਲਹ ਕੀਏ ਸੀਗਾਰ ਕਿ ਅੰਜਨੁ ਪਾਜਿਆ॥*

*ਜੇ ਘਰਿ ਆਵੈ ਕੰਤੁ ਤਾ ਸਭ ਕਿਛੁ ਪਾਈਐ॥*

*ਹਰਿਹਾਂ ਕੰਤੈ ਬਾਝੁ ਸੀਗਾਰੁ ਸਭ ਬਿਰਥਾ ਜਾਈਐ॥* ਪੰਨਾ ੧੩੬੧

ਇਥੇ ਗੁਰੂ ਸਾਹਿਬ ਨੇ ਜੀਵ ਇਸਤਰੀਆਂ ਨੂੰ ਬਾਹਰੀ ਹਾਰ ਸ਼ਿੰਗਾਰ ਤੋਂ ਦੂਰ ਰਖ ਕੇ ਇਹ ਵਿਚਾਰ ਪ੍ਰਗਟਾਇਆ ਹੈ ਕਿ ਨਿਮਾਣੀ ਹੋ ਕੇ ਪਰਮਾਤਮਾ ਦੇ ਦਰ ਤੇ ਡਿਗ ਜਾਣ ਨਾਲ ਉਸ ਦਾ ਮਨੁੱਖਾ ਜਨਮ ਸਫਲ ਹੋ ਸਕਦਾ ਹੈ। ਇਸ ਤਰ੍ਹਾਂ ਬਾਣੀ ਚਿੰਤਨ ਵਿਚ ਉਸਨੂੰ ਸਾਥਣ, ਮਾਣ ਇਜ਼ਤ ਵਾਲੀ ਪਤਨੀ, ਧੀ ਤੇ ਮਾਂ ਦਾ ਰੂਪ ਦਿੱਤਾ ਗਿਆ ਹੈ। ਗੁਰੂ ਗ੍ਰੰਥ ਸਾਹਿਬ ਦੇ ਲਿਖਾਰੀ ਗੁਰਦਾਸ ਨੇ ਉਸ ਨੂੰ ਸਿਰਫ਼ ਅਰਧਾਂਗਨੀ ਹੀ ਨਹੀਂ ਕਿਹਾ ਸਗੋਂ 'ਮੋਖਦੁਆਰੀ' ਵੀ ਮੰਨਿਆ ਹੈ:

*ਲੋਕ ਵੇਦ ਗੁਣੁ ਗਿਆਨ ਵਿਚਿ ਅਰਧ ਸਰੀਰੀ ਮੋਖ ਦੁਆਰੀ॥*

*ਗੁਰਮੁਖਿ ਸੁਖ ਫਲ ਨਿਹਚਉ ਨਾਰੀ॥* ੫ ਸੋਲਵ੍ਹੀਂ ਵਾਰ

ਸਮਾਜਿਕ ਰਿਸ਼ਤਿਆਂ ਦਾ ਮੂਲ ਆਧਾਰ ਪਤੀ ਪਤਨੀ ਦਾ ਸੰਬੰਧ ਹੈ ਜਿਨ੍ਹਾਂ ਤੋਂ ਵਿਕਸਿਤ ਹੋ ਕੇ ਰਿਸ਼ਤੇ ਨਾਤੇ ਸਮਾਜ ਦੀ ਇਕ ਕੜੀ ਬਣਦੇ ਹਨ। ਬਾਬਾ ਫਰੀਦ ਦੀ ਬਾਣੀ ਵਿਚ ਰਿਸ਼ਤੇ ਨਾਤੇ, ਰੀਤਾਂ ਅਤੇ ਬਿੰਬਾਂ ਦਾ ਇਕ ਪੈਰਾਡਾਈਮ ਉਸਾਰਦਾ ਹੈ। ਉਨ੍ਹਾਂ ਦੇ ਸਲੋਕਾਂ ਵਿਚ ਇਹ ਪ੍ਰਤੱਖ ਨਜ਼ਰ ਆਉਂਦਾ ਹੈ:

- *ਫਰੀਦਾ ਜੇ ਜਾਣਾ ਤਿਲ ਥੋੜੜੇ ਥੋੜਾ ਮਾਣ ਕਰੀ॥* ਪੰਨਾ ੧੩੭੮
- *ਨਾਤੀ ਧੋਤੀ ਸੰਬਹੀ ਸੁਤੀ ਆਇ ਨਚਿੰਦੁ॥* ਪੰਨਾ ੧੩੭੯
- *ਸਾਹੁਰੈ ਢੋਈ ਨ ਲਹੈ ਪੇਈਐ ਨਾਹੀ ਥਾਉ॥* ਪੰਨਾ ੧੩੭੯
- *ਜਾਂ ਕੁਆਰੀ ਤਾ ਚਾਉ ਵੀਵਾਹੀ ਤਾ ਮਾਮਲੇ॥* ਪੰਨਾ ੧੩੮੧

ਡਾ. ਸਤਿੰਦਰ ਸਿੰਘ ਨੂਰ ਅਨੁਸਾਰ:

*" 'ਧਨ ਵਰੀ' ਜਾਣ ਤੋਂ ਬਾਅਦ ਵਰੁ ਦੇ ਘਰ ਆ ਕੇ 'ਸੰਮਲ ਬੁਕ ਭਰਦੀ' ਪਰ 'ਸਹੁ' ਪਤੀ ਤਾਂ ਸਾਰੇ ਰਿਸ਼ਤੇ ਦੇ ਸੰਦਰਭ ਵਿਚ ਨੰਢੜਾ ਹੈ ਤੇ ਲੜ ਛਿਜੇ ਜਾਣ ਦਾ ਭੈ ਹੈ। ਜਦੋਂ ਇਹ ਭੈ ਵਾਸਤਵਿਕਤਾ ਦਾ ਰੂਪ ਧਾਰਨਾ ਸ਼ੁਰੂ ਕਰਦਾ ਹੈ ਤਾਂ ਉਹ ਧਨ 'ਨਾਤੀ ਧੋਤੀ ਸੰਬਹੀ ਸੁਤੀ' ਹੈ। ਕੰਤ ਨਾਲ ਨਾ ਸੌਣ ਕਰਕੇ ਅੰਗ ਮੁੜ ਮੁੜ ਜਾਂਦੇ ਹਨ। ਮਨ ਵਿਚ ਪ੍ਰਸ਼ਨ ਜਾਗਦਾ ਹੈ ਕਿ ਡੋਹਾਗਣਾਂ ਰਾਤ ਕਿਵੇਂ ਬਿਤਾਉਂਦੀਆਂ ਹਨ। ਪਿਰ ਵਾਤ ਨਹੀਂ ਪੁਛਦਾ ਨਾ ਸਾਹੁਰੇ ਢੋਈ ਹੈ ਨਾ ਪੇਕੇ। ਜਦੋਂ ਕੁਆਰੀ ਸੀ ਤਾਂ ਵਿਆਹ ਦਾ ਚਾਅ ਸੀ, ਪਰ ਹੁਣ ਵਿਆਹੀ ਤਾਂ ਮਾਮਲੇ ਪੈ ਗਏ।"* [24] ਡਾ. ਨੂਰ ਦੀ ਧਾਰਣਾ ਹੈ ਕਿ ਇਕ ਨਾਲ ਰਿਸ਼ਤਾ ਭੰਗ ਹੋ ਜਾਣ ਤੇ ਸਮੁੱਚਾ ਸੰਤੁਲਨ ਡੋਲ ਜਾਂਦਾ ਹੈ:

*ਫਰੀਦਾ ਰੁਤਿ ਫਿਰੀ ਵਣੁ ਕੰਬਿਆ ਪਤ ਝੜੇ ਝੜਿ ਪਾਹਿ॥*
*ਚਾਰੇ ਕੁੰਡਾ ਢੂੰਢੀਆਂ ਰਹਣੁ ਕਿਥਾਊ ਨਾਹਿ॥* ਪੰਨਾ ੧੩੮੩

ਗੁਰਬਾਣੀ ਵਿਚ ਪਤੀ ਪਤਨੀ ਦੇ ਰਿਸ਼ਤੇ ਨੂੰ ਨਿਭਾਉਣਾ ਅਤਿ ਜ਼ਰੂਰੀ ਹੈ ਕਿਉਂਕਿ ਸਮਾਜ ਦੇ ਸੰਤੁਲਨ ਨੂੰ ਕਾਇਮ ਰਖਣ ਲਈ ਵਿਆਹ ਸੰਸਥਾ ਦੇ ਨਿਯਮਾਂ ਦੀ ਪਾਲਣਾ ਅਤਿ ਜ਼ਰੂਰੀ ਹੈ। ਗੁਰੂ ਤੋਂ ਬੇਮੁਖ ਜਾਂ ਮਨਮੁਖ ਨੂੰ ਇਕ ਕੁਲੱਛਣੀ ਇਸਤਰੀ ਦੇ ਰੂਪ ਵਿਚ ਚਿਤਰਿਆ ਜਾਂਦਾ ਹੈ ਜੋ ਸਦਾਚਾਰ ਤੋਂ ਥਿੜਕ ਚੁਕੀ ਹੁੰਦੀ ਹੈ। ਸਿਰਫ ਇਸਤਰੀ ਹੀ ਨਹੀਂ ਸਗੋਂ ਪਰਾਈ ਇਸਤਰੀ ਨਾਲ ਸਬੰਧ ਰਖਣ ਵਾਲੇ ਮਰਦ ਵੀ ਗਲਤ ਹਨ। ਗੁਰੂ ਸਾਹਿਬ 'ਫੁਨਹੇ' ਵਿਚ ਉਨ੍ਹਾਂ ਨੂੰ ਵੰਗਾਰਦੇ ਹੋਏ ਭੈੜੇ ਕੰਮ ਕਰਨ ਤੋਂ ਵਰਜਿਆ ਹੈ:

*ਪਰਤ੍ਰਿਅ ਰਾਵਣਿ ਜਾਹਿ ਸੇਈ ਤਾਂ ਲਾਜੀਅਹਿ॥*
*ਨਿਤਪ੍ਰਤਿ ਹਿਰਹਿ ਪਰ ਦਰਬੁ ਛਿਦ੍ਰ ਕਤ ਢਾਕੀਅਹਿ॥*
*ਹਰਿ ਗੁਣ ਰਮਤ ਪਵਿਤ੍ਰ ਸਗਲ ਕੁਲ ਤਾਰਈ॥*
*ਹਰਿਹਾਂ ਸੁਨਤੇ ਭਏ ਪੁਨੀਤ ਪਾਰਬ੍ਰਹਮੁ ਬੀਚਾਰਈ॥* ਪੰਨਾ ੧੩੬੨

ਆਧੁਨਿਕ ਕਾਲ ਵਿਚ ਧੀਆਂ ਨੂੰ ਕੁੱਖ ਵਿਚ ਮਾਰਨ ਦਾ ਪ੍ਰਚਲਨ ਚਲ ਪਿਆ ਹੈ ਪਰ ਮੱਧ ਕਾਲ ਵਿਚ 'ਕੰਜਕਾਂ' ਨੂੰ ਮਾਰਨਾ ਬੱਜਰ ਪਾਪ ਮੰਨਿਆ ਜਾਂਦਾ ਸੀ। ਰਾਗ ਮੁਕਤ ਬਾਣੀ ਵਿੱਚ ਗੁਰੂ ਅਮਰਦਾਸ ਨੇ ਉਸ ਸਮੇਂ ਵੀ ਅਜਿਹੇ ਪਾਪ ਕਰਨ ਵਾਲਿਆਂ ਨੂੰ ਫਿਟਕਾਰਾਂ ਪਾ ਕੇ ਸੁਚੇਤ ਕੀਤਾ ਸੀ ਕਿ ਅਜਿਹੀਆਂ ਹਰਕਤਾਂ ਕਰਨ ਨਾਲ ਬਦੀਆਂ ਦਾ ਕੋਹੜ ਸਾਰੇ ਸਰੀਰ ਵਿਚ ਫੈਲ ਜਾਵੇਗਾ ਜੋ ਉਸ ਦੀ ਸਮੁੱਚੀ ਕਾਇਆ ਨੂੰ ਤਬਾਹ ਕਰਕੇ ਰਖ ਦੇਵੇਗਾ:

*ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ॥*

*ਫਿਟਕ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਿਮਾਨੁ॥*

*ਪਾਹਿ ਏਤੇ ਜਾਹਿ ਵੀਸਰਿ ਨਾਨਕਾ ਇਕੁ ਨਾਮੁ॥*

*ਸਭ ਬੁਧੀ ਜਾਲੀਅਹਿ ਇਕੁ ਰਹੈ ਤਤੁ ਗਿਆਨੁ॥* ਪੰਨਾ ੧੪੧੩

ਇਸ ਪੁਰਸ਼ ਪ੍ਰਧਾਨ ਸਮਾਜ ਵਿਚ ਇਸਤਰੀ ਦਾ ਸੁਤੰਤਰ ਵਿਅਕਤਿਤਵ ਅਤੇ ਵੈਦਿਕ ਕਾਲ ਵਿਚ ਇਸਤਰੀ ਦੇ ਸਤਿਕਾਰ ਦੀ ਪਰੰਪਰਾ ਮਾਰੂਥਲ ਦੇ ਤਪਦੀ ਰੇਤ ਵਿਚ ਅਲੋਪ ਹੋ ਗਈ। ਮੱਧਕਾਲੀਨ ਸਮਾਜ ਵਿਚ ਹਰ ਵਰਗ ਨਾਲ ਸੰਬੰਧਿਤ ਇਸਤਰੀ ਕੇਵਲ ਦਾਸੀ ਜਾਂ ਸੰਪਤੀ ਦੇ ਰੂਪ ਵਿਚ ਰਹਿ ਗਈ। ਮੁਸਲਮਾਨਾਂ ਦੇ ਆਉਣ ਨਾਲ ਪਰਦੇ ਦਾ ਰਿਵਾਜ ਪ੍ਰਚਲਿਤ ਹੋਣ ਕਰਕੇ ਉਹ ਸਰੀਰਕ ਤੌਰ ਤੇ ਕੈਦ ਹੋ ਜਾਣ ਨਾਲ ਉਸ ਦੇ ਤੁਰਨ ਫਿਰਨ ਤੇ ਵੀ ਪਾਬੰਦੀ ਲੱਗ ਗਈ। ਹਾਕਮ ਸ਼੍ਰੇਣੀ ਧਨੀ ਹੋਣ ਕਾਰਨ ਐਸ਼ੋ ਆਰਾਮ ਵਿਚ ਜੁਟੀ ਰਹੀ ਅਤੇ ਭੋਗ ਵਿਲਾਸ ਦਾ ਸਾਧਨ ਹੋਣ ਕਰਕੇ ਉਸ ਨੂੰ ਭੁਗਤਨਾ ਪਿਆ ਅਤੇ ਧਨ ਦੌਲਤ ਦੀ ਤਰ੍ਹਾਂ ਉਸ ਨੂੰ ਵੀ ਲੁਟਿਆ ਜਾਣ ਲਗ ਪਿਆ। ਗੁਰੂ ਨਾਨਕ ਸਾਹਿਬ ਦੇ ਕਥਨ ਅਨੁਸਾਰ:

*ਧਨੁ ਜੋਬਨੁ ਦੁਇ ਵੈਰੀ ਹੋਏ ਜਿਨ੍ਹੀ ਰਖੈ ਰੰਗੁ ਲਾਇ॥*

*ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ॥* ਪੰਨਾ ੪੧੭

ਔਰਤ ਦਾ ਸਮੁੱਚਾ ਕਿਰਦਾਰ ਸਮਾਜ ਨੂੰ ਉਚੇਰਾ ਬਨਾਉਣ ਵਿਚ ਅਹਿੱਮ ਹੈ। ਇਸ ਲਈ ਉਹ ਸਮਾਜ ਵਿੱਚ ਸਿਰਫ ਬਰਾਬਰੀ ਦੀ ਨਹੀਂ, ਸਗੋਂ ਮਾਣ ਸਨਮਾਨ ਦੀ ਹੱਕਦਾਰ ਵੀ ਹੈ। ਸਮੁੱਚੇ ਬਾਣੀ ਚਿੰਤਨ ਵਿਚ ਉਸ ਨੂੰ ਲੋਕ ਵਿਰਸੇ ਦਾ ਅਧਾਰ ਬਣਾਇਆ ਗਿਆ ਹੈ। ਆਤਮਾ ਰੂਪੀ ਪਤਨੀ ਦਾ ਪ੍ਰਤੀਕ ਅਤੇ 'ਏਕ ਜੋਤਿ ਦੁਇ ਮੂਰਤੀ' ਦਾ ਸੰਕਲਪ ਇਕ ਵੱਡੀ ਚੁਣੌਤੀ ਦੇ ਰੂਪ ਵਿਚ ਪ੍ਰਤਖ ਨਜ਼ਰ ਆਉਂਦਾ ਹੈ। ਇਸ ਤਰ੍ਹਾਂ ਬਾਣੀ ਚਿੰਤਨ ਵਿਚ ਸਦੀਆਂ ਤੋਂ ਚਲੀ ਆ ਰਹੀ ਵਰਗ ਵੰਡ, ਵਰਣ ਵਿਵਸਥਾ ਦੇ ਕਰਮ ਕਾਂਡੀ, ਅਗਾਂਹ ਵਧੂ ਅਤੇ ਪ੍ਰਗਤੀਸ਼ੀਲ ਕਾਵਿ ਪ੍ਰਵਚਨ ਵਿਚਲੇ ਅਸੂਲ ਮਾਨਵ ਜਾਤੀ ਦੇ ਭੂਤ, ਵਰਤਮਾਨ ਅਤੇ ਭਵਿੱਖ ਨਾਲ ਜੁੜੇ ਹੋਏ ਹਨ। ਇਸ ਵਿਚਲਾ ਸਮਾਜਿਕ-ਸਭਿਆਚਾਰਕ ਚਿੰਤਨ ਰਹਿੰਦੀ ਦੁਨੀਆਂ ਤਕ ਆਪਣੀ ਆਸਥਾ ਹਰ ਕਾਲ ਵਿਚ ਬਣਾਈ ਰੱਖੇਗਾ।

## (ਸ) ਹਾਹਾ ਮੁਕਤ ਬਾਣੀ ਵਿਚ ਆਦਰਸ਼ ਸਮਾਜ ਦੀ ਪਰਿਕਲਪਨਾ ਅਤੇ ਭੂਮਿਕਾ

ਗੁਰੂ ਗ੍ਰੰਥ ਸਾਹਿਬ ਵਿਚਲੇ ਬਾਣੀਕਾਰਾਂ ਦੀ ਅਧਿਆਤਮਕਤਾ ਸਮਾਜਿਕ ਸਰੋਕਾਰਾਂ ਨਾਲ ਭਰਪੂਰ ਹੈ। ਇਸ ਵਿਚ ਪੇਸ਼ ਕੀਤਾ ਗਿਆ ਨਵੇਂ ਆਦਰਸ਼ ਸਮਾਜ ਦਾ ਸੰਕਲਪ ਮਨੁੱਖੀ ਸਮਾਜ ਦੀਆਂ ਸੀਮਾਵਾਂ, ਦਿਸ਼ਾਵਾਂ ਅਤੇ ਉਦੇਸ਼ਾਂ ਨੂੰ ਪ੍ਰਤੀਬਿੰਬਤ ਕਰਦਾ ਹੈ। ਚੰਗੇਰੇ ਸਮਾਜ ਦੀ ਛੋਟੀ ਤੋਂ

ਛੋਟੀ ਇਕਾਈ ਮਨੁੱਖ ਹੁੰਦਾ ਹੈ ਅਤੇ ਮਨੁੱਖਾਂ ਦੁਆਰਾ ਹੀ ਸਮਾਜ ਸਿਰਜਿਆ ਜਾਂਦਾ ਹੈ। ਬਾਣੀ ਮਨੁੱਖ ਨੂੰ ਸਮਾਜਿਕ ਸਰੋਕਾਰਾਂ ਤੋਂ ਉਚੇ ਉੱਠ ਕੇ ਨੈਤਿਕ ਗੁਣਾਂ ਨਾਲ ਓਤਪ੍ਰੋਤ ਕਰਕੇ ਇਕ ਐਸੇ ਸਮਾਜ ਦੀ ਕਲਪਨਾ ਕਰਦੀ ਹੈ ਜਿਸ ਵਿਚ ਸਾਰੇ ਮਨੁੱਖਾਂ ਦੀ ਹੋਂਦ ਇਕਸਾਰ ਹੋਵੇ ਅਤੇ ਨਾ ਹੀ ਕਿਸੇ ਕਿਸਮ ਦਾ ਕੋਈ ਭੇਦ ਭਾਵ ਜਾਂ ਵਿਤਕਰੇ ਦੀ ਥਾਂ ਹੋਵੇ। ਬਾਣੀ ਚਿੰਤਨ ਵਿਚ 'ਨਾ ਹਮ ਹਿੰਦੂ ਨਾ ਮੁਸਲਮਾਨ' ਦੇ ਵਿਚਾਰ ਅਨੁਸਾਰ ਇਕ ਐਸੇ ਧਰਮ ਬਾਰੇ ਸੋਚਿਆ ਗਿਆ ਹੈ ਕਿ ਜਿਸ ਵਿਚਲਾ ਮਨੁੱਖ ਇਕ ਐਸੇ 'ਬੰਦੇ' ਦੀ ਤਸਵੀਰ ਪੇਸ਼ ਕਰੇ ਜੋ ਨੈਤਿਕ ਗੁਣਾਂ ਨਾਲ ਭਰਪੂਰ ਐਸਾ ਇਨਸਾਨ ਹੋਵੇ ਅਤੇ ਇਕ ਐਸਾ 'ਬੇਗਮਪੁਰਾ' ਸ਼ਹਿਰ ਸਿਰਜ ਸਕੇ ਜਿਸ ਬਾਰੇ ਗੁਰੂ ਨਾਨਕ ਨੇ ਇਕ ਅਜਿਹੇ ਸਮਾਜ ਦੀ ਕਲਪਨਾ ਕੀਤੀ ਹੈ ਜੋ ਪਦਾਰਥਕ, ਨੈਤਿਕ ਅਤੇ ਬੌਧਿਕ ਮੰਜ਼ਿਲਾਂ ਤਹਿ ਕਰਕੇ ਅਧਿਆਤਮਕਤਾ ਤਕ ਪੁੱਜਣ ਦੇ ਰਾਹ ਦੀ ਅਗਵਾਈ ਕਰ ਸਕਦਾ ਹੋਵੇ। ਪ੍ਰਸਿਧ ਸਮਾਜ ਸ਼ਾਸ਼ਤਰੀ ਆਰ. ਐਮ. ਮੇਕਾਈਵਰ ਅਤੇ ਪੇਜ਼ ਲਿਖਦੇ ਹਨ:

> *ਸਮਾਜ ਰੀਤੀ-ਰਿਵਾਜਾਂ ਅਤੇ ਕਾਰਜ-ਪ੍ਰਣਾਲੀਆਂ ਦੀ ਅਧਿਕਾਰ, ਸੱਤਾ ਤੇ ਪਰਸਪਰ ਸਹਿਯੋਗ ਦੀ ਅਨੇਕਾਂ ਸਮੂਹਾਂ ਅਤੇ ਸ਼੍ਰੇਣੀਆਂ ਦੀ ਮਾਨਵ-ਵਿਹਾਰ ਦੇ ਨਿਯੰਤ੍ਰਣ ਅਤੇ ਸਵਾਧੀਨਤਾਵਾਂ ਦੀ ਵਿਵਸਥਾ ਹੈ। ਇਸ ਨਿਰੰਤਰ ਪਰਿਵਰਤਨਸ਼ੀਲ ਅਤੇ ਗੁੰਝਲਦਾਰ ਵਿਵਸਥਾ ਨੂੰ ਅਸੀਂ ਸਮਾਜ ਕਹਿੰਦੇ ਹਾਂ। ਇਹ ਸਮਾਜਿਕ ਸਬੰਧਾਂ ਦਾ ਤਾਣਾ ਹੈ ਤੇ ਹਮੇਸ਼ਾਂ ਬਦਲਦਾ ਰਹਿੰਦਾ ਹੈ।*[25]

ਸਮਾਜ ਕੇਵਲ ਵਿਅਕਤੀਆ ਦੇ ਇਕੱਠ ਨੂੰ ਹੀ ਨਹੀਂ ਕਹਿੰਦੇ ਸਗੋਂ ਸਮਾਜ ਸਮਾਜਿਕ ਸੰਬੰਧਾਂ ਤੋਂ ਬਣਦਾ ਹੈ, ਜਿਨ੍ਹਾਂ ਨੂੰ ਸਿਰਫ਼ ਮਹਿਸੂਸ ਕੀਤਾ ਜਾ ਸਕਦਾ ਹੈ। ਇਨ੍ਹਾਂ ਰਾਹੀਂ ਰੀਤੀ ਰਿਵਾਜ, ਪਰੰਪਰਾਵਾਂ, ਰੂੜ੍ਹੀਆਂ ਅਤੇ ਕਾਰਜ-ਪ੍ਰਣਾਲੀਆਂ ਬਣਦੀਆਂ ਹਨ ਅਤੇ ਇਨ੍ਹਾਂ ਰਾਹੀਂ ਹੀ ਸਮਾਜ ਦਾ ਨਿਰਮਾਣ ਹੁੰਦਾ ਹੈ। ਮਨੁੱਖ ਦਾ ਸਮੁੱਚਾ ਸਮਾਜਿਕ ਜੀਵਨ ਹੀ ਇਕ ਆਦਰਸ਼ ਸਮਾਜ ਦੀ ਸਥਾਪਨਾ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਮੁਢ ਵਿਚ ਹੀ 'ਜਪੁਜੀ' ਦੇ ਆਰੰਭ ਵਿਚ ਹੀ ਇਕ ਪ੍ਰਸ਼ਨ ਉਠਦਾ ਹੈ "ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ" ਜਪੁਜੀ ਦੀ ਇਸ ਤੁਕ ਵਿਚ ਮਨੁੱਖੀ ਜੀਵਨ ਦੀ ਮੂਲ ਸਮੱਸਿਆ ਵੱਲ ਸੰਕੇਤ ਦਿੱਤਾ ਗਿਆ ਹੈ ਕਿ ਉਹ ਕੋਈ ਅਜਿਹਾ ਢੰਗ ਪ੍ਰਾਪਤ ਹੋ ਜਾਵੇ ਜਿਸ ਨਾਲ 'ਕੂੜ ਹੀ ਪਾਲਿ' ਵਿਚ ਫਸਿਆ ਮਨੁੱਖ 'ਸਚਿਆਰਾ' ਹੋ ਕੇ ਨਿਕਲ ਸਕੇ। ਡਾ. ਜਗਬੀਰ ਸਿੰਘ 'ਬਾਣੀ ਸੰਸਾਰ' ਵਿਚ ਜਪੁਜੀ ਦੇ ਸਿਰਲੇਖ ਹੇਠ ਲਿਖਦੇ ਹਨ:

*ਸਧਾਰਨ ਜੀਵਨ ਵਿਚ ਵਿਚਰਦਾ ਜੀਵ ਆਪਣੀ ਹੋਂਦ ਨੂੰ 'ਕੂੜਿ' ਦੀ 'ਪਾਲ' ਵਿਚ ਘਿਰਿਆ ਹੋਇਆ ਅਨੁਭਵ ਕਰਦਾ ਹੈ ਕਿਉਂਕਿ ਮਨੁੱਖ ਦੈਵੀ-ਸੱਤਾ ਦੁਆਰਾ ਸਿਰਜੇ ਗਏ ਜਗਤ ਵਿਚ ਰਹਿੰਦਾ ਜਗਤ ਦੀ ਹੋਂਦ ਬ੍ਰਹਮ ਵਾਂਗ ਸਦੀਵੀ ਨਹੀਂ, ਅਰਥਾਤ ਸੱਚ ਨਹੀਂ ਕੂੜ ਹੈ। ... ਇਸ ਆਦਿ ਜੁਗਾਦੀ ਸੱਚ ਨਾਲ ਅਭੇਦ ਹੋਣਾ ਹੀ ਮਾਨਵ ਦੀ ਅਧਿਆਤਮਕ ਸਮੱਸਿਆ ਦਰਸਾਈ ਗਈ ਹੈ।*[6]

ਆਧੁਨਿਕ ਯੁਗ ਵਿਚ ਵਿਗਿਆਨ ਦਾ ਮੁਖ ਮੰਤਵ ਸੱਚ ਦੀ ਖੋਜ ਹੈ। ਗੁਰੂ ਨਾਨਕ ਸਾਹਿਬ ਨੇ ਆਪਣੇ ਅਤਿ ਆਧੁਨਿਕਤਮ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹੋਏ ਸਮੁੱਚੀ ਜੀਵਨ ਧਾਰਾ ਦਾ ਸੋਮਾ ਦੱਸ ਕੇ ਆਪਣੇ ਆਪ ਨੂੰ 'ਸ਼ਾਇਰ' ਕਿਹਾ ਹੈ ਪਰ ਅਸਲ ਵਿਚ ਉਨ੍ਹਾਂ ਨੇ ਸ਼ਾਇਰੀ ਦੇ ਮਾਧਿਅਮ ਰਾਹੀਂ ਆਪਣੀ ਵਿਚਾਰਧਾਰਾ ਸਮੁੱਚੀ ਲੋਕਾਈ ਨੂੰ ਦੇਣੀ ਚਾਹੀ ਹੈ। ਜਿਸ ਕਰਕੇ ਉਨ੍ਹਾਂ ਨੇ ਸਾਰੇ ਹਿੰਦਸਤਾਨ ਨੂੰ ਅਜਿਹੇ ਨੈਤਿਕ ਗੁਣਾਂ ਨੂੰ ਹਾਸਲ ਕਰਨ ਉਤੇ ਜ਼ੋਰ ਦਿੱਤਾ ਜੋ ਅਸਲ ਵਿਚ ਬੰਦੇ ਨੂੰ ਬੰਦਾ ਬਨਾਉਣ ਦਾ ਗਿਆਨ ਦੇ ਸਕੇ।

ਇਸ 'ਆਦਰਸ਼ ਸਮਾਜ ਦੀ ਪਰਿਕਲਪਨਾ ਅਤੇ ਭੂਮਿਕਾ' ਵਿਸ਼ੇ ਉਤੇ ਚਰਚਾ ਕਰਨ ਤੋਂ ਪਹਿਲਾਂ ਬਾਣੀ ਚਿੰਤਨ ਦੇ ਮੋਢੀ ਬਾਣੀਕਾਰ ਗੁਰੂ ਨਾਨਕ ਸਾਹਿਬ ਦੁਆਰਾ ਦਰਸਾਏ ਸਦਾਚਾਰਕ ਮਾਰਗ ਬਾਰੇ ਚਰਚਾ ਕਰਨੀ ਅਤਿਅੰਤ ਜ਼ਰੂਰੀ ਹੈ। ਅਸਲ ਵਿਚ ਧਰਮ ਦਾ ਸੰਕਲਪ ਅਤੇ ਸਮਾਜਿਕ ਸਦਾਚਾਰ ਦਾ ਸੰਕਲਪ ਵੱਖ ਵੱਖ ਨਹੀਂ ਹੁੰਦੇ ਸਗੋਂ ਇਕ ਦੂਜੇ ਨਾਲ ਪੂਰੀ ਤਰ੍ਹਾਂ ਉਤਪ੍ਰੋਤ ਹਨ। ਧਰਮ ਸਮਾਜ ਨੂੰ ਨਿਰੋਲ ਅਧਿਆਤਮਕਤਾ ਨਾਲ ਹੀ ਨਹੀਂ ਜੋੜਦਾ ਪਰ ਅਸਲ ਵਿਚ ਧਰਮ ਮਾਨਵੀ ਕਰਤੱਵਾਂ ਦੀ ਸੋਝੀ ਦਾ ਗਿਆਨ ਕਰਵਾਉਂਦਾ ਹੈ। ਮਾਨਵੀ ਸਮਾਜ ਵਿਚ ਇਹ ਸੋਝੀ ਸਮਾਜਿਕ ਸਦਾਚਾਰ ਦੁਆਰਾ ਪ੍ਰਾਪਤ ਹੁੰਦੀ ਹੈ। ਗੁਰੂ ਨਾਨਕ ਨੇ ਆਪਣੇ ਆਪ ਨੂੰ ਸਿਰਫ਼ ਭਾਰਤੀ ਧਰਮ ਦਰਸ਼ਨ ਤਕ ਹੀ ਸੀਮਤ ਰੱਖਣ ਦੀ ਬਜਾਏ ਆਪਣੇ ਅਸੀਮ ਵਿਸ਼ਾਲ ਤੇ ਡੂੰਘੇ ਅਨੁਭਵ ਨੂੰ ਬੜੇ ਸੁੰਦਰ ਢੰਗ ਨਾਲ ਬਾਣੀ ਰਾਹੀਂ ਪ੍ਰਵਾਹਿਤ ਕੀਤਾ। ਉਹਨਾਂ ਨੇ ਹਿੰਦੂ ਮਤ, ਇਸਲਾਮ, ਜੈਨ ਮਤ ਅਤੇ ਸੂਫੀ ਮਤ ਵਿਚ ਵਧ ਰਹੀਆਂ ਕੁਰੀਤੀਆਂ ਦਾ ਖੰਡਨ ਕੀਤਾ ਪਰੰਤੂ ਹਰ ਧਰਮ ਲਈ ਪੂਰਾ ਸਤਿਕਾਰ ਕਾਇਮ ਰਖਿਆ ਹੋਇਆ ਸੀ। ਵੇਈਂ ਨਦੀ ਦੀ ਘਟਨਾ ਦਾ ਸਬੰਧ ਇਨ੍ਹਾਂ ਦੋਹਾਂ ਕੌਮਾਂ ਦੇ ਪਤਨ ਤੋਂ ਪੁਨਰ ਜਾਗ੍ਰਿਤੀ ਲਈ ਪ੍ਰੇਰਿਤ ਕਰਨਾ ਹੈ। ਉਨ੍ਹਾਂ ਨੇ 'ਨਾ ਕੋਈ ਹਿੰਦੂ ਤੇ ਨਾ ਮੁਸਲਮਾਨ' ਦਾ ਨਾਅਰਾ ਦੇ ਕੇ ਸਮੁੱਚੀ ਮਾਨਵਤਾ ਨੂੰ ਇਕੋ ਧਾਗੇ ਵਿਚ ਪਰੋਣ ਦਾ ਕੰਮ ਕੀਤਾ। Dr. J.S. Grewal ਆਪਣੀ ਪੁਸਤਕ Guru Nanak in History ਵਿੱਚ ਲਿਖਦੇ ਹਨ:

*ਜਿਥੇ ਮੁਸਲਮਾਨ ਧਾਰਮਿਕ ਵਿਸ਼ਵਾਸਾਂ ਦੇ ਆਧਾਰ ਤੇ ਸੁੰਨੀ, ਸ਼ੀਆ ਤੇ ਸੂਫੀ ਫਿਰਕਿਆਂ ਵਿਚ ਵੰਡੇ ਹੋਏ ਸਨ। ਹਿੰਦੂ ਧਰਮ ਦੇ ਮੁਖ ਰੂਪ ਸ਼ੈਵ, ਵੈਸ਼ਨਵ ਅਤੇ ਸਾਕਤ ਮਤ ਸਨ। ਜੈਨ ਮਤ ਤੇ ਬੁੱਧ ਮਤ ਦਾ ਪ੍ਰਭਾਵ ਕਿਸੇ ਹੱਦ ਤਕ ਪੰਜਾਬ ਵਿਚ ਕੁਝ ਥਾਵਾਂ ਤੇ ਕਾਇਮ ਸੀ।*[27]

ਸੂਫੀਆਂ, ਜੋਗੀਆਂ ਤੇ ਵੈਸ਼ਨਵ ਭਗਤਾਂ ਨੇ ਧਰਮ ਦੇ ਖੇਤਰ ਵਿਚ ਅਹਿਮ ਹਿੱਸਾ ਪਾਇਆ ਪ੍ਰੰਤੂ ਗੁਰੂ ਨਾਨਕ ਦੇ ਆਗਮਨ ਤਕ ਕਰੀਬ ਸਾਰੇ ਧਰਮ ਸਿੱਥਲ ਹੋ ਚੁਕੇ ਸਨ। ਇਸ ਸਮੇਂ ਰਾਜਨੀਤਕ ਅਸਥਿਰਤਾ ਅਤੇ ਸਮਾਜਿਕ ਅਧੋਗਤੀ ਵੀ ਫੈਲ ਚੁੱਕੀ ਸੀ। ਇਸਲਾਮ ਦੀ ਧਰਮ ਪ੍ਰੀਵਰਤਨ ਲਹਿਰ ਸਦਕਾ ਦੋਹਾਂ ਕੌਮਾਂ ਵਿਚ ਆਪਸੀ ਨਫ਼ਰਤ ਫੈਲ ਚੁੱਕੀ ਸੀ। ਸਮਾਜ ਵਿਚ ਸਦਾਚਾਰਕ ਪਤਨ ਜੜ੍ਹਾਂ ਫੜ੍ਹ ਚੁੱਕਾ ਸੀ। ਜਿਸ ਕਰਕੇ ਲੋਭ ਤੇ ਲਾਲਚ ਦੀਆਂ ਭਾਵਨਾਵਾਂ ਅਧੀਨ ਧਾਰਮਿਕ ਪਾਖੰਡ ਅਤੇ ਭੇਖ ਅਪਣਾਏ ਜਾ ਰਹੇ ਸਨ। ਧਰਮ ਦੀ ਅਸਲ ਭਾਵਨਾ ਖੰਭ ਲਾ ਕੇ ਉੱਡ ਚੁੱਕੀ ਸੀ ਅਤੇ ਰੋਜ਼ੇ, ਈਦ, ਨਮਾਜ਼, ਤੀਰਥ, ਵਰਤ ਅਤੇ ਜਨੇਊ ਆਦਿ ਕੇਵਲ ਦਿਖਾਵਾ ਮਾਤਰ ਰਹਿ ਗਏ ਸਨ। ਬਾਹਰੀ ਦਿਖਾਵੇ ਤੋਂ ਉੱਪਰ ਉਠ ਕੇ, ਨਾਮ ਜਪ ਕੇ, ਧਰਮ ਦੀ ਕਿਰਤ ਕਰਕੇ 'ਸਚਿਆਰ' ਬਨਣ ਲਈ, ਨੇਕ ਨੀਤੀ ਦੀ ਲੋੜ ਹੁੰਦੀ ਹੈ। ਜੇ ਮਨੁੱਖ ਦੀ ਨੀਅਤ ਭੈੜੀ ਅੰਦਰੋਂ ਖੋਖਲੀ ਅਤੇ ਮਨ ਵਿਚ ਪਾਪ ਪਸਰਿਆ ਹੋਵੇ ਤਾਂ ਇਹ ਸਭ ਕੁਝ ਸਿਰਫ਼ 'ਚੰਗਾ' ਦਿਖਾਉਣ ਲਈ ਹੁੰਦਾ ਹੈ, ਚੰਗਾ ਬਨਣ ਲਈ ਨਹੀਂ ਹੁੰਦਾ। ਬਾਬਾ ਫਰੀਦ ਦਾ ਕਥਨ ਹੈ:

*ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ॥*
*ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ॥* ਪੰਨਾ ੧੩੮੦

ਇਸ ਸਬੰਧੀ ਪ੍ਰੋ. ਪ੍ਰੀਤਮ ਸਿੰਘ ਦੀ ਰਾਏ ਵਿਚਰਨ ਯੋਗ ਹੈ:-

*ਉਹ ਹਰ ਗੁਣ ਜੋ ਮਨੁੱਖੀ ਸਦਾਚਾਰ ਨੂੰ ਉਤਸ਼ਾਹ ਦੇਵੇ ਅਤੇ ਅਰੋਗ ਸਮਾਜ ਦੇ ਨਿਰਮਾਣ ਵਿਚ ਸਹਾਈ ਹੋਵੇ, ਬਾਣੀ ਦਾ ਮਨੋਹਰ ਵਿਸ਼ਾ ਹੈ। ... ਜੇ ਹਰ ਵਿਅਕਤੀ ਆਪਣੇ ਆਪ ਵਿਚ ਉਪਰੋਕਤ ਗੁਣਾਂ ਦਾ ਧਾਰਨੀ ਹੋ ਜਾਵੇ ਤਾਂ ਇਕ ਪਵਿੱਤਰ ਵਿਅਕਤਿਤਵ ਦੇ ਨਾਲ ਸਮਾਜ ਆਪੇ ਚੰਗਾ ਹੈ।*[28]

ਸਮੁੱਚਾ ਬਾਣੀ ਚਿੰਤਨ ਮਨੁੱਖ ਮਾਤਰ ਨੂੰ ਹਰ ਪ੍ਰਕਾਰ ਦੀ ਜਿਲ੍ਹਣ, ਬੰਦਿਸ਼ ਅਤੇ ਗੁਲਾਮੀ ਭਾਵੇਂ ਉਹ ਰੀਤੀਵਾਦ ਦੀ, ਭਾਵੇਂ ਘਰੇਲੂ ਦਬਾਅ ਜਾਂ ਮਜ਼ਹਬੀ ਪਾੜੇ ਦੀ, ਭਾਵੇਂ ਸ਼ਖਸੀ ਜਾਂ ਹਕੂਮਤ ਦੀ ਹੋਵੇ ਵਿਚੋਂ ਕਢ ਕੇ, ਮਾਨਸਿਕ ਤੌਰ ਤੇ ਆਜ਼ਾਦ ਅਤੇ ਸਹਿਜ ਭਾਵ ਵਾਲੀਆਂ ਰੁਚੀਆਂ

ਵਿਚ ਵਿਕਸਤ ਹੋਣ ਵਾਲਾ ਮਨੁੱਖ ਬਨਾਉਣਾ ਚਾਹੁੰਦੇ ਸਨ। ਰਾਗ ਮੁਕਤ ਬਾਣੀ ਵਿੱਚ ਇਕ ਐਸਾ 'ਨਿਰਭਉ ਤੇ ਨਿਰਵੈਰ ਸਮਾਜ' ਉਸਾਰਨਾ ਚਾਹੁੰਦੇ ਸਨ ਜਿਸ ਵਿਚ ਰਹਿੰਦੇ ਮਨੁੱਖ ਰੱਬੀ ਗੁਣਾਂ ਵਾਲੇ ਹੋਣ ਅਤੇ ਇਸ ਸਾਰੇ ਵਿਚ ਰਹਿਣ ਵਾਲੇ ਸਮੂਹ ਵਿਅਕਤੀ ਨਾ ਆਪ ਕਿਸੇ ਤੋਂ ਡਰਦੇ ਹਨ ਤੇ ਨਾ ਹੀ ਡਰਾਉਂਦੇ ਹਨ। ਅਗਿਆਨੀ ਮਨੁੱਖ ਉੱਤੇ ਹਮੇਸ਼ਾਂ ਹਰ ਪ੍ਰਕਾਰ ਦਾ ਭੈ ਸਵਾਰ ਰਹਿੰਦਾ ਹੈ ਪਰ ਗਿਆਨੀ ਹੁੰਦੇ ਤਾਂ ਸਾਰਿਆਂ ਵਿਚੋਂ ਰੱਬੀ ਜੋਤ ਦੇ ਦਰਸ਼ਨ ਕਰਦੇ ਹਨ। ਇਸ ਲਈ ਉਹ ਸਿਵਾਏ 'ਉਸ' ਦੇ ਹੋਰ ਕਿਸੇ ਡਰ ਨੂੰ ਨਹੀਂ ਮੰਨਦੇ:

*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥*
*ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥* ਪੰਨਾ ੧੪੨੭

ਬਾਣੀ ਚਿੰਤਨ ਵਿਚ ਇਕ ਐਸੇ ਸਮਾਜ ਦੀ ਕਲਪਨਾ ਕੀਤੀ ਹੈ ਜੋ ਅਮੀਰ-ਗਰੀਬ, ਹਾਕਮ-ਮਹਿਕੂਮ, ਜ਼ਾਲਮ-ਮਜ਼ਲੂਮ ਅਤੇ ਉਚ-ਨੀਚ ਦੇ ਭੇਦ ਭਾਵ ਤੋਂ ਉਪਰ ਉੱਠਿਆ ਹੋਵੇ। ਸਾਰੇ ਬਾਣੀਕਾਰਾਂ ਨੇ ਤਿੜਕੇ ਹੋਏ ਇਸ ਸਮਾਜ ਨੂੰ ਜੋੜਨ ਦਾ ਹੀਲਾ ਕੀਤਾ ਅਤੇ ਉਨ੍ਹਾਂ ਨੇ ਆਪਣੀ ਸੋਚ ਸਮੂਹ ਮਾਨਵਤਾ ਦੇ ਕਲਿਆਣ ਹਿਤ ਇਕ ਆਦਰਸ਼ ਸਮਾਜ ਦੀ ਸਥਾਪਨਾ ਕਰਨ ਲਈ ਵਰਤੀ। ਇਹ ਸਾਰੇ ਬਾਣੀਕਾਰ ਮਹਾਨ ਆਤਮਾਵਾਂ ਉਨ੍ਹਾਂ ਸ਼ਾਹ ਸਵਾਰਾਂ ਵਿਚੋਂ ਸਨ ਜਿਨ੍ਹਾਂ ਨੇ ਪ੍ਰਭੂ ਪ੍ਰਾਪਤੀ ਲਈ ਸਮਾਜਿਕ ਟੋਏ ਟਿੱਬੇ ਇਕਸਾਰ ਕਰਕੇ ਮਾਨਵ ਨੂੰ ਜੀਵਨ ਜਿਉਣ ਦੀ ਨਰੋਈ ਜਾਚ ਸਿਖਾਈ। ਜਿਥੇ ਗੁਰੂ ਸਾਹਿਬਾਨ ਦੀ ਬਾਣੀ ਨੇ ਸਮਾਜ ਦੇ ਕਲਿਆਣ ਲਈ ਆਪਣੀ ਆਵਾਜ਼ ਉਠਾਈ ਉਥੇ ਭਗਤ ਕਵੀਆਂ ਦੇ ਹਿਰਦੇ ਦੀ ਆਵਾਜ਼ ਨੂੰ ਵੀ ਲੋਕਾਂ ਤਕ ਪੁਚਾਇਆ ਗਿਆ। ਇਸ ਸਬੰਧੀ ਪ੍ਰੋ. ਪਿਆਰਾ ਸਿੰਘ ਪਦਮ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਇਸ ਪ੍ਰਕਾਰ ਕਰਦੇ ਹਨ:

> *ਭਗਤ ਕਵੀਆਂ ਨੇ ਨੀਵੀਆਂ ਜਾਤਾਂ ਦੇ ਲੋਕਾਂ ਦੇ ਮਨਾਂ ਵਿਚ ਮਾਨਵੀ ਹੱਕਾਂ ਦਾ ਅਹਿਸਾਸ ਜਗਾਇਆ, ਉਨ੍ਹਾਂ ਨੇ ਆਮ ਜਨ-ਸਧਾਰਣ ਨੂੰ ਇਹ ਅਹਿਸਾਸ ਕਰਵਾਇਆ ਕਿ ਜਿਵੇਂ ਇਸ਼ਟ ਦੀ ਏਕਤਾ ਵਿਚ ਵਿਸ਼ਵਾਸ ਪੱਕਾ ਕਰਨਾ ਹੈ ਤਿਵੇਂ ਹੀ ਮਨੁੱਖੀ ਏਕਤਾ ਨੂੰ ਵੀ ਆਪਣਾ ਸਚਾ ਈਮਾਨ ਬਨਾਉਣਾ ਅਤੇ ਸਭ ਦੇ ਕਲਿਆਣ ਦਾ ਮਾਰਗ ਅਪਨਾਉਣਾ ਹੈ।*[29]

ਕਬੀਰ ਦੀ ਵਿਚਾਰਧਾਰਾ ਅਨੁਸਾਰ ਸਾਰਾ ਸੰਸਾਰ ਮੋਹ-ਮਾਇਆ ਦੇ ਵਿਕਾਰਾਂ ਵਿਚ ਫਸ ਕੇ ਬੁਰਾਈਆਂ ਵਿਚ ਗਲਤਾਨ ਹੋ ਕੇ ਮਨੁੱਖਾ ਜਨਮ ਦੇ ਅਸਲ ਮੰਤਵ ਨੂੰ ਵਿਸਾਰ ਚੁੱਕਾ ਹੈ। ਉਸ ਨੂੰ ਇਸ ਗਲ ਦਾ ਵੀ ਧਿਆਨ ਨਹੀਂ ਰਿਹਾ ਕਿ ਸੰਸਾਰ ਵਿਚ ਇਕੋ ਇਕ ਪੂਰਨ ਤੱਤ ਪਰਮਾਤਮਾ ਦਾ

ਸੱਚਾ ਨਾਮ, ਭਜਨ ਤੇ ਸਿਮਰਨ ਹੈ; ਉਹੀ ਅਸਲ ਸ਼ਬਦ ਤੇ ਬਾਣੀ ਹੈ। ਮਨੁੱਖ ਜਨਮ ਦੁਬਾਰਾ ਪ੍ਰਾਪਤ ਨਹੀਂ ਹੋਣਾ। ਇਸ ਲਈ ਭਗਤ ਕਬੀਰ ਫਰਮਾਉਂਦੇ ਹਨ:

*ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥* ਪੰਨਾ ੧੩੬੬

ਬਾਣੀਕਾਰਾਂ ਨੇ ਪਰਮਾਤਮਾ ਦੀ ਇਕ ਜੋਤਿ ਦੇ ਸਿਧਾਂਤ ਨੂੰ ਦ੍ਰਿੜ ਕਰਵਾ ਕੇ ਉਸ ਦੇ ਲੜ ਲਗਣ ਲਈ ਹਰ ਪ੍ਰਕਾਰ ਦੇ ਕਰਮ ਕਾਂਡਾਂ ਨੂੰ ਪਾਖੰਡ ਦਸਿਆ ਹੈ। ਜੰਗਲਾਂ ਵਿਚ ਵਸਣ ਨਾਲ, ਚੋਲੇ ਪਹਿਨਣ ਨਾਲ, ਧੂਪ ਧੁਖਾਣ ਨਾਲ ਅਤੇ ਪੂਜਾ ਕਰਨ ਨਾਲ ਕਿਸੇ ਪ੍ਰਕਾਰ ਦੀ ਸਿੱਧੀ ਪ੍ਰਾਪਤੀ ਨਹੀਂ ਹੋਣੀ। ਤੀਰਥਾਂ 'ਤੇ ਜਾ ਕੇ ਸਰੀਰ ਨੂੰ ਤਿਆਗਣਾ, ਗਿਆਨ ਚਰਚਾ ਕਰਨੀ, ਸਮਾਧੀਆਂ ਲਗਾਉਣੀਆਂ, ਲੋਕਾਂ ਨੂੰ ਉਪਦੇਸ਼ ਕਰਨਾ ਸਗੋਂ ਮਨ ਦੀ ਭਟਕਣਾ ਨੂੰ ਵਧਾਉਂਦੇ ਹਨ। ਇਨ੍ਹਾਂ ਅਡੰਬਰਾਂ ਨੂੰ ਤਿਆਗ ਕੇ ਜੀਵਨ ਦਾ ਸਹੀ ਰਾਹ ਤੇ ਚਲਣਾ ਅਸਲ ਸਮਾਧੀ ਹੈ:

*ਕਬੀਰ ਕਾਗਦ ਕੀ ਓਬਰੀ ਮਸੁ ਕੇ ਕਰਮ ਕਪਾਟ॥*
*ਪਾਹਨ ਬੋਰੀ ਪਿਰਥਮੀ ਪੰਡਿਤ ਪਾੜੀ ਬਾਟ॥* ਪੰਨਾ ੧੩੭੧

ਜਿਥੇ ਭਗਤ ਕਬੀਰ ਸਿਰ ਮੁੰਨਾਉਣ ਵਾਲੇ ਸਾਧੂਆਂ ਦੇ ਭੇਖ ਅਡੰਬਰਾਂ ਨੂੰ ਭੰਡਦੇ ਹੋਏ ਕਹਿੰਦੇ ਹਨ ਕਿ ਮਨ ਦੀ ਸਫਾਈ ਵਲ ਧਿਆਨ ਨਹੀਂ ਦਿੱਤਾ ਪਰ ਸਿਰ ਦੀ ਸਫ਼ਾਈ ਕਰਾ ਲਈ, ਉੱਥੇ ਫਰੀਦ ਬਾਣੀ ਜੰਗਲਾਂ ਵਿਚ ਜਾ ਕੇ ਭੌਣ ਵਾਲਿਆਂ ਨੂੰ ਕਰਾਰੇ ਹੱਥੀਂ ਲੈਂਦੀ ਹੈ। ਜੰਗਲ ਵਿਚ ਭਟਕਣ ਦਾ ਕੋਈ ਫਾਇਦਾ ਨਹੀਂ, ਉਸ ਪਰਮਾਤਮਾ ਨੂੰ ਆਪਣੇ ਅੰਦਰੋਂ ਹੀ ਲਭਣਾ ਪੈਣਾ ਹੈ ਇਸ ਲਈ:

*ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥*
*ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥* ਪੰਨਾ ੧੩੭੮

ਅਖੌਤੀ ਧਰਮਾਂ ਵਿਚ ਐਸੇ ਕਰਮ ਕਾਂਡ ਮਨੁੱਖਾਂ ਨੂੰ ਭਰਮ ਜਾਲ ਵਿਚ ਫਸਾ ਲੈਂਦੇ ਹਨ ਪਰੰਤੂ ਅਸਲ ਧਰਮ ਮਨੁੱਖ ਨੂੰ ਸਮਾਜਿਕ ਕਲਿਆਣ ਲਈ ਕੀਤੇ ਜਾਣ ਵਾਲੇ ਕਾਰਜਾਂ ਲਈ ਪਰੇਰਦਾ ਹੈ। ਧਰਮ ਇਹ ਸਿਖਾਉਂਦਾ ਹੈ ਕਿ ਮਾਇਆ ਵਿਚ ਨਿਰਲੇਪ ਰਹਿ ਕੇ, ਇਸ ਦੇ ਅਸਰ ਤੋਂ ਅਭਿੱਜ ਰਹਿ ਕੇ ਕਿਰਤ ਵੀ ਕੀਤੀ ਜਾ ਸਕਦੀ ਹੈ ਤੇ ਨਾਮ ਵੀ ਜਪਿਆ ਜਾ ਸਕਦਾ ਹੈ:

*ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ॥*
*ਹਾਥ ਪਾਉ ਕਰ ਕਾਮੁ ਸਭ ਚੀਤੁ ਨਿਰੰਜਨ ਨਾਲਿ॥* ਪੰਨਾ ੧੩੭੬

ਰਾਗ ਮੁਕਤ ਬਾਣੀ ਚਿੰਤਨ ਸਮੁੱਚੀ ਮਾਨਵਤਾ ਲਈ ਕਲਿਆਣਕਾਰੀ ਕਦਮ ਪੁਟਣੇ ਜ਼ਰੂਰੀ ਸਮਝਦਾ ਹੈ। ਬਨਾਰਸ ਦੀ ਪਾਵਨ ਧਰਤੀ ਤੇ ਵਿਚਰਨ ਵਾਲੇ ਮਹਾਂਪੁਰਸ਼ ਕਬੀਰ ਆਪਣੇ ਸਲੋਕਾਂ ਵਿਚ ਭਗਤ ਰਵਿਦਾਸ ਬਾਰੇ ਕਹਿੰਦੇ ਹਨ:

*ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥*

*ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥* ਪੰਨਾ ੧੩੭੭

ਪ੍ਰਭੂ ਪਿਤਾ ਤੋਂ ਬਿਨਾਂ ਦੂਜੇ ਦੇਵੀ ਦੇਵਤਿਆਂ ਅਗੇ ਅਰਜੋਈਆਂ ਕਰਕੇ ਸੁਖਾਂ ਸੁਖਣੀਆਂ ਨਰਕ ਦਾ ਰਾਹ ਤੱਕਣ ਦੇ ਬਰਾਬਰ ਹਨ ਕਿਉਂਕਿ ਜੀਵਾਤਮਾ ਦੀ ਸਹੀ ਅਗਵਾਈ ਤੇ ਸਹਾਇਤਾ ਉਸ ਪ੍ਰਮਾਤਮਾ ਨੇ ਆਪ ਕਰਨੀ ਹੈ। ਭਗਤ ਕਵੀਆਂ ਅਤੇ ਭੱਟ ਸਾਹਿਬਾਨ ਨੇ ਨੀਵੀਆਂ ਜਾਤਾਂ ਵਿਚ ਜਨਮ ਲੈ ਕੇ ਵੀ ਵਕਤ ਦੇ ਬੰਧਨਾਂ ਨੂੰ ਜਰਨ, ਮੁਸੀਬਤਾਂ ਸਹਾਰਨ ਅਤੇ ਅੜਿੱਚਨਾਂ ਨਾਲ ਟੱਕਰਾਂ ਲੈਣ ਵਾਲਿਆਂ ਨੇ ਸਮਾਜ ਦੇ ਕਲਿਆਣ ਲਈ ਆਪਣਾ ਅਹਿਮ ਯੋਗਦਾਨ ਪਾਇਆ। ਇਨ੍ਹਾਂ ਅਖੌਤੀ ਨੀਵੀਂ ਜਾਤ ਦੇ ਭਗਤਾਂ ਅਤੇ ਭੱਟਾਂ ਨੇ ਆਪਣੀ ਜਾਤ-ਜਮਾਤ, ਕੁਲ ਅਤੇ ਧਰਮ ਨੂੰ ਛੁਪਾਉਣ ਦੀ ਬਜਾਏ ਨਗਾਰੇ ਦੀ ਚੋਟ ਤੇ ਕੁਲੀਨ ਵਰਗਾਂ ਨੂੰ ਵੰਗਾਰਿਆ ਅਤੇ ਆਪਣੇ ਆਪ ਨੂੰ ਨੀਵੀਂ ਜਾਤ ਦਾ ਕਹਿਣਾ ਇਹ ਸਪੱਸ਼ਟ ਕਰਦਾ ਹੈ ਕਿ ਛੂਤ ਛਾਤ, ਵਰਗ ਵੰਡ ਅਤੇ ਸੁਚ ਭਿੱਟ ਉਹਨਾਂ ਦੇ ਸਾਹਮਣੇ ਤੁਛ ਹੈ। ਜਿਨ੍ਹਾਂ ਸਖਸ਼ਾਂ ਲਈ ਜੀਣ ਥੀਣ ਦੇ ਸਭ ਦਰਵਾਜੇ ਬੰਦ ਕੀਤੇ ਗਏ ਹੋਣ, ਮਾਨਵੀ ਅਧਿਕਾਰ ਖੋਹ ਲਏ ਹੋਣ, ਉਨ੍ਹਾਂ ਨੂੰ ਸਮੇਂ ਦੇ ਕੁਲੀਨ ਵਰਗਾਂ ਵਲੋਂ ਕੇਵਲ ਪ੍ਰਵਾਨਗੀ ਹੀ ਨਹੀਂ ਮਿਲੇ, ਸਗੋਂ ਡੰਡਉਤਾਂ ਕੀਤੀਆਂ ਜਾਣ ਤੇ ਨਿਮਰਤਾ ਪੂਰਵਕ ਸਤਿਕਾਰ ਦਿੱਤਾ ਜਾਵੇ ਪਰ ਅਜਿਹਾ ਕ੍ਰਿਸ਼ਮਾ ਤਾਂ ਕਦੇ ਕਦਾਈਂ ਹੀ ਵਾਪਰਦਾ ਹੈ:

*ਐਸੀ ਲਾਲ ਤੁਝ ਬਿਨੁ ਕਉਨੁ ਕਰੈ॥*

*ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ॥*

*ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀ ਢਰੈ॥*

*ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥* ਪੰਨਾ ੧੧੦੬

ਇਸ ਸਮਾਜ ਵਿਚ 'ਸਚਿਆਰਾ' ਹੋਣ ਲਈ ਮੁਢਲੀ ਸ਼ਰਤ ਪ੍ਰਮਾਤਮਾ ਦੇ ਹੁਕਮ ਅਨੁਸਾਰ ਚਲਣ ਦੀ ਹੈ। ਪ੍ਰਭੂ ਦੇ ਹੁਕਮ ਅੰਦਰ ਵਿਚਰਨਾ ਤੇ ਉਸ ਦੀ ਰਜ਼ਾ ਨੂੰ ਮੰਨਣਾ ਸਚਿਆਰਤਾ ਦੀ ਪਹਿਲੀ ਪੌੜੀ ਹੈ ਕਿਉਂਕਿ ਉਸਦਾ ਹੁਕਮ ਅਟੱਲ ਹੈ:

*ਹੁਕਮੈ ਅੰਦਰੁ ਸਭ ਕੋ ਬਾਹਰਿ ਹੁਕਮਿ ਨ ਕੋਇ॥*

*ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥* ਪੰਨਾ ੧

ਮਨੁੱਖ ਅੰਦਰ ਵਿਕਾਰਾਂ ਨੇ ਆਪਣਾ ਪੂਰਾ ਜ਼ੋਰ ਲਾਇਆ ਹੋਇਆ ਹੈ। ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਉਸਦੇ ਅੰਦਰ ਪੂਰੀ ਤਰ੍ਹਾਂ ਸਮਾਏ ਹੋਏ ਹਨ। 'ਸਲੋਕ ਸਹਸਕ੍ਰਿਤੀ' ਵਿਚ ਇਨ੍ਹਾਂ ਵਿਕਾਰਾਂ ਬਾਰੇ ਵਿਚਾਰ ਇਸ ਪ੍ਰਕਾਰ ਪ੍ਰਗਟਾਏ ਗਏ ਹਨ:

*ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ॥*

*ਚਿਤ ਹਰਣੰ ਤ੍ਰੈ ਲੋਕ ਗੰਮ੍ਹੰ ਜਪ ਤਪ ਸੀਲ ਬਿਦਾਰਣਹ॥* ਪੰਨਾ ੧੩੫੮

ਇਸ ਸਲੋਕ ਵਿਚ ਕਾਮ ਨੂੰ ਸੰਬੋਧਨ ਕਰਕੇ ਮਨੁੱਖ ਨੂੰ ਉਸ ਦੇ ਔਗੁਣਾਂ ਤੋਂ ਗਿਆਨ ਕਰਵਾਇਆ ਹੈ ਅਤੇ ਕਾਮੀ ਪੁਰਖ ਜਪ, ਤਪ, ਸੀਲ ਧਰਮ ਤੋਂ ਦੂਰ ਹੋ ਜਾਂਦਾ ਹੈ।

*ਹੇ ਕਲਿ ਮੂਲ ਕ੍ਰੋਧੰ ਕਦੰਚ ਕਰੁਣਾ ਨ ਉਪਰਜਤੇ॥*

*ਬਿਖਯੰਤ ਜੀਵੰ ਵਸ੍ਹੰ ਕਰੋਤਿ ਨਿਰਤੰ ਜਥਾ ਮਰਕਟਹ॥* ਪੰਨਾ ੧੩੫੮

ਜਿਵੇਂ ਕਾਮ ਅਤੇ ਕਰੋਧ ਦੀ ਅੱਗ ਮਨੁੱਖ ਦਾ ਜੀਵਨ ਤਬਾਹ ਕਰਦੀ ਹੈ। ਉਸੇ ਤਰ੍ਹਾਂ ਲੋਭੀ ਪੁਰਸ਼ ਵੀ ਆਪਣੀ ਹਵਸ ਪੂਰੀ ਕਰਨ ਲਈ ਪੂਰੀ ਵਾਹ ਲਾ ਦਿੰਦਾ ਹੈ:

*ਹੇ ਲੋਭਾ ਲੰਪਟ ਸੰਗ ਸਿਰਮੋਰਹ ਅਨਿਕ ਲਹਰੀ ਕਲੋਲਤੇ॥*

*ਧਾਵੰਤ ਜੀਆ ਬਹੁ ਪ੍ਰਕਾਰੰ ਅਨਿਕ ਭਾਂਤਿ ਬਹੁ ਡੋਲਤੇ॥* ਪੰਨਾ ੧੩੫੮

ਹੰਕਾਰ ਨਿਮਰਤਾ ਵਰਗੇ ਗੁਣਾਂ ਨੂੰ ਥਾਂ ਨਹੀਂ ਦਿੰਦਾ ਕਿਉਂਕਿ ਹਉਮੈ ਦਾ ਰੋਗ ਲਾਇਲਾਜ ਹੈ। ਇਸ ਲਈ ਪ੍ਰਭੂ ਕਿਰਪਾ ਦੀ ਦਵਾਈ ਇਸ ਦਾ ਇਲਾਜ ਕਰ ਸਕਦੀ ਹੈ:

*ਹੇ ਜਨਮ ਮਰਣ ਮੂਲੰ ਅਹੰਕਾਰੰ ਪਾਪਾਤਮਾ॥*

*ਮਿਤ੍ਰੰ ਤਜੰਤਿ ਸਤ੍ਰੰ ਦ੍ਰਿੜੰਤਿ ਅਨਿਕ ਮਾਯਾ ਬਿਸ੍ਤੀਰਨਹ॥* ਪੰਨਾ ੧੩੫੮

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਬਾਣੀਕਾਰਾਂ ਨੇ ਮਨੁੱਖ ਦੀ ਮੁਕਤ ਅਵਸਥਾ ਨੂੰ ਆਪੇ ਤੇ ਬ੍ਰਹਮ ਅਤੇ ਬ੍ਰਹਿਮੰਡ ਨਾਲ ਇਕਸੁਰ ਹੋਣ ਦੀ ਅਵਸਥਾ ਵਿਚ ਪਰਿਭਾਸ਼ਿਤ ਕੀਤਾ ਹੈ। ਇਹ ਮੁਕਤ ਅਵਸਥਾ ਕਾਮਨਾ ਦੇ ਦਮਨ ਰਾਹੀਂ ਨਹੀਂ ਸਗੋਂ ਸੰਜਮ ਰਾਹੀਂ ਪ੍ਰਾਪਤ ਹੋ ਸਕਦੀ ਹੈ। ਇਹ ਸੰਸਾਰ ਜਾਂ ਸਮਾਜ-ਸੱਭਿਆਚਾਰ ਤੋਂ ਭਾਂਜ ਦਾ ਮਾਰਗ ਨਹੀਂ ਸਗੋਂ ਸੰਸਾਰ ਦੀ ਸੰਸਾਰਿਕਤਾ ਤੋਂ ਨਿਰਲੇਪ ਹੋ ਕੇ ਵਿਚਰਨ ਦਾ ਮਾਰਗ ਹੈ।[30]

ਰਾਗ ਮੁਕਤ ਬਾਣੀ ਵਿਚ 'ਰਾਜ ਜੋਗ' ਦਾ ਸਿਧਾਂਤ ਦਰਸਾਇਆ ਗਿਆ ਹੈ। ਭਾਈ ਕਾਹਨ ਸਿੰਘ ਨਾਭਾ ਅਨੁਸਾਰ: ਰਾਜ-ਜੋਗ ਦੇ ਅਰਥ ਰਾਜ ਕਰਦੇ ਹੋਏ ਜੋਗ ਕਰਨਾ ਭਾਵ ਸੰਸਾਰ ਦੇ ਕਾਰ-ਵਿਹਾਰ ਕਰਦੇ ਹਏ ਕਰਤਾਰ ਨਾਲ ਮਨ ਜੋੜਨਾ।[31] ਜੋਗਮਤ ਅਨੁਸਾਰ ਮਨ ਦੀਆਂ ਬ੍ਰਿਤੀਆਂ

ਦਾ ਨਿਰਵਿਕਲਪ ਹੋਣਾ ਆਦਿ। ਜਿਸ ਦੀ ਪ੍ਰਤਖ ਮਿਸਾਲ ਭੱਟਾਂ ਦੇ ਸੱਵਈਏ ਵਿਚ ਨਜ਼ਰ ਆਉਂਦੀ ਹੈ:

*ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ॥*

*ਪ੍ਰਥਮੇ ਨਾਨਕ ਚੰਦੁ ਜਗਤ ਭਯੋ ਅਨੰਦੁ ਤਾਰਨਿ ਮਨੁਖ੍ ਜਨੁ ਕੀਅਉ ਪ੍ਰਗਾਸ॥*

*ਗੁਰ ਅੰਗਦ ਦੀਅਉ ਨਿਧਾਨ ਅਕਥ ਕਥਾ ਗਿਆਨੁ ਪੰਚ ਭੂਤ ਬਸਿ ਕੀਨੇ ਜਮਤ ਨ ਤ੍ਰਾਸ॥*

*ਗੁਰ ਅਮਰ ਗੁਰੂ ਸ੍ਰੀ ਸਤਿ ਕਲਜੁਗਿ ਪਤਿ ਰਾਖੀ ਅਘਨ ਦੇਖਤ ਗਤੁ ਚਰਨ ਕਮਲ ਜਾਸ॥*

*ਸਭ ਬਿਧਿ ਮਾਨਿਉ ਮਨ ਤਬ ਹੀ ਭਯਉ ਪ੍ਰਸੰਨ ਰਾਜ ਜੋਗ ਤਖਤ ਦੀਅਨੁ ਗੁਰ ਰਾਮਦਾਸ॥*

ਪੰਨਾ ੧੩੯੯

ਇਸ ਸੰਸਾਰ ਵਿਚ ਰਹਿੰਦਿਆਂ ਮਨੁੱਖ ਨੂੰ ਪੰਜ ਵਿਕਾਰ ਆਪਣੇ ਗਲਬੇ ਅਧੀਨ ਰਖਦੇ ਹਨ। ਮਨੁੱਖ ਇਨ੍ਹਾਂ ਬੰਧਨਾਂ ਨੂੰ ਤੋੜ ਕੇ ਜਦੋਂ 'ਹੁਕਮ' ਨਾਲ ਜੁੜ ਜਾਂਦਾ ਹੈ ਤਾਂ ਫਿਰ ਉਸ ਦੀ ਅਵਸਥਾ ਬਿਆਨ ਹੀ ਨਹੀਂ ਕੀਤੀ ਜਾ ਸਕਦੀ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਨੁਸਾਰ ਮਨੁੱਖ ਇਕ ਸੰਪੂਰਨ ਮਨੁੱਖ ਬਣ ਕੇ ਆਪਣੇ ਅੰਦਰੋਂ ਵਿਕਾਰਾਂ ਦੀ ਮੈਲ ਨੂੰ ਸ਼ਬਦ-ਸਿੱਧੀ ਰਾਹੀਂ ਬਾਹਰ ਕੱਢ ਕੇ ਮਾਰ ਦੇਵੇ। ਰਾਗ ਮੁਕਤ ਬਾਣੀ ਵਿੱਚ ਨੈਤਿਕ ਨਿਯਮ ਨਿਰਧਾਰਤ ਕੀਤੇ ਗਏ ਹਨ ਜਿਨ੍ਹਾਂ ਅਨੁਸਾਰ ਕਰਮ ਕਰਕੇ ਮਨੁੱਖ ਨੂੰ ਸਜ਼ਾ ਨਹੀਂ ਭੁਗਤਣੀ ਪੈਂਦੀ ਪਰ ਪੰਜ ਵਿਕਾਰ ਐਸੇ ਔਗੁਣ ਹਨ ਜੋ ਇਕ ਸੱਭਯ ਸਮਾਜ ਵਿਚ ਸ਼ੋਭਦੇ ਹੀ ਨਹੀਂ। ਮਨੁੱਖ ਇਨ੍ਹਾਂ ਵਿਚ ਖਚਿਤ ਹੋ ਕੇ ਭਾਵੇਂ ਆਪਣੇ ਲਈ ਅਸਥਾਈ ਸੁਖ ਪ੍ਰਾਪਤ ਕਰ ਲੈਂਦਾ ਹੈ ਪਰੰਤੂ ਉਹ ਸਮਾਜ ਲਈ ਵੱਡੀ ਮੁਸੀਬਤ ਬਣ ਜਾਂਦਾ ਹੈ। ਉਸ ਨੂੰ ਇਨ੍ਹਾਂ ਪੰਜ ਵਿਕਾਰਾਂ ਤੋਂ ਪ੍ਰੇਰਿਤ ਹੋ ਕੇ ਕੋਈ ਐਸਾ ਕਰਮ ਨਹੀਂ ਕਰਨਾ ਚਾਹੀਦਾ ਜਿਸ ਨਾਲ ਪਰਮਾਰਥ ਦੇ ਰਸਤੇ ਉਤੇ ਚਲਣ ਨਾਲ ਰੁਕਾਵਟਾਂ ਖੜੀਆਂ ਹੋ ਸਕਣ ਪਰ ਜੇ ਉਹ ਨਿਮਰਤਾ ਧਾਰਨ ਕਰਕੇ ਸੇਵਾ ਅਤੇ ਪ੍ਰੇਮ ਵਿਚ ਆਪਣੇ ਆਪ ਨੂੰ ਸਮਰਪਿਤ ਕਰ ਦੇਵੇ ਤਾਂ ਇਕ ਆਦਰਸ਼ ਸਮਾਜ ਦੀ ਉਸਾਰੀ ਵਿੱਚ ਸਹਾਇਕ ਹੋ ਸਕਦਾ ਹੈ:

*ਫਰੀਦਾ ਥੀਉ ਪਵਾਹੀ ਦਭੁ॥*

*ਜੇ ਸਾਈਂ ਲੋੜਹਿ ਸਭੁ॥*

*ਇਕ ਛਿਜਹਿ ਬਿਆ ਲਤਾੜੀਅਹਿ॥*

*ਤਾਂ ਸਾਈ ਦੈ ਦਰਿ ਵਾੜੀਅਹਿ॥* ਪੰਨਾ ੧੩੭੮

ਬਾਣੀ ਝਰੋਖੇ ਅਨੁਸਾਰ ਸਮਾਜ ਦੇ ਸਭ ਵਰਗਾਂ ਨੂੰ ਦਸਾਂ ਨਹੁੰਆਂ ਦੀ ਮਿਹਨਤ ਕਰਕੇ ਉਪਜੀਵਕਾ ਜੁਟਾਉਣ ਤੇ ਜ਼ੋਰ ਦਿੱਤਾ ਗਿਆ ਹੈ। ਹਰ ਇਕ ਨੂੰ ਇਮਾਨਦਾਰੀ ਨਾਲ ਹੱਕ ਦੀ

ਕਮਾਈ ਕਰਨੀ ਚਾਹੀਦੀ ਹੈ। ਇਸ ਸਿਧਾਂਤ ਨੂੰ ਅਮਲੀ ਰੂਪ ਵਿਚ ਅਪਨਾਉਣ ਨਾਲ ਹੇਰਾਫੇਰੀ, ਧੋਖਾ, ਚੋਰੀ, ਬੇਈਮਾਨੀ, ਠੱਗੀ ਅਤੇ ਦੂਜੇ ਦਾ ਹੱਕ ਮਾਰਨ ਵਰਗੀਆਂ ਬੁਰਾਈਆਂ ਆਪਣੇ ਆਪ ਹੀ ਖਤਮ ਹੋ ਜਾਣਗੀਆਂ। ਫਰੀਦ ਬਾਣੀ ਵਿਚ ਮਨੁੱਖ ਦੀ ਜ਼ਿੰਦਗੀ ਨੂੰ ਉਤਮ ਬਨਾਉਣ ਲਈ ਅਜਿਹੇ ਨੁਕਤੇ ਪੇਸ਼ ਕੀਤੇ ਗਏ ਹਨ:

*ਆਪ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ॥*

*ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ॥* ਪੰਨਾ ੧੩੮੨

ਵਿਚ ਅਤਿਅੰਤ ਗੂੜ੍ਹੇ ਅਰਥ ਪ੍ਰਗਟਾਏ ਹਨ। ਮਨੁੱਖ ਨੂੰ ਆਪਣੇ ਆਪੇ ਨੂੰ ਪਵਿੱਤਰ ਕਰਨ ਲਈ ਐਸੀ ਜੀਵਨ ਜੁਗਤੀ ਅਪਨਾਉਣੀ ਪਵੇਗੀ ਜਿਸ ਨਾਲ ਦੂਜੇ ਦਾ ਮਨ ਵੀ ਨਾ ਦੁਖੇ ਅਤੇ ਉਸ ਤੋਂ ਇਕ ਬੱਜਰ ਪਾਪ ਹੋਣੋਂ ਵੀ ਬਚ ਜਾਵੇ। ਮਨੁੱਖ ਨੂੰ 'ਸਚਾ ਧਣੀ' ਪਛਾਨਣ ਦੀ ਲੋੜ ਹੈ ਪਰੰਤੂ ਜੇ ਉਹ ਆਪਣੇ ਅੰਦਰ ਦੀ ਪਛਾਣ ਕਰ ਲਵੇ ਤਾਂ ਸਮਾਜ ਵਿੱਚ ਖ਼ੁਸ਼ਹਾਲੀ ਆ ਜਾਵੇਗੀ:

*ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ।*

*ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥*

*ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ॥*

*ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ॥* ਪੰਨਾ ੧੩੮੪

ਇਕ ਆਦਰਸ਼ਕ ਮਨੁੱਖ ਬੁਰੇ ਦਾ ਭਲਾ ਕਰਕੇ, ਸਹਿਨਸ਼ੀਲਤਾ, ਮਿੱਠੀ ਬੋਲ ਬਾਣੀ ਅਤੇ ਉਤਮ ਵਿਹਾਰ ਵਰਗੇ ਨੈਤਿਕਤਾ ਦੇ ਗੁਣਾਂ ਰਾਹੀਂ ਆਦਰਸ਼ ਸਮਾਜ ਦੀ ਸਥਾਪਨਾ ਕਰ ਸਕਦਾ ਹੈ। ਪ੍ਰੋ. ਸ. ਸ. ਅਮੋਲ ਅਨੁਸਾਰ :

> *ਭਗਤ ਫਰੀਦ ਦੀ ਰਚਨਾ ਵਿਚ ਨੈਤਿਕਤਾ ਦੇ ਅਨੇਕਾਂ ਨਿਯਮ ਪੰਜਾਬੀ ਸੱਭਿਆਚਾਰ ਦਾ ਭਾਗ ਹਨ। ਅਸੀਂ ਵਿਅਕਤੀ ਤੇ ਸਮਾਜ ਦੇ ਸਬੰਧਾਂ ਤੋਂ ਦ੍ਰਿਸ਼ਟੀਕੋਣ ਨੂੰ ਜਾਣ ਕੇ ਹੀ ਸੱਭਿਆਚਾਰਕ ਖੇਤਰ ਵਿਚ ਸਮਾ ਸਕਦੇ ਹਾਂ। ਇਹ ਸਿਧਾਂਤ ਦੂਜਿਆਂ ਪ੍ਰਤੀ ਪ੍ਰੇਮ ਅਤੇ ਹਮਦਰਦੀ ਨੂੰ ਵਧਾਉਂਦੇ ਹਨ। ਸੇਵਾ ਅਤੇ ਸਹਿਯੋਗ ਨੂੰ ਉਤਸ਼ਾਹਤ ਕਰਦੇ ਹਨ ਅਤੇ ਹੋਰਨਾਂ ਦੇ ਸੁਖ ਲਈ ਆਪਣੇ ਉਦਗਾਰਾਂ, ਮਨੋਵੇਗਾਂ ਅਤੇ ਕਰਤੂਤਾਂ ਉਸੇ ਵਸੀਕਰਨ ਲਈ ਪਰੇਰਦੇ ਹਨ।* [32]

ਬਾਬਾ ਫਰੀਦ ਦੇ ਅਨੇਕਾਂ ਸਲੋਕ ਜ਼ਿੰਦਗੀ ਦੇ ਖੇਤਰ ਵਿਚ ਜੂਝਦੇ ਮਨੁੱਖ ਲਈ ਅਟੱਲ ਸਚਾਈਆਂ ਦਾ ਰੂਪ ਧਾਰਨ ਕਰਨ ਵਾਲੇ ਹਨ। ਬਾਰ ਪਰਾਏ ਬੈਸਣਾ, ਬੁਰੇ ਦਾ ਭਲਾ ਕਰਨਾ ਅਤੇ

ਨਿਵਣ, ਖਵਣ ਅਤੇ ਫਿੱਕਾ ਨਾ ਗਲਾਇ ਵਰਗੇ ਗੁਣਾਂ ਅਨੁਸਾਰ ਚਲ ਕੇ ਜਿਥੇ ਮਨੁੱਖ 'ਆਦਰਸ਼ ਮਾਨਵ' ਬਣੇਗਾ ਉਥੇ ਆਦਰਸ਼ ਸਮਾਜ ਵਿਚ ਆਪਣੀ ਉਤਮ ਭੂਮਿਕਾ ਵੀ ਸਥਾਪਿਤ ਕਰ ਸਕਦਾ ਹੈ :

(ੳ) *ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ॥*
*ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ॥* ਪੰਨਾ ੧੩੮੦

(ਅ) *ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥*
*ਦੇਹੀ ਰੋਗੁ ਨ ਲਗਈ ਪਲੈ ਸਭਿ ਕਿਛੁ ਪਾਇ॥* ਪੰਨਾ ੧੩੮੨

(ੲ) *ਨਿਵਣੁ ਸੁ ਅਖਰੁ ਖਵਣੁ ਗੁਣ ਜਿਹਬਾ ਮਣੀਆ ਮੰਤੁ॥*
*ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥* ਪੰਨਾ ੧੩੮੪

ਰਾਗ ਮੁਕਤ ਬਾਣੀ ਵਿਚ ਜਿੱਥੇ ਲੌਕਿਕਤਤਾ ਰਾਹੀਂ ਪਾਰ ਲੌਕਿਕਤਾ ਦਾ ਸਿਧਾਂਤ ਸਮਝਾਂਦੇ ਹੋਏ ਸੰਸਾਰ ਵਿਚ ਰਹਿੰਦਿਆਂ ਸਮਾਜਿਕ ਰਿਸ਼ਤਿਆਂ ਦੇ ਨਿਭਾਉਣ ਤੇ ਜ਼ੋਰ ਵੀ ਦਿੱਤਾ ਗਿਆ ਹੈ ਉੱਥੇ ਇਕ ਸੁਚੱਜੀ ਜੀਵਨ ਜਾਚ ਰਾਹੀਂ ਨਿੰਦਾ ਚੁਗਲੀ ਤੋਂ ਬਚ ਕੇ ਰਹਿਣਾ ਜ਼ਰੂਰੀ ਮੰਨਿਆ ਹੈ:

*ਚੁਗਲ ਨਿੰਦਕ ਭੁਖੇ ਰੁਲਿ ਮੁਏ ਏਨਾ ਹਥੁ ਨ ਕਿਥਾਊ ਪਾਇ॥*
*ਬਾਹਰਿ ਪਾਖੰਡ ਸਭ ਕਰਮ ਕਰਹਿ ਮਨਿ ਹਿਰਦੈ ਕਪਟੁ ਕਮਾਇ॥*
*ਖੇਤਿ ਸਰੀਰਿ ਜੋ ਬੀਜੀਐ ਸੋ ਅੰਤਿ ਖਲੋਆ ਆਇ॥*
*ਨਾਨਕ ਕੀ ਪ੍ਰਭ ਬੇਨਤੀ ਹਰਿ ਭਾਵੈ ਬਖਸਿ ਮਿਲਾਇ॥* ਪੰਨਾ ੧੪੧੭

ਇਸ ਸਬੰਧੀ ਡਾ. ਜਗਬੀਰ ਸਿੰਘ ਆਪਣੇ ਵਿਚਾਰ ਇਸ ਪ੍ਰਕਾਰ ਪ੍ਰਗਟਾਉਂਦੇ ਹਨ:

> *ਇਸ ਰਹੱਸਵਾਦੀ ਅਨੁਭਵ ਦਾ ਨੈਤਿਕ ਪੱਖ ਇਹ ਹੈ ਕਿ ਇਹ ਸੱਚ, ਸੰਜਮ, ਸ਼ੀਲਤਾ, ਸੰਤੋਖ ਅਤੇ ਦਇਆ ਵਰਗੀਆਂ ਕਦਰਾਂ-ਕੀਮਤਾਂ ਨੂੰ ਉਤਸ਼ਾਹਤ ਕਰਕੇ ਸਮਾਜਿਕ ਰਿਸ਼ਤਿਆਂ ਵਿਚ ਇਕਸੁਰਤਾ ਸਥਾਪਤ ਕਰਨਾ ਲੋੜਦਾ ਹੈ। ਇਹ ਨਿਰੋਲ ਆਤਮ-ਕੇਂਦਰਿਤ ਜਾਂ ਹਉਮੈ ਧਾਰੀ ਜੀਵਨ ਵਿਧੀ ਦਾ ਤਿਆਗ ਕਰਕੇ ਪਰਸਪਰ ਸੁਹਿਰਦਤਾ ਦੇ ਮਾਰਗ ਦੀ ਸੋਝੀ ਕਰਾਉਂਦਾ ਹੈ।*[33]

ਮਨੁੱਖ ਨੂੰ ਆਪਣੀ ਸਖਸ਼ੀਅਤ ਦੀ ਉਸਾਰੀ ਲਈ ਨੈਤਿਕ ਗੁਣਾਂ ਨੂੰ ਆਪਣੇ ਜੀਵਨ ਵਿੱਚ ਧਾਰਨ ਕਰਨ ਲਈ ਪ੍ਰੇਰਿਤ ਕੀਤਾ ਗਿਆ ਹੈ। ਸਮੁੱਚੀ ਮਾਨਵਤਾ ਲਈ ਕਲਿਆਣਕਾਰੀ ਗ੍ਰੰਥ ਦੇ ਤੌਰ ਤੇ ਦਰਜ ਇਸ ਬਾਣੀ ਵਿਚ ਮਨੁੱਖੀ ਸ਼ਖਸੀਅਤ ਦੀ ਉਸਾਰੀ ਲਈ ਇਕ ਸੰਪੂਰਨ ਮਾਰਗ ਦਾ ਉਲੇਖ 'ਮੁੰਦਾਵਣੀ' ਵਿਚ ਪ੍ਰਾਪਤ ਹੁੰਦਾ ਹੈ। ਮਨੁੱਖ ਨੂੰ ਆਪਣੇ ਅੰਦਰ ਤਿੰਨ ਗੁਣ ਸਤਿ, ਸੰਤੋਖ

ਅਤੇ ਵੀਚਾਰ ਧਾਰਨ ਕਰਨੇ ਅਤਿਅੰਤ ਜ਼ਰੂਰੀ ਹਨ। ਗੁਰੂ ਗ੍ਰੰਥ ਸਾਹਿਬ ਰੂਪੀ ਥਾਲ ਵਿਚ ਇਨ੍ਹਾਂ ਤਿੰਨਾਂ ਵਸਤੂਆਂ ਦੇ ਨਾਲ ਇਨ੍ਹਾਂ ਦਾ ਸੋਮਾ ਪ੍ਰਭੂ ਦਾ ਨਾਮ ਵੀ ਹੈ। ਗਿਆਨ ਦਾ ਇਹ ਭੋਜਨ ਮਨੁੱਖਤਾ ਦੀ ਆਤਮਾ ਲਈ ਨਿੱਤ ਦੀ ਖੁਰਾਕ ਹੈ। ਜੋ ਹਨੇਰੇ ਜਗਤ ਤੋਂ ਪਾਰ ਕਰਨ ਦੇ ਸਮਰੱਥ ਹੈ।[34] ਮੁੰਦਾਵਣੀ ਵਿਚ ਵਸਤੂ ਨੂੰ ਪ੍ਰਾਪਤ ਕਰਨ ਲਈ ਸਤਿ-ਸੰਤੋਖ ਦੇ ਆਸਰੇ ਵਿਚਾਰ ਅਤਿਅੰਤ ਜ਼ਰੂਰੀ ਹੈ। ਇਹ ਨਾਮ ਸਾਰਿਆਂ ਦੇ ਅਧਾਰ ਲਈ ਹੈ ਅਤੇ 'ਜੇ ਕੋ' ਖਾਂਦਾ ਤੇ ਭੁੰਚਦਾ ਹੈ ਤਾਂ ਉਸ ਅੰਦਰ ਇਕ ਅਨੋਖੀ ਤਾਕਤ ਪੈਦਾ ਹੋ ਜਾਂਦੀ ਹੈ। ਜੇ ਉਹ ਆਪਣੇ ਅੰਦਰ 'ਸਬਰ' ਦੀ ਭਾਵਨਾ ਪੈਦਾ ਕਰਕੇ, ਰੁਖਾਂ ਵਰਗਾ ਜੇਰਾ ਕਰਕੇ, 'ਧੀਰਜ' ਨੂੰ ਟਿਕਾ ਕੇ ਅਤੇ ਬੁਧੀ ਨੂੰ ਦੀਵੇ ਵਰਗੀ ਰੋਸ਼ਨ ਕਰ ਲਵੇ ਤਾਂ ਇਕ ਸੰਪੂਰਨ ਸ਼ਖਸੀਅਤ ਪੈਦਾ ਹੋ ਜਾਵੇਗੀ ਤਾਂ ਸਮਾਜ ਆਪੇ ਹੀ ਆਦਰਸ਼ਕ ਬਣ ਜਾਵੇਗਾ। ਇਹੋ ਜਿਹੀ ਸ਼ਖਸੀਅਤ ਦੀ ਘਾੜਤ ਲਈ ਉਦਾਹਰਣਾਂ ਪੇਸ਼ ਹਨ:

- *ਜਤੁ ਪਹਾਰਾ ਧੀਰਜੁ ਸੁਨਿਆਰੁ॥* ਪੰਨਾ ੮
- *ਸਬਰੁ ਏਹੁ ਸੁਆਉ ਜੇ ਤੂੰ ਬੰਦਾ ਦਿੜੁ ਕਰਹਿ॥*
  *ਵਧਿ ਥੀਵਹਿ ਦਰੀਆਉ ਟੁਟਿ ਨ ਥੀਵਹਿ ਵਾਹੜਾ॥* ਪੰਨਾ ੧੩੮੪

ਇਨ੍ਹਾਂ ਨੈਤਿਕ ਗੁਣਾਂ ਨਾਲ ਭਰਪੂਰ ਮਨੁੱਖ ਨਿਮਰਤਾ ਵਾਲਾ ਬਣ ਜਾਂਦਾ ਹੈ ਅਤੇ ਨਿਮਰ ਭਾਵ ਦੇ ਆਉਣ ਨਾਲ ਉਸਦੇ ਵਿਹਾਰ ਵਿਚ ਹਲੀਮੀ ਅਤੇ ਬੋਲਾਂ ਵਿਚ ਮਿਠਾਸ ਪੈਦਾ ਹੋ ਜਾਂਦੀ ਹੈ। ਇਸ ਕਰਕੇ ਉਸ ਅੰਦਰ ਸੇਵਾ, ਪਰਉਪਕਾਰ, ਸਦ ਭਾਵਨਾ ਅਤੇ ਸਾਂਝੀਵਾਲਤਾ ਦੇ ਗੁਣ ਸਮਾ ਜਾਂਦੇ ਹਨ। ਗੁਰਮਤਿ ਅਨੁਸਾਰ ਮਿੱਠਾ ਬੋਲਣਾ ਤੇ ਨੀਵੇਂ ਹੋ ਕੇ ਚਲਣਾ ਮਨੁੱਖੀ ਚੰਗਿਆਈਆਂ ਦਾ ਤੱਤ ਮੰਨਿਆ ਜਾਂਦਾ ਹੈ। ਉਸ ਮਿੱਠੇ ਸੁਭਾ ਵਾਲੇ ਰੱਬ ਨੂੰ ਪਿਆਰ ਕਰਨ ਵਾਲੇ 'ਮਿਠ ਬੋਲੜੇ' ਹੁੰਦੇ ਹਨ ਪਰ ਉਸਦਾ ਨਾਮ ਬੜਾ ਹੀ ਮਿੱਠਾ ਹੈ:

*ਫਰੀਦਾ ਸਕਰੁ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ॥*
*ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧਿ॥* ਪੰਨਾ ੧੩੭੯

ਦਇਆ ਪ੍ਰਮੁੱਖ ਸਦਗੁਣਾਂ ਵਿਚੋਂ ਇਕ ਐਸਾ ਗੁਣ ਹੈ ਜਿਹੜਾ ਉਸ ਪ੍ਰਮਾਤਮਾ ਨਾਲ ਦੈਵੀ ਸਾਂਝ ਰਖਦਾ ਹੈ। ਧਰਮ ਨੂੰ ਦਇਆ ਦਾ ਪੁਤਰ ਮੰਨਿਆ ਗਿਆ ਹੈ ਅਤੇ ਦਇਆਵਾਨ ਮਨੁੱਖ ਹੀ ਧਰਮੀ ਹੋ ਸਕਦਾ ਹੈ। ਧਰਮੀ ਮਨੁੱਖ ਸਿਰਫ਼ ਰਬ ਦੇ ਭੈਅ ਵਿਚ ਰਹਿਣ ਕਰਕੇ ਨਿਰਭਉ ਹੁੰਦਾ ਹੈ ਅਤੇ ਦਇਆਵਾਨ ਬਨਣ ਲਈ ਧਰਮ ਤੇ ਵਿਵੇਕ ਦਾ ਸਹਾਰਾ ਲੈਣ ਵਾਲੇ ਅਜਿਹੇ ਮਨੁੱਖਾਂ ਅੰਦਰ ਪਰਮਾਤਮਾ ਦਾ ਵਾਸ ਹੁੰਦਾ ਹੈ:

*ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠ ਤਹ ਪਾਪੁ॥*

*ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ।।* ਪੰਨਾ ੧੩੭੨

ਸਹਿਣਸ਼ੀਲਤਾ ਅਤੇ ਮਿੱਤਰਤਾ ਪੂਰਨ ਭਾਵ ਮਨੁੱਖ ਦੀ ਜ਼ਿੰਦਗੀ ਨੂੰ ਹੋਰ ਵੀ ਸੁੰਦਰ ਬਣਾਉਂਦੇ ਹਨ। ਆਪਣੇ ਮਿੱਤਰਾਂ ਨਾਲ ਮਿੱਤਰਤਾ ਪੂਰਨ ਵਿਹਾਰ ਤਾਂ ਜ਼ਿੰਦਗੀ ਵਿੱਚ ਹੁੰਦਾ ਹੈ ਪਰੰਤੂ ਪਰਮਾਤਮਾ ਦੇ ਨਾਮ ਸਿਮਰਨ ਵਿੱਚ ਲੀਨ ਗੁਰਮੁਖ ਵਿਅਕਤੀ ਆਤਮਿਕ ਤੌਰ ਤੇ ਬੇਅੰਤ ਗੁਣਾਂ ਦੇ ਮਾਲਕ ਅਤੇ ਇੰਨੇ ਸ਼ਹਿਣਸ਼ੀਲ ਹੋ ਜਾਂਦੇ ਹਨ ਕਿ ਉਹ ਦੁੱਖ ਪਚਾਉਣ ਵਾਲੇ ਆਪਣੇ ਵਿਰੋਧੀਆਂ ਜਾਂ ਦੁਸ਼ਮਣਾਂ ਨਾਲ ਵੀ ਮਿੱਤਰਤਾ ਪੂਰਵਕ ਵਿਵਹਾਰ ਕਰਦੇ ਹਨ। 'ਸਹਿਸਕ੍ਰਿਤੀ' ਦਾ ਇੱਕ ਸਲੋਕ ਵਿਚਾਰਨਯੋਗ ਹੈ:

*ਸਹਣ ਸੀਲ ਸੰਤੰ ਸਮ ਮਿਤ੍ਰਸ੍ਯ ਦੁਰਜਨਹ।।*

*ਨਾਨਕ ਭੋਜਨ ਅਨਿਕ ਪ੍ਰਕਾਰੇਣ ਨਿੰਦਕ ਆਵਧ ਹੋਇ ਉਪਤਿਸਟਤੇ।।* ਪੰਨਾ ੧੩੫੬

ਬਾਣੀ ਸਿਰਜਨ ਕਾਲ ਸਮੇਂ ਔਰਤ ਦੀ ਹਾਲਤ ਅਤਿਅੰਤ ਤਰਸਯੋਗ ਸੀ। ਜਿਸ ਸਮਾਜ ਵਿਚ ਦੇਵੀਆਂ ਦੀ ਪੂਜਾ ਕੀਤੀ ਜਾਵੇ ਪਰੰਤੂ ਉੱਥੇ ਇਸਤਰੀ ਨੂੰ ਕੋਈ ਸਨਮਾਨਜਨਕ ਸਥਾਨ ਤਾਂ ਪ੍ਰਾਪਤ ਨਾ ਹੋਵੇ ਸਗੋਂ ਵਰਣ-ਵੰਡ ਅਨੁਸਾਰ ਸਭ ਤੋਂ ਨੀਵੇਂ ਮੰਨੇ ਭਾਵ ਸ਼ੂਦਰ ਸਮਝਿਆ ਜਾਵੇ ਅਤੇ ਉਸ ਨੂੰ ਵੇਦ- ਮੰਤਰਾਂ ਦਾ ਪਾਠ ਕਰਨ/ਸੁਨਣ ਦੀ ਵੀ ਮਨਾਹੀ ਹੋਵੇ ਤਾਂ ਉਸ ਸਮਾਜ ਵਿੱਚ ਦੇਵੀਆਂ ਦੀ ਪੂਜਾ ਦਾ ਕੋਈ ਅਰਥ ਹੀ ਨਹੀਂ ਰਹਿ ਜਾਂਦਾ। ਡਾ. ਗੁਰਦੇਵ ਸਿੰਘ ਦਿਓਲ ਅਨੁਸਾਰ: *"ਇਸਤਰੀ ਨੂੰ ਧਾਰਮਿਕ ਗ੍ਰੰਥਾਂ ਦੇ ਅਧਿਐਨ ਤੋਂ ਮਨ੍ਹਾਂ ਕੀਤਾ ਗਿਆ ਸੀ। ਉਸ ਨੂੰ ਕੇਵਲ ਘਰੇਲੂ, ਸਮਾਜਿਕ ਅਤੇ ਨਿੱਜੀ ਕਰਤਵ ਨਿਭਾ ਕੇ ਸੰਤੁਸ਼ਟ ਹੋਣ ਲਈ ਮਜਬੂਰ ਕੀਤਾ ਜਾਂਦਾ ਸੀ।"* [35] ਗੁਰਮਤਿ ਅਨੁਸਾਰ ਗ੍ਰਹਿਸਥ ਦੀ ਵਡਿਆਈ ਕਰਨ ਕਰਕੇ ਹੀ ਇਸਤਰੀ ਦਾ ਸਤਿਕਾਰ ਕਰਨਾ ਜ਼ਰੂਰੀ ਮੰਨਿਆ ਗਿਆ ਹੈ। ਇਸ ਲਈ ਗੁਰੂ ਨਾਨਕ ਸਾਹਿਬ ਨੇ ਭਾਰਤੀ ਸਮਾਜ ਨੂੰ ਇਕ ਨਵਾਂ ਸੰਦੇਸ਼ ਦਿੱਤਾ ਕਿ ਇਸਤਰੀ ਦੀ ਨਿਖੇਧੀ ਕਰਨ ਦੀ ਥਾਂ ਉਸ ਦੀ ਪ੍ਰਸੰਸਾ ਕਰਨੀ ਲੋੜੀਂਦੀ ਹੈ ਕਿਉਂਕਿ ਉਸ ਤੋਂ ਬਿਨਾਂ ਸੰਸਾਰ ਦੀ ਹੋਂਦ ਵੀ ਸੰਭਵ ਨਹੀਂ। ਇਸ ਤੋਂ ਪ੍ਰਾਣੀ ਜਨਮ ਲੈਂਦਾ ਹੈ ਅਤੇ ਉਸਦੇ ਨਾਲ ਹੀ ਸਾਰੇ ਸੰਸਕਾਰ ਅਤੇ ਸਬੰਧ ਸਥਾਪਿਤ ਹੁੰਦੇ ਹਨ। ਇਸਤਰੀ ਦੇ ਹੱਕ ਵਿਚ ਪਹਿਲਾ ਨਾਅਰਾ ਮਾਰਨ ਦੀ ਜੁਰੱਅਤ ਗੁਰੂ ਨਾਨਕ ਵਰਗਾ ਕ੍ਰਾਂਤੀਕਾਰੀ ਹੀ ਕਰ ਸਕਦਾ ਹੈ ਜਿਸ ਨੇ ਇਸਤਰੀ ਦੇ ਗੁਣਾਂ ਨੂੰ ਸਵੀਕਾਰਿਆ ਹੈ। ਗੁਰੂ ਅਮਰਦਾਸ ਦੇ ਸਲੋਕ ਇਸ ਗੱਲ ਦੀ ਗਵਾਹੀ ਭਰਦੇ ਹਨ:

*ਜਿਉ ਪੁਰਖੈ ਘਰਿ ਭਗਤੀ ਨਾਰਿ ਹੈ ਅਤਿ ਲੋਚੈ ਭਗਤੀ ਲਾਇ।।*

*ਬਹੁ ਰਸ ਸਾਲਣੇ ਸਵਾਰਦੀ ਖਟ ਰਸ ਮੀਠੇ ਪਾਇ।।* ਪੰਨਾ ੧੪੧੩

ਤੱਤਕਾਲੀਨ ਸਮਾਜ ਵਿੱਚ ਕੰਨਿਆ ਹੱਤਿਆ ਵਰਗੀ ਅਮਾਨਵੀ ਕੁਰੀਤੀ ਔਰਤ ਦੀ ਦਰਦਨਾਕ ਸਥਿਤੀ ਦਾ ਪਰਤੱਖ ਪ੍ਰਮਾਣ ਹੈ। ਸਮਾਜ ਦਾ ਇੱਕ ਅਭਿਨ ਅੰਗ ਬਨਣ ਵਾਲੀ ਕੰਨਿਆ ਨੂੰ ਪੈਦਾ ਹੋਣ ਸਮੇਂ ਹੀ ਕਤਲ ਕਰ ਦਿੱਤਾ ਜਾਂਦਾ ਸੀ। ਅਜੋਕੇ ਸਮੇਂ ਵਿੱਚ ਹਾਲਾਤ ਹੋਰ ਵੀ ਬਦਤਰ ਹੋ ਗਏ ਹਨ ਹੁਣ ਤਾਂ ਧੀਆਂ ਨੂੰ ਕੁੱਖਾਂ ਵਿੱਚ ਹੀ ਕਤਲ ਕਰ ਦਿੱਤਾ ਜਾਂਦਾ ਹੈ। ਵਰਤਮਾਨ ਸਮੇਂ ਵਿੱਚ ਭਾਵੇਂ ਭਰੂਣ ਹੱਤਿਆ ਦੇ ਖਿਲਾਫ਼ ਬੜੇ ਲੰਮੇ ਚੌੜੇ ਵਖਿਆਨ ਕੀਤੇ ਜਾਂਦੇ ਹਨ ਪਰੰਤੂ ਸਮਾਜ ਵਿਚ ਫੈਲੀ ਇਸ ਭਿਆਨਕ ਬੁਰਾਈ ਦੇ ਖਿਲਾਫ ਗੁਰੂ ਅਮਰਦਾਸ ਨੇ ਨਿਮਨ ਅੰਕਿਤ ਸਲੋਕ ਦੀ ਸਿਰਜਣਾ ਕੀਤੀ ਸੀ:

*ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨ॥*
*ਫਿਟਕ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਿਮਾਨ॥* ਪੰਨਾ ੧੪੧੩

ਇਸਤਰੀ ਸਬੰਧੀ ਸਾਰੀਆਂ ਸਮਾਜਿਕ ਬੁਰਾਈਆਂ ਵਿਰੁੱਧ ਅਵਾਜ਼ ਉਠਾ ਕੇ ਸਤੀ ਪ੍ਰਥਾ, ਕੁੜੀ ਮਾਰਨ ਤੇ ਪਰਦਾ ਆਦਿ ਰਸਮਾਂ ਦਾ ਜ਼ੋਰਦਾਰ ਖੰਡਨ ਕੀਤਾ। ਕਬੀਰ ਬਾਣੀ ਵਿੱਚ ਸਤੀ ਹੋ ਰਹੀ ਇਸਤਰੀ ਦੀਆਂ ਚੀਖਾਂ ਇਸ ਤ੍ਰਾਸਦੀ ਦਾ ਬਿਆਨ ਕਰਦੀਆਂ ਹਨ ਕਿ ਸਤੀ ਦਾ ਤਮਾਸ਼ਾ ਖਤਮ ਹੋ ਗਿਆ ਪਰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਅੰਤ ਸਾਰਿਆਂ ਨੇ ਮਰਨ ਉਪਰੰਤ ਇਥੇ ਹੀ ਆਉਣਾ ਹੈ :

*ਕਬੀਰ ਸਤੀ ਪੁਕਾਰੇ ਚਿਹ ਚੜੀ ਸੁਨੁ ਹੋ ਬੀਰ ਮਸਾਨੁ॥*
*ਲੋਗੁ ਸਬਾਇਆ ਚਲਿ ਗਇਓ ਹਮ ਤੁਮ ਕਾਮੁ ਨਿਦਾਨ॥* ਪੰਨਾ ੧੩੬੮

ਗੁਰੂ ਗ੍ਰੰਥ ਸਾਹਿਬ ਵਿਚ ਪਰ ਇਸਤਰੀ ਗਮਨ ਕਰਨ ਵਾਲੇ ਪੁਰਸ਼ ਨੂੰ ਫਿਟਕਾਰ ਪਾ ਕੇ ਪਰ-ਇਸਤਰੀ ਨਾਲ ਪ੍ਰੀਤ ਕਰਣ ਦੀ ਤਾੜਨਾ ਕਰਕੇ ਸਮੁੱਚੀ ਬਾਣੀ ਵਿੱਚ ਇਸਤਰੀ ਦੀ ਮਹਾਨਤਾ ਨੂੰ ਦਰਸਾਉਣ ਲਈ ਜੀਵ ਰੂਪੀ ਆਤਮਾ ਲਈ ਇਸਤਰੀ ਦੀ ਰੂਪਕ ਵਰਤਣਾ ਉਸ ਦੀ ਮਹੱਤਤਾ ਨੂੰ ਸਵੀਕਾਰਨਾ ਹੈ। ਅਧਿਆਤਮਕ ਪੰਧ ਉਤੇ ਤੁਰਨ ਲਈ ਪਤੀ ਰੂਪੀ ਪਰਮਾਤਮਾ ਨੂੰ ਪ੍ਰਾਪਤ ਕਰਨ ਲਈ ਉਹ ਆਪਣੇ ਅੰਦਰ ਮਿਠਾ ਬੋਲਣ, ਨਿਮਰਤਾ, ਖਿਮਾ ਤੇ ਵੱਡਾ ਜਿਗਰਾ ਰਖਣ ਵਰਗੇ ਗੁਣਾਂ ਨੂੰ ਅਪਣਾ ਕੇ ਉਹ ਸਤਿਕਾਰ ਦਾ ਪਾਤਰ ਬਣ ਜਾਂਦੀ ਹੈ:-

*ਨਿਵਣੁ ਸੁ ਅਖਰੁ ਖਵਣੁ ਗੁਣ ਜਿਹਬਾ ਮਣੀਆ ਮੰਤੁ॥।*
*ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥* ਪੰਨਾ ੧੩੮੪

ਜੋ ਔਰਤ ਪਤੀ ਪ੍ਰੇਮ ਹਾਸਲ ਕਰ ਲੈਂਦੀ ਹੈ ਉਸ ਲਈ ਪਰਮਾਤਮਾ ਨੂੰ ਹਾਸਲ ਕਰਨਾ ਕੋਈ ਔਖਾ ਨਹੀਂ। ਪ੍ਰਭੂ ਪ੍ਰਾਪਤੀ ਲਈ ਮਾਦਾ ਗੁਣਾਂ ਤੇ ਜ਼ੋਰ ਦੇ ਕੇ ਗੁਰੂ ਗ੍ਰੰਥ ਸਾਹਿਬ ਦੀ ਰਾਗ ਮੁਕਤ

ਬਾਣੀ ਵਿਚ ਭਾਵਾਂ ਦੇ ਪ੍ਰਗਟਾਵੇ ਲਈ ਬਿਰਹੋਂ ਕੁੱਠੀ ਪਵਿਤਰ ਪਿਆਰ ਵਿਚ ਭਿਜੀ ਇਸਤਰੀ ਦੇ ਬੋਲਾਂ ਨੂੰ ਬਿਆਨਿਆ ਗਿਆ ਹੈ:

*ਹਉ ਖੜੀ ਨਿਹਾਲੀ ਪੰਧੁ ਮਤ ਮੂੰ ਸਜਣ ਆਵਏ॥*
*ਕੋ ਆਣਿ ਮਿਲਾਵੈ ਅਜੁ ਮੈ ਪਿਰੁ ਮੇਲ ਮਿਲਾਵਏ॥* ਪੰਨਾ ੧੪੨੧

ਇਸ ਨਵੇਂ ਆਦਰਸ਼ ਸਮਾਜ ਵਿਚ ਮਾਨਵਤਾਵਾਦੀ ਮਨੁੱਖ ਨੂੰ ਗੁਰਮੁਖ ਕਿਹਾ ਗਿਆ ਹੈ। ਜੋ ਇਕ ਅਜਿਹਾ ਚਿੰਨ੍ਹ ਹੈ ਜਿਸਦੇ ਅੰਦਰ ਸੰਤੋਖ ਭਰਿਆ ਹੋਵੇ ਅਤੇ ਸੇਵਾ ਦੇ ਗੁਣ ਹੋਣ। ਉਹ ਨੈਤਿਕ ਤੌਰ ਤੇ ਸਚਾ-ਸੁਚਾ, ਸਮਾਜਿਕ ਤੌਰ ਤੇ ਪ੍ਰਗਤੀਸ਼ੀਲ, ਸਭਿਆਚਾਰਕ ਅਤੇ ਅਧਿਆਤਮਕ ਤੌਰ ਤੇ 'ਸਚਿਆਰ' ਮਨੁੱਖ ਹੈ। ਬਾਣੀ ਚਿੰਤਨ ਵਿਚ ਗੁਰਮੁਖ ਦੀ ਉਸਾਰੀ ਕਰਕੇ ਇਕ ਆਦਰਸ਼ ਸਮਾਜ ਦਾ ਨਿਰਮਾਣ ਕਰਨਾ ਹੈ ਪਰ ਇਸ ਦੇ ਵਿਪਰੀਤ ਔਗੁਣਾਂ ਨਾਲ ਭਰੇ ਮਨਮੁੱਖ ਅੰਦਰ ਪੰਜਾਂ ਵਿਕਾਰਾਂ ਨੇ ਘਰ ਕੀਤਾ ਹੋਇਆ ਹੈ। ਉਹ ਮਾਇਆ ਵਿਚ ਗਲਤਾਨ ਢਾਹੂ ਰੁਚੀਆਂ ਹੋਣ ਕਰਕੇ ਨੈਤਿਕ ਤੌਰ ਤੇ ਝੂਠਾ, ਭ੍ਰਿਸ਼ਟ, ਪਤਿਤ ਅਤੇ ਅਧਿਆਤਮਕ ਤੌਰ ਤੇ ਕੂੜਿਆਰ ਹੈ। ਉਸਦਾ ਭਿਆਨਕ ਚਿੱਤਰ ਖਿਚ ਕੇ ਉਸ ਨੂੰ ਗੁਰਮੁਖ ਬਨਣ ਲਈ ਪ੍ਰੇਰਨਾ ਵੀ ਦਿੱਤੀ ਗਈ ਹੈ ਤਾਂ ਜੁ ਆਪਣੇ ਕੁਕਰਮਾਂ ਦਾ ਤਿਆਗ ਕਰਕੇ ਸੁਕਰਮ ਗ੍ਰਹਿਣ ਕਰ ਲਵੇ। ਗੁਰੂ ਅਮਰਦਾਸ ਦਾ ਕਥਨ ਹੈ:

*ਬੁਰਾ ਕਰੈ ਸੁ ਕੇਹਾ ਸਿਝੈ॥*
*ਆਪਣੈ ਰੋਹਿ ਆਪੇ ਹੀ ਦਝੈ॥*
*ਮਨਮੁਖ ਕਮਲਾ ਰਗੜੈ ਲੁਝੈ॥*
*ਗੁਰਮੁਖ ਹੋਇ ਤਿਸ ਸਭ ਕਿਛੁ ਸੁਝੈ॥*
*ਨਾਨਕ ਗੁਰਮੁਖ ਮਨਿ ਸਿਉ ਲੁਝੈ॥* ਪੰਨਾ ੧੪੧੮

ਡਾ. ਮਨਮੋਹਨ ਸਹਿਗਲ 'ਆਦਰਸ਼ ਸਮਾਜ' ਬਾਰੇ ਲਿਖਦੇ ਹਨ:

> *ਗੁਰੂ ਗ੍ਰੰਥ ਸਾਹਿਬ ਵਿਚ ਦਸੇ ਗਏ ਸਮਾਜਿਕ ਵਿਧਾਨ ਵਿਚ ਜਿਨ੍ਹਾਂ ਆਦਰਸ਼ਕ ਕੀਮਤਾਂ ਵਲ ਇਸ਼ਾਰਾ ਕੀਤਾ ਗਿਆ ਹੈ। ਜੇਕਰ ਕੋਈ ਕਿਸਮਤ ਵਾਲਾ ਜੀਵ ਉਨ੍ਹਾਂ ਆਦਰਸ਼ਾਂ ਨੂੰ ਜੀਵਨ ਵਿਚ ਅਪਣਾ ਲਵੇ, ਜੇ ਉਹ ਨੀਤੀ ਅਤੇ ਸੱਚ ਦੇ ਰਸਤੇ ਉਤੇ ਚਲਦਿਆਂ ਪਵਿਤਰ ਗੁਣਾਂ ਨੂੰ ਪਰਵਾਨ ਕਰ ਲਵੇ ਤਾਂ ਉਹ ਨਵੇਂ ਵਿਧਾਨ ਦਾ ਆਦਰਸ਼ਕ ਸਮਾਜ ਅਖਵਾ ਸਕੇਗਾ।*[36]

ਇਸ ਤਰ੍ਹਾਂ ਸਮਾਜ ਵਿੱਚ ਰਹਿੰਦਾ ਵਿਅਕਤੀ ਆਪਣੇ ਸਦਾਚਾਰਕ ਗੁਣਾਂ ਨਾਲ ਹਰ ਸ਼ਹਿਰ ਨੂੰ ਗੁਰੂ ਰਾਮਦਾਸ ਪੁਰ ਵਰਗਾ ਪਵਿਤਰ ਬਣਾ ਸਕੇਗਾ:

*ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ।*

*ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ।* ਪੰਨਾ ੧੩੬੨

ਲਾਹੌਰ ਸ਼ਹਿਰ ਜੋ ਮੱਧਕਾਲ ਵਿੱਚ ਸੱਤਾ ਦਾ ਕੇਂਦਰ ਹੋਣ ਕਰਕੇ ਮਹੱਤਵਪੂਰਨ ਮੰਨਿਆ ਜਾਂਦਾ ਸੀ। "ਸੰਨ 1524 ਈ: ਵਿੱਚ ਇਸ ਉਪਰ ਬਾਬਰ ਨੇ ਚੌਥੇ ਹਮਲੇ ਸਮੇਂ ਕਬਜ਼ਾ ਕਰਕੇ ਮੁਗਲ ਰਾਜ ਦਾ ਅੰਗ ਬਣਾ ਲਿਆ ਸੀ। ਉਦੋਂ ਉਸ ਨੇ ਲਾਹੌਰ ਸ਼ਹਿਰ ਉੱਤੇ ਬਹੁਤ ਜ਼ੁਲਮ ਢਾਹੇ ਹਜ਼ਾਰਾਂ ਨਿਰਦੋਸ਼ ਬੰਦੇ ਮਾਰੇ ਗਏ"[37] ਇਹਨਾਂ ਤੁੱਕਾਂ ਵਿੱਚ ਉਸ ਸਮੇਂ ਦੇ ਭਿਆਨਕ ਹਾਲਾਤਾਂ ਦਾ ਜ਼ਿਕਰ ਕੀਤਾ ਗਿਆ ਹੈ। ਗੁਰੂ ਨਾਨਕ ਦੇਵ ਦੁਆਰਾ ਅਜਿਹਾ ਸ਼ਹਿਰ 'ਜੋ ਲਾਹੌਰੁ ਸਹਰੁ ਕਹਰੁ ਸਵਾ ਪਹਰੁ' ਸੀ ਪਰ ਗੁਰੂ ਅਮਰਦਾਸ ਨੇ ਸੰਵਾਦੀ ਸੁਰ ਵਾਲਾ ਸਲੋਕ ਅੰਕਿਤ ਕੀਤਾ ਹੈ:

*ਲਾਹੌਰ ਸਹਰੁ ਅੰਮ੍ਰਿਤ ਸਰੁ ਸਿਫਤੀ ਦਾ ਘਰੁ॥* ਪੰਨਾ ੧੪੧੨

ਕਹਿ ਕੇ ਵਡਿਆਇਆ। ਰਾਗ ਮੁਕਤ ਬਾਣੀ ਵਿੱਚ ਇਹਨਾਂ ਦੋਹਾਂ ਸ਼ਹਿਰਾਂ ਦੇ ਵੇਰਵੇ ਤੁਲਨਾਤਮਕ ਵਿਚਾਰਾਂ ਨੂੰ ਪ੍ਰਗਟ ਕਰਦੇ ਹਨ। ਇੱਕ ਰਾਜਨੀਤਕ ਤਾਕਤ ਦੀ ਨੁਮਾਇੰਦਗੀ ਕਰਦਾ ਹੈ ਤੇ ਦੂਸਰਾ ਜੀਵਨ ਦੀ ਸਰਵਪੱਖੀ ਸੰਤੁਸ਼ਟਤਾ, ਮਾਨਸਿਕ ਸ਼ਾਂਤੀ ਅਤੇ ਆਪਸੀ ਸਾਂਝ ਦਾ ਪ੍ਰਤੀਕ ਹੈ। *"ਰਾਜਨੀਤਕ ਜਬਰ ਜੁਲਮ ਵਿੱਚੋਂ ਲੋਭ, ਲਾਲਚ, ਤਮਾ, ਆਪਸੀ ਖਹਿਬਾਜੀ, ਈਰਖਾ, ਇੱਕ ਦੂਜੇ ਨਾਲੋਂ ਅੱਗੇ ਨਿਕਲਣ ਦੀ ਹੋੜ ਆਦਿ ਲਾਲਸਾ ਪੈਦਾ ਹੁੰਦੀਆਂ ਹਨ ਅਤੇ ਮਨੁੱਖ ਇਹਨਾਂ ਲਾਲਸਾਵਾਂ ਵਿੱਚ ਗ੍ਰਸਿਆ ਹੋਇਆ ਜ਼ਹਿਰ ਅਤੇ ਕਹਿਰ ਭਰੀ ਜ਼ਿੰਦਗੀ ਜੀ ਰਿਹਾ ਹੁੰਦਾ ਹੈ। ਦੂਜੇ ਪਾਸੇ ਜੀਵਨ ਦੀ ਸੰਤੁਸ਼ਟਤਾ ਹਰ ਕਿਸਮ ਦੀ ਸੁੱਖ ਸ਼ਾਂਤੀ ਨੂੰ ਸਥਾਪਿਤ ਕਰਦੀ ਹੈ ਅਤੇ ਜਿੱਥੇ ਜੀਵਨ ਦੀ ਸੁੱਖ ਸ਼ਾਂਤੀ ਹੋਵੇ ਉਹ ਥਾਂ ਅੰਮ੍ਰਿਤ ਦਾ ਸੋਮਾ ਹੁੰਦੀ ਹੈ, ਸਿਫਤੀ ਦਾ ਘਰ ਹੁੰਦੀ ਹੈ।"*[38] ਇਸ ਪ੍ਰਕਾਰ ਅਧਿਆਤਮਿਕਤਾ ਦੇ ਮਾਰਗ ਦਾ ਪਾਂਧੀ ਹਰ ਸ਼ਹਿਰ ਨੂੰ ਪ੍ਰਸੰਸਾ ਦੇ ਕਾਬਲ ਬਣਾ ਸਕਦਾ ਹੈ। ਪਰੰਤੂ ਡਾ. ਮਨਮੋਹਨ ਸਹਿਗਲ ਅਨੁਸਾਰ, *"ਸਮੁੱਚੀ ਬਾਣੀ ਵਿਚ ਖਿੰਡੇ ਪੁੰਡੇ ਤੱਤ ਇਕੱਠੇ ਕਰਨ ਤੇ ਗੁਰਮੁਖ ਦੇ ਸਬੰਧ ਵਿਚ ਅਨਗਿਣਤ ਗੁਣ ਪ੍ਰਾਪਤ ਹੋਣਗੇ, ਪ੍ਰੰਤੂ ਮੁਖ ਤੌਰ ਤੇ ਤਿੰਨ ਗੁਣਾਂ ਸੱਚ, ਸੰਤੋਖ ਅਤੇ ਗਿਆਨ ਉਤੇ ਜ਼ੋਰ ਦਿੱਤਾ ਗਿਆ ਹੈ। ਜਪੁਜੀ ਵਿਚ ਗੁਰਮੁਖ ਦੇ ਵਰਨਣ ਕੀਤੇ ਗੁਣ ਹੁਕਮ ਅਨੁਸਾਰ ਕਰਮ ਕਰਨਾ, ਪ੍ਰਭੂ-ਨਾਮ ਸਿਮਰਨ, ਮਨਨ, ਧਰਮ, ਦਇਆ, ਪਵਿਤਰਤਾ, ਸੰਤੋਖ, ਗਿਆਨ, ਧੀਰਜ, ਵਿਵੇਕ ਬੁਧੀ, ਭਰੋਸਾ, ਪਿਆਰ ਆਦਿ ਜੀਵ ਲਈ ਅੰਮ੍ਰਿਤ ਪਾਨ, ਅਨੰਦ ਰੂਪੀ ਲਾਭ ਅਤੇ ਮਿਹਰ ਦੀ ਨਜ਼ਰ ਦੇ ਕਾਰਨ ਬਣ ਜਾਂਦੇ ਹਨ।"*[39]

ਇਸ ਤਰ੍ਹਾਂ ਉਪਰੋਕਤ ਸਾਰੇ ਗੁਣਾਂ ਦਾ ਧਾਰਨੀ ਗੁਰਮੁਖ ਇਕ ਨਵੇਂ ਆਦਰਸ਼ ਸਮਾਜ ਦੀ ਪਰਿਕਲਪਨਾ ਅਨੁਸਾਰ ਅਜਿਹਾ ਸ਼ਾਂਤਮਈ ਸਮਾਜ ਘੜ ਸਕਦਾ ਹੈ ਜੋ ਗੁਰੂ ਨਾਨਕ ਦੇ ਸੁਪਨਿਆਂ ਦਾ ਸੰਸਾਰ ਹੈ। ਇਸ ਤਰ੍ਹਾਂ 'ਬੇਗਮਪੁਰਾ' ਦਾ ਸੰਕਲਪ ਇਕ ਅਜਿਹਾ ਮਨੁੱਖ ਪੂਰਾ ਕਰ ਸਕਦਾ ਹੈ ਜੋ ਨਿੱਜਤਵ ਤੋਂ ਉੱਪਰ ਉਠਕੇ ਆਪਣੀ ਸ਼ਖਸੀਅਤ ਦਾ ਵਿਕਾਸ ਕਰੇ ਤਾਂ ਉਹ ਜਾਤ, ਜਨਮ, ਸ਼੍ਰੇਣੀ ਦੇ ਬੰਧਨਾਂ ਤੋਂ ਆਜ਼ਾਦ ਹੋ ਕੇ ਵਿਸ਼ਾਲਤਾ ਦਾ ਧਾਰਨੀ ਹੋ ਕੇ ਇਕ ਨਵੇਂ ਸਮਾਜ ਦਾ ਮਾਡਲ ਸਿਰਜ ਸਕਦਾ ਹੈ।

0-0-0

# ਹਵਾਲੇ ਅਤੇ ਟਿੱਪਣੀਆਂ


1. Dr. Radha Krishan, ***The Present Crisis of faith*** ( ਉਧਰਿਤ ਡਾ.ਗੁਰਸ਼ਰਨ ਜੀਤ ਸਿੰਘ)
2. ਡਾ. ਗੁਰਸ਼ਰਨਜੀਤ ਸਿੰਘ, ***ਗੁਰੂ ਨਾਨਕ ਬਾਣੀ ਦਾ ਸਮਾਜ ਸ਼ਾਸਤਰੀ ਪਰਿਪੇਖ***, ਪੰਨਾ 7-8
3. ਡਾ. ਦਵਿੰਦਰ ਸਿੰਘ, ***ਚਿੰਤਨ ਮੰਥਨ***, ਪੰਨਾ 42
4. ਡਾ. ਜਸਬੀਰ ਕੇਸਰ, ***ਗੁਰੂ ਨਾਨਕ ਬਾਣੀ ਵਿੱਚ ਸਮਾਜ ਦਾ ਸੰਕਲਪ***, ਪੰਨਾ 8
5. Dr. P.C. Bhatnagar, ***The Crisis in Indian Society***, page 17
6. ਡਾ. ਜਸਬੀਰ ਕੇਸਰ, ***ਗੁਰੂ ਨਾਨਕ ਬਾਣੀ ਵਿੱਚ ਸਮਾਜ ਦਾ ਸੰਕਲਪ***, ਪੰਨਾ 9
7. ਡਾ. ਜਗਬੀਰ ਸਿੰਘ, ***ਦਲਿਤ ਚੇਤਨਾ ਦਾ ਸੰਦਰਭ***, ਪੰਨਾ 203
8. ਡਾ. ਅੰਮ੍ਰਿਤਪਾਲ ਕੌਰ, 'ਗੁਰੂ ਗ੍ਰੰਥ ਸਾਹਿਬ ਵਿਚ ਦਲਿਤ ਚੇਤਨਾ', ***ਖੋਜ ਪਤ੍ਰਿਕਾ***, ਪੰਨਾ 2
9. ਉਧਰਿਤ, ਉਹੀ
10. ਡਾ. ਜਗਬੀਰ ਸਿੰਘ, ***ਦਲਿਤ ਚੇਤਨਾ ਦਾ ਸੰਦਰਭ***, ਪੰਨਾ 205
11. ਡਾ. ਗੁਰਸ਼ਰਨਜੀਤ ਸਿੰਘ, ***ਗੁਰੂ ਨਾਨਕ ਦੀ ਸਮਾਜਿਕ ਵਿਚਾਰਧਾਰਾ***, ਪੰਨਾ 205
12. ਡਾ. ਅਮਰਜੀਤ ਸਿੰਘ ਕਾਂਗ, ***ਗੁਰੂ ਰਵਿਦਾਸ ਬਾਣੀ ਦਾ ਸਮਾਜਿਕ ਪਰਿਪੇਖ***, ਪੰਨਾ 116
13. Dr. Swainderjit Kaur, ***Basic Concepts in Sociology***, page 375
14. ਡਾ. ਮਨਮੋਹਨ ਸਹਿਗਲ, ***ਸਮਾਜਿਕ ਕੀਮਤਾਂ***, ਪੰਨਾ 595
15. ਡਾ. ਪ੍ਰਭਜੋਤ ਕੌਰ, ***ਬਤੀਹ ਸੁਲਖਣੀ***, ਪੰਨਾ 34
16. ਡਾ. ਅਮਰਜੀਤ ਸਿੰਘ ਗਰੇਵਾਲ, ***ਇਕੀਵੀਂ ਸਦੀ ਦੇ ਮਾਨਵ ਤੇ ਸਮਾਜ ਦੀ ਸਿਰਜਣਾ ਲਈ ਗੁਰੂ ਗ੍ਰੰਥ ਸਾਹਿਬ ਦੀ ਪ੍ਰਸੰਗਿਕਤਾ***, ਪੰਨਾ 21
17. ਉਧਰਿਤ, ਡਾ. ਹਰਬੰਸ ਸਿੰਘ, ***ਦਰਸ਼ਨ ਨਿਰਣਯ***, ਪੰਨਾ 456
18. ਡਾ. ਗੁਰਦੀਪ ਸਿੰਘ ਸੰਧੂ, ***ਗੁਰੂ ਨਾਨਕ ਦੀਆਂ ਵਾਰਾਂ ਤੇ ਸਮਕਾਲੀ ਜੀਵਨ ਯਥਾਰਥ***, ਪੰਨਾ 37
19. ਡਾ. ਕੁਲਵੰਤ ਕੌਰ, ***ਗੁਰਬਾਣੀ ਤੇ ਮਧਕਾਲੀ ਪੰਜਾਬੀ ਸਭਿਆਚਾਰ***, ਪੰਨਾ 65

20. ਭਾਈ ਕਾਨ੍ਹ ਸਿੰਘ ਨਾਭਾ, ***ਮਹਾਨ ਕੋਸ਼***, ਪੰਨਾ 683

21. ਉਹੀ, ਪੰਨਾ 218

22. ਪ੍ਰਭਜੋਤ ਕੌਰ, ***ਸਿੱਖ ਧਰਮ ਵਿਚ ਇਸਤਰੀ ਦਾ ਸਥਾਨ, ਬਤੀਹ ਸੁਲਖਣੀ***, ਪੰਨਾ 18-19

23. ਡਾ. ਅਸ਼ੋਕ ਖੁਰਾਣਾ, ***ਸਮਾਜ-ਸਭਿਆਚਾਰ ਲਈ ਖੂਬਸੂਰਤ ਮਾਡਲ ਗੁਰਮਤਿ ਕਾਵਿ***, ਪੰਨਾ 23

24. ਡਾ. ਸਤਿੰਦਰ ਸਿੰਘ ਨੂਰ, ***ਬਾਣੀ ਬਾਬਾ ਫਰੀਦ ਦੇ ਸਾਹਵੇਂ, ਵਿਸਮਾਦ ਨਾਦ***, ਪੰਨਾ 197

25. ਉਧਰਿਤ, ਡਾ. ਸਵਿੰਦਰਜੀਤ ਕੌਰ (ਅਨੁ.), ***ਸਮਾਜ ਇਕ ਪ੍ਰਾਰੰਭਿਕ ਵਿਸ਼ਲੇਸ਼ਣ***, ਪੰਨਾ 375

26. ਡਾ. ਜਗਬੀਰ ਸਿੰਘ, ***'ਜਪੁਜੀ' ਬਾਣੀ ਸੰਸਾਰ***, ਪੰਨਾ 95

27. Dr. J.S. Grewal,***Guru Nanak in History***, page 104-105

28. ਡਾ. ਪ੍ਰੀਤਮ ਸਿੰਘ, ***ਕਲਿ ਤਾਰਕ, ਪੰਜਾਬੀ ਸਾਹਿਤ ਅਕਾਦਮੀ***, ਪੰਨਾ 238

29. ਪ੍ਰੋ. ਪਿਆਰਾ ਸਿੰਘ ਪਦਮ, ***ਸ੍ਰੀ ਗੁਰੂ ਗ੍ਰੰਥ ਪ੍ਰਕਾਸ਼***, ਪੰਨਾ 233

30. ਡਾ. ਜਗਬੀਰ ਸਿੰਘ, ***ਮਾਨਵ ਮੁਕਤੀ ਦਾ ਸੰਦਰਭ***, ਪੰਨਾ 192

31. ਭਾਈ ਕਾਨ੍ਹ ਸਿੰਘ ਨਾਭਾ, ***ਮਹਾਨ ਕੋਸ਼***, ਪੰਨਾ 1029

32. ਪ੍ਰੋ. ਸ. ਸ. ਅਮੋਲ, ***ਪੰਜਾਬੀ ਸਭਿਆਚਾਰ***, ਪੰਨਾ 43

33. ਡਾ. ਜਗਬੀਰ ਸਿੰਘ, ***ਮਾਨਵ ਮੁਕਤੀ ਦਾ ਸੰਦਰਭ***, ਪੰਨਾ 183

34. ਡਾ. ਇੰਦਰਜੀਤ ਸਿੰਘ ਵਾਸੂ, ***ਸਤਿ, ਸੰਤੋਖ, ਵੀਚਾਰ ਦੁਆਰਾ ਮਨੁੱਖੀ ਸ਼ਖਸੀਅਤ ਦੀ ਉਸਾਰੀ, ਗੁਰੂ ਗ੍ਰੰਥ ਸਾਹਿਬ ਦੇ ਵਿਵਿਧ ਪਰਿਪੇਖ***, ਪੰਨਾ 249

35. Dr. Gurdev Singh Deol, ***Social & Political Philosophy of Guru Nanak***, page 58

36. ਡਾ. ਮਨਮੋਹਨ ਸਹਿਗਲ, ***ਸਮਾਜਿਕ ਕੀਮਤਾਂ***, ਪੰਨਾ 696

37. ਡਾ. ਰਤਨ ਸਿੰਘ ਜੱਗੀ, ***ਗੁਰੂ ਗ੍ਰੰਥ ਵਿਸ਼ਵ ਕੋਸ਼, ਭਾਗ ਦੂਜਾ***, ਪੰਨਾ 462

38. ਡਾ. ਮਨਦੀਪ ਕੌਰ, ***ਸਲੋਕ ਵਾਰਾਂ ਤੇ ਵਧੀਕ: ਬਹੁਪੱਖੀ ਅਧਿਐਨ***, ਪੰਨਾ 108

39. ਡਾ. ਮਨਮੋਹਨ ਸਹਿਗਲ, ***ਸਮਾਜਿਕ ਕੀਮਤਾਂ***, ਪੰਨਾ 696

# ਅਧਿਆਇ ਚੌਥਾ

## ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਰਾਗ ਮੁਕਤ ਬਾਣੀ ਦਾ ਸਭਿਆਚਾਰਕ ਪਰਿਪੇਖ

(ੳ) ਰਾਗ ਮੁਕਤ ਬਾਣੀ ਵਿੱਚ ਵਿਭਿੰਨ ਸਭਿਆਚਾਰਾਂ ਨਾਲ ਸੰਵਾਦ

(ਅ) ਰਾਗ ਮੁਕਤ ਬਾਣੀ ਵਿੱਚ ਸਭਿਆਚਾਰਕ ਸੰਕਟ ਅਤੇ ਚੁਣੌਤੀਆਂ

(ੲ) ਰਾਗ ਮੁਕਤ ਬਾਣੀ ਵਿੱਚ ਸਭਿਆਚਾਰਕ ਸਮਿਨਵੈ

(ਸ) ਸਭਿਆਚਾਰਕ ਰਹਿਤਲ ਦਾ ਨਵਾਂ ਪ੍ਰਵਚਨ: ਗੁਰੂ ਗ੍ਰੰਥ ਸਾਹਿਬ

(ਹ) ਰਾਗ ਮੁਕਤ ਬਾਣੀ ਦੀਆਂ ਸਭਿਆਚਾਰਕ ਜੁਗਤਾਂ

# ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਰਾਗ ਮੁਕਤ ਬਾਣੀ ਦਾ ਸਭਿਆਚਾਰਕ ਪਰਿਪੇਖ

ਰਾਗ ਮੁਕਤ ਬਾਣੀ ਦੇ ਸੱਭਿਆਚਾਰਕ ਪਰਿਪੇਖ ਉਪਰ ਵਿਸਤ੍ਰਿਤ ਚਰਚਾ ਕਰਨ ਤੋਂ ਪਹਿਲਾਂ ਸਭਿਆਚਾਰ ਦੀ ਪਰਿਭਾਸ਼ਾ, ਇਸ ਦੀ ਨਿਸ਼ਾਨਦੇਹੀ ਕਰਨ ਵਾਲੇ ਤੱਤਾਂ/ਪੱਖਾਂ/ਪਸਾਰਾਂ ਨੂੰ ਸਮਝਣਾ ਜ਼ਰੂਰੀ ਹੈ। *"ਸਭਿਆਚਾਰ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ। ਸੱਭਯ ਅਤੇ ਆਚਾਰ। ਇਹ ਸ਼ਬਦ ਪੰਜਾਬੀ ਵਿਚ ਸੰਸਕ੍ਰਿਤ ਸ਼ਬਦ 'ਸੰਸਕ੍ਰਿਤੀ' ਦੇ ਪ੍ਰਇਵਾਚਕ ਰੂਪ ਵਿਚ ਵਰਤਿਆ ਜਾਂਦਾ ਹੈ। ਸੰਸਕ੍ਰਿਤੀ ਦੇ ਅਰਥ ਹਨ ਸੰਕ੍ਰਿਤੀ ਨਾਲ ਅਰਥਾਤ ਸੋਧ ਸੰਵਾਰ ਦੇ ਕੀਤੀ ਗਲ ਜਾਂ ਚੇਸ਼ਟਾ।"* [1] ਸਭਿਆਚਾਰ ਦਾ ਅੰਗ੍ਰੇਜ਼ੀ ਵਿਚ ਸ਼ਬਦ culture ਹੈ ਜੋ ਲਾਤੀਨੀ ਭਾਸ਼ਾ ਦੇ ਸ਼ਬਦ ਕਲਟਸ ਤੋਂ ਬਣਿਆ ਹੈ ਜਿਸਦਾ ਭਾਵ ਖੇਤੀ ਹੈ। ਇਸ ਤਰ੍ਹਾਂ ਸਭਿਆਚਾਰ ਖੇਤੀ ਤੋਂ ਲੈ ਕੇ ਵਿਅਕਤੀਗਤ ਸ਼ਖਸੀਅਤ ਦੀ ਸਾਧਨਾ ਦਾ ਵਿਕਾਸ ਹੈ। ਮਨੁੱਖ ਇਕ ਪ੍ਰਕਿਰਤਕ ਜੀਵ ਹੈ, ਜਿਸਨੂੰ ਸਭਿਆਚਾਰਕ ਜੀਵ ਬਨਣ ਵਾਸਤੇ ਆਪਣੀ ਸ਼ਖਸੀਅਤ ਨੂੰ ਉੱਜਲ ਬਨਾਉਣ ਲਈ ਮਨ ਅਤੇ ਬੁੱਧੀ ਨੂੰ ਸਾਧਨਾ ਪੈਂਦਾ ਹੈ ਫਿਰ ਚੰਗੀਆਂ ਆਦਤਾਂ ਗ੍ਰਹਿਣ ਕਰਕੇ ਆਪਣੇ ਜੀਵਨ ਨੂੰ ਹੋਰ ਸੁਹਾਵਨਾ ਬਣਾਇਆ ਜਾ ਸਕਦਾ ਹੈ। ਇਸ ਤਰ੍ਹਾਂ ਇੱਕ ਮਨੁੱਖ ਸੱਭਿਆਚਾਰਕ ਜੀਵ ਬਨਣ ਤੱਕ ਆਪਣੇ ਆਪ ਨੂੰ ਤਿਆਰ ਕਰ ਲੈਂਦਾ ਹੈ। ਅਰਬੀ ਫਾਰਸੀ ਵਿਚ 'ਤਹਿਜ਼ੀਬ' ਹੈ, ਜਿਸਦਾ ਅਰਥ ਹੈ ਸਾਫ, ਠੀਕ ਕੀਤਾ, ਸੋਧਿਆ ਹੋਇਆ। ਅੰਗ੍ਰੇਜ਼ੀ ਵਿਚ ਇਸ ਲਈ 'ਕਲਚਰ' ਸ਼ਬਦ ਵਰਤਿਆ ਜਾਂਦਾ ਹੈ ਜਿਸਦਾ ਸੰਬੰਧ ਪਾਲਣ ਪੋਸ਼ਣ ਨਾਲ ਮੰਨਿਆ ਜਾਂਦਾ ਹੈ। *"ਕਿਸੇ ਮਾਨਵ-ਸਮੂਹ ਦੇ ਜਿਉਣ ਦਾ ਉਹ ਰਾਹ ਜਾਂ ਢੰਗ ਅਥਵਾ ਜੀਵਨ ਮਾਰਗ ਜੋ ਸੁਸਿਖਿਅਤ, ਪ੍ਰਵਾਨਿਤ ਅਤੇ ਪ੍ਰਮਾਣਿਕ ਬਣ ਚੁੱਕਾ ਹੋਵੇ, ਉਥੋਂ ਦਾ ਸਭਿਆਚਾਰ ਅਖਵਾਉਂਦਾ ਹੈ।"* [2]

ਸੱਭਿਆਚਾਰ ਮਨੁੱਖੀ ਜੀਵਨ ਜਾਚ ਨਾਲ ਸਬੰਧਿਤ ਹੁੰਦਾ ਹੈ ਇਸ ਵਿੱਚ ਕਿਸੇ ਮਨੁੱਖੀ ਸਮਾਜ ਵਿੱਚ ਕ੍ਰਿਆਸ਼ੀਲ ਉਹ ਕਿਰਿਆਵਾਂ ਹੁੰਦੀਆਂ ਹਨ ਜਿਹੜੀਆਂ ਉਸ ਵਿਸ਼ੇਸ਼ ਮਨੁੱਖੀ ਸਮਾਜ ਨੂੰ ਦੂਸਰੇ ਸਮਾਜ ਨਾਲੋਂ ਵੱਖਰਤਾ ਪ੍ਰਦਾਨ ਕਰਦੀਆਂ ਹਨ। ਪ੍ਰੋ: ਸੰਤ ਸਿੰਘ ਸੇਖੋਂ ਪੰਜਾਬੀ ਸੱਭਿਆਚਾਰ ਦੇ ਮੁੱਖ ਅੰਸ਼ ਵਿਚ ਲਿਖਦੇ ਹਨ, *"ਪਰ ਜਦੋਂ ਅਸਲ ਵਿਚ ਕਿਸੇ ਜਾਤੀ ਦੇ ਸਭਿਆਚਾਰ ਦੀ ਗਲ ਕੀਤੀ ਜਾਂਦੀ ਹੈ ਤਾਂ ਉਸ ਦੇ ਸੁਭਾਅ ਵਿਚ ਜ਼ਿਆਦਾ ਡੂੰਘਾ ਨਹੀਂ ਜਾਇਆ ਜਾਂਦਾ। ਆਮ ਤੌਰ ਤੇ ਜਾਤੀ ਦਾ ਸੁਭਾਅ ਉਸ ਦੇ ਸਦੀਆਂ ਬੱਧੇ ਅਨੁਭਵ ਤੋਂ ਬਣਦਾ ਹੈ। ਪਰ ਤਕਰੀਬਨ ਹਰ ਜਾਤੀ ਦਾ ਇਸ ਅਨੁਭਵ ਦੁਆਰਾ ਬਣਿਆ ਸੁਭਾਅ ਦੂਜਿਆਂ ਨਾਲੋਂ ਵੱਖਰਾ ਹੁੰਦਾ*

*ਹੈ। ਪਰ ਕਈ ਵਾਰ ਵਖ-ਵਖ ਦੇਸ਼ਾਂ ਦੇ ਸੁਭਾਅ ਵਿਚ ਇੰਨੀ ਸਮਾਨਤਾ ਹੁੰਦੀ ਹੈ ਕਿ ਉਨ੍ਹਾਂ ਨੂੰ ਇਕੋ ਸੰਸਕ੍ਰਿਤੀ ਦੇ ਗੁਟ ਵਿਚ ਰਖਿਆ ਜਾ ਸਕਦਾ ਹੈ। ਜਿਵੇਂ ਯੂਰਪੀਨ ਸੰਸਕ੍ਰਿਤੀ, ਇਸਲਾਮੀ ਸੰਸਕ੍ਰਿਤੀ ਤੇ ਭਾਰਤੀ ਸੰਸਕ੍ਰਿਤੀ।"* [3]

ਸੱਭਿਆਚਾਰ ਵਿੱਚ ਮਨੁੱਖ ਦੀਆਂ ਅਜਿਹੀਆਂ ਆਦਤਾਂ ਸਮਿਲਿਤ ਹੁੰਦੀਆਂ ਹਨ ਜੋ ਉਹ ਇੱਕ ਸਮਾਜ ਵਿੱਚ ਰਹਿੰਦਿਆਂ ਗ੍ਰਹਿਣ ਕਰਦਾ ਹੈ ਜੋ ਇਸ ਜਟਿਲ ਵਰਤਾਰੇ ਵਿੱਚ ਗਿਆਨ, ਵਿਸ਼ਵਾਸ਼, ਨੈਤਿਕਤਾ, ਕਾਨੂੰਨ ਅਤੇ ਹੋਰ ਰੀਤੀ ਰਿਵਾਜਾਂ ਨਾਲ ਸੰਬੰਧਿਤ ਹੁੰਦੀਆਂ ਹਨ। ਸਮਾਜ ਵਿਗਿਆਨੀਆਂ ਨੇ ਸਭਿਆਚਾਰ ਨੂੰ ਸਮਾਜਿਕ ਵਿਰਾਸਤ ਕਿਹਾ ਹੈ। ਔਸਬਰਗ ਅਤੇ ਨਿਮਕੋਫ ਨੇ ਆਪਣੀ ਕਿਤਾਬ 'A Handbook of Sociology' ਵਿਚ ਸਭਿਆਚਾਰ ਨੂੰ ਦੋ ਭਾਗਾਂ-ਪਦਾਰਥਕ ਅਤੇ ਅਪਦਾਰਥਕ ਵਿਚ ਵੰਡਿਆ ਹੈ। ਪਦਾਰਥਕ ਸਭਿਆਚਾਰ ਵਿਚ ਸਥੂਲ ਵਸਤੂਆਂ-ਘਰ, ਬਰਤਨ, ਔਜ਼ਾਰ, ਪਹਿਨਣ ਦੇ ਕਪੜੇ ਆਦਿ ਹਨ। ਅਪਦਾਰਥਕ ਭਾਗ ਵਿਚ ਉਹ ਚੀਜ਼ਾਂ ਸ਼ਾਮਲ ਹਨ, ਜਿਨ੍ਹਾਂ ਦੇ ਪਿਛੇ ਲੁਕੇ ਵਿਚਾਰ, ਸੰਕਲਪ, ਚਿੰਤਨ ਅਤੇ ਕਾਰਜ ਦੇ ਢੰਗ, ਭਾਵਨਾਤਮਕ ਕਿਰਿਆਵਾਂ, ਭਾਸ਼ਾ, ਸਾਹਿਤ ਅਤੇ ਧਰਮ ਆਦਿ ਆਉਂਦਾ ਹੈ। ਭਾਵ ਸਭਿਆਚਾਰ ਸਾਡੇ ਰਹਿਣ ਸਹਿਣ ਅਤੇ ਸੋਚਣ ਦੇ ਤਰੀਕਿਆਂ ਵਿਚ, ਰੋਜ਼ ਦੀਆਂ ਅੰਤਰ ਕਿਰਿਆਵਾਂ ਵਿਚ ਕਲਾ ਵਿਚ, ਧਰਮ ਵਿਚ, ਮਨੋਰੰਜਨ ਅਤੇ ਅਨੰਦ ਵਿਚ ਸਾਂਝੀ ਪ੍ਰਕਿਰਤੀ ਦਾ ਪ੍ਰਗਟਾਵਾ ਹੀ ਹੈ। [4]

ਅਰਸਤੂ ਮਨੁੱਖ ਨੂੰ ਇਕ ਸਮਾਜਿਕ ਪਸ਼ੂ ਮੰਨਦਾ ਹੈ। ਉਸਨੇ ਆਪਣੀਆਂ ਮੂਲ ਪ੍ਰਵਿਰਤੀਆਂ ਇਕ ਸਮਾਜਿਕ ਦਾਇਰੇ ਵਿਚ ਹੀ ਗ੍ਰਹਿਣ ਕਰਨੀਆਂ ਹੁੰਦੀਆਂ ਹਨ ਭਾਵੇਂ ਪਸ਼ੂਆਂ ਦੀ ਦੁਨੀਆਂ ਵਿਚ ਵੀ ਸਮਾਜਿਕਤਾ ਹੁੰਦੀ ਹੈ। ਭੇਡਾਂ ਦੇ ਵੱਗ, ਭ੍ਰਿੰਡਾਂ ਦੇ ਖੱਖਰ, ਹਿਰਨਾਂ ਦੀਆਂ ਡਾਰਾਂ ਅਤੇ ਗਾਵਾਂ ਮੱਝਾਂ ਦੇ ਵੱਗ ਦੀ ਇਹ ਸਮਾਜਿਕਤਾ ਸਿਰਫ਼ ਸਹਿਜ ਪ੍ਰਵਿਰਤੀਆਂ ਅਧੀਨ ਹੀ ਹੁੰਦੀ ਹੈ। ਇਸ ਦੇ ਵਿਪਰੀਤ ਮਨੁੱਖੀ ਸਮਾਜ ਦਾ ਆਧਾਰ ਉਸਦੀ ਬੌਧਿਕ ਵਿਚਾਰਧਾਰਾ ਤੇ ਟਿਕਿਆ ਹੋਇਆ ਹੈ। ਇਹੋ ਬੌਧਿਕ ਵਿਚਾਰਧਾਰਾ ਉਸਨੂੰ ਅਚੇਤ ਪੱਧਰ ਉੱਤੇ ਵਰਤੇ ਜਾਂਦੇ ਉਸ ਅਨੁਸ਼ਾਸਨ ਵੱਲ ਪ੍ਰੇਰਿਤ ਕਰਦੀ ਹੈ ਜਿਸ ਨੇ ਉਸ ਵਿਚ ਇਕ ਚੇਤੰਨਸ਼ੀਲ ਸਮਾਜਿਕ ਪ੍ਰਾਣੀ ਵਾਲੇ ਗੁਣ ਭਰਨੇ ਹੁੰਦੇ ਹਨ। ਮਨੁੱਖ ਦੀਆਂ ਸਮਾਜਿਕ ਲੋੜਾਂ ਦੀ ਪੂਰਤੀ ਲਈ ਜੋ ਨਿਯਮ ਬਣਾਏ ਜਾਂਦੇ ਹਨ ਉਹ ਹੀ ਸੰਸਕ੍ਰਿਤੀ ਹੁੰਦੀ ਹੈ। ਇਸ ਲਈ ਮਨੁੱਖ ਭਾਸ਼ਾ, ਕਲਾ ਅਤੇ ਵਿਗਿਆਨ ਰਾਹੀਂ ਆਪਣੇ ਆਪੇ ਨੂੰ ਪ੍ਰਗਟਾਉਂਦਾ ਹੈ। ਭਾਰਤ ਦੇ ਪ੍ਰਾਚੀਨ ਸਮਾਜ ਸ਼ਾਸਤਰੀ ਮਨੂ ਦੀ ਧਾਰਨਾ ਹੈ ਕਿ ਮਨੁੱਖ ਜੰਮਦਾ ਤਾਂ ਵਣਮਾਨਸ ਹੈ ਪਰ ਉਹ ਸੰਸਕਾਰਾਂ ਨਾਲ ਹੀ ਮਨੁੱਖ ਬਣਦਾ ਹੈ। "ਕਿਸੇ ਵੀ ਖਾਸ ਇਲਾਕੇ ਵਿਚ ਵਿਚਰਨ ਵਾਲੇ ਵਿਅਕਤੀ, ਆਪਸੀ ਮੇਲ ਮਿਲਾਪ ਅਤੇ ਸਹਿ-ਹੋਂਦ ਦੀਆਂ ਤੰਦਾਂ ਵਿਚ ਬੱਝੇ

ਰਹਿੰਦੇ ਹਨ। ਮਨੁੱਖ ਵਲੋਂ ਸਿਰਜਿਤ ਅਜਿਹਾ ਵਾਤਾਵਰਣ ਜੋ ਉਸ ਅੰਦਰ ਇਕ ਸਾਂਝਾ ਨਿਯੰਤਰਨ ਪੈਦਾ ਕਰਕੇ ਸਮੁੱਚੇ ਸਮਾਜ ਨੂੰ ਇਕ ਵਿਸ਼ੇਸ਼ ਪ੍ਰਬੰਧ ਵਿਚ ਬੰਨ੍ਹਦਾ ਹੈ, ਉਸਦਾ ਸਭਿਆਚਾਰ ਅਖਵਾਉਂਦਾ ਹੈ। ਇਲੀਅਟ ਤਾਂ ਕਿਸੇ ਵੀ ਵਿਅਕਤੀ ਦੇ ਜਾਂ ਉਸ ਦੇ ਗਰੁੱਪ ਦੇ ਸੱਭਿਆਚਾਰ ਨੂੰ ਜਿਸ ਸਮੁੱਚੇ ਸਮਾਜ ਦੇ ਅਨੁਸਾਰ ਵਿਅਕਤੀ ਦਾ ਸਭਿਆਚਾਰ, ਉਸਦੇ ਗਰੁਪ ਜਾਂ ਜਮਾਤ ਦਾ ਸਭਿਆਚਾਰ ਉਸ ਸਮੁੱਚੇ ਸਮਾਜ ਦੇ ਸਭਿਆਚਾਰ ਉਤੇ ਨਿਰਭਰ ਕਰਦਾ ਹੈ, ਜਿਸਦਾ ਉਹ ਇਕ ਹਿੱਸਾ ਹੁੰਦਾ ਹੈ।[5] ਇਸ ਸੰਦਰਭ ਵਿੱਚ ਪ੍ਰੋ: ਐਸ.ਐਸ.ਅਮੋਲ ਦੀ ਸੱਭਿਆਚਾਰ ਬਾਰੇ ਕੀਤੀ ਵਿਚਾਰ ਵਿਮਰਸ਼ ਨੂੰ ਵੀ ਸਮਝਿਆ ਜਾ ਸਕਦਾ ਹੈ:

> *ਸਭਿਆਚਾਰ ਮਨੁੱਖ ਜਾਤੀ ਦੀ ਸਮੁੱਚੀ ਅਤੇ ਇਕਤ੍ਰਿਤ ਰਚਨਾ ਹੈ। ਜਿਸ ਨਾਲ ਮਨੁੱਖ ਦੀ ਵਿਅਕਤਿਕ ਸਮਰੱਥਾ ਵਿਸ਼ਾਲ ਹੁੰਦੀ ਹੈ ਅਤੇ ਮਨੁੱਖ ਜਾਤੀ ਆਪਣੇ ਆਸ ਪਾਸ ਦੇ ਬਣਾਏ ਵਾਤਾਵਰਣ ਵਿਚ ਰਹਿੰਦੀ ਹੈ।* [6]

ਸੱਭਿਆਚਾਰ ਸਬੰਧੀ ਵਿਚਾਰ ਕਰਦਿਆਂ ਇੱਕ ਮਹੱਤਵਪੂਰਨ ਨੁਕਤਾ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਹਰੇਕ ਸਮਾਜ ਦਾ ਆਪਣਾ ਵੱਖਰਾ ਸੱਭਿਆਚਾਰ ਹੁੰਦਾ ਹੈ ਕਿਉਂਕਿ ਸਮਾਜ ਵਿੱਚ ਵਿਚਰਦਿਆਂ ਵੱਖ ਵੱਖ ਲੋਕ ਆਪਣੇ ਕੁਦਰਤੀ ਆਲੇ ਦੁਆਲੇ ਨੂੰ ਆਪਣੀਆਂ ਲੋੜਾਂ ਅਨੁਸਾਰ ਢਾਲ ਲੈਂਦੇ ਹਨ। ਇਸ ਕਰਕੇ ਵੱਖਰੀਆਂ ਭੂਗੋਲਿਕ, ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਪ੍ਰਸਥਿਤੀਆਂ ਕਾਰਨ ਭਿੰਨਤਾ ਆ ਜਾਂਦੀ ਹੈ। ਇਸ ਸਬੰਧ ਵਿੱਚ ਡਾ. ਰੋਸ਼ਨ ਲਾਲ ਆਹੂਜਾ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਇਸ ਪ੍ਰਕਾਰ ਕਰਦੇ ਹਨ: *ਕਲਚਰ ਵਿਸ਼ਵਾਸਾਂ, ਕਦਰਾਂ ਦਾ ਪੁਲੰਦਾ ਜਾਂ ਸਮੂਹ ਹੈ ਜਿਸਵਿਚ ਗਿਆਨ, ਵਿਸ਼ਵਾਸ, ਕਾਨੂੰਨ, ਰਸਮਾਂ ਰੀਤਾਂ, ਯੋਗਤਾਵਾਂ ਅਤੇ ਆਦਤਾਂ ਸ਼ਾਮਲ ਹਨ।* [7] ਵੱਖ-ਵੱਖ ਵਿਸ਼ਵਕੋਸ਼ਾਂ ਅਨੁਸਾਰ ਸਭਿਆਚਾਰ ਨੂੰ ਪਰਿਭਾਸ਼ਿਤ ਕੀਤਾ ਗਿਆ ਹੈ। Encyclopedia of Social Sciences ਵਿਚ ਕਿਹਾ ਗਿਆ ਹੈ: *ਕੋਈ ਵੀ ਵਿਅਕਤੀ ਦੋ ਪੱਖਾਂ ਤੋਂ ਵਿਭਿੰਨਤਾ ਰਖਦਾ ਹੈ। ਇਕ ਤਾਂ ਉਸਦੀ ਸਰੀਰਕ ਬਣਤਰ ਤੇ ਦੂਸਰਾ ਉਸਦਾ ਸਮਾਜਿਕ ਵਿਰਸਾ ਅਰਥਾਤ ਸਭਿਆਚਾਰ।* [8] ਇਸੇ ਸਬੰਧ ਵਿਚ ਹੀ ਇਕ ਹੋਰ ਪਰਿਭਾਸ਼ਾ ਇਸ ਪ੍ਰਕਾਰ ਹੈ: ਸਭਿਆਚਾਰ ਵਿਚ ਵਿਰਸੇ ਵਿਚ ਮਿਲੀਆਂ ਮਨੁੱਖ ਸਿਰਜਿਤ ਵਸਤੂਆਂ, ਸਮਾਨ, ਤਕਨੀਕੀ ਪ੍ਰਕਿਰਿਆਵਾਂ, ਖਿਆਲ, ਆਦਤਾਂ, ਕਦਰਾਂ ਕੀਮਤਾਂ ਸ਼ਾਮਲ ਹਨ। ਸਮਾਜਿਕ ਸੰਗਠਨ ਨੂੰ ਸਭਿਆਚਾਰ ਦਾ ਅੰਗ ਸਵੀਕਾਰੇ ਬਿਨਾਂ ਬਿਲਕੁਲ ਵੀ ਨਹੀਂ ਸਮਝਿਆ ਜਾ ਸਕਦਾ।[9] ਅੰਗਰੇਜ਼ੀ ਵਿਦਵਾਨ T.S. Eliot ਦੀ ਧਾਰਨਾ ਹੈ:

*ਇਕ ਥਾਂ ਇਕੱਠੇ ਰਹਿਣ ਵਾਲੇ ਲੋਕਾਂ ਦਾ ਜੀਵਨ ਢੰਗ ਸਭਿਆਚਾਰ ਹੈ ਜਿਹੜਾ ਉਹਨਾਂ ਦੇ ਹੁਨਰਾਂ, ਸਮਾਜਿਕ ਤਰੀਕਿਆਂ, ਆਦਤਾਂ, ਰਿਵਾਜਾਂ ਅਤੇ ਧਰਮ ਰਾਹੀਂ ਦ੍ਰਿਸ਼ਟਮਾਨ ਹੁੰਦਾ ਹੈ। ... ਸਭਿਆਚਾਰ, ਕਲਾ, ਰਿਵਾਜ ਜਾਂ ਧਾਰਮਿਕ ਭਰੋਸਿਆਂ ਦੇ ਇਕੱਠ ਤੋਂ ਵੀ ਵਧ ਕੁਝ ਹੈ।*[10]

ਰਵਿੰਦਰ ਨਾਥ ਟੈਗੋਰ ਮਾਨਸਿਕ ਜੀਵਨ ਦੇ ਸਰੂਪ ਨੂੰ ਹੀ ਸੰਸਕ੍ਰਿਤੀ ਦਾ ਨਾਂ ਦਿੰਦਾ ਹੈ। ਮਨੁੱਖ ਇਕ ਸਮਾਜਿਕ ਜੀਵ ਹੋਣ ਕਾਰਨ ਆਪਣੀਆਂ ਪਰੰਪਰਾਵਾਂ ਨਾਲ ਜੁੜਿਆ ਹੁੰਦਾ ਹੈ। ਉਹ ਇਕ ਸਭਿਆਚਾਰ ਵਿਚ ਜਨਮ ਲੈ ਕੇ ਜਿਥੇ ਵੀ ਜਾਂਦਾ ਹੈ ਉਥੇ ਆਪਣੇ ਸਭਿਆਚਾਰਕ ਚਿੰਨ੍ਹ ਨਾਲ ਲੈ ਕੇ ਜਾਂਦਾ ਹੈ।[11]

ਸੱਭਿਆਚਾਰਕ ਕਦਰਾਂ ਕੀਮਤਾਂ ਮਨੁੱਖ ਨਾਲ ਸੰਬੰਧਿਤ ਹੁੰਦੀਆਂ ਹਨ ਕਿਉਂਕਿ ਸੱਭਿਆਚਾਰ ਮਾਨਵੀ ਜੀਵਨ ਜਾਚ ਨਾਲ ਸੰਬੰਧਿਤ ਹੁੰਦਾ ਹੈ। ਇਸ ਕਰਕੇ ਸਮਾਜ ਵਿੱਚ ਪ੍ਰਚਲਿਤ ਕਦਰਾਂ ਕੀਮਤਾਂ ਅਤੇ ਰੀਤੀ-ਰਿਵਾਜ ਉਸ ਜੀਵਨ ਜਾਚ ਨੂੰ ਪ੍ਰਭਾਵਿਤ ਕਰਦੇ ਹਨ। ਪ੍ਰੋ. ਕਿਸ਼ਨ ਸਿੰਘ ਕਿਸੇ ਹੋਰ ਢੰਗ ਨਾਲ ਇਸ ਦੀ ਵਿਆਖਿਆ ਕਰਦੇ ਹਨ। "ਕਲਚਰ ਕੋਈ ਬੁੱਕਲ ਦਾ ਮਾਲ ਨਹੀਂ ਜੋ ਪਹਿਲੀ ਪੀਹੜੀ ਨੇ ਆਉਂਦੀ ਪੀਹੜੀ ਨੂੰ ਸੰਭਾਲ ਕੇ ਰਖਣ ਅਤੇ ਜਿਉਂ ਦੀ ਤਿਉਂ ਅੱਗੇ ਤੋਰਨ ਵਾਸਤੇ ਚੁਪ-ਚਾਪ ਫੜਾ ਦੇਣਾ ਹੁੰਦਾ ਹੈ। ਇਸ ਨੁਕਤੇ ਤੋਂ ਕਲਚਰ ਪੂਰਨ ਤਰਜ਼ੇ ਜ਼ਿੰਦਗੀ ਹੈ।"[12] ਡਾ. ਰਵਿੰਦਰ ਸਿੰਘ ਰਵੀ ਦਾ ਵਿਚਾਰ ਹੈ ਕਿ ਇਕ ਇਤਿਹਾਸਕ ਬਿੰਦੂ ਦਾ ਸਭਿਆਚਾਰ ਕਿਸੇ ਨਿਰੇ ਖਲਾਅ ਵਿਚੋਂ ਅਚਾਨਕ ਵਿਸਫੋਟ ਹੋਇਆ ਵਰਤਾਰਾ ਨਹੀਂ ਹੁੰਦਾ, ਸਗੋਂ ਇਹ ਇਕ ਨਿਰੰਤਰ ਇਤਿਹਾਸਕ ਧਾਰਾ ਦੇ ਵਿਕਾਸ ਦਾ ਨਵਾਂ ਮੋੜ ਹੁੰਦਾ ਹੈ।[13] ਸਭਿਆਚਾਰ ਹਮੇਸ਼ਾਂ ਗਤੀਸ਼ੀਲ ਹੁੰਦਾ ਹੋਇਆ ਵਿਕਾਸ ਕਰਦਾ ਰਹਿੰਦਾ ਹੈ। ਉਸਦੀ ਇਹੀ ਮਹੱਤਵਪੂਰਨ ਪ੍ਰਾਪਤੀ ਪਸ਼ੂ ਜਗਤ ਤੋਂ ਵੱਖਰਤਾ ਕਰਕੇ ਹੀ ਹੈ। ਇਹ ਗਲ ਅਤਿਅੰਤ ਮੰਨਣਯੋਗ ਹੈ ਕਿ ਸਭਿਆਚਾਰ ਕਿਸੇ ਉਚੇਰੇ ਵਿਹਾਰ ਦਾ ਧਾਰਨੀ ਹੁੰਦਾ ਹੈ। ਹਰ ਜਨ-ਸਮੂਹ ਦਾ ਆਪਣਾ ਨਿਵੇਕਲਾ ਸਭਿਆਚਾਰ ਹੁੰਦਾ ਹੈ। ਸਭਿਆਚਾਰ ਦੀ ਸਾਰਥਿਕਤਾ ਉਸ ਦੇ ਵਿਹਾਰਕ ਵਿਕਾਸ ਵਿਚ ਛੁਪੀ ਹੁੰਦੀ ਹੈ। ਸਮਾਜ ਵਿਗਿਆਨੀਆਂ ਦਾ ਵਿਚਾਰ ਹੈ ਕਿ ਕਿਸੇ ਵੀ ਜਨ ਸਮੂਹ ਦਾ ਸਾਰਾ ਸਭਿਆਚਾਰ ਉਸ ਦਾ ਆਪਣਾ ਸਿਰਜਿਆ ਨਹੀਂ ਹੁੰਦਾ ਸਗੋਂ ਉਸ ਨੇ ਦੂਜਿਆਂ ਕੋਲ ਬਹੁਤ ਕੁਝ ਲੈ ਕੇ ਅਪਣਾਇਆ ਹੁੰਦਾ ਹੈ। ਸਭਿਆਚਾਰ ਕਿਸੇ ਸਮਾਜ ਵਿਚ ਇਕ ਦੂਜੇ ਨਾਲ ਸਾਂਝ ਪਾਉਣ ਦੀ ਜਾਚ ਸਿਖਾਉਂਦਾ ਹੈ। ਇਸ ਤਰ੍ਹਾਂ ਉਨ੍ਹਾਂ ਦੀਆਂ ਕਿਰਿਆਵਾਂ ਇਕ ਸਮਾਜ ਦੇ ਵਿਅਕਤੀਆਂ ਨੂੰ ਦੂਸਰੇ ਸਮਾਜ ਦੇ ਮਨੁੱਖਾਂ ਨਾਲੋਂ ਅੱਡ ਕਰਦੀਆਂ ਹਨ ਪਰ ਇਹ ਸਭ ਕੁਝ ਅਨਜਾਣੇ ਵਿਚ ਹੀ ਵਾਪਰਦਾ ਹੈ। ਉਨ੍ਹਾਂ ਦਾ ਖਾਣਾ

ਪੀਣਾ, ਪਹਿਰਾਵਾ ਅਤੇ ਸਮਾਜਿਕ ਵਰਤਾਰਾ ਅਚੇਤ ਹੀ ਉਨ੍ਹਾਂ ਦਾ ਸਭਿਆਚਾਰ ਬਣ ਜਾਂਦਾ ਹੈ।[14] ਪਰੰਤੂ ਡਾ. ਜਗਬੀਰ ਸਿੰਘ ਸੱਭਿਆਚਾਰ ਬਾਰੇ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਇਸ ਪ੍ਰਕਾਰ ਕਰਦੇ ਹਨ, *"ਸਭਿਆਚਾਰ ਮਨੁੱਖ ਦੀ ਸੰਪੂਰਨ ਜੀਵਨ-ਵਿਧੀ ਦਾ ਲਖਾਇਕ ਹੋ ਨਿਬੜਦਾ ਹੈ। ਇਹ ਕਲਾ, ਧਰਮ, ਦਰਸ਼ਨ, ਨੈਤਿਕਤਾ ਆਦਿ ਅਨੇਕ ਰੂਪ-ਵਿਧੀਆਂ ਰਾਹੀਂ ਮੂਰਤੀਮਾਨ ਹੁੰਦਾ ਹੈ। ਪਰ ਮਨੁੱਖੀ ਸਭਿਆਚਾਰ ਦਾ ਇਹ ਸਿਰਜਿਤ ਸੰਸਾਰ ਖਲਾਅ ਵਿਚੋਂ ਜਨਮ ਨਹੀਂ ਲੈਂਦਾ ਸਗੋਂ ਇਸ ਦੀ ਬੁਨਿਆਦ ਸਮਾਜਿਕ ਆਰਥਿਕ ਬਣਤਰ ਦੇ ਸਮੁੱਚੇ ਸੰਗਠਨ ਉਪਰ ਟਿਕੀ ਹੁੰਦੀ ਹੈ। ਜੋ ਇਤਿਹਾਸਕ ਵਿਕਾਸ ਗਤੀ ਥਾਣੀ ਲੰਘਦਾ ਹੋਇਆ ਨਿਰੰਤਰ ਤਬਦੀਲ ਹੁੰਦਾ ਰਹਿੰਦਾ ਹੈ।"[15]* ਸੱਭਿਆਚਾਰ ਦੇ ਸਮੁਚੇ ਪ੍ਰਬੰਧ ਬਾਰੇ ਹੋਰ ਵਿਸਤ੍ਰਿਤ ਚਰਚਾ ਕਰਨ ਲਈ ਅਸੀਂ ਡਾ. ਜਸਵਿੰਦਰ ਸਿੰਘ ਦੀ ਰਾਏ ਨੂੰ ਵੀ ਧਿਆਨ ਯੋਗ ਸਮਝਦੇ ਹਾਂ ਉਹਨਾਂ ਅਨੁਸਾਰ,*"ਸਭਿਆਚਾਰ ਮੁਖ ਰੂਪ ਵਿਚ ਸਮੁੱਚੇ ਸਮਾਜਿਕ ਪ੍ਰਬੰਧ ਵਿਚ ਮਨੁੱਖ ਰਾਹੀਂ ਸਿਰਜੇ ਗਏ ਆਚਾਰ ਵਿਹਾਰ ਦੇ ਪ੍ਰਤੀਮਾਨਾਂ ਦਾ ਇਕ ਅਜਿਹਾ ਸਮੂਹ ਹੈ, ਜੋ ਆਪਣੇ ਅੰਤਮ ਰੂਪ ਵਿਚ ਇਕ ਨਿਸਚਤ ਕੀਮਤ ਪ੍ਰਬੰਧ ਸਿਰਜਦਾ ਹੈ। ਇਹ ਕੀਮਤ ਪ੍ਰਬੰਧ ਹਰੇਕ ਸਭਿਆਚਾਰਕ ਸਿਰਜਣਾ, ਆਚਾਰ ਵਿਹਾਰ, ਕਾਰਜ, ਵਿਚਾਰ ਵਿਚ ਵਿਦਮਾਨ ਹੁੰਦਾ ਹੈ। ਇਸ ਨੂੰ ਮਨੁੱਖ ਅਚੇਤ ਜਾਂ ਸੁਚੇਤ ਗ੍ਰਹਿਣ ਕਰਦਾ, ਪ੍ਰਵਾਨ ਕਰਦਾ ਤੇ ਨਿਭਾਉਂਦਾ ਹੈ। ਇਸ ਕੀਮਤ ਪ੍ਰਬੰਧ ਦੀ ਦ੍ਰਿਸ਼ਟੀ ਤੋਂ ਵੀ ਸਭਿਆਚਾਰ ਨੂੰ ਵਿਸ਼ੇਸ਼ ਜੀਵਨ ਅਤੇ ਵਿਸ਼ਵ ਦ੍ਰਿਸ਼ਟੀਕੋਣ ਨੂੰ ਪ੍ਰਸਤੁਤ ਕਰਨ ਵਾਲਾ ਮੰਨਿਆ ਜਾਂਦਾ ਹੈ।" [16] ਭਾਰਤ ਵਿੱਚ ਮੁਸਲਮਾਨ ਹਮਲਾਵਰਾਂ ਦੇ ਆਉਣ ਨਾਲ ਸੱਤਾ ਪਰਿਵਰਤਨ ਹੋਣ ਕਰਕੇ ਪਹਿਲੇ ਦਰਜੇ ਦੇ ਹਿੰਦੂ ਦੂਜੇ ਦਰਜੇ ਦੇ ਸ਼ਹਿਰੀ ਬਣ ਗਏ ਇਸ ਤਰ੍ਹਾਂ ਉਹਨਾਂ ਨੂੰ ਅਚੇਤ ਤੌਰ ਤੇ ਸ਼ਾਸਕ ਵਰਗ ਦਾ ਸੱਭਿਆਚਾਰ ਅਪਨਾਉਣਾ ਪਿਆ। ਇਸ ਤੋਂ ਛੁੱਟ ਡਾ. ਕੁਲਵੰਤ ਕੌਰ ਗੁਰਬਾਣੀ ਅਤੇ ਸਮਕਾਲੀ ਪੰਜਾਬੀ ਸਭਿਆਚਾਰ ਵਿਚ ਲਿਖਦੇ ਹਨ: ਕਿਸੇ ਨਿਸਚਤ ਪ੍ਰਕਿਰਤਕ ਮਾਹੌਲ ਤੋਂ ਪੈਦਾ ਹੁੰਦੀਆਂ ਨਿਸਚਿਤ ਸਮਸਿਆਵਾਂ ਦਾ ਸਮਾਧਾਨ ਰਲ ਮਿਲ ਕੇ ਮਨੁੱਖੀ ਸਭਿਆਚਾਰ ਬਣਦਾ ਹੈ, ਜਿਸ ਵਿਚ ਮਨੁੱਖ ਆਪਣੇ ਮਨ ਤੇ ਬੁਧੀ ਨੂੰ ਸਾਧ ਕੇ, ਚੰਗੀਆਂ ਆਦਤਾਂ ਗ੍ਰਹਿਣ ਕਰਕੇ, ਆਪਣੇ ਵਿਅਕਤਤਵ ਨੂੰ ਰੁਸ਼ਨਾ ਕੇ, ਜੀਵਨ ਨੂੰ ਸੁਹਣੇਰਾ ਬਣਾ ਕੇ ਅਤੇ ਉਸ ਲਈ ਵਿਕਸਤ ਸਾਧਨ ਜੁਟਾ ਕੇ ਪ੍ਰਕਿਰਤਕ ਜੀਵ ਤੋਂ ਇਕ ਸਭਿਆਚਾਰਕ ਜੀਵ ਬਨਣ ਲਈ ਪੁਲਾਂਘ ਪੁਟਦਾ ਹੈ।" [17]*

ਸੋ ਉਪਰੋਕਤ ਵਿਚਾਰ ਵਿਮਰਸ਼ ਦੀ ਰੌਸ਼ਨੀ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਸਭਿਆਚਾਰ ਵਿਚ ਲੋਕਾਂ ਦੀ ਸਮੁੱਚੀ ਜੀਵਨ ਜਾਚ ਆਉਂਦੀ ਹੈ। ਇਸ ਵਿਚ ਲੋਕ ਸੰਸਕਾਰ, ਧਾਰਮਿਕ ਪ੍ਰੰਪਰਾਵਾਂ, ਪੂਜਾ ਪਾਠ, ਮੇਲੇ, ਤਿਉਹਾਰਾਂ, ਲੋਕਾਂ ਦਾ ਆਚਾਰ ਵਿਹਾਰ, ਉਨ੍ਹਾਂ ਦੀਆਂ ਸਮਾਜਿਕ

ਪ੍ਰਥਾਵਾਂ ਅਤੇ ਨੈਤਿਕਤਾ ਆਦਿ ਸਾਰੇ ਵਿਸ਼ੇ ਸਮਾਏ ਹੁੰਦੇ ਹਨ। ਇਨ੍ਹਾਂ ਸਾਰਿਆਂ ਦਾ ਸਬੰਧ ਮਨੁੱਖ ਜਾਤੀ ਦੇ ਸਮੂਹਕ ਮਨ ਨਾਲ ਹੁੰਦਾ ਹੈ ਅਤੇ ਇਨ੍ਹਾਂ ਤੋਂ ਹੀ ਉਨ੍ਹਾਂ ਦੀਆਂ ਸਾਰੀਆਂ ਮਨੋਬਿਰਤੀਆਂ ਦੀ ਜਾਣਕਾਰੀ ਮਿਲਦੀ ਹੈ। ਕਿਸੇ ਵੀ ਸਥਾਨ ਦਾ ਇਤਿਹਾਸ ਅਤੇ ਭੂਗੋਲਿਕ ਸਥਿਤੀ ਅਨੁਸਾਰ ਉਥੋਂ ਦੇ ਵਸਨੀਕਾਂ ਦਾ ਸਭਿਆਚਾਰ ਵੀ ਤਬਦੀਲ ਹੋ ਜਾਂਦਾ ਹੈ। ਇਸ ਤੱਥ ਨੂੰ ਸਰਵ ਪ੍ਰਵਾਨਿਤ ਮੰਨਿਆ ਜਾਂਦਾ ਹੈ ਕਿ ਸਾਰੇ ਮਨੁੱਖ ਸਮੂਹਾਂ ਦਾ ਸਭਿਆਚਾਰ ਵੀ ਵੱਖੋ-ਵੱਖਰਾ ਹੁੰਦਾ ਹੈ।

ਮੂਲ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਅਧਿਆਤਮਕ ਵਿਚਾਰਾਂ ਨੂੰ ਪ੍ਰਗਟਾਉਣ ਵਾਲਾ ਇਕ ਧਰਮ ਗ੍ਰੰਥ ਹੈ। ਅੰਗਰੇਜ਼ੀ ਵਿਚ ਧਰਮ ਗ੍ਰੰਥ ਨੂੰ 'Scripture' ਕਿਹਾ ਜਾਂਦਾ ਹੈ, ਜਿਸ ਤੋਂ ਭਾਵ ਹੈ 'ਲਿਖਤ ਸ਼ਬਦ'। ਪਹਿਲਾਂ ਪਹਿਲ 'Scripture' ਕੇਵਲ ਬਾਈਬਲ ਲਈ ਪ੍ਰਯੋਗ ਕੀਤਾ ਜਾਂਦਾ ਸੀ, ਪਰ ਅਜ ਕਲ ਇਸ ਸ਼ਬਦ ਦੀ ਵਰਤੋਂ ਵੇਦਾਂ, ਕੁਰਾਨ ਅਤੇ ਗੁਰੂ ਗ੍ਰੰਥ ਸਾਹਿਬ ਲਈ ਵੀ ਹੋ ਰਹੀ ਹੈ। ਸਿੱਖ ਧਰਮ ਅਤੇ ਸੰਸਥਾ ਦੇ ਅੰਤਰਗਤ ' ਗੁਰੂ ਗ੍ਰੰਥ ਸਾਹਿਬ' ਨੂੰ ਪਵਿਤਰ ਧਰਮ-ਗ੍ਰੰਥ ਦਾ ਦਰਜਾ ਪ੍ਰਾਪਤ ਹੈ। ਡਾ. ਜਗਬੀਰ ਸਿੰਘ ਦੇ ਵਿਚਾਰ ਅਨੁਸਾਰ:

> *ਸਿੱਖ ਵਿਰਸੇ ਦੀ ਇਸ ਪਾਵਨ ਰਚਨਾ ਨੂੰ ਮੱਧਕਾਲੀਨ ਭਾਰਤ ਦੀ ਮੁੱਲਵਾਨ ਸਭਿਆਚਾਰਕ ਟੈਕਸਟ ਵਜੋਂ ਵੀ ਵਾਚਿਆ ਜਾ ਸਕਦਾ ਹੈ। ਇਸ ਕਿਸਮ ਦੇ ਉਪਰਾਲੇ ਦਾ ਅਰਥ ਇਸਦੇ ਮੌਲਿਕ ਧਾਰਮਿਕ ਚਰਿਤ੍ਰ ਤੋਂ ਮੁਨਕਰ ਹੋਣ ਦਾ ਨਹੀਂ ਸਗੋਂ ਇਸ ਦੇ ਸਿਰਜਿਤ ਪ੍ਰਵਚਨ ਦੀਆਂ ਅਨੇਕਾਅਰਥੀ ਸੰਭਾਵਨਾਵਾਂ ਪ੍ਰਤੀ ਜਾਗ੍ਰਤ ਹੋਣਾ ਹੈ।*[18]

ਇਸ ਪਾਵਨ 'ਆਦਿ ਗ੍ਰੰਥ' ਨੂੰ ਗੁਰੂ ਅਰਜਨ ਦੇਵ ਨੇ ੧੬੦੪ ਈ. ਵਿਚ ਸੰਪਾਦਿਤ ਕੀਤਾ। ਗੁਰੂ ਗ੍ਰੰਥ ਸਾਹਿਬ ਦੀ ਸਮੁੱਚੇ ਸੰਸਾਰ ਦੇ ਅਧਿਆਤਮਕ ਸਾਹਿਤ ਅਤੇ ਧਾਰਮਿਕ ਇਤਿਹਾਸ ਵਿਚ ਇਕ ਵਿਲੱਖਣ ਤੇ ਨਿਵੇਕਲੀ ਨੁਹਾਰ ਹੈ। ਪੰਜਵੇਂ ਪਾਤਸ਼ਾਹ ਨੇ ਵਖ ਵਖ ਸਰੋਤਾਂ ਤੋਂ ਇਕੱਤ੍ਰ ਕਰਕੇ ਇਸ ਬਾਣੀ ਨੂੰ ਭਾਈ ਗੁਰਦਾਸ ਤੋਂ ਲਿਖਵਾਇਆ। ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਨੇ ੧੭੦੮ ਈ. ਵਿਚ ਪੁਨਰ ਸੰਪਾਦਿਤ ਕਰਕੇ ਸ੍ਰੀ ਗੁਰੂ ਤੇਗ ਬਹਾਦਰ ਦੀ ਬਾਣੀ ਨੂੰ ਵੀ ਇਸ ਵਿਚ ਸ਼ਾਮਲ ਕਰ ਲਿਆ। ਡਾ. ਕੁਲਵੰਤ ਕੌਰ ਅਨੁਸਾਰ, *"ਇੰਜ ਗੁਰੂ ਸਾਹਿਬਾਨ ਦੀ ਸੰਪਾਦਕੀ ਮੁਹਰ ਛਾਪ ਵਾਲੀ ਇਹ ਮਹਾਨ ਰੱਬੀ, ਧੁਰ ਕੀ ਅਤੇ ਇਲਾਹੀ ਬਾਣੀ ਇਕ ਅਜਿਹਾ ਮਹਾਨ ਦਸਤਾਵੇਜ਼ ਬਣ ਗਿਆ ਜਿਸ ਦੀ ਲਗ ਮਾਤਰ ਤਕ ਤੇ ਵੀ ਕਿੰਤੂ ਨਹੀਂ ਕੀਤਾ ਜਾ ਸਕਦਾ। ਇਸ ਦੀ ਪ੍ਰਮਾਣਿਕਤਾ ਸ਼ੁਧ ਸੋਨੇ ਵਰਗੀ ਹੈ ਤੇ ਇਸ ਦੀ ਮਹੱਤਤਾ ਸਰਬ-ਸਾਂਝੀ ਹੈ।"*[19] ਗੁਰੂ ਗ੍ਰੰਥ ਸਾਹਿਬ ਮੱਧਕਾਲੀਨ ਸੱਭਿਆਚਾਰਕ ਵਰਤਾਰੇ ਵਿੱਚ ਸਿਰਜਿਤ ਹੋਇਆ ਇੱਕ ਅਜਹਿਾ ਪ੍ਰਵਚਨ ਹੈ ਜੋ

ਆਪਣੀ ਮੂਲ ਪ੍ਰਕਿਰਤੀ ਵਿੱਚ ਅਧਿਆਤਮਿਕ ਚਿੰਤਨ ਹੈ ਇਸ ਦੇ ਬਾਵਜੂਦ ਆਪਣੀ ਸਮਕਾਲੀਨ ਸੱਭਿਆਚਾਰਕ ਸੰਦਰਭ ਨਾਲ ਜੁੜਿਆ ਹੋਣ ਕਰਕੇ ਇਸ ਦਾ ਪਾਸਾਰ ਬਹੁ ਦਿਸ਼ਾਵੀ ਹੈ। ਇਸ ਵਿਚਲੇ ਬਾਣੀਕਾਰਾਂ ਨੇ ਤੱਤਕਾਲੀਨ ਸੱਭਿਆਚਾਰਕ ਵਰਤਾਰੇ ਨੂੰ ਆਪਣੀ ਪ੍ਰਵਚਨ ਦਾ ਆਧਾਰ ਬਣਾ ਕੇ ਉਸ ਪ੍ਰਤੀ ਆਪਣੀ ਆਲੋਚਨਾਤਮਕ ਰਵੱਈਆ ਉਲੀਕ ਕੇ ਸੱਭਿਆਚਾਰਕ ਪ੍ਰਸਥਿਤੀਆਂ ਨਾਲ ਸੰਵਾਦ ਰਚਾਇਆ ਹੈ।

## (ੳ) ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਰਾਗ ਮੁਕਤ ਬਾਣੀ ਵਿੱਚ ਵਿਭਿੰਨ ਸਭਿਆਚਾਰਾਂ ਨਾਲ ਸੰਵਾਦ

ਸੰਵਾਦ ਦੇ ਕਾਰਜ ਨੂੰ ਵਿਚਾਰਾਂ ਨੂੰ ਪ੍ਰਸਾਰਿਤ ਅਤੇ ਪ੍ਰਚਾਰਿਤ ਕਰਨ ਨਾਲ ਜੋੜ ਕੇ ਵੇਖਿਆ ਜਾ ਸਕਦਾ ਹੈ। ਇਸ ਵਿਚ ਨਿਸਚੇ ਹੀ ਸੰਵਾਦਦਾਤਾ/ਸੰਵਾਦਕਰਤਾ ਦਾ ਕੋਈ ਨਿਸਚਿਤ ਉਦੇਸ਼ ਜਾਂ ਕੋਈ ਦ੍ਰਿਸ਼ਟੀਕੋਣ ਹੁੰਦਾ ਹੈ ਅਤੇ ਇਸੇ ਨੂੰ ਦੂਜਿਆਂ ਤਕ ਪਹੁੰਚਾਉਣ ਲਈ, ਦੂਜਿਆਂ ਨਾਲ ਸਾਂਝਾ ਕਰਨ ਲਈ ਉਹ ਸੰਵਾਦ ਦੀ ਵਿਧੀ ਦੀ ਸ਼ਰਨ ਵਿਚ ਆਉਂਦਾ ਹੈ। ਜਦੋਂ ਅਸੀਂ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਬਾਣੀ ਵਿਚ ਵਿਭਿੰਨ ਧਰਮਾਂ/ਸਭਿਆਚਾਰਾਂ ਨਾਲ ਇਸ ਦਾ ਸੰਵਾਦ ਵੇਖਦੇ ਹਾਂ ਤਾਂ ਸਿੱਖ ਧਰਮ ਵੀ ਅਸਿੱਧੇ ਰੂਪ ਵਿਚ ਸਿੱਖ ਰਾਜ ਦੀ ਇੱਕ ਧਾਰਮਿਕ ਲਹਿਰ ਵਜੋਂ ਸਥਾਪਿਤ ਹੁੰਦਾ ਜਾਪਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚਲੇ ਸੰਵਾਦ ਦੀ ਸਮੁੱਚੀ ਪ੍ਰਕਿਰਿਆ ਨੂੰ ਜਾਨਣ/ਸਮਝਣ ਲਈ ਸਾਨੂੰ ਨਾ ਕੇਵਲ ਇਸ ਚਿੰਤਨ ਦੀ ਵਿਚਾਰਧਾਰਕ ਪਿਠਭੂਮੀ ਬਲਕਿ ਉਨ੍ਹਾਂ ਸਾਰੇ ਧਰਮਾਂ/ਫਿਰਕਿਆਂ ਬਾਰੇ ਵੀ ਮੁਢਲੀ ਜਾਣਕਾਰੀ ਲੈਣੀ ਪਵੇਗੀ, ਜਿਨ੍ਹਾਂ ਨਾਲ ਸਿੱਖ ਚਿੰਤਨ ਨੇ ਸੰਵਾਦ ਰਚਾਇਆ ਹੈ। ਆਪਣੇ ਖੋਜ ਪ੍ਰਬੰਧ ਵਿਚ ਇਸ ਅਧਿਆਇ ਨੂੰ ਸ਼ਾਮਿਲ ਕਰਨਾ, ਸਾਡੇ ਇਸੇ ਉਦੇਸ਼ ਨੂੰ ਸਪਸ਼ਟ ਕਰਦਾ ਹੈ। ਇਸ ਅਧਿਆਇ ਵਿਚ ਅਸੀਂ ਗੁਰੂ ਗ੍ਰੰਥ ਸਾਹਿਬ ਦੇ ਇਸਦੇ ਸਮਵਿਥ ਹੋਰਨਾਂ ਧਰਮਾਂ ਨਾਲ ਰਚਾਏ ਗਏ ਸੰਵਾਦ ਨੂੰ ਵਿਸ਼ਲੇਸ਼ਿਤ ਕਰਨ ਵਲ ਰੁਚਿਤ ਹੋਵਾਂਗੇ। ਸਿੱਖ ਚਿੰਤਨ ਵਿਚਲੇ ਸੰਵਾਦ ਦੀ ਇਕ ਮੁੱਖ ਵਿਸ਼ੇਸ਼ਤਾ ਇਸਦਾ ਬਹੁ ਧਰਾਤਲੀ ਹੋਣਾ ਹੈ। ਕਈ ਥਾਵਾਂ ਉੱਤੇ ਇਹ ਸੰਵਾਦ ਇੱਕ ਫਿਰਕੇ ਨਾਲ ਹੈ ਤੇ ਕਈ ਥਾਵਾਂ ਉੱਤੇ ਕਿਸੇ ਵਿਅਕਤੀ ਵਿਸ਼ੇਸ਼ ਨਾਲ। ਇਸ ਸੰਵਾਦ ਨੂੰ ਵੇਖਿਆਂ ਦੋ ਮੁੱਖ ਨੁਕਤੇ ਸਾਡੇ ਸਾਹਮਣੇ ਆਉਂਦੇ ਹਨ ਜੋ ਇਸ ਦੀ ਪ੍ਰਕਿਰਤੀ ਨੂੰ ਸਮਝਣ ਵਿਚ ਸਾਡੀ ਬਹੁਤ ਸਹਾਇਤਾ ਕਰਦੇ ਹਨ, ਨਿਖੇਧਾਤਮਕ ਅਤੇ ਉਪਦੇਸ਼ਾਤਮਕ ਨਾਮਕ ਇਹ ਦੋ ਇਹ ਨੁਕਤੇ ਮੁੱਖ ਰੂਪ ਵਿਚ ਸਿੱਖ ਚਿੰਤਨ ਵਿਚਲੇ ਸੰਵਾਦ ਨੂੰ ਉਘਾੜ੍ਹਦੇ ਹਨ। ਪਹਿਲੀ ਵੰਨਗੀ ਵਿਚ ਕਿਸੇ ਧਰਮ ਵਿਚ ਪ੍ਰਚਲਿਤ ਰੂੜੀਵਾਦੀ ਰਹੁ ਰੀਤਾਂ ਦੀ ਨਿਖੇਧੀ ਕੀਤੀ ਗਈ ਹੁੰਦੀ ਹੈ ਅਤੇ ਤਰਕ ਤੇ ਵਿਵੇਕ ਰਾਹੀਂ ਉਸ ਉੱਤੇ ਚਾਨਣਾ ਪਾਉਂਦਿਆਂ ਅਸਲ ਮਾਰਗ ਵਿਖਾਉਣ ਦਾ ਯਤਨ ਕੀਤਾ

ਗਿਆ ਹੁੰਦਾ ਹੈ। ਉਪਦੇਸ਼ਾਤਮਕ ਵੰਨਗੀ ਅੰਤਰਗਤ ਪ੍ਰਵਚਨ (Discourse) ਦੀ ਪ੍ਰਵਿਰਤੀ ਭਾਰੀ ਹੁੰਦੀ ਹੈ। ਇਸ ਦਾ ਸੰਬੰਧ ਕਿਸੇ ਵਿਸ਼ੇਸ਼ ਫਿਰਕੇ ਵਿਚ ਪ੍ਰਚਲਿਤ ਬੁਰਾਈਆਂ ਉੱਤੇ ਕੇਂਦਰ ਬਿੰਦੂ ਸਥਾਪਿਤ ਨਾ ਕਰਕੇ ਆਪਣੇ ਮੌਲਿਕ ਦ੍ਰਿਸ਼ਟੀਕੋਣ ਦੀ ਉਸਾਰੀ ਅਤੇ ਪੇਸ਼ਕਾਰੀ ਕਰਨ ਨਾਲ ਹੁੰਦਾ ਹੈ। ਬਾਣੀ ਵਿਚਲਾ ਇਹ ਸੰਵਾਦ ਇਕ ਤੋਂ ਅਧਿਕ ਪੱਧਰਾਂ ਉੱਤੇ ਕਾਰਜਸ਼ੀਲ ਹੁੰਦਾ ਦਿਖਾਈ ਦਿੰਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਚਲੇ ਬਾਣੀਕਾਰਾਂ ਦੇ ਅਧਿਆਤਮਕ ਵਿਚਾਰਾਂ ਅਤੇ ਰਹੱਸਾਤਮਕ ਅਨੁਭਵਾਂ ਨੂੰ ਸਮਕਾਲੀ ਸਮਾਜਿਕ ਪਰਿਪੇਖ ਅਤੇ ਸਭਿਆਚਾਰਕ ਰੂੜੀਆਂ ਦੇ ਪ੍ਰਸੰਗ ਵਿੱਚ ਪੇਸ਼ ਕੀਤਾ ਗਿਆ ਹੈ। ਭਾਵੇਂ ਸਾਰੇ ਬਾਣੀਕਾਰ ਰੂਹਾਨੀਅਤ ਦੀਆਂ ਗੱਲਾਂ ਕਰਦੇ ਸਨ ਪਰੰਤੂ ਧਰਤੀ ਦੇ ਛੁਹ ਤੇ ਧਰਤ-ਵਾਸੀਆਂ ਦਾ ਉਧਾਰ ਉਹਨਾਂ ਦਾ ਕਰਤੱਵ ਸੀ।... ਉਨ੍ਹਾਂ ਨੇ ਆਪਣੇ ਸਭਿਆਚਾਰ ਦੇ ਹਰ ਪੱਖ (ਭਾਵੇਂ ਉਹ ਧਾਰਮਿਕ ਹੈ ਜਾਂ ਸਮਾਜਿਕ, ਜਾਂ ਅਧਿਆਤਮਕ ਹੈ ਜਾਂ ਸਭਿਆਚਾਰਕ, ਕਰਮ-ਕਾਂਡੀ ਹੈ ਜਾਂ ਪਦਾਰਥਕ) ਦੇ ਹਰ ਪਹਿਲੂ ਅਤੇ ਹਰ ਅੰਗ ਸੰਬੰਧੀ ਆਪਣੇ ਮਹਾਨ ਵਿਚਾਰ ਪ੍ਰਗਟਾਏ ਹਨ।[20]

ਪੰਜਾਬ ਦੀ ਭੂਗੋਲਿਕ ਸਥਿਤੀਆਂ ਨੇ ਇੱਥੋਂ ਦੇ ਵਸਨੀਕਾਂ ਦੇ ਜੀਵਨ ਚਰਿੱਤਰ ਅਤੇ ਜੀਵਨ ਜਾਚ ਨੂੰ ਨਿੱਤ ਨਵੇਂ ਧਰਾਤਲਾਂ ਤੇ ਪਰਖਿਆ। 'ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ' ਅਨੁਸਾਰ ਪੰਜਾਬੀ ਸਭਿਆਚਾਰ ਵਿਚ ਬਹਾਦਰੀ, ਸੂਰਬੀਰਤਾ, ਨਿਰਭੈਤਾ, ਦਲੇਰੀ ਅਤੇ ਜ਼ਿੰਦਾਦਿਲੀ ਵਾਲੇ ਅਨੇਕਾਂ ਗੁਣ ਸ਼ਾਮਲ ਹੁੰਦੇ ਗਏ। ਨਿਰੰਤਰ ਹਮਲਾਵਰਾਂ ਦੇ ਹਮਲਿਆਂ ਕਾਰਨ ਵਿਭਿੰਨ ਸਭਿਆਚਾਰਾਂ ਨਾਲ ਸੰਪਰਕ ਵੀ ਸਥਾਪਿਤ ਹੁੰਦਾ ਰਿਹਾ। ਲੋਕਾਂ ਦਾ ਸਮਾਜਿਕ ਅਤੇ ਮਾਨਸਿਕ ਵਰਤਾਰਾ ਤਾਂ ਬਦਲਦਾ ਹੀ ਰਿਹਾ ਅਤੇ ਨਾਲ ਹੀ ਕਈ ਧਰਮਾਂ, ਸਮਾਜਾਂ, ਜਾਤਾਂ, ਕਬੀਲਿਆਂ ਅਤੇ ਸਭਿਆਚਾਰਾਂ ਦਾ ਸਮਿਨਵੈ ਵੀ ਹੁੰਦਾ ਗਿਆ। ਇਸ ਸਬੰਧ ਵਿੱਚ ਡਾ. ਜਗਬੀਰ ਸਿੰਘ ਦਾ ਵਿਚਾਰ ਹੈ:

> *ਇਤਿਹਾਸਕ ਦ੍ਰਿਸ਼ਟੀ ਤੋਂ ਗੁਰੂ ਗ੍ਰੰਥ ਸਾਹਿਬ ਬਾਣੀ ਦਾ ਸਿਰਜਣ ਕਾਲ ਭਾਰਤ ਵਿਚ ਇਸਲਾਮੀ ਸਭਿਆਚਾਰ ਦੇ ਪ੍ਰਵੇਸ਼ ਦਾ ਦੌਰ ਹੈ। ਭਾਰਤ ਦੀ ਉਤਰ-ਪੱਛਮੀ ਸੀਮਾ ਵਲੋਂ ਹਮਲਾਵਰ ਦੇ ਰੂਪ ਵਿਚ ਪ੍ਰਵੇਸ਼ ਕਰਨ ਵਾਲੇ ਇਸ ਸਭਿਆਚਾਰ ਨੇ ਪਹਿਲੋਂ ਪਹਿਲ ਪੰਜਾਬ ਅਤੇ ਉਸਦੇ ਨਾਲ ਲਗਦੇ ਇਲਾਕਿਆਂ ਨੂੰ ਨਿਰੰਤਰ ਹਮਲਿਆਂ ਰਾਹੀਂ ਲੁਟ-ਖਸੁਟ ਦਾ ਸ਼ਿਕਾਰ ਬਣਾਇਆ।*[21]

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਇਨ੍ਹਾਂ ਵੱਖ-ਵੱਖ ਧਰਮਾਂ, ਫਿਰਕਿਆਂ, ਵਰਗਾਂ ਅਤੇ ਜਾਤ ਬਰਾਦਰੀਆਂ ਦੇ ਪ੍ਰਸਪਰ ਵੈਰ ਵਿਰੋਧ ਨੂੰ ਪੂਰੀ ਤਰ੍ਹਾਂ ਨਕਾਰਦੀ ਹੋਈ ਸੁਹਿਰਦਤਾ, ਸਹਿਣਸ਼ੀਲਤਾ, ਸਹਿਯੋਗ ਤੇ ਸਦਭਾਵਨਾ ਜਿਹੀਆਂ ਪਵਿਤਰ ਭਾਵਨਾਵਾਂ ਦਾ ਸੰਚਾਰ ਕਰਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕਬੀਰ ਬਾਣੀ ਇਸ ਦਾ ਪ੍ਰਤੱਖ ਪ੍ਰਮਾਣ ਪੇਸ਼ ਕਰਦੀ ਹੈ:

*ਅਲਹੁ ਏਕ ਮਸੀਤਿ ਬਸਤੁ ਹੈ ਅਵਰੁ ਮੁਲਖੁ ਕਿਸੁ ਕੇਰਾ।।*

*ਹਿੰਦੂ ਮੂਰਤਿ ਨਾਮ ਨਿਵਾਸੀ ਦੁਹ ਮਹਿ ਤਤੁ ਨ ਹੇਰਾ।।*

*ਅਲਹ ਰਾਮ ਜੀਵਉ ਤੇਰੇ ਨਾਈ।।*

*ਤੂ ਕਰਿ ਮਿਹਰਾਮਤ ਸਾਈ।।* ਪੰਨਾ ੧੩੪੯

ਬਾਣੀ ਸਿਰਜਨ ਸਮੇਂ ਭਾਰਤੀ ਸਭਿਆਚਾਰ ਦੇ ਕਿਸੇ ਸਮੁੱਚੇ ਸਰਬ ਸਾਂਝੇ ਸੰਕਲਪ ਦੀ ਅਣਹੋਂਦ ਸੀ। ਹਿੰਦੂ ਅਤੇ ਮੁਸਲਿਮ ਦੋ ਸਭਿਆਚਾਰਾਂ ਦੀਆਂ ਧਾਰਾਵਾਂ ਸਮਾਨੰਤਰ ਚਲ ਰਹੀਆਂ ਸਨ। ਭਾਰਤੀ ਸਭਿਆਚਾਰ ਵਿਚ ਵਰਣ ਵੰਡ ਅਨੁਸਾਰ ਬ੍ਰਾਹਮਣ ਵਰਗ ਪ੍ਰਤਿਸ਼ਟਤਾ ਜਨਕ ਹੋਣ ਕਰਕੇ ਸਭ ਤੋਂ ਉਪਰ ਸੀ, ਖਤਰੀ ਦੂਸਰੇ, ਵੈਸ਼ ਤੀਸਰੇ ਅਤੇ ਚੌਥੇ ਸਥਾਨ ਤੇ ਸ਼ੂਦਰ ਆਉਂਦੇ ਸਨ ਅਤੇ ਔਰਤ ਨੂੰ ਵੀ ਸ਼ੂਦਰ ਦੀ ਤਰ੍ਹਾਂ ਦੇਖਿਆ ਜਾਂਦਾ ਸੀ। ਉਹਨਾਂ ਦਾ ਕੰਮ ਸਿਰਫ ਆਪਣੇ ਮਾਲਕਾਂ ਦੀ ਸੇਵਾ ਕਰਨਾ ਸੀ। ਇਸ ਲਈ ਉਹਨਾਂ ਦੇ ਮਨਾਂ ਵਿੱਚ ਬੇਗਾਨਗੀ ਦਾ ਆਲਮ ਪੂਰੀ ਤਰ੍ਹਾਂ ਘਰ ਕਰ ਚੁੱਕਾ ਸੀ, ਉਸ ਦੀ ਇਸ ਅਵਸਥਾ ਨੂੰ ਬੜੇ ਸੁੰਦਰ ਸ਼ਬਦਾਂ ਵਿੱਚ ਬਿਆਨ ਕੀਤਾ ਗਿਆ ਹੈ:

*ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ।।* ਪੰਨਾ ੭੬੬

ਗੁਰੂ ਗ੍ਰੰਥ ਸਾਹਬ ਦੇ ਬਾਣੀਕਾਰਾਂ ਨੇ ਵਖੋ ਵਖਰੇ ਧਰਮਾਂ ਅਤੇ ਸੰਪ੍ਰਦਾਵਾਂ ਨੂੰ ਇਕੋ ਹੀ ਮੰਨਿਆ ਹੈ ਉਹ ਕਿਧਰੇ ਵੀ ਰਾਮ ਤੇ ਖ਼ੁਦਾ ਵਿਚ ਕੋਈ ਫ਼ਰਕ ਨਹੀਂ ਸਮਝਦੇ:

*ਕੋਈ ਬੋਲੈ ਰਾਮ ਰਾਮ ਕੋਈ ਖੁਦਾਇ।।*

*ਕੋਈ ਸੇਵੈ ਗੁਸਈਆ ਕੋਈ ਅਲਾਹਿ।।*

*ਕਾਰਣ ਕਰਣ ਕਰੀਮ।।*

*ਕਿਰਪਾ ਧਾਰ ਰਹੀਮ।। ਰਹਾਉ।।*

*ਕੋਈ ਨਾਵੈ ਤੀਰਥ ਕੋਈ ਹਜ ਜਾਇ।।*

*ਕੋਈ ਕਰੈ ਪੂਜਾ ਕੋਈ ਸਿਰ ਨਿਵਾਇ।।*

*ਕੋਈ ਪੜੈ ਬੇਦ ਕੋਈ ਕਤੇਬ।।*

*ਕੋਈ ਓਢੈ ਨੀਲ ਕੋਈ ਸੁਪੇਦ।।*

*ਕੋਈ ਕਹੈ ਤੁਰਕ ਕੋਈ ਕਹੈ ਹਿੰਦੂ॥*

*ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ॥*

ਪਰ ਅੰਤ ਵਿਚ ਹੁਕਮ ਮੰਨਣ ਵਾਲੇ ਦੀ ਪ੍ਰਸੰਸਾ ਕੀਤੀ ਗਈ ਹੈ:

*ਕਹੁ ਨਾਨਕ ਜਿਨੁ ਹੁਕਮ ਪਛਾਤਾ॥*

*ਪ੍ਰਭ ਸਾਹਿਬ ਕਾ ਤਿਨ ਭੇਦੁ ਜਾਤਾ॥* ਪੰਨਾ ੮੮੫

ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਸਮੁੱਚੀ ਬਾਣੀ ਨੂੰ 'ਗੁਰਬਾਣੀ' ਕਿਹਾ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਸਾਹਿਬ ਤੋਂ ਪੂਰਬਲੇ ਭਗਤਾਂ ਦੀ ਬਾਣੀ ਦਰਜ ਹੈ ਪਰ ਡਾ. ਜਗਬੀਰ ਸਿੰਘ ਅਨੁਸਾਰ:

*ਗੁਰਮਤਿ ਸ਼ਬਦ ਇਕ ਖਾਸ ਕਿਸਮ ਦੀ ਵਿਚਾਰਧਾਰਾ ਜਾਂ ਜੀਵਨ ਵਲ ਸੰਕੇਤ ਕਰਦਾ ਹੈ। ਇਸ ਵਿਚਾਰਧਾਰਾ ਦੇ ਮੋਢੀ ਗੁਰੂ ਨਾਨਕ ਦੇਵ, ਮੱਧਕਾਲੀਨ ਭਾਰਤ ਦੇ ਧਰਮ ਪ੍ਰੀਵਰਤਕਾਂ ਵਿਚ ਆਪਣਾ ਨਿਵੇਕਲਾ ਸਵਾਲ ਰਖਦੇ ਹਨ। ਇਨ੍ਹਾਂ ਨੇ ਆਪਣੇ ਵੇਲੇ ਦੀਆਂ ਇਤਿਹਾਸਕ ਵੰਗਾਰਾਂ ਦੇ ਰੂ-ਬ-ਰੂ ਹੋ ਕੇ ਮਨੁੱਖੀ ਜੀਵਨ ਦੀ ਅਧਿਆਤਮਕ ਅਤੇ ਸਦਾਚਾਰਕ ਅਗਵਾਈ ਲਈ ਜੋ ਫ਼ਲਸਫ਼ਾ ਪੇਸ਼ ਕੀਤਾ, ਉਸ ਨੂੰ ਹੀ ਗੁਰਮਤਿ ਦਾ ਮੂਲ ਆਧਾਰ ਮੰਨਿਆ ਜਾਂਦਾ ਹੈ।*[22]

ਗੁਰੂ ਅਰਜਨ ਦੇਵ ਨੇ ਗੁਰਮਤਿ ਜੀਵਨ ਜਾਚ ਦੀ ਕਸਵੱਟੀ ਤੇ ਪਰਖ ਕੇ ਗੁਰੂ ਸਾਹਿਬਾਨ ਦੀ ਬਾਣੀ ਦੇ ਨਾਲ ਬਾਕੀ ਬਾਣੀਕਾਰਾਂ ਦੀ ਬਾਣੀ ਨੂੰ 'ਆਦਿ ਗ੍ਰੰਥ' ਵਿਚ ਸੰਕਲਿਤ ਕੀਤਾ। 'ਆਦਿ ਗ੍ਰੰਥ' ਦੀ ਸਮੁੱਚੀ ਬਾਣੀ ਨੂੰ ਇਕ ਸਭਿਆਚਾਰਕ ਟੈਕਸਟ ਵਜੋਂ ਮੰਨਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਅਤੇ ਸੰਪਾਦਨ ਹੀ ਆਪਣੇ ਆਪ ਵਿਚ ਮਧਕਾਲੀਨ ਭਾਰਤ ਦੇ ਸਭਿਆਚਾਰਕ ਇਤਿਹਾਸ ਦੀ ਇਕ ਮਹੱਤਵਪੂਰਨ ਘਟਨਾ ਹੈ। ... ਇਸ ਤਰ੍ਹਾਂ ਇਹ ਮਹਾਨ ਗ੍ਰੰਥ ਮੱਧਕਾਲੀਨ ਭਾਰਤ ਦੇ ਕ੍ਰਾਂਤੀਕਾਰੀ ਸ਼ਬਦ ਸਭਿਆਚਾਰ ਦੀ ਪ੍ਰਤੀਨਿਧਤਾ ਕਰਨ ਵਾਲਾ ਅਤੇ ਸਮੁੱਚੀ ਮਾਨਵ ਜਾਤੀ ਨੂੰ ਸਾਂਝੀਵਾਲਤਾ ਦੇ ਸੂਤਰ ਵਿਚ ਪ੍ਰੋਣ ਵਾਲਾ ਗ੍ਰੰਥ ਹੋ ਨਿਬੜਦਾ ਹੈ।[23]

ਸਭਿਆਚਾਰ ਦੇ ਸੰਕਲਪ ਬਾਰੇ ਚਰਚਾ ਕਰਦਿਆਂ ਅਸੀਂ ਇਹ ਕਿਹਾ ਸੀ ਕਿ ਇਹ ਕਲਾ, ਧਰਮ, ਦਰਸ਼ਨ, ਨੈਤਿਕਤਾ ਆਦਿ ਅਨੇਕਾਂ ਰੂਪ ਵਿਧੀਆਂ ਰਾਹੀਂ ਮੂਰਤੀਮਾਨ ਹੁੰਦਾ ਹੈ। ਇਸ ਤਰ੍ਹਾਂ ਕਿਸੇ ਇਕ ਭੂਗੋਲਿਕ ਜਾਂ ਭਾਸ਼ਾਈ ਖਿੱਤੇ ਵਿਚ ਰਹਿਣ ਵਾਲੇ ਮਨੁੱਖ ਸਮੂਹ, ਕੌਮ, ਦੇਸ਼ ਦੇ ਸਭਿਆਚਾਰ ਨੂੰ ਦੇਖਣਾ ਹੁੰਦਾ ਹੈ। ਇਸਦੇ ਅੰਤਰਗਤ ਉਨ੍ਹਾਂ ਦੀਆਂ ਰੋਜ਼ਮਰਾ ਦੀਆਂ ਵਿਹਾਰਕ ਕਾਰਵਾਈਆਂ ਅਤੇ ਵਿਧੀਆਂ ਤੋਂ ਲੈ ਕੇ ਉਸ ਦੀ ਅਮੂਰਤ ਵਿਸ਼ਵ ਦ੍ਰਿਸ਼ਟੀ ਤਕ ਸਭ ਕੁਝ ਆ ਜਾਂਦਾ ਹੈ ਪਰ ਸਭਿਆਚਾਰ ਦੇ ਅਧਿਐਨ ਵਕਤ ਸਮਾਜ, ਸਭਿਅਤਾ ਅਤੇ ਸਭਿਆਚਾਰ ਦੀ ਆਪੋ

ਆਪਣੀ ਵੱਖਰੀ ਹੋਂਦ ਵਿਧੀ ਤੇ ਕਾਰਜ ਖੇਤਰ ਪ੍ਰਤੀ ਸਾਨੂੰ ਅਤਿਅੰਤ ਸੁਚੇਤ ਰਹਿਣਾ ਪੈਂਦਾ ਹੈ।[24] ਬਹੁਤ ਵਾਰ ਅਸੀਂ ਸਭਿਅਤਾ ਅਤੇ ਸਭਿਆਚਾਰ ਨੂੰ ਇਕੋ ਹੀ ਮੰਨ ਲੈਂਦੇ ਹਾਂ। ਪਰ Our Heritge ਵਿਚ ਹਮਾਯੂੰ ਕਬੀਰ ਦਾ ਵਿਚਾਰ ਹੈ ਕਿ ਸਭਿਆਚਾਰ ਸਭਿਅਤਾ ਦਾ ਫਲ ਹੈ। ਅਸਲ ਵਿਚ ਸਭਿਅਤਾ ਵਿਚ ਸਮਾਜ ਦਾ ਹਰ ਵਰਤਾਰਾ ਤੇ ਵਿਵਹਾਰ ਸ਼ਾਮਲ ਹੁੰਦਾ ਹੈ; ਪਰ ਉੱਚਾ ਵਿਵਹਾਰ ਅਤੇ ਚੰਗਾ ਵਰਤਾਰਾ ਹੀ ਸਭਿਆਚਾਰ ਅਖਵਾਉਂਦਾ ਹੈ। ਡਾ. ਗੁਰਸ਼ਰਨਜੀਤ ਸਿੰਘ ਅਨੁਸਾਰ *ਸਭਿਅਤਾ ਦਾ ਦੁਧ ਰਿੜਕਿਆ ਜਾਵੇ ਤਾਂ ਸਭਿਆਚਾਰ ਦਾ ਮੱਖਣ ਤਰਦਾ ਹੈ। ਸਭਿਅਤਾ ਮਨੁੱਖ ਦੀ ਪਦਾਰਥਕ ਉਨਤੀ ਦਰਸਾਉਂਦੀ ਹੈ, ਜਦ ਕਿ ਸਭਿਆਚਾਰ ਮਨੁੱਖ ਦਾ ਸਦ-ਵਿਵਹਾਰ ਹੈ।*[25]

ਆਮ ਤੌਰ ਤੇ ਭਾਰਤੀ ਸਭਿਆਚਾਰ ਨੂੰ ਆਰੀਆ ਦੇ ਆਗਮਨ ਕਰਕੇ 'ਵੈਦਿਕ ਸਭਿਆਚਾਰ' ਵੀ ਕਿਹਾ ਜਾਂਦਾ ਰਿਹਾ ਹੈ। ਇਸ ਕਰਕੇ ਭਾਰਤ ਵਿਚ ਬੁਧ ਮਤ ਤੇ ਜੈਨ ਮਤ ਦੇ ਮਹੱਤਵਪੂਰਨ ਯੋਗਦਾਨ ਨੂੰ ਅਣਗੌਲਿਆਂ ਕਰ ਦਿੱਤਾ ਜਾਂਦਾ ਹੈ। ਇਹ ਦੋਵੇਂ ਮੱਤ ਮਨੁੱਖ ਦੇ ਸਦਾਚਾਰ ਅਤੇ ਨੈਤਿਕਤਾ ਉਤੇ ਜ਼ਿਆਦਾ ਜ਼ੋਰ ਦਿੰਦੇ ਸਨ। ਭਗਵਾਨ ਬੁਧ ਪਦਾਰਥਿਕ ਵਸਤੂਆਂ ਅਤੇ ਗ੍ਰਿਹਸਥ ਜੀਵਨ ਦੇ ਤਿਆਗ ਕਰਨ ਉਤੇ ਜ਼ੋਰ ਦਿੰਦੇ ਹਨ ਪਰ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਇਸ ਤੋਂ ਬਿਲਕੁਲ ਵਿਪਰੀਤ ਹੈ ਜਿਸ ਨੂੰ ਨਿਮਨ ਅੰਕਿਤ ਪੰਕਤੀਆਂ ਵਿੱਚ ਦੇਖਿਆ ਸਕਦਾ ਹੈ:

*ਇਸ ਭੇਖੈ ਥਾਵਹੁ ਗਿਰਹੁ ਭਲਾ ਜਿਥਹੁ ਕੋ ਵਰੋਸਾਇ।।*
*ਸਬਦਿ ਰਤੇ ਤਿਨਾ ਸੋਝੀ ਪਈ ਦੂਜੈ ਭਰਮਿ ਭੁਲਾਇ।।* ਪੰਨਾ ੫੮੬

ਇਸ ਤਰ੍ਹਾਂ ਗੁਰਬਾਣੀ ਦੀਆਂ ਇਹਨਾਂ ਸਤਰਾਂ ਰਾਹੀਂ ਉਸ ਵਿਚਾਰਧਾਰਾ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਗਿਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਗ੍ਰਿਹਸਥ ਜੀਵਨ ਨੂੰ ਬਹੁਤ ਮਾਣ ਦਿੱਤਾ ਗਿਆ ਹੈ। ਜਿਥੇ ਇਕ ਪਾਸੇ ਗੁਰੂ ਸਾਹਿਬਾਨ ਅਤੇ ਭਗਤਾਂ ਦੀ ਵਿਚਾਰਧਾਰਾ, ਬੁਧ ਤੇ ਜੈਨੀਆਂ ਦੇ ਨੇੜੇ ਹੈ, ਉਥੇ ਉਹ ਉਨ੍ਹਾਂ ਦੇ ਅਨੁਆਈ ਬਿਲਕੁਲ ਨਹੀਂ ਹਨ। ਉਨ੍ਹਾਂ ਨੇ ਮਨੁੱਖ ਦੀ ਪੂਰਨਤਾ ਗ੍ਰਿਹਸਤ ਆਸ਼ਰਮ ਵਿਚ ਦੇਖੀ ਤੇ ਇਸਦੇ ਮਹੱਤਵ ਨੂੰ ਸਮਝਿਆ।[26] ਡਾ. ਜਗਬੀਰ ਸਿੰਘ ਅਨੁਸਾਰ, *"ਬੁਧ ਧਰਮ ਅਵੈਦਿਕ ਪਰੰਪਰਾ ਨਾਲ ਸੰਬੰਧਤ ਹੈ। ਇਹ ਵੇਦਾਂ ਨੂੰ ਪ੍ਰਮਾਣ ਵਜੋਂ ਸਵੀਕਾਰ ਨਹੀਂ ਕਰਦਾ ਇਸੇ ਲਈ ਕਈ ਵਾਰ ਇਸ ਨੂੰ ਨਾਸਤਕ ਧਰਮ ਵੀ ਆਖਿਆ ਜਾਂਦਾ ਹੈ। ਇਸ ਧਰਮ ਦਾ ਪ੍ਰਵਰਤਕ ਮਹਾਤਮਾ ਬੁਧ ਆਪਣੇ ਨਿੱਜੀ ਅਨੁਭਵ ਰਾਹੀਂ ਮਨੁੱਖੀ ਜੀਵਨ ਦੇ ਦੁਖਾਂਤਕ ਬੋਧ ਤੋਂ ਪ੍ਰੇਰਿਤ ਹੋ ਕੇ, ਪ੍ਰਚਲਤ ਕਰਮ ਕਾਂਡਾਂ ਅਤੇ ਪਰੰਪਰਕ ਸਾਧਨਾ ਪੱਧਤੀਆਂ ਦੀ ਅਸਾਰਤਾ ਨੂੰ ਮਹਿਸੂਸ ਕਰਦਾ ਹੈ।"*[27] ਬੁਧ ਧਰਮ ਦੇ ਗ੍ਰੰਥ 'ਧੰਮਪਦ' ਵਿਚ ਅਚਾਰ ਅਤੇ ਵਿਹਾਰ ਨਾਲ ਸਬੰਧਿਤ ਅਨਮੋਲ ਬਚਨ

ਹਨ। ਇਸ ਵਿਚ ਮਨੁੱਖੀ ਹੋਂਦ ਸਰੋਕਾਰਾਂ ਨੂੰ ਨੈਤਿਕਤਾ ਦੀ ਧਰਾਤਲ ਉਤੇ ਨਜਿੱਠਣ ਦਾ ਉਪਰਾਲਾ ਕੀਤਾ ਗਿਆ ਹੈ। ਇਸ ਚਿੰਤਨ ਦਾ ਇੰਨਾ ਵਿਆਪਕ ਪ੍ਰਭਾਵ ਭਾਰਤੀ ਜਨ ਮਾਨਸ ਤੇ ਪਿਆ ਕਿ ਬੁਧ ਧਰਮ ਨੂੰ ਸਮਰਾਟ ਅਸ਼ੋਕ ਨੇ ਵੀ ਅਪਣਾ ਲਿਆ।

ਭਾਰਤੀ ਚਿੰਤਨ ਪਰੰਪਰਾ ਅਨੁਸਾਰ ਸਦਾਚਾਰ ਮਨੁੱਖ ਦੇ ਜੀਵਨ ਦਾ ਇਕ ਅਨਿੱਖੜ ਅੰਗ ਹੈ। ਧਰਮ ਦੀ ਪਰੰਪਰਾ ਵਿਚ ਨੈਤਿਕਤਾ ਦਾ ਪੁਰਾਤਨ ਭਾਰਤੀ ਵਿਚਾਰ ਸਭਿਆਚਾਰਕ ਵਿਰਸੇ ਦੇ ਰੂਪ ਵਿਚ ਪ੍ਰਾਪਤ ਹੋਇਆ ਹੈ। ਭਾਰਤੀ ਜੀਵਨ ਉਪਰ ਧਰਮ ਇੰਨਾ ਭਾਰੂ ਰਿਹਾ ਕਿ ਜੀਵਨ ਦਾ ਹਰ ਕਰਮ ਧਰਮ ਦੇ ਸਹਾਰੇ ਬਿਨਾਂ ਅਸੰਭਵ ਹੁੰਦਾ ਸੀ। ਸਮਾਜਿਕ ਦ੍ਰਿਸ਼ਟੀ ਤੋਂ ਭਾਵੇਂ ਸੇਵਾ, ਦਇਆ, ਵਡਿਆਂ ਦਾ ਆਦਰ ਕਰਨਾ ਅਤੇ ਦੂਜਿਆਂ ਨਾਲ ਚੰਗਾ ਵਰਤਾਉ ਕਰਨਾ ਜ਼ਰੂਰੀ ਸਨ, ਪਰ ਉਨ੍ਹਾਂ ਦੀ ਮਹੱਤਤਾ ਇਸ ਕਰਕੇ ਵੀ ਸੀ ਕਿ ਹਰੇਕ ਪ੍ਰਾਣੀ ਮਾਤਰ ਵਿਚ ਆਤਮਾ ਦਾ ਵਾਸਾ ਹੈ। ਜਿਸ ਕਰਕੇ ਇਨ੍ਹਾਂ ਸ਼ੁਭ ਕਰਮਾਂ ਕਰਕੇ ਆਤਮਾ ਦੇ ਮਾਧਿਅਮ ਰਾਹੀਂ ਪਰਮਾਤਮਾ ਨੂੰ ਖੁਸ਼ ਕੀਤਾ ਜਾਂਦਾ ਸੀ:

*ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ॥*
*ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ॥* ਪੰਨਾ ੧੩੮੪

ਇਤਿਹਾਸਕ ਦ੍ਰਿਸ਼ਟੀ ਤੋਂ ਗੁਰਬਾਣੀ ਦੇ ਸਿਰਜਨ ਸਮੇਂ ਇਸਲਾਮ ਆਪਣੀਆਂ ਜੜ੍ਹਾਂ ਦੂਰ ਦੂਰ ਤਕ ਫੈਲਾ ਚੁਕਿਆ ਸੀ। ਬਾਬਰ ਦੇ ਹਮਲੇ ਉਪਰੰਤ ਭਾਰਤ ਵਿਚ ਮੁਗਲ ਸਲਤਨਤ ਨੇ ਪੂਰੀ ਤਰ੍ਹਾਂ ਕਬਜ਼ਾ ਕਰ ਲਿਆ। ਇਸ ਸਮੇਂ ਹਾਕਮਾਂ ਦੀ ਕੱਟੜ ਮਜ਼ਹਬੀ ਨੀਤੀ ਕਾਰਨ ਅਨੇਕਾਂ ਤਸੀਹੇ ਝਲਣੇ ਪਏ। ਇਥੋਂ ਤਕ ਕਿ ਪੰਜਵੇਂ ਅਤੇ ਨੌਵੇਂ ਗੁਰੂ ਸਾਹਿਬਾਨ ਨੂੰ ਸ਼ਹਾਦਤ ਦਾ ਜਾਮ ਪੀਣਾ ਪਿਆ। ਔਰੰਗਜ਼ੇਬ ਵਰਗਿਆਂ ਨੇ ਜ਼ਬਰਦਸਤੀ ਹਿੰਦੂਆਂ ਨੂੰ ਮੁਸਮਲਾਨ ਬਨਾਉਣ ਦਾ ਸੰਕਲਪ ਲਿਆ ਸੀ। ਇਸ ਪਾਸੇ ਬ੍ਰਾਹਮਣਾਂ ਦੀ ਕਟੜ ਪੰਥੀ ਵਿਚਾਰਧਾਰਾ ਤੇ ਦੂਜੇ ਪਾਸੇ ਮੁਸਲਿਮ ਸ਼ਾਸਕਾਂ ਦੇ ਜਬਰ ਨੇ ਆਮ ਲੋਕਾਈ ਨੂੰ ਅਤਿਅੰਤ ਦੁਖੀ ਕੀਤਾ ਹੋਇਆ ਸੀ। ਇਸ ਸਮੇਂ ਭਾਰਤ ਵਿਚ ਸੂਫ਼ੀ ਫਕੀਰਾਂ ਦੇ ਆਗਮਨ ਦੁਆਰਾ ਪਰਸਪਰ ਸਾਂਝ, ਭਾਈਚਾਰੇ ਅਤੇ ਬਰਾਬਰੀ ਦਾ ਸੰਦੇਸ਼ ਆਮ ਲੋਕਾਂ ਤਕ ਪੁਚਾਇਆ ਗਿਆ। ਰਾਗ ਮੁਕਤ ਬਾਣੀ ਵਿੱਚ ਸ਼ੇਖ ਫਰੀਦ ਦੀ ਆਮ ਲੋਕਾਈ ਦੀ ਸਮਾਜਿਕ ਅਸਾਵੇਂਪਨ ਅਤੇ ਆਰਥਿਕ ਨਾ ਬਰਾਬਰੀ ਬਾਰੇ ਰੋਸ ਦੀ ਸੁਰ ਕਾਫੀ ਉੱਚੀ ਹੈ:

*ਫਰੀਦਾ ਇਕਨਾ ਆਟਾ ਅਗਲਾ ਇਕਨਾ ਨਾਹੀ ਲੋਣੁ॥*
*ਅਗੈ ਗਏ ਸਿੰਞਾਪਸਨਿ ਚੋਟਾਂ ਖਾਸੀ ਕਉਣੁ॥* ਪੰਨਾ ੧੩੮੦

ਬਾਬਾ ਫਰੀਦ ਨੇ ਸਾਮੀ ਅਤੇ ਭਾਰਤੀ ਪਰੰਪਰਾਵਾਂ ਨੂੰ ਪੰਜਾਬੀ ਸਭਿਆਚਾਰ ਦੇ ਵਿਸ਼ੇਸ਼ ਧਰਾਤਲ ਉਤੇ ਕੇਂਦਰਤਿ ਕਰਕੇ ਜੋ ਬਾਣੀ ਸਿਰਜੀ ਹੈ ਉਹ ਉਪਰੋਕਤ ਦੋਹਾਂ ਪਰੰਪਰਾਵਾਂ ਤੋਂ ਪਾਰ ਜਾ ਕੇ ਇਕ ਨਵਾਂ ਵਿਧਾਨ ਸਿਰਜਦੀ ਹੈ।[28] ਫਰੀਦ ਦੀ ਵਿਸ਼ੇਸ਼ਤਾ ਹੈ ਕਿ ਉਹ ਇਨ੍ਹਾਂ ਅੱਡੋ ਅੱਡਰੇ ਸਭਿਆਚਾਰਾਂ ਨੂੰ ਇਕ ਦੂਜੇ ਵਿਚ ਅਭੇਦ ਕਰ ਦਿੰਦਾ ਹੈ। ਉਹਨਾਂ ਦੇ ਸਲੋਕਾਂ ਵਿੱਚ ਮੌਤ ਵਿਆਹ ਦਾ ਰੂਪਕ ਇਸ ਦੀ ਇਕ ਪ੍ਰਮੁੱਖ ਉਦਾਹਰਣ ਹੈ:

*ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ।।*
*ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ।।*
*ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ।।*
*ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ।।*
*ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ।।*
*ਆਪਣ ਹਥੀ ਜੋਲਿ ਕੈ ਕੈ ਗਲਿ ਲਗੈ ਧਾਇ।।*
*ਵਾਲਹੁ ਨਿਕੀ ਪੁਰਸਲਾਤ ਕੰਨੀ ਨ ਸੁਣੀ ਆਇ।।*
*ਫਰੀਦਾ ਕਿੜੀ ਪਵੰਦੀਈ ਖੜਾ ਨ ਆਪੁ ਮੁਹਾਇ।।* ਪੰਨਾ ੧੩੭੭

ਇਸ ਸਲੋਕ ਵਿਚ ਮੌਤ ਦਾ ਵੇਰਵਾ, ਮਲਕ, ਪੁਰਸਲਾਤ ਆਦਿ ਸ਼ਬਦ ਸਾਮੀ ਪਰੰਪਰਾ ਚੋਂ ਲਏ ਹਨ। ਪਰ ਵਿਆਹ ਸਮੇਂ ਦਾ ਚਿਤਰ ਸਾਹਾ ਸੁਧਾਉਣਾ, ਮੂੰਹ ਦਿਖਾਉਣਾ ਅਤੇ ਵਿਦਾਈ ਸਮੇਂ ਰੋਣਾ ਪੰਜਾਬੀ ਸਭਿਆਚਾਰ ਦਾ ਪ੍ਰਗਟਾਵਾ ਕਰਦੇ ਹਨ। ਇਸ ਤਰ੍ਹਾਂ ਮੌਤ ਵਿਆਹ ਦੇ ਰੰਗ ਵਿਚ ਰੰਗੀ ਜਾਂਦੀ ਹੈ। ਅਜਿਹੀ ਰੰਗਣ ਹੀ ਭਗਤੀ ਕਾਵਿ ਧਾਰਾ ਵਿਚ ਸੁਣੀ ਜਾਣ ਲਗ ਪਈ। ਭਗਤ ਕਬੀਰ ਦੇ ਸਲੋਕਾਂ ਵਿਚ ਇਹ ਜ਼ਿਕਰ ਕਈ ਵਾਰ ਆਇਆ ਹੈ:

- *ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ।।*
  *ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ।।* ਪੰਨਾ ੧੩੬੮
- *ਕਬੀਰ ਹੰਸੁ ਉਡਿਓ ਤਨੁ ਗਾਡਿਓ ਸੋਝਾਈ ਸੈਨਾਹ।।*
  *ਅਜਹੂ ਜੀਉ ਨ ਛੋਡਈ ਰੰਕਾਈ ਨੈਨਾਹ।।* ਪੰਨਾ ੧੩੭੦

ਗੁਰੂ ਗ੍ਰੰਥ ਸਾਹਿਬ ਵਿਚ ਹਾਕਮ ਸ਼੍ਰੇਣੀ ਦੇ ਬਣਾਏ ਹੋਏ, ਬ੍ਰਾਹਮਣੀ ਕਰਮ ਕਾਂਡਾਂ ਅਤੇ ਜਾਤ ਪਾਤ ਦੇ ਬੰਧਨਾਂ ਨੂੰ ਦੁਖੀ ਹੋਏ ਇਨ੍ਹਾਂ ਲੋਕਾਂ ਦੇ ਹੱਕ ਵਿਚ ਅਵਾਜ਼ ਉਠਾਈ ਗਈ ਹੈ। ਭਗਤ ਕਬੀਰ ਦੀ ਬਾਣੀ ਸਮਾਜ ਵਿਚਲੀ ਜਾਤੀ ਗਤ ਵੰਡ ਨੂੰ ਪ੍ਰਮਾਣਿਤ ਕਰਦੀ ਹੈ:

*ਕਬੀਰ ਜਾਤਿ ਜੁਲਾਹਾ ਕਿਆ ਕਰੈ ਹਿਰਦੈ ਬਸੇ ਗੁਪਾਲ।।*

*ਕਬੀਰ ਰਮਈਆ ਕੰਠਿ ਮਿਲੁ ਚੂਕਹਿ ਸਬਰ ਜੰਜਾਲ॥* ਪੰਨਾ ੧੩੬੮

ਕਥਿਤ ਤੌਰ ਤੇ ਨੀਵੀਂ ਜਾਤ ਦੇ ਭਗਤ ਰਵਿਦਾਸ ਨੂੰ ਭਗਤੀ ਕਰਦੇ ਹੋਏ ਮੰਦਰ ਵਿਚੋਂ ਬਾਹਰ ਕੱਢ ਦਿੱਤਾ ਗਿਆ ਸੀ। ਉਸ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਕਰਕੇ 'ਹਰਿਮੰਦਰ ਸਾਹਿਬ' ਵਿਚ ਅਜਿਹਾ ਸਥਾਨ ਦਿੱਤਾ ਕਿ ਹਰ ਵਿਅਕਤੀ ਜੋ ਗੁਰੂ ਗ੍ਰੰਥ ਸਾਹਿਬ ਅਗੇ ਸਿਰ ਝੁਕਾਉਂਦਾ ਹੈ ਉਹ ਭਗਤ ਰਵਿਦਾਸ, ਸਧਨਾ ਕਸਾਈ, ਸੈਣ ਨਾਈ, ਜੁਲਾਹਾ ਕਬੀਰ ਅਤੇ ਭੱਟਾਂ ਸਭ ਨੂੰ ਉਸੇ ਤਰ੍ਹਾਂ ਸਿਰ ਝੁਕਾਉਂਦਾ ਹੈ ਜਿਵੇਂ ਗੁਰੂ ਸਾਹਿਬਾਨ ਅੱਗੇ ਕਿਉਂਕਿ ਗੁਰੂ ਗ੍ਰੰਥ ਸਾਹਿਬ ਦੇ ਸਮੂਹ ਬਾਣੀਕਾਰਾਂ ਨੂੰ ਇਕੋ ਜਿਹਾ ਰੁਤਬਾ ਪ੍ਰਾਪਤ ਹੋਇਆ ਹੈ।

ਗੁਰਬਾਣੀ ਹਾਕਮ ਸ਼੍ਰੇਣੀ ਦੇ ਵਿਰੋਧ ਵਿਚ ਪ੍ਰਚੰਡ ਅਵਾਜ਼ ਉਠਾਂਦੀ ਹੋਈ ਨਾਲ ਹੀ ਦੋਹਰੀ ਮਾਨਸਿਕ ਗੁਲਾਮੀ ਝੱਲ ਰਹੇ ਲੋਕਾਂ ਦੇ ਹੱਕ ਵਿਚ ਖੜ੍ਹੀ ਹੁੰਦੀ ਹੈ। ਇਸ ਤਰ੍ਹਾਂ ਦੁਨਿਆਵੀ ਜ਼ਾਲਮ ਰਾਜਿਆਂ ਦੇ ਖਿਲਾਫ਼ ਅਵਾਜ਼ ਉਠਾ ਕੇ ਪਰਮਾਤਮਾ ਦੇ ਸੱਚੇ ਸਰੂਪ ਦੀ ਅਨੋਖੀ ਤਸਵੀਰ ਪੇਸ਼ ਕਰਦੀ ਹੈ:

*ਰਾਤੀ ਰੁਤੀ ਥਿਤੀ ਵਾਰ॥*
*ਪਵਣ ਪਾਣੀ ਅਗਨੀ ਪਾਤਾਲ॥*
*ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ॥*
*ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥*
*ਤਿਨ ਕੇ ਨਾਮ ਅਨੇਕ ਅਨੰਤ॥*
*ਕਰਮੀ ਕਰਮੀ ਹੋਇ ਵੀਚਾਰੁ॥*
*ਸਚਾ ਆਪਿ ਸਚਾ ਦਰਬਾਰੁ॥*
*ਤਿਥੈ ਸੋਹਨਿ ਪੰਚ ਪਰਵਾਣੁ॥*
*ਨਦਰੀ ਕਰਮਿ ਪਵੈ ਨੀਸਾਣੁ॥*
*ਕਚ ਪਕਾਈ ਓਥੈ ਪਾਇ॥*
*ਨਾਨਕ ਗਇਆ ਜਾਪੈ ਜਾਇ॥* ਪੰਨਾ ੭

ਇਨ੍ਹਾਂ ਪੰਕਤੀਆਂ ਵਿਚ ਗੁਰੂ ਨਾਨਕ ਬ੍ਰਹਿਮੰਡ ਦੇ ਵਿਸ਼ਾਲ ਪ੍ਰਬੰਧ ਦੇ ਅੰਤਰਗਤ ਮਨੁੱਖ ਦੀ ਵਿਲੱਖਣਤਾ ਨੂੰ ਨਿਸਚਿਤ ਕਰਨਾ ਚਾਹੁੰਦੇ ਹਨ। ਇਹ ਖੇਤਰ ਸਚੇ ਦਰਬਾਰ ਵਿਚ ਸਚ ਦਾ ਆਦਾਨ ਪ੍ਰਦਾਨ ਕਰ ਸਕਣ ਵਾਲੇ ਪਰਵਾਨ ਪੰਚਾਂ ਦਾ ਹੈ। ਇਹ ਪੰਚ ਦਰਬਾਰ ਵਿਚ ਸੋਭਦੇ ਹੀ ਇਸ ਵਾਸਤੇ ਹਨ ਕਿ ਉਹ ਸੱਚ ਦਾ ਆਦਾਨ ਪ੍ਰਦਾਨ ਕਰ ਸਕਣ ਦੀ ਸਮਰੱਥਾ ਰਖਦੇ ਹਨ।[29]

ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਆਪਣੇ ਆਪ ਵਿਚ ਇਕ ਅਦੁੱਤੀ ਘਟਨਾ ਹੈ। ਡਾ. ਜਸਪਾਲ ਸਿੰਘ ਆਪਣੇ ਖੋਜ-ਨਿਬੰਧ 'ਸੰਮਿਲਤ ਪਹੁੰਚ ਦਾ ਸਿੱਖ ਸੰਕਲਪ' ਵਿਚ ਲਿਖਦੇ ਹਨ:

> *ਗੁਰੂ ਗ੍ਰੰਥ ਸਾਹਿਬ ਜੀ ਦੇ ਰਚਨਾਕਾਰਾਂ ਦਾ ਘੇਰਾ ਬੜਾ ਵੱਡਾ ਰਖਿਆ ਗਿਆ ਹੈ। ਕਿਸੇ ਵੀ ਮਜ਼ਹਬ, ਜਾਤੀ ਜਾਂ ਖਿੱਤੇ ਨਾਲ ਸਬੰਧ ਰਖਣ ਵਾਲਾ, ਇਸ ਦੀ ਬਾਣੀ ਦਾ ਰਚਨਾਕਾਰ ਹੋ ਸਕਦਾ ਹੈ। ਭਾਵੇਂ ਉਹ ਹਿੰਦੂ ਜੈ-ਦੇਵ ਹੋਵੇ, ਜਾਂ ਮੁਸਲਮਾਨ ਬਾਬਾ ਫਰੀਦ, ਭਾਵੇਂ ਬ੍ਰਾਹਮਣ-ਪਰਮਾਨੰਦ ਹੋਵੇ ਜਾਂ ਨੀਵੀਂ ਜਾਤ ਦਾ ਕਹੇ ਜਾਣ ਵਾਲਾ ਰਵਿਦਾਸ ਅਤੇ ਭਾਵੇਂ ਮਹਾਂਰਾਸ਼ਟਰ ਦਾ ਨਾਮਦੇਵ ਹੋਵੇ ਜਾਂ ਬਨਾਰਸ ਦਾ ਭਗਤ ਕਬੀਰ।* [30]

ਭਾਰਤ ਵਿਚ ਮੁਸਲਮਾਨਾਂ ਦੇ ਪ੍ਰਵੇਸ਼ ਤੋਂ ਪਹਿਲਾਂ ਯੂਨਾਨੀ, ਹੂਨ, ਕੁਸ਼ਾਨ, ਮਿਥੀਅਨ ਅਤੇ ਪਾਰਥੀਅਨ ਸਭਿਆਚਾਰਾਂ ਦਾ ਪ੍ਰਵੇਸ਼ ਹੁੰਦਾ ਹੈ। ਇਸਲਾਮ ਦੀ ਭਾਰਤ ਵਿਚ ਆਮਦ ਦਾ ਮੁੱਖ ਪ੍ਰਭਾਵ ਧਾਰਮਿਕ ਪਲਾਇਣ ਦੇ ਰੂਪ ਵਿਚ ਨਜ਼ਰ ਆਇਆ। ਇਹ ਪਲਾਇਣ 'ਹਿੰਦੂ ਧਰਮ ਤੋਂ ਇਸਲਾਮ' ਵਲ ਦਾ ਸੀ। ਸਾਡੇ ਇਤਿਹਾਸਕ ਅਧਿਐਨ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਹਿੰਦੂਆਂ ਵਿਚੋਂ ਬੜੇ ਭਾਰੀ ਪੈਮਾਨੇ ਉੱਤੇ ਲੋਕਾਂ ਨੂੰ ਮੁਸਲਮਾਨ ਬਣਾਇਆ ਜਾਂਦਾ ਰਿਹਾ। ਇਹ ਧਰਮ ਬਦਲੀ ਮੁਸਲਿਮ ਸਰਕਾਰ ਵਲੋਂ ਹਿੰਦੂ ਲੋਕਾਂ ਨੂੰ ਕਈ ਤਰ੍ਹਾਂ ਦੀਆਂ ਸਹੂਲਤਾਂ ਦੇਣ ਕਾਰਨ ਸੀ ਜਾਂ ਉਨ੍ਹਾਂ ਨੂੰ ਸਰਕਾਰੀ ਦਬਾਅ ਹੇਠ ਮੁਸਲਮਾਨ ਬਣਨਾ ਪਿਆ ਸੀ। ਮੁਸਲਿਮ ਸਰਕਾਰ ਵਲੋਂ ਬਹੁਤ ਸਾਰੇ ਕੈਦੀਆਂ ਅਤੇ ਗ਼ੁਲਾਮਾਂ ਨੂੰ ਜ਼ਬਰਦਸਤੀ ਮੁਸਲਮਾਨ ਬਣਾਉਣ ਦੇ ਹਵਾਲੇ ਵੀ ਮਿਲਦੇ ਹਨ। ਅਮਨ ਸ਼ਾਂਤੀ ਅਤੇ ਰਜ਼ਾਮੰਦੀ ਨਾਲ ਧਰਮ ਬਦਲੀ ਕਰਨ ਵਿਚ ਸੂਫ਼ੀ ਸੰਤਾਂ ਦਾ ਬਹੁਤ ਹੱਥ ਸੀ। ਭਾਰਤ ਵਿਚ ਇਨ੍ਹਾਂ ਸੂਫ਼ੀਆਂ ਨੂੰ ਇਸਲਾਮ ਦੇ ਬਹੁਤ ਵੱਡੇ ਪ੍ਰਚਾਰਕ ਸਮਝਿਆ ਜਾਂਦਾ ਸੀ। ਪੰਜਾਬ ਵਿਚ ਲਾਹੌਰ ਦੇ ਹਿੰਦੂ ਗੁਜਰਾਂ ਨੂੰ ਅਲੀ ਹਜਵੀਰੀ ਨੇ ਮੁਸਲਮਾਨ ਬਣਾਇਆ ਸੀ। ਜ਼ਿਕਰਯੋਗ ਹੈ ਕਿ ਸੂਫ਼ੀਆਂ ਦੇ ਯਤਨਾਂ ਦੁਆਰਾ ਧਰਮ ਬਦਲੀ ਦਾ ਕੰਮ ਸਾਰੇ ਮਧਕਾਲੀ ਯੁਗ ਵਿਚ ਚਲਦਾ ਨਜ਼ਰ ਆਉਂਦਾ ਹੈ। ਹੌਲੀ ਹੌਲੀ ਉੱਤਰੀ ਭਾਰਤ ਦੇ ਸਭ ਸ਼ਹਿਰਾਂ ਵਿਚ ਮੁਸਲਮਾਨਾਂ ਦੀ ਕਾਫ਼ੀ ਵਸੋਂ ਹੁੰਦੀ ਗਈ ਅਤੇ ਸਮੇਂ ਨਾਲ ਉਹ ਸਾਰੇ ਭਾਰਤ ਵਿਚ ਫੈਲ ਗਏ। ਇਨ੍ਹਾਂ ਸਭਿਆਚਾਰਾਂ ਦਾ ਆਰੀਆਈ ਸਭਿਆਚਾਰਾਂ ਨਾਲ ਸਾਂਸਕ੍ਰਿਤਕ ਤਨਾਉ ਜਾਂ ਸੰਸਲੇਸ਼ਣ ਨਹੀਂ ਬਲਕਿ ਆਤਮ ਸਮਰਪਣ ਹੈ। ਇਸਲਾਮੀ ਸਭਿਆਚਾਰ ਨਾਲ ਪਹਿਲਾਂ ਤਨਾਉ ਵੀ ਹੈ ਤੇ ਬਾਅਦ ਵਿਚ ਸੰਸਲੇਸ਼ਣ ਵੀ। ਇਹ ਦੋਵੇਂ

ਸਭਿਆਚਾਰ ਸੰਬਾਦਕ ਬਿਰਤੀ ਰਾਹੀਂ ਸਾਂਸਕ੍ਰਿਤਕ ਸਮੂਹਾਂ ਦੀ ਵਿੱਥ ਨੂੰ ਭੰਗ ਕਰਕੇ ਪ੍ਰਸਪਰ ਸੰਜੋਗ ਰਾਹੀਂ ਨਵੇਂ ਮੁੱਲ ਸਿਰਜਨ ਦਾ ਆਹਰ ਕਰਦੇ ਪ੍ਰਤੀਤ ਹੁੰਦੇ ਹਨ। ਦੋ ਵਿਰੋਧੀ ਸਭਿਆਚਾਰਾਂ ਵਿਚੋਂ ਜਦੋਂ ਕੋਈ ਨਵਾਂ ਮੁੱਲ ਜਾਂ ਸੰਸਾਰ ਸਿਰਜਿਆ ਜਾਂਦਾ ਹੈ ਤਾਂ ਉਹ ਦੋਹਾਂ ਦਾ ਸਾਂਝਾ ਹੋ ਕੇ ਵੀ ਆਪਣੀ ਵਿਲੱਖਣ ਖੁਦਮੁਖਤਾਰੀ ਕਾਇਮ ਰੱਖਦਾ ਹੈ।[31]

ਭਾਰਤ ਵਿੱਚ ਇਹਨਾਂ ਵੱਖ ਵੱਖ ਸੱਭਿਆਚਾਰਾਂ ਦੇ ਸੰਯੋਗ ਨਾਲ ਇਕ ਨਵਾਂ ਸੱਭਿਆਚਾਰ ਪੈਦਾ ਹੋਇਆ। ਭਗਤੀ, ਗੁਰਮਤਿ ਅਤੇ ਸੂਫ਼ੀ ਲਹਿਰਾਂ ਇਸੇ ਵਿਰੋਧ ਵਿਚੋਂ ਹੀ ਉਤਪੰਨ ਹੋਈਆਂ ਸਨ। ਹਿੰਦੂ-ਮੁਸਲਮ ਸਾਂਸਕ੍ਰਿਤਕ ਸੰਸਲੇਸ਼ਣ ਤੋਂ ਪਹਿਲਾਂ ਹੀ ਸਥਿਤੀ ਬਾਰੇ ਅਸੀਂ ਸਾਰੇ ਜਾਣਦੇ ਹਾਂ। ਗੁਰੂ ਅਰਜਨ ਦੇਵ ਨੇ ਇਸ ਪਰਸਪਰ ਵਿਰੋਧ ਨੂੰ "ਕੋਈ ਬੋਲੈ ਰਾਮ ਰਾਮ ਕੋਈ ਖੁਦਾਇ" ਕਹਿ ਕੇ ਪ੍ਰਗਟਾਇਆ ਹੈ।

ਭਗਤ ਕਬੀਰ ਬ੍ਰਾਹਮਣੀ ਚਿੰਤਨ ਦਾ ਵਿਰੋਧ ਸਪਸ਼ਟ ਰੂਪ ਵਿਚ ਕਰਦੇ ਹਨ। ਉਹ ਆਪਣੇ ਅਧਿਆਤਮਕ ਵਿਚਾਰਾਂ ਨੂੰ ਪ੍ਰਗਟਾਉਣ ਲਈ ਮਨੁੱਖ ਦੇ ਉਚੇ ਮਾਨਵੀ ਮੁਲਾਂ ਨੂੰ ਤਰਜੀਹ ਦਿੰਦੇ ਹਨ। ਇਸ ਤਰ੍ਹਾਂ ਪਾਰਲੌਕਿਕਤਾ ਅਤੇ ਅਲੌਕਿਕਤਾ ਦੇ ਸੱਚ ਨੂੰ ਆਪਣੇ ਅੰਦਰ ਵਸਾਉਣਾ ਚਾਹੁੰਦੇ ਹਨ। ਉਨ੍ਹਾਂ ਦਾ ਬੁਨਿਆਦੀ ਵਿਰੋਧ ਬਾਹਰਲੇ ਭੇਖਾਂ ਅਤੇ ਕਰਮ-ਕਾਂਡਾਂ ਪ੍ਰਤੀ ਸੀ। ਬ੍ਰਾਹਮਣ ਸ਼੍ਰੇਣੀ ਬਾਹਰਲੇ ਪਾਖੰਡਾਂ ਵਿਚ ਐਨੀ ਰੁਚਿਤ ਹੋ ਚੁੱਕੀ ਸੀ ਕਿ ਉਸ ਅੰਦਰੋਂ ਧਰਮ ਦਾ ਅਸਲ ਅਰਥ ਕੋਹਾਂ ਦੂਰ ਜਾ ਚੁੱਕਾ ਸੀ। ਗੁਰੂ ਅਰਜਨ ਦੇਵ ਨੇ ਸਹਸਕ੍ਰਿਤੀ ਸਲੋਕਾਂ ਵਿੱਚ ਇਸ ਬਾਰੇ ਆਪਣੇ ਵਿਚਾਰ ਪ੍ਰਗਟਾਏ ਹਨ:

*ਕੰਠ ਰਮਣੀਯ ਰਾਮ ਰਾਮ ਮਾਲਾ ਹਸਤ ਊਚ ਪ੍ਰੇਮ ਧਾਰਣੀ॥*
*ਜੀਹ ਭਣਿ ਜੋ ਉਤਮ ਸਲੋਕ ਉਧਰਣੰ ਨੈਨ ਨੰਦਨੀ॥* ਪੰਨਾ ੧੩੫੬

ਬਾਣੀਕਾਰਾਂ ਨੇ ਆਪਣੀ ਬਾਣੀ ਰਾਹੀਂ ਧਰਮ ਦੇ ਅਸਲੀ ਚਰਿਤਰ ਨੂੰ ਜ਼ਿੰਦਗੀ ਵਿਚ ਅਪਨਾਉਣ ਤੇ ਜ਼ੋਰ ਦਿੱਤਾ। ਬ੍ਰਾਹਮਣ ਹੱਥ ਵਿੱਚ ਮਾਲਾ ਫੜ ਕੇ, ਗਲੇ ਵਿੱਚ ਮਾਲਾ ਪਾ ਕੇ ਜਾਂ ਬਾਹਾਂ ਨਾਲ ਮਾਲਾ ਬੰਨ੍ਹ ਕੇ ਆਡੰਬਰ ਰਚਾਉਂਦਾ ਹੈ ਪ੍ਰੰਤੂ ਗੁਰ ਉਪਦੇਸ਼ ਤੇ ਅਮਲ ਕਰਨਾ ਅਤਿ ਜ਼ਰੂਰੀ ਹੈ। ਭਗਤ ਕਬੀਰ ਉਨ੍ਹਾਂ ਦੇ ਮਾੜੇ ਚਰਿਤਰ ਨੂੰ ਵਿਅੰਗ ਰਾਹੀਂ ਪੇਸ਼ ਕਰਦਾ ਹੈ:

*ਜੋ ਤੂੰ ਬ੍ਰਾਹਮਣ ਬ੍ਰਾਹਮਣੀ ਜਾਇਆ॥*
*ਤਉ ਆਨ ਬਾਟ ਕਾਹੇ ਨਹੀਂ ਆਇਆ॥* ਪੰਨਾ ੩੬੪

ਬਾਣੀ ਸਿਰਜਣ ਸਮੇਂ ਤਕ ਹਿੰਦੁਸਤਾਨ ਤੇ ਮੁਸਲਮਾਨਾਂ ਨੂੰ ਕਾਬਜ਼ ਹੋਏ ਤਕਰੀਬਨ 800 ਸਾਲ ਤਕ ਹੋ ਚੁਕੇ ਹਨ। ਉਨ੍ਹਾਂ ਨੇ ਰਾਜਸੀ ਤੌਰ ਤੇ ਸੱਤਾ ਉਤੇ ਕਾਬਜ਼ ਹੋਣ ਕਰਕੇ ਹਿੰਸਾ ਅਤੇ

ਤਾਕਤ ਨਾਲ ਆਪਣੀ ਚੜ੍ਹਤ ਕਾਇਮ ਰੱਖੀ ਹੋਈ ਸੀ। ਗੁਰੂ ਨਾਨਕ ਦੇ ਆਗਮਨ ਤੋਂ ਪਹਿਲਾਂ ਸਮਾਜ ਦੀ ਰਾਜਨੀਤਕ, ਧਾਰਮਿਕ, ਸਮਾਜਿਕ ਅਤੇ ਸਦਾਚਾਰਕ ਸਥਿਤੀ ਦਾ ਵਰਨਣ ਭਾਈ ਗੁਰਦਾਸ ਨੇ ਪਹਿਲੀ ਵਾਰ ਵਿਚ ਕੀਤਾ ਹੈ:

*ਚਾਰਿ ਵਰਨ ਚਾਰਿ ਮਜਹਬਾਂ ਜਗ ਵਿਚਿ ਹਿੰਦੂ ਮੁਸਲਮਾਣੇ॥*
*ਖੁਦੀ ਬਖੀਲਿ ਤਕਬਰੀ ਖਿੰਚੋਤਾਣ ਕਰਨਿ ਧਿਙਾਣੇ॥*
*ਗੰਗ ਬਨਾਰਸਿ ਹਿੰਦੂਆਂ ਮਕਾ ਕਾਬਾ ਮੁਸਲਮਾਣੇ॥*
*ਸੁੰਨਤਿ ਮੁਸਲਮਾਨ ਦੀ ਤਿਲਕ ਜੰਞੂ ਹਿੰਦੂ ਲੋਭਾਣੇ॥*
*ਰਾਮ ਰਹੀਮ ਕਹਾਇਦੇ ਇਕੁ ਨਾਮੁ ਦੁਇ ਰਾਹ ਭੁਲਾਣੇ॥*
*ਬੇਦ ਕਤੇਬੁ ਭੁਲਾਇਕੈ ਮੋਹਿ ਲਾਲਚ ਦੁਨੀ ਸੈਤਾਣੇ॥*
*ਸਚ ਕਿਨਾਰੇ ਰਹਿ ਗਇਆ ਖਹਿ ਮਰਦੇ ਬਾਹਮਣ ਮਉਲਾਣੇ॥*
*ਸਿਰੋ ਨਾ ਮਿਟੇ ਆਵਨ ਜਾਣੇ॥* ਪਉੜੀ ੨੧

ਇਸੇ ਤਰ੍ਹਾਂ ਜਦੋਂ ਗੁਰੂ ਨਾਨਕ ਦੇਵ ਪਾਸੋਂ ਪੁੱਛਿਆ ਕਿ ਹਿੰਦੂ ਵੱਡਾ ਕਿ ਮੁਸਲਮਾਨੋਈ ਤਾਂ ਗੁਰੂ ਸਾਹਿਬ ਨੇ ਉਤਰ ਦਿੱਤਾ- ਸ਼ੁਭ ਅਮਲਾਂ ਬਾਝੋਂ ਦੋਨੋ ਰੋਈ'।[32] ਇਸ ਤਰ੍ਹਾਂ ਗੁਰੂ ਨਾਨਕ ਦੇਵ ਨੇ ਹਿੰਦੂ ਅਤੇ ਮੁਸਲਮਾਨ ਦੋਹਾਂ ਸਭਿਆਚਾਰਾਂ ਦਾ ਸੰਸਲੇਸ਼ਣ ਕੀਤਾ। ਸਮੁੱਚੇ ਬਾਣੀ ਚਿੰਤਨ ਵਿਚ ਇਨ੍ਹਾਂ ਦੋਹਾਂ ਸਭਿਆਚਾਰਾਂ ਦੀਆਂ ਮਹਾਨ ਕਦਰਾਂ ਕੀਮਤਾਂ ਨੂੰ ਇੰਜ ਸਮਾ ਲਿਆ ਕਿ ਇਕ ਨਵਾਂ ਸਿੱਖ ਸਭਿਆਚਾਰ ਸਾਹਮਣੇ ਆਇਆ ਕੌਮੀ ਸਭਿਆਚਾਰ ਆਪਸੀ ਮਿਲਾਪ ਅਤੇ ਏਕਤਾ ਨੂੰ ਮਜ਼ਬੂਤ ਕਰਦਾ ਹੈ।

## (ਅ) ਰਾਗ ਮੁਕਤ ਬਾਣੀ ਵਿੱਚ ਸਭਿਆਚਾਰਕ ਸੰਕਟ ਅਤੇ ਚੁਣੌਤੀਆਂ

ਗੁਰੂ ਗ੍ਰੰਥ ਸਾਹਿਬ ਦੀ ਰਾਗ ਮੁਕਤ ਬਾਣੀ ਦੇ ਸਮਾਜਿਕ ਸਭਿਆਚਾਰਕ ਪਰਿਪੇਖ ਉੱਤੇ ਚਰਚਾ ਨੂੰ ਅੱਗੇ ਤੋਰਦਿਆਂ ਅਸੀਂ ਇਸ ਬਾਣੀ ਵਿੱਚ ਬਾਣੀਕਾਰਾਂ ਵੱਲੋਂ ਉਭਾਰੇ ਗਏ ਵਿਭਿੰਨ ਸੱਭਿਆਚਾਰਕ ਮਸਲਿਆਂ ਅਤੇ ਚੁਣੌਤੀਆਂ ਉੱਪਰ ਚਰਚਾ ਕਰਾਂਗੇ। ਇਹ ਸਰਵ ਪ੍ਰਵਾਨਤ ਤੱਥ ਹੈ ਕਿ ਗੁਰੂ ਗ੍ਰੰਥ ਸਾਹਿਬ ਮੂਲ ਰੂਪ ਵਿਚ ਅਧਿਆਤਮਕ ਗ੍ਰੰਥ ਹੈ। ਜਿਸ ਵਿੱਚ ਮਨੁੱਖ ਦੇ ਸਮਾਜਿਕ/ਸੱਭਿਆਚਾਰਕ ਸਰੋਕਾਰਾਂ ਨੂੰ ਵੀ ਅਤਿਅੰਤ ਮਹੱਤਵਪੂਰਨ ਮੰਨਿਆ ਗਿਆ ਹੈ। ਸਮੁੱਚੇ ਗੁਰਬਾਣੀ ਚਿੰਤਨ ਵਿੱਚ ਸਮਾਜਿਕ ਅਨਿਆਂ ਭੋਗ ਰਹੇ ਨੀਵੇਂ ਅਤੇ ਦੱਬੇ ਕੁਚਲੇ ਲੋਕਾਂ ਦੀ ਖਾਮੋਸ਼ੀ ਨੂੰ ਆਵਾਜ਼ ਬਖਸ਼ੀ ਹੈ। ਤੱਤਕਾਲੀਨ ਸਮਾਜ ਵਿੱਚ ਭਾਰਤ ਦਾ ਸੱਭਿਆਚਾਰਕ ਪ੍ਰਬੰਧ ਕਰਮ ਕਾਂਡਾਂ ਅਤੇ ਜਾਤੀ ਪ੍ਰਥਾ ਦੇ ਅਤਿ ਕੋਝੇ ਢੰਗ ਨਾਲ ਪੱਛੜ ਚੁੱਕਾ ਸੀ। ਸਮਾਜਿਕ ਸੱਭਿਆਚਾਰਕ ਸਥਿਤੀ

ਦਾ ਪਤਨ ਹੋਣ ਕਰਕੇ ਮਨੁੱਖ ਦੀ ਹੋਂਦ ਉੱਤੇ ਪ੍ਰਸ਼ਨ ਚਿੰਨ ਲੱਗ ਚੁੱਕਾ ਸੀ ਜਿਸ ਕਰਕੇ ਸਮਾਜ ਵਿੱਚ ਨਿਮਨ ਵਰਗ ਨੂੰ ਸੱਭਿਆਚਾਰਕ ਸੰਕਟ ਦਾ ਸਾਹਮਣਾ ਕਰਨਾ ਪਿਆ। ਅੰਗਰੇਜ਼ੀ ਕਵੀ T.S. Eliot ਅਨੁਸਾਰ,"Culture and religion are two different aspects of the same thing, the culture being essentially the incarntion of the religion of the people".

*"ਭਾਵ ਧਰਮ ਅਤੇ ਸਭਿਆਚਾਰ ਇਕੋ ਸਿੱਕੇ ਦੇ ਦੋ ਪਹਿਲੂ ਹਨ। ਅਸਲ ਵਿਚ ਸਭਿਆਚਾਰ ਧਰਮ ਦਾ ਅਨਿਖੜਵਾਂ ਅੰਗ ਹੈ। ਸੋ ਸਭਿਆਚਾਰ ਦਾ ਕਿਆਸ ਧਰਮ ਤੋਂ ਬਿਨਾਂ ਕੀਤਾ ਹੀ ਨਹੀਂ ਜਾ ਸਕਦਾ। ਹਰ ਕੌਮ ਦੇ ਸਭਿਆਚਾਰ, ਗੀਤਾਂ ਅਤੇ ਰਸਮਾਂ ਰਿਵਾਜਾਂ ਵਿਚ ਉਨ੍ਹਾਂ ਦੇ ਵਿਸ਼ਵਾਸ ਧਰਮ ਵਿਚ ਇਸ ਤਰ੍ਹਾਂ ਰੱਲ-ਗਡ ਹੋਏ ਹੁੰਦੇ ਹਨ, ਜਿਵੇਂ ਫੁੱਲਾਂ ਵਿਚ ਸੁਗੰਧੀ।"* [33]

ਬਾਣੀ ਸਿਰਜਣਾ ਸਮੇਂ ਹਿੰਦੂ ਸਮਾਜ ਜਾਤ ਪਾਤ ਦੇ ਵਰਣਾਂ ਵਿਚ ਵੰਡਿਆ ਹੋਇਆ ਸੀ। ਅਖੌਤੀ ਤੌਰ ਤੇ ਨੀਵੀਂ ਜਾਤ ਦੇ ਭਗਤਾਂ ਲਈ ਧਰਮ ਦੁਆਰੇ 'ਤੇ ਜਾਣ ਦਾ ਹੁਕਮ ਹੀ ਨਹੀਂ ਸੀ। ਸਾਰਾ ਸਮਾਜ ਨਾ ਟੁੱਟ ਸਕਣ ਵਾਲੇ ਕਿਲ੍ਹਿਆਂ ਵਿਚ ਜਕੜਿਆ ਹੋਇਆ ਸੀ। ਪਹਿਲਾਂ ਪਹਿਲ ਇਹ ਵਰਣ ਵੰਡ ਗੁਣ ਅਤੇ ਕਰਮ ਦੇ ਅਧਾਰ 'ਤੇ ਕੀਤੀ ਗਈ ਸੀ ਜੋ ਬਾਅਦ ਵਿਚ ਇਹ ਜਨਮ ਦੇ ਅਧਾਰ ਤੇ ਮੰਨੀ ਜਾਣ ਲਗ ਪਈ। ਗੁਰੂ ਗ੍ਰੰਥ ਸਾਹਿਬ ਵਿਚ ਜਨਮ ਦੇ ਅਧਾਰ ਤੇ ਜਾਤ ਪਾਤ ਦੇ ਸਿਧਾਂਤ ਦਾ ਖੰਡਨ ਕੀਤਾ ਗਿਆ, ਸਗੋਂ ਇਸ ਗੱਲ ਉੱਤੇ ਜ਼ੋਰ ਦਿੱਤਾ ਗਿਆ ਕਿ ਮਾਨਵੀ ਜਾਤ ਕਰਮ ਦੇ ਅਧਾਰ ਉੱਤੇ ਹੀ ਪ੍ਰਵਾਨ ਕੀਤੀ ਜਾਣੀ ਚਾਹੀਦੀ ਹੈ:

*ਜਾਤਿ ਜਨਮੁ ਨਾ ਪੁਛੀਐ ਸਚ ਘਰੁ ਲੇਹੁ ਬਤਾਇ॥*
*ਨਾ ਜਾਤਿ ਨਾ ਪਤਿ ਹੈ ਜੇਹੇ ਕਰਮ ਕਮਾਇ॥* ਪੰਨਾ ੧੩੩੦

ਭਗਤ ਕਬੀਰ ਨੇ ਸਮਾਜ ਵਿਚ ਫੈਲੇ ਭਰਮਾਂ ਦੇ ਖਿਲਾਫ਼ ਅਵਾਜ਼ ਬੁਲੰਦ ਕੀਤੀ ਜੋ ਸਾਡੇ ਧਾਰਮਿਕ ਸਥਾਨ ਮੰਦਿਰ ਅਤੇ ਮਸਜਿਦ ਸਮਾਜ ਦੀ ਏਕਤਾ ਨੂੰ ਭੰਗ ਕਰਦੇ ਹਨ। ਜੇ ਭਗਵਾਨ ਮੰਦਰ ਵਿਚ ਸਥਿਤ ਮੂਰਤੀ ਵਿਚ ਹੈ, ਅਲਾਹ ਮਸਜਿਦ ਵਿਚ ਹੈ ਤਾਂ ਇਹਨਾਂ ਸਥਾਨਾਂ ਤੇ ਕਾਬਜ਼ ਸੁਆਰਥੀ ਆਗੂ ਆਪਣੀਆਂ ਚਾਲਾਂ ਨਾਲ ਲੋਕਾਂ ਨੂੰ ਮੂਰਖ ਬਣਾ ਰਹੇ ਹਨ। ਬ੍ਰਾਹਮਣ ਵਰਗ ਅਤਿ ਦਾ ਸੁਆਰਥੀ ਬਣ ਚੁੱਕਾ ਸੀ। ਕਬੀਰ ਉਨ੍ਹਾਂ ਨੂੰ ਖਰੀਆਂ ਖੋਟੀਆਂ ਸੁਨਾਉਣ ਤੋਂ ਵੀ ਨਹੀਂ ਝਿਜਕਦੇ:

*ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ॥*
*ਅਰਝਿ ਉਰਝਿ ਕੈ ਪਚਿ ਮੂਆ ਚਾਰਉ ਬੇਦਹੁ ਮਾਹਿ॥* ਪੰਨਾ ੧੩੭੭

ਇਸ ਵਰਣ-ਵੰਡ ਵਿਚ ਬ੍ਰਾਹਮਣ ਸੁਆਰਥੀ ਹੋ ਚੁੱਕੇ ਸਨ ਪਰ ਖੱਤਰੀ ਜੋ ਆਪਣੀ ਬੀਰਤਾ ਨਾਲ ਕਮਜ਼ੋਰ ਵਰਗਾਂ ਨੂੰ ਸੁਰਖਿਆ ਦੇਣ ਵਾਲਾ ਸੀ, ਉਹ ਵੀ ਆਪਣੇ ਕਰਤੱਵਾਂ ਨੂੰ ਭੁਲਾ ਕੇ ਐਸ਼ਵਰਜ ਵਿਚ ਫਸ ਗਿਆ। ਗੁਰੂ ਨਾਨਕ ਸਾਹਿਬ ਨੇ ਖਤਰੀਆਂ ਨੂੰ ਆੜੇ ਹੱਥੀਂ ਲਿਆ:

*ਖਤਰੀਆ ਤ ਧਰਮ ਛੋਡਿਆ ਮਲੇਛ ਭਾਖਿਆ ਗਹੀ॥* ਪੰਨਾ ੬੬੩

ਅਤੇ ਇਹ ਕਹਿ ਕੇ ਉਹਨਾਂ ਨੂੰ ਆਪਣੀ ਜਾਤ ਦੀ ਪਛਾਣ ਕਾਇਮ ਰੱਖਣ ਉੱਤੇ ਜ਼ੋਰ ਦਿੱਤਾ। ਭਗਤ ਕਬੀਰ ਆਪਣੀ ਬਾਣੀ ਵਿੱਚ ਬ੍ਰਾਹਮਣਾਂ ਦੇ ਆਡੰਬਰਾਂ ਦਾ ਪੋਲ ਖੋਲ੍ਹ ਕੇ ਸਮਾਜ ਦੀ ਇਸ ਨਿੱਘਰ ਚੁੱਕੀ ਅਵਸਥਾ ਦਾ ਚਿਤਰਨ ਇਸ ਪ੍ਰਕਾਰ ਕਰਦੇ ਹਨ:

*ਆਪਨ ਊਚ ਨੀਚ ਘਰਿ ਭੋਜਨੁ ਹਠੇ ਕਰਮ ਕਰਿ ਉਦਰੁ ਭਰਹਿ॥*
*ਚਉਦਸ ਅਮਾਵਸ ਰਚਿ ਰਚਿ ਮਾਂਗਹਿ ਕਰ ਦੀਪਕੁ ਲੈ ਕੂਪਿ ਪਰਹਿ॥*
*ਤੂੰ ਬ੍ਰਾਹਮਣ ਮੈ ਕਾਸੀਕ ਜੁਲਹਾ ਮਹਿ ਤੋਹਿ ਬਰਾਬਰੀ ਕੈਸੇ ਕੈ ਬਨਹਿ॥*
*ਹਮਰੇ ਰਾਮ ਨਾਮ ਕਹਿ ਉਬਰੇ ਬੇਦ ਭਰੋਸੇ ਪਾਂਡੇ ਡੂਬਿ ਮਰਹਿ॥* ਪੰਨਾ ੯੭੦

ਉਸ ਸਮੇਂ ਸਿਰਫ਼ ਹਿੰਦੂ ਸਮਾਜ ਵਿਚ ਸਿਰਫ਼ ਬ੍ਰਾਹਮਣ ਹੀ ਦੋਹਿਰੀ ਭੂਮਿਕਾ ਨਹੀਂ ਨਿਭਾ ਰਹੇ ਸਨ ਬਲਕਿ ਇਸ ਸੱਭਿਆਚਾਰਕ ਸੰਕਟ ਵਿੱਚ ਮੁਸਲਮਾਨੀ ਸਮਾਜ ਦੇ ਆਗੂ ਕਾਜ਼ੀ ਤੇ ਮੁੱਲਾਂ ਵੀ ਕਿਧਰੇ ਪਿਛੇ ਨਹੀਂ ਰਹੇ, ਭਗਤ ਕਬੀਰ ਉਹਨਾਂ ਦੇ ਮੁਖੌਟਾ ਧਾਰੀ ਚਿਹਰੇ ਤੇ ਵਿਅੰਗ ਕਰਦੇ ਹਨ:

*ਕਬੀਰ ਮੁਲਾਂ ਮੁਨਾਰੇ ਕਿਆ ਚਢਹਿ ਸਾਂਈ ਨ ਬਹਰਾ ਹੋਇ॥*
*ਜਾ ਕਾਰਨਿ ਤੂੰ ਬਾਂਗ ਦੇਹਿ ਦਿਲ ਹੀ ਭੀਤਰਿ ਜੋਇ॥* ਪੰਨਾ ੧੩੭੪

ਕਬੀਰ ਕਾਜ਼ੀ ਤੇ ਪੰਡਤਾਂ ਉੱਤੇ ਵਿਅੰਗ ਕਸਦੇ ਹੋਏ ਸਾਧੂ ਲੋਕ ਨੂੰ ਜੋ ਗੰਗਾ, ਜਮਨਾ ਅਤੇ ਗੁਦਾਵਰੀ ਜਿਹੀਆਂ ਪਵਿਤਰ ਨਦੀਆਂ ਦੇ ਨਾਂ ਤੇ ਵੀ ਪਾਖੰਡ ਕਰਨ ਤੋਂ ਬਾਜ਼ ਨਹੀਂ ਆਉਂਦੇ ਤਾਂ ਉਹਨਾਂ ਨੂੰ ਚਿਤਾਵਨੀ ਦਿੰਦੇ ਹਨ ਕਿ ਜੇ ਗੰਗਾ ਕਿਨਾਰੇ ਬਹਿ ਕੇ ਕੋਈ ਗੰਗਾ ਦਾ ਅੰਮ੍ਰਿਤ ਜਲ ਪੀਣ ਲਗ ਜਾਵੇ ਪਰ ਉਸਦਾ ਮਨ ਨਿਰਮਲ ਨਾ ਹੋਵੇ ਤਾਂ ਐਸੇ ਕਰਮ ਕਾਂਡ ਕਰਨ ਦਾ ਕੋਈ ਲਾਭ ਨਹੀਂ:

*ਕਬੀਰ ਗੰਗਾ ਤੀਰ ਜੁ ਘਰੁ ਕਰਹਿ ਪੀਵਹਿ ਨਿਰਮਲ ਨੀਰੁ॥*
*ਬਿਨੁ ਹਰਿ ਭਗਤਿ ਨ ਮੁਕਤਿ ਹੋਇ ਇਉ ਕਹਿ ਰਮੇ ਕਬੀਰ॥* ਪੰਨਾ ੧੩੬੭

ਕਬੀਰ ਦੇ ਸਾਹਮਣੇ ਜਿਥੇ ਤੀਰਥ ਸਥਾਨਾਂ ਦੀ ਯਾਤਰਾ ਅਤੇ ਇਸ਼ਨਾਨ ਕਰਨ ਦੀ ਗਲ ਤੋਰੀ ਜਾਂਦੀ ਹੈ, ਕਾਸ਼ੀ ਵਿਚ ਮਰ ਕੇ ਮੁਕਤੀ ਪ੍ਰਾਪਤ ਕਰਨ ਦੀ ਧਾਰਨਾ ਜਾਂ ਵਰਤ ਆਦਿ ਰਖਣ ਦੀ ਗੱਲ

ਤੁਰਦੀ ਹੈ ਤਾਂ ਉਹ ਚੁਪ ਕਰਕੇ ਨਹੀਂ ਬੈਠਦੇ ਸਗੋਂ ਸਪਸ਼ਟ ਸ਼ਬਦਾਂ ਵਿਚ ਆਪਣਾ ਵਿਰੋਧ ਪ੍ਰਗਟ ਕਰਦੇ ਹਨ:

*ਜਲਿ ਕੈ ਮਜਨਿ ਜੇ ਗਤ ਹੋਵੈ ਨਿਤੁ ਨਿਤੁ ਮੈਡੁਕ ਨਾਵਹਿ॥*

*ਜੈਸੇ ਮੈਡੁਕ ਤੈਸੇ ਓਇ ਕਰ ਫਿਰਿ ਫਿਰ ਜੋਨੀ ਆਵਹਿ॥*

*ਮਨਹੁ ਕਠੋਰ ਮਰੈ ਬਨਾਰਸਿ ਨਰਕ ਨ ਬਾਂਚਿਆ ਜਾਈ॥*

*ਹਰਿ ਕਾ ਸੰਤ ਮਰੈ ਹੜੰਬੇ ਤ ਸਗਲੀ ਸੈਨ ਤਰਾਈ॥* ਪੰਨਾ ੪੮੪

ਇਸੇ ਵਿਚਾਰ ਨੂੰ ਰਾਗ ਮੁਕਤ ਬਾਣੀ ਵਿੱਚ ਕਬੀਰ ਨੇ ਆਪਣੇ ਸਲੋਕਾਂ ਵਿੱਚ ਪਰਪੱਕ ਕੀਤਾ ਹੈ:

*ਕਬੀਰ ਹਰਿ ਕਾ ਸਿਮਰਨ ਛਾਡਿ ਕੈ ਅਹੋਈ ਰਾਖੈ ਨਾਰਿ॥*

*ਗਦਹੀ ਹੋਇ ਕੈ ਅਉਤਰੈ ਭਾਰੁ ਸਹੈ ਮਨ ਚਾਰਿ॥* ਪੰਨਾ ੧੩੭੦

ਬਾਣੀ ਚਿੰਤਨ ਵਿਚ ਜਿਥੇ ਗਲੇ ਸੜੇ ਰੀਤੀ ਰਿਵਾਜਾਂ, ਬੋਦੀਆਂ ਹੋ ਚੁੱਕੀਆਂ ਰਸਮਾਂ ਰੀਤਾਂ, ਅਤੇ ਕਰਮ ਕਾਂਡਾਂ ਦਾ ਵਿਰੋਧ ਪ੍ਰਤਖ ਨਜ਼ਰ ਆਉਂਦਾ ਹੈ, ਉਥੇ ਜੈਨ ਮਤ ਦੇ ਕਰਮ ਸਿਧਾਂਤ, ਤਪ, ਭੁਖ ਜਾਂ ਵਰਤ ਆਦਿ ਦੀ ਕੋਈ ਥਾਂ ਨਹੀਂ ਹੈ:

*ਛੋਡਹਿ ਅੰਨੁ ਕਰਹਿ ਪਾਖੰਡ॥*

*ਨ ਸੋਹਾਗਨਿ ਨ ਓਹਿ ਰੰਡ॥*

*ਜਗ ਮਹਿ ਬਕਤੇ ਦੂਧਾਧਾਰੀ*

*ਗੁਪਤੀ ਖਾਵਹਿ ਵਟਿਕਾ ਸਾਰੀ॥*

*ਅੰਨੈ ਬਿਨਾ ਨ ਹੋਇ ਸੁਕਾਲੁ॥*

*ਤਜਿਐ ਅੰਨਿ ਨ ਮਿਲੈ ਗੁਪਾਲੁ॥* ਪੰਨਾ ੮੭੩

ਬਾਬਾ ਫਰੀਦ ਵਰਗਾ ਸੂਫ਼ੀ ਕਵੀ ਜੋ ਮੁਸਲਮਾਨੀ ਮਤ ਦੇ ਨਾਲ ਬੁੱਧ ਅਤੇ ਹਿੰਦੂ ਮੱਤ ਦੇ ਧਾਰਮਿਕ ਸੰਕਲਪਾਂ ਬਾਰੇ ਪੂਰੀ ਜਾਣਕਾਰੀ ਰਖਦਾ ਸੀ ਪਰੰਤੂ ਉਸਨੇ ਸਮਾਜ ਵਿਚ ਰਹਿੰਦਿਆਂ ਆਪਣਾ ਕੋਈ ਵਖਰਾ ਮੱਤ ਪੈਦਾ ਕਰਨ ਦੀ ਬਜਾਏ ਸਰਵ ਉੱਚ ਜੀਵਨ ਜੁਗਤਾਂ ਨੂੰ ਚੁਣ ਕੇ ਸਮਾਜ ਵਿਚ ਫੈਲੇ ਸਭਿਆਚਾਰਕ ਸੰਕਟਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ। ਗੁਰੂ ਨਾਨਕ ਸਾਹਿਬ ਦੇ ਫੁਰਮਾਣ 'ਕਿਵ ਸਚਿਆਰਾ ਹੋਈਐ' ਦੇ ਪ੍ਰਸੰਗ ਵਿਚ ਬਾਬਾ ਫਰੀਦ ਕਹਿੰਦੇ ਹਨ:

*ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ॥*

*ਅਗੈ ਦੋਜਕੁ ਤਪਿਆ ਸੁਣੀਐ ਹੂਲ ਪਵੈ ਕਾਹਾਹਾ॥*

*ਇਕਨਾ ਨੋ ਸਭ ਸੋਝੀ ਆਈ ਇਕਿ ਫਿਰਦੇ ਵੇਪਰਵਾਹਾ॥*

*ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ॥* ਪੰਨਾ ੧੩੮੩

ਬਾਬਾ ਫਰੀਦ ਆਪਣੇ ਸਮੇਂ ਜੋਗੀਆਂ, ਤਪੀਆਂ ਅਤੇ ਜ਼ਿੰਦਗੀ ਤੋਂ ਭੱਜਣ ਵਾਲੇ ਸੰਤਾਂ ਸਾਧੂਆਂ ਨੂੰ ਖ਼ੂਬ ਕੋਸਦੇ ਹੋਏ, ਬਾਹਰੀ ਪਹਿਰਾਵੇ ਅਤੇ ਸਰੀਰ ਨੂੰ ਕਸ਼ਟ ਦੇਣ ਨਾਲੋਂ ਮਨ ਦੀ ਪਵਿੱਤਰਤਾ ਉੱਤੇ ਜ਼ਿਆਦਾ ਜ਼ੋਰ ਦੇਣਾ ਚਾਹੁੰਦੇ ਹਨ:

- *ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲ ਕਾਤੀ ਗੁੜੁ ਵਾਤਿ॥*
  *ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ॥* ਪੰਨਾ ੧੩੮੦
- *ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ॥*
  *ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ॥* ਪੰਨਾ ੧੩੮੨

ਬਾਬਾ ਫਰੀਦ ਨੇ ਤੱਤਕਾਲੀ ਸਮਾਜ ਦਾ ਚਿੱਤਰਨ ਕਰਦੇ ਹੋਏ ਨਾ ਬਰਾਬਰੀ ਵਾਲੇ ਇਸ ਸਮਾਜ ਵਿੱਚ ਇੱਕ ਵੱਡੀ ਚੁਣੌਤੀ ਮੰਨਿਆ ਹੈ ਕਿ ਜ਼ੁਲਮ ਕਰਨ ਵਾਲਿਆਂ ਦਾ ਬੁਰਾ ਹਾਲ ਹੋਵੇਗਾ। ਦੂਜਿਆਂ ਦਾ ਹੱਕ ਮਾਰ ਕੇ ਖਾਧੀ ਹੋਈ ਚੋਪੜੀ ਹੋਈ ਰੋਟੀ ਨਾਲ ਉਹਨਾਂ ਦਾ ਭਵਿੱਖ ਨਹੀਂ ਸੰਵਰੇਗਾ ਸਗੋਂ ਜ਼ੁਲਮ ਕਰਨ ਵਾਲੇ ਆਪ ਹੀ ਆਪਣੀਆਂ ਕਰਨੀਆਂ ਨਾਲ ਨਜਿੱਠਣਗੇ। ਅਸਲ ਵਿਚ ਫਰੀਦ ਉਨ੍ਹਾਂ ਲੋਕਾਂ ਨੂੰ ਝੰਜੋੜ ਰਹੇ ਹਨ ਜੋ ਦੂਜਿਆਂ ਦੇ ਕਰਮਾਂ ਦਾ ਹਿਸਾਬ ਤਾਂ ਕਰਦੇ ਹਨ ਪਰ ਆਪਣੇ ਅੰਦਰ ਝਾਤੀ ਨਹੀਂ ਮਾਰਦੇ:

*ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨਾ ਲੇਖੁ॥*

*ਆਪਨੜੈ ਗਿਰੀਵਾਨ ਮਹਿ ਸਿਰ ਨੀਵਾਂ ਕਰਿ ਦੇਖੁ॥* ਪੰਨਾ ੧੩੭੮

ਉਹਨਾਂ ਨੇ ਸਮੇਂ ਦੀ ਸੰਭਾਲ ਕਰਨ ਉੱਤੇ ਜ਼ੋਰ ਦਿੱਤਾ ਹੈ ਜੇ ਬੰਦੇ ਨੇ ਸਮੇਂ ਦੀ ਨਜ਼ਾਕਤ ਨੂੰ ਨਹੀਂ ਸਮਝਿਆ ਤਾਂ 'ਗੁਨਹੀ ਭਰਿਆ' ਉਹ ਪਰਮਾਤਮਾ ਦੇ ਦਰ ਤੇ ਪ੍ਰਵਾਨ ਨਹੀਂ ਹੋ ਸਕੇਗਾ:

*ਫਰੀਦਾ ਜਾਂ ਤਉ ਖਟਣ ਵੇਲ ਤਾਂ ਤੂ ਰਤਾ ਦੁਨੀ ਸਿਉ॥*

*ਮਰਗ ਸਵਾਈ ਨੀਹਿ ਜਾਂ ਭਰਿਆ ਤਾਂ ਲਦਿਆ॥* ਪੰਨਾ ੧੩੭੮

ਜਿਵੇਂ ਹਿੰਦੂ ਸਭਿਆਚਾਰ ਵਿਚ ਅਠਾਹਠ ਤੀਰਥਾਂ ਦਾ ਮਹਾਤਮ ਹੈ, ਤਿਵੇਂ ਹੀ ਮੁਸਲਮਾਨੀ ਸੱਭਿਆਚਾਰ ਵਿਚ ਕਾਅਬੇ ਦੇ ਹੱਜ ਦਾ ਮਹੱਤਵ ਮੰਨਿਆ ਜਾਂਦਾ ਹੈ। ਹਜ਼ਰਤ ਮੁਹੰਮਦ ਸਾਹਿਬ ਦੀ ਜਨਮ ਭੂਮੀ ਅਤੇ ਕਰਮ ਭੂਮੀ ਕਿਸੇ ਸੱਚੀ ਕਰਨੀ ਵਾਲੇ ਲਈ ਹੀ ਮਹੱਤਵਪੂਰਨ ਹੋ ਸਕਦੀ ਹੈ। ਇਕ ਕਰਮ ਕਾਂਡੀ ਹਾਜੀ ਭਾਵੇਂ ਸੌ ਵਾਰ ਹੱਜ ਕਰ ਲਵੇ, ਪਰ ਉਸ ਦੀ ਸੋਚਣੀ ਅਤੇ ਚਿੰਤਨ ਉਸੇ ਤਰ੍ਹਾਂ ਹੀ ਅਪ੍ਰਭਾਵਿਤ ਰਹਿੰਦੇ ਹਨ:

*ਕਬੀਰ ਹਜ ਕਾਬੇ ਹੋਇ ਹੋਇ ਗਿਆ ਕੇਤੀ ਬਾਰ ਕਬੀਰ॥*

*ਸਾਈ ਮੁਝ ਮਹਿ ਕਿਆ ਖ਼ਤਾ ਮੁਖਹੁ ਨ ਬੋਲੈ ਪੀਰ॥* ਪੰਨਾ ੧੩੭੫

ਇਸ ਤਰ੍ਹਾਂ ਮੁਸਲਿਮ ਭਾਈਚਾਰੇ ਵਿਚ ਹਲਾਲ ਖਾਣਾ ਸ਼ੁਭ ਮੰਨਿਆ ਗਿਆ ਹੈ ਪਰ ਬੇਈਮਾਨੀ, ਧੋਖਾ ਧੜੀ, ਜੋਰ ਜਬਰ ਉਪਰੰਤ ਹਲਾਲ ਦਾ ਵਿਚਾਰ ਮਹੱਤਵ ਹੀਣ ਹੋ ਜਾਂਦਾ ਹੈ:

*ਕਬੀਰ ਜੀਅ ਜੁ ਮਾਰਹਿ ਜੋਰੁ ਕਰਿ ਕਹਤੇ ਹਹਿ ਜੁ ਹਲਾਲੁ॥*

*ਦਫਤਰੁ ਦਈ ਜਬ ਕਾਢਿ ਹੈ ਤਬ ਹੋਇਗਾ ਕਉਨੁ ਹਵਾਲੁ॥* ਪੰਨਾ ੧੩੭੫

ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨ, ਹਿੰਦੂ, ਮੁਸਲਮਾਨ, ਸੰਤਾਂ, ਭਗਤਾਂ ਦੇ ਨਾਲ ਨਾਲ ਭੱਟ ਬਾਣੀ ਵੀ ਅੰਕਿਤ ਹੈ। ਇਹ ਗਿਆਰ੍ਹਾਂ ਭੱਟ ਸਾਹਿਬਾਨ ਗੁਰੂ ਘਰ ਦੇ ਸ਼ਰਧਾਲੂ ਵਿਦਵਾਨ ਸਨ, ਪੰਜ ਗੁਰੂ ਸਾਹਿਬਾਨ ਦੀ ਉਸਤਤ ਦਾ ਜਸ ਗਾਇਨ ਕਰਨ ਵਾਲੇ ਇਹ ਭੱਟ ਆਮ ਤੌਰ ਤੇ ਰਾਜੇ ਮਹਾਰਾਜਿਆਂ ਦੇ ਦਰਬਾਰ ਵਿਚ ਪ੍ਰਸ਼ੰਸਾ ਰੂਪੀ ਕਾਵਿ ਰਚਨਾ ਕਰਕੇ ਜ਼ਮੀਨਾਂ, ਜਾਇਦਾਦਾਂ ਅਤੇ ਜਗੀਰਾਂ ਪ੍ਰਾਪਤ ਕਰਦੇ ਸਨ ਪਰ ਇਹ ਸਾਰੇ ਭੱਟ ਗੁਰੂ ਦਰਬਾਰ ਵਿਚ ਗੁਰੂ ਦੀ ਮਿਹਰ ਭਰੀ ਨਜ਼ਰ ਪ੍ਰਾਪਤ ਕਰਨ ਵਾਸਤੇ ਗਏ ਸਨ ਨਾ ਕਿ ਪੈਸਾ ਕਮਾਉਣ ਵਾਸਤੇ ਆਏ ਸਨ। ਜੇਕਰ ਅਜਿਹਾ ਹੁੰਦਾ ਤਾਂ ਗੁਰੂ ਅਰਜਨ ਦੇਵ ਨੇ ਉਨ੍ਹਾਂ ਦੀ ਬਾਣੀ ਨੂੰ ਕਦੇ ਵੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਨਹੀਂ ਕਰਨਾ ਸੀ। ਪੰਜਾਬ ਦੇ ਸਭਿਆਚਾਰ ਵਿਚ ਉਨ੍ਹਾਂ ਦੀ ਬਾਣੀ ਨੂੰ 'ਗੁਰਬਾਣੀ' ਦੀ ਤਰ੍ਹਾਂ ਸਵੀਕਾਰਨਾ ਹੀ ਇਕ ਐਸੀ ਚੁਣੌਤੀ ਸੀ ਜਿਸ ਨੂੰ ਹਰ ਗੁਰਸਿੱਖ ਨੇ ਖਿੜੇ ਮੱਥੇ ਪ੍ਰਵਾਨ ਕਰਕੇ ਉਨ੍ਹਾਂ ਦੀ ਬਾਣੀ ਅੱਗੇ ਵੀ ਸਿਰ ਝੁਕਾ ਦਿੱਤਾ। ਭਾਰਤੀ ਵਰਣ-ਵੰਡ ਅਨੁਸਾਰ ਇਹ ਭੱਟ ਬ੍ਰਾਹਮਣ ਸਨ। ਭਾਈ ਗੁਰਦਾਸ ਨੇ ਗੁਰੂ ਅਮਰਦਾਸ ਦੇ ਪ੍ਰਮੁੱਖ ਸਿੱਖਾਂ ਵਿਚ ਭੱਟ ਭਿਖਾ ਦਾ ਨਾਂ ਵੀ ਦਿੱਤਾ ਹੈ। ਭਿੱਖੇ ਦੇ ਤਿੰਨ ਪੁੱਤਰ ਮਥਰਾ, ਜਾਲਪ ਅਤੇ ਕੀਰਤ ਦੀ ਬਾਣੀ ਵੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਬਾਕੀ ਦੇ ਛੇ ਭੱਟ ਸਲ, ਬਲ, ਨਲ, ਹਰਬੰਸ, ਕਲ ਸਹਾਰ ਤੇ ਗਯੰਦ ਭਿੱਖੇ ਦੇ ਭਤੀਜੇ ਸਨ। ਇਨ੍ਹਾਂ ਭੱਟਾਂ ਵਿਚੋਂ ਸਭ ਤੋਂ ਵਡੇਰਾ ਭਿੱਖਾ ਸੀ। ਬਾਕੀ ਦੇ ਨੌਂ ਭੱਟ ਉਸਦੇ ਭਰਾ ਅਤੇ ਭਤੀਜੇ ਸਨ। ਸ਼ਾਇਦ ਦਸਵੇਂ ਭੱਟ ਦਾ ਵੀ ਕੋਈ ਨਾਤਾ ਉਨ੍ਹਾਂ ਨਾਲ ਹੋਵੇ ਪਰ ਇਸ ਦੀ ਜਾਣਕਾਰੀ ਕਿਧਰੋਂ ਵੀ ਪ੍ਰਾਪਤ ਨਹੀਂ ਹੋਈ। ਭਿੱਖਾ ਭੱਟ ਦੇ ਦੋ ਸਵਈਏ ਹੀ ਅੰਕਿਤ ਹਨ। ਜਿਨ੍ਹਾਂ ਵਿੱਚ ਉਨ੍ਹਾਂ ਨੇ ਗੁਰੂ ਘਰ ਆਉਣ ਦਾ ਮਨੋਰਥ ਦੱਸਿਆ ਹੈ:

*ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ॥*

*ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ॥*

*ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ॥*

*ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ॥*

*ਹਰਿ ਨਾਮੁ ਛੋਡਿ ਦੂਜੈ ਲਗੈ ਤਿਨ੍ਹ ਕੇ ਗੁਣ ਹਉ ਕਿਆ ਕਹਉ॥*

*ਗੁਰ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ॥* ਪੰਨਾ ੧੩੯੫

ਭੱਟਾਂ ਨੂੰ ਪੌਰਾਣਿਕ ਪ੍ਰਸੰਗਾਂ ਦੀ ਪੂਰੀ ਜਾਣਕਾਰੀ ਸੀ। ਉਨ੍ਹਾਂ ਨੇ ਨਿੱਜੀ ਸ਼ਰਧਾ ਦੇ ਆਧਾਰ ਤੇ ਗੁਰੂ ਸਾਹਿਬਾਨ ਦੀਆਂ ਸ਼ਖਸੀਅਤਾਂ ਨੂੰ ਆਤਮਿਕ ਪੱਖੋਂ ਮਹਾਨ, ਸਮਾਜਿਕ ਪੱਖੋਂ ਉਸਾਰੂ ਅਤੇ ਰਾਜਨੀਤਕ ਪੱਖੋਂ ਲੋਕ ਹਿਤੂ ਹੋਣਾ ਮੰਨਿਆ ਹੈ। ਇਨ੍ਹਾਂ ਭੱਟਾਂ ਨੇ ਗੁਰੂ ਸਾਹਿਬਾਨ ਨੂੰ ਅਵਤਾਰ ਰੂਪ ਵਿਚ ਦੇਖਿਆ ਤੇ ਪੂਰਵਵਰਤੀ ਅਵਤਾਰ ਪਰੰਪਰਾ ਨਾਲ ਜੋੜ ਕੇ ਉਹਨਾਂ ਦੇ ਸਰੂਪ ਦੀ ਸ੍ਰੀ ਰਾਮਚੰਦਰ, ਕ੍ਰਿਸ਼ਨ ਮਹਾਰਾਜ ਅਤੇ ਜਨਕ ਰਾਜੇ ਨਾਲ ਤੁਲਨਾ ਕੀਤੀ। ਜਿਥੇ ਗੁਰੂ ਅਰਜਨ ਦੇਵ ਨੇ ਆਪਣੇ ਸਮਕਾਲੀ ਭਗਤਾਂ ਦੀ ਬਾਣੀ ਨੂੰ ਗੁਰਮਤਿ ਆਸ਼ੇ ਦੇ ਪ੍ਰਤੀਕੂਲ ਹੋਣ ਕਾਰਨ ਛਡ ਦਿੱਤਾ ਸੀ, ਉਥੇ ਭੱਟਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਕਰਨਾ ਹੀ ਇਕ ਬਹੁਤ ਵੱਡੀ ਚੁਣੌਤੀ ਸੀ। ਭੱਟ ਬਾਣੀ ਦੇ ਸਬੰਧ ਵਿੱਚ ਡਾ. ਮਲਕੀਤ ਸਿੰਘ ਬਾਜਵਾ ਦਾ ਕਥਨ ਹੈ:

> *ਜਿਵੇਂ ਗੁਰੂ ਅਰਜਨ ਦੇਵ ਜੀ ਰਚਿਤ ਸਵਈਏ ਵਿਚ ਉਪਦੇਸ਼ਾਤਮਕ ਅੰਸ਼ ਪ੍ਰਧਾਨ ਹੈ, ਉਸੇ ਤਰ੍ਹਾਂ ਭੱਟਾਂ ਦੇ ਸਵਈਏ ਵਿਚ ਵੀ ਗੁਰੂ-ਜੀਵਨ ਮਾਡਲ ਤੇ ਅਧਾਰਤ ਗੁਰੂ-ਪਦ ਦੀ ਉਸਤਤ ਵਿਚ ਉਪਦੇਸ਼ਾਤਮਕ ਤੱਤ ਪ੍ਰਧਾਨ ਹੈ। ਇਹਨਾਂ ਵਿਚ ਵੀ ਗੁਰਮਤਿ ਵਿਚਲੇ ਗੁਰੂ ਦੇ ਮਹੱਤਵ ਅਨੁਸਾਰ ਉਪਦੇਸ਼ ਦਾ ਸੰਚਾਰ ਕੀਤਾ ਗਿਆ ਹੈ। ਇਸ ਉਪਦੇਸ਼ ਦੀ ਸੁਰ ਸਮਾਜ ਦੇ ਵਿਅਕਤੀ ਅਤੇ ਵਿਅਕਤੀਗਤ ਅੰਗ ਦਾ ਵਿਕਾਸ ਕਰਕੇ ਸਮਾਜ ਵਿਚ ਨੈਤਿਕ ਆਦਰਸ਼ਾਂ ਦੀ ਸਥਾਪਨਾ ਵਲ ਰੁਚਿਤ ਹੈ। ਵਿਅਕਤੀਗਤ ਉਦਾਹਰਣ ਸਮਾਜ ਦੇ ਹਰ ਵਿਅਕਤੀ ਨੂੰ ਪ੍ਰਭਾਵਤ ਕਰਦੀ ਹੈ। ਭੱਟਾਂ ਦੇ ਸਵਈਏ ਵਿਚ ਵੀ ਇਸਦੀ ਨਿਸ਼ਾਨਦੇਹੀ ਗੁਰੂ-ਪਦ ਦੀ ਉਸਤਤ ਵਿਚੋਂ ਕੀਤੀ ਜਾ ਸਕਦੀ ਹੈ।* [34]

ਜਿਥੇ ਭੱਟ ਸਾਹਿਬਾਨ ਨੇ ਪੰਜ ਗੁਰੂ ਸਾਹਿਬਾਨ ਦੀ ਦੈਵੀ ਸ਼ਖਸੀਅਤ ਦੇ ਬਹੁ-ਪੱਖ ਉਜਾਗਰ ਕਰਕੇ ਉਨ੍ਹਾਂ ਦੀ ਉਸਤਤੀ ਗਾਈ ਹੈ, ਉਥੇ ਉਨ੍ਹਾਂ ਨੇ ਗੁਰੂ ਸਾਹਿਬਾਨ ਨੂੰ ਪਰਮ ਗੁਰੂ, ਬਾਣੀ ਦਾ ਸਰੋਵਰ, ਰਾਜ ਜੋਗ ਕਮਾਉਣ ਵਾਲੇ ਅਤੇ ਗੁਰੂ ਨਾਨਕ ਨੂੰ ਪਿਛਲੇ ਸਾਰੇ ਜੁਗਾਂ ਦੇ ਜੋਗੀਆਂ, ਜਤੀਆਂ, ਰਿਸ਼ੀਆਂ, ਮੁਨੀਆਂ ਦਾ ਅਵਤਾਰ ਮੰਨ ਕੇ ਉਹਨਾਂ ਦੇ ਗੁਣਾਂ ਦਾ ਗਾਇਨ ਕੀਤਾ ਹੈ। ਇਹ ਭੱਟ ਉਹਨਾਂ ਦੇ ਗੁਣਾਂ ਦਾ ਗਾਇਨ ਇਸ ਲਈ ਕਰਦੇ ਹਨ ਕਿਉਂਕਿ ਗੁਰੂ

ਸਾਹਿਬਾਨ ਸਾਰੀ ਮਨੁੱਖਤਾ ਲਈ ਸਮਤਾ ਦੀ ਦ੍ਰਿਸ਼ਟੀ ਰਖਦੇ ਸਨ। ਇਸ ਲਈ ਉਨ੍ਹਾਂ ਵਾਸਤੇ ਕੋਈ ਉੱਚਾ ਨੀਵਾਂ ਨਹੀਂ ਤੇ ਨਾ ਹੀ ਹਿੰਦੂ ਮੁਸਲਮਾਨ:

*ਗੁਣ ਗਾਵੈ ਰਵਿਦਾਸੁ ਭਗਤੁ ਜੈਦੇਵ ਤ੍ਰਿਲੋਚਨ॥*

*ਨਾਮਾ ਭਗਤੁ ਕਬੀਰੁ ਸਦਾ ਗਾਵਹਿ ਸਮ ਲੋਚਨ॥* ਪੰਨਾ ੧੩੯੦

ਗੁਰੂ ਸਾਹਿਬਾਨ ਦੇ ਸਮੇਂ ਜੀਵਨ ਲਕਸ਼ ਦੀ ਪ੍ਰਾਪਤੀ ਲਈ ਜੋਗੀਆਂ ਨੇ ਹੱਠ-ਸਾਧਨਾ ਵਰਗੇ ਕਠਿਨ ਤਪ ਦਾ ਸਾਧਨ ਪ੍ਰਚਲਤ ਕੀਤਾ ਹੋਇਆ ਸੀ। ਇਸ ਮਾਰਗ ਵਿਚ ਸਧਾਰਨ ਵਿਅਕਤੀ ਲਈ ਕਠਨਾਈਆਂ ਸਹਿਣੀਆਂ ਅਤਿ ਕਠਿਨ ਸਨ। ਇਸ ਤੋਂ ਉਪਰ ਇਸ ਸਾਧਨਾ ਵਿਚ ਰਿਧੀਆਂ ਸਿਧੀਆਂ ਦਾ ਵੀ ਬੋਲਬਾਲਾ ਸੀ। ਰਾਗ ਮੁਕਤ ਬਾਣੀ ਦੁਆਰਾ ਪ੍ਰਵਾਨਿਤ ਰਾਜ ਜੋਗ ਦੇ ਸਿਧਾਂਤ ਨੂੰ ਭੱਟ ਬਾਣੀ ਨੇ ਖੂਬ ਚੰਗੀ ਤਰ੍ਹਾਂ ਪ੍ਰਚਾਰ ਕੀਤਾ। ਗੁਰੂ ਸਹਿਬਾਨ ਦੀ ਕੀਰਤੀ ਦਾ ਅੱਖੀਂ ਡਿਠੇ ਦਾ ਪ੍ਰਗਟਾਵਾ ਕੀਤਾ ਹੈ ਜੋ ਹਮੇਸ਼ਾ ਸਭ ਨੂੰ ਪ੍ਰਭਾਵਿਤ ਕਰਦਾ ਹੈ:

*ਗੁਰ ਨਾਨਕ ਅੰਗਦੁ ਅਮਰੁ ਭਗਤ ਹਰਿ ਸੰਗਿ ਸਮਾਣੇ॥*

*ਇਹ ਰਾਜ ਜੋਗ ਗੁਰ ਰਾਮਦਾਸ ਤੁਮ੍ਹ ਹੂ ਰਸੁ ਜਾਣੇ॥* ਪੰਨਾ ੧੩੯੮

ਜਿਥੇ ਰਾਗ ਮੁਕਤ ਬਾਣੀਆਂ ਵਿਚ ਵਰਣ ਵੰਡ, ਬ੍ਰਾਹਮਣਾਂ ਤੇ ਸਾਧਾਂ ਦੇ ਪਖੰਡੀ ਜੀਵਨ ਅਤੇ ਮੌਲਾਣਿਆਂ ਦੇ ਬਾਹਰੀ ਰੰਗ ਦਿਖਾਵੇ ਦਾ ਜ਼ਿਕਰ ਕੀਤਾ ਗਿਆ ਹੈ ਉਥੇ ਰਿਧੀਆਂ ਸਿਧੀਆਂ ਜਾਂ ਹੋਰ ਚਮਤਕਾਰ ਦਿਖਾਣ ਵਾਲੇ ਮਨੁੱਖਾਂ ਨੂੰ ਵੀ ਕੋਸਿਆ ਗਿਆ ਹੈ:

*ਪਰਮਾਣੋ ਪਰਜੰਤ ਆਕਾਸਹ ਦੀਪ ਲੋਅ ਸਿਖੰਡਣਹ॥*

*ਗਛੇਣ ਨੈਣ ਭਾਰੇਣ ਨਾਨਕ ਬਿਨਾ ਸਾਧੂ ਨ ਸਿਧ੍ਯਤੇ॥* ਪੰਨਾ ੧੩੬੦

ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਨਾਲ ਭਾਰਤੀ ਸੱਭਿਆਚਾਰ ਦਾ ਕ੍ਰਾਂਤੀਕਾਰੀ ਰੁਪਾਂਤਰਨ ਹੋ ਗਿਆ ਕਿਉਂਕਿ ਸਮੁੱਚਾ ਭਾਰਤੀ ਸੱਭਿਆਚਾਰ ਅਨੇਕਾਂ ਸੰਕਟਾਂ ਵਿੱਚ ਗ੍ਰੱਸਿਆ ਹੋਇਆ ਸੀ ਅਤੇ ਜਨ ਸਧਾਰਨ ਸਮਾਜਿਕ ਸਰੋਕਾਰਾਂ ਤੋਂ ਟੁਟ ਕੇ ਜਾਤ ਪਾਤ ਅਤੇ ਕਰਮ ਕਾਂਡਾਂ ਦੇ ਜਾਲ ਵਿੱਚ ਫਸ ਕੇ ਆਤਮ ਗਿਲਾਨੀ ਦਾ ਸ਼ਿਕਾਰ ਹੋ ਚੁੱਕਾ ਸੀ। ਇਸ ਸਮੇਂ ਸਦੀਆਂ ਤੋਂ ਚਲੀ ਆ ਰਹੀ ਪਤਨ ਭਰਪੂਰ ਜੀਵਨ ਸ਼ੈਲੀ ਨੂੰ ਆਪਣੇ ਸੱਚੇ ਅਤੇ ਗੌਰਵਮਈ ਵਿਰਸੇ ਨਾਲ ਜੋੜਨ ਲਈ ਉਹਨਾਂ ਅੰਦਰ ਅਹਿਸਾਸ ਜਗਾਉਣਾ ਅਤਿਅੰਤ ਜਰੂਰੀ ਸੀ। ਰਾਗ ਮੁਕਤ ਬਾਣੀ ਵਿੱਚ ਭੱਟ ਬਾਣੀ ਤੋਂ ਪਹਿਲਾਂ ਗੁਰੂ ਸਾਹਿਬ ਦੁਆਰਾ ਰਚਿਤ ਸਵੱਈਆਂ ਵਿੱਚ ਸਿੱਖ ਵਿਚਾਰਧਾਰਾ ਦੇ ਸਿਧਾਂਤਾਂ ਨੂੰ ਪੇਸ਼ ਕੀਤਾ ਗਿਆ ਹੈ। ਇਸ ਸਬੰਧ ਵਿੱਚ ਡਾ. ਕੁਲਦੀਪ ਸਿੰਘ ਧੀਰ 'ਭੱਟ ਬਾਣੀ ਦੇ ਸਿਧਾਂਤਕ ਤੇ ਸੰਸਥਾਗਤ ਪਰਿਪੇਖ' ਵਿਚ ਲਿਖਦੇ ਹਨ:

*ਸਿੱਖੀ ਦੇ ਸਿਧਾਂਤਕ ਸੰਸਥਾਗਤ ਸਰੂਪ ਦੀ ਸੁਚੇਤ ਉਸਾਰੀ ਪੱਖੋਂ ਭੱਟ ਬਾਣੀ ਤੋਂ ਫੌਰਨ ਪਹਿਲਾਂ ਗੁਰੂ ਅਰਜਨ ਸਾਹਿਬ ਰਚਿਤ 20 ਸੱਵਈਏ ਇਸ ਪਰਿਪੇਖ ਨੂੰ ਨਿਸਚਤ ਕਰ ਦਿੰਦੇ ਹਨ। ਭੱਟ ਬਾਣੀ ਦੇ 123 ਸੱਵਈਏ ਗੁਰੂ ਅਰਜਨ ਸਾਹਿਬ ਦੇ ਇਨ੍ਹਾਂ ਸੱਵਈਆਂ ਵਿਚਲੇ ਵਿਸ਼ਾ ਵਸਤੂ ਨੂੰ ਵਿਆਖਿਆਉਂਦੇ ਹਨ। ਇਨ੍ਹਾਂ ਸੱਵਈਆਂ ਉਪਰੰਤ ਸਲੋਕ ਵਾਰਾਂ ਤੇ ਵਧੀਕ ਵਿਚ ਇਸ ਵਿਸ਼ੇ ਦੀ ਝਲਕ ਪੈਂਦੀ ਹੈ।*[35]

- *ਸਤਿਗਰ ਸਿਉ ਆਲਾਇ ਬੇੜੇ ਡੁਬਣਿ ਨਾਹਿ ਭਉ॥* ਪੰਨਾ- ੧੪੧੦
- *ਨਾਨਕ ਗੁਰਮੁਖਿ ਛੁਟੀਐ ਹਰਿ ਪ੍ਰੀਤਮ ਸਿਉ ਸੰਗਿ॥*
- *ਨਾਨਕ ਗੁਰਮੁਖਿ ਉਬਰੇ ਗੁਰੁ ਸਰਵਰੁ ਸਚੀ ਪਾਲਿ॥* ਪੰਨਾ- ੧੪੧੧
- *ਜਮੁ ਜਾਗਾਤਿ ਨ ਲਗਈ ਜੇ ਚਲੈ ਸਤਿਗੁਰ ਭਾਇ॥*
  *ਨਾਨਕ ਨਿਰਮਲੁ ਅਮਰ ਪਦੁ ਗੁਰੁ ਹਰਿ ਮੇਲੈ ਮੇਲਾਇ॥* ਪੰਨਾ- ੧੪੧੧
- *ਨਿਰਮਲੁ ਨ੍ਹਾਵਣੁ ਨਾਨਕਾ ਗੁਰੁ ਤੀਰਥੁ ਦਰੀਆਉ॥* ਪੰਨਾ-੧੪੧੧

ਉਪਰੋਕਤ ਕਾਵਿ ਸਤਰਾਂ ਵਿੱਚ ਇਹ ਦ੍ਰਿੜ ਕੀਤਾ ਗਿਆ ਹੈ ਕਿ ਸਾਨੂੰ ਆਪਣਾ ਹੰਕਾਰ ਛਡ ਕੇ ਕਿਸੇ ਅਜਿਹੇ ਸਿਆਣੇ ਦਾ ਪੰਨਾ ਫੜਨਾ ਚਾਹੀਦਾ ਹੈ। ਜੋ ਜ਼ਿੰਦਗੀ ਦੀਆਂ ਮੁਸ਼ਕਲਾਂ ਤੋਂ ਬਚਾ ਸਕੇ। ਗੁਰੂ ਹੀ ਬੰਦੇ ਨੂੰ ਹਰੀ ਦੇ ਪ੍ਰੇਮ ਵਿਚ ਲਾ ਸਕਦਾ ਹੈ ਅਤੇ ਇੰਜ ਭੱਟ ਬਾਣੀ ਦਾ ਸਭਿਆਚਾਰ ਗੁਰੂ ਸਾਹਿਬਾਨ ਨਾਲ ਜੁੜ ਕੇ ਇਸ ਚੁਣੌਤੀ ਨੂੰ ਵੀ ਸਵੀਕਾਰ ਕਰ ਲੈਂਦਾ ਹੈ।

ਗੁਰੂ ਗ੍ਰੰਥ ਸਾਹਿਬ ਅਨੁਸਾਰ ਮਨੁੱਖੀ ਜੂਨ ਸਰਵੋਤਮ ਹੈ। ਇਸ ਜੂਨ ਵਿਚ ਹੀ ਚੰਗੇ ਕੰਮ ਕਰਕੇ ਸਮਾਜ ਵਿਚ ਇਕ ਸਭਿਆਚਾਰਕ ਜੀਵ ਵਾਂਗ ਵਿਚਰਨਾ ਹੁੰਦਾ ਹੈ। ਇਹ ਜੂਨ ਭਾਵੇਂ ਸਰਵੋਤਮ ਹੈ, ਵਿਸ਼ੇਸ਼ ਤੇ ਦੁਰਲੱਭ ਵੀ, ਪਰ ਇਹ ਸਥਾਈ ਨਹੀਂ। ਇਸ ਸਬੰਧ ਵਿੱਚ ਕਬੀਰ ਦਾ ਕਥਨ ਹੈ:

*ਕਬੀਰ ਮਾਟੀ ਕੇ ਹਮ ਪੂਤਰੇ ਮਾਨਸੁ ਰਾਖਿਓ ਨਾਉ।*

*ਚਾਰਿ ਦਿਵਸ ਕੇ ਪਾਹੁਨੇ ਬਡ ਬਡ ਰੂੰਧਹਿ ਠਾਉ॥* ਪੰਨਾ ੧੩੬੭

ਮਨੁੱਖ ਸਰਵੋਤਮ ਹੋਣ ਕਰ ਕੇ ਉਸਦੀ ਸਰਦਾਰੀ ਵੀ ਕਾਇਮ ਹੈ, ਇਹ ਜੀਵਨ ਦੁਰਲੱਭ ਵੀ ਹੈ, ਪਰ ਫਿਰ ਵੀ ਉਸਦੇ ਪੱਲੇ ਨਿਰਾਸਤਾ ਹੈ ਕਿਉਂਕਿ ਚਿੰਤਾਵਾਂ ਅਤੇ ਦੁਖਾਂ ਨੇ ਉਸਨੂੰ ਜਕੜਿਆ ਹੋਇਆ ਹੈ। ਉਸਨੂੰ ਆਪਣੀਆਂ ਦੁੱਖਾਂ ਤੋਂ ਛੁਟਕਾਰੇ ਦਾ ਕੋਈ ਢੰਗ ਨਹੀਂ ਲਭ ਰਿਹਾ। ਉਹ 'ਪਰਲੋਕ ਸੁਹੇਲੇ' ਲਈ ਚਿੰਤਿਤ ਹੈ, ਪਰ ਉਸ ਦਾ ਇਹ ਲੋਕ ਵੀ ਸੁਖੀਆ ਨਹੀਂ ਜਾਪਦਾ ਕਿੰਤੂ ਜੇ ਉਹ ਉਸਾਰੂ ਸੋਚ ਅਪਣਾ ਲਵੇ ਤਾਂ ਆਪਣੇ ਆਪ ਨੂੰ ਸੰਵਾਰ ਸਕਦਾ ਹੈ:

*ਆਪਣ ਹਥੀਂ ਆਪਣਾ ਆਪੇ ਹੀ ਕਾਜ ਸਵਾਰੀਐ॥* ਪੰਨਾ ੪੭੪

ਉਸ ਨੂੰ ਗੁਰੂ ਗ੍ਰੰਥ ਸਾਹਿਬ ਦੀ ਦਰਸਾਈ ਜੁਗਤੀ ਨਾਲ ਸੰਸਾਰਕ ਜੀਵਨ ਬਸਰ ਕਰਦਿਆਂ ਹਸਦਿਆਂ, ਖੇਡਦਿਆਂ ਆਪਣੇ ਜੀਵਨ ਦਾ ਮਨੋਰਥ ਪੂਰਾ ਕਰਨਾ ਹੈ। ਗੁਰਮਤਿ ਸਿਧਾਂਤ ਇਸ ਗੱਲ ਤੇ ਪਹਿਰਾ ਦਿੰਦਾ ਹੈ ਕਿ ਇਸ ਸੰਸਾਰ ਵਿਚ ਰਹਿੰਦਿਆਂ ਨਿਰਲੇਪ ਰਹਿ ਕੇ ਵੀ ਆਤਮਿਕ ਤੌਰ ਤੇ ਜਿਉਣਾ ਹੈ। ਰਾਗ ਮੁਕਤ ਬਾਣੀ ਵਿੱਚ ਦੱਸਿਆ ਹੈ ਕਿ ਕਈ ਲੋਕ ਤਾਂ ਸਾਹ ਲੈਂਦੇ ਹੋਏ ਵੀ ਮੁਰਦਿਆਂ ਦੀ ਤਰ੍ਹਾਂ ਹਨ:

*ਮਰਣੰ ਬਿਸਰਣੰ ਗੋਬਿੰਦਹ॥*

*ਜੀਵਨੰ ਹਰਿ ਨਾਮ ਧਾਵਣਹ॥* ਪੰਨਾ ੧੩੬੧

ਉਸ ਨੂੰ ਅਜਿਹੇ ਕੰਮ ਨਹੀਂ ਕਰਨੇ ਚਾਹੀਦੇ ਜਿਨ੍ਹਾਂ ਨਾਲ ਪ੍ਰਭੂ ਦੇ ਘਰ ਵਿਚ ਸ਼ਰਮਿੰਦਗੀ ਮਹਿਸੂਸ ਹੋਵੇ:

*ਫਰੀਦਾ ਜਿਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ॥*

*ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ॥* ਪੰਨਾ ੧੩੮੧

ਕਿਸੇ ਵੀ ਦੇਸ਼, ਕੌਮ, ਸਮਾਜ ਅਤੇ ਸਭਿਆਚਾਰ ਵਿਚ ਉਥੋਂ ਦੀ ਔਰਤ ਦੀ ਦਸ਼ਾ ਦਾ ਮਹੱਤਵਪੂਰਨ ਰੋਲ ਹੁੰਦਾ ਹੈ। ਜਿਸ ਸਮਾਜ ਵਿਚ ਇਸਤਰੀ ਦੀ ਅਵਸਥਾ ਨਿੱਘਰੀ ਹੋਵੇ, ਉਸ ਨੂੰ ਅਪੀਲ ਜਾਂ ਦਲੀਲ ਦਾ ਹੱਕ ਨਾ ਹੋਵੇ ਉਹ ਸਮਾਜ ਤੇ ਸਭਿਆਚਾਰ ਕਦੇ ਵੀ ਜ਼ਿੰਦਾ ਨਹੀਂ ਰਹਿ ਸਕਦਾ ਕਿਉਂਕਿ ਸਮੁੱਚੀ ਗੁਰਬਾਣੀ ਵਿਚ ਇਸਤਰੀ ਦਾ ਰੂਪਕ ਜੀਵ ਆਤਮਾ ਲਈ ਵਰਤਿਆ ਜਾਣਾ ਹੀ ਉਸ ਦੀ ਮਹੱਤਤਾ ਦਾ ਲਖਾਇਕ ਹੈ। ਜੋ ਇਸਤਰੀ ਵੈਦਿਕ ਕਾਲ ਵਿਚ ਸਨਮਾਨ ਪੂਰਵਕ ਸਥਾਨ ਰੱਖਦੀ ਸੀ ਪਰ ਨਾਥ ਕਾਲ ਵਿੱਚ ਉਸਨੂੰ 'ਬਾਘਨਿ' ਤਕ ਕਹਿ ਦਿੱਤਾ ਗਿਆ। ਗੁਰੂ ਨਾਨਕ ਸਾਹਿਬ ਨੇ 'ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਕਹਿ ਕੇ ਉਸਦੀ ਵਡਿਆਈ ਕੀਤੀ ਪਰ 'ਬਾਬਰ ਵਾਣੀ' ਵਿੱਚ ਇਸਤਰੀ ਦੀ ਤਤ ਕਾਲੀਨ ਸਥਿਤੀ ਨੂੰ ਇੰਜ ਬਿਆਨਿਆ ਗਿਆ ਹੈ:

*ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ॥*

*ਹੀਡੋਲੀ ਚੜਿ ਆਈਆ ਦੰਦ ਖੰਡ ਕੀਤੇ ਰਾਸਿ॥*

*ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ॥*

*ਇਕੁ ਲਖੁ ਲਹਿਨ ਬਹਿਠੀਆ ਲਖੁ ਲਹਨਿ ਖੜੀਆ॥*

*ਗਰੀ ਛੁਹਾਰੇ ਖਾਂਦੀਆ ਮਾਣਨਿ ਸੇਜੜੀਆ॥*

*ਤਿਨ੍ਹ ਗਲਿ ਸਿਲਕਾ ਪਾਈਆ ਤੁਟਨਿ ਮੋਤਸਰੀਆ॥*

*ਧਨੁ ਜੋਬਨੁ ਦੁਇ ਵੈਰੀ ਹੋਇ ਜਿਨ੍ਹੀ ਰਖੇ ਰੰਗੁ ਲਾਇ॥*

*ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ॥* ਪੰਨਾ ੪੧੭

ਉਸ ਨੂੰ ਘਰ ਦੀ ਚਾਰ ਦੀਵਾਰੀ ਵਿਚ ਕੈਦ ਕਰ ਕੇ ਅਯਾਸ਼ੀ ਦੀ ਚੀਜ਼ ਬਣਾ ਦਿੱਤਾ ਗਿਆ। ਕਈ ਵਾਰ ਵਿਧਵਾ ਹੋਣ ਦੀ ਸੂਰਤ ਵਿਚ ਵੇਸਵਾਗਮਨੀ ਪ੍ਰਤੀ ਰੁਚਿਤ ਹੋਣਾ ਜਾਂ ਫਿਰ ਸਤੀ ਹੋ ਜਾਣਾ ਪੈਂਦਾ ਸੀ। ਬਾਬਾ ਫਰੀਦ ਦੀਆਂ ਤੁਕਾਂ ਇਸ ਦਾ ਪ੍ਰਤਖ ਚਿਤਰ ਹਨ:

*ਫਰੀਦਾ ਜਿਨ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠੁ॥*

*ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ॥* ਪੰਨਾ ੧੩੭੮

ਉਸ ਦੀ ਮਾਰਮਿਕ ਅਵਸਥਾ ਦਾ ਸਿਖਰ ਸਤੀ ਪ੍ਰਥਾ ਹੈ। ਉਸ ਨੂੰ ਪਤੀ ਦੇ ਮਰਣ ਉਪਰੰਤ ਪੂਰਾ ਹਾਰ ਸ਼ਿੰਗਾਰ ਕਰਵਾ ਕੇ, ਸੰਧੂਰ ਲੈ ਕੇ ਨਾਰੀਅਲ ਉਸਦੇ ਹਥ ਵਿਚ ਫੜਾ ਕੇ ਬਲਦੀ ਚਿਖਾ ਵਿਚ ਸੜਨ ਲਈ ਮਜ਼ਬੂਰ ਕੀਤਾ ਜਾਂਦਾ ਸੀ। ਭਗਤ ਕਬੀਰ ਦੀ ਬਾਣੀ ਵਿੱਚ ਇਸ ਦੀ ਮਾਰਮਿਕ ਤਸਵੀਰ ਉਭਰਦੀ ਹੈ:

*ਡਗਮਗ ਛਾਡਿ ਰੇ ਮਨ ਬਉਰਾ॥*

*ਅਬ ਤਉ ਜਰੇ ਮਰੇ ਸਿਧਿ ਪਾਈਏ ਲੀਨੋ ਹਾਥਿ ਸੰਧਉਰਾ॥* ਪੰਨਾ ੩੩੮

ਗੁਰਬਾਣੀ ਚਿੰਤਨ ਵਿੱਚ ਸਤੀ ਪ੍ਰਥਾ ਦਾ ਕੜਾ ਵਿਰੋਧ ਕੀਤਾ ਗਿਆ ਹੈ ਇੱਥੇ ਸਤੀ ਪਤੀ ਦੀ ਚਿਤਾ ਵਿੱਚ ਮਰਨ ਵਾਲੀ ਔਰਤ ਨਹੀਂ ਸਗੋਂ ਉਸ ਦੇ ਵਿਯੋਗ ਵਿੱਚ ਆਪਣਾ ਜਤਿ ਸਤਿ ਕਾਇਮ ਰੱਖ ਕੇ 'ਸਤੀ' ਦਾ ਦਰਜਾ ਪ੍ਰਾਪਤ ਕਰਦੀ ਹੈ।

ਪੰਜਾਬੀ ਸਭਿਆਚਾਰ ਵਿਚ ਭੇਖੀ ਲੋਕ ਦਿਖਾਵਿਆਂ ਦੇ ਨਾਲ ਲਾਲ, ਭਗਵੇਂ, ਗੇਰੂਏ ਅਤੇ ਨੀਲੇ ਕਪੜੇ ਪਾ ਕੇ ਲੋਕਾਂ ਨੂੰ ਠੱਗਦੇ ਰਹੇ ਹਨ। ਭਗਵਾ ਰੰਗ ਵੈਰਾਗੀ ਭਾਵ ਦਾ ਸੂਚਕ ਹੁੰਦਾ ਹੈ ਪਰ ਰਾਗ ਮੁਕਤ ਬਾਣੀ ਵਿਚ ਇਨ੍ਹਾਂ ਭੇਖਧਾਰੀਆਂ ਤੇ ਤਕੜੀ ਚੋਟ ਲਾਈ ਗਈ ਹੈ:

*ਜੋਗ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ॥*

*ਨਾਨਕ ਘਰਿ ਬੈਠਿਆ ਜੋਗੁ ਪਾਈਐ ਸਤਿਗੁਰ ਕੈ ਉਪਦੇਸਿ॥* ਪੰਨਾ ੧੪੨੧

ਭਗਤ ਕਬੀਰ ਇਨ੍ਹਾਂ ਭੇਖਧਾਰੀਆਂ ਨੂੰ ਕਰੜੇ ਹੱਥੀਂ ਲੈ ਕੇ ਕਹਿੰਦੇ ਹਨ:

*ਕਬੀਰ ਮਨੁ ਮੂੰਡਿਆ ਨਾਹੀ ਕੇਸ ਮੁੰਡਾਏ ਕਾਂਇ॥*

*ਜੋ ਕਿਛੁ ਕੀਆ ਸੋ ਮਨਿ ਕੀਆ ਮੂੰਡਾ ਮੂੰਡੁ ਅਜਾਂਇ॥* ਪੰਨਾ ੧੩੬੯

ਇਸ ਸੰਸਾਰ ਵਿੱਚ ਪਰਾਇਆ ਧਨ ਚੁਰਾਣਾ ਜਾਂ ਪਰਾਈ ਇਸਤਰੀ ਗਮਨ ਕਰਨ ਵਾਲਿਆਂ ਨੂੰ ਹਮੇਸ਼ਾ ਸ਼ਰਮਿੰਦਾ ਹੋਣਾ ਪੈਂਦਾ ਹੈ:

*ਪਰਤ੍ਰਿਅ ਰਾਵਣਿ ਜਾਹਿ ਸੇਈ ਤਾ ਲਾਜੀਅਹਿ॥*

*ਨਿਤਪ੍ਰਤਿ ਹਿਰਹਿ ਪਰ ਦਰਬ ਛਿਦ੍ਰ ਕਤ ਢਾਕੀਅਹਿ॥* ਪੰਨਾ ੧੩੬੨

ਇਸ ਸਮਾਜ ਵਿਚ ਸ਼ਿਕਾਰੀ ਕਮਜ਼ੋਰ ਹਿਰਨੀ ਨੂੰ ਦੇਖ ਕੇ ਨਿਸ਼ਾਨਾ ਬੰਨ੍ਹ ਕੇ, ਸ਼ਸਤਰਾਂ ਨਾਲ ਚੋਟਾਂ ਮਾਰਣ ਤੋਂ ਵੀ ਗੁਰੇਜ਼ ਨਹੀਂ ਕਰਦਾ। ਕਥਿਤ ਤੌਰ ਤੇ ਨੀਵੀਂ ਜਾਤ ਨਾਲ ਸਬੰਧਿਤ ਇਹਨਾਂ ਲੋਕਾਂ ਦੀ ਤੁਲਨਾ ਕਮਜ਼ੋਰ ਹਿਰਨੀ ਨਾਲ ਕਰਕੇ ਉਹਨਾਂ ਨਾਲ ਆਪਣੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ:

*ਮ੍ਰਿਗੀ ਪੇਖੰਤ ਬਧਿਕ ਪ੍ਰਾਹਰੇਣ ਲਖ੍ਹ ਆਵਧਹ॥* ਪੰਨਾ ੧੩੫੪

ਮਨੁੱਖ ਪਾਪਾਂ, ਵਿਸ਼ੇ ਵਿਕਾਰਾਂ ਅਤੇ ਮਾਇਆ ਵਿਚ ਫਸ ਕੇ ਭਰਮ, ਮੋਹ, ਤੇ ਅਨਾਦਰ ਜੇਹੇ ਕੁਕਰਮਾਂ ਵਿਚ ਫਸਿਆ ਪਿਆ ਹੈ। ਉਸਦਾ ਮਨ ਅਤਿ ਦਾ ਮਲੀਨ ਹੋ ਚੁੱਕਾ ਹੈ:

*ਛਲੰ ਛਿਦ੍ਰੰ ਕੋਟਿ ਬਿਘਨੰ ਅਪਰਾਧੰ ਕਿਲਬਿਖ ਮਲੰ।*

*ਭਰਮ ਮੋਹੰ ਮਾਨ ਅਪਮਾਨੰ ਮਦੰ ਮਾਯਾ ਬਿਆਪਿਤੰ॥*

*ਮਿਤ੍ਰ ਜਨਮ ਭ੍ਰਮੰਤਿ ਨਰਕਹ ਅਨਿਕ ਉਪਾਵੰ ਨ ਸਿਧ੍ਹਤੇ॥* ਪੰਨਾ ੧੩੫੭

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਇਹਨਾਂ ਦੱਬੇ ਕੁਚਲੇ ਲੋਕਾਂ ਦੇ ਹੱਕ ਵਿੱਚ ਆਪਣੀ ਅਵਾਜ ਬੁਲੰਦ ਕਰਦੀ ਹੈ। ਸਮਾਜਿਕ ਅਨਿਆਂ ਦਾ ਸ਼ਿਕਾਰ ਹੋਏ ਇਹਨਾਂ ਲੋਕਾਂ ਦੇ ਮਨਾਂ ਅੰਦਰ ਨੈਤਿਕ ਮਨੋਬਲ ਪੈਦਾ ਕਰਕੇ ਇਹਨਾਂ ਸਾਰੇ ਸੰਕਟਾਂ ਦਾ ਮੁਕਾਬਲਾ ਕਰਨ ਦੇ ਸਮਰੱਥ ਬਣਾ ਦਿੰਦੀ ਹੈ। ਇਸ ਤਰ੍ਹਾਂ ਰਾਗ ਮੁਕਤ ਬਾਣੀ ਇਹਨਾਂ ਨਿਤਾਣੇ ਵਰਗਾਂ ਦੇ ਸਾਹਮਣੇ ਪੈਦਾ ਹੋਏ ਸੱਭਿਆਚਾਰਕ ਸੰਕਟਾਂ ਨੂੰ ਦੂਰ ਕਰਕੇ ਇਕ ਚੁਣੌਤੀ ਦੇ ਰੂਪ ਵਿੱਚ ਉਹਨਾਂ ਦੇ ਹੱਕ ਵਿੱਚ ਆਵਾਜ਼ ਉਠਾਉਂਦੀ ਹੈ।

## (ੲ) ਰਾਗ ਮੁਕਤ ਬਾਣੀ ਵਿੱਚ ਸਭਿਆਚਾਰਕ ਸਮਿਨਵੈ

ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਗਿਆਨ ਤੇ ਪ੍ਰਕਾਸ਼ ਦਾ ਸੋਮਾ ਹੈ। ਜਿਸ ਦੇ ਪ੍ਰਵਚਨ ਰਾਹੀਂ ਅਗਿਆਨਤਾ ਦਾ ਹਨੇਰਾ ਦੂਰ ਹੁੰਦਾ ਹੈ। ਗੁਰੂ ਅਰਜਨ ਦੇਵ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦੁਆਰਾ ਵਿਭਿੰਨ ਫਿਰਕਿਆਂ, ਜਾਤਾਂ, ਪ੍ਰਾਂਤਾਂ ਅਤੇ ਧਰਮਾਂ ਨਾਲ ਸਬੰਧਿਤ ਸੰਤਾਂ-ਭਗਤਾਂ ਦੀ ਰਚਨਾ ਨੂੰ ਸੰਕਲਿਤ ਕਰਕੇ ਭਾਰਤੀ ਸੰਸਕ੍ਰਿਤੀ ਦੀ ਅਧਿਆਤਮਕ ਚੇਤਨਾ ਨੂੰ ਇਕ ਸਰਵ ਪ੍ਰਵਾਨਿਤ ਅਤੇ ਸਰਬ ਸਾਂਝੀ ਰੂੜੀ ਵਿਚ ਪਰੋਇਆ ਹੈ। ਜਦੋਂ ਅਸੀਂ ਇਸ ਦਾ ਨਿਕਟ ਅਧਿਐਨ

ਕਰਦੇ ਹਾਂ ਤਾਂ ਇਨ੍ਹਾਂ ਦੁਆਰਾ ਸਿਰਜੇ ਸੰਸਾਰ ਵਿਚ ਸਭਿਆਚਾਰਕ ਚੇਤਨਾ ਦੀ ਇਕ ਨਿਰੰਤਰ ਧਾਰਾ ਨਜ਼ਰ ਆਉਂਦੀ ਹੈ। ਜਿਥੇ ਇਸ ਵਿਚਲੀ ਅਧਿਆਤਮਕਤਾ ਦਾ ਆਪਣਾ ਇਤਿਹਾਸਕ ਅਤੇ ਦਾਰਸ਼ਨਿਕ ਪਿਛਕੋੜ ਹੈ ਜੋ ਆਪਣੇ ਪੂਰਵ ਸੰਦਰਭਾਂ ਤੋਂ ਅਨਿੱਖੜ ਹੋ ਕੇ ਵੀ ਸਮਕਾਲੀ ਚੇਤੰਨਤਾ ਨਾਲ ਜੁੜਿਆ ਹੋਇਆ ਹੈ। ਵੇਦਾਂ ਨੂੰ ਮਨੁੱਖੀ ਅਧਿਆਤਮਕ ਅਨੁਭੂਤੀ ਦਾ ਅਗਾਜ਼ ਕਿਹਾ ਜਾਂਦਾ ਹੈ। ਗੁਰੁ ਗ੍ਰੰਥ ਸਾਹਿਬ ਦੇ ਅਥਾਹ ਤੇ ਅਖੁੱਟ ਖਜ਼ਾਨੇ ਨੂੰ ਵਾਚਿਆ ਜਾਵੇ ਤਾਂ ਇਹ ਆਪਣੇ ਪੂਰਵ ਕਾਲੀਨ ਅਤੇ ਸਮਕਾਲੀਨ ਅਧਿਆਤਮਕ ਦਰਸ਼ਨ ਦਾ ਸਿਖ਼ਰ ਜਾਪਦਾ ਹੈ। ਕਈ ਵਿਦਵਾਨ ਇਸ ਮਹਾਨ ਗ੍ਰੰਥ ਦੀ ਵਡਿਆਈ ਸਦਕਾ ਇਸ ਨੂੰ 'ਮਧਕਾਲ ਦਾ ਰਿਗ ਵੇਦ ' ਕਹਿੰਦੇ ਹਨ। ਡਾ. ਜਗਬੀਰ ਸਿੰਘ ਗੁਰੂ ਗ੍ਰੰਥ ਸਾਹਿਬ ਨੂੰ ਭਾਰਤੀ ਸੱਭਿਆਚਾਰਕ ਵਿਰਸੇ ਦਾ ਪ੍ਰਤੀਕ ਮੰਨਦੇ ਹਨ। ਉਹਨਾਂ ਦੀ ਵਿਚਾਰਧਾਰਾ ਅਨੁਸਾਰ, "ਇਹ ਗ੍ਰੰਥ ਜਿਥੇ ਅਧਿਆਤਮਕ ਮੰਡਲਾਂ ਦੀ ਗਲ ਕਰਦਾ ਹੈ ਉਥੇ ਮੱਧਕਾਲੀਨ ਭਾਰਤੀ ਸਭਿਆਚਾਰਕ ਵਿਰਸੇ ਦਾ ਪ੍ਰਤੀਕ ਵੀ ਹੈ। ਇਸਦੇ ਬਾਣੀਕਾਰ ਸਿਖ ਧਰਮ ਦੇ ਪ੍ਰਵਰਤਕ ਗੁਰੂ ਨਾਨਕ ਦੇਵ ਇਤਿਹਾਸਕ ਪ੍ਰਵਿਰਤੀਆਂ ਅਤੇ ਸਭਿਆਚਾਰਕ ਵੰਗਾਰਾਂ ਦੇ ਰੂਬਰੂ ਹੋ ਕੇ ਆਪਣੇ ਰੂਹਾਨੀ ਪ੍ਰਵਚਨ ਦੀ ਉਸਾਰੀ ਕਰਦੇ ਹਨ।" ਭਾਵੇਂ ਉਹ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਨੂੰ ਭਾਰਤੀ ਚਿੰਤਨ ਵੇਦਾਂ, ਉਪਨਿਸ਼ਦਾਂ, ਸ਼ਾਸਤਰਾਂ ਅਤੇ ਪੁਰਾਣਾਂ ਉਤੇ ਅਧਾਰਤ ਵਿਚਾਰਧਾਰਾ ਅਨੁਸਾਰ ਸਵੀਕਾਰ ਕਰਦੇ ਹਨ। ਪੂਰਵ ਇਤਿਹਾਸਕ ਯੁਗ ਵਿਚ ਰਿਗ ਵੇਦ ਅਜਿਹਾ ਰੂਹਾਨੀ ਪ੍ਰਵਚਨ ਹੈ ਜੋ ਮਨੁੱਖੀ ਹੋਂਦ ਦੇ ਰਹੱਸ ਨੂੰ ਫਰੋਲਦਾ ਹੈ। ਇਹ ਪ੍ਰਵਚਨ ਆਰੀਆਈ ਅਤੇ ਪੂਰਵ ਆਰਿਆਈ ਸਭਿਆਚਾਰਾਂ ਵਿਚਕਾਰ ਸੰਘਰਸ਼ ਅਤੇ ਸੰਵਾਦ ਦੀ ਸਿਰਜਣਾ ਹੈ। ਇਸ ਨੂੰ ਪੰਜਾਬੀ ਤੇ ਭਾਰਤੀ ਸਭਿਆਚਾਰ ਦਾ ਨਵਾਂ ਪਹੁ ਫੁਟਾਲਾ ਵੀ ਆਖਿਆ ਜਾ ਸਕਦਾ ਹੈ। ਇਸ ਪਹੁ-ਫੁਟਾਲੇ ਦੀ ਸਿਖ਼ਰ ਦੁਪਹਿਰ ਉਪਨਿਸ਼ਦਾਂ ਅਦੇ ਦਰਸ਼ਨ ਸ਼ਾਸਤਰਾਂ ਦੇ ਰੂਪ ਵਿਚ ਹੁੰਦੀ ਹੈ। ਜਦੋਂ ਵੈਦਿਕ ਪਰੰਪਰਾ ਅਵੈਦਿਕ ਪਰੰਪਰਾ ਨਾਲ ਸੰਵਾਦ ਰਚਾਉਂਦੀ ਹੈ ਤਾਂ ਇਸ ਸਭਿਆਚਾਰਕ ਸੰਵਾਦ ਦੇ ਬੀਜ ਰਿਗ ਵਾਣੀ ਵਿਚੋਂ ਹੀ ਤਲਾਸ਼ ਕਰਦੀ ਹੈ।[36]

ਬਾਣੀਕਾਰਾਂ ਨੇ ਭਿੰਨ ਭਿੰਨ ਜੀਵਨ ਵਿਧੀਆਂ ਅਤੇ ਪ੍ਰਾਪਤੀ ਮਾਰਗਾਂ ਨੂੰ ਸਮਾਨਤਾ ਦੇ ਅਧਾਰ ਉਤੇ ਪ੍ਰਵਾਨਗੀ ਦਿੰਦਿਆਂ ਜਿਸ ਉਦਾਰ ਭਾਵਨਾ ਦਾ ਪ੍ਰਗਟਾਵਾ ਕੀਤਾ ਹੈ ਉਹ ਰਿਗ ਵੇਦ ਦੇ ਰਿਸ਼ੀਆਂ ਦੀ ਰੂਹਾਨੀ ਅੰਤਰ ਦ੍ਰਿਸ਼ਟੀ ਦਾ ਜਲੌ ਹੀ ਹੈ। ਅਸਲ ਵਿਚ ਮੱਧਕਾਲ ਵਿਚ ਇਸਲਾਮੀ ਸਭਿਆਚਾਰ ਸਥਾਪਿਤ ਹੋ ਰਿਹਾ ਸੀ। ਇਸ ਸਭਿਆਚਾਰ ਨੇ ਪੰਜਾਬ ਵਾਲੇ ਪਾਸਿਉਂ ਹਮਲੇ ਕਰਕੇ ਭਾਰਤ ਵਿਚ ਇਸਲਾਮੀ ਰਾਜ ਨੂੰ ਸਥਾਪਿਤ ਕਰ ਲਿਆ। ਇਸ ਸਮੇਂ ਹੀ ਧਰਮ-ਅਸਥਾਨਾਂ ਦੀ ਪਵਿਤਰਤਾ ਭੰਗ ਕੀਤੀ ਅਤੇ ਇਸਲਾਮ ਦੇ ਕਟੜ ਪੰਥੀ ਸ਼ਾਸ਼ਕਾਂ ਨੇ ਹਿੰਦੂਆਂ ਨੂੰ ਜਬਰੀ ਮੁਸਲਮਾਨ

ਬਨਾਉਣਾ ਚਾਹਿਆ। ਗੁਰੂ ਤੇਗ ਬਹਾਦਰ ਨੂੰ ਹਿੰਦੂਆਂ ਦੀ ਰਖਵਾਲੀ ਲਈ ਆਪਣਾ ਬਲੀਦਾਨ ਦਿੱਤਾ। ਗੁਰੂ ਨਾਨਕ ਨੇ ਜਿਸ ਜਨੇਊ ਨੂੰ ਪਾਉਣ ਤੋਂ ਇਨਕਾਰ ਕੀਤਾ ਸੀ, ਉਸੇ ਜਨੇਊ ਦੀ ਖਾਤਰ ਨੌਵੇਂ ਨਾਨਕ ਨੇ ਸ਼ਹਾਦਤ ਦਾ ਜਾਮ ਪੀਤਾ। ਇਨ੍ਹਾਂ ਸਭ ਕਾਰਨਾਂ ਕਰਕੇ ਹੀ ਮੁਸਲਮਾਨ ਸ਼ਾਸਕਾਂ ਅਤੇ ਪਰਜਾ ਵਿਚਕਾਰ ਬੇਗਾਨਗੀ ਦਾ ਜਜਬਾ ਭਾਰੂ ਸੀ। ਪ੍ਰੋ. ਪ੍ਰੀਤਮ ਸਿੰਘ ਮੁਤਾਬਕ, *"ਪੱਛਮੋਤਰੀ ਭਾਰਤ ਦੀ ਭੂਮੀ ਉੱਤੇ ਅਰਬੀ ਝੰਡੇ ਦੇ ਝੂਲਨ ਨਾਲ ਭਾਰਤੀ ਇਤਿਹਾਸ ਵਿਚ ਮਧਜੁਗ ਦਾ ਆਰੰਭ ਹੁੰਦਾ ਹੈ। ਇਸ ਤਰ੍ਹਾਂ ਇਸਲਾਮੀ ਸਭਿਆਚਾਰ ਨਾਲ ਪਹਿਲਾਂ ਪਹਿਲ ਰਿਸ਼ਤਾ ਤਾਂ ਤਣਾਉ ਵਾਲਾ ਹੀ ਬਣਿਆ ਰਿਹਾ। ਇਸ ਸਮੇਂ ਬ੍ਰਾਹਮਣਵਾਦ ਨੂੰ ਦਬਾਉਣ ਦਾ ਯਤਨ ਵੀ ਕੀਤਾ ਗਿਆ। ਦੇਵੀ ਦੇਵਤਿਆਂ ਦੀ ਥਾਂ ਤੇ ਸਖ਼ੀ ਸਰਵਰ ਦੀ ਪੂਜਾ ਵੀ ਹੋਣ ਲੱਗ ਪਈ।"* [37]

ਪੁਰਾਤਨ ਕਾਲ ਵਿਚ ਵੀ ਨਿਸ਼ੁਧ, ਦ੍ਰਾਵੜ, ਆਰੀਆ ਅਤੇ ਮੰਗੋਲ ਕੌਮਾਂ ਆਪਣਾ ਸਭਿਆਚਾਰ ਪੰਜਾਬ ਉੱਤੇ ਜਬਰੀ ਠੋਸਦੀਆਂ ਰਹੀਆਂ ਪਰ ਪੰਜਾਬੀ ਸਭਿਆਚਾਰ ਨੂੰ ਸਭ ਤੋਂ ਵੱਧ ਆਰਿਆਈ ਸਭਿਆਚਾਰ ਨੇ ਪ੍ਰਭਾਵਤ ਕੀਤਾ। ਸ਼ਾਇਦ ਇਸੇ ਕਰਕੇ ਇਨ੍ਹਾਂ ਸਾਰੀਆਂ ਕੌਮਾਂ ਨੇ ਆਰੀਆ ਸਭਿਆਚਾਰ ਨਾਲ ਕਿਸੇ ਕਿਸਮ ਦਾ ਤਣਾਉ ਨਹੀਂ ਸਿਰਜਿਆ ਸਗੋਂ ਆਤਮ ਸਮਰਪਣ ਕਰ ਦਿੱਤਾ। ਪੰਜਾਬ ਦੇ ਸੱਭਿਆਚਾਰ ਦੀ ਵਿਸ਼ੇਸ਼ਤਾ 'ਰੱਬ' ਹੈ ਪਰ ਇਸ ਤੋਂ ਵੀ ਪਵਿੱਤਰ ਥਾਂ ਮਨ ਨੂੰ ਮੰਨਿਆ ਗਿਆ ਹੈ। ਗੁਰੂ ਨਾਨਕ ਬਾਣੀ ਵਿੱਚ ਮਨ ਨੂੰ ਜਿੱਤਣ ਉੱਤੇ ਬਲ ਦੇ ਕੇ ਇਸ ਤੱਥ ਦੀ ਪੁਸ਼ਟੀ ਕੀਤੀ ਗਈ ਹੈ:

*ਮਨ ਜੀਤੈ ਜਗਿ ਜੀਤ॥* ਪੰਨਾ ੭

ਇਸ ਪ੍ਰਸੰਗ ਵਿੱਚ ਡਾ. ਅਮਰਜੀਤ ਸਿੰਘ ਕਾਂਗ ਦੇ ਨਿਮਨਲਿਖਿਤ ਵਿਚਾਰ ਅਸੀਂ ਆਪਣੇ ਵਿਚਾਰਾਂ ਦੀ ਪ੍ਰੋੜਤਾ ਲਈ ਦੇ ਰਹੇ ਹਾਂ। ਉਹ ਲਿਖਦੇ ਹਨ, "ਇਸਲਾਮੀ ਸਭਿਆਚਾਰ ਨਾਲ ਪਹਿਲਾਂ ਪਹਿਲ ਤਨਾਉ ਵੀ ਹੈ ਤੇ ਬਾਅਦ ਵਿਚ ਡੂੰਘਾ ਸੰਸਲੇਸ਼ਣ ਵੀ। ਇਹ ਦੋਵੇਂ ਸਭਿਆਚਾਰ ਸੰਬਾਦਕ ਬਿਰਤੀ ਰਾਹੀਂ ਸਾਂਸਕ੍ਰਿਤਕ ਸਮੂਹਾਂ ਦੀ ਵਿੱਥ ਨੂੰ ਭੰਗ ਕਰਕੇ ਪ੍ਰਸਪਰ ਸੰਜੋਗ ਰਾਹੀਂ ਨਵੇਂ ਮੁੱਲ ਸਿਰਜਨ ਦਾ ਆਹਰ ਕਰਦੇ ਪ੍ਰਤੀਤ ਹੁੰਦੇ ਹਨ।" ਇਸ ਤਰ੍ਹਾਂ ਕੱਟੜ ਪੰਥੀ ਸਾਮੀ ਸਭਿਆਚਾਰ ਦੇ ਵਿਰੋਧ ਵਿਚ ਉਠਣ ਵਾਲੀ ਲਹਿਰ ਨੇ ਪੰਜਾਬੀ ਜੀਵਨ ਜਾਚ ਨੂੰ ਪ੍ਰਭਾਵਿਤ ਕੀਤਾ। ਇਸ ਤੋਂ ਵਧ ਭਗਤੀ ਲਹਿਰ ਦੇ ਫਲਸਰੂਪ ਨੇ ਪੰਜਾਬੀ ਸਭਿਆਚਾਰ ਨੂੰ ਮਜ਼ਹਬੀ ਜਨੂੰਨ ਅਤੇ ਹਕੂਮਤੀ ਭੈਅ ਤੋਂ ਨਿਰਲੇਪ ਕਰਕੇ ਲੋਕ ਪੱਖੀ ਸੁਭਾਅ ਦੇ ਸੰਚੇ ਵਿਚ ਢਾਲ ਦਿੱਤਾ।[38] ਅਸਲ ਵਿਚ ਜਦੋਂ ਇਕ ਧਰਾਤਲ ਉਤੇ ਦੋ ਸਭਿਆਚਾਰ ਟਕਰਾਉਂਦੇ ਹਨ ਤਾਂ ਉਦੋਂ ਇਕ ਦੂਜੇ ਨੂੰ ਮਿਟਾਉਣ ਦੀ ਬਜਾਏ ਸਮਿਨਵੈ ਦੇ ਰੂਪ ਵਿਚ ਇਕ ਨਵਾਂ ਸੰਕਲਪ ਉਭਰਦਾ ਹੈ। ਕਈ ਵਾਰ ਇਹ ਸੰਸਲੇਸ਼ਣ ਇਕ ਦੂਜੇ

ਨਾਲ ਇੰਜ ਓਤਪ੍ਰੋਤ ਹੋ ਜਾਂਦਾ ਹੈ ਕਿ ਇਤਿਹਾਸ ਦੀ ਸਹਾਇਤਾ ਤੋਂ ਬਿਨਾਂ ਇਸ ਨੂੰ ਪਹਿਚਾਨਣਾ ਵੀ ਅਤਿਅੰਤ ਮੁਸ਼ਕਲ ਹੋ ਜਾਂਦਾ ਹੈ। ਡਾ. ਅਮਰਜੀਤ ਸਿੰਘ ਕਾਂਗ ਅਨੁਸਾਰ:

> *ਜਿਵੇਂ ਦੋ ਵਿਰੋਧੀ ਜੁਜ਼ ਰਲਕੇ ਇਕ ਨਵੀਂ ਸਿਰਜਣਾ ਕਰਦੇ ਹਨ ਅਤੇ ਇਹ ਨਵ-ਸਿਰਜਣਾ ਦੋਹਾਂ ਦੀ ਹੋ ਕੇ ਵੀ ਆਪਣੇ ਆਪ ਵਿਚ ਵਿਲੱਖਣ ਹੁੰਦੀ ਹੈ। ਤਿਵੇਂ ਹੀ ਦੋ ਵਿਰੋਧੀ ਸਭਿਆਚਾਰਾਂ ਵਿਚੋਂ ਜਦੋਂ ਕੋਈ ਨਵਾਂ ਮੁਲ ਜਾਂ ਸੰਸਾਰ ਸਿਰਜਿਆ ਜਾਂਦਾ ਹੈ ਤਾਂ ਉਹ ਦੋਹਾਂ ਦਾ ਸਾਂਝਾ ਹੋ ਕੇ ਵੀ ਆਪਣੀ ਵਿਲੱਖਣ ਖ਼ੁਦਮੁਖਤਾਰੀ ਕਾਇਮ ਰੱਖਦਾ ਹੈ।*[39]

ਭਾਰਤ ਦੇ ਇਤਿਹਾਸ ਵਿਚ ਮੱਧਕਾਲ ਮੁਗਲਈ ਰਾਜ ਪ੍ਰਬੰਧ ਨੇ ਰਾਜਨੀਤਕ ਅਤੇ ਸਾਂਸਕ੍ਰਿਤਕ ਪੱਧਰ ਤੇ ਇਕ ਵੱਡੀ ਵੰਗਾਰ ਪਾਈ। ਜਿਸ ਨੂੰ ਕਈ ਵਾਰ ਸਵੀਕਾਰ ਕੀਤਾ ਗਿਆ ਤੇ ਕਈ ਥਾਈਂ ਨਕਾਰਿਆ ਵੀ ਗਿਆ। ਇਸ ਪ੍ਰਵਾਨਗੀ ਅਤੇ ਅਪ੍ਰਵਾਨਗੀ ਵਿਚੋਂ ਹੀ ਮੱਧਕਾਲ ਦੀ ਸਾਰੀ ਸੰਸਕ੍ਰਿਤੀ ਦਾ ਨਿਰਮਾਣ ਹੋਇਆ। ਪੂਰੇ ਭਾਰਤ ਵਿਚ ਸਭਿਆਚਾਰਕ ਸਮਿਨਵੈ ਦੀ ਲਹਿਰ ਚਲ ਪਈ। ਭਗਤੀ ਲਹਿਰ ਦੇ ਕਵੀਆਂ ਨੇ ਇਸ ਸਾਮੰਤਵਾਦ ਦੇ ਖਿਲਾਫ਼ ਜ਼ੋਰ ਨਾਲ ਆਵਾਜ਼ ਉਠਾਈ। ਬਾਣੀ ਚਿੰਤਨ ਪੂਰੀ ਤਰ੍ਹਾਂ ਇਸ ਨਾਲ ਸੰਬੰਧਿਤ ਹੋ ਗਿਆ। ਇਸੇ ਲਈ ਗੁਰਬਾਣੀ ਦੇ ਪ੍ਰਵਚਨ ਦੀ ਇਸ ਸਮੇਂ ਖਾਸ ਮਹਾਨਤਾ ਹੈ। ਸਮੁੱਚੇ ਸਭਿਆਚਾਰ ਦੇ ਅੰਤਰਗਤ ਗੁਰਬਾਣੀ ਵਿਚ ਬ੍ਰਹਿਮੰਡ ਤੋਂ ਬ੍ਰਹਮ ਤਕ ਪੁਜਦਿਆਂ ਸਾਰੀ ਸੰਚਾਰ ਪ੍ਰਕਿਰਿਆ ਦਾ ਪ੍ਰਦਰਸ਼ਨ ਕਰਕੇ ਇਕ ਸੀਮਾ ਨਿਰਧਾਰਤ ਕਰ ਲੈਂਦੀ ਹੈ। ਇਸ ਤਰ੍ਹਾਂ ਸਮਿਨਵੈ ਦੀ ਪ੍ਰਵਿਰਤੀ ਵਿਚ ਕਈ ਕੁਝ ਪ੍ਰਵਾਨ ਕੀਤਾ ਜਾਂਦਾ ਹੈ ਤੇ ਕਈ ਕੁਝ ਤਿਆਗ ਦਿੱਤਾ ਜਾਂਦਾ ਹੈ। ਸਾਮੀ ਤੇ ਭਾਰਤੀ ਪਰੰਪਰਾ ਵਿਚ ਵੀ ਅਨੇਕਾਂ ਨਵੀਆਂ ਕੀਮਤਾਂ ਦੀ ਸਿਰਜਨਾ ਹੁੰਦੀ ਹੈ। ਇਸੇ ਕਾਲ ਦੌਰਾਨ ਹੀ ਮੁਸਲਮ ਸੂਫੀ ਫਕੀਰਾਂ ਦੇ ਆਉਣ ਨਾਲ ਅਧਿਆਤਮਕ ਮਨੁੱਖ ਦੇ ਅਰਥ ਹੀ ਬਦਲ ਗਏ। ਬਾਬਾ ਫਰੀਦ ਦਾ ਸਲੋਕ 'ਜਿਤ ਦਿਹਾੜੇ ਧਨ ਵਰੀ ਸਾਹੇ ਲਏ ਲਿਖਾਏ' ਵਿੱਚ ਮੌਤ-ਵਿਆਹ ਦਾ ਸੰਯੁਕਤ ਚਿਤਰ ਪੇਸ਼ ਕਰਦਾ ਹੈ। ਡਾ. ਬਲਵੀਰ ਸਿੰਘ ਪੰਜਾਬ ਦੇ ਸੱਭਿਆਚਾਰ ਉੱਪਰ ਪਏ ਪ੍ਰਭਾਵਾਂ ਦਾ ਜਿਕਰ ਕਰਦੇ ਹੋਏ ਲਿਖਦੇ ਹਨ, *"ਭਾਰਤ ਵਿਚ ਆਰੀਆ ਲੋਕਾਂ ਦੇ ਪ੍ਰਵੇਸ਼ ਤੋਂ ਪਹਿਲਾਂ ਯੂਨਾਨੀ, ਕੁਸ਼ਾਨ, ਹੂਨ, ਮੰਗੋਲ ਅਤੇ ਪਠਾਨ ਆਦਿ ਕਈ ਬਾਹਰਲੀਆਂ ਜ�ਤਾਂ ਦੇ ਲੋਕ ਸਮੇਂ ਸਮੇਂ ਪੰਜਾਬ ਵਿਚ ਵਸਦੇ ਰਹੇ ਜਿਸ ਕਾਰਨ ਪੰਜਾਬੀ ਸਭਿਆਚਾਰ ਉਤੇ ਬਾਹਰਲੇ ਸਭਿਆਚਾਰ ਪ੍ਰਭਾਵ ਪਾਉਂਦੇ ਰਹੇ।"*[40]

ਸਾਡੇ ਵਿਚਾਰ ਅਨੁਸਾਰ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਅਤੇ ਸੰਪਾਦਿਕਤਾ ਦੋਵੇਂ ਇਸ ਗਲ ਦਾ ਪ੍ਰਤੱਖ ਪ੍ਰਮਾਣ ਹੈ। ਜਿਥੇ ਇਸ ਵਿਚਲੀ ਬਾਣੀ ਗੁਰੂ ਸਾਹਿਬਾਨ ਦੁਆਰਾ ਉਚਾਰੀ ਗਈ ਹੈ

ਉਥੇ ਨਾਲ ਭਾਰਤ ਦੀ ਭਗਤੀ ਲਹਿਰ ਦੀ ਪ੍ਰਤੀਨਿਧਤਾ ਦੀ ਵੀ ਉਤਮ ਉਦਾਹਰਣ ਹੈ। ਇਸ ਤਰ੍ਹਾਂ ਹਿੰਦੂ ਮੁਸਲਮ ਸਮਿਨਵੈ ਦੇ ਰੂਪ ਵਿਚ ਇਕ ਸੰਯੁਕਤ ਸਭਿਆਚਾਰ ਪੈਦਾ ਹੋਇਆ ਜਿਸ ਨੂੰ ਗਿਆਨੀ ਦਿੱਤ ਸਿੰਘ ਬੜੇ ਖੂਬਸੂਰਤ ਸ਼ਬਦਾਂ ਵਿਚ ਬਿਆਨ ਕਰਦੇ ਹਨ:

*ਕੁਸ ਹੰਨੇ ਦੇ, ਕੁਝ ਬੰਨੇ ਦੇ, ਪਹਾੜਾਂ ਵਾਲੀ ਰੰਨੇ ਦੇ*
*ਕੁਝ ਢੋਲ ਢਮੱਕਾ ਸਰਵਰ ਦਾ*
*ਕੁਝ ਹਿੜਵਸ ਬਾਬੇ ਨਾਨਕ ਦੀ।* [41]

ਇਸੇ ਸੰਯੁਕਤ ਸਭਿਆਚਾਰ ਕਾਰਨ ਮੱਧਕਾਲ ਦੀ ਇਸ ਲਹਿਰ ਨੂੰ ਨਵ ਜਾਗ੍ਰਿਤੀ ਦੀ ਲਹਿਰ ਵੀ ਆਖਿਆ ਜਾਂਦਾ ਹੈ। ਮਹੱਤਵਪੂਰਨ ਹੈ ਕਿ ਬਾਣੀ ਇਸ ਨਵ ਜਨਣੀ ਲਹਿਰ ਦੀ ਸਭਿਆਚਾਰਕ ਦਸਤਾਵੇਜ਼ ਬਣਕੇ ਉਜਾਗਰ ਹੁੰਦੀ ਹੈ। ਇਸ ਤਰ੍ਹਾਂ ਮਹਾਨ ਗ੍ਰੰਥ ਵਿਚ ਬੋਦੀਆਂ ਹੋ ਚੁੱਕੀਆਂ ਪ੍ਰਚਲਿਤ ਰੀਤੀ ਰਿਵਾਜਾਂ, ਪਾਖੰਡੀ ਜੀਵਨ ਅਤੇ ਜਾਤ ਪ੍ਰਥਾ ਨੂੰ ਛਿੱਕੇ ਟੰਗ ਕੇ ਸੂਫੀਆਂ ਵਾਲੇ ਇਸ਼ਕ ਹਕੀਕੀ ਨੂੰ ਪ੍ਰਗਟਾਇਆ। [42] ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ ਗੁਰੂ ਸਾਹਿਬਾਨ ਤੋਂ ਇਲਾਵਾ ਵੱਖ ਵੱਖ ਜਾਤਾਂ, ਜਮਾਤਾਂ, ਇਲਾਕਿਆਂ ਨਾਲ ਸਬੰਧਿਤ ਹਨ। ਰਾਗ ਮੁਕਤ ਬਾਣੀ ਵਿੱਚ ਹਿੰਦੂ ਮੁਸਲਮ ਸਮਿਨਵੈ ਦੀ ਸਪਸ਼ਟ ਉਦਾਹਰਣ ਸ਼ੇਖ ਫਰੀਦ ਦੀ ਬਾਣੀ ਹੈ। ਡਾ. ਤਾਰਨ ਸਿੰਘ ਲਿਖਦੇ ਹਨ:

> *ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਭਗਤ ਬਾਣੀ ਭਾਵੇਂ ਭਾਰਤੀ ਚਿੰਤਨ ਵੇਦਾਂ, ਉਪਨਿਸ਼ਦਾਂ, ਸ਼ਾਸਤਰਾਂ ਤੇ ਪੁਰਾਣਾਂ ਤੇ ਅਧਾਰਤ ਵਿਚਾਰਧਾਰਾ ਉਤੇ ਹੀ ਉਸਰੀ ਹੈ। ਇਸੇ ਤਰ੍ਹਾਂ ਸ਼ੇਖ ਫ਼ਰੀਦ ਦੀ ਵਿਚਾਰਧਾਰਾ ਕੁਰਾਨ ਤੇ ਅਧਾਰਤ ਹੈ। ਪਰ ਜੋ ਵਿਚਾਰਧਾਰਾ ਉਨ੍ਹਾਂ ਨੇ ਆਪਣੇ ਸ਼ਲੋਕਾਂ ਤੇ ਸ਼ਬਦਾਂ ਵਿਚ ਪ੍ਰਗਟਾਈ ਉਹ ਜ਼ਿਆਦਾਤਰ ਉਨ੍ਹਾਂ ਦੇ ਜ਼ਾਤੀ ਅਨੁਭਵ ਉਤੇ ਉਸਰੀ ਹੈ।* [43]

ਇਸ ਲਈ ਉਨ੍ਹਾਂ ਦੇ ਸਲੋਕਾਂ ਵਿਚ ਪੰਜ ਵਖ਼ਤ ਨਮਾਜ ਪੜ੍ਹਨ, ਉਜੂ ਸਾਜਣ, ਅਜਰਾਈਲ ਦੇਵਤ, ਮਸੀਤ ਆਦਿ ਦਾ ਜ਼ਿਕਰ ਆਇਆ ਹੈ।

ਮੱਧਕਾਲ ਦੇ ਇਸ ਸਭਿਆਚਾਰਕ ਸੰਸਲੇਸ਼ਣ ਵਿਚੋਂ ਹੀ ਇਕ ਅਜੇਹੀ ਚੇਤਨਾ ਪੈਦਾ ਹੋ ਗਈ ਕਿ ਪਰਮਾਤਮਾ ਨੂੰ ਨਵੇਂ ਰੂਪ ਵਿਚ ਵਿਚ ਚਿਤਰਿਆ। ਗੁਰੂ ਨਾਨਕ ਦਾ ਨਿਰਭਉ ਤੇ ਨਿਰਵੈਰ ਦਾ ਸੰਕਲਪ ਮਨੁੱਖ ਨੂੰ ਵੀ ਉਹੀ ਰੂਪ ਦੇਣ ਲਗ ਪਿਆ। ਇਸ ਤਰ੍ਹਾਂ ਇਕ ਅਜਿਹੇ ਮਨੁੱਖ ਦੀ ਗਲ਼ ਤੋਰੀ ਗਈ ਜੋ ਲੌਕਿਕ ਰਿਸ਼ਤਿਆਂ ਨੂੰ ਨਿਭਾਉਂਦਿਆਂ ਅਲੌਕਿਕ ਰਹੱਸਵਾਦੀ ਅਨੰਦ ਨੂੰ

ਵੀ ਮਾਣਦਾ ਹੈ। ਭਗਤ ਕਬੀਰ ਦਾ ਜੀਵਨ ਅਤੇ ਰਚਨਾ ਇਸ ਦਾ ਪ੍ਰਤੱਖ ਪ੍ਰਮਾਣ ਹੈ। ਡਾ. ਅਤਰ ਸਿੰਘ ਇਸ ਸੱਭਿਆਚਾਰਕ ਸੰਸਲੇਸ਼ਣ ਨੂੰ ਭਾਰਤੀ ਇਤਿਹਾਸ ਵਿੱਚ ਪੁਨਰ-ਜਾਗ੍ਰਿਤੀ ਦਾ ਕਾਲ ਮੰਨਦਾ ਹੈ। ਇਸ ਸਭਿਆਚਾਰਕ ਸਮਿਨਵੈ ਵਿਚ ਧਰਮ ਨੂੰ ਸਰਲ ਅਰਥ ਪ੍ਰਦਾਨ ਕੀਤੇ ਗਏ। ਮਨੁੱਖੀ ਅਨੁਭਵਾਂ ਨੂੰ ਪ੍ਰਗਟਾਉਣ ਲਈ ਲੋਕ ਭਾਸ਼ਾ ਦਾ ਪ੍ਰਯੋਗ ਕੀਤਾ ਗਿਆ ਅਤੇ ਇਸ ਨੂੰ ਲੋਕ ਪ੍ਰਵਾਨਗੀ ਵੀ ਪ੍ਰਾਪਤ ਹੋਈ ਅਤੇ ਮਨੁੱਖੀ ਹਕੀਕਤ ਦੇ ਪ੍ਰਸ਼ਨਾਂ ਨੂੰ ਲੌਕਿਕਤਾ ਅਤੇ ਅਲੌਕਿਕਤਾ ਦੋਹਾਂ ਰੂਪਾਂ ਵਿਚ ਦੇਖਿਆ ਗਿਆ। ਇਸ ਲਈ ਉਸ ਦੇ ਜਾਤ ਰੂਪ ਨੂੰ ਦੇਖਣ ਦੀ ਬਜਾਏ ਉਸਦੇ ਕਰਮਾਂ ਨੂੰ ਦੇਖਿਆ ਜਾਣ ਲਗ ਪਿਆ। ਭਗਤ ਰਵਿਦਾਸ ਦੀ ਬਾਣੀ ਵਿਚ ਇਸ ਗਲ ਦਾ ਚਿਤਰਨ ਕੀਤਾ ਗਿਆ ਹੈ ਕਿ ਕੁਲੀਨ ਵਰਗ ਦੇ ਬ੍ਰਾਹਮਣ ਵੀ ਉਸ ਨੂੰ ਪ੍ਰਵਾਨ ਕਰਨ ਲਗ ਪਏ:

*ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ॥*
*ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥* ਪੰਨਾ ੧੨੯੩

ਭਾਰਤੀ ਦਰਸ਼ਨ ਅਤੇ ਸਾਮੀ ਵਿਚਾਰਧਾਰਾ ਦੋਹਾਂ ਦੇ ਸੁਮੇਲ ਵਿਚੋਂ ਇਕ ਅਜਿਹਾ ਮਾਨਵੀ ਸੰਕਲਪ ਉਭਰਿਆ ਜੋ ਗਤੀ ਹੀਣ ਪਰੰਪਰਾਵਾਂ ਨੂੰ ਤੋੜਨ ਦੀ ਸਮਰੱਥਾ ਰੱਖਦਾ ਹੈ। ਡਾ. ਅਤਰ ਸਿੰਘ ਆਪਣੇ ਇੱਕ ਨਿਬੰਧ ਵਿਚ ਲਿਖਦੇ ਹਨ 'ਚੇਤਨਾ ਨੇ ਜਿਸ ਲੋਕ ਸਭਿਆਚਾਰ ਨੂੰ ਅਪਣਾਇਆ, ਉਸ ਵਿਚੋਂ ਇਕ ਅਜਿਹਾ ਮਾਨਵੀ ਸੰਕਲਪ ਪੈਦਾ ਹੋਇਆ, ਜਿਹੜਾ ਹੋਣ, ਥੀਣ ਲਈ ਸੁਤੰਤਰ ਹੈ, ਆਪਣੇ ਬੰਧਨਾਂ ਤੋਂ ਮੁਕਤ ਹੋਣ ਲਈ ਕਾਰਜਸ਼ੀਲ ਹੈ। ਜਿਸ ਮਨੁੱਖ ਨੂੰ ਆਪਣੀ ਹੋਂਦ ਦਾ ਗੌਰਵ ਹੈ ਉਹ ਜਾਤ-ਪਾਤ ਦੇ ਬੰਧਨਾਂ ਤੋਂ ਮੁਕਤ ਹੈ ਕਿਉਂਕਿ ਉਸ ਨੂੰ ਰੱਬੀ ਟੇਕ ਪ੍ਰਾਪਤ ਹੋਈ ਹੈ।'[45]

ਰਾਗ ਮੁਕਤ ਬਾਣੀ ਵਿੱਚ ਬਾਣੀਕਾਰ ਕੁਲੀਨ ਵਰਗ ਦੇ ਵਿਰੋਧ ਵਿਚ ਖਲੋ ਜਾਂਦੇ ਹਨ। ਉਹ ਪਰੰਪਰਾਮਈ ਭਾਸ਼ਾ ਨੂੰ ਤਿਆਗ ਕੇ ਲੋਕ ਭਾਸ਼ਾ ਅਪਣਾ ਲੈਂਦੇ ਹਨ ਅਤੇ ਪੁਰਾਣੀਆਂ ਮਿੱਥਾਂ ਨੂੰ ਤੋੜ ਕੇ ਨਵੇਂ ਅਰਥਾਂ ਦੇ ਰੂਪਾਂਤਰਨ ਵਲ ਆ ਜਾਂਦੇ ਹਨ। ਇਸ ਦੀ ਸਭ ਤੋਂ ਵਧੀਆ ਉਦਾਹਰਣ ਜਪੁਜੀ ਵਿਚ ਦੇਖੀ ਜਾ ਸਕਦੀ ਹੈ:

*ਧੌਲੁ ਧਰਮੁ ਦਇਆ ਕਾ ਪੂਤੁ॥*
*ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥*
*ਜੇ ਕੋ ਬੁਝੈ ਹੋਵੈ ਸਚਿਆਰੁ॥*
*ਧਵਲੈ ਉਪਰਿ ਕੇਤਾ ਭਾਰੁ॥*
*ਧਰਤੀ ਹੋਰੁ ਪਰੈ ਹੋਰੁ ਹੋਰੁ॥*

*ਤਿਸ ਤੇ ਭਾਰੁ ਤਲੈ ਕਵਣੁ ਜੋਰੁ॥* ਪੰਨਾ ੩

ਇਸ ਵਿਚ ਪੁਰਾਣੀ ਮਿੱਥ ਧਰਤੀ ਧੌਲ ਦੇ ਸਿੰਗਾਂ ਉਪਰ ਖੜੀ ਹੈ, ਨੂੰ ਤੋੜ ਕੇ ਧੌਲ ਅਤੇ ਧਰਮ ਨੂੰ ਦਯਾ ਦਾ ਪੁਤਰ ਕਿਹਾ ਹੈ ਜਿਸ ਉਪਰ ਧਰਤੀ ਦਾ ਭਾਰ ਟਿਕਿਆ ਹੋਇਆ ਹੈ।

ਇਸ ਕਾਲ ਦੌਰਾਨ ਲੋਕ ਜੀਵਨ ਵਿਚ ਧਰਮ ਅਤੇ ਕਰਮ ਵਿਚ ਵਿੱਥ ਪੈ ਚੁੱਕੀ ਸੀ। ਨਿਮਨ ਵਰਗ ਦੇ ਲੋਕਾਂ ਨੇ ਬ੍ਰਾਹਮਣੀ ਮਨੌਤਾਂ ਅਤੇ ਸੁਚ ਭਿੱਟ ਦੀ ਭਾਵਨਾ ਤੋਂ ਵਿਦਰੋਹੀ ਹੋ ਕੇ ਇਸਲਾਮ ਵਿਚਲੀ ਬਰਾਬਰੀ ਵਾਲੀ ਭਾਵਨਾ ਕਰਕੇ ਧਰਮ ਨੂੰ ਅਪਣਾ ਲਿਆ ਪਰ ਆਪਣੇ ਜੀਵਨ ਨੂੰ ਪਹਿਲੇ ਧਰਮ ਵਾਲਾ ਹੀ ਰਖਿਆ ਹੋਇਆ ਸੀ। ਇਸ ਤਰ੍ਹਾਂ ਭਾਵੇਂ ਉਨ੍ਹਾਂ ਨੇ ਧਰਮ ਪ੍ਰੀਵਰਤਿਤ ਕਰ ਲਿਆ ਪਰ ਉਨ੍ਹਾਂ ਦੇ ਜੀਵਨ ਵਿਵਹਾਰ ਤੇ ਦ੍ਰਿਸ਼ਟੀ ਵਿਚ ਬਹੁਤਾ ਅੰਤਰ ਨਹੀਂ ਆਇਆ। ਇਸ ਤਰ੍ਹਾਂ ਬਾਣੀ ਚਿੰਤਨ ਵਿਚ ਗਲਤ ਰੀਤਾਂ ਰਸਮਾਂ ਦੀ ਪੂਰਤੀ ਦਾ ਮਾੜਾ ਪ੍ਰਭਾਵ ਦਰਸਾ ਕੇ ਨਵੀਂ ਜੀਵਨ ਜੁਗਤੀ ਦੀ ਸੇਧ ਦਿੱਤੀ। ਸੂਫੀ ਸੰਸਾਰ ਤੇ ਬਾਣੀ ਸੰਸਾਰ ਦੋਵੇਂ ਵਖ-ਵਖ ਧਾਰਾਵਾਂ ਨਾਲ ਜੁੜੇ ਹੋਣ ਕਰਕੇ ਵਿਚਾਰਧਾਰਾ ਵੀ ਭਿੰਨ ਸੀ। ਫਰੀਦ ਬਾਣੀ ਵਿਚ ਇਕ ਦਿਨ ਮਿਲਾਪ ਦੀ ਅਣਹੋਂਦ ਅੰਗਾਂ ਦੇ ਟੁੱਟ ਜਾਣ ਨਾਲ ਹੁੰਦੀ ਹੈ ਪਰ ਬਾਣੀ ਵਿਚ ਇੰਜ ਨਹੀਂ ਹੁੰਦਾ ਉਥੇ 'ਸੁਪਨੇ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ' ਵਾਲੀ ਸਥਿਤੀ ਹੁੰਦੀ ਹੈ। ਬਾਣੀ ਸੰਸਾਰ ਵਿਚ ਮੂਲ ਸਥਿਤੀ ਵਿਯੋਗ ਦੀ ਹੈ। ਇਸ ਅਨੁਭਵ ਵਿਚੋਂ ਇਹ ਗ੍ਰਹਿਣ ਕਰ ਲਿਆ ਜਾਂਦਾ ਹੈ ਕਿ ਸੰਸਾਰ ਵਿੱਚ ਵਿਚਰਦਿਆਂ ਕਿਵੇਂ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਭਗਤੀ ਲਹਿਰ ਨੇ ਸਭਿਆਚਾਰਕ ਨਵ ਜਾਗ੍ਰਿਤੀ ਨੂੰ ਇਸ ਪੱਕਾ ਹੁਲਾਰਾ ਦਿੱਤਾ ਕਿ ਉਨ੍ਹਾਂ ਨੇ ਪੁਰਾਤਨ ਮਨੌਤਾਂ ਨੂੰ ਰੱਦ ਕਰਕੇ ਇਕ ਐਸਾ ਰੂਹਾਨੀ ਮਾਰਗ ਤਲਾਸ਼ਿਆ ਜੋ ਉਨ੍ਹਾਂ ਦੇ ਮਨੋਬਲ ਨੂੰ ਉੱਚਾ ਚੁਕਣ ਵਿਚ ਸਹਾਈ ਹੋ ਸਕਦਾ ਸੀ। ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਬਾਣੀ ਇਕ ਪਾਸੇ ਸਥਾਪਿਤ ਕਦਰਾਂ ਕੀਮਤਾਂ ਨੂੰ ਨਕਾਰਦੀ ਹੈ ਤੇ ਨਾਲ ਹੀ ਕਰਮ ਕਾਂਡੀ ਅਡੰਬਰਾਂ, ਜਾਤੀ ਪ੍ਰਥਾ ਦੇ ਕੁਹਜ ਨੂੰ ਵੀ ਵੰਗਾਰਦੀ ਹੈ। ਇਸਦੀ ਬਾਣੀ ਸਮੁੱਚੀ ਸਭਿਆਚਾਰਕ ਵਿਰਾਸਤ ਨਾਲ ਸੰਵਾਦ ਰਚਾ ਕੇ ਰੂਹਾਨੀ ਮੰਡਲ ਦੀਆਂ ਉਡਾਰੀਆਂ ਬਖਸ਼ਦੀ ਹੈ। ਬਾਣੀਕਾਰਾਂ ਦੀ ਵਿਚਾਰਧਾਰਾ ਬ੍ਰਹਿਮੰਡੀ ਚੇਤਨਾ ਦੇ ਉਸ ਦ੍ਰਿਸ਼ਟੀ ਬਿੰਦੂ ਉਤੇ ਟਿਕੀ ਹੋਈ ਹੈ, ਜਿਥੇ ਭਿੰਨਤਾਵਾਂ ਅਤੇ ਵਿਤਕਰੇ ਆਪਣੇ ਆਪ ਹੀ ਮਹੱਤਵਹੀਣ ਹੋ ਜਾਂਦੇ ਹਨ:

*ਅਵਲਿ ਅਲਹ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ॥*

*ਏਕ ਨੂਰ ਤੇ ਸਭ ਜਗ ਉਪਜਿਆ ਕਉਨ ਭਲੇ ਕਉਣ ਮੰਦੇ॥* ਪੰਨਾ ੧੩੫੦

ਇਸ ਸਭਿਆਚਾਰਕ ਸਮਿਨਵੈ ਵਿਚ ਧਾਰਮਿਕ ਅਨੁਭਵਾਂ ਨੂੰ ਪ੍ਰਗਟਾਉਣ ਲਈ ਹਿੰਦੂ ਅਤੇ ਮੁਸਲਿਮ ਵਿਰਸੇ ਰਾਹੀਂ ਉਘਾੜਨ ਦਾ ਯਤਨ ਕੀਤਾ ਗਿਆ ਹੈ। ਬਾਣੀਕਾਰ ਇਸ ਵਿਭਿੰਨਤਾ ਵਿਚੋਂ ਵੀ ਰੂਹਾਨੀਅਤ ਲਭ ਲੈਂਦੇ ਹਨ। ਭਗਤ ਕਬੀਰ ਨੇ ਮਨੁੱਖੀ ਸਮਾਜ ਨੂੰ ਕੁਲ ਅਤੇ ਜਾਤੀ ਦੇ ਆਧਾਰ ਤੇ ਵੰਡਣ ਵਾਲੀ ਮਿੱਥ ਨੂੰ ਤੋੜ ਕੇ ਇਸ ਗੱਲ ਨੂੰ ਸਮਝਾਇਆ ਹੈ ਕਿ ਬ੍ਰਾਹਮਣ ਅਤੇ ਸ਼ੂਦਰ ਦੋਵੇਂ ਹੀ ਪ੍ਰਮਾਤਮਾ ਦੀ ਉਪਜ ਹਨ। ਭਗਤ ਨਾਮਦੇਵ ਆਪ ਨੀਵੀਂ ਜਾਤ ਦੇ ਹੋਣ ਕਾਰਨ ਕਟਾਕਸ਼ ਕਰਦੇ ਹੋਏ ਆਪਣੇ ਨਾਲ ਹੋਈ ਬਦਸਲੂਕੀ ਲਈ ਜ਼ਿੰਮੇਵਾਰ ਬਾਪੁ ਬੀਠੁਲਾ ਨੂੰ ਦਸਦੇ ਹਨ:

*ਸੂਦੁ ਸੂਦੁ ਕਰਿ ਮਾਰਿ ਉਠਾਇਓ ਕਹਾ ਕਰਉ ਬਾਪ ਬੀਠੁਲਾ॥*

*ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨਾ ਜਾਨੈ ਕੋਇਲਾ॥*

*ਏ ਪੰਡੀਆ ਮੋ ਕਉ ਢੇਢ ਕਹਤ ਤੇਰੀ ਪੈਜ ਪਿਛੰਉਡੀ ਹੋਇਲਾ॥* ਪੰਨਾ ੧੨੯੨

ਭਗਤ ਕਬੀਰ ਦਾ ਮਿਸ਼ਨ ਸਿਰਫ਼ ਪ੍ਰੇਮ ਦਾ ਧਰਮ ਪ੍ਰਚਾਰ ਕਰਨ ਦਾ ਸੀ, ਜੋ ਧਰਮਾਂ ਅਤੇ ਨਾਵਾਂ ਦੀਆਂ ਪਈਆਂ ਹੋਈਆਂ ਵਿੱਥਾਂ ਨੂੰ ਮੇਲੇ। ਉਸਨੇ ਹਿੰਦੂ ਧਰਮ ਅਤੇ ਇਸਲਾਮ ਧਰਮ ਦੀਆਂ ਉਨ੍ਹਾਂ ਸਭ ਨਿਯਮਾਂ ਦੀ ਰੱਜ ਕੇ ਆਲੋਚਨਾ ਕੀਤੀ ਅਤੇ ਉਸਨੇ ਦੋਹਾਂ ਧਰਮਾਂ ਵਿਚੋਂ ਉਹ ਵਿਚਾਰ ਚੁਣੇ ਜੋ ਇਕ ਦੂਜੇ ਨਾਲ ਮਿਲਦੇ ਸਨ ਅਤੇ ਵੱਖਰੇਪਨ ਦੀ ਸਿਖਿਆ ਨਹੀਂ ਦਿੰਦੇ ਸਨ। ਇਸੇ ਲਈ ਉਨ੍ਹਾਂ ਨੂੰ ਹਿੰਦੂ ਮੁਸਲਿਮ ਸਮਿਨਵੈ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਬਾਬਰ ਬਾਣੀ ਸਭਿਆਚਾਰਕ ਸਮਿਨਵੈ ਦੀ ਇਕ ਉਤਮ ਉਦਾਹਰਣ ਹੈ। 'ਪਾਪ ਕੀ ਜੰਞ' ਲੈ ਕੇ ਆਇਆ ਬਾਬਰ ਮੁਸਲਮਾਨ ਸੁਆਣੀਆਂ ਤੇ ਤੁਰਕਾਣੀਆਂ ਦੀ ਉਸੇ ਪ੍ਰਕਾਰ ਬੇਪਤੀ ਕਰਦਾ ਹੈ ਜਿਵੇਂ ਹਿੰਦੂਆਣੀਆਂ, ਭਟਿਆਣੀਆਂ ਤੇ ਠਕੁਰਾਣੀਆਂ ਦੀ ਬੇਪਤੀ ਕਰਦਾ ਹੈ, ਹਵਸ ਵਿਚ ਅੰਨ੍ਹੇ ਹੋਏ ਉਹਨਾਂ ਸਾਹਮਣੇ ਹਿੰਦੂ ਅਤੇ ਮੁਸਲਮਾਨ ਹੀ ਕੋਈ ਤਮੀਜ਼ ਨਹੀਂ ਰਹਿ ਗਈ ਸੀ:

*ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥* ਪੰਨਾ ੭੨੨

ਗੁਰਬਾਣੀ ਚਿੰਤਨ ਵਿੱਚ 'ਏਕ ਪਿਤਾ ਏਕਸ ਕੇ ਹਮ ਬਾਰਿਕ' ਦਾ ਸਿਧਾਂਤ ਕੰਮ ਕਰਦਾ ਹੈ। ਜਿਸ ਅਨੁਸਾਰ ਅਕਾਲ ਪੁਰਖ ਕਰਤਾ ਪੁਰਖ ਹੋਣ ਕਰਕੇ ਸਭ ਦਾ ਸਾਂਝਾ ਪਿਤਾ ਹੈ। ਪਿਤਾ ਦੇ ਹੁਕਮ ਦੀ ਪਾਲਣਾ ਕਰਨੀ ਬਚਿਆਂ ਦਾ ਧਰਮ ਹੁੰਦਾ ਹੈ। ਸਹਿਜ ਭਾਵ ਦੀਆਂ ਰੁਚੀਆਂ ਵਾਲਾ ਕੇਵਲ ਨਿਰਭਉ ਸਮਾਜ ਹੀ ਹੋ ਸਕਦਾ ਹੈ। ਇਸ ਨਾਲ ਨਿਰਵੈਰ ਸਮਾਜ ਵਿਸ਼ਵਾਸ ਦੀ ਲੀਹ ਤੇ ਪੈ ਕੇ ਸਾਂਝੀਵਾਲਤਾ ਪੈਦਾ ਕਰ ਸਕਦਾ ਹੈ। ਪ੍ਰੇਮ ਭਗਤੀ ਵਾਲਾ ਆਤਮ ਸਮਰਪਣ ਇਸ ਨਿਰਭਉ ਤੇ ਨਿਰਵੈਰ ਸਮਾਜ ਦਾ ਮੂਲ ਉਦੇਸ਼ ਹੈ। ਪ੍ਰੇਮ ਭਗਤੀ ਵਾਲੇ ਮਨੁੱਖ ਨੂੰ ਕਬੀਰ ਨੇ 'ਖਾਲਸਾ' ਦਾ ਨਾਮ ਦਿੱਤਾ ਹੈ:

*ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ॥* ਪੰਨਾ ੬੫੪

ਜੀਵਾਤਮਾ ਅਤੇ ਬ੍ਰਹਮ ਦੋਵੇਂ ਗਤੀਸ਼ੀਲ ਸੰਕਲਪ ਹਨ। ਇਹਨਾਂ ਦੀ ਹੋਂਦ ਵੀ ਇਕ ਦੂਸਰੇ ਨਾਲ ਰਿਸ਼ਤੇ ਵਿਚ ਹੀ ਬੱਝੀ ਹੋਈ ਹੈ ਪਰ ਪਾਰਬ੍ਰਹਮ ਜੋ ਸਾਰੀ ਤਬਦੀਲੀ ਨੂੰ ਆਪਣੇ ਵਿਚ ਸਮੋਈ ਬੈਠਾ ਹੈ, ਇਨ੍ਹਾਂ ਤੋਂ ਪਾਰ ਇਕੋ ਇਕ ਸਦੀਵੀ ਸੱਚ ਹੈ:

*ਨਰਕੁ ਸੁਰਗੁ ਨਹੀ ਜੰਮਣੁ ਮਰਣਾ ਨਾ ਕੋ ਆਇ ਨ ਜਾਇਦਾ॥*

*ਬ੍ਰਹਮਾ ਬਿਸਨੁ ਮਹੇਸੁ ਨ ਕੋਈ॥ ਅਵਰੁ ਨ ਦੀਸੈ ਏਕੋ ਸੋਈ॥*

– – – –

*ਬੇਦ ਕਤੇਬ ਨ ਸਿੰਮ੍ਰਿਤ ਸਾਸਤ॥ ਪਾਠ ਪੁਰਾਣ ਉਦੈ ਨਹੀ ਆਸਤ॥*
*ਕਹਤਾ ਬਕਤਾ ਆਪਿ ਅਗੋਚਰੁ ਆਪੇ ਅਲਖੁ ਲਖਾਇਦਾ॥* ਪੰਨਾ ੧੦੩੫-੩੬

ਗੁਰੂ ਗ੍ਰੰਥ ਸਾਹਿਬ ਵਿਚ ਕਿਰਤ ਕਮਾਈ ਦੇ ਸੰਬੰਧ ਵਿਚ 'ਘਾਲ ਖਾਇ ਕਿਛੁ ਹਥਹੁ ਦੇਇ' ਦੇ ਨਾਲ ਹਰਾਮ ਦੀ ਕਮਾਈ ਦਾ ਪੂਰੀ ਤਰ੍ਹਾਂ ਖੰਡਨ ਕੀਤਾ ਗਿਆ ਹੈ:

*ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥*

*ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥*

*ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ॥*

*ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ॥*

*ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ॥* ਪੰਨਾ ੧੪੧

ਇਸ ਸਭਿਆਚਾਰਕ ਸਮਿਨਵੈ ਦੀ ਮੂੰਹ ਬੋਲਦੀ ਤਸਵੀਰ ਗੁਰੂ ਨਾਨਕ ਦੀ ਸ਼ਖਸੀਅਤ ਅਤੇ ਵਿਹਾਰ ਵਿੱਚ ਪ੍ਰਗਟ ਹੁੰਦੀ ਹੈ। ਪੁਰਾਤਨ ਜਨਮ ਸਾਖੀ ਵਿੱਚ ਵੇਈਂ ਪ੍ਰਵੇਸ਼ ਵਾਲਾ ਪ੍ਰਸੰਗ ਇਸੇ ਤੱਥ ਵਲ ਸੰਕੇਤ ਕਰਦਾ ਹੈ। ਸਾਖੀਕਾਰ ਅਨੁਸਾਰ ਗੁਰੂ ਨਾਨਕ ਦੇਵ ਨੇ ਵੇਈਂ ਨਦੀ ਵਿਚ ਪ੍ਰਵੇਸ਼ ਕਰਨ ਤੋਂ ਬਾਅਦ ਉਚਾਰਿਆ, 'ਨਾ ਕੋਈ ਹਿੰਦੂ ਨਾ ਮੁਸਲਮਾਨ' ਦਾ ਸਮੂਰਤ ਪ੍ਰਗਟਾਵਾ ਉਨ੍ਹਾਂ ਨੂੰ ਹਿੰਦੂ ਮੁਸਲਮ ਸਮਿਨਵੈ ਦਾ ਪੱਖੀ ਜ਼ਾਹਰ ਕਰਦਾ ਹੈ। ਇਸ ਤੱਥ ਨੂੰ ਇਕ ਸੁਪ੍ਰਸਿੱਧ ਲੋਕ ਕਥਨ ਰਾਹੀਂ ਪ੍ਰਗਟਾਇਆ ਗਿਆ ਹੈ:

*ਨਾਨਕ ਸ਼ਾਹ ਫਕੀਰ*

*ਹਿੰਦੂ ਕਾ ਗੁਰੂ*

*ਮੁਸਲਮਾਨ ਕਾ ਪੀਰ।* [44]

ਜਦੋਂ ਗੁਰੂ ਅਰਜਨ ਦੇਵ ਨੇ ਸਾਈ ਮੀਆਂ ਮੀਰ ਪਾਸੋਂ ਦਰਬਾਰ ਸਾਹਿਬ ਦੀ ਨੀਂਹ ਰਖਵਾਈ ਤਾਂ ਇਸ ਸੱਭਿਆਚਾਰਕ ਸਮਿਨਵੈ ਦਾ ਸਿਖਰ ਨਜ਼ਰ ਆਉਂਦਾ ਹੈ।

ਗੁਰੂ ਨਾਨਕ ਬਾਣੀ ਵਿਚ ਦਿਖਾਵੇ ਦੀ ਧਾਰਮਿਕਤਾ ਲਈ ਵਖ ਵਖ ਤਰ੍ਹਾਂ ਦੇ ਭੇਸ ਧਾਰਨ ਕਰਨ ਦੀ ਕਰੜੀ ਆਲਚਨਾ ਹੋਈ ਹੈ। ਕਾਜ਼ੀ, ਬ੍ਰਾਹਮਣ ਤੇ ਜੋਗੀ ਸਮਾਜ ਵਿੱਚ ਆਪਣੇ ਫਰਜ਼ਾਂ ਨੂੰ ਭੁਲਾ ਕੇ ਪਰਜਾ ਨੂੰ ਦੁਖੀ ਕਰ ਰਹੇ ਸਨ। ਇਸੇ ਲਈ ਗੁਰੂ ਨਾਨਕ ਬਾਣੀ ਵਿੱਚ ਇਹ ਪੰਕਤੀਆਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ:

*ਕਾਦੀ ਕੂੜੁ ਬੋਲਿ ਮਲੁ ਖਾਇ॥*
*ਬ੍ਰਾਹਮਣੁ ਨਾਵੈ ਜੀਆ ਘਾਇ॥*
*ਜੋਗੀ ਜੁਗਤਿ ਨ ਜਾਣੈ ਅੰਧੁ॥*
*ਤੀਨੇ ਓਜਾੜੇ ਕਾ ਬੰਧੁ॥* ਪੰਨਾ ੬੬੨

ਗੁਰੂ ਨਾਨਕ ਆਪਣੀ ਬਾਣੀ ਰਾਹੀਂ ਆਤਮਕ ਸੁੱਖਾਂ ਲਈ ਗ੍ਰਹਿਸਥੀ ਤੋਂ ਭੱਜਣ ਵਾਲਿਆਂ ਨੂੰ ਸਖ਼ਤ ਤਾੜਨਾ ਕਰਦੇ ਹਨ। ਉਹ ਮਨੁੱਖਤਾ ਦਾ ਕਲਿਆਣ ਕਰਨ ਵਾਸਤੇ ਇਕ ਕ੍ਰਾਂਤੀਕਾਰੀ ਰਹਿਬਰ ਤੇ ਦੌਰ ਤੇ ਹੀ ਇਸ ਸੰਸਾਰ ਵਿਚ ਆਏ ਸਨ। ਉਨ੍ਹਾਂ ਦੀ ਪੁਕਾਰ ਤਾਂ:

*ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥* ਪੰਨਾ ੮੫੩

ਵਾਲੀ ਸੀ ਉਨ੍ਹਾਂ ਨੇ ਤਾਂ ਲੋਕਾਂ ਨੂੰ ਆਪਣਾ ਗੌਰਵ ਬਹਾਲ ਕਰਨ ਦੀ ਪ੍ਰੇਰਨਾ ਦਿੱਤੀ। ਉਹ ਲੋਕ ਸਭਿਆਚਾਰ ਦਾ ਬੁਰਾ ਹਾਲ ਦੇਖ ਕੇ ਦੁਖੀ ਹੁੰਦੇ ਹਨ। ਹਿੰਦੂ ਮਰਦਾਂ ਦਾ ਪਹਿਰਾਵਾ ਇਤਨਾ ਇਸਲਾਮੀ ਰੰਗ ਦਾ ਹੋ ਗਿਆ ਕਿ ਵਡੇ ਵਡੇ ਅਧਿਕਾਰੀ ਘਰੋਂ ਬਾਹਰ ਨਿਕਲਣ ਸਮੇਂ ਪੁਛਦੇ 'ਮੈਂ ਕਹੀਂ ਹਿੰਦੂ ਤੋਂ ਨਹੀਂ ਲਗ ਰਹਾ।' ਖਾਣ ਪੀਣ ਲਈ ਵੀ ਜਨ ਸਧਾਰਨ ਦਾ ਗੁਜ਼ਾਰਾ 'ਹਮ ਗਰੀਬੋਂ ਕੀ ਦਾਲ ਰੋਟੀ ਹੈ ਚਾਹੇ ਪਤਲੀ ਹੈ ਜਾਂ ਮੋਟੀ' ਦੇ ਮੁਹਾਵਰੇ ਤੋਂ ਵੀ ਪ੍ਰਗਟ ਹੁੰਦਾ ਹੈ ਪਰ ਉਨ੍ਹਾਂ ਨੂੰ ਇਨਸਾਨਾਂ ਵਿਚ ਕੌਣ ਗਿਣਦਾ ਸੀ।[45]

ਇਤਿਹਾਸਕਾਰ ਇਸ ਯੁਗ ਨੂੰ ਹਿੰਦੂ ਮੁਸਲਿਮ ਸਮਿਨਵੈ ਦਾ ਯੁਗ ਆਖਦੇ ਹਨ। ਇਸ ਕਰਕੇ ਭਾਰਤ ਵਿਚ ਇਕ ਸਰਬ ਸਾਂਝਾ ਸਭਿਆਚਾਰ ਪਨਪਿਆ। ਸੰਤ ਅਤੇ ਭਗਤ ਬ੍ਰਾਹਮਣੀ ਕਰਮ ਕਾਂਡਾਂ ਅਤੇ ਉਨ੍ਹਾਂ ਦੇ ਦੰਭੀ ਪਾਖੰਡੀ ਚਰਿਤਰ ਤੋਂ ਅੱਕ ਕੇ ਮਾਨਵ ਹਿਤਕਾਰੀ ਮੁੱਲਾਂ ਨੂੰ ਅਪਨਾਉਣ ਤੇ ਜ਼ੋਰ ਦਿੰਦੇ ਹਨ। ਸੂਫ਼ੀ ਫਕੀਰਾਂ ਨੇ ਇਸਲਾਮ ਦੀ ਕੱਟੜਤਾ ਤੋਂ ਤੰਗ ਆ ਕੇ ਇਸ਼ਕ ਹਕੀਕੀ ਰਾਹੀਂ ਅਧਿਆਤਮਕਤਾ ਦੀ ਗੱਲ ਛੇੜੀ। ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ

ਵਿਚ ਨਰੋਈਆਂ ਮਾਨਵ ਹਿਤਕਾਰੀ ਕਦਰਾਂ ਕੀਮਤਾਂ ਉਸਾਰਨ ਦਾ ਬੀੜਾ ਚੁਕਿਆ ਅਤੇ ਉਨ੍ਹਾਂ ਦੇ ਆਪਣੇ ਵੇਲੇ ਦੇ ਰਾਜ ਪ੍ਰਬੰਧ ਦੀ ਤਿੱਖੀ ਆਲੋਚਨਾ ਕੀਤੀ:

*ਰਾਜੇ ਸੀਹ ਮੁਕਦਮ ਕੁਤੇ।*

*ਜਾਇ ਜਗਾਇਨਿ੍ ਬੈਠੇ ਸੁਤੇ॥*

*ਚਾਕਰ ਨਹਦਾ ਪਾਇਨੁ ਘਾਉ॥*

*ਰਤੁ ਪਿਤੁ ਕੁਤਿਹੋ ਚਟਿ ਜਾਹੁ॥* ਪੰਨਾ ੧੨੮੮

ਜਿਥੇ ਉਨ੍ਹਾਂ ਨੇ ਇਸ ਭ੍ਰਿਸ਼ਟ ਰਾਜ ਪ੍ਰਣਾਲੀ ਦੀ ਗਲ ਛੋਹੀ ਉਥੇ ਨਾਲ ਹੀ ਇਹ ਕਹਿ ਦਿੱਤਾ:

*ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥*

*ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ॥* ਪੰਨਾ ੬੭੧

ਬਾਣੀਕਾਰਾਂ ਨੇ ਅਧਿਆਤਮਕ ਅਨੁਭਵਾਂ ਨੂੰ ਪ੍ਰਗਟਾਉਣ ਲਈ ਹਿੰਦੂ ਸਭਿਆਚਾਰ ਵਿਚੋਂ ਭਗਤੀ ਲਹਿਰ ਨਾਲ ਸੰਬੰਧਿਤ ਚਿੰਨ੍ਹ ਰਾਮ, ਹਰਿ, ਗੋਵਿੰਦ, ਪ੍ਰਭੂ, ਨਰਾਇਣ ਅਤੇ ਮੁਰਾਰੀ ਵਰਤੇ ਹਨ। ਇਕ ਅਧਿਐਨ ਮੁਤਾਬਕ ਹਰੀ ਸ਼ਬਦ 8344, ਰਾਮ 2533, ਗੋਪਾਲ 491, ਮੁਰਾਰੀ 87 ਵਾਰ ਆਇਆ ਹੈ। ਗੁਰਬਾਣੀ ਵਿਚ ਇਸਲਾਮੀ ਧਰਮ ਨਾਲ ਸਬੰਧਿਤ ਸ਼ਬਦ ਵੀ ਅਨੇਕਾਂ ਵਾਰ ਆਏ ਹਨ। ਅਲਹ, ਉਜੂ, ਨਿਵਾਜ ਅਤੇ ਕਤੇਬ ਆਦਿ ਸ਼ਬਦਾਂ ਦੀ ਵਰਤੋਂ ਵੀ ਅਨੇਕਾਂ ਵਾਰ ਹੋਈ ਜਿਸ ਤੋਂ ਗੁਰੂ ਸਾਹਿਬ ਦੀ ਸੰਪ੍ਰਦਾਇਕਤਾ ਮੁਕਤ ਸੂਝ ਬਾਰੇ ਪਤਾ ਲਗਦਾ ਹੈ ਬਲਕਿ ਬਾਣੀ ਚਿੰਤਨ ਨੇ ਆਪਣੇ ਸਮਕਾਲੀ ਅਤੇ ਪੂਰਵ ਕਾਲੀ ਸਭਿਆਚਾਰਾਂ ਨਾਲ ਸੰਵਾਦ ਰਚਾ ਕੇ ਵਿਲੱਖਣਤਾ ਪੈਦਾ ਕੀਤੀ ਹੈ। ਇਸ ਤਰ੍ਹਾਂ ਗੁਰੂ ਗ੍ਰੰਥ ਬਾਣੀ ਵਿੱਚ ਹਿੰਦੂ-ਮੁਸਲਮ ਸਭਿਆਚਾਰਕ ਸਮਿਨਵੈ ਦੀ ਇਕ ਉਤਮ ਉਦਾਹਰਣ ਹੈ।

## (ਸ) ਸਭਿਆਚਾਰਕ ਰਹਿਤਲ ਦਾ ਨਵਾਂ ਪ੍ਰਵਚਨ: ਗੁਰੂ ਗ੍ਰੰਥ ਸਾਹਿਬ

ਪਰਿਵਰਤਨ ਕੁਦਰਤ ਦਾ ਅਟੱਲ ਨਿਯਮ ਹੈ ਅਤੇ ਅਸੀਂ ਇਸ ਨੂੰ ਸਭਿਆਚਾਰ ਦਾ ਜ਼ਰੂਰੀ ਲੱਛਣ ਮੰਨਿਆ ਹੈ। ਸਭਿਆਚਾਰਕ ਤਬਦੀਲੀ ਨੂੰ ਸਮੇਂ ਨਾਲ ਬੰਨ੍ਹਿਆ ਨਹੀਂ ਜਾ ਸਕਦਾ ਕਿਉਂਕਿ ਹਰ ਸਭਿਆਚਾਰ ਵਿਚ ਪਰੰਪਰਾ ਦੇ ਨਿਰੰਤਰ ਪ੍ਰਵਾਹ ਨਾਲ ਪਰਿਵਰਤਨ ਆਉਂਦੇ ਰਹਿੰਦੇ ਹਨ। ਇਥੇ ਅਸੀਂ ਗੁਰੂ ਗ੍ਰੰਥ ਸਾਹਿਬ ਵਿਚਲੇ ਪ੍ਰਵਚਨ ਨੂੰ ਸਭਿਆਚਾਰਕ ਰਹਿਤਲ ਦੇ ਅਨੁਸਾਰ ਢੁਕਾ ਕੇ ਵਾਚਨ ਦੀ ਕੋਸ਼ਿਸ਼ ਕਰਾਂਗੇ। ਡਾ. ਕੁਲਵੰਤ ਕੌਰ ਆਪਣੀ ਪੁਸਤਕ 'ਗੁਰਬਾਣੀ ਅਤੇ ਸਮਕਾਲੀ ਪੰਜਾਬੀ ਸਭਿਆਚਾਰ' ਵਿਚ ਲਿਖਦੇ ਹਨ:

*ਸਭਿਆਚਾਰ ਵਿਚ ਕਿਸੇ ਮਨੁੱਖੀ ਜੀਵਨ ਦੇ ਵਿਭਿੰਨ ਪਹਿਲੂਆਂ ਦੀਆਂ ਉਹ ਸਭ ਕਿਰਿਆਵਾਂ ਅਤੇ ਉਹਨਾਂ ਨੂੰ ਕਰਨ ਦੀਆਂ ਵਿਧੀਆਂ ਸ਼ਾਮਲ ਹਨ ਜਿਹੜੀਆਂ ਕਿਸੇ ਇਕ ਸਮਾਜ ਦੇ ਵਿਅਕਤੀ ਨੂੰ ਦੂਸਰੇ ਸਮਾਜ ਦੇ ਮਨੁੱਖ ਨਾਲੋਂ ਵਖਰਿਆਉਂਦੀਆਂ ਹਨ। ਸਭਿਆਚਾਰ ਇਕ ਅਮਲ ਹੈ ਜਿਸ ਵਿਚ ਕਿਸੇ ਇਕ ਖਿੱਤੇ ਦੇ ਲੋਕ ਇਕ ਸੰਗਠਿਤ ਸਮੂਹ ਵਿਚ ਸ਼ਾਮਲ ਹੋ ਜਾਂਦੇ ਹਨ।*[48]

ਇਤਿਹਾਸਕ ਪਿੱਠ ਭੂਮੀ ਨੂੰ ਧਿਆਨ ਵਿਚ ਰਖੀਏ ਤਾਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਆਰੀਆ ਜਾਤੀ ਨੇ ਆਪਣਾ ਮੁਢਲਾ ਗ੍ਰੰਥ 'ਰਿਗ ਵੇਦ' ਪੰਜਾਬ ਦੀ ਸੁਹਾਵਣੀ ਧਰਤ ਤੇ ਰਚਿਆ। ਇਸੇ ਪਾਵਨ ਧਰਤੀ ਤੇ ਕੁਰਕਸ਼ੇਤਰ ਦੇ ਮੈਦਾਨ ਵਿਚ ਕੈਰੋਂ ਤੇ ਪਾਂਡਵਾਂ ਵਿਚਕਾਰ ਮਹਾਂਭਾਰਤ ਦਾ ਯੁਧ ਹੋਇਆ। ਇਤਿਹਾਸ ਗਵਾਹ ਹੈ ਕਿ ਅਠਵੀਂ ਸਦੀ ਤੋਂ ਇਥੇ ਵਿਦੇਸ਼ੀ ਹਮਲੇ ਹੁੰਦੇ ਰਹੇ। ਪਹਿਲਾਂ ਲੋਧੀ ਘਰਾਣਾ ਤੇ ਫਿਰ ਬਾਬਰ ਦੇ ਮੁਗਲ ਘਰਾਣੇ ਦੀ ਸਥਾਪਨਾ ਵੀ ਹੋਈ। ਕਿਹਾ ਜਾਂਦਾ ਹੈ ਕਿ ਅਕਬਰ ਦੀ ਤਾਜਪੋਸ਼ੀ ਪੰਜਾਬ ਦੇ ਇਕ ਨਗਰ ਕਲਾਨੌਰ ਵਿਚ ਹੋਈ ਸੀ। ਅਕਬਰ ਵਰਗੇ ਉਦਾਰ-ਚਿੱਤ ਬਾਦਸ਼ਾਹ ਦੇ ਸਮੇਂ ਇਸਲਾਮੀ ਸਭਿਆਚਾਰ ਦੇ ਨਾਲ ਨਾਲ ਹਿੰਦੂ ਸੰਸਕ੍ਰਿਤੀ ਦੀ ਖ਼ੂਬ ਵਧੀ ਫੁਲੀ ਅਤੇ ਇੰਨੇ ਸਮੇਂ ਦੌਰਾਨ ਹੀ ਦੋਹਾਂ ਸਭਿਆਚਾਰਾਂ ਦਾ ਆਪਸ ਵਿਚ ਚੋਖਾ ਲੈਣ ਦੇਣ ਹੋਇਆ। ਇਸ ਸਮੇਂ ਔਰੰਗਜ਼ੇਬ ਵਰਗੇ ਕਟੜ ਤੇ ਹੱਠ ਧਰਮੀ ਬਾਦਸ਼ਾਹਾਂ ਨੇ ਸਭ ਗ਼ੈਰ ਮੁਸਲਿਮ ਲੋਕਾਂ ਨੂੰ 'ਕਾਫ਼ਰ' ਕਿਹਾ। ਉਹ ਬਾਕੀ ਕਿਸੇ ਹੋਰ ਧਰਮ ਨੂੰ ਵੀ ਬਰਦਾਸ਼ਤ ਨਹੀਂ ਸੀ ਕਰ ਸਕਦਾ। ਇਸ ਲਈ ਉਸਨੇ ਸਿਖ ਲਹਿਰ ਨੂੰ ਦਬਾਉਣ ਦੀ ਪੂਰੀ ਕੋਸ਼ਿਸ਼ ਕੀਤੀ ਪਰ ਉਹ ਆਪਣੇ ਨਾਪਾਕ ਇਰਾਦਿਆਂ ਵਿਚ ਬਹੁਤਾ ਸਫ਼ਲ ਨਾ ਹੋ ਸਕਿਆ। ਉਸ ਪਿਛੋਂ ਤਕਰੀਬਨ ਮੁਗਲ ਘਰਾਣੇ ਢਹਿੰਦੀਆਂ ਕਲਾਂ ਵਿਚ ਗਏ, ਪਰ ਪੰਜਾਬ ਨੂੰ ਸੁਖ ਦਾ ਸਾਹ ਨਸੀਬ ਨਾ ਹੋਇਆ। ਨਾਦਰਸ਼ਾਹ ਅਤੇ ਅਹਿਮਦ ਸ਼ਾਹ ਅਬਦਾਲੀ ਨੇ ਪੰਜਾਬ ਨੂੰ ਲੁੱਟਣ ਵਿਚ ਕੋਈ ਕਸਰ ਨਾ ਛੱਡੀ। ਇਸੇ ਸਮੇਂ ਹੀ ਪੰਜਾਬ ਵਿਚ ਇਕ ਨਵੀਂ ਕੌਮੀ ਲਹਿਰ ਉਭਰੀ, ਜਿਸਨੇ ਇਥੋਂ ਦੇ ਅਧਿਆਤਮਕ ਤੇ ਸਮਾਜਿਕ ਜੀਵਨ ਵਿਚ ਨਵੀਂ ਰੂਹ ਫੂਕ ਦਿੱਤੀ। ਇਸ ਲਹਿਰ ਦੇ ਮੋਢੀ ਗੁਰੂ ਨਾਨਕ ਦੇਵ ਸਨ, ਜਿਨ੍ਹਾਂ ਨੇ ਲੋਕਾਂ ਨੂੰ ਵਹਿਮਾਂ ਭਰਮਾਂ ਤੇ ਅੰਧ ਵਿਸ਼ਵਾਸਾਂ ਦੀ ਜਿੱਲ੍ਹਣ ਵਿਚੋਂ ਕੱਢ ਕੇ, ਮਾਨਸਿਕ ਤੇ ਬੌਧਿਕ ਤੌਰ ਤੇ ਜਾਗਰੂਕ ਕੀਤਾ। ਇਹ ਲਹਿਰ ਲੋਕ ਲਹਿਰ ਦਾ ਰੂਪ ਧਾਰ ਕੇ ਸਮੇਂ ਦੇ ਨਾਲ ਬਲਵਾਨ ਹੁੰਦੀ ਗਈ।[47] ਇਸੀ ਲੋਕ ਲਹਿਰ ਨੇ ਮਨੁੱਖ ਦੀ ਅਜ਼ਾਦੀ ਨੂੰ ਤਕੜਾ ਬਲ ਦਿੱਤਾ। ਜਾਤ ਪਾਤ ਦਾ ਸ਼ਿਕਾਰ ਹੋਏ ਬਾਣੀਕਾਰਾਂ ਨੂੰ ਨੇ ਧਾਰਮਿਕ ਪਾਖੰਡਾਂ ਨੂੰ ਨੰਗਾ ਕਰਕੇ ਲੋਕਾਂ ਦੇ ਵਿਚਾਰਾਂ ਨੂੰ ਜ਼ੁਬਾਨ ਦਿੱਤੀ। ਪੰਜਵੇਂ ਨਾਨਕ ਗੁਰੂ

ਅਰਜਨ ਦੇਵ ਨੇ 'ਗੁਰੂ ਗ੍ਰੰਥ ਸਾਹਿਬ' ਦੇ ਰੂਪ ਵਿਚ ਇਸ ਬਾਣੀ ਨੂੰ ਸੰਪਾਦਿਤ ਕਰਕੇ ਜਿਥੇ ਅਧਿਆਤਮਕ ਮੰਡਲਾਂ ਦੀ ਗਲ ਕੀਤੀ, ਉਥੇ ਨਾਲ ਹੀ ਆਪਣੇ ਸਮਕਾਲੀ ਸਭਿਆਚਾਰ ਦੀ ਅਭਿਵਿਅਕਤੀ ਵੀ ਰੱਜ ਕੇ ਕੀਤੀ। [48]

ਬਾਣੀ ਚਿੰਤਨ ਮਾਨਵੀ ਕਦਰਾਂ ਕੀਮਤਾਂ, ਸਿਧਾਂਤਾਂ, ਮੁੱਲਾਂ ਦੀ ਅਜਿਹੀ ਸੁਹਜ ਅਤੇ ਸੂਝਮਈ ਅਭਿਵਿਅਕਤੀ ਹੈ ਜਿਸ ਵਿੱਚ ਸਮਾਜਿਕ ਪਰਿਪੇਖ ਦਾ ਅਜਿਹਾ ਖ਼ੂਬਸੂਰਤ ਆਦਰਸ਼ਕ ਮਾਡਲ ਉਸਰਦਾ ਹੈ ਜਿਸ ਦੁਆਰਾ ਸਮਾਜ ਵਿਚਲੇ ਧਰਮ, ਵਰਣ, ਵਰਗ, ਨਸਲ, ਰੰਗ ਅਤੇ ਭਾਸ਼ਾ ਦੇ ਸਾਰੇ ਵਖਰੇਵੇਂ ਮਹੱਤਵਹੀਣ ਹੋ ਜਾਂਦੇ ਹਨ। ਬਾਣੀ ਸ਼ਬਦ ਦਾ ਸਭਿਆਚਾਰ ਸਿਰਜਦੀ ਹੈ ਅਤੇ ਇਸਦੇ ਸੰਚਾਰ ਦੁਆਰਾ ਮਨੁੱਖ ਨੂੰ ਕਰਮਸ਼ੀਲ ਜੀਵਨ ਜਿਉਣ ਦੀ ਪ੍ਰੇਰਨਾ ਦਿੰਦੀ ਹੈ। ਇਸ ਮਾਰਗ ਤੇ ਤੁਰਨ ਨਾਲ ਮਨੁੱਖ ਸਹਿਜ ਹੀ ਜੀਵਨ ਮੁਕਤੀ ਨੂੰ ਪ੍ਰਾਪਤ ਹੁੰਦਾ ਹੈ। [49] ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਸਦਕਾ ਹਿੰਦੁਸਤਾਨ ਦੇ ਵਖ-ਵਖ ਸਭਿਆਚਾਰਕ ਸਿਧਾਂਤਾਂ, ਭਾਸ਼ਾਵਾਂ ਅਤੇ ਜੀਵਨ ਵਿਹਾਰਾਂ ਨੂੰ ਇਸ ਗ੍ਰੰਥ ਵਿਚ ਪ੍ਰਤੀਨਿਧਤਾ ਪ੍ਰਾਪਤ ਹੋਈ। ਇਸ ਸਮੇਂ ਹਿੰਦੂ-ਮੁਸਲਮ, ਇਸਤਰੀ ਤੇ ਪੁਰਸ਼ ਦਾ ਪਰਸਪਰ ਤਣਾਉ ਸਮਾਧਾਨ ਵਲ ਰੁਚਿਤ ਹੋਇਆ ਪਰ ਇਸਲਾਮ ਦੇ ਆਉਣ ਨਾਲ ਰੱਬ ਅਤੇ ਪੈਗੰਬਰ ਦਾ ਇਕ ਨਵਾਂ ਸੰਕਲਪ ਸਾਹਮਣੇ ਆ ਗਿਆ। ਇਨ੍ਹਾਂ ਕੋਲ ਰਾਜਨੀਤਕ ਪ੍ਰਬੰਧ ਤੇ ਸੱਤਾ ਹੋਣ ਕਰਕੇ ਲੋਕਾਂ ਨੇ ਇਸ ਸ਼ਾਸਕ ਵਰਗ ਦੇ ਧਰਮ ਨੂੰ ਅਪਣਾ ਲਿਆ। ਗੁਰੂ ਅਰਜਨ ਦੇਵ ਨੇ ਵਖ ਵਖ ਸਭਿਆਚਾਰਾਂ ਨਾਲ ਸੰਬੰਧਿਤ ਇਨ੍ਹਾਂ ਬਾਣੀਕਾਰਾਂ ਰਾਹੀਂ ਇਕ ਨਵਾਂ ਪ੍ਰਵਚਨ ਉਸਾਰਿਆ। ਡਾ. ਜਗਬੀਰ ਸਿੰਘ ਪ੍ਰਵਚਨ ਬਾਰੇ ਆਪਣੀ ਧਾਰਨਾ ਇਸ ਪ੍ਰਕਾਰ ਪ੍ਰਗਟ ਕਰਦੇ ਹਨ:

> *ਪ੍ਰਵਚਨ ਮੂਲ ਰੂਪ ਵਿਚ ਭਾਸ਼ਾ ਵਿਗਿਆਨਕ ਸੰਕਲਪ ਹੈ ਜਿਸਨੂੰ 'ਸ਼ਬਦ' ਅਤੇ 'ਵਾਕ' ਨਾਲੋਂ ਵਡੇਰੀ ਅਰਥ-ਇਕਾਈ ਤਸੱਵਰ ਕੀਤਾ ਜਾਂਦਾ ਹੈ। ਚਿੰਨ੍ਹ-ਵਿਗਿਆਨਕ ਦ੍ਰਿਸ਼ਟੀ ਤੋਂ ਪ੍ਰਵਚਨ ਭਾਸ਼ਾਈ ਜਾਂ ਪਰਾ-ਭਾਸ਼ਾਈ ਚਿੰਨ੍ਹ-ਪ੍ਰਬੰਧਾਂ ਦੇ ਮਾਧਿਅਮ ਰਾਹੀਂ ਸਿਰਜੀ ਗਈ ਅਜਿਹੀ ਅਰਥ ਪੂਰਨ ਇਕਾਈ ਹੈ ਜੋ ਵਕਤੇ ਅਤੇ ਸਰੋਤੇ ਵਿਚਕਾਰ ਸੰਦੇਸ਼-ਸੰਚਾਰ ਦਾ ਸਿਲਸਿਲਾ ਕਾਇਮ ਕਰਦੀ ਹੈ।* [50]

ਅਸੀਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਘੋਖਦੇ ਹਾਂ ਤਾਂ ਇਹ ਪ੍ਰਵਚਨ ਸੰਵਾਦ ਰਾਹੀਂ ਸੱਤਾ ਸੰਘਰਸ਼ ਨੂੰ ਸਮਾਜ-ਸਭਿਆਚਾਰ ਦੇ ਕਲਾਵੇ ਵਿਚ ਲੈਂਦੀ ਹੈ। ਇਸ ਸਮੇਂ ਬਾਣੀਕਾਰ ਭਿੰਨ ਭਿੰਨ ਸਭਿਆਚਾਰਾਂ ਦੇ ਵਿਸ਼ਵਾਸਾਂ ਅਤੇ ਰਹੁ ਰੀਤਾਂ ਵਿਚੋਂ ਵੀ ਅਧਿਆਤਮਕ ਅਰਥ ਲਭ ਲੈਂਦੇ ਹਨ:-

*ਦਇਆ ਕਪਾਹ ਸੰਤੋਖ ਸੂਤੁ ਜਤੁ ਗੰਢੀ ਸਤੁ ਵਟੁ॥*

*ਏਹ ਜਨੇਊ ਜੀਅ ਕਾ ਹਈ ਤ ਪਾਂਧੇ ਘਤਿ॥* ਪੰਨਾ ੪੭੩

ਭਾਰਤੀ ਪਰੰਪਰਾ ਅਨੁਸਾਰ ਮਨੁੱਖ ਜਿਸ ਉਦੇਸ਼ ਨੂੰ ਸਾਹਮਣੇ ਲੈ ਕੇ ਚਲਦਾ ਹੈ ਉਸਨੂੰ ਪੁਰਸ਼ਾਰਥ ਕਿਹਾ ਜਾਂਦਾ ਹੈ। ਧਰਮ, ਅਰਥ, ਕਾਮ ਅਤੇ ਮੋਕਸ਼ ਚਾਰ ਪੁਰਸ਼ਾਰਥ ਮੰਨੇ ਜਾਂਦੇ ਹਨ। ਧਰਮ ਉੱਚਤਾ ਦਾ ਨਾਮ ਹੈ, ਅਰਥ ਭੌਤਿਕ ਪ੍ਰਾਪਤੀ ਅਤੇ ਕਾਮ ਇਛਾਵਾਂ ਦੀ ਪ੍ਰਾਪਤੀ ਹੈ, ਮੋਕਸ਼ ਆਵਾਗੌਣ ਤੋਂ ਛੁਟਕਾਰਾ ਪਾਉਣ ਦਾ ਨਾਮ ਹੈ। ਉਪਨਿਸ਼ਦਾਂ ਅਨੁਸਾਰ ਮਾਨਵ ਜੀਵਨ ਦਾ ਪਰਮ ਉਦੇਸ਼ ਮੁਕਤੀ ਹੈ। ਉਪਨਿਸ਼ਦਾਂ ਵਿਚ ਆਦਰਸ਼ ਪ੍ਰਾਪਤੀ ਲਈ ਗਿਆਨ ਮਾਰਗ ਜ਼ਰੂਰੀ ਹੈ। ਗੀਤਾ ਵਿਚ ਭਗਤੀ, ਕਰਮ, ਗਿਆਨ ਤੇ ਯੋਗ ਮਾਰਗ ਆਉਂਦੇ ਹਨ। ਬੁਧ ਧਰਮ ਅਨੁਸਾਰ ਨਿਰਵਾਣ ਪ੍ਰਾਪਤੀ ਮਨੁੱਖ ਦੇ ਜੀਵਨ ਦਾ ਪਰਮ ਆਦਰਸ਼ ਹੈ, ਜੈਨ ਧਰਮ ਲਾਲਸਾ ਭਰੇ ਕਰਮ ਦੇ ਤਿਆਗ ਦੀ ਗਲ ਕਰਦਾ ਹੈ, ਈਸਾਈ ਮਤ ਅਨੁਸਾਰ ਆਦਰਸ਼ ਆਪੇ ਦੀ ਕੁਰਬਾਨੀ ਕਰਨਾ ਹੈ, ਇਸਲਾਮ ਅਨੁਸਾਰ ਨੈਤਿਕ ਗੁਣਾਂ ਨੂੰ ਧਾਰਨ ਕਰਨਾ ਹੀ ਜੀਵਨ ਦਾ ਆਦਰਸ਼ ਹੈ। ਸੰਸਾਰ ਦੇ ਤਕਰੀਬਨ ਸਾਰੇ ਪਰੰਪਰਾਗਤ ਧਰਮਾਂ ਵਿਚ ਮੁਕਤੀ ਨੂੰ ਹੀ ਜੀਵਨ ਦਾ ਆਦਰਸ਼ ਮੰਨਿਆ ਗਿਆ ਹੈ ਪ੍ਰੰਤੂ ਬਾਣੀ ਚਿੰਤਨ ਵਿਚ ਪਰੰਪਰਾਗਤ ਵਿਸ਼ਿਆਂ ਨੂੰ ਵਿਚਾਰ ਹੀ ਵਿਸਥਾਰਤ ਕੀਤਾ ਗਿਆ ਹੈ। ਗੁਰਮਤਿ ਅਨੁਸਾਰ ਵਿਅਕਤੀਗਤ ਪੱਧਰ ਨਾਲੋਂ ਸਮਾਜੀ ਪੱਧਰ ਨੂੰ ਜ਼ਿਆਦਾ ਮਹੱਤਵ ਦਿੱਤਾ ਗਿਆ ਹੈ। ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼ 'ਜੀਵਨ ਮੁਕਤੀ' ਦੇ ਸਿਧਾਂਤ ਨੂੰ ਪ੍ਰਮੁਖਤਾ ਦਿੰਦਾ ਹੈ। "ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਅਨੁਸਾਰ ਜੀਵਨ ਆਦਰਸ਼ ਪ੍ਰਭੂ ਨਾਲ ਇਕਮਿਕਤਾ ਪ੍ਰਾਪਤ ਕਰਦੇ ਹੋਏ 'ਹਰਿ ਹੀ ਹੋਇ' ਦੀ ਉਪਾਧੀ ਨੂੰ ਪ੍ਰਾਪਤ ਕਰਨਾ ਹੈ। ਗੁਰੂ ਦਾ ਹੁਕਮ ਮੰਨ ਕੇ ਨਾਮ ਸਿਮਰਣ ਵਾਲਾ ਜੀਵਨ ਜਿਉਣਾ ਹੈ। ਸੰਗਤ ਅਤੇ ਪੰਗਤ ਦੇ ਸਿਧਾਂਤ ਨੂੰ ਅਮਲੀ ਰੂਪ ਵਿਚ ਧਾਰਨ ਕਰਦੇ ਹੋਏ ਨਿੱਜਤਵ ਤੋਂ ਉਪਰ ਉੱਠ ਕੇ ਸਮਾਜ ਲਈ ਕਾਰਜ ਕਰਨਾ ਹੈ। [51] ਕਥਿਤ ਤੌਰ ਤੇ ਨੀਵੀਂ ਜਾਤ ਨਾਲ ਸਬੰਧਿਤ ਹੋਣ ਕਾਰਨ ਭਗਤ ਕਬੀਰ ਹੁਕਮਰਾਨਾਂ ਨਾਲ ਕੋਈ ਭਾਵੁਕ ਸਾਂਝ ਨਹੀਂ ਰਖਦੇ ਸਨ, ਸਗੋਂ ਆਪਣੀਆਂ ਨਿੱਕੀਆਂ ਨਿੱਕੀਆਂ ਲੋੜਾਂ ਲਈ ਪ੍ਰਮਾਤਮਾ ਕੋਲ ਹੱਥ ਅੱਡਦਾ ਹੈ ਅਤੇ ਨਾਲ ਇਹ ਉਲਾਂਭਾ ਵੀ ਦਿੰਦਾ ਹੈ ਕਿ ਮੇਰੇ ਕੋਲੋਂ ਭੁੱਖੇ ਪੇਟ ਭਗਤੀ ਨਹੀਂ ਹੁੰਦੀ ਅਤੇ ਜੇ ਲੋੜ ਦੀਆਂ ਚੀਜ਼ਾਂ ਨਾ ਮਿਲਣ ਤਾਂ ਮੰਗਣ ਵਿੱਚ ਸ਼ਰਮ ਕਾਹਦੀ:

*ਭੂਖੇ ਭਗਤਿ ਨ ਕੀਜੈ॥*
*ਯਹ ਮਾਲਾ ਅਪਨੀ ਲੀਜੈ॥*
*ਹਉ ਮਾਂਗਉ ਸੰਤਨ ਰੇਨਾ॥*
*ਮੈ ਨਾਹੀ ਕਿਸੀ ਕਾ ਦੇਨਾ॥*

*ਮਾਧੋ ਕੈਸੀ ਬਨੈ ਤੁਮ ਸੰਗੇ॥*

*ਆਪਿ ਨ ਦੇਹੁ ਤ ਲੇਵਉ ਮੰਗੇ॥* ਪੰਨਾ ੬੫੬

ਇਹਨਾਂ ਪੰਕਤੀਆਂ ਵਿੱਚ 'ਯਹ ਮਾਲਾ ਅਪਨੀ ਲੀਜੈ' ਵਿਚ ਰੋਸ ਹੈ। 'ਆਪ ਨ ਦੇਹੁ ਤਾ ਲੇਵਹੁ ਮੰਗੇ' ਵਿਚ ਨਿੱਝਕ ਹੋ ਕੇ ਜ਼ਿੰਦਗੀ ਨੂੰ ਜੀਉਣ ਲਈ ਰੋਟੀ, ਆਟਾ, ਘਿਉ ਤੇ ਦਾਲ, ਸੌਣ ਲਈ ਮੰਜਾ, ਬਿਸਤਰਾ, ਸਿਰਹਾਨਾ ਅਤੇ ਤੁਲਾਈ ਦੀ ਮੰਗ ਕੀਤੀ ਹੈ। ਭਗਤ ਧੰਨਾ ਕਬੀਰ ਦੀ ਆਰਤੀ ਤੋਂ ਉਪਰੰਤ 'ਆਰਤਾ' ਕਰਦਾ ਹੈ। ਉਸ ਨਿਮਾਣੇ ਜੱਟ ਨੂੰ ਕੀ ਪਤਾ ਆਰਤੀ ਕੀ ਹੁੰਦੀ ਹੈ ਤੇ ਕਿਵੇਂ ਕਰੀਦੀ ਹੈ? ਉਹ ਦਾਲ ਰੋਟੀ ਉਪਰ ਜੁਤੀ, ਕਪੜਾ ਦੇ ਨਾਲ ਨਾਲ ਸੱਤ ਸੀਕਾ ਭਾਵ ਸਤ ਵਾਰੀ ਵਾਹੀ ਜ਼ਮੀਨ ਦਾ ਅਨਾਜ, ਗਾਂ ਮੱਝ ਦਾ ਦੁੱਧ, ਤਾਜੀ ਨਸਲ ਦੀ ਘੋੜੀ ਅਤੇ ਗ੍ਰਿਹਸਥ ਚਲਾਣ ਲਈ ਔਰਤ ਦੀ ਮੰਗ ਵੀ ਕਰਦਾ ਹੈ:

*ਗੋਪਾਲ ਤੇਰਾ ਆਰਤਾ।*

*ਜੋ ਜਨੁ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ॥ ਰਹਾਉ॥*

*ਦਾਲਿ ਸੀਧਾ ਮਾਗਉ ਘੀਉ॥*

*ਹਮਰਾ ਖੁਸੀ ਕਰੇ ਨਿਤ ਜੀਉ॥*

*ਪਨ੍ਹੀਆ ਛਾਦਨੁ ਨੀਕਾ॥*

*ਅਨਾਜੁ ਮਗਉ ਸਤ ਸੀ ਕਾ॥*

*ਗਊ ਭੈਸ ਮਗਉ ਲਾਵੇਰੀ॥*

*ਇਕ ਤਾਜਨਿ ਤੁਰੀ ਚੰਗੇਰੀ॥*

*ਘਰਿ ਕੀ ਗੀਹਨਿ ਚੰਗੀ॥*

*ਜਨੁ ਧੰਨਾ ਲੇਵੈ ਮੰਗੀ॥* ਪੰਨਾ ੬੯੫

ਜਪੁਜੀ ਸਾਹਿਬ ਦੇ ਆਰੰਭ ਵਿਚ ਸਲੋਕ 'ਆਦਿ ਸਚੁ ਜੁਗਾਦਿ ਸਚ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ' ਵਿਚ ਕਿਹਾ ਗਿਆ ਹੈ ਕਿ ਸੱਚ ਸਦੀਵੀ ਹੈ ਅਤੇ ਹਮੇਸ਼ਾਂ ਹੀ ਰਹੇਗਾ। 'ਕੂੜ' ਨੇ ਅੰਤ ਬਿਨਸ ਜਾਣਾ ਹੈ ਅਤੇ ਇਸ ਤਰ੍ਹਾਂ ਸਚ ਦੇ ਅਭਿਲਾਸ਼ੀ ਨੂੰ ਸਭਿਆਚਾਰਕ ਬਨਣ ਲਈ ਉਸ ਸਦੀਵੀ ਤੱਤ ਨਾਲ ਇਕਮਿਕ ਹੋਣਾ ਹੈ:

*ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥*

*ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥* ਪੰਨਾ ੧

ਜਿੱਥੇ ਸਮਾਜ ਵਿਚ 'ਹੁਕਮ' ਨੈਤਿਕਤਾ ਨੂੰ ਪ੍ਰਗਟਾਉਣ ਦੀ ਗਲ ਕਰਦਾ ਹੈ ਉੱਥੇ 'ਹਉਮੈ' ਗ੍ਰਸਤ ਵਿਅਕਤੀ ਨਿੱਜੀ ਸੁਆਰਥਾਂ ਦੀ ਪੂਰਤੀ ਵਿਚ ਲਗਾ ਹੋਇਆ ਹੈ। ਆਧੁਨਿਕ ਯੁਗ ਵਿਚ ਮਨੁੱਖ ਸਰਮਾਏਦਾਰੀ ਦੇ ਜੰਜਾਲ ਵਿਚ ਪੂਰੀ ਤਰ੍ਹਾਂ ਫਸ ਕੇ ਆਪਣੇ ਆਪ ਤੋਂ ਟੁੱਟਾ ਪਿਆ ਹੈ। ਉਸ ਲਈ ਆਪਣੇ ਆਪ ਨੂੰ ਬਚਾਉਣਾ ਸਭ ਤੋਂ ਵੱਡੀ ਲੋੜ ਹੈ। ਇਸ ਸਮੇਂ ਉਸ ਨੂੰ ਗੁਰਬਾਣੀ ਵਿਚੋਂ ਨਿਰਭਉ ਤੇ ਨਿਰਵੈਰ ਵਰਗੇ ਰੱਬੀ ਗੁਣਾਂ ਦੀ ਅਤਿਅੰਤ ਲੋੜ ਹੈ। ਜਦੋਂ ਮਨੁੱਖ ਆਪਣੇ ਅੰਦਰੋਂ 'ਹਉਮੈ' ਨੂੰ ਤਿਆਗ ਕੇ 'ਹੁਕਮ' ਅਨੁਸਾਰ ਚਲੇਗਾ ਤਾਂ ਫਿਰ ਭਗਤ ਰਵਿਦਾਸ ਵਾਲੇ 'ਬੇਗਮ ਪੁਰਾ' ਸ਼ਹਿਰ ਦੇ ਵਾਸੀ ਬਨਣ ਦਾ ਮਾਣ ਹਾਸਲ ਹੋ ਜਾਵੇਗਾ:

*ਬੇਗਮ ਪੁਰਾ ਸਹਰ ਕੋ ਨਾਉ॥*
*ਦੂਖੁ ਅੰਦੋਹੁ ਨਹੀ ਤਿਹਿ ਠਾਉ॥*
*ਨਾਂ ਤਸਵੀਸ ਖਿਰਾਜੁ ਨ ਮਾਲੁ॥*
*ਖਉਫੁ ਨ ਖਤਾ ਨ ਤਰਸੁ ਜਵਾਲੁ॥*
*ਅਬ ਮੋਹਿ ਖੂਬ ਵਤਨ ਗਹ ਪਾਈ॥*
*ਊਹਾਂ ਖੈਰਿ ਸਦਾ ਮੇਰੇ ਭਾਈ॥*
*ਕਾਇਮੁ ਦਾਇਮੁ ਸਦਾ ਪਾਤਿਸਾਹੀ॥*
*ਦੋਮ ਨ ਸੇਮ ਏਕ ਸੋ ਆਹੀ॥*
*ਆਬਾਦਾਨੁ ਸਦਾ ਮਸਹੂਰ॥*
*ਊਹਾਂ ਗਨੀ ਬਸਹਿ ਮਾਮੂਰ॥*
*ਤਿਉ ਤਿਉ ਸੈਲ ਕਰਹਿ ਜਿਉ ਭਾਵੈ॥*
*ਮਹਰਮ ਮਹਲ ਨ ਕੋ ਅਟਕਾਵੈ॥*
*ਕਹਿ ਰਵਿਦਾਸ ਖਲਾਸ ਚਮਾਰਾ॥*
*ਜੋ ਹਮ ਸਹਰੀ ਸੁ ਮੀਤੁ ਹਮਾਰਾ॥* ਪੰਨਾ ੩੪੫

ਗੁਰਬਾਣੀ ਰਚਣ ਸਮੇਂ ਸਾਰਾ ਭਾਰਤੀ ਸਮਾਜ ਵਰਗ ਵੰਡ ਦਾ ਸ਼ਿਕਾਰ ਸੀ। ਸਭ ਤੋਂ ਉਪਰ ਬ੍ਰਾਹਮਣ, ਖਤਰੀ, ਵੈਸ਼ ਅਤੇ ਸ਼ੂਦਰ ਇਸਤਰੀ ਵਰਗ ਵੀ ਸ਼ੂਦਰ ਦੇ ਬਰਾਬਰ ਰੱਖ ਕੇ ਇਨ੍ਹਾਂ ਦਾ ਕੰਮ ਸਿਰਫ਼ ਆਪਣੇ ਮਾਲਕਾਂ ਦੀ ਸੇਵਾ ਕਰਨਾ ਸੀ। ਇਸਲਾਮ ਵਿਚ ਭਾਵੇਂ ਇਸ ਵਰਗ ਵੰਡ ਨੂੰ ਪ੍ਰਵਾਨ ਨਹੀਂ ਕੀਤਾ ਗਿਆ, ਪਰ ਇਹ ਵਰਗ ਵੰਡ ਜਾਤੀ ਪ੍ਰਥਾ ਦੇ ਨਾਂ ਤੇ ਉਨ੍ਹਾਂ ਦੇ ਅੰਦਰ ਵੀ ਧੱਸ ਚੁਕੀ ਸੀ। ਡਾ. ਦਰਸ਼ਨ ਸਿੰਘ ਅਨੁਸਾਰ:

*ਇਹ ਵਰਗ ਵੰਡ ਹਿੰਦੁਸਤਾਨ ਦੇ ਲੋਕਾਂ ਦੇ ਮਨਾਂ ਵਿਚ ਇਤਨਾ ਘਰ ਕਰ ਗਈ ਹੈ, ਕਿ ਉਨ੍ਹਾਂ ਦੀ ਚੇਤਨਾ ਨੂੰ ਇੰਨਾ ਸੁੰਨ ਕਰ ਦਿੱਤਾ ਕਿ ਉਹ ਆਪ ਵੀ ਇਸਦਾ ਸ਼ਿਕਾਰ ਹੁੰਦੇ ਹੋਏ ਇਸ ਤੋਂ ਬਚ ਨਹੀਂ ਸਕੇ। ਬਲਕਿ ਇਸਦੇ ਉਲਟ ਉਨ੍ਹਾਂ ਨੇ ਵੀ ਇਸ ਨੂੰ ਆਪਣੀ ਤਰਜ਼ੇ-ਜ਼ਿੰਦਗੀ ਬਣਾ ਲਿਆ ਹੈ।*[52]

ਆਧੁਨਿਕਤਾ ਨਾਲ ਪੈਦਾ ਹੋਈ ਸ਼ਬਦਾਵਲੀ ਨਾਲ ਗਲੋਬਲ ਸ਼ਬਦ ਜੁੜਿਆ ਹੋਇਆ ਹੈ। ਸਮੁੱਚੇ ਵਿਸ਼ਵ ਵਿਚ ਇਸ ਸ਼ਬਦ ਰਾਹੀਂ ਸੰਸਾਰ ਨੂੰ ਜਾਂ ਸਾਰੀਆਂ ਸ਼੍ਰੇਣੀਆਂ ਦੇ ਸਾਰੇ ਗਰੁੱਪਾਂ ਨੂੰ ਇਕੋ ਰੰਗ ਵਿਚ ਦੇਖਦਾ ਹੈ। ਦੁਨੀਆਂ ਨੇ ਅਖੌਤੀ ਪਿੰਡ ਦਾ ਰੂਪ ਧਾਰਨ ਕਰ ਲਿਆ ਹੈ ਪਰ ਇਸ ਵਿਚੋਂ ਪਿੰਡ ਦੇ ਅਰਥ ਗੁਆਚ ਗਏ ਹਨ। ਲੋਕਾਂ ਵਿਚੋਂ ਕਲਾਤਮਕ ਸਾਂਝ ਦਾ ਪ੍ਰਗਟਾਵਾ ਖਤਮ ਹੋ ਚੁੱਕਾ ਹੈ ਸਗੋਂ ਬਹੁ-ਗਿਣਤੀ ਸਭਿਆਚਾਰ ਅਤੇ ਭਾਸ਼ਾਵਾਂ ਧਾਰਮਿਕ ਘੱਟ ਗਿਣਤੀ ਦੇ ਸਭਿਆਚਾਰਾਂ ਨੂੰ ਨਿਗਲਣ ਉਤੇ ਤੁਲੀਆਂ ਪਈਆਂ ਹਨ। ਗਲੋਬਲ ਤਾਕਤ ਵਜੋਂ ਆਪਣੀ ਤਾਕਤ ਦਾ ਦਿਖਾਵਾ ਕਰਨ ਲਈ ਹਰ ਹੀਲਾ ਵਰਤਿਆ ਜਾ ਰਿਹਾ ਹੈ ਪਰ ਇਸ ਵਾਸਤੇ ਸਭ ਤੋਂ ਪਹਿਲਾਂ ਬੰਦੇ ਨੂੰ ਬੰਦਾ ਬਨਣ ਲਈ ਅਧਿਆਤਮਕ ਨੈਤਿਕਤਾ ਨੂੰ ਨਾਲ ਲੈ ਕੇ ਤੁਰਨਾ ਪਵੇਗਾ। ਇਸ ਸਮੇਂ ਵਿਸ਼ਵ ਵਿਆਪੀ ਸਭਿਆਚਾਰਾਂ ਵਿਚ ਪੈਦਾ ਹੋ ਰਹੀਆਂ ਗੁੰਝਲਦਾਰ ਸਮਸਿਆਵਾਂ ਦਾ ਹੱਲ ਸੁਝਾਉਣ ਲਈ ਇਕੋ ਇਕ ਰਸਤਾ ਕੇਵਲ ਮਾਤਰ ਗੁਰੂ ਗ੍ਰੰਥ ਸਾਹਿਬ ਹਨ। ਬਾਣੀ ਸਿਰਜਨ ਤੋਂ ਪਹਿਲਾਂ ਵਾਲੇ ਸਮੇਂ ਵਿੱਚ ਅਧਿਆਤਮਕ, ਸਭਿਆਚਾਰਕ ਅਤੇ ਸਾਂਸਕ੍ਰਿਤਕ ਪ੍ਰਭਾਵਾਂ ਨੂੰ ਅਪ੍ਰਵਾਨ ਕੀਤਾ ਗਿਆ ਹੈ। ਜਦੋਂ ਇਹੀ ਸਮਸਿਆਵਾਂ ਫਿਰ ਸਿਰ ਚੁੱਕੀ ਖੜੀਆਂ ਹਨ ਤਾਂ ਪ੍ਰੋ. ਪੂਰਨ ਸਿੰਘ ਗੁਰੂ ਗ੍ਰੰਥ ਸਾਹਿਬ ਬਾਰੇ ਆਪਣੇ ਵਿਚਾਰ ਇਸ ਪ੍ਰਕਾਰ ਪ੍ਰਗਟਾਉਂਦੇ ਹਨ:

*ਅਣਰੰਗੇ ਮਨਾਂ ਵਾਲੇ ਇਕੱਠ ਨੂੰ ਰੰਗੇ ਹੋਏ ਮਨਾਂ ਵਾਲੀ ਸਤਿਸੰਗ ਸਮਝ ਲੈਣ ਦੀ ਅਗਿਆਨੀ-ਤਿਲਕਣ ਤੋਂ ਬਚਣ ਲਈ ਲੋੜੀਂਦੀ ਸੁਜੱਗ-ਸੋਝੀ, ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ ਹੀ ਪ੍ਰਾਪਤ ਹੋ ਸਕਦੀ ਹੈ। ਇਸ ਨਾਲ ਤਣਾਉ-ਮੁਕਤ ਅਤੇ ਹਿੰਸਾ-ਮੁਕਤ ਸਮਾਜ ਦੀ ਸਿਰਜਨਾ ਦਾ ਸੁਪਨਾ ਲਿਆ ਜਾ ਸਕਦਾ ਹੈ। ਗੁਰਬਾਣੀ ਦੀ ਅਗਵਾਈ ਵਿਚ ਚਲ ਕੇ ਬੰਦਿਆਂ ਦੇ ਦਿਲਾਂ ਨੂੰ ਇਕ ਦੂਜੇ ਨਾਲ ਜੋੜਿਆ ਜਾ ਸਕਦਾ ਹੈ ਤੇ ਉਹਨਾਂ ਦੇ ਮਨਾਂ ਨੂੰ ਇਕ ਦੂਜੇ ਦੇ ਮੁਤਾਬਕ ਬਦਲਿਆ ਵੀ ਜਾ ਸਕਦਾ ਹੈ।*[53]

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਮਨੁੱਖੀ ਜੀਵਨ ਦੇ ਲੌਕਿਕ ਸੱਚ ਨੂੰ ਪਾਰਲੌਕਿਕਤਾ ਰਾਹੀਂ ਰੂਪਮਾਨ ਕੀਤਾ ਗਿਆ ਹੈ। ਗੁਰਮਤਿ ਜੀਵਨ-ਜਾਚ ਦਾ ਮੂਲ ਆਧਾਰ ਵਿਸ਼ਵ ਦ੍ਰਿਸ਼ਟੀਕੋਣ ਰਾਹੀਂ ਪ੍ਰਤੀਪਾਦਿਤ ਹੁੰਦਾ ਹੈ। ਅਸਲ ਵਿਚ ਵਿਸ਼ਵ ਦ੍ਰਿਸ਼ਟੀਕੋਣ ਮਨੁੱਖ ਦੇ ਸਮੁੱਚੇ ਜੀਵਨ ਦਰਸ਼ਨ ਦੀ ਵਿਆਖਿਆ ਕਰਦਾ ਹੈ। ਬਾਣੀ ਚਿੰਤਨ ਭਾਰਤੀ ਦਰਸ਼ਨ ਦੀ ਵਿਚਾਰਧਾਰਾ ਅਨੁਸਾਰ ਵਿਸ਼ਵ ਦਾ ਪਰਮ ਯਥਾਰਥ ਅਧਿਆਤਮਕਤਾ ਨੂੰ ਪ੍ਰਵਾਨ ਕਰਦਾ ਹੈ। ਗੁਰੂ ਨਾਨਕ ਅਨੁਸਾਰ ਸਚ ਹਮੇਸ਼ਾਂ ਸਦੀਵੀ ਹੁੰਦਾ ਹੈ:

*ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ॥*

*ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨ ਰਚਾਈ॥* ਪੰਨਾ ੬

ਪਰਮਾਤਮਾ ਦੀ ਸਰਵਉੱਚਤਾ ਤਾਂ ਅਜਿਹੀ ਸ਼ਕਤੀ ਹੈ ਜੋ:

*ਥਾਪਿਆ ਨ ਜਾਇ ਕੀਤਾ ਨ ਹੋਇ॥*

*ਆਪੇ ਆਪਿ ਨਿਰੰਜਨ ਸੋਇ॥* ਪੰਨਾ ੨

ਗੁਰਬਾਣੀ ਚਿੰਤਨ ਵਿਚ ਨਿਰਾਕਾਰ ਪ੍ਰਮਾਤਮਾ ਦੀ ਹੋਂਦ ਅਤੇ ਉਸ ਦੀ ਸਰਵ ਵਿਆਪਕਤਾ ਹੈ ਜੋ ਕੁਦਰਤ ਅਤੇ ਜੀਵ ਭਾਵ ਸਾਰੀ ਸ੍ਰਿਸ਼ਟੀ ਦੇ ਕਾਰ ਵਿਹਾਰ ਨੂੰ ਚਲਾਉਣ ਵਾਲੀ ਹੈ। ੧ਓ ਦਾ ਪ੍ਰਥਮ ਗੁਣ ਸਤਿ ਹੈ ਤੇ ਉਸ ਸਤਿ ਤੋਂ ਆਈ ਬਾਣੀ ਵੀ ਸਤਿ ਹੈ:

*ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਮਾਨਹੁ ਇਉ ਆਤਮ ਰਾਮੈ ਲੀਨਾ ਹੈ॥* ਪੰਨਾ ੧੦੨੭

ਗੁਰੂ ਨਾਨਕ ਸਾਹਿਬ ਨੇ ਇਕ ਪਰਮਾਤਮਾ ਦੀ ਗੱਲ ਕੀਤੀ ਹੈ। ਇਸ ਤਰ੍ਹਾਂ ਰੱਬ ਦੀ ਹੋਂਦ ਨਾਲ ਸਬੰਧਿਤ ਸਾਰੇ ਪ੍ਰਸ਼ਨਾਂ ਦਾ ਹੱਲ ਹੋ ਜਾਂਦਾ ਹੈ ਅਤੇ ਲੋਕਾਈ ਵਿਚ ਨਾ ਬਰਾਬਰੀ ਦੀਆਂ ਸਾਰੀਆਂ ਮੁਸ਼ਕਲਾਂ ਖਤਮ ਹੋ ਜਾਂਦੀਆਂ ਹਨ। ਬਾਣੀ ਚਿੰਤਨ ਦਾ ਸਿਧਾਂਤ ਨਾਮ ਜਪੋ, ਵੰਡ ਛਕੋ, ਕਿਰਤ ਕਰੋ' ਉਥੇ ਸਾਰਥਕ ਹੁੰਦਾ ਹੈ ਜਿਥੇ 'ਕਰਮ' ਦੀ ਗਲ ਹੋਵੇਗੀ। ਵੰਡ ਕੇ ਛਕਣ ਨਾਲ ਸੇਵਾ ਭਾਵ ਦਾ ਜਨਮ ਹੁੰਦਾ ਹੈ:

*ਵਿਚਿ ਦੁਨੀਆ ਸੇਵਿ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥* ਪੰਨਾ ੨੫

ਗੁਰੂ ਸਾਹਿਬਾਨ ਨੇ ਆਪਣੀ ਵਿਹਾਰਕ ਜ਼ਿੰਦਗੀ ਵਿਚ ਵੀ ਕਰਮ ਦੀ ਮਹਾਨਤਾ ਨੂੰ ਸਵੀਕਾਰ ਕਰ ਕੇ ਅਮਲੀ ਰੂਪ ਵਿਚ ਕਰਕੇ ਵੀ ਦਿਖਾਇਆ। ਡਾ. ਅੰਮ੍ਰਿਤਪਾਲ ਕੌਰ 'ਗੁਰਬਾਣੀ ਚਿੰਤਨ: *ਸਮਾਜਿਕ ਸਭਿਆਚਾਰਕ ਸਰੋਕਾਰ' ਵਿਚ ਕਰਮ ਨੂੰ ਮਨੁੱਖੀ ਜੀਵਨ ਦਾ ਅਧਾਰ ਮੰਨਦੇ ਹਨ। ਉਨ੍ਹਾਂ ਅਨੁਸਾਰ ਕਰਮ ਨੂੰ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਅਧਿਆਤਮਕ ਕਰਮ, ਸਮਾਜਿਕ ਕਰਮ ਤੇ ਸਦਾਚਾਰਕ ਕਰਮ।*[54] ਅਕਾਲ ਪੁਰਖ ਵਿਚ ਵਿਸ਼ਵਾਸ, ਨਾਮ ਸਿਮਰਨ, ਬੰਦਗੀ

ਦਾ ਆਦਰਸ਼ ਮਾਡਲ ਅਪਣਾ ਕੇ ਮਨੁੱਖ ਸਚਿਆਰਾ ਬਣ ਜਾਂਦਾ ਹੈ ਅਤੇ ਮਾਨਵੀ ਜੀਵਨ ਲਈ ਮੁਕਤੀ ਦਾ ਅਧਾਰ ਵੀ ਪੈਦਾ ਹੋ ਜਾਂਦਾ ਹੈ। ਇਸੇ ਤਰ੍ਹਾਂ ਗ੍ਰਹਿਸਥ ਵਿਚ ਰਹਿੰਦਿਆਂ ਮਨੁੱਖ ਸ੍ਰਿਸ਼ਟਾਚਾਰ ਦਾ ਧਾਰਨੀ ਬਣ ਜਾਂਦਾ ਹੈ। ਸਦਾਚਾਰਕ ਕਰਮ ਮਨੁੱਖ ਜੀਵਨ ਦੀ ਸੁਚੱਜੀ ਜੀਵਨ ਜਾਚ ਨੂੰ ਦਰਸਾਉਂਦੇ ਹਨ। ਉਹ ਆਪਣੀ ਜ਼ਿੰਦਗੀ ਵਿਚ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵਿਕਾਰਾਂ ਨੂੰ ਤਿਆਗ ਕੇ ਸਤ ਸੰਤੋਖ, ਸੰਜਮ, ਨਿਮਰਤਾ, ਸਹਿਣਸ਼ੀਲਤਾ ਨੂੰ ਅਪਣਾ ਕੇ ਮਾਨਵੀ ਸਭਿਆਚਾਰ ਨੂੰ ਪ੍ਰਫੁਲਤ ਕਰਨ ਵਿਚ ਸਹਾਈ ਹੋ ਸਕਦਾ ਹੈ।

ਗੁਰੂ ਗ੍ਰੰਥ ਸਾਹਿਬ ਇਕ ਅਜਿਹਾ ਸਭਿਆਚਾਰ ਸਿਰਜਿਤ ਕਰਨ ਵਲ ਰੁਚਿਤ ਹੈ ਜੋ ਪਦਾਰਥਕ, ਨੈਤਿਕ ਅਤੇ ਬੌਧਿਕ ਮੰਜ਼ਿਲਾਂ ਨੂੰ ਤਹਿ ਕਰਕੇ ਅਧਿਆਤਮਕਤਾ ਦੇ ਰਹੱਸ ਖੋਲ੍ਹਦਾ ਹੈ। ਇਸ ਤਰ੍ਹਾਂ ਇਕ ਸਾਂਝਾ ਸਭਿਆਚਾਰ ਉਸਾਰਨ ਲਈ ਯਤਨਸ਼ੀਲ ਹੈ। ਇਸ ਲਈ ਗੁਰੂ ਗ੍ਰੰਥ ਸਾਹਿਬ ਨੂੰ 'ਸਭਿਆਚਾਰਕ ਰਹਿਤਲ ਦਾ ਨਵਾਂ ਪ੍ਰਵਚਨ' ਕਿਹਾ ਜਾਂਦਾ ਹੈ।

### (ਹ) ਰਾਗ ਮੁਕਤ ਬਾਣੀ ਵਿੱਚ ਸਭਿਆਚਾਰਕ ਜੁਗਤਾਂ

ਗੁਰੂ ਗ੍ਰੰਥ ਸਾਹਿਬ ਵਿਚ ਸਮੁੱਚੀ ਬਾਣੀ ਅਧਿਆਤਮਕਤਾ ਦੇ ਰਹੱਸਾਂ ਨੂੰ ਖੋਲ੍ਹਣ ਲਈ ਅਗਰਸਰ ਹੈ। ਇਸ ਵਿਚ ਜਿਥੇ ਪਰਮਾਤਮਾ ਦੇ ਸਦੀਵੀ ਗੁਣਾਂ ਦੇ ਸੰਕਲਪ ਦੀ ਵਿਆਖਿਆ ਕੀਤੀ ਗਈ ਹੈ ਉਥੇ ਨਾਲ ਹੀ ਇਸ ਵਿਚਲਾ ਪੇਸ਼ ਸਮੁੱਚਾ ਦਰਸ਼ਨ ਮਨੁੱਖੀ ਜੀਵਨ ਜਾਚ ਨੂੰ ਨੈਤਿਕ ਅਤੇ ਸਦਾਚਾਰਕ ਗੁਣਾਂ ਨਾਲ ਓਤ ਪ੍ਰੋਤ ਕਰਕੇ ਲੌਕਿਕਤਾ ਅਤੇ ਪਾਰ ਲੌਕਿਕਤਾ ਵਿਚ ਇਕ ਸੁਮੇਲ ਪੈਦਾ ਕਰਦਾ ਹੈ। ਇਸ ਵਿਚਲੀ ਬਾਣੀ ਮਨੁੱਖੀ ਜ਼ਿੰਦਗੀ ਨੂੰ ਬਿਹਤਰ ਬਨਾਉਣ ਲਈ ਇਕ ਨਰੋਈ ਸੇਧ ਦਿੰਦੀ ਹੈ। ਆਧੁਨਿਕ ਸਮੇਂ ਵਿਚ ਮਨੁੱਖ ਗਿਆਨ ਵਿਗਿਆਨ ਦੀਆਂ ਅਨੇਕਾਂ ਸਹੂਲਤਾਂ ਨਾਲ ਲੈਸ ਹੋ ਕੇ ਆਪਣੀ ਜ਼ਿੰਦਗੀ ਨੂੰ ਉਤਮ ਢੰਗ ਨਾਲ ਜਿਉਂ ਰਿਹਾ ਹੈ। ਪੂਰਾ ਵਿਸ਼ਵ ਸੁੰਗੜ ਕੇ ਇਕ ਪਿੰਡ ਦਾ ਰੂਪ ਬਨਣ ਕਰਕੇ ਇਸ ਵਿਚ ਰਹਿੰਦਿਆਂ ਮਨੁੱਖ ਦੀ ਚੇਤਨਾ ਇੰਨੀ ਸੁੰਗੜ ਚੁੱਕੀ ਹੈ ਕਿ ਉਸਨੂੰ ਆਪਣੇ ਤੋਂ ਉਪਰ ਕੋਈ ਦਿਸਦਾ ਹੀ ਨਹੀਂ। ਪ੍ਰਕਿਰਤੀ ਦਾ ਰੂਪ ਵਿਗਾੜਨ ਲਈ ਜ਼ਿੰਮੇਵਾਰ ਹੋਣ ਕਰਕੇ ਇਕ ਪਾਸੇ ਉਸ ਨੂੰ ਓਜ਼ੋਨ ਲਹਿਰ, ਤੇਜ਼ਾਬੀ ਮੀਂਹ ਅਤੇ ਵਿਆਪਕ ਤਪਸ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਪਰ ਇਸ ਤੋਂ ਉਪਰ ਰਾਜਨੀਤਕ, ਸਮਾਜਿਕ ਅਤੇ ਸਭਿਆਚਾਰਕ ਪਰਿਪੇਖ ਵਿਚ ਉਸ ਦੀਆਂ ਆਪਣੀਆਂ ਪੈਦਾ ਕੀਤੀਆਂ ਸਮੱਸਿਆਵਾਂ ਸਾਰੇ ਸੰਸਾਰ ਨੂੰ ਦੁਖੀ ਕਰ ਰਹੀਆਂ ਹਨ। ਉਸਦਾ ਵਿਅਕਤੀਤਵ ਖੰਡਿਤ ਹੋ ਚੁੱਕਾ ਹੈ ਕਿਉਂਕਿ ਉਹ ਖਪਤ ਸਭਿਆਚਾਰ ਵਿਚ ਗਲਤਾਨ ਹੋ ਕੇ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਹਰ ਢੰਗ ਵਰਤਣਾ ਚਾਹੁੰਦਾ ਹੈ। ਉਹ ਹਰ ਸਮੇਂ ਚਿੰਤਾਵਾਂ ਵਿਚ ਘਿਰਿਆ ਕਿਸੇ ਇਕ ਐਸੇ ਮਾਡਲ ਦੀ

ਤਲਾਸ਼ ਵਿਚ ਹੈ ਜੋ ਉਸਨੂੰ ਉਸਦੀਆਂ ਆਪਣੀਆਂ ਪੈਦਾ ਕੀਤੀਆਂ ਸਮਸਿਆਵਾਂ ਤੋਂ ਨਿਜਾਤ ਦੁਆ ਸਕੇ। ਇਸੇ ਲਈ ਦੁਨੀਆਂ ਦੇ ਹਰ ਹਿੱਸੇ ਵਿਚ 'ਧਰਮ ਦੀ ਵਾਪਸੀ' ਦਾ ਸਿਧਾਂਤ ਦ੍ਰਿਸ਼ਟੀਗੋਚਰ ਹੋ ਰਿਹਾ ਹੈ। ਧਰਮ ਹਮੇਸ਼ਾਂ ਹੀ ਮਨੁੱਖੀ ਸਭਿਅਤਾ ਦੇ ਇਤਿਹਾਸ ਵਿਚ ਇਕ ਮਹੱਤਵਪੂਰਨ ਰੋਲ ਨਿਭਾਉਂਦਾ ਆ ਰਿਹਾ ਹੈ। ਧਰਮ ਹੀ ਮਨੁੱਖ ਅੰਦਰ ਕਦਰਾਂ ਕੀਮਤਾਂ, ਸਿਧਾਂਤਾਂ ਅਤੇ ਆਦਰਸ਼ ਮਾਨਵੀ ਗੁਣ ਪੈਦਾ ਕਰਦਾ ਹੈ ਜਿਸ ਨਾਲ ਸਮਾਜ ਵਿਚਲੇ ਧਰਮ, ਵਰਣ, ਨਸਲ, ਰੰਗ ਅਤੇ ਭਾਸ਼ਾ ਦੇ ਸਾਰੇ ਵਖਰੇਵੇਂ ਮਿਟ ਜਾਂਦੇ ਹਨ। ਬਾਣੀ ਚਿੰਤਨ ਸਮਕਾਲੀ ਸਮਾਜ ਦੀਆਂ ਇਨ੍ਹਾਂ ਜਟਿਲ ਸਮਸਿਆਵਾਂ ਨੂੰ ਕਿਧਰੇ ਵੀ ਅਖੋਂ ਪਰੋਖ ਨਹੀਂ ਕਰਦਾ ਸਗੋਂ ਇਹਨਾਂ ਸਮਸਿਆਵਾਂ ਨੂੰ ਸਾਖ਼ਸ਼ਾਤ ਕਰਦਿਆਂ ਸਮੇਂ ਦੀ ਰਾਜਨੀਤਕ, ਸਮਾਜਿਕ, ਆਰਥਿਕ ਅਤੇ ਧਾਰਮਿਕ ਵਿਵਸਥਾ ਦੇ ਵਿਰੋਧ ਵਿਚ ਸਧਾਰਨ ਲੋਕਾਂ ਨੂੰ ਮੁਖਾਤਿਬ ਹੋ ਜੀਵਨ ਜੁਗਤ ਦਾ ਕਰਮਸ਼ੀਲ ਮਾਡਲ ਪ੍ਰਸਤੁਤ ਕਰਦਾ ਹੈ।[55] ਗੁਰੂ ਗ੍ਰੰਥ ਸਾਹਿਬ ਮੱਧਕਾਲੀਨ ਭਾਰਤੀ ਸਭਿਆਚਾਰਕ ਵਿਰਸੇ ਦਾ ਪ੍ਰਤੀਕ ਬਣਕੇ ਉਜਾਗਰ ਹੁੰਦਾ ਹੈ। ਇਸਦੇ ਬਾਣੀਕਾਰ ਆਪਣੇ ਵੇਲੇ ਦੀਆਂ ਇਤਿਹਾਸਕ ਪਰਸਥਿਤੀਆਂ ਅਤੇ ਸਭਿਆਚਾਰਕ ਵੰਗਾਰਾਂ ਦੇ ਰੂਬਰੂ ਹੋ ਕੇ ਰੂਹਾਨੀ ਪ੍ਰਵਚਨ ਦੀ ਉਸਾਰੀ ਕਰਦੇ ਹਨ। [56] ਗੁਰੂ ਗ੍ਰੰਥ ਸਾਹਿਬ ਦੀ ਬਾਣੀ 'ਜੋ ਬ੍ਰਹਿਮੰਡੇ ਸੋਈ ਪਿੰਡੇ' ਦੀ ਗੂੰਜਾਰ ਪੇਸ਼ ਕਰਦੀ ਹੈ। ਮਨੁੱਖੀ ਅਨੁਭਵਾਂ ਵਿਚੋਂ ਸਰਵੋਤਮ ਸਥਾਨ ਅਧਿਆਤਮਕਤਾ ਨੂੰ ਹੀ ਦਿੱਤਾ ਜਾਂਦਾ ਹੈ। ਧਰਮ ਇਕ ਮਹੱਤਵਪੂਰਨ ਵਰਤਾਰਾ ਹੈ। ਧਰਮ ਸਭਿਆਚਾਰ ਦੀਆਂ ਕੀਮਤਾਂ ਦੀ ਪ੍ਰਾਪਤੀ ਵਿਚ ਸਭ ਤੋਂ ਅਗੇਰੇ ਹੈ ਅਤੇ ਸਮਾਜਿਕ ਜੀਵਨ ਵਿਚ ਸੰਤੁਲਨ ਬਣਾਈ ਰੱਖਣ ਲਈ ਇਕ ਅਹਿਮ ਰੋਲ ਵੀ ਅਦਾ ਕਰਦਾ ਹੈ। ਵਿਸ਼ਵ ਦੇ ਸਾਰੇ ਧਰਮਾਂ ਵਿਚ ਵਖੋ ਵਖਰੇ ਢੰਗ ਨਾਲ ਧਰਮ ਨੂੰ ਜੀਵਨ ਦੀ ਸਰਵ ਉੱਚ ਪ੍ਰਾਪਤੀ ਦਾ ਮਾਰਗ ਦਸਿਆ ਗਿਆ ਹੈ। ਡਾ. ਜਗਬੀਰ ਸਿੰਘ ਅਨੁਸਾਰ:

> *ਧਰਮ ਮਨੁੱਖੀ ਸਮਾਜ-ਸਭਿਆਚਾਰ ਨੂੰ ਪ੍ਰਭਾਵਿਤ ਕਰਨ ਵਾਲਾ ਅਜਿਹਾ ਵਿਸ਼ਵ ਵਿਆਪੀ ਵਰਤਾਰਾ ਹੈ ਜੋ ਮੁੱਢ ਕਦੀਮ ਤੋਂ ਮਨੁੱਖ ਦੇ ਅੰਗ-ਸੰਗ ਰਿਹਾ ਹੈ। ਮਾਨਵ ਜਾਤੀ ਦੇ ਸਮੁੱਚੇ ਇਤਿਹਾਸ ਦੌਰਾਨ ਇਸਦਾ ਸਮੂਹ ਸੰਭਾਵਨਾਵਾਂ ਅਤੇ ਸਭਿਆਚਾਰਾਂ ਦੇ ਜੀਵਨ ਵਿਚ ਕੇਂਦਰੀ ਸਥਾਨ ਰਿਹਾ ਹੈ। ਭਾਵੇਂ ਅਜੋਕੇ ਦੌਰ ਵਿਚ ਵਿਗਿਆਨਕ ਸੋਚ ਨੇ ਮਨੁੱਖੀ ਜੀਵਨ ਵਿਚ ਧਰਮ ਨਿਰਪੱਖਤਾ ਦੀ ਪ੍ਰਵਿਰਤੀ ਨੂੰ ਉਤਸ਼ਾਹਿਤ ਕੀਤਾ ਹੈ ਪਰ ਤਾਂ ਵੀ ਗਲੋਬਲ ਪੱਧਰ ਉੱਤੇ ਇਸਦਾ ਪ੍ਰਭਾਵ ਘਟਿਆ ਨਹੀਂ ਸਗੋਂ ਕਿਸੇ ਹੱਦ ਤੱਕ ਵਧਿਆ ਹੀ ਹੈ।*[57]

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਧਰਮ ਅਤੇ ਸਭਿਆਚਾਰ ਇਕ ਦੂਜੇ ਵਿਚ ਰਲਗੱਡ ਹੋ ਜਾਂਦੇ ਹਨ। ਗੁਰੂ ਨਾਨਕ ਆਪਣੇ ਅਧਿਆਤਮਕ ਭਾਵਾਂ ਨੂੰ ਸਭਿਆਚਾਰਕ ਲੋਕਧਾਰਾ ਵਿਚ ਪ੍ਰਗਟ ਕਰਕੇ ਪੰਜਾਬ ਦੇ ਸਭਿਆਚਾਰ ਦਾ ਅਤੁੱਟ ਅੰਗ ਬਣ ਗਿਆ ਹੈ। ਆਪਣੀ ਸ਼ਾਹਕਾਰ ਬਾਣੀ 'ਜਪੁਜੀ' ਵਿਚ ਹੀ 'ਕਿਵ ਸਚਿਆਰਾ ਹੋਈਐ' ਨਾਲ ਦਿੱਤੀ ਜੀਵਨ ਜੁਗਤ ਹੀ ਸਮੁੱਚੇ ਗੁਰਬਾਣੀ ਚਿੰਤਨ ਦਾ ਅਧਾਰ ਹੈ। ਜਿਥੇ ਮਨੁੱਖ ਜੀਵਨ ਵਿਚ ਵਿਚਰਦਿਆਂ 'ਕੂੜ ਦੀ ਪਾਲ' ਨਾਲ ਟਕਰਾਉਂਦਾ ਹੈ। ਚੰਗੀ ਜੀਵਨ ਜੁਗਤ ਲਈ ਉਸਨੂੰ ਪਦਾਰਥਕ ਵਸਤੂਆਂ ਨਾਲ ਮੋਹ ਤਿਆਗਣਾ ਪਵੇਗਾ। ਉਸਨੂੰ ਆਪਣੇ ਅੰਦਰ ਦੀ 'ਹਉਮੈ' ਨੂੰ ਕਢ ਕੇ 'ਹੁਕਮ' ਨੂੰ ਮੰਨਣਾ ਪੈਣਾ ਹੈ ਤਾਂ ਹੀ ਉਹ ਚੰਗਾ ਜੀਵਨ ਜਿਉਂ ਕੇ 'ਸਚਿਆਰ' ਬਨਣ ਦੇ ਰਾਹ ਤੁਰ ਸਕਦਾ ਹੈ। ਇਸ ਵਾਸਤੇ ਉਸਨੂੰ 'ਗੁਰਪ੍ਰਸਾਦਿ' ਦੀ ਲੋੜ ਹੈ। ਗੁਰੂ ਦੀ ਅਗਵਾਈ ਤੋਂ ਬਿਨਾਂ ਉਸਦਾ ਕੁਝ ਵੀ ਸੰਵਰ ਨਹੀਂ ਸਕਦਾ, ਜੋ ਗੁਰੂ ਨੇ ਹੀ ਪੈਦਾ ਕਰਨੀ ਹੈ:

*ਮਤਿ ਵਿਚ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ॥*
*ਗੁਰਾ ਇਕ ਦੇਹਿ ਬੁਝਾਈ॥*
*ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥* ਪੰਨਾ ੨

ਡਾ. ਬਲਵਿੰਦਰ ਸਿੰਘ ਜੌੜੇ ਸਿੰਘਾ ਆਪਣੇ ਇਕ ਨਿਬੰਧ 'ਗੁਰੂ ਗ੍ਰੰਥ ਸਾਹਿਬ: ਸਭਿਆਚਾਰ ਤੇ ਸ੍ਰੋਤ ਵਜੋਂ' ਵਿਚ ਲਿਖਦੇ ਹਨ: ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਸ਼ੈ ਸਰੂਪ ਵਿਚ ਸੂਖਮ ਤੋਂ ਸਥੂਲ, ਭੌਤਿਕ ਤੋਂ ਪਰਾਭੌਤਿਕ, ਆਤਮਾ ਤੋਂ ਪਰਮਾਤਮਾ ਤਕ ਅਤੇ ਇਸਦੇ ਵਿਚਕਾਰ ਆਉਂਦੇ ਹਰ ਤਰ੍ਹਾਂ ਦੇ ਵਿਸ਼ੇ ਨੂੰ ਛੂਹਿਆ, ਦਰਸਾਇਆ ਤੇ ਪਕਾਇਆ ਗਿਆ ਹੈ।[58] ਇਸ ਸਬੰਧ ਵਿੱਚ ਡਾ. ਅੰਮ੍ਰਿਤਪਾਲ ਕੌਰ ਲਿਖਦੇ ਹਨ,"*ਇਸ ਦੀ ਆਧਾਰ ਭੂਮੀ ਵਿਚ ਮਨੁੱਖ ਅਤੇ ਸਮਾਜ ਨਾਲ ਜੁੜੇ ਸਰੋਕਾਰ ਹਨ। ਸਮਾਜਿਕ ਵਿਕਾਸ ਪਰਿਵਰਤਨ ਦਾ ਨਿਯਮ ਹੈ, ਇਤਿਹਾਸ ਉਸ ਪਰਿਵਰਤਨ ਨੂੰ ਮਾਨਤਾ ਦਿੰਦਾ ਹੈ ਜੋ ਕਿ ਸਮਾਜਿਕ ਵਿਕਾਸ ਨੂੰ ਉਥਾਨ ਵਲ ਲੈ ਜਾਵੇ। ਬਾਣੀ ਦੀ ਵਿਚਾਰਧਾਰਾ ਇਕ ਵਿਸ਼ੇਸ਼ ਇਤਿਹਾਸਕ ਕਾਲ-ਖੰਡ ਵਿਚ ਉਦੈ ਹੋਣ ਦੇ ਬਾਵਜੂਦ ਸਰਬਕਾਲੀ, ਸਰਬਮੁਖੀ ਅਤੇ ਸਰਬ ਹਿਤਕਾਰੀ ਹੈ ਜੋ ਕਿ ਸਿੱਧੇ ਰੂਪ ਵਿਚ ਮਨੁੱਖੀ ਜੀਵਨ ਜਾਚ ਅਤੇ ਜੁਗਤ ਨੂੰ ਸੰਬੋਧਿਤ ਹੈ।*"[59]

ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਸਿਰਜਣ ਸਮੇਂ ਭਾਰਤ ਵਿਚ ਇਕ ਪਾਸੇ ਸਾਮੀ/ਇਸਲਾਮੀ ਸਭਿਆਚਾਰ ਦੀ ਸਥਾਪਤੀ ਸੀ ਅਤੇ ਦੂਸਰੇ ਪਾਸੇ ਹਿੰਦੂ ਸਭਿਆਚਾਰ ਵਿਚ

ਵਰਣ-ਵੰਡ ਦਾ ਬੋਲਬਾਲਾ ਸੀ। ਗੁਰੂ ਨਾਨਕ ਦੇ ਆਗਮਨ ਤੋਂ ਪਹਿਲਾਂ ਸਮਾਜ ਦੀ ਰਾਜਨੀਤਕ, ਧਾਰਮਿਕ, ਸਮਾਜਿਕ ਅਤੇ ਸਦਾਚਾਰਕ ਸਥਿਤੀ ਇੰਨੀ ਵਿਗੜ ਚੁੱਕੀ ਸੀ:

*ਕਲਿ ਆਈ ਕੁਤੇ ਮੁਹੀ ਖਾਜ ਹੋਆ ਮੁਰਦਾਰ ਗੁਸਾਈ॥* ੩੦,ਪਹਿਲੀ ਵਾਰ

ਰਾਗ ਮੁਕਤ ਬਾਣੀ ਵਿਚ ਨਿਰਾਕਾਰ ਪਰਮਾਤਮਾ ਨੂੰ 'ਨਿਰਭਉ' ਅਤੇ 'ਨਿਰਵੈਰ' ਕਿਹਾ ਗਿਆ ਹੈ। ਇਹ ਜੀਵਨ ਜੁਗਤੀ ਉਸ ਲਈ ਇਕ ਆਦਰਸ਼ਕ ਮਾਡਲ ਹੈ। ਮਨੁੱਖ ਨੂੰ ਆਪਣੇ ਅੰਦਰ ਵੀ ਇਨ੍ਹਾਂ ਗੁਣਾਂ ਨੂੰ ਭਰਨ ਦੀ ਲੋੜ ਹੈ। 'ਭੈ' ਨਾਲ ਮਨੁੱਖ ਦੇ ਸਵੈਮਾਨ ਨੂੰ ਸੱਟ ਵੱਜਦੀ ਹੈ ਅਤੇ 'ਵੈਰ' ਮਨੁੱਖ ਨੂੰ ਹੋਰ ਭੜਕਾਉਣ ਵਾਲੀ ਸ਼ਕਤੀ ਹੈ। ਗੁਰੂ ਤੇਗ ਬਹਾਦਰ ਨੇ ਇਥੇ ਸਾਰੇ ਮਨੁੱਖਾਂ ਦੇ ਮਨ ਅੰਦਰ ਉਸ ਰੱਬੀ ਜੋਤ ਦੇ ਦਰਸ਼ਨ ਕਰਵਾ ਕੇ ਸਪਸ਼ਟ ਕਰ ਦਿੱਤਾ ਹੈ ਕਿ ਅਸਲ 'ਗਿਆਨੀ' ਨਾ ਕਿਸੇ ਨੂੰ ਭੈ ਦਿੰਦਾ ਹੈ ਤੇ ਨਾ ਹੀ ਮੰਨਦਾ ਹੈ:

*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥*
*ਕਹੁ ਨਾਨਕ ਸੁਨੁ ਰੇ ਮਨਾ ਗਿਆਨੀ ਤਾਹਿ ਬਖਾਨਿ॥* ਪੰਨਾ ੧੪੨੭

ਮਨੁੱਖ ਨੂੰ ਅਪਣੇ ਅੰਦਰੋਂ ਵਿਕਾਰਾਂ ਨੂੰ ਕਢ ਕੇ ਉਸ ਦੀ ਨਦਰਿ ਪ੍ਰਾਪਤੀ ਦਾ ਸੰਕਲਪ ਬਖਸ਼ਿਆ ਹੈ। ਉਨ੍ਹਾਂ ਨੇ ਬਾਹਰਮੁਖੀ ਕਰਮ ਕਾਂਡ ਕਰਨ ਵਾਲੇ ਪੰਡਤਾਂ ਨੂੰ ਭੰਡਦੇ ਹੋਏ ਅਮਲੀ ਜੀਵਨ ਤੇ ਜ਼ੋਰ ਦਿੱਤਾ ਹੈ। ਜੇ ਪੰਡਤ ਪਾਸ ਸ਼ਰਧਾ ਵਾਲਾ ਗਿਆਨ ਨਾ ਹੋਵੇ, ਤਾਂ ਵਿਖਾਵੇ ਵਾਲਾ ਕਰਮ ਕਾਂਡ ਕਰਨ ਦੀ ਕੋਈ ਲੋੜ ਨਹੀਂ। ਇਸੇ ਤਰ੍ਹਾਂ ਜੋਗੀਆਂ ਨੂੰ ਵੀ ਜੋਗ ਦੇ ਪਖੰਡੀ ਵਿਹਾਰ ਨੂੰ ਨਿੰਦ ਕੇ ਉਨ੍ਹਾਂ ਨੂੰ ਮੁੰਦਰਾਂ, ਬਿਭੂਤ ਅਤੇ ਖਿੰਥਾ ਆਦਿ ਦੇ ਨਵੇਂ ਅਰਥ ਗ੍ਰਹਿਣ ਕਰਨ ਉਤੇ ਜ਼ੋਰ ਦਿੱਤਾ:

*ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ॥*
*ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ॥* ਪੰਨਾ ੭

ਇਸੇ ਤਰ੍ਹਾਂ ਗੁਰੂ ਅਮਰਦਾਸ ਨੇ ਵੀ ਭਗਵੇਂ ਕਪੜੇ ਪਾਉਣ ਵਾਲੇ ਜੋਗੀਆਂ ਨੂੰ ਵੀ ਕਰੜੇ ਹੱਥੀਂ ਲਿਆ। ਭਾਂਤ ਭਾਂਤ ਦੇ ਅਤੇ ਮੈਲੇ ਪਹਿਰਾਵੇ ਪਹਿਨਣ ਨਾਲ ਪ੍ਰਭੂ ਦਾ ਮਿਲਾਪ ਨਹੀਂ ਹੋ ਸਕਦਾ। ਘਰੀਂ ਬੈਠ ਕੇ ਹੀ ਪ੍ਰਭੂ ਮਿਲਾਪ ਹੋ ਸਕਦਾ ਹੈ। ਹਿੰਦੂ ਗੰਗਾ ਦਾ ਇਸ਼ਨਾਨ ਅਤੇ ਮੁਸਲਮਾਨ ਮੱਕੇ ਕਾਅਬੇ ਦਾ ਹੱਜ ਕਰਕੇ ਸਮਝਦੇ ਹਨ ਕਿ ਅਸੀਂ ਰਬ ਦੇ ਘਰ ਵਿਚ ਪੁਜ ਗਏ ਹਾਂ। ਪਰ ਭਗਤ ਕਬੀਰ ਅਜਿਹੇ ਲੋਕਾਂ ਉਤੇ ਡੂੰਘੀ ਚੋਟ ਕਰਕੇ ਹਾਜੀ ਲੋਕਾਂ ਦਾ ਭਰਮ ਦੂਰ ਕਰਦੇ ਹਨ ਕਿ ਪਰਮਾਤਮਾ ਕਿਸ ਥਾਂ ਤੇ ਨਹੀਂ ਵਸਦਾ:

*ਕਬੀਰ ਹਜ ਕਾਬੇ ਹਉ ਜਾਇ ਥਾ ਆਗੈ ਮਿਲਿਆ ਖੁਦਾਇ॥*

*ਸਾਂਈ ਮੁਝਿ ਸਿਉ ਲਰਿ ਪਰਿਆ ਤੁਝੈ ਕਿਨਿ ਫੁਰਮਾਈ ਗਾਇ॥* ਪੰਨਾ ੧੩੭੫

ਬਾਬਾ ਫਰੀਦ ਜੰਗਲਾਂ ਵਿਚ ਭਟਕੇ ਇਕਾਂਤ ਲਭਣ ਵਾਲਿਆਂ ਨੂੰ ਵੀ ਨਹੀਂ ਬਖ਼ਸ਼ਦਾ। ਇਸ ਤਰ੍ਹਾਂ ਭੁਲੇਖਿਆਂ ਵਿਚ ਪੈ ਕੇ ਰੱਬ ਨਹੀਂ ਮਿਲਦਾ ਸਗੋਂ ਉਸਨੂੰ ਆਪਣੇ ਹਿਰਦੇ ਵਿਚੋਂ ਹੀ ਲਭਿਆ ਜਾ ਸਕਦਾ ਹੈ:

*ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥*

*ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥* ਪੰਨਾ ੧੩੭੮

ਉਸ ਅਨੁਸਾਰ ਦੁਨੀਆਂ ਅਮੀਰ ਤੇ ਗਰੀਬ ਦੋ ਧੜਿਆਂ ਵਿਚ ਵੰਡੀ ਹੋਈ ਹੈ। ਹਾਕਮ ਜਮਾਤ ਪ੍ਰਤਖ ਰੂਪ ਵਿਚ ਮਨੁੱਖ ਵਿਰੋਧੀ ਪੈਂਤੜੇ ਅਪਣਾ ਕੇ ਜਨਤਾ ਨੂੰ ਨਿਘਾਰ ਵਲ ਧੱਕਦੀ ਹੈ ਪਰ ਉਹਨਾਂ ਦੇ ਪਿੱਛਲੱਗ ਲੋਕਾਂ ਨਾਲ ਧੋਖਾ ਕਰਕੇ ਹਾਕਮਾਂ ਨਾਲ ਗੰਢ ਤੁਪ ਕਰਕੇ ਉਨ੍ਹਾਂ ਦੁਆਰਾ ਲਾਗੂ ਕੀਤੇ ਸਭਿਆਚਾਰ ਦੇ ਪ੍ਰਚਾਰਕ ਹਨ। ਕਾਜ਼ੀ, ਮੁਲਾਂ, ਸ਼ੇਖ, ਫਕੀਰ ਤੇ ਦਰਵੇਸ਼ ਦੇ ਰੂਪ ਵਿਚ ਲੋਕਾਂ ਨਾਲ ਧਰੋਹ ਕਮਾਉਂਦੇ ਹਨ ਅਤੇ ਦਿਲਾਂ ਦੇ ਕਾਲੇ, ਇਹ ਲੋਕ ਗੁਨਾਹਾਂ ਨਾਲ ਭਰੇ ਪਏ ਹਨ:

*ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ॥*

*ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ॥* ਪੰਨਾ ੧੩੮੧

ਜਦੋਂ ਭਗਤ ਕਬੀਰ ਇਨ੍ਹਾਂ ਦੰਭੀ ਮੁਲਾਣਿਆਂ ਨੂੰ ਬਾਂਗ ਦਿੰਦੇ ਦੇਖਦੇ ਹਾਂ ਤਾਂ ਚੁਪ ਕਰਕੇ ਬੈਠਣ ਦੀ ਬਜਾਏ ਉਚੀਆਂ ਬਾਗਾਂ ਦੇਣ ਵਾਲਿਆਂ ਨੂੰ ਚਿਤਾਵਨੀ ਦਿੰਦਾ ਹੈ ਕਿ ਦਿਖਾਵੇ ਦੀ ਬਾਂਗ ਦੇਣ ਨਾਲੋਂ ਆਪਣੇ ਅੰਦਰੋਂ ਉਸ ਖੁਦਾ ਨੂੰ ਢੂੰਡਨ ਦੀ ਕੋਸ਼ਿਸ਼ ਕਰ:

*ਕਬੀਰ ਮੁਲਾਂ ਮੁਨਾਰੇ ਕਿਆ ਚਢਹਿ ਸਾਂਈ ਨ ਬਹਰਾ ਹੋਇ॥*

*ਜਾ ਕਾਰਨਿ ਤੂੰ ਬਾਂਗ ਦੇਹਿ ਦਿਲ ਹੀ ਭੀਤਰਿ ਜੋਇ॥* ਪੰਨਾ ੧੩੭੪

ਗੁਰੂ ਨਾਨਕ ਸਾਹਿਬ ਅਜਿਹੇ ਉੱਚੀ ਜਾਤ ਦੀਆਂ ਡੀਂਗਾਂ ਮਾਰਨ ਵਾਲਿਆਂ ਤੋਂ ਸਾਵਧਾਨ ਰਹਿਣ ਦੀ ਜੁਗਤ ਦਸਦੇ ਹਨ ਕਿ ਸਿਰਫ ਗੱਲਾਂ ਮਾਰਨ ਨਾਲੋਂ ਆਪਣੇ ਅੰਦਰੋਂ ਵਿਕਾਰਾਂ ਦੀ ਮੈਲ ਨੂੰ ਕਢਿਆ ਜਾਵੇ ਪਰ ਕਈ ਸਿਆਣੇ ਲੋਕ ਵੀ ਇਨ੍ਹਾਂ ਵਿਕਾਰਾਂ ਤੋਂ ਬਚ ਨਹੀਂ ਸਕੇ:

*ਜੇ ਤੂੰ ਤਾਰੂ ਪਾਣਿ ਤਾਹੂ ਪੁਛੁ ਤਿੜੰਨ੍ਹ ਕਲੁ॥*

*ਤਾਹੂ ਖਰੇ ਸੁਜਾਣ ਵੰਞਾ ਏਨੀ ਕਪਰੀ॥* ਪੰਨਾ ੧੪੧੦

ਆਪਣੇ ਆਪ ਨੂੰ ਸਿਆਣਾ, ਪੰਡਿਤ ਕਹਾਉਣ ਨਾਲੋਂ ਅਸਲ ਵਿਚ ਆਪਣੇ ਅੰਦਰ ਗੁਣ ਪੈਦਾ ਕਰਨੇ ਚਾਹੀਦੇ ਹਨ ਕਿਉਂਕਿ ਉਹਨਾਂ ਦਾ ਝੂਠ ਤੇ ਪਾਜ ਦਾ ਮੁਲੰਮਾ ਝਟ ਢਹਿ ਜਾਣਾ ਹੈ। ਬ੍ਰਾਹਮਣ ਦੇ ਚਾਰ ਵੇਦ ਪੜ੍ਹਨ ਨਾਲੋਂ ਜ਼ਿਆਦਾ ਜਰੂਰੀ ਹੈ ਕਿ ਉਸ ਉੱਤਮ ਆਚਾਰ ਰਾਹੀਂ ਪਛਾਣਿਆ ਜਾਵੇ:

*ਹੋਵਾ ਪੰਡਿਤੁ ਜੋਤਕੀ ਵੇਦ ਪੜਾ ਮੁਖਿ ਚਾਰਿ॥*

*ਨਵਾ ਖੰਡਾ ਵਿਚ ਜਾਣੀਆ ਅਪਨੇ ਚਜ ਵੀਚਾਰ॥* ਪੰਨਾ ੧੪੧੩

ਅਜਿਹੇ ਦਿਖਾਵੇ ਦਾ ਧਰਮ ਕਰਮ ਵਾਲਾ ਜੀਵਨ ਜਿਉਣ ਵਾਲੇ ਵਿਅਕਤੀਆਂ ਦੇ ਮਨ ਵਿਚ ਬੁਰਾਈਆਂ ਦਾ ਵਾਧਾ ਹੁੰਦਾ ਹੈ ਪਰ ਜੇ ਜ਼ਿੰਦਗੀ ਵਿਚ ਚੰਗੇ ਕਰਮ ਕੀਤੇ ਜਾਣ ਤਾਂ ਅਵਸ਼ ਹੀ ਫਲ ਦੀ ਪ੍ਰਾਪਤੀ ਹੋਵੇਗੀ। ਆਪਣੇ ਅੰਦਰੋਂ ਚੁਗਲੀ, ਨਿੰਦਾ ਅਤੇ ਈਰਖਾ ਵਰਗੇ ਔਗੁਣਾਂ ਨੂੰ ਦੂਰ ਕਰਨਾ ਚਾਹੀਦਾ ਹੈ:

*ਚੁਗਲ ਨਿੰਦਕ ਭੁਖੇ ਰੁਲਿ ਮੁਏ ਏਨਾ ਹਥੁ ਨ ਕਿਥਾਊ ਪਾਇ॥*

*ਬਾਹਰਿ ਪਾਖੰਡ ਸਭ ਕਰਮ ਕਰਹਿ ਮਨਿ ਹਿਰਦੈ ਕਪਟੁ ਕਮਾਇ॥*

*ਖੇਤਿ ਸਰੀਰ ਜੋ ਬੀਜੀਐ ਸੋ ਅੰਤਿ ਖਲੋਆ ਆਇ॥*

*ਨਾਨਕ ਕੀ ਪ੍ਰਭ ਬੇਨਤੀ ਹਰਿ ਭਾਵੈ ਬਖਸਿ ਮਿਲਾਇ॥* ਪੰਨਾ ੧੪੧੭

ਗੁਰੂ ਨਾਨਕ ਸਾਹਿਬ ਨੇ ਇਹਨਾਂ ਪਾਖੰਡੀ ਧਰਮ ਸਾਧਨਾਂ ਨੂੰ ਅਪ੍ਰਵਾਨ ਕਰਕੇ ਸੁਣੀਐ ਤੇ ਮੰਨੈ ਰਾਹੀਂ ਗਿਆਨ ਮਾਰਗ ਸੁਝਾਇਆ ਹੈ। ਸ੍ਰਵਣ ਤੇ ਮੰਨਣ ਦੀਆਂ ਸਰੀਰਕ ਕਿਰਿਆਵਾਂ ਉਪਰੰਤ ਅੰਦਰਲੀ ਮਾਨਸਿਕ ਅਵਸਥਾ ਦਾ ਚਿਤਰਨ ਇਸ ਪ੍ਰਕਾਰ ਕੀਤਾ ਹੈ:

*ਸੁਣਿਆ ਮੰਨਿਆ ਮਨਿ ਕੀਤਾ ਭਾਉ॥*

*ਅੰਤਰਗਤਿ ਤੀਰਥਿ ਮਲਿ ਨਾਉ॥* ਪੰਨਾ ੬

ਰਾਗ ਮੁਕਤ ਬਾਣੀ ਚਿੰਤਨ ਵਿਚ ਜਾਤੀ ਪ੍ਰਥਾ ਅਤੇ ਊਚ ਨੀਚ ਵਰਗੀਆਂ ਬੁਰਾਈਆਂ ਦੀ ਨਿਖੇਧੀ ਸਖ਼ਤ ਸ਼ਬਦਾਂ ਵਿਚ ਕੀਤੀ ਹੈ। ਗੁਰੂ ਨਾਨਕ ਸਾਹਿਬ ਅਸਲੀ ਬ੍ਰਾਹਮਣ ਦੀ ਕੁਲ ਵਿਚ ਜਨਮ ਲੈਣ ਵਾਲੇ ਨੂੰ ਨਹੀਂ ਸਗੋਂ ਜਪ, ਤਪ ਅਤੇ ਸੰਜਮ ਵਾਲੇ ਗੁਣਾਂ ਦੇ ਧਾਰਨੀ ਨੂੰ ਬ੍ਰਾਹਮਣ ਮੰਨਦੇ ਹਨ:

*ਸੋ ਬ੍ਰਹਮਣ ਜੋ ਬਿੰਦੈ ਬ੍ਰਹਮੁ ॥*

*ਜਪੁ ਤਪੁ ਸੰਜਮੁ ਕਮਾਵੈ ਕਰਮੁ॥* ਪੰਨਾ ੧੪੧੧

ਇਸ ਤਰ੍ਹਾਂ ਖਤਰੀ ਸਿਰਫ ਸਰੀਰਕ ਤੌਰ ਤੇ ਬਲਵਾਨ ਹੋਣ ਦੀ ਬਜਾਇ ਆਪਣੇ ਗੁਣਾਂ ਤੇ ਕਰਮਾਂ ਕਰਕੇ ਆਪਣੀ ਜਾਤ ਦਾ ਪ੍ਰਦਰਸ਼ਨ ਕਰੇ:

*ਖਤ੍ਰੀ ਸੋ ਜੁ ਕਰਮਾ ਕਾ ਸੂਰੁ॥*

*ਪੁੰਨ ਦਾਨ ਕਾ ਕਰੈ ਸਰੀਰੁ॥* ਪੰਨਾ ੧੪੧੧

ਜਿਥੇ ਬਾਣੀਕਾਰਾਂ ਨੇ ਸਮਾਜ ਵਿੱਚ ਫੈਲੀਆਂ ਬੁਰਾਈਆਂ ਨੂੰ ਚਿਤਰਿਆ ਹੈ ਉਥੇ ਇਸਤਰੀ ਦੀ ਮਹੱਤਤਾ ਨੂੰ ਵੀ ਉਜਾਗਰ ਕਰ ਕੇ ਉਸ ਨਾਲ ਹੋ ਰਹੇ ਵਿਤਕਰੇ ਵਿਰੁਧ ਜ਼ੋਰਦਾਰ ਅਵਾਜ਼ ਉਠਾਈ ਹੈ। ਬਾਣੀ ਚਿੰਤਨ ਵਿਚ ਅਜਿਹੀ ਇਸਤਰੀ ਆਪਣੇ ਪਤੀ ਦੇ ਮਿਲਾਪ ਲਈ ਬਿਹਬਲ ਹੈ, ਜੋ ਸੋਲਾਂ ਸਿੰਗਾਰ ਕਰਕੇ ਆਪਣੇ ਪ੍ਰੀਤਮ ਨੂੰ ਮਿਲਣਾ ਲੋੜਦੀ ਹੈ। ਡਾ. ਕੁਲਵੰਤ ਕੌਰ ਇਸਤਰੀ ਬਾਰੇ ਲਿਖਦੇ ਹਨ:

> *ਲਗਭਗ ਹਰ ਸਭਿਆਚਾਰ ਵਿਚ ਪਹਿਰਾਵੇ, ਗਹਿਣਿਆਂ ਤੇ ਹਾਰ ਸ਼ਿੰਗਾਰ ਦੀ ਵਿਸ਼ੇਸ਼ ਮਹੱਤਤਾ ਰਹੀ ਹੈ। ਰੁਤ, ਮੌਸਮ, ਪਦਵੀ, ਹੈਸੀਅਤ ਅਤੇ ਸਭਿਆਚਾਰਕ ਵਿਧਾਨ ਅਨੁਸਾਰ ਵਿਭਿੰਨ ਪ੍ਰਕਾਰੀ ਬਸਤਰਾਂ ਦਾ ਪਹਿਰਣ ਜੁਗੋ ਜੁਗ ਅਟੱਲ ਹੈ। ਜਦੋਂ ਤੋਂ ਇਨਸਾਨ ਨੇ ਪਾਸ਼ਵਿਕ ਬਿਰਤੀਆਂ ਤਿਆਗ ਕੇ ਸਭਿਅਕ ਬਨਣਾ ਸਿਖਿਆ, ਪਹਿਰਾਵੇ ਨੇ ਉਸਨੂੰ ਬਾਕੀ ਜੀਵਾਂ ਨਾਲੋਂ ਵਿਲੱਖਣਤਾ ਪ੍ਰਦਾਨ ਕੀਤੀ।*[60]

ਬਾਬਾ ਫਰੀਦ ਦੇ ਸਲੋਕਾਂ ਵਿਚ ਇਸ ਪਹਿਰਾਵੇ ਸੰਬੰਧੀ ਸਪਸ਼ਟ ਚਿਤਰ ਪੇਸ਼ ਕੀਤਾ ਹੈ। ਸੋਹਣੇ ਕੱਪੜੇ ਪਾਉਣ ਨਾਲੋਂ ਜ਼ਿਆਦਾ ਜ਼ਰੂਰੀ ਹੈ ਕਿ ਮਨ ਦੀ ਸੁੰਦਰਤਾ ਨੂੰ ਕਾਇਮ ਰੱਖਿਆ ਜਾਵੇ:

*ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ॥*

*ਜਿਨ੍ਹੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ॥* ਪੰਨਾ ੧੩੮੩

ਭਗਤ ਕਬੀਰ ਇਨ੍ਹਾਂ ਸਾਫ ਸੁਥਰੇ ਕਪੜੇ ਪਹਿਨਣ ਵਾਲਿਆਂ ਤੇ ਪਾਨ ਸੁਪਾਰੀ ਖਾਣ ਵਾਲਿਆਂ ਨੂੰ ਨਹੀਂ ਬਖਸ਼ਦੇ ਕਿਉਂਕਿ ਨਾਮ ਦੀ ਅਰਾਧਨਾ ਤੋਂ ਬਿਨਾਂ ਸੋਹਣੇ ਕਪੜਿਆਂ ਅਤੇ ਉਤਮ ਖਾਣ ਪੀਣ ਦਾ ਕੋਈ ਫਾਇਦਾ ਨਹੀਂ:

*ਕਬੀਰ ਊਜਲ ਪਹਿਰਹਿ ਕਾਪਰੇ ਪਾਨ ਸੁਪਾਰੀ ਖਾਹਿ॥*

*ਏਕਸ ਹਰਿ ਕੇ ਨਾਮ ਬਿਨੁ ਬਾਧੇ ਜਮ ਪੁਰਿ ਜਾਂਹਿ॥* ਪੰਨਾ ੧੩੬੬

ਗੁਰੂ ਅਰਜਨ ਦੇਵ 'ਫੁਨਹੇ ਮਹਲਾ ਪ' ਵਿਚ ਸ਼ਿੰਗਾਰ ਦੀ ਮਹੱਤਤਾ ਨੂੰ ਅਖੋਂ ਓਹਲੇ ਨਹੀਂ ਕਰਦੇ। ਉਨ੍ਹਾਂ ਅਨੁਸਾਰ ਇਸ ਸ਼ਿੰਗਾਰ ਦੀ ਕੀਮਤ ਤਾਂ ਪਵੇਗੀ ਜੇ ਜੀਵ ਰੂਪੀ ਇਸਤਰੀ ਨੂੰ ਕੰਤ ਰੂਪੀ ਪਰਮਾਤਮਾ ਸਵੀਕਾਰ ਕਰ ਲਵੇ:

*ਸਖੀ ਕਾਜਲ ਹਾਰ ਤੰਬੋਲ ਸਭੈ ਕਿਛੁ ਸਾਜਿਆ॥*

*ਸੋਲਹ ਕੀਏ ਸੀਗਾਰ ਕਿ ਅੰਜਨ ਪਾਜਿਆ।।*

*ਜੇ ਘਰਿ ਆਵੈ ਕੰਤੁ ਤ ਸਭੁ ਕਿਛੁ ਪਾਈਐ।।*

*ਹਰਿਹਾਂ ਕੰਤੈ ਬਾਝੁ ਸੀਗਾਰੁ ਸਭੁ ਬਿਰਥਾ ਜਾਈਐ।।* ਪੰਨਾ ੧੩੬੧

ਇਥੇ 'ਸੋਲਾਂ ਸੀਗਾਰ' ਤੋਂ ਭਾਵ ਆਪਣੇ ਅੰਦਰ ਗੁਣਾਂ ਦਾ ਪ੍ਰਕਾਸ਼ ਪੈਦਾ ਕਰਨਾ ਹੈ ਤਾਂ ਜੁ ਚੰਗੇ ਨੈਤਿਕ ਗੁਣ ਅਪਣਾ ਕੇ ਆਪਣੇ ਘਰ ਆਏ ਕੰਤ ਨੂੰ ਰਿਝਾਇਆ ਜਾ ਸਕੇ। ਡਾ. ਜਗਬੀਰ ਸਿੰਘ 'ਗੁਰੂ ਨਾਨਕ ਬਾਣੀ ਵਿਚ ਸਭਿਆਚਾਰਕ ਕ੍ਰਾਂਤੀ' ਵਿਚ ਲਿਖਦੇ ਹਨ:

> *ਗੁਰੂ ਨਾਨਕ ਬਾਣੀ ਵਿਚ ਪ੍ਰਸਤੁਤ ਹੋਈ ਵਿਸ਼ਵ ਦ੍ਰਿਸ਼ਟੀ ਦੀ ਵੀ ਡੂੰਘੀ ਸਭਿਆਚਾਰਕ ਸਾਰਥਕਤਾ ਨਾਲ ਭਰਪੂਰ ਹੈ। ਇਸ ਵਿਸ਼ਵ-ਦ੍ਰਿਸ਼ਟੀ ਦਾ ਮੂਲ ਸਰੋਕਾਰ ਮਨੁੱਖੀ ਜੀਵਨ ਦੇ ਪਰਮਾਰਥ ਨੂੰ ਪਰਿਭਾਸ਼ਤ ਕਰਨ ਨਾਲ ਹੈ। ਪਰ ਪਾਰਗਾਮੀ ਸੱਤਾ ਦਾ ਜੋ ਸੰਕਲਪ ਗੁਰੂ ਨਾਨਕ ਬਾਣੀ ਵਿਚ ਪੇਸ਼ ਹੁੰਦਾ ਹੈ ਉਹ ਪਰੋਖ ਰੂਪ ਵਿਚ ਸਭਿਆਚਾਰਕ ਕ੍ਰਾਂਤੀ ਦਾ ਹੀ ਸੰਦੇਸ਼ ਸੰਚਾਰਿਤ ਕਰਦਾ ਹੈ। ... ਗੁਰੂ ਨਾਨਕ ਬਾਣੀ ਵਿਚ ਪਾਰਗਾਮੀ ਸੱਤਾ ਦੇ ਸੰਦਰਭ ਵਿਚ ਸੱਚ, ਸੱਚਾ ਸਾਹਿਬ, ਨਿਰਭਉ ਅਤੇ ਨਿਰਵੈਰ ਵਰਗੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ ਜੋ ਸਮਕਾਲੀਨ ਸਭਿਆਚਾਰਕ ਸਥਿਤੀ ਦੇ ਪ੍ਰਸੰਗ ਵਿਚ ਨਵੀਨ ਸਾਰਥਿਕਤਾ ਗ੍ਰਹਿਣ ਕਰ ਜਾਂਦੇ ਹਨ। ਇਸੇ ਤਰ੍ਹਾਂ ਹੀ ਗੁਰੂ ਨਾਨਕ ਬਾਣੀ ਵਿਚ ਸੰਕਲਪੀ ਸ਼ਬਦਾਂ ਨਾਮ, ਹੁਕਮ, ਰਜ਼ਾ, ਸਚਿਆਰ, ਕੂੜਿਆਰ, ਗੁਰਮੁਖ, ਮਨਮੁਖ, ਹਉਮੈ, ਮਾਇਆ ਨੂੰ ਜਦੋਂ ਧਾਰਮਿਕ ਸੋਚ ਦੇ ਅੰਤਰਗਤ ਰਖ ਕੇ ਵਿਚਾਰਦੇ ਹਾਂ ਤਾਂ ਇਕ ਵਿਲੱਖਣ ਭਾਂਤ ਦੀ ਜੀਵਨ ਜੁਗਤ ਦਾ ਮੁਹਾਂਦਰਾ ਸਪਸ਼ਟ ਹੁੰਦਾ ਹੈ। ਇਹ ਜੀਵਨ-ਜੁਗਤ ਪਰਮਾਰਥ ਦੇ ਮੁਹਾਂਦਰੇ ਵਿਚ ਮਨੁੱਖ ਨੂੰ ਸਮਕਾਲੀ ਯਥਾਰਥ ਦੇ ਸਨਮੁਖ ਖੜਾ ਕਰ ਦਿੰਦੀ ਹੈ।*[61]

ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਦਾ ਸੰਬੰਧ ਜਿਥੇ ਧਾਰਮਿਕ ਅਨੁਭਵਾਂ ਨਾਲ ਹੈ ਉਥੇ ਨਾਲ ਹੀ ਇਸ ਵਿਚ ਸਭਿਆਚਾਰ ਵਿਸ਼ੇਸ਼ ਦੇ ਸਮਾਜਿਕ ਸਰੋਕਾਰ ਵੀ ਓਤਪ੍ਰੋਤ ਹਨ। ਬਾਣੀਕਾਰਾਂ ਦੀ ਬਾਣੀ ਵਿੱਚ ਪਾਰ ਲੌਕਿਕਤਾ ਦੀ ਪੱਧਰ ਤੇ ਲੈ ਜਾਣ ਵਾਸਤੇ 'ਧੁਰ ਕੀ ਬਾਣੀ' ਦੀ ਗੱਲ ਕਰਨ ਕਰਕੇ ਉਹਨਾਂ ਦੇ ਦੈਵੀ ਆਵੇਸ਼ ਵਿਚ ਉਚਾਰੇ ਬੋਲਾਂ ਨੂੰ ਧਾਰਮਿਕ ਸੰਦਰਭ ਵਿਚ ਮਾਨਤਾ ਪ੍ਰਾਪਤ

ਹੈ। ਜਿੱਥੇ 'ਧੁਰ ਕੀ ਬਾਣੀ' ਕੁਲੀਨ ਵਰਗ ਦੇ ਹਿੱਤਾਂ ਦੀ ਪੂਰਤੀ ਕਰਨ ਵਾਲੇ ਵਿਚਾਰਾਂ ਨੂੰ ਅਪ੍ਰਵਾਨ ਕਰਦੀ ਹੈ ਉੱਥੇ ਨਾਲ ਹੀ 'ਸੱਚ ਕੀ ਬਾਣੀ' ਨਾਲ ਲੋਕਾਂ ਦੇ ਦੁਖਾਂ ਦਰਦਾਂ ਨੂੰ ਹੰਢਾਉਂਦੀ ਨਜ਼ਰ ਆਉਂਦੀ ਹੈ। ਇਸ ਹੰਢਾਏ ਹੋਏ ਸੱਚ ਨੂੰ ਸਮੂਹ ਲੋਕਾਈ ਤਕ ਪੁਚਾਣ ਲਈ ਹਾਕਮ ਸ਼੍ਰੇਣੀ ਦੀ ਇਸ ਥੋੜ੍ਹ ਚਿਰੀ ਜ਼ਿੰਦਗੀ ਦਾ ਹਵਾਲਾ ਵੀ ਦਿੰਦੀ ਹੈ:

*ਰਾਜੇ ਰਯਤਿ ਸਿਕਦਾਰ ਕੋਇ ਨ ਰਹਿਸੀਓ॥*
*ਹਟ ਪਟਣ ਬਾਜਾਰ ਹੁਕਮੀ ਢਹਸੀਓ॥*
*ਪਕੇ ਬੰਕ ਦੁਆਰ ਮੂਰਖੁ ਜਾਣੈ ਆਪਣੈ॥*
*ਦਰਬਿ ਭਰੇ ਭੰਡਾਰ ਰੀਤੇ ਇਕਿ ਖਣੇ॥*
*ਤਾਜੀ ਰਥ ਤੁਖਾਰ ਹਾਥਿ ਪਾਖਰੇ॥*
*ਬਾਗ ਮਿਲਖ ਘਰ ਬਾਰ ਕਿਥੈ ਸਿ ਆਪਣੈ॥*
*ਤੰਬੂ ਪਲੰਘ ਨਿਵਾਰ ਸਰਾਇਚੇ ਲਾਲਤੀ॥*
*ਨਾਨਕ ਸਚ ਦਾਤਾਰੁ ਸਿਨਾਖਤੁ ਕੁਦਰਤੀ॥* ਪੰਨਾ ੧੪੧

ਇਸ ਤਰ੍ਹਾਂ ਦੁਨਿਆਵੀ ਪਾਤਸ਼ਾਹੀ ਦਾ ਅੰਤ ਹੋਣਾ ਨਿਸਚਤ ਹੈ ਪਰ ਉਸ ਸਚੇ ਪਾਤਸ਼ਾਹ ਦੀ ਸਲਤਨਤ ਵਿਚ ਸ਼ਾਮਲ ਹੋਣ ਦਾ ਸੁਭਾਗ ਸਮੂਹ ਲੋਕਾਈ ਨੂੰ ਪ੍ਰਾਪਤ ਹੋਵੇਗਾ।

ਇਸ ਸੰਸਾਰ ਵਿਚ ਵਿਚਰਦਿਆਂ 'ਮਾਇਆ' ਸਾਡੇ ਅੰਦਰ ਦਵੈਤ ਪੈਦਾ ਕਰਕੇ ਅਕਾਲ ਪੁਰਖ ਤੋਂ ਦੂਰ ਕਰਦੀ ਹੈ। ਮਾਇਆ ਦੀ ਸ਼ਕਤੀ ਰਾਹੀਂ ਹੀ ਮਨੁੱਖ ਦਾ ਸੰਸਾਰ ਨਾਲ ਪ੍ਰੇਮ ਪੈਦਾ ਹੁੰਦਾ ਹੈ ਜਿਸ ਕਰਕੇ ਤ੍ਰਿਸ਼ਨਾ ਜਾਂ ਲਾਲਸਾ ਪੈਦਾ ਹੋ ਜਾਂਦੀ ਹੈ। ਰਾਗ ਮੁਕਤ ਬਾਣੀ ਅਨੁਸਾਰ ਸਾਰੇ ਬੰਧਨਾਂ ਦਾ ਕਾਰਨ ਹੀ ਮਾਇਆ ਹੈ ਇਸ ਲਈ ਭਗਤ ਕਬੀਰ ਮਾਇਆ ਨੂੰ 'ਚੋਰਟੀ' ਦਾ ਦਰਜਾ ਦਿੰਦੇ ਹਨ ਜੋ 'ਮਨ ਨੂੰ ਜੋਤ ਸਰੂਪ ਹੈ ਆਪਣਾ ਮੂਲ ਪਛਾਣਿ' ਵਾਲੇ ਰਸਤੇ ਦੀ ਰੁਕਾਵਟ ਬਣਦੀ ਹੈ:

*ਕਬੀਰ ਮਾਇਆ ਚੋਰਟੀ ਮੁਸਿ ਮੁਸਿ ਲਾਵੈ ਹਾਟਿ॥*
*ਏਕ ਕਬੀਰਾ ਨ ਮੁਸੈ ਜਿਨਿ ਕੀਨੀ ਬਾਰਹ ਬਾਟ॥* ਪੰਨਾ ੧੩੬੫

ਇਸ ਮਾਇਆ ਦੇ ਭਰਮ ਜਾਲ ਤੋਂ ਮੁਕਤੀ ਪਾਉਣ ਦਾ ਇਕੋ ਇਕ ਰਾਹ ਅਕਾਲ ਪੁਰਖ ਦੀ ਭਗਤੀ ਵਿਚ ਲੀਨ ਹੋਣਾ ਹੈ। 'ਸਵੱਯੇ ਸ੍ਰੀ ਮੁਖਵਾਕ ਮਹਲਾ ੫' ਵਿਚ ਇਸੇ ਗੱਲ ਨੂੰ ਦ੍ਰਿੜ ਕੀਤਾ ਗਿਆ ਹੈ ਕਿ ਗੁਰੂ ਦੇ ਸ਼ਬਦ ਰਾਹੀਂ ਵਿਕਾਰਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ:

*ਮਾਇਆ ਰੰਗ ਬਿਰੰਗ ਕਰਤ ਭ੍ਰਮ ਮੋਹ ਕੈ ਕੂਪਿ ਗੁਬਾਰਿ ਪਰਿਓ ਹੈ॥*
*ਏਤਾ ਗਬੁ ਅਕਾਸਿ ਨ ਮਾਵਤ ਬਿਸਟਾ ਅਸਤ ਕ੍ਰਿਮਿ ਉਦਰ ਭਰਿਓ ਹੈ॥*

*ਦਹਿ ਦਿਸ ਧਾਇ ਮਹਾ ਬਿਖਿਆ ਕਉ ਪਰ ਧਨ ਛੀਨਿ ਅਗਿਆਨ ਹਰਿਓ ਹੈ।।*

*ਜੋਬਨ ਬੀਤਿ ਜਰਾ ਰੋਗਿ ਗ੍ਰਸਿਓ ਜਮਦੂਤਨ ਡੰਨੁ ਮਿਰਤੁ ਮਰਿਓ ਹੈ।।*

*ਅਨਿਕ ਜੋਨ ਸੰਕਟ ਨਰਕ ਭੁੰਚਤ ਸਾਸਨ ਦੂਖ ਗਰਤਿ ਗਰਿਓ ਹੈ।।*

*ਪ੍ਰੇਮ ਭਗਤਿ ਉਧਰਹਿ ਸੇ ਨਾਨਕ ਕਰਿ ਕਿਰਪਾ ਸੰਤੁ ਆਪ ਕਰਿਓ ਹੈ।।* ਪੰਨਾ ੧੩੮੮

ਗੁਰੂ ਤੇਗ ਬਹਾਦਰ ਮਾਇਆ ਵਿਚ ਫਸੇ ਮਨ ਨੂੰ ਚਿਤਾਵਨੀ ਦਿੰਦੇ ਹਨ ਕਿ ਇਸ ਮਾਇਆ ਦੇ ਨਸ਼ੇ ਵਿਚ ਅੰਨ੍ਹਾ ਹੋ ਕੇ ਤੈਨੂੰ ਦੁਨੀਆਂ ਦੀ ਕਿਸੇ ਵੀ ਹੋਰ ਚੀਜ਼ ਦਾ ਧਿਆਨ ਨਹੀਂ। ਤੇਰੇ ਅੰਦਰੋਂ ਭਲੇ ਬੁਰੇ ਦੀ ਪਛਾਣ ਖਤਮ ਹੋ ਗਈ ਹੈ। ਪਰ ਇਸ 'ਮਨਮੋਹਣੀ ਮਾਇਆ' ਨੇ ਤੇਰਾ ਸਾਥ ਕਦੇ ਵੀ ਨਹੀਂ ਦੇਣਾ। ਜੇ ਤੂੰ ਚੰਗੇ ਗੁਣਾਂ ਦਾ ਧਾਰਨੀ ਬਣ ਜਾਵੇ ਤੇ ਮਾਇਆ ਦਾ ਤਿਆਗ ਕਰ ਦੇਵੇ ਤਾਂ ਆਪਣੇ ਨਾਲ ਹੋਰਨਾਂ ਦਾ ਵੀ ਉਧਾਰ ਕਰ ਸਕਦਾ ਹੈ:

*ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ।।*

*ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ।।* ਪੰਨਾ ੧੪੨੭

ਜੇ ਇਨਸਾਨ ਦੇ ਮਨ ਅੰਦਰ ਇਨ੍ਹਾਂ ਚੰਗੇ ਗੁਣਾਂ ਦਾ ਵਾਸਾ ਹੋ ਜਾਵੇ ਤਾਂ ਉਹ ਜ਼ਿੰਦਗੀ ਦੇ ਇਸ ਮੈਦਾਨ ਵਿਚ ਜੇਤੂ ਹੋ ਕੇ ਨਿਕਲੇਗਾ।

ਬਾਣੀਕਾਰ ਹਾਕਮ ਜਮਾਤ ਦੇ ਬਣਾਏ ਸਭਿਆਚਾਰਕ ਕਾਨੂੰਨਾਂ ਤੋਂ ਪਰਦਾ ਚੁਕਾ ਕੇ ਮਹਿਕੂਮ ਨੂੰ ਇਸ ਗਲ ਦੀ ਸੋਝੀ ਕਰਵਾ ਕੇ ਲੋਕਾਈ ਨੂੰ ਅਹਿਸਾਸ ਕਰਵਾਉਂਦੇ ਹਨ ਕਿ ਜਦੋਂ ਮਨੁੱਖਤਾ ਦੁਖੀ ਹੁੰਦੀ ਹੈ ਤਾਂ ਫਿਰ ਤੱਤੀ ਲੋਹ ਤੇ ਬੈਠਣਾ ਅਤੇ ਸੀਸ ਵਾਰ ਦੇਣ ਤਕ ਦਾ ਕਰਤੱਵ ਨਿਭਾਉਣਾ ਪੈਂਦਾ ਹੈ। ਉਸ ਵੇਲੇ 'ਹਿੰਦ ਦੀ ਚਾਦਰ' ਬਣਕੇ ਉਨ੍ਹਾਂ ਦੇ ਪਰਦੇ ਢਕਣ ਵਿਚ ਹੀ ਖੁਸ਼ੀ ਮਹਿਸੂਸ ਹੁੰਦੀ ਹੈ। ਭਗਤ ਕਬੀਰ ਅਨੁਸਾਰ:

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ।।*

*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ।।* ਪੰਨਾ ੧੩੬੫

ਮਨ ਵਿਚ ਇਹ ਰੀਝ ਉਦੋਂ ਪੈਦਾ ਹੁੰਦੀ ਹੈ ਜਦੋਂ ਦੁਨੀਆਂ ਤੇ ਆਉਣ ਦਾ ਮਹੱਤਵ ਪਤਾ ਲਗਦਾ ਹੈ। ਸੂਫੀ ਫਕੀਰ ਬਾਬਾ ਫਰੀਦ ਜ਼ਿੰਦਗੀ ਨਾਲ ਆਪਣੇ ਰਿਸ਼ਤਿਆਂ ਦੀ ਉਸਾਰੀ ਦੁਨਿਆਵੀ ਪੱਧਰ ਉੱਤੇ ਕਰਕੇ 'ਬਿਰਹਾ' ਨੂੰ ਅਣਮੁੱਲੀ ਦਾਤ ਸਮਝਦਾ ਹੈ:

*ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ।।*

*ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ।।* ਪੰਨਾ ੧੩੭੯

ਇਸ ਵਾਸਤੇ ਜ਼ਿੰਦਗੀ ਦੇ ਮੈਦਾਨ ਵਿੱਚ ਨਿਤਰਨ ਲਈ ਆਪਣੇ ਅੰਦਰ ਗੁਣਾਂ ਦਾ ਪ੍ਰਕਾਸ਼ ਕੀਤਾ ਜਾਵੇ। ਸਬਰ ਤੇ ਸੰਤੋਖ ਮਨ ਵਿੱਚ ਵਸਾ ਕੇ ਅਤੇ ਤ੍ਰਿਸ਼ਨਾ ਤੋਂ ਦੂਰ ਰਹਿ ਕੇ ਜ਼ਿੰਦਗੀ ਖੁਸ਼ਹਾਲ ਬਣ ਸਕਦੀ ਹੈ:

*ਸਬਰੁ ਏਹੁ ਸੁਆਉ ਜੇ ਤੂ ਬੰਦਾ ਦਿੜੁ ਕਰਹਿ॥*

*ਵਧਿ ਥੀਵਹਿ ਦਰੀਆਉ ਟੁਟਿ ਨ ਥੀਵਹਿ ਵਾਹੜਾ॥* ਪੰਨਾ ੧੩੮੪

ਸਬਰ ਤੇ ਸੰਤੋਖ ਨੂੰ ਜੀਵਨ ਵਿਚ ਧਾਰਨ ਕਰਕੇ ਦ੍ਰਿੜਤਾ ਪੈਦਾ ਹੋ ਜਾਂਦੀ ਹੈ। ਇਸ ਬਰਕਤ ਨਾਲ ਛੋਟੀ ਤੋਂ ਛੋਟੀ ਇਕਾਈ ਵੀ ਵਡਾ ਰੂਪ ਧਾਰਨ ਕਰ ਸਕਦੀ ਹੈ।

ਫਰੀਦ ਨੇ ਦੁਨਿਆਵੀ ਰਿਸ਼ਤਿਆਂ ਵਿਚ ਸੁਹਾਗਣ ਤੇ ਦੁਹਾਗਣ ਦੇ ਰੂਪਕ ਰਾਹੀਂ ਜ਼ਿੰਦਗੀ ਦੀ ਅਸਲੀਅਤ ਨੂੰ ਬਿਆਨਿਆ ਹੈ। ਦੋਵੇਂ ਹੀ ਵਿਆਹੀਆਂ ਹੋਈਆਂ ਹਨ ਅਤੇ ਪਤੀ ਦਾ ਸਾਥ ਮਾਨਣ ਦਾ ਹੱਕ ਦੋਹਾਂ ਨੂੰ ਹੈ। ਸੁਹਾਗਣ ਸਿਰਫ਼ ਨਾਂ ਦੀ ਹੀ ਨਹੀਂ, ਸਗੋਂ ਉਸ ਵਿਚ ਗੁਣਾਂ ਦਾ ਹੋਣਾ ਵੀ ਬੜਾ ਜ਼ਰੂਰੀ ਹੈ ਪਰ ਡੋਹਾਗਣ ਦਾ ਹਾਲ ਦੇਖ ਕੇ ਹੋਰ ਵੀ ਹੈਰਾਨਗੀ ਹੁੰਦੀ ਹੈ:

*ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ॥*

*ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ॥* ਪੰਨਾ ੧੩੭੯

ਇਸ ਵਾਸਤੇ ਉਹ ਚਾਰ ਪ੍ਰਸ਼ਨ ਕਰਦੀ ਹੈ। ਕਿਹੜਾ ਅੱਖਰ, ਕਿਹੜਾ ਗੁਣ, ਕਿਹੜਾ ਸ਼੍ਰੋਮਣੀ ਮੰਤਰ ਅਤੇ ਕਿਹੜਾ ਵੇਸ ਧਾਰਨ ਕੀਤਾ ਜਾਵੇ ਤਾਂ ਜੁ 'ਸੋਹਾਗਣ' ਬਣਿਆ ਜਾਵੇ। ਅਗਲੇ ਸਲੋਕ ਵਿਚ ਜ਼ਿੰਦਗੀ ਵਿਚ ਤਿੰਨ ਗੁਣਾਂ ਨੂੰ ਧਾਰਨ ਕਰਕੇ ਆਪਣੇ ਅੰਦਰ ਨੈਤਿਕ ਗੁਣ ਪੈਦਾ ਕੀਤੇ ਜਾਣ ਉੱਤੇ ਜ਼ੋਰ ਦਿੱਤਾ ਗਿਆ ਹੈ ਤਾਂ ਕਿ ਸਾਡਾ ਸਮਾਜ ਤੇ ਸਭਿਆਚਾਰ ਇਨ੍ਹਾਂ ਜੀਵਨ ਜੁਗਤਾਂ ਨੂੰ ਅਪਣਾ ਕੇ ਇਕ ਆਦਰਸ਼ਕ ਸਮਾਜ ਉਸਾਰ ਸਕਦਾ ਹੈ:

*ਕਵਣੁ ਸੁ ਅਖਰ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ॥*

*ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ॥*

*ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ॥*

*ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥* ਪੰਨਾ ੧੩੮੪

ਭਾਈਚਾਰੇ ਵਿਚ ਨਵ ਜਾਤ ਬੱਚਾ ਹਮੇਸ਼ਾਂ ਆਪਣੇ ਮਾਪਿਆਂ ਉਤੇ ਨਿਰਭਰ ਕਰਦਾ ਹੈ। ਇਸ ਦੇ ਅੰਤਰਗਤ ਪਰਵਾਰ ਵਿਚ ਪੈਦਾ ਹੋਈ ਇਕ ਲੜਕੀ ਆਪਣੇ ਪੇਕੇ ਘਰ ਰਹਿੰਦੀ ਸਾਰੇ ਕੰਮ ਸਿਖਦੀ ਰਹਿੰਦੀ ਹੈ। ਉਸਨੇ ਸਹੁਰੇ ਘਰ ਜਾ ਕੇ ਉਨ੍ਹਾਂ ਦੇ ਪਰਿਵਾਰ ਨੂੰ ਅਗੇ ਤੋਰਨਾ ਹੈ। ਆਪਣੇ 'ਕੰਤ' ਨਾਲ ਵਿਆਹੇ ਜਾਣ ਤੇ 'ਸੁਹਾਗਣ' ਦਾ, ਦਰਜਾ ਹਾਸਲ ਕਰਨਾ ਹੈ। ਵਿਆਹੁਤਾ ਜੀਵਨ

ਵਿਚ ਹਾਰ ਸ਼ਿੰਗਾਰ, ਪਤੀ ਪਤਨੀ ਸਬੰਧ, ਰਿਸ਼ਤੇ ਨਾਤੇ ਅਤੇ ਸਾਰੇ ਕਾਰ ਵਿਹਾਰ ਅਤਿਅੰਤ ਮਹੱਤਤਾ ਦੇ ਲਖਾਇਕ ਹਨ। ਬਾਣੀਕਾਰਾਂ ਨੇ ਇਨ੍ਹਾਂ ਨੂੰ ਪੂਰੀ ਤਰ੍ਹਾਂ ਸਵੀਕਾਰ ਕਰਕੇ ਉਨ੍ਹਾਂ ਨੂੰ ਉਚੇਰੇ ਅਰਥਾਂ ਵਾਲੀ ਅਧਿਆਤਮਕਤਾ ਵਿਚ ਤਬਦੀਲ ਕਰ ਦਿੱਤਾ:

*ਜਿਸੁ ਘਰਿ ਵਸਿਆ ਕੰਤੁ ਸਾ ਵਡਭਾਗਣੇ।।*

*ਤਿਸੁ ਬਣਿਆ ਹਭੁ ਸੀਗਾਰੁ ਸਾਈ ਸੋਹਾਗਣੇ।।* ਪੰਨਾ ੧੩੬੧

ਭੱਟ ਕਵੀ ਜਿਥੇ ਆਪਣੇ ਸੱਵਈਆਂ ਵਿਚ ਗੁਰੂ ਸਾਹਿਬਾਨ ਦੀ ਕੀਰਤੀ ਗਾਉਂਦੇ ਹਨ ਉਥੇ ਆਪਣੇ ਵਡਿਆਂ ਦੀ ਸੇਵਾ ਸਦਕਾ ਝੋਲੀ ਵਿਚ ਬਰਕਤਾਂ ਪੁਆਉਣ ਦੀ ਗਲ ਕਰਦੇ ਹਨ। ਪਰ ਇਸ ਸਭ ਪਿਛੇ ਦ੍ਰਿੜਤਾ ਤੇ ਸੇਵਾ ਦਾ ਗੁਣ ਛੁਪਿਆ ਹੋਇਆ ਹੁੰਦਾ ਹੈ। 'ਸਵਈਏ ਮਹਲੇ ਦੂਜੇ ਕੇ' ਵਿਚ ਭੱਟ ਕਲ ਸਹਾਰ ਲਿਖਦੇ ਹਨ ਗੁਰੂ ਨਾਨਕ ਸਾਹਿਬ ਨੇ ਗੁਰੂ ਅੰਗਦ ਦੇਵ ਦੀ ਸੇਵਾ ਤੋਂ ਪ੍ਰਸੰਨ ਹੋ ਕੇ ਉਨ੍ਹਾਂ ਅੰਦਰ ਸ਼ਾਂਤੀ ਦਾ ਐਸਾ ਸੋਮਾ ਪੈਦਾ ਕਰ ਦਿੱਤਾ ਜੋ ਮਾਇਆ ਨੂੰ ਉਨ੍ਹਾਂ ਦੇ ਨੇੜੇ ਫਟਕਣ ਨਹੀਂ ਦਿੰਦਾ। ਐਸੇ ਗੁਰੂ ਦੇ ਦਰਸ਼ਨਾਂ ਨਾਲ ਹੀ 'ਲਹਿਣਾ' ਗੁਰੂ 'ਅੰਗਦ' ਬਣਕੇ ਰਾਗ ਜੋਗ' ਮਾਣਦਾ ਹੈ ਫਿਰ ਜਗਿਆਸੂ ਵੀ ਇਸੇ ਅਨੰਦ ਨੂੰ ਪ੍ਰਾਪਤ ਕਰ ਸਕਦਾ ਹੈ:

*ਦ੍ਰਿਸਟਿ ਧਰਤ ਤਮ ਹਰਨ ਦਹਨ ਅਘ ਪਾਪ ਪ੍ਰਨਾਸਨ।।*

*ਸਬਦ ਸੂਰ ਬਲਵੰਤ ਕਾਮ ਅਰੁ ਕ੍ਰੋਧ ਬਿਨਾਸਨ।।*

*ਲੋਭ ਮੋਹ ਵਸਿ ਕਰਣ ਸਰਣ ਜਾਚਿਕ ਪ੍ਰਤਿਪਾਲਣ।।*

*ਆਤਮ ਰਤ ਸੰਗ੍ਰਹਣ ਕਹਣ ਅੰਮ੍ਰਿਤ ਕਲ ਢਾਲਣ।।*

*ਸਤਿਗੁਰੂ ਕਲ ਸਤਿਗੁਰ ਤਿਲਕੁ ਸਤਿ ਲਾਗੈ ਸੋ ਪੈ ਤਰੈ।।*

*ਗੁਰ ਜਗਤ ਫਿਰਣਸੀਹ ਅੰਗਰਉ ਰਾਜੁ ਜੋਗੁ ਲਹਣਾ ਕਰੈ।।* ਪੰਨਾ ੧੩੯੧

ਪਹਿਲੇ ਪੰਜ ਗਰੂ ਸਾਹਿਬਾਨ ਦੀ ਉਸਤਤ ਵਿਚ ਗਾਏ ਇਨ੍ਹਾਂ ਸੱਵਈਆਂ ਵਿਚ ਜੀਵਨ ਜੁਗਤੀ ਦਰਸਾਈ ਹੈ। ਉਥੇ ਗੁਰੂ ਰਾਮਦਾਸ ਦੇ ਪ੍ਰਥਾਇ ਇਸ ਸੱਵਈਏ ਵਿਚ ਇਕ ਐਸੀ ਸਭਿਆਚਾਰਕ ਰੰਗਣ ਭਰਦੇ ਹਨ ਕਿ ਮਨ, ਬਚਨ ਅਤੇ ਕਰਮ ਕਰਕੇ ਮਨੁੱਖ ਇਕ ਚੰਗਾ ਵਿਅਕਤੀ ਬਣ ਜਾਵੇ ਫਿਰ ਪਾਰਸ ਅਤੇ ਚੰਦਨ ਵਰਗੇ ਗੁਣਾਂ ਨਾਲ ਆਪਣੇ ਨੇੜੇ ਰਹਿੰਦੇ ਵਿਅਕਤੀਆਂ ਦੀਆਂ ਆਦਤਾਂ ਵਿਚ ਸੁਧਾਰ ਲਿਆ ਸਕਦਾ ਹੈ:

*ਹਉ ਬਲਿ ਬਲਿ ਜਾਉ ਸਤਿਗੁਰ ਸਾਚੇ ਨਾਮ ਪਰ।।*

*ਕਵਨ ਉਪਮਾ ਦੇਉ ਕਵਨ ਸੇਵਾ ਸਰੇਉ ਏਕ ਮੁਖ ਰਸਨਾ ਰਸਹੁ ਜੁਗ ਜੋਰਿ ਕਰ।।*

*ਫੁਨਿ ਮਨ ਬਚ ਕ੍ਰਮ ਜਾਨੁ ਅਨਤ ਦੂਜਾ ਨ ਮਾਨੁ ਨਾਮੁ ਸੋ ਅਪਾਰੁ ਸਾਰੁ ਦੀਨੋ ਗੁਰਿ ਰਿਦ ਧਰ।।*

*ਨਲ੍ਯ ਕਵਿ ਪਾਰਸ ਪਰਸ ਕਚ ਕੰਚਨਾ ਹੁਇ ਚੰਦਨਾ ਸੁਬਾਸੁ ਜਾਸੁ ਸਿਮਰਤ ਅਨ ਤਰ॥*

*ਜਾ ਕੇ ਦੇਖਤ ਦੁਆਰੇ ਕਾਮ ਕ੍ਰੋਧ ਹੀ ਨਿਵਾਰੇ ਜੀ ਹਉ ਬਲਿ ਬਲਿ ਜਾਉ ਸਤਿਗੁਰ ਸਾਚੇ ਨਾਮ ਪਰ॥* ਪੰਨਾ ੧੩੯੮

ਜਿਵੇਂ ਮੂਲ ਮੰਤਰ ਵਿਚ ਸਦੀਵੀ ਸੱਤਾ ਵਿਚ ਪਰਮਾਤਮਾ ਦੇ ਗੁਣਾਂ ਦੀ ਵਿਆਖਿਆ ਕੀਤੀ ਹੈ। ਇਵੇਂ ਸਹਸਕ੍ਰਿਤੀ ਸਲੋਕਾਂ ਵਿਚ ਗੁਰੂ ਅਰਜਨ ਦੇਵ ਨੇ ਉਸ ਬੇਅੰਤ ਗੁਣਾਂ ਵਾਲੇ ਪਰਮਾਤਮਾ ਦੇ ਗੁਣਾਂ ਦਾ ਗਾਇਨ ਕਰਕੇ ਉਸਦੀ ਸ਼ਰਨ ਵਿਚ ਆਉਣ ਨੂੰ ਤਰਜੀਹ ਦਿੱਤੀ ਹੈ। ਚੰਗੇ ਗੁਣਾਂ ਵਾਲੇ ਮਾਲਕ ਦੀ ਕੀਰਤੀ ਕਰ ਕੇ, ਉਸ ਦੀ ਪ੍ਰਸੰਨਤਾ ਹਾਸਲ ਕਰ ਕੇ, ਉਸ ਵਰਗੇ ਗੁਣ ਮਨੁੱਖ ਅੰਦਰ ਆ ਜਾਣ ਤਾਂ ਫਿਰ ਇਹ ਸਮਾਜ-ਸਭਿਆਚਾਰ ਕਿੰਨਾ ਉਤਮ ਤੇ ਵਧੀਆ ਬਣ ਜਾਵੇਗਾ:

*ਸੁਭੰਤ ਤੁਯੰ ਅਚੁਤ ਗੁਣਗ੍ਯੰ ਪੂਰਨੰ ਬਹੁਲੋ ਕ੍ਰਿਪਾਲਾ॥*

*ਗੰਭੀਰੰ ਊਚੈ ਸਰਬਗਿ ਅਪਾਰਾ॥*

*ਭ੍ਰਿਤਿਆ ਪ੍ਰਿਅੰ ਬਿਸ੍ਰਾਮ ਚਰਣੰ॥*

*ਅਨਾਥ ਨਾਥੇ ਨਾਨਕ ਸਰਣੰ॥* ਪੰਨਾ ੧੩੫੪

ਅਜਿਹੀ ਦੈਵੀ ਸੱਤਾ ਮਨੁੱਖ ਦੇ ਸਾਰੇ ਦੁਖਾਂ ਦਾ ਕਲੇਸ਼ ਕਟ ਦਿੰਦੀ ਹੈ। ਜ਼ਿੰਦਗੀ ਦੀ ਢਾਣੀ ਵਿਚ ਹਮੇਸ਼ਾਂ ਪਿੱਛੇ ਰਹਿਣ ਵਾਲੇ ਪਹਿਲੀ ਕਤਾਰ ਵਿਚ ਆ ਖਲੋਂਦੇ ਹਨ, ਧਨਹੀਣ ਧਨਵਾਨ ਬਣ ਜਾਂਦੇ ਹਨ, ਰੋਗੀਆਂ ਦੇ ਦੁਖ ਕਟੇ ਜਾਂਦੇ ਹਨ ਕਿਉਂਕਿ ਉਸ ਪਰਮਾਤਮਾ ਤੇ ਦ੍ਰਿੜਤਾ ਨਾਲ ਯਕੀਨ ਕੀਤਿਆਂ ਜ਼ਿੰਦਗੀ ਦੀਆਂ ਔਖੀਆਂ ਘਾਟੀਆਂ ਨੂੰ ਕਿੰਨੀ ਸਰਲਤਾ ਨਾਲ ਪਾਰ ਕੀਤਾ ਜਾ ਸਕਦਾ ਹੈ:

*ਪਾਛੰ ਕਰੋਤਿ ਅਗ੍ਰਣੀਵਹ ਨਿਰਾਸੰ ਆਸ ਪੂਰਨਹ॥*

*ਨਿਰਧਨ ਭਯੰ ਧਨਵੰਤਹ ਰੋਗੀਅੰ ਰੋਗ ਖੰਡਨਹ॥*

*ਭਗਤ੍ਯੰ ਭਗਤਿ ਦਾਨੰ ਰਾਮ ਨਾਮ ਗੁਣ ਕੀਰਤਨਹ॥*

ਪਾਰਬ੍ਰਹਮ ਪੁਰਖ ਦਾਤਾਰਹ ਨਾਨਕ ਗੁਰ ਸੇਵਾ ਕਿੰ ਨ ਲਭ੍ਯਤੇ॥ ਪੰਨਾ ੧੩੫੫

ਗੁਰੂ ਸਾਹਿਬ ਜਿੱਥੇ ਬਾਹਰਲੇ ਪਾਖੰਡਾਂ ਤੇ ਅਡੰਬਰਾਂ ਨੂੰ ਨਕਾਰਦੇ ਹਨ ਪਰ ਇੱਥੇ ਉਨ੍ਹਾਂ ਦੀਆਂ ਨਿਸ਼ਾਨੀਆਂ ਅਨੁਸਾਰ ਜੀਵਨ ਜਿਉਣ ਤੇ ਬਲ ਦਿੱਤਾ ਹੈ। ਬ੍ਰਾਹਮਣ ਦੇ ਮੱਥੇ ਤੇ ਲਗਾ ਟਿਕਾ ਦਿੱਤਾ ਉਸਦੀ ਪਛਾਣ ਨੂੰ ਦਰਸਾਉਂਦਾ ਹੈ। ਜੇ ਰਾਜਾ ਆਪਣੀ ਪਰਜਾ ਕੋਲੋਂ ਹੁਕਮ ਨਾ

ਮੰਨਵਾਵੇ, ਸੂਰਮੇ ਕੋਲ ਸ਼ਸ਼ਤਰਾਂ ਨਾ ਹੋਣ ਤਾਂ ਉਨ੍ਹਾਂ ਦਾ ਸਤਿਕਾਰ ਕਿਵੇਂ ਹੋਵੇ ਪਰ ਧਰਮ ਤੋਂ ਖਾਲੀ ਵਿਅਕਤੀ ਵੀ ਕਦੇ ਸਤਿਕਾਰ ਦਾ ਪਾਤਰ ਨਹੀਂ ਬਣ ਸਕਦਾ:

*ਤਿਲਕ ਹੀਣੰ ਜਥਾ ਬਿਪ੍ਰਾ ਅਮਰ ਹੀਣੰ ਜਥਾ ਰਾਜਨਹ॥*

*ਆਵਧ ਹੀਣੰ ਜਥਾ ਸੂਰਾ ਨਾਨਕ ਧਰਮ ਹੀਣੰ ਤਥਾ ਬੈਸਵਹ॥* ਪੰਨਾ ੧੩੫੯

ਜਿੱਥੇ ਰਾਗ ਮੁਕਤ ਬਾਣੀ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਸੰਦੇਸ਼ ਨੂੰ ਸੰਚਾਰਿਤ ਕੀਤਾ ਗਿਆ ਹੈ ਉਥੇ ਮਨੁੱਖ ਅੰਦਰ ਜੀਵਨ ਜੁਗਤੀ ਦਸ ਕੇ ਉਸ ਨੂੰ ਇਕ 'ਉਤਮ ਪੁਰਖ' ਬਨਾਉਣ ਲਈ ਤਤਪਰ ਕੀਤਾ ਗਿਆ ਹੈ। ਅਜਿਹੇ ਮਨੁੱਖਾਂ ਦਾ ਸਮੂਹ ਹੀ ਇਕ ਆਦਰਸ਼ਕ ਸਮਾਜ-ਸਭਿਆਚਾਰ ਨੂੰ ਸਥਾਪਿਤ ਕਰ ਸਕਦਾ ਹੈ।

0-0-0

# ਹਵਾਲੇ ਅਤੇ ਟਿੱਪਣੀਆਂ


1. ਸੰਤ ਸਿੰਘ ਸੇਖੋਂ, ***ਸਭਿਆਚਾਰ ਤੇ ਮੁਖ ਅੰਸ਼,*** ਪੰਨਾ 17
2. ਕੁਲਵੰਤ ਕੌਰ, ***ਗੁਰਬਾਣੀ ਅਤੇ ਸਮਕਾਲੀ ਪੰਜਾਬੀ ਸਭਿਆਚਾਰ***, ਪੰਨਾ 20
3. ਸੰਤ ਸਿੰਘ ਸੇਖੋਂ, ***ਸਭਿਆਚਾਰ ਦੇ ਮੁਖ ਅੰਸ਼***, ਪੰਨਾ 21
4. ਉਧਰਿਤ, ਪ੍ਰਭਜੋਤ ਕੌਰ, ***ਗੁਰਬਾਣੀ ਸੱਭਿਆਚਾਰ ਅਤੇ ਇਸਤਰੀ,*** ਪੰਨਾ 57
5. ਡਾ. ਕੁਲਵੰਤ ਕੌਰ, ***ਗੁਰਬਾਣੀ ਅਤੇ ਸਮਕਾਲੀ ਪੰਜਾਬੀ ਸਭਿਆਚਾਰ,*** ਪੰਨਾ 19
6. ਪ੍ਰੋ. ਐਸ. ਐਸ. ਅਮੋਲ, ***ਪੰਜਾਬੀ ਸਭਿਆਚਾਰ ਦੀ ਰੂਪ ਰੇਖਾ***, ਪੰਨਾ 4
7. ਉਧਰਿਤ, ਡਾ. ਕੁਲਵੰਤ ਕੌਰ, ***ਗੁਰਬਾਣੀ ਅਤੇ ਸਮਕਾਲੀ ਪੰਜਾਬੀ ਸਭਿਆਚਾਰ***, ਪੰਨਾ 6
8. *Encyclopedia of Social Sciences, Vol. VIII, page 815*
9. *Encyclopedia of Social Sciences, Vol. III, page 622*
10. T.S. Eliot, ***Notes Towards the Defintion of Culture***, page 183
11. Rabinder Nath Tagore, ***Towards the Universal Man***, page 209
12. ਪ੍ਰੋ. ਕਿਸ਼ਨ ਸਿੰਘ, ***ਸਿੱਖ ਇਨਕਲਾਬ ਦੀ ਪੰਜਾਬੀ ਕਲਚਰ ਨੂੰ ਦੇਣ***, ਪੰਨਾ 56
13. ਡਾ. ਰਵਿੰਦਰ ਸਿੰਘ ਰਵੀ, ***ਪੰਜਾਬੀ ਸਭਿਆਚਾਰ ਅਤੇ ਭਾਰਤੀ ਸਭਿਆਚਾਰ, ਪੰਜਾਬੀ ਵਿਕਾਸ ਕਾਨਫਰੰਸ, ਪਟਿਆਲਾ***, ਪੰਨਾ 86
14. ਡਾ. ਕੁਲਵੰਤ ਕੌਰ, ***ਗੁਰਬਾਣੀ ਅਤੇ ਸਮਕਾਲੀ ਪੰਜਾਬੀ ਸਭਿਆਚਾਰ***, ਪੰਨਾ 22
15. ਡਾ. ਜਗਬੀਰ ਸਿੰਘ, ***ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਭਾਰਤੀ ਸਭਿਆਚਾਰ***, ਪੰਨਾ 124
16. ਡਾ. ਜਸਵਿੰਦਰ ਸਿੰਘ, ***ਪੰਜਾਬੀ ਸੱਭਿਆਚਾਰ: ਪਛਾਣ ਚਿੰਨ੍ਹ***, ਪੰਨਾ 4
17. ਡਾ. ਕੁਲਵੰਤ ਕੌਰ, ***ਗੁਰਬਾਣੀ ਅਤੇ ਸਮਕਾਲੀ ਪੰਜਾਬੀ ਸਭਿਆਚਾਰ***, ਪੰਨਾ 23
18. ਡਾ. ਜਗਬੀਰ ਸਿੰਘ, ***ਸਭਿਆਚਾਰਕ ਕ੍ਰਾਂਤੀ ਅਤੇ ਮਾਨਵ-ਮੁਕਤੀ ਦਾ ਪ੍ਰਵਚਨ ਗੁਰੂ ਗ੍ਰੰਥ ਸਾਹਿਬ***, ਪੰਨਾ 98
19. ਡਾ. ਕੁਲਵੰਤ ਕੌਰ, ***ਗੁਰਬਾਣੀ ਅਤੇ ਸਮਕਾਲੀ ਪੰਜਾਬੀ ਸਭਿਆਚਾਰ***, ਪੰਨਾ 18
20. -ਉਹੀ-, ਪੰਨਾ 19
21. ਡਾ. ਜਗਬੀਰ ਸਿੰਘ, ***ਸਭਿਆਚਾਰਕ ਕ੍ਰਾਂਤੀ ਅਤੇ ਮਾਨਵ ਮੁਕਤੀ ਦਾ ਪ੍ਰਵਚਨ ਸ੍ਰੀ ਗੁਰੂ ਗ੍ਰੰਥ ਸਾਹਿਬ***, ਪੰਨਾ 100

22. -ਉਹੀ- *ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਭਾਰਤੀ ਸੱਭਿਆਚਾਰ, ਵਿਸਮਾਦੁ ਨਾਦ*, ਪੰਨਾ 123
23. -ਉਹੀ- *ਭਾਰਤੀ ਸੱਭਿਆਚਾਰਕ ਵਿਰਸੇ ਦਾ ਪ੍ਰਤੀਕ, ਵਿਸਮਾਦੁ ਨਾਦ*, ਪੰਨਾ 78
24. ਡਾ. ਮਨਜੀਤ ਸਿੰਘ, *ਸੱਭਿਆਚਾਰ: ਤਲਾਸ਼ ਅਧਿਐਨ ਵਿਧੀ ਦੀ*, ਪੰਨਾ 27
25. ਡਾ. ਗੁਰਸ਼ਰਨਜੀਤ ਸਿੰਘ, *ਗੁਰੂ ਨਾਨਕ ਦੀ ਸੱਭਿਆਚਾਰ ਨੂੰ ਦੇਣ*, ਪੰਨਾ 114
26. ਡਾ. ਪ੍ਰੇਮ ਸਿੰਘ, *ਗੁਰੂ ਗ੍ਰੰਥ ਸਾਹਿਬ ਅਤੇ ਭਾਰਤੀ ਸੰਸਕ੍ਰਿਤੀ*, ਪੰਨਾ 107
27. ਡਾ. ਜਗਬੀਰ ਸਿੰਘ, *ਧਰਮ ਅਧਿਐਨ ਦਾ ਵਰਤਮਾਨ ਪਰਿਪੇਖ ਅਤੇ ਗੁਰੂ ਗ੍ਰੰਥ ਸਾਹਿਬ ਬਾਣੀ*, ਪੰਨਾ 58
28. ਡਾ. ਜਗਜੀਤ ਸਿੰਘ, *ਫਰੀਦ ਕਾਵਿ : ਬਣਤਰ ਅਤੇ ਪਰੰਪਰਾ*, ਪੰਨਾ 197
29. ਡਾ. ਤਰਲੋਕ ਸਿੰਘ ਕੰਵਰ, *ਨਾਨਕ ਬਾਣੀ ਵਿਚ ਨਿਹਿਤ ਸਭਿਆਚਾਰ ਮਾਡਲ*, ਪੰਨਾ 30
30. ਡਾ. ਜਸਪਾਲ ਸਿੰਘ, ***Panjab Journal of Sikh Studies,Vol.I, Year 2011***, page 92
31. ਡਾ. ਅਮਰਜੀਤ ਸਿੰਘ ਕਾਂਗ, ਉਹੀ, *ਮਧਕਾਲੀ ਪੰਜਾਬੀ ਅਧਿਆਤਮਕ ਕਵਿਤਾ ਨਵੇਂ ਮਾਨਵੀ ਸੰਕਲਪ*, ਪੰਨਾ 98
32. ਭਾਈ ਗੁਰਦਾਸ, *ਪਹਿਲੀ ਵਾਰ*, ਪਉੜੀ ੩੩
33. ਉਧਰਿਤ, ਪ੍ਰਭਜੋਤ ਕੌਰ, *ਬਤੀਹ ਸੁਲੱਖਣੀ, ਗੁਰਬਾਣੀ ਸਭਿਆਚਾਰ ਤੇ ਇਸਤਰੀ*, ਪੰਨਾ 57-58
34. ਡਾ. ਮਲਕੀਤ ਸਿੰਘ ਬਾਜਵਾ, *ਭੱਟ ਬਾਣੀ ਚਿੰਤਨ: ਭੱਟ ਬਾਣੀ ਵਿਸ਼ੇਸ਼ ਅੰਕ, ਨਾਨਕ ਪ੍ਰਕਾਸ਼ ਪਤ੍ਰਿਕਾ*, ਪੰਨਾ 88
35. ਡਾ. ਕੁਲਦੀਪ ਸਿੰਘ ਧੀਰ, *ਨਾਨਕ ਪ੍ਰਕਾਸ਼ ਪਤ੍ਰਿਕਾ, ਭੱਟ ਬਾਣੀ ਵਿਸ਼ੇਸ਼ ਅੰਕ*, ਪੰਨਾ 34
36. ਡਾ. ਜਗਬੀਰ ਸਿੰਘ, *ਸ਼ਬਦ ਤੇ ਸੰਵਾਦ*, ਪੰਨਾ 61
37. ਪ੍ਰੋ. ਪ੍ਰੀਤਮ ਸਿੰਘ, *ਪੰਜਾਬ ਅਤੇ ਪੰਜਾਬ ਉੱਪਰ ਪਏ ਵਿਦੇਸ਼ੀ ਪ੍ਰਭਾਵ*, ਪੰਨਾ 22
38. ਡਾ. ਅਮਰਜੀਤ ਸਿੰਘ ਕਾਂਗ, *ਮਧਕਾਲੀ ਪੰਜਾਬੀ ਅਧਿਆਤਮਕ ਕਵਿਤਾ ਨਵੇਂ ਮਾਨਵੀ ਸੰਕਲਪ*, ਪੰਨਾ 97

39. -ਉਹੀ- ਪੰਨਾ 98

40. ਡਾ. ਬਲਬੀਰ ਸਿੰਘ ਪੁੰਨੀ, ***ਪੰਜਾਬੀ ਲੋਕਯਾਨ ਤੇ ਸਭਿਆਚਾਰ***, ਪੰਨਾ 165

41. ਉਪਹਿਤ, ਡਾ. ਲਾਭ ਸਿੰਘ ਖੀਵਾ, ***ਪੰਜਾਬੀ ਸਭਿਆਚਾਰ ਦਾ ਵਿਕਾਸ ਰੁਖ: ਇਤਿਹਾਸਕ ਪਰਿਪੇਖ***, ਪੰਨਾ 117

42. ਡਾ. ਜਗਬੀਰ ਸਿੰਘ, ***ਸਭਿਆਚਾਰਕ ਨਵ-ਪੰਜਾਬੀ ਦਾ ਪ੍ਰਵਚਨ-ਦਸਮ ਗ੍ਰੰਥ***, ਪੰਨਾ 62

43. ਡਾ. ਤਾਰਨ ਸਿੰਘ, ***ਸ਼ੇਖ ਫਰੀਦ: ਬਿੰਬਾਵਲੀ ਅਤੇ ਚਿੰਤਨ***, ਪੰਨਾ 117

44. ਡਾ. ਜਗਬੀਰ ਸਿੰਘ, ***ਗੁਰੂ ਨਾਨਕ ਬਾਣੀ ਵਿਚ ਸਭਿਆਚਾਰਕ ਕ੍ਰਾਂਤੀ***, ਪੰਨਾ 359

45. ਗਿ. ਗੁਰਦਿੱਤ ਸਿੰਘ, ***ਪੰਜਾਬੀ ਸਭਿਆਚਾਰ ਇਤਿਹਾਸਕ ਝਰੋਖਿਆਂ ਚੋਂ ਪੰਜਾਬੀ ਸਭਿਆਚਾਰ***, ਪੰਨਾ 19

46. ਡਾ. ਕੁਲਵੰਤ ਕੌਰ, ***ਗੁਰਬਾਣੀ ਅਤੇ ਸਮਕਾਲੀ ਪੰਜਾਬੀ ਸਭਿਆਚਾਰ***, ਪੰਨਾ 23

47. ਉਹੀ, ***ਸਭਿਆਚਾਰਕ ਕ੍ਰਾਂਤੀ ਅਤੇ ਮਾਨਵ ਮੁਕਤੀ ਦਾ ਪ੍ਰਵਚਨ ਸ੍ਰੀ ਗੁਰੂ ਗ੍ਰੰਥ ਸਾਹਿਬ***, ਪੰਨਾ 98

48. ਡਾ. ਸ. ਸ. ਵਣਜਾਰਾ ਬੇਦੀ, ***ਦੇਸ਼ ਲੋਕ***, ਪੰਨਾ 75

49. ਡਾ. ਅੰਮ੍ਰਿਤਪਾਲ ਕੌਰ, ***ਗੁਰਬਾਣੀ ਚਿੰਤਨ: ਸਮਾਜਿਕ ਸਭਿਆਚਾਰਕ ਸਰੋਕਾਰ***, ਪੰਨਾ 126

50. -ਉਹੀ-

51. ਡਾ. ਜੋਗੇਸ਼ਵਰ ਸਿੰਘ, ***ਗੁਰੂ ਗ੍ਰੰਥ ਸਾਹਿਬ ਵਿਚ ਆਦਰਸ਼ ਮਨੁੱਖ ਦਾ ਸਰੂਪ***, ਪੰਨਾ 303

52. ਡਾ. ਸਰਬਜਿੰਦਰ ਸਿੰਘ, ***ਨਾਨਕ ਪ੍ਰਕਾਸ਼ ਪਤ੍ਰਿਕਾ, ਜੂਨ 2008 ਦੀ ਸੰਪਾਦਕੀ***, ਪੰਨਾ viii

53. ਡਾ. ਦਰਸ਼ਨ ਸਿੰਘ, ***ਗੁਰੂ ਗ੍ਰੰਥ ਸਾਹਿਬ ਰਾਸ਼ਟਰੀ ਏਕਤਾ ਦੇ ਮਾਡਲ ਵਜੋਂ, ਵਿਸਮਾਦੁ ਨਾਦ***, ਪੰਨਾ 465

54. ਡਾ. ਅੰਮ੍ਰਿਤਪਾਲ ਕੌਰ, ***ਗੁਰਬਾਣੀ ਚਿੰਤਨ: ਸਮਾਜਿਕ ਸਭਿਆਚਾਰਕ ਸਰੋਕਾਰ***, Panjab Journal of Sikh Studies,Vol.I, Year 2011, ਪੰਨਾ 134

55. -ਉਹੀ-, ਪੰਨਾ 128

56. ਡਾ. ਜਗਬੀਰ ਸਿੰਘ, ***ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚ ਧਰਮ ਅਤੇ ਸੱਭਿਆਚਾਰ***, ਪੰਨਾ 37

57. ਡਾ. ਅੰਮ੍ਰਿਤਪਾਲ ਕੌਰ, ***ਗੁਰਬਾਣੀ ਚਿੰਤਨ: ਸਮਾਜਿਕ ਸਭਿਆਚਾਰਕ ਸਰੋਕਾਰ***, ਪੰਨਾ 132

58. ਡਾ. ਬਲਵਿੰਦਰ ਸਿੰਘ ਜੌੜੇ ਸਿੰਘਾ, ***ਗੁਰੂ ਗ੍ਰੰਥ ਸਾਹਿਬ: ਸੱਭਿਆਚਾਰ ਦੇ ਸ੍ਰੋਤ ਵਜੋਂ***, ਪੰਨਾ 214

59. ਡਾ. ਜਗਬੀਰ ਸਿੰਘ, ***ਗੁਰੂ ਨਾਨਕ ਬਾਣੀ ਵਿੱਚ ਸਭਿਆਚਾਰਿਕ ਕ੍ਰਾਂਤੀ***, ਪੰਨਾ 363

60. ਡਾ. ਕੁਲਵੰਤ ਕੌਰ, ***ਭੇਖ, ਪਹਿਰਾਵਾ, ਹਾਰ ਸ਼ਿੰਗਾਰ, ਗੁਰਬਾਣੀ ਅਤੇ ਸਮਕਾਲੀ ਪੰਜਾਬੀ ਸਭਿਆਚਾਰ***, ਪੰਨਾ 35

61. ਡਾ. ਜਗਬੀਰ ਸਿੰਘ, ***ਗੁਰੂ ਨਾਨਕ ਬਾਣੀ ਵਿੱਚ ਸਭਿਆਚਾਰਿਕ ਕ੍ਰਾਂਤੀ***, ਪੰਨਾ 365

# ਅਧਿਆਇ ਪੰਜਵਾਂ

# ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਰਾਗ ਮੁਕਤ ਬਾਣੀ ਦਾ ਕਾਵਿ ਸ਼ਾਸਤਰੀ ਪਰਿਪੇਖ

(ੳ) ਰਾਗ ਮੁਕਤ ਬਾਣੀ ਦੀ ਕਾਵਿ ਸੰਚਾਰ ਯੋਗਤਾ

(ਅ) ਵਿਭਿੰਨ ਰੂਪਾਕਾਰ

(i) ਸਲੋਕ

(ii) ਸਵੈਯਾ

(iii) ਗਾਥਾ

(iv) ਫੁਨਹੇ

(v) ਚਉਬੋਲੇ

(vi) ਮੁੰਦਾਵਣੀ

(vii) ਰਾਗ ਮਾਲਾ

(ੲ) ਰਾਗ ਮੁਕਤ ਬਾਣੀ ਦੀਆਂ ਕਾਵਿ ਜੁਗਤਾਂ

(ਸ) ਕਾਵਿ-ਭਾਸ਼ਾ

# ਰਾਗ ਮੁਕਤ ਬਾਣੀ ਦਾ ਕਾਵਿ ਸ਼ਾਸਤਰੀ ਪਰਿਪੇਖ

ਕਿਸੇ ਵੀ ਸਾਹਿਤਕ ਕਿਰਤ ਦਾ ਕਾਵਿ ਸ਼ਾਸਤਰੀ ਪਰਿਪੇਖ, ਉਸ ਸੰਬੰਧਿਤ ਕਿਰਤ ਵਿਚਲੇ ਕਾਵਿਕ ਮਹੱਤਵ ਨੂੰ ਉਜਾਗਰ ਕਰਨ ਦਾ ਮਾਧਿਅਮ ਹੁੰਦਾ ਹੈ ਅਤੇ ਨਾਲ ਹੀ ਇਹ ਉਨ੍ਹਾਂ ਕਾਵਿਕ ਰੂੜ੍ਹੀਆਂ ਦੀ ਨਿਸ਼ਾਨਦੇਹੀ ਵੀ ਕਰਦਾ ਹੈ ਜਿਹੜੀਆਂ ਸੰਬੰਧਿਤ ਕਾਵਿ ਸਿਰਜਣਾ ਦਾ ਆਧਾਰ ਬਣੀਆਂ ਹੁੰਦੀਆਂ ਹਨ। ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਵਿਸ਼ੇਸ਼ ਪੈਟਰਨ ਅਤੇ ਵਿਲੱਖਣ ਬਣਤਰ ਅਨੁਸਾਰ ਸਿਰਜੀ ਗਈ ਇੱਕ ਵਿਲੱਖਣ ਕਿਰਤ ਹੈ। ਗੁਰਬਾਣੀ 'ਧਰਮ' ਅਤੇ 'ਕਾਵਿ' ਦਾ ਅਨੋਖਾ ਸੁਮੇਲ ਹੈ। ਹਰ ਮਨੁੱਖ ਲਈ ਬਾਣੀ 'ਸ਼ਬਦ-ਗੁਰੂ' ਦਾ ਦਰਜਾ ਰਖਦੀ ਹੈ। ਗੁਰੂ ਨਾਨਕ ਸਾਹਿਬ ਨੇ ਇਸ ਬਾਣੀ ਨੂੰ 'ਧੁਰ ਕੀ ਬਾਣੀ' ਅਤੇ 'ਸੱਚ ਕੀ ਬਾਣੀ' ਆਖਿਆ। 'ਧੁਰ ਕੀ ਬਾਣੀ' ਵਿਚ ਇਸਦੀ ਅਧਿਆਤਮਕ ਬਿਰਤੀ ਦਾ ਉਲੇਖ ਕੀਤਾ ਗਿਆ ਹੈ ਪਰ 'ਸਚ ਕੀ ਬਾਣੀ' ਵਜੋਂ ਇਸ ਵਿੱਚ ਮਨੁੱਖੀ ਅਨੁਭਵਾਂ ਦੀ ਗਲ ਕੀਤੀ ਗਈ ਹੈ ਜੋ ਸਮੇਂ ਸਮੇਂ ਤੇ ਵਿਭਿੰਨ ਬਾਣੀਆਂ ਵਿੱਚ ਪ੍ਰਗਟਾਏ ਗਏ ਹਨ। 'ਬਾਬਰ ਬਾਣੀ' ਵਿਚ ਬਾਦਸ਼ਾਹੀਅਤ ਅਹੰ ਅਤੇ ਰਾਜਨੀਤਕ ਕਪਟੀ ਵਿਹਾਰ ਦੀ ਗੱਲ ਕਰਦੀ ਹੈ ਪਰ ਇਸ ਵਿੱਚ ਅਭਿਵਿਅਕਤ ਕੀਤਾ ਗਿਆ ਧਾਰਮਿਕ ਅਨੁਭਵ ਕਾਵਿਕ ਪੱਧਰ ਤੇ ਕੀਤਾ ਗਿਆ ਹੈ। ਗੁਰਮਤਿ ਕਾਵਿ ਵਿਚ ਧਰਮ ਤੇ ਕਾਵਿ ਇਕ ਦੂਜੇ ਦੇ ਪੂਰਕ ਹਨ। ਬਾਣੀ ਚਿੰਤਨ ਦੇ ਪ੍ਰਸੰਗ ਵਿਚ ਕਾਵਿ-ਸ਼ਾਸਤਰੀ ਪਰਿਪੇਖ ਦੀ ਗਲ ਅਰੰਭਣ ਤੋਂ ਪਹਿਲਾਂ ਇਹ ਸਪਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਕਾਵਿ ਸ਼ਾਸਤਰ ਕੀ ਹੁੰਦਾ ਹੈ? ਇਸ ਸਬੰਧ ਵਿੱਚ ਡਾ. ਜਗਬੀਰ ਸਿੰਘ ਦੀ ਰਾਏ ਬੜੀ ਪ੍ਰਮਾਣਿਕ ਹੈ:

> *ਕਾਵਿ ਸ਼ਾਸਤਰ ਕਾਵਿ ਅਤੇ ਸ਼ਾਸਤਰ ਸ਼ਬਦਾਂ ਦਾ ਸੰਯੋਗ ਹੈ। ਭਾਰਤ ਦੀ ਕਲਾਸੀਕਲ ਪਰੰਪਰਾ ਅਨੁਸਾਰ 'ਕਾਵਿ' ਸ਼ਬਦ ਸਮੁੱਚੇ ਸਾਹਿਤ-ਸੰਸਾਰ ਦਾ ਸਮਾਨ-ਅਰਥਕ ਹੈ ਜੋ ਸ਼ਾਬਦਿਕ ਕਲਾ ਹੋਣ ਦੇ ਨਾਤੇ ਸਿਰਜਣਾ ਦਾ ਖੇਤਰ ਹੈ। ਇਸ ਦੇ ਮੁਕਾਬਲੇ ਤੇ 'ਸ਼ਾਸਤਰ' ਮਨੁੱਖੀ ਵਰਤਾਰੇ ਅਤੇ ਵਿਹਾਰ ਸਬੰਧੀ ਸਿਧਾਂਤਿਕ ਚਿੰਤਨ ਅਤੇ ਵਿਵੇਚਨ ਦਾ ਬੋਧ ਕਰਾਉਣਾ ਹੈ। ਇਉਂ ਕਾਵਿ ਸ਼ਾਸਤਰ ਕਾਵਿ-ਕਲਾ ਦੀ ਸਿਰਜਣਾ-ਪ੍ਰਕਿਰਿਆ ਅਤੇ ਰਚਨਾ-ਸੰਰਚਨਾ ਦਾ ਸਿਧਾਂਤਕ ਵਿਵੇਚਨ ਕਰਨ ਵਾਲਾ ਗਿਆਨ ਅਨੁਸ਼ਾਸਨ ਹੋ ਨਿਬੜਦਾ ਹੈ।*[1]

ਆਮ ਤੌਰ ਤੇ ਕਾਵਿ ਸ਼ਾਸਤਰ ਕਾਵਿ ਸਬੰਧੀ ਸਾਹਿਤ-ਚਿੰਤਨ ਦੇ ਪ੍ਰਸੰਗ ਵਿਚ ਹੀ ਵਰਤਿਆ ਜਾਂਦਾ ਰਿਹਾ ਹੈ ਜੋ ਕਾਵਿ ਕਲਾ ਜਾਂ ਸਾਹਿਤ ਦੀ ਪ੍ਰਕਿਰਤੀ ਨਾਲ ਹੀ ਸਬੰਧਿਤ ਰਿਹਾ ਹੈ। ਭਾਵੇਂ ਸਾਹਿਤ ਸਿਰਜਨ ਦੀ ਪ੍ਰਕਿਰਿਆ ਪਿਛੇ ਵਾਪਰ ਰਹੀਆਂ ਸਮੁੱਚੀਆਂ ਘਟਨਾਵਾਂ ਜਾਂ ਉਸ ਦੀ ਸੰਰਚਨਾ ਨੇਮਾਂ ਦੀ ਗੱਲ ਕੀਤੀ ਜਾਂਦੀ ਰਹੀ ਹੈ। ਡਾ. ਜਗਬੀਰ ਸਿੰਘ ਦੇ ਵਿਚਾਰ ਅਨੁਸਾਰ ਹੁਣ ਕਾਵਿ ਸ਼ਾਸਤਰ ਨੂੰ ਇਨ੍ਹਾਂ ਅਰਥਾਂ ਵਿਚ ਨਹੀਂ ਦੇਖਿਆ ਜਾਂਦਾ:

> *ਪਰ ਵਿਸ਼ਵ ਚਿੰਤਨ ਦੇ ਵਰਤਮਾਨ ਪ੍ਰਸੰਗ ਵਿਚ ਕਾਵਿ-ਸ਼ਾਸਤਰ ਦਾ ਇਹ ਸੰਕਲਪ ਵਿਆਪਕ ਅਰਥ ਗ੍ਰਹਿਣ ਕਰ ਦਿੱਤਾ ਗਿਆ ਹੈ। ਇਹ ਸਾਹਿਤਕ ਰਚਨਾਵਾਂ ਦੇ ਨਾਲ ਨਾਲ ਸਭਿਆਚਾਰਕ ਸਿਰਜਣਾਵਾਂ ਅੰਤਰੀਵ ਸੰਗਠਨ ਵਿਚ ਕਾਰਜਸ਼ੀਲ ਨੇਮ-ਪ੍ਰਬੰਧਾਂ ਦੀ ਤਲਾਸ਼ ਨਾਲ ਵੀ ਸਬੰਧਿਤ ਹੋ ਗਿਆ ਹੈ। ਇਹੀ ਕਾਰਨ ਹੈ ਕਿ ਅਜ ਕਿਸੇ ਵੀ ਮਾਨਵ ਹਿਤ ਵਰਤਾਰੇ ਜਾਂ ਵਿਹਾਰ ਦੇ ਸੰਗਠਨਕਾਰੀ ਨੇਮਾਂ ਦੀ ਤਲਾਸ਼ ਨੂੰ ਉਸਦਾ ਕਾਵਿ-ਸ਼ਾਸਤਰ ਆਖ ਲਿਆ ਜਾਂਦਾ ਹੈ।*[2]

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਨੁਭਵੀ ਗਿਆਨ ਦਾ ਅਨੁਪਮ ਅਤੇ ਅਮੁਕ ਭੰਡਾਰ ਹੈ। ਇਸ ਦੇ ਸਾਰੇ ਬਾਣੀਕਾਰ ਪਰਮ-ਆਤਮਕ ਅਨੁਭਵ ਦੇ ਕਵੀ ਸਨ। 'ਆਵੇਸ਼' ਰੂਪ ਵਿਚ ਇਹ ਕਾਵਿ ਪ੍ਰਕਾਸ਼ ਆਮ ਮੁਹਾਰੇ ਉਨ੍ਹਾਂ ਦੇ ਅੰਦਰੋਂ ਪ੍ਰਗਟ ਹੋਇਆ ਹੈ। ਇਸੇ ਲਈ ਗੁਰੂ ਨਾਨਕ ਦੇਵ ਨੇ ਆਪਣੇ ਆਪ ਨੂੰ ਸ਼ਾਇਰ, ਢਾਡੀ ਅਤੇ ਪਾਰਖੂ ਕਹਿਣ ਦਾ ਦਾਅਵਾ ਕਰਦੇ ਹਨ। ਬਾਕੀ ਬਾਣੀਕਾਰਾਂ ਵਿਚੋਂ ਕਿਸੇ ਨੇ ਵੀ ਸੁਚੇਤ ਤੌਰ ਤੇ ਆਪਣੇ ਆਪ ਨੂੰ ਕਵੀ ਜਾਂ ਸ਼ਾਇਰ ਨਹੀਂ ਕਿਹਾ। ਅਸਲ ਵਿਚ ਉਹ ਮੂਲ ਰੂਪ ਵਿਚ ਲੋਕ ਕਵੀ ਸਨ। ਪ੍ਰੋ. ਜੋਗਿੰਦਰ ਸਿੰਘ ਇਸ ਬਾਰੇ ਆਪਣੇ ਵਿਚਾਰ ਇਸ ਪ੍ਰਕਾਰ ਪ੍ਰਗਟਾਉਂਦੇ ਹਨ:

> *ਕਵੀ ਹਮੇਸ਼ਾਂ ਅਨੁਭਵ ਅਧਾਰਤ ਜ਼ਿੰਦਗੀ ਦੇ ਸੁਆਮੀ ਹੁੰਦੇ ਹਨ। ਅਨੁਭਵ ਅਧਾਰਤ ਜ਼ਿੰਦਗੀ ਹੀ ਅਸਲ ਵਿਚ ਆਚਰਣਵਾਦੀ ਦੀ ਜ਼ਿੰਦਗੀ ਗੀ ਹੁੰਦੀ ਹੈ। ਦੈਵੀ ਤੇ ਸ੍ਰੇਸ਼ਟ ਕਵਿਤਾ ਸ਼ੁਧ ਆਚਰਣ ਵਿਚੋਂ ਪ੍ਰਕਾਸ਼ਮਾਨ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਵਿਤਾ ਦੈਵੀ ਤੇ ਸ੍ਰੇਸ਼ਟ ਹੈ। 'ਦੈਵੀ ਤੇ ਸ੍ਰੇਸ਼ਟ ਕਵਿਤਾ' ਹਮੇਸ਼ਾਂ ਲੋਕ ਜੀਵਨ ਦਾ ਅੰਗ ਹੁੰਦੀ ਹੈ। ਲੋਕ ਧੜਕਣ ਨੂੰ ਆਪਣੇ ਕਾਵਿ-ਬਿੰਬ ਵਿਚ ਪਹਿਲ ਦਿਆ ਕਰਦੀ ਹੈ।*[3]

ਗੁਰਬਾਣੀ ਚਿੰਤਨ ਭਾਰਤੀ ਦਰਸ਼ਨ, ਧਰਮ ਅਤੇ ਸਾਹਿਤ ਦੇ ਖੇਤਰ ਵਿਚ ਅਨੋਖੇ ਰੂਪ ਵਿਚ ਪ੍ਰਚਲਿਤ ਹੋਇਆ। ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਇਸਦਾ ਪ੍ਰਤਖ ਸਬੂਤ ਹੈ। ਉਚੀਆਂ ਨੀਵੀਆਂ ਜਾਤਾਂ ਦੇ ਭਗਤ, ਸੂਫੀ ਪਰੰਪਰਾ ਨਾਲ ਸਬੰਧਿਤ ਸ਼ੇਖ ਫਰੀਦ ਤੇ ਭੀਖਣ ਸ਼ਾਹ, ਗੁਰੂ ਸਾਹਿਬਾਨ ਅਤੇ ਕਥਿਤ ਤੌਰ ਤੇ ਨੀਵੀਆਂ ਜਾਤੀਆਂ ਨਾਲ ਸਬੰਧਿਤ ਗੁਰਸਿੱਖ, ਪੌਰਾਣਿਕ ਪ੍ਰਸੰਗਾਂ ਦੇ ਜਾਣੂ ਭੱਟ ਸਾਹਿਬਾਨ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਨਾ ਹੀ ਆਪਣੇ ਆਪ ਵਿਚ ਕ੍ਰਾਂਤੀਕਾਰੀ ਕਦਮ ਹੈ। ਇਸ ਵਿਚ ਦਰਜ ਬਾਣੀ ਨੂੰ ਧਾਰਮਿਕ ਸ਼ਰਧਾ ਅਤੇ ਵਿਸ਼ਵਾਸ ਨਾਲ ਭਰਪੂਰ ਮੰਨਿਆ ਜਾਂਦਾ ਹੈ। ਸਾਹਿਤ ਦੇ ਇਤਿਹਾਸਕਾਰਾਂ ਨੇ ਇਸ ਨੂੰ ਗੁਰਮਤਿ ਕਾਵਿ-ਧਾਰਾ ਦੇ ਨਾਮ ਨਾਲ ਵਡਿਆਇਆ ਹੈ। ਗੁਰਮਤਿ ਕਾਵਿ ਦੇ ਮੋਢੀ ਮੱਧਕਾਲ ਦੇ ਧਰਮ-ਪ੍ਰਚਾਰਕਾਂ ਵਿਚ ਨਿਵੇਕਲਾ ਸਥਾਨ ਰਖਣ ਵਾਲੇ ਗੁਰੂ ਨਾਨਕ ਦੇਵ ਨੇ ਮੱਧਕਾਲੀ ਭਾਰਤੀ ਸਮਾਜ ਦੀ ਇਤਿਹਾਸਕ ਸਥਿਤੀ ਵਿੱਚ ਮਨੁੱਖੀ ਜੀਵਨ ਦੀ ਅਧਿਆਤਮਕ ਅਤੇ ਸਦਾਚਾਰਕ ਅਗਵਾਈ ਲਈ ਗੁਰਮਤਿ ਦੇ ਫਲਸਫੇ ਨੂੰ ਉਭਾਰਿਆ। ਗੁਰੂ ਅੰਗਦ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਨੇ ਉਨ੍ਹਾਂ ਦੇ ਪਾਏ ਪੂਰਨਿਆਂ ਉਤੇ ਚਲ ਕੇ ਬਾਣੀ ਰਚੀ। ਪੰਜਵੇਂ ਗੁਰੂ ਅਰਜਨ ਦੇਵ ਨੇ ਜਦੋਂ ਇਸ ਬਾਣੀ ਨੂੰ ਸੰਪਾਦਿਤ ਕੀਤਾ ਤਾਂ ਆਪਣੇ ਪੂਰਵਕਾਲੀ ਤੇ ਸਮਕਾਲੀ ਸੰਤਾਂ, ਭਗਤਾਂ ਅਤੇ ਸੂਫ਼ੀਆਂ ਦੀ ਰਚਨਾ ਨੂੰ ਵੀ ਸ਼ਾਮਲ ਕਰਕੇ 'ਆਦਿ ਗ੍ਰੰਥ' ਦੀ ਪਾਵਨ ਬੀੜ ਤਿਆਰ ਕਰਵਾਈ। ਸਮਕਾਲੀ ਭਗਤ ਕਾਨ੍ਹਾ, ਛਜੂ, ਪੀਲੂ ਤੇ ਸ਼ਾਹ ਹੁਸੈਨ ਦੀ ਬਾਣੀ ਨੂੰ ਗੁਰਮਤਿ ਆਸ਼ੇ ਦੇ ਪ੍ਰਤੀਕੂਲ ਜਾਣ ਕੇ ਸੰਪਾਦਿਤ ਕਰਨ ਤੋਂ ਇਨਕਾਰ ਕਰ ਦਿੱਤਾ। ਗੁਰੂ ਨਾਨਕ ਸਾਹਿਬ ਨੇ ਕਿਤਾਬੀ ਗਿਆਨ ਦੇ ਪੁਜਾਰੀਆਂ ਨੂੰ 'ਅੰਧੇ ਅਕਲੀ ਬਾਹਰੇ' ਅਤੇ 'ਅਸਲਿ ਖਰ' ਕਹਿ ਕੇ ਸੰਬੋਧਨ ਕੀਤਾ। ਉਹਨਾਂ ਨੇ 'ਸ਼ਬਦ' ਦੀ ਮਹਿਮਾ ਨੂੰ ਇੰਜ ਬਿਆਨਿਆ ਹੈ:

*ਇਕਨਾ ਸਿਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ॥*
*ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ॥* ਪੰਨਾ ੧੪੧੧

ਗੁਰਮਤਿ ਦੇ ਸਿਧਾਂਤ ਨੂੰ ਦ੍ਰਿੜ ਕਰਦੇ ਹੋਏ ਬਾਬਾ ਫਰੀਦ ਦੀ ਬਾਣੀ ਵਖਰੇਵੇਂ ਦੇ ਬਾਵਜੂਦ ਵੀ ਉਨ੍ਹਾਂ ਦੀਆਂ ਪਵਿੱਤਰ ਭਾਵਨਾਵਾਂ ਦੀ ਕਦਰ ਕਰਦੇ ਹੋਏ ਆਦਿ ਗ੍ਰੰਥ ਵਿੱਚ ਸੰਕਲਿਤ ਕੀਤਾ ਅਤੇ ਵਖ ਵਖ ਸਿਧਾਂਤਕ ਪਿਛੋਕੜਾਂ ਦੇ ਸੰਤਾਂ ਭਗਤਾਂ ਨੂੰ ਵੀ ਯੋਗ ਸਥਾਨ ਦਿੱਤਾ। ਇਸ ਤਰ੍ਹਾਂ ਇਸ ਪਵਿਤਰ ਗ੍ਰੰਥ ਵਿੱਚ 'ਅਨੇਕਤਾ ਚੋਂ ਏਕਤਾ' ਦੇ ਸਿਧਾਂਤ ਨੂੰ ਪ੍ਰਚੰਡ ਕੀਤਾ। ਇਸ ਪ੍ਰਸੰਗ ਵਿੱਚ ਡਾ. ਮਹਿੰਦਰ ਕੌਰ ਗਿੱਲ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਇਸ ਪ੍ਰਕਾਰ ਕਰਦੇ ਹਨ :

*ਵਖੋ ਵਖ ਮਤਾਤਰਾਂ ਨਾਲ ਸੰਬੰਧਿਤ ਵਿਅਕਤੀਆਂ ਨੂੰ ਇਕ ਥਾਂ ਆਸੀਨ ਕਰ ਦੇਣਾ ਇਹ ਨਿਸਚਤ ਕਰਦਾ ਹੈ ਕਿ ਉਹਨਾਂ ਪਾਸ ਰਾਸ਼ਟਰੀ ਏਕੀਕਰਣ ਦੀ ਭਾਵਨਾ ਸੀ। ਸਰਬ ਸਾਂਝੀਵਾਲਤਾ ਦੇ ਮੁਦਈ ਪੰਚਮ ਗੁਰੂ ਦੁਆਰਾ ਸਰਬੰਗੀ, ਸਰਵਕਾਲੀ ਰੀਝ ਨਾਲ ਕੀਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਆਪਣੇ ਆਪ ਵਿਚ ਅਸਲੋਂ ਅਦੁੱਤੀ ਹੈ।* [4]

ਬਾਣੀ ਚਿੰਤਨ ਦਾ ਸਮੁੱਚਾ ਪ੍ਰਵਚਨ ਕਾਵਿ ਸੰਚਾਰ ਦੀਆਂ ਜੁਗਤਾਂ ਰਾਹੀਂ ਪ੍ਰਸਤੁਤ ਹੋਇਆ ਹੈ। ਪ੍ਰਾਚੀਨ ਭਾਰਤੀ ਅਤੇ ਯੂਨਾਨੀ ਸਾਹਿਤ ਚਿੰਤਕਾਂ ਤੋਂ ਲੈ ਕੇ ਅੱਜ ਤਕ ਆਧੁਨਿਕ ਚਿੰਤਕਾਂ ਨੇ ਕਾਵਿਕ ਪ੍ਰਵਚਨ ਬਾਰੇ ਆਪਣੇ ਵਿਚਾਰ ਪ੍ਰਗਟਾਏ ਹਨ। ਇਸ ਤਰ੍ਹਾਂ ਕਾਵਿ ਸ਼ਾਸਤਰ ਦਾ ਸੰਕਲਪ ਤੇ ਸਰੂਪ ਵੀ ਪੁਨਰ ਵਿਆਖੇ ਜਾ ਰਹੇ ਹਨ। ਡਾ. ਜਗਬੀਰ ਸਿੰਘ ਦਾ ਵਿਚਾਰ ਹੈ:

*ਇਕੀਵੀਂ ਸਦੀ ਦੀ ਸਰਦਲ ਉਪਰ ਖਲੋਤਿਆਂ ਅਜ ਜਦੋਂ ਗੁਰਬਾਣੀ ਦੇ ਕਾਵਿ ਸ਼ਾਸਤਰ ਦੀ ਤਲਾਸ਼ ਕਰਨ ਵਲ ਰੁਚਿਤ ਹੁੰਦੇ ਹਾਂ ਤਾਂ ਪੂਰਬ ਅਤੇ ਪੱਛਮ ਦੀ ਇਸ ਸਮੁੱਚੀ ਕਾਵਿ ਸ਼ਾਸਤਰੀ ਗਤੀ ਵਿਧੀ ਨੂੰ ਧਿਆਨ ਵਿਚ ਰਖਣਾ ਪਵੇਗਾ।* [5]

ਭਾਰਤੀ ਕਾਵਿ ਸ਼ਾਸਤਰ ਵਿੱਚ ਕਾਵਿ ਦੀ ਆਤਮਾ ਬਾਰੇ ਡਾ. ਰਤਨ ਸਿੰਘ ਜੱਗੀ ਦਾ ਵਿਚਾਰ ਹੈ:

*ਭਾਰਤੀ ਕਾਵਿ ਸ਼ਾਸਤਰ ਅਨੁਸਾਰ ਕਾਵਿ ਦੀ ਆਤਮਾ ਤੋਂ ਭਾਵ ਹੈ ਕਾਵਿ ਸੌਂਦਰਯ ਜਾਂ ਕਾਵਿ ਚਮਤਕਾਰ। ਇਸ ਚਮਤਕਾਰ ਦਾ ਅਧਾਰ ਕੀ ਹੈ? ਇਸ ਗੱਲ ਨੂੰ ਲੈ ਕੇ ਵਖ-ਵਖ ਆਚਾਰਯ ਨੇ ਆਪਣੇ ਢੰਗ ਨਾਲ ਸਿਧਾਂਤ ਘੜੇ ਹਨ। ਇਨ੍ਹਾਂ ਸਿਧਾਂਤਾਂ ਦੇ ਨਾਂ ਤੋਂ ਅਗੋਂ ਛੇ ਕਾਵਿ ਸੰਪ੍ਰਦਾਵਾਂ ਦਾ ਵਿਕਾਸ ਹੋਇਆ ਜਿਵੇਂ ਰਸ, ਅਲੰਕਾਰ, ਰੀਤੀ, ਧੁਨੀ, ਵਕ੍ਰੋਕਤੀ ਤੇ ਔਚਿਤਯ। ਰਸ, ਧੁਨੀ ਅਤੇ ਔਚਿਤਯ ਦਾ ਸੰਬੰਧ ਅਨੁਭੂਤੀ ਨਾਲ ਅਤੇ ਅਲੰਕਾਰ, ਰੀਤੀ ਤੇ ਵਕ੍ਰੋਕਤੀ ਦਾ ਸਬੰਧ ਅਭਿਵਿਅਕਤੀ ਨਾਲ ਸਥਾਪਤ ਕੀਤਾ ਹੈ।* [6]

ਭਾਰਤੀ ਕਾਵਿ ਸ਼ਾਸਤਰ ਅਨੁਸਾਰ ੬ ਸੰਪ੍ਰਦਾਵਾਂ ਰਸ, ਧੁਨੀ, ਅਲੰਕਾਰ, ਰੀਤੀ, ਵਿਕ੍ਰੋਕਤੀ ਅਤੇ ਔਚਿਤਯ ਮੰਨੇ ਜਾਂਦੇ ਹਨ। ਕਈ ਸਾਹਿਤ ਚਿੰਤਕਾਂ ਨੇ ਕੇਵਲ ਰਸ ਸਿਧਾਂਤ ਨੂੰ ਲੈ ਕੇ ਗੁਰਬਾਣੀ ਦਾ ਕਾਵਿ ਸ਼ਾਸਤਰ ਉਸਾਰਨ ਦੀ ਕੋਸ਼ਿਸ਼ ਕੀਤੀ ਹੈ ਇਹ ਯਤਨ ਸਫਲ ਨਹੀਂ ਹੋ ਸਕਿਆ ਕਿਉਂਕਿ ਬਾਣੀਕਾਰ ਤਾਂ ਆਪਣੀ ਬਾਣੀ ਨੂੰ ਬ੍ਰਹਮ ਕੇਂਦ੍ਰਿਤ ਅਧਿਆਤਮਵਾਦ ਨਾਲ ਜੋੜਦੇ ਹਨ।

ਇਸ ਸੰਦਰਭ ਵਿੱਚ ਛੰਦ, ਅਲੰਕਾਰ ਧੁਨੀ ਅਤੇ ਗੀਤੀ ਦੇ ਸੰਕਲਪਾਂ ਦੀ ਮਦਦ ਲਈ ਜਾ ਸਕਦੀ ਹੈ। ਯੂਨਾਨੀ ਕਾਵਿ ਸ਼ਾਸਤਰ ਦੇ ਅਨੁਕਰਣ ਅਤੇ ਵਿਰੇਚਨ, ਰੋਮਨ ਕਾਵਿ ਸ਼ਾਸਤਰ ਦੇ ਉੱਦਾਤ ਵਰਗੇ ਸੰਕਲਪ ਵੀ ਸਹੀ ਰੂਪ ਵਿਚ ਲਾਗੂ ਨਹੀਂ ਕੀਤੇ ਜਾ ਸਕਦੇ। ਆਧੁਨਿਕ ਦੌਰ ਵਿਚ ਸਾਹਿਤ ਸਿਧਾਂਤ ਚਿੰਤਨ ਵਿਚ ਅਮਰੀਕੀ ਨਵ ਆਲੋਚਨਾ, ਰੂਸੀ ਰੂਪਵਾਦ, ਮਾਰਕਸਵਾਦ, ਚਿਹਨ ਵਿਗਿਆਨ, ਉਤਰ ਸੰਰਚਨਾਵਾਦ, ਨਵ ਮਾਰਕਸਵਾਦ ਵਰਗੀਆਂ ਆਲੋਚਨਾ ਪ੍ਰਣਾਲੀਆਂ ਦੀ ਖ਼ੂਬ ਚਰਚਾ ਹੋਈ ਹੈ। ਇਸ ਸਮੁੱਚੇ ਦੌਰ ਵਿਚ ਸਾਸਿਉਰ ਦਾ ਸੰਰਚਨਾਤਮਕ ਭਾਸ਼ਾ ਵਿਗਿਆਨ ਸਭ ਤੋਂ ਮਹੱਤਵਪੂਰਨ ਹੈ। ਸਾਸਿਉਰ ਨੇ ਭਾਸ਼ਾ ਨੂੰ ਚਿਹਨਾਂ ਦਾ ਪ੍ਰਬੰਧ ਮੰਨਿਆ ਹੈ। ਇਸ ਨਵੇਂ ਚਿੰਤਨ ਦੀ ਰੋਸ਼ਨੀ ਵਿਚ ਕਾਵਿ ਸ਼ਾਸਤਰ ਪਾਠ, ਪ੍ਰਵਚਨ ਤੇ ਵਿਚਾਰਧਾਰਾ ਵਰਗੇ ਨਵੇਂ ਆਲੋਚਨਾਤਮਕ ਸੰਕਲਪਾਂ ਨੂੰ ਕੇਂਦਰੀ ਸਥਾਨ ਦਿੱਤਾ ਗਿਆ ਹੈ। ਪ੍ਰਸਿੱਧ ਸਾਹਿਤ ਚਿੰਤਕ ਰੋਲਾਂ ਬਾਰਥ ਨੇ ਪਾਠ ਦੀ ਮਹੱਤਤਾ ਨੂੰ ਉਜਾਗਰ ਕੀਤਾ ਹੈ। *ਟੈਕਸਟ ਸ਼ਬਦਾਂ ਦਾ ਅਜਿਹਾ ਤਾਣਾ ਪੇਟਾ ਹੈ ਜੋ ਕਿਸੇ ਵਿਸ਼ੇਸ਼ ਤਰਤੀਬ ਅਨੁਸਾਰ ਪੇਸ਼ ਹੋ ਕੇ ਰਚਨਾ ਦੀ ਸਾਜਨਾ ਕਰਦਾ ਹੈ ਅਤੇ ਉਸ ਨੂੰ ਵਿਸ਼ੇਸ਼ ਅਰਥ ਪ੍ਰਦਾਨ ਕਰਦਾ ਹੈ।*[7]

ਪ੍ਰਵਚਨ ਵੀ ਭਾਸ਼ਾ ਵਿਗਿਆਨਕ ਸੰਕਲਪ ਹੈ ਜਿਸ ਨੂੰ ਸ਼ਬਦ ਅਤੇ ਵਾਕ ਨਾਲੋਂ ਵਡੇਰੀ ਅਰਥ ਇਕਾਈ ਮੰਨਿਆ ਜਾਂਦਾ ਹੈ। ਡਾ. ਤਰਲੋਕ ਸਿੰਘ ਕੰਵਰ ਦਾ ਵਿਚਾਰ ਹੈ: ਅਰਥਾਂ ਦੀ ਘਾੜਤ ਹਮੇਸ਼ਾਂ ਹੀ ਕਿਸੇ ਪ੍ਰਵਚਨ ਦੁਆਰਾ ਹੁੰਦੀ ਹੈ। ਪ੍ਰਵਚਨ ਇਕ ਅਜਿਹੀ ਸੁੱਚੀ ਅਤੇ ਸੱਚੀ ਲਿਖਤ ਹੈ ਜੋ ਪ੍ਰਤੀਕੀ ਪਸਾਰ ਦੇ ਅਮੂਰਤ ਜਗਤ ਤੋਂ ਹੇਠਾਂ ਉਤਰਦੀ ਹੈ।[8] ਗੁਰੂ ਗ੍ਰੰਥ ਸਾਹਿਬ ਦੇ ਵਿਸ਼ੇ ਨੂੰ ਸਪੱਸ਼ਟ ਕਰਨ ਲਈ ਜਿਹੜੀਆਂ ਕਾਵਿ ਜੁਗਤਾਂ ਵਰਤੀਆਂ ਗਈਆਂ ਹਨ। ਉਹਨਾਂ ਬਾਰੇ ਡਾ. ਗੋਪਾਲ ਸਿੰਘ ਦਰਦੀ ਕਹਿੰਦੇ ਹਨ:

> *ਜਿਹੜੇ ਕਾਵਿ ਚਿੰਨ੍ਹ ਜਾਂ ਸ਼ਬਦ ਚਿੱਤਰ ਆਦਿ ਗ੍ਰੰਥ ਵਿਚ ਮੂਲ ਆਸ਼ੇ ਨੂੰ ਸਮਝਾਉਣ ਲਈ ਵਰਤੇ ਗਏ ਹਨ, ਉਹ ਏਨੇ ਘਰੋਗੀ, ਹੱਡ ਬੀਤੇ, ਨੇੜ ਦਿਸਦੇ, ਨਿਜ ਪਰਖੇ ਹਨ, ਜੋ ਮਨੁੱਖ ਆਤਮਾ ਉਸ ਨੂੰ ਆਸ਼ੇ ਦੇ ਸਾਰੇ ਵੇਰਵੇ ਦੀ ਪੂਰੀ ਸੋਝੀ ਆਪਣੇ ਵਿਚ ਰਚਾ ਲੈਂਦੀ ਹੈ।*[9]

ਬਾਬਾ ਫਰੀਦ ਸੰਸਾਰ ਦੀਆਂ ਅਨੇਕ ਮਿਠੀਆਂ ਚੀਜ਼ਾਂ ਦੇ ਨਾਮ ਗਿਣਵਾ ਦਿੰਦਾ ਹੈ। ਪਰ ਆਤਮ-ਰਸ ਦੇ ਜਾਣੂ ਨੂੰ ਰੱਬ ਦਾ ਨਾਮ ਬਹੁਤਾ ਮਿੱਠਾ ਲਗਦਾ ਹੈ। ਜਿਵੇ 'ਗੂੰਗੇ ਦੀ ਮਠਿਆਈ' ਖਾਣ ਵਾਲਾ ਰਸ ਦਸਿਆ ਨਹੀਂ ਜਾ ਸਕਦਾ ਇਸੇ ਤਰ੍ਹਾਂ ਹੀ ਨਾਮ ਰਸ ਦੀ ਮਿਠਾਸ ਨੂੰ ਕੇਵਲ ਅਨੁਭਵ ਕਰਨ ਵਾਲਾ ਹੀ ਜਾਣ ਸਕਦਾ ਹੈ:

*ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ॥*

*ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ॥* ਪੰਨਾ ੧੩੭੯

ਗੁਰੂ ਗ੍ਰੰਥ ਸਾਹਿਬ ਵਿਚ ਕੁਦਰਤ ਦੇ ਕ੍ਰਿਸ਼ਮਿਆਂ ਨੂੰ ਦੇਵ ਰੂਪ ਨਹੀਂ ਦਿੱਤਾ ਗਿਆ, ਨਾ ਹੀ ਮਨੁੱਖ ਰੱਬ ਕੁਦਰਤ ਦੀ ਅਭੇਦਤਾ ਦਰਸਾ ਕੇ ਕੁਦਰਤ ਪੂਜਾ ਜਾਂ ਕੁਦਰਤ ਵਿਚੋਂ ਕਾਦਰ ਦੇ ਸਰੂਪ ਨੂੰ ਦੇਖਣ ਉਤੇ ਜ਼ੋਰ ਦਿੱਤਾ ਗਿਆ ਹੈ। ਮਨੁੱਖ ਦੇ ਹੀਅੜੇ ਵਾਂਗ ਕੁਦਰਤ ਵਿਚ ਵੀ ਇਕੋ ਪਰਮ-ਤੱਤ ਦੀ ਜੋਤ ਬਲ ਰਹੀ ਹੈ। 'ਬਲਿਹਾਰੀ ਕੁਦਰਤ ਵਸਿਆ' ਤੇ ਮਨੁੱਖ ਵਾਂਗ ਕੁਦਰਤ ਵੀ ਉਸ ਦੇ ਹੁਕਮ ਵਿਚ ਬੱਧੀ ਹੈ।[10]

ਗੁਰਸਿਖਾਂ ਨੂੰ ਸੰਬੋਧਨ ਕਰਦਿਆਂ 'ਚਉਬੋਲੇ' ਵਿਚ ਪ੍ਰੀਤਮ ਦੇ ਮਿਲਾਪ ਦੀ ਅਵਸਥਾ ਨੂੰ ਬਿਆਨ ਕਰਦੇ ਹੋਏ ਭੰਵਰੇ ਦੀ ਉਦਾਹਰਣ ਰਾਹੀਂ ਅਨੰਦਮਈ ਹਾਲਤ ਨੂੰ ਇਸ ਪ੍ਰਕਾਰ ਬਿਆਨਿਆ ਗਿਆ ਹੈ:

*ਮੂਸਨ ਮਸਕਰ ਪ੍ਰੇਮ ਕੀ ਰਹੀ ਜੁ ਅੰਬਰੁ ਛਾਇ॥*

*ਬੀਧੇ ਬਾਂਧੇ ਕਮਲ ਮਹਿ ਭਵਰ ਰਹੇ ਲਪਟਾਇ॥* ਪੰਨਾ ੧੩੬੪

ਗੁਰੂ ਗ੍ਰੰਥ ਸਾਹਿਬ ਵਿਚ ਪਤੀ-ਪਤਨੀ ਦੇ ਰੂਪਕ ਰਾਹੀਂ ਉਸ ਪਰਮਾਤਮਾ ਰੂਪੀ ਪਤੀ ਨੂੰ ਪਾਉਣ ਲਈ ਹਾੜੇ ਕੱਢਦੀ ਵਿਯੋਗਣ ਮਾਰਮਿਕ ਚਿਤਰ ਪ੍ਰਸਤੁਤ ਕਰਕੇ ਪ੍ਰੇਮੀ ਪ੍ਰੇਮਿਕਾ ਦੀ ਥਾਂ ਤੇ ਧਨ ਪਿਰ ਦਾ ਰੂਪਕ ਵਰਤਣਾ ਸਮਾਜ ਵਿਚ ਪ੍ਰਵਾਨਿਤ ਰਿਸ਼ਤੇ ਦੀ ਗਲ ਕਰਦਾ ਹੈ:

*ਅਜ ਨ ਸੁਤੀ ਕੰਤ ਸਿਉ ਅੰਗ ਮੁੜੇ ਮੁੜਿ ਜਾਇ॥*

*ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ॥* ਪੰਨਾ ੧੩੭੯)

ਫਰੀਦ ਦੇ ਇਸ ਸਲੋਕ ਵਿਚ ਧੁਨੀ ਦੇ ਅਭਿਧਾ ਅਰਥਾਂ ਤੋਂ ਉਪਰ ਲਕਸ਼ਣਾ ਤੇ ਵਿਅੰਜਨਾ ਸ਼ਬਦ ਸ਼ਕਤੀਆਂ ਰਾਹੀਂ ਅਰਥਾਂ ਦਾ ਸੰਚਾਰ ਕੀਤਾ ਗਿਆ ਹੈ। 'ਸੋਹਾਗਣ' ਪਤੀ ਦੇ ਦਰ ਉਤੇ ਪ੍ਰਵਾਨ ਅਤੇ ਦੁਹਾਗਣ 'ਛੁੱਟੜ' ਦੇ ਰੂਪ ਵਿਚ ਚਿਤਵੀ ਗਈ ਹੈ।

ਵਖ ਵਖ ਵਿਦਵਾਨਾਂ ਨੇ ਨੌਂ ਰਸਾਂ ਦੀ ਹੋਂਦ ਬਾਣੀ ਵਿਚ ਦਰਸਾਈ ਹੈ ਪਰ ਕਿਸੇ ਵੀ ਸ਼ਬਦ ਜਾਂ ਬਾਣੀ ਵਿਚ ਰਸ ਪੂਰਨ ਰੂਪ ਵਿਚ ਪ੍ਰਾਪਤ ਨਹੀਂ ਹੁੰਦਾ। ਕੇਵਲ ਰਸ ਦੀ ਅਨੁਭੂਤੀ ਹੀ ਹੁੰਦੀ ਹੈ। ਡਾ. ਜੱਗੀ ਨੇ ਉਨ੍ਹਾਂ ਨੇ ਇਕੋ 'ਭਗਤੀ ਰਸ' ਨੂੰ ਮੰਨਿਆ ਹੈ ਜਿਸ ਵਿਚ ਸ਼ਿੰਗਾਰ ਅਤੇ ਸ਼ਾਂਤ ਦੋਵੇਂ ਰਸ ਸਮਾਏ ਹੋਏ ਹਨ। ਰਸ ਸਿਧਾਂਤ ਦੇ ਆਚਾਰੀਆ ਭਰਤ ਮੁਨੀ ਤੋਂ ਲੈ ਕੇ ਪੰਡਤ ਰਾਜ ਜਗਨ ਨਾਥ ਤਕ ਕਿਸੇ ਪ੍ਰਮੁੱਖ ਆਚਾਰਯ ਇਸ ਨੂੰ ਨਹੀਂ ਮੰਨਦੇ ਕਿਉਂਕਿ ਉਹਨਾਂ ਅਨੁਸਾਰ ਭਗਤੀ ਰਸ ਦਾ ਸਥਾਈ ਭਾਵ ਬ੍ਰਹਮ ਰਤਿ ਸ਼ਿੰਗਾਰ ਰਸ ਦੇ ਅੰਤਰਗਤ ਹੁੰਦਾ ਹੈ ਪਰ ਕੁਝ ਵਿਦਵਾਨ ਭਗਤੀ ਰਸ ਨੂੰ

ਬਾਕੀ ਰਸਾਂ ਦੀ ਤੁਲਨਾ ਵਿਚ ਸਰਵ ਸ੍ਰੇਸ਼ਟ ਮੰਨਦੇ ਹਨ। ਉਨ੍ਹਾਂ ਦੀ ਸਥਾਪਨਾ ਹੈ ਕਿ ਸ਼ਾਂਤ ਰਸ ਵੀ ਭਗਤੀ ਰਸ ਦਾ ਇਕ ਪ੍ਰਕਾਰ ਹੀ ਹੈ। ਡਾ. ਜੱਗੀ ਦੀ ਧਾਰਨਾ ਅਨੁਸਾਰ, *"ਕਾਵਿ ਭਗਤ ਪਾਠਕਾਂ ਦੇ ਹਿਰਦੇ ਵਿਚ ਪ੍ਰਮਾਤਮਾ ਦੇ ਪਿਆਰ ਨਾਲ ਸਬੰਧਿਤ ਇਕ ਵਿਸ਼ੇਸ਼ ਪ੍ਰਕਾਰ ਦੀ ਮਹਾਨਤਾ, ਲੀਨਤਾ ਜਾਂ ਸੁਰਤਿ ਦਾ ਵਾਤਾਵਰਣ ਸਿਰਜਿਆ ਹੁੰਦਾ ਹੈ। ਇਹੀ ਸਥਿਤੀ ਹੀ ਭਗਤੀ ਰਸ ਦੀ ਨਿਸ਼ਪਤੀ ਕਾਰਨ ਪੈਦਾ ਹੁੰਦੀ ਹੈ। ਭਗਤੀ ਰਸ ਨੂੰ ਉੱਜਲ ਤੇ ਮਧੁਰ ਰਸ ਵੀ ਮੰਨਿਆ ਜਾਂਦਾ ਹੈ।"* [11]

ਸ਼ਾਸਤਰੀ ਦ੍ਰਿਸ਼ਟੀ ਤੋਂ ਭਗਤੀ ਰਸ ਸੰਬੰਧੀ ਸਭ ਤੋਂ ਪਹਿਲਾਂ ਵਿਆਖਿਆ ਗੌੜੀਯ ਸੰਪ੍ਰਦਾਇ ਦੇ ਸੰਸਥਾਪਕ ਆਚਾਰਯ ਰੂਪ ਗੋਸੁਆਮੀ ਨੇ ਆਪਣੇ ਗ੍ਰੰਥ 'ਹਰਿ ਭਕਤੀ ਰਸਾਮਿਤ ਸਿੰਧੂ' ਵਿਚ ਕੀਤੀ। ਉਪਰੰਤ ਮਧੁਸੂਦਨ ਸਰਸਵਤੀ ਨੇ ਭਕਤਿ ਰਸਾਯਨ' ਵਿਚ ਇਸ ਨੂੰ ਸਰਵ ਸ੍ਰੇਸ਼ਟ ਅਤੇ ਦਸਵਾਂ ਰਸ ਮੰਨਿਆ ਹੈ। ਕੁਝ ਹੋਰ ਗ੍ਰੰਥਾਂ ਭਗਵਤ ਭਕਤਿ ਚੰਦ੍ਰਿਕਾ, ਉਜਵਲ ਨੀਲ ਮਣਿ, ਰਸ ਕਲਿਕਾ, ਭਕਤਿ ਸੰਦਰਭਾਂ ਦੇ ਰਚੈਤਿਆਂ ਨੇ ਵੀ ਭਗਤੀ ਰਸ ਨੂੰ ਸਵੀਕਾਰ ਕੀਤਾ ਹੈ। ਸ਼ਿੰਗਾਰ ਰਸ ਕਾਮ ਉਤੇ ਅਧਾਰਤ ਹੈ ਪਰ ਭਗਤੀ ਰਸ ਸ਼ੁਧ ਪ੍ਰੇਮ ਉਤੇ ਅਧਾਰਤ ਹੁੰਦਾ ਹੈ। ਭਗਤੀ ਰਸ ਦੇ ਕਾਵਿ ਸ਼ਾਸਤਰ ਦੀ ਰਚਨਾ ਮੂਲ ਰੂਪ ਵਿਚ ਕ੍ਰਿਸ਼ਨ ਉਪਾਸਕਾਂ ਨੇ ਕੀਤੀ ਹੈ। ਇਸ ਰਸ ਦਾ ਊਦੀਪਨ ਬ੍ਰਹਮ ਦਾ ਰੂਪ, ਗੁਣ, ਪ੍ਰਕਿਰਤੀ, ਸਤਿਸੰਗ, ਕੀਰਤਨ, ਸ੍ਰਵਣ ਅਤੇ ਮਨਨ ਹਨ। ਪਰਮਾਤਮਾ ਪ੍ਰਤੀ ਗੂੜ੍ਹ ਪ੍ਰੇਮ ਇਸ ਦਾ ਸਥਾਈ ਭਾਵ ਹੈ। ਇਸ ਦੇ ਅਗੋਂ ਕਈ ਭੇਦ ਮੰਨੇ ਗਏ ਹਨ। ਵੈਰਾਗ ਭਾਵ ਕਾਰਨ ਸ਼ਾਂਤ ਭਗਤੀ, ਦਾਸਯ ਭਾਵ ਕਰਕੇ ਦਾਸਯ ਭਗਤੀ, ਸਖਯ ਭਾਵ ਕਰਕੇ ਸਖ਼ਾ ਭਗਤੀ, ਪੁਤਰ ਪ੍ਰਤੀ ਸਨੇਹ ਕਾਰਨ ਵਾਤਸਲ ਭਗਤੀ ਅਤੇ ਸ਼ਿੰਗਾਰ ਭਾਵ ਕਰਕੇ ਕਾਂਤਾ ਭਗਤੀ ਜਾਂ ਮਧੁਰ ਭਗਤੀ। ਇਨ੍ਹਾਂ ਵਿਚੋਂ ਕਾਂਤਾ ਭਗਤੀ ਵਿਚ ਸਾਰੇ ਭਾਵ ਆ ਜਾਂਦੇ ਹਨ ਇਸ ਕਰਕੇ ਇਸ ਨੂੰ ਸ੍ਰੇਸ਼ਟ ਮੰਨਿਆ ਗਿਆ ਹੈ।[12] ਗੁਰੂ ਗ੍ਰੰਥ ਸਾਹਿਬ ਵਿਚ ਕਾਂਤਾ ਭਗਤੀ ਰਸ ਹੀ ਪ੍ਰਧਾਨ ਹੈ। ਕਈ ਸ਼ਬਦ ਸ਼ਾਂਤ ਭਾਵ ਨਾਲ ਸ਼ੁਰੂ ਹੁੰਦੇ ਹਨ ਪਰ ਅੰਤ ਤਕ ਇਹਨਾਂ ਵਿੱਚ ਮਧੁਰ ਭਾਵ ਸਮਿਲਿਤ ਹੋ ਜਾਂਦੇ ਹਨ। ਰਾਗ ਮੁਕਤ ਬਾਣੀ ਵਿਚ 'ਫੁਨਹੇ' ਬਾਣੀ ਵਿਚ ਭਗਤੀ ਰਸ ਦੀ ਉਦਾਹਰਣ ਇਥੇ ਵਿਚਾਰੀ ਜਾ ਸਕਦੀ ਹੈ:

*ਸਖੀ ਕਾਜਲ ਹਾਰ ਤੰਬੋਲ ਸਭੈ ਕਿਛੁ ਸਾਜਿਆ॥*
*ਸੋਲਹ ਕੀਏ ਸੀਗਾਰ ਕਿ ਅੰਜਨੁ ਪਾਜਿਆ॥*
*ਜੇ ਘਰਿ ਆਵੈ ਕੰਤੁ ਤ ਸਭੁ ਕਿਛੁ ਪਾਈਐ॥*
*ਹਰਿਹਾਂ ਕੰਤੈ ਬਾਝੁ ਸੀਗਾਰੁ ਸਭੁ ਬਿਰਥਾ ਜਾਈਐ॥*
*ਜਿਸੁ ਘਰਿ ਵਸਿਆ ਕੰਤੁ ਸਾ ਵਡਭਾਗਣੇ॥*

*ਤਿਸੁ ਬਣਿਆ ਹਭੁ ਸੀਗਾਰੁ ਸਾਈ ਸੋਹਾਗਣੇ॥*

*ਹਉ ਸੁਤੀ ਹੋਇ ਅਚਿੰਤ ਮਨਿ ਆਸ ਪੁਰਾਈਆ॥*

*ਹਰਿਹਾਂ ਜਾ ਘਰਿ ਆਇਆ ਕੰਤੁ ਤ ਸਭੁ ਕਿਛੁ ਪਾਈਆ॥*

*ਆਸਾ ਇਤੀ ਆਸ ਕਿ ਆਸ ਪੁਰਾਈਐ॥*

*ਸਤਿਗੁਰ ਭਏ ਦਇਆਲ ਤ ਪੂਰਾ ਪਾਈਐ॥*

*ਮੈ ਤਨਿ ਅਵਗਣ ਬਹੁਤੁ ਕਿ ਅਵਗਣ ਛਾਇਆ॥*

*ਹਰਿਹਾਂ ਸਤਿਗੁਰ ਭਏ ਦਇਆਲ ਤ ਮਨੁ ਠਹਰਾਇਆ॥*

*ਕਹੁ ਨਾਨਕ ਬੇਅੰਤੁ ਬੇਅੰਤੁ ਧਿਆਇਆ॥*

*ਦੁਤਰੁ ਇਹੁ ਸੰਸਾਰੁ ਸਤਿਗੁਰ ਤਰਾਇਆ॥*

*ਮਿਟਿਆ ਆਵਾ ਗਉਣੁ ਜਾਂ ਪੂਰਾ ਪਾਇਆ॥*

*ਹਰਿਹਾਂ ਅੰਮ੍ਰਿਤੁ ਹਰਿ ਕਾ ਨਾਮੁ ਸਤਿਗੁਰ ਤੇ ਪਾਇਆ॥* ਪੰਨਾ ੧੩੬੧-੬੨

'ਫੁਨਹੇ' ਵਿੱਚ ਸ਼ਿੰਗਾਰ ਰਸ ਦਾ ਅਹਿਸਾਸ ਪ੍ਰਤੀਤ ਹੁੰਦਾ ਹੈ। ਗੁਰੂ ਅਰਜਨ ਦੇਵ ਵਰਗੇ ਅਧਿਆਤਮਕ ਸਾਧਕ ਇਸ ਵਿਚਲੀ ਨਾਇਕਾ ਹਨ ਅਤੇ ਨਾਇਕ ਕਲਪਨਾ ਉਪਰ ਅਧਾਰਿਤ ਨਿਰਗੁਣ ਬ੍ਰਹਮ। ਇਥੇ ਨਾ ਸ਼ਿੰਗਾਰ ਰਸ ਤੇ ਨਾ ਹੀ ਸ਼ਾਂਤ ਰਸ ਪੈਦਾ ਹੋਏ ਹਨ ਸਗੋਂ ਇਸ ਸ਼ਬਦ ਦੇ ਭਾਵਮਈ ਵਿਕਾਸ ਰਾਹੀਂ ਭਗਤੀ ਰਸ ਦੇ ਨਾਲ ਕਾਂਤਾ ਅਤੇ ਸ਼ਾਂਤ ਰਸ ਪੈਦਾ ਹੋ ਰਿਹਾ ਹੈ। ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਵਿਚ ਭਗਤੀ ਰਸ ਹੀ ਪ੍ਰਧਾਨ ਹੈ ਬਾਕੀ ਸਾਰੇ ਰਸਾਂ ਦਾ ਸਿਰਫ਼ ਅਭਾਸ ਹੀ ਹੁੰਦਾ ਹੈ। ਇਸ ਬਾਰੇ ਪ੍ਰੋ. ਜੋਗਿੰਦਰ ਸਿੰਘ ਦਾ ਵਿਚਾਰ ਹੈ:

> *ਸ੍ਰੇਸ਼ਟ ਕਵਿਤਾ ਦਾ ਪ੍ਰਮੁੱਖ ਮੰਤਵ ਰਸ ਮੰਡਲ ਨੂੰ ਉਸਾਰਨਾ ਹੈ। ਰਸ ਮੰਡਲ ਮਨੁੱਖੀ ਬਿਰਤੀਆਂ ਨੂੰ ਸੁਹਜਾਤਮਕਤਾ ਪ੍ਰਦਾਨ ਕਰਦਾ ਹੈ। ਸੁਤੀਆਂ ਬਿਰਤੀਆਂ ਨੂੰ ਟੁੰਬ ਜਗਾਉਂਦਾ ਹੈ। ਉਦਾਸ ਬਿਰਤੀ ਵਿਚ ਖੁਸ਼ੀ ਵਿਗਾਸ ਦਾ ਸੁਆਦ ਭਰ ਦਿੰਦਾ ਹੈ; ਉਤਸ਼ਾਹ ਹੀਣ ਰੁਚੀ ਵਾਲਿਆਂ ਵਿਚ ਉਤਸ਼ਾਹ, ਲਗਨ ਅਤੇ ਦ੍ਰਿੜਤਾ ਦਾ ਭਾਵ ਪੈਦਾ ਕਰ ਦਿੰਦਾ ਹੈ।*[13]

ਉਹਨਾਂ ਨੇ ਆਪਣੀ ਇਸ ਪੁਸਤਕ ਵਿਚ ਉਨ੍ਹਾਂ ਨੇ ਸ਼ਾਂਤ-ਰਸ, ਸ਼ਿੰਗਾਰ ਰਸ, ਭਯਾਨਕ ਰਸ, ਰੌਦਰ ਰਸ, ਬੀਰ ਰਸ, ਅਦਭੁਤ ਰਸ, ਹਾਸ ਰਸ ਅਤੇ ਬੀਭਤਸ ਰਸ ਦੀਆਂ ਉਦਾਹਰਣਾਂ ਵੀ ਦਿੱਤੀਆਂ ਹਨ। ਉਨ੍ਹਾਂ ਨੇ ਰੌਦਰ ਰਸ ਦੇ ਸਥਾਈ ਭਾਵ ਕ੍ਰੋਧ ਨੂੰ ਗੁਰੂ ਨਾਨਕ ਦੇਵ ਦੀ ਆਸਾ ਰਾਗ ਵਿਚਲੀ 'ਬਾਬਰਬਾਣੀ' ਨੂੰ ਲਿਆ ਹੈ। ਬਾਬਰ ਦੇ ਢਾਹੇ ਹੋਏ ਜ਼ੁਲਮਾਂ ਦਾ ਸ਼ਿਕਾਰ ਲੋਕਾਂ ਉਤੇ ਤਰਸ

ਆਇਆ। ਬਾਅਦ ਵਿਚ ਇਹੀ ਤਰਸ ਕ੍ਰੋਧ ਦਾ ਰੂਪ ਧਾਰਨ ਕਰ ਗਿਆ। ਇਸ ਸਮੇਂ ਤਾਂ ਉਹ ਰੱਬ ਨੂੰ ਉਲਾਂਭਾ ਦੇਣੋਂ ਵੀ ਰਹਿ ਨਾ ਸਕੇ:

*ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ॥*

*ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲ ਚੜਾਇਆ॥*

*ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ॥* ਪੰਨਾ ੩੬੦

ਭਾਰਤੀ ਕਾਵਿ ਸ਼ਾਸਤਰ ਦਾ ਇਕ ਮਹੱਤਵਪੂਰਨ ਸਿਧਾਂਤ ਅਲੰਕਾਰ ਹੈ, ਜਿਸ ਨੂੰ ਕਾਵਿ ਦੀ ਸੁੰਦਰਤਾ ਵਧਾਉਣ ਲਈ ਵਰਤਿਆ ਜਾਂਦਾ ਹੈ। ਭਾਮਹ, ਦੰਡੀ ਅਤੇ ਰੁਦਰਟ ਵਰਗੇ ਆਚਾਰੀਆ ਕਵਿਤਾ ਵਿਚ ਅਲੰਕਾਰ ਨੂੰ ਕਾਵਿ ਵਿਚ ਚਮਤਕਾਰ ਪੈਦਾ ਕਰਨ ਦੇ ਸਾਧਨ ਵਜੋਂ ਦੇਖਦੇ ਹਨ। ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ ਜਗਿਆਸੂ ਅਧਿਆਤਮਕ ਵਰਗ ਉਤੇ ਚਲਣ ਲਈ ਆਪਣੀ ਬਾਣੀ ਰਚਦੇ ਰਹੇ। ਇਸ ਵਾਸਤੇ ਉਨ੍ਹਾਂ ਨੇ ਕਾਵਿ ਸ਼ਾਸਤਰ ਦੀਆਂ ਪਾਬੰਦੀਆਂ ਨੂੰ ਮੰਨਣ ਦੀ ਬਜਾਏ ਆਪਣੇ ਅਨੁਭਵ ਨੂੰ ਜਗਿਆਸੂਆਂ ਨਾਲ ਸਾਂਝਾ ਕੀਤਾ ਹੈ। ਬਾਣੀਕਾਰਾਂ ਨੇ ਜ਼ਿਆਦਾਤਰ ਅਰਥ ਅਲੰਕਾਰਾਂ ਦੀ ਸਿਰਜਣਾ ਕੀਤੀ ਹੈ। ਉਪਮਾ, ਰੂਪਕ ਅਤੇ ਅਨੁਪ੍ਰਾਸ ਅਲੰਕਾਰ ਬਹੁਤ ਜ਼ਿਆਦਾ ਗਿਣਤੀ ਵਿਚ ਵਰਤੇ ਗਏ ਹਨ। ਸਲੋਕ ਸਹਸਕ੍ਰਿਤੀ ਵਿਚ ਇਸ ਦੀ ਮਿਸਾਲ ਦੇਖਣਯੋਗ ਹੈ। ਇਸ ਤਰ੍ਹਾਂ ਭੱਟ ਬਾਣੀ ਵਿਚੋਂ ਵੀ ਭਿੰਨ ਭਿੰਨ ਅਲੰਕਾਰਾਂ ਦੀਆਂ ਉਦਾਹਰਣਾਂ ਪੇਸ਼ ਹਨ। ਪਰਮਾਣ ਵਜੋਂ ਅਨੁਪ੍ਰਾਸ, ਦ੍ਰਿਸ਼ਟਾਂਤ ਅਤੇ ਰੂਪਕ ਅਲੰਕਾਰਾਂ ਦੀ ਵੰਨਗੀ ਇਸ ਪ੍ਰਕਾਰ ਹੈ:

ਅਨੁਪ੍ਰਾਸ ਅਲੰਕਾਰ:

*ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਮੰਨ ਰੇ॥*

*ਜਾ ਕੀ ਸੇਵ ਸਿਵ ਸਿਧ ਸਾਧਿਕ ਸੁਰ ਅਸੁਰ ਗਣ ਤਰਹਿ*

*ਤੇਤੀਸ ਗੁਰ ਬਚਨ ਸੁਣਿ ਕੰਨ ਰੇ॥*

*ਫੁਨਿ ਤਰਹਿ ਤੇ ਸੰਤ ਹਿਤ ਭਗਤ ਗੁਰੁ ਗੁਰੁ ਕਰਹਿ*

*ਤਰਿਓ ਪ੍ਰਹਲਾਦੁ ਗੁਰ ਮਿਲਤ ਮੁਨਿ ਜੰਨ ਰੇ॥*

*ਤਰਹਿ ਨਾਰਦਾਦਿ ਸਨਕਾਦਿ ਹਰਿ ਗੁਰਮੁਖਹਿ ਤਰਹਿ*

*ਇਕ ਨਾਮ ਲਗਿ ਤਜਹੁ ਰਸ ਅੰਨ ਰੇ॥*

*ਦਾਸੁ ਬੇਨਤਿ ਕਹੈ ਨਾਮੁ ਗੁਰਮੁਖਿ ਲਹੈ ਗੁਰੂ*

*ਗੁਰੁ ਗੁਰੂ ਗੁਰੁ ਗੁਰੂ ਜਪੁ ਮੰਨ ਰੇ॥* ਪੰਨਾ ੧੪੦੧

ਦ੍ਰਿਸ਼ਟਾਂਤ ਅਲੰਕਾਰ:

*ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥*

*ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ॥* ਪੰਨਾ ੧੩੬੬

ਰੂਪਕ ਅਲੰਕਾਰ:

*ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ॥*

*ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ॥* ਪੰਨਾ ੧੩੮੧

ਬਾਣੀਕਾਰਾਂ ਨੇ ਆਪਣੇ ਅਧਿਆਤਮਕ ਅਨੁਭਵਾਂ ਨੂੰ ਆਮ ਲੋਕਾਈ ਤਕ ਪੁਚਾਉਣ ਲਈ ਉਨ੍ਹਾਂ ਨੇ ਸਿਧੇ ਸਾਦੇ ਸ਼ਬਦਾਂ ਰਾਹੀਂ ਜਨ ਸਧਾਰਣ ਨੂੰ ਸੰਬੋਧਨ ਕੀਤਾ ਹੈ। ਬਾਣੀਕਾਰਾਂ ਨੇ ਆਪਣੇ ਰਹੱਸਵਾਦੀ ਅਨੁਭਵਾਂ ਨੂੰ ਸ਼ਬਦ ਚਿਤਰਾਂ ਰਾਹੀਂ ਬੜੇ ਸੁੰਦਰ ਰੂਪ ਵਿਚ ਚਿਤਰਿਆ ਹੈ। ਸੰਸਾਰ ਵਿਚ ਨਾਮ ਦੀ ਕੀਰਤੀ ਫੈਲਦੀ ਹੈ ਅਤੇ ਸੂਰਜ ਦੀਆਂ ਕਿਰਨਾਂ ਰੋਸ਼ਨੀ ਖਿਲਾਰਦੀਆਂ ਹਨ। ਗੁਰੂ ਅਮਰਦਾਸ ਦੀ ਉਪਮਾ ਕਰਦੇ ਹੋਏ ਭੱਟ ਕਵੀ ਕਾਲੇ ਬੱਦਲਾਂ ਦੀਆਂ ਕਣੀਆਂ, ਬਹਾਰ ਦੇ ਫੁਲਾਂ, ਸੂਰਜ ਦੀਆਂ ਕਿਰਨਾਂ ਅਤੇ ਸਮੁੰਦਰ ਦੀਆਂ ਲਹਿਰਾਂ ਦੀ ਗਿਣਤੀ ਦੀ ਗਲ ਕਰਦਾ ਹੋਇਆ ਕਹਿੰਦਾ ਹੈ ਕਿ ਇਸ ਤਰ੍ਹਾਂ ਗੁਰੂ ਅਮਰਦਾਸ ਦੇ ਗੁਣਾਂ ਦਾ ਅੰਤ ਨਹੀਂ ਪਾਇਆ ਜਾ ਸਕਦਾ। ਉਨ੍ਹਾਂ ਦੇ ਸਵੱਯੇ ਵਿਚ ਵਿਸ਼ਾਲ ਕਲਪਨਾ ਸਦਕਾ ਸੁਹਜਵਾਦੀ ਬਿੰਬਾਵਲੀ ਦੀ ਸੂਝ ਦੇਖਣਯੋਗ ਹੈ:

*ਘਨਹਰ ਬੂੰਦ ਬਸੁਅ ਰੋਮਾਵਲਿ ਕੁਸਮ ਬਸੰਤ ਗਨੰਤ ਨ ਆਵੈ॥*

*ਰਵਿ ਸਸਿ ਕਿਰਣਿ ਉਦਰੁ ਸਾਗਰ ਕੋ ਗੰਗ ਤਰੰਗ ਅੰਤੁ ਕੋ ਪਾਵੈ॥*

*ਰੁਦ੍ਰ ਧਿਆਨ ਗਿਆਨ ਸਤਿਗੁਰ ਕੇ ਕਬਿ ਜਨ ਭਲ੍ਯ ਉਨਹ ਜੁ ਗਾਵੈ॥*

*ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ॥* ਪੰਨਾ ੧੩੯੬

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਪ੍ਰਤੀਕਾਂ ਦੀ ਆਪਣੀ ਵਿਲੱਖਣਤਾ ਹੈ। ਇਸ ਪੱਖੋਂ ਬਾਬਾ ਫਰੀਦ ਮਨੁੱਖ ਨੂੰ ਆਪਣੀ ਦ੍ਰਿਸ਼ਟੀ ਵਿਚ ਰੱਖ ਕੇ ਮੌਤ ਦੇ ਚਿਤਰ ਉਲੀਕ ਕੇ ਵੀ ਨਿਰਾਸ਼ਾ ਦੀ ਝਲਕ ਨਹੀਂ ਪੇਸ਼ ਕਰਦਾ, ਸਗੋਂ ਉਹ ਵਾਸਤਵਿਕਤਾ ਨੂੰ ਸਹਿਣਯੋਗ ਬਨਾਉਣ ਲਈ ਵਿਆਹ ਦਾ ਪ੍ਰਤੀਕ ਘੜ ਲੈਂਦਾ ਹੈ:

*ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ॥*

*ਮਲਕੁ ਜਿ ਕੰਨੀ ਸੁਣੀਦਾ ਮੁਹੁ ਦਿਖਾਲੇ ਆਇ॥* ਪੰਨਾ ੧੩੭੭

ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ ਵੱਖ ਵੱਖ ਭਾਸ਼ਾਵਾਂ, ਧਰਮਾਂ ਅਤੇ ਇਲਾਕਿਆਂ ਨਾਲ ਸਬੰਧਿਤ ਹੋਣ ਦੇ ਬਾਵਜੂਦ ਇੱਕਸੁਰਤਾ ਅਤੇ ਇਕਾਗਰਤਾ ਪ੍ਰਦਾਨ ਕਰਨ ਵਾਲੀ ਵਿਲੱਖਣ ਵਿਚਾਰਧਾਰਾ ਨੂੰ ਪ੍ਰਗਟਾਉਂਦੇ ਹਨ। ਗੁਰਮਤਿ ਸਿਧਾਂਤ ਇੱਕ ਵਿਸ਼ੇਸ਼ ਪ੍ਰਕਾਰ ਦੀ ਅਧਿਆਤਮਿਕ

ਸਿੱਧੀ ਦਾ ਮਾਰਗ ਹੈ। ਜਿਸ ਦੇ ਬੁਨਿਆਦੀ ਤੱਥਾਂ ਦੇ ਸਪੱਸ਼ਟੀਕਰਨ ਨਾਲ ਸਬੰਧਿਤ ਰੂਪ ਰਚਨਾ ਵਿੱਚ ਕਾਰਜਸ਼ੀਲ ਇਸ ਇਕਾਗਰਕਾਰੀ ਥੀਮ ਨੂੰ ਉਸ ਦੇ ਸੰਪੂਰਣ ਪ੍ਰਸੰਗ ਵਿੱਚ ਪੇਸ਼ ਕਰਨ ਉੱਤੇ ਜ਼ੋਰ ਦਿੱਤਾ ਗਿਆ ਹੈ। ਗੁਰੂ ਗ੍ਰੰਥ ਸਾਹਿਬ ਦੇ ਸਮੂਹ ਬਾਣੀਕਾਰ ਵਿਆਪਕ ਅਤੇ ਸਮਾਨਯ ਵਿਸ਼ਵ ਦ੍ਰਿਸ਼ਟੀ ਦੀ ਪਛਾਣ ਕਰਕੇ ਗੁਰਬਾਣੀ ਦੇ ਰਚਨਾ ਪ੍ਰਬੰਧ ਨੂੰ ਅੰਦਰੂਨੀ ਇਕਾਗਰਤਾ ਪੈਦਾ ਕਰਦੇ ਹਨ। ਇਸ ਲਈ ਗੁਰਬਾਣੀ ਦਾ ਕਾਵਿ ਸ਼ਾਸ਼ਤਰ ਵਿਚਾਰਧਾਰਕ ਅਤੇ ਰੂਪਗਤ ਸੰਕਲਪਾਂ ਦੀ ਵਿਆਖਿਆ ਕਰਨ ਕਰਕੇ ਇਸ ਦਾ ਵਿਲੱਖਣ ਕਾਵਿ ਸ਼ਾਸ਼ਤਰ ਹੈ, ਜਿਸ ਬਾਰੇ ਡਾ. ਰਤਨ ਸਿੰਘ ਜੱਗੀ ਦਾ ਵਿਚਾਰ ਹੈ

> *ਸੱਚ ਤਾਂ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਕਾਵਿ-ਸ਼ਾਸਤਰ ਦੇ ਸਿਧਾਂਤਾਂ ਤੋਂ ਉਪਰ ਦੀ ਕਾਵਿ ਰਚਨਾ ਹੈ। ਗੁਰੂ ਗ੍ਰੰਥ ਸਾਹਿਬ ਦਾ ਆਪਣਾ ਕਾਵਿ ਸ਼ਾਸਤਰ ਹੈ। ਅਜਿਹੇ ਕਾਵਿ ਸ਼ਾਸਤਰ ਨੂੰ ਨਿਰਧਾਰਿਤ ਕਰਨ ਨਾਲ ਹੀ ਬਾਣੀ ਦਾ ਸਹੀ ਗੌਰਵ ਸਪੱਸ਼ਟ ਰੂਪ ਵਿਚ ਉਘੜ ਸਕਦਾ ਹੈ।*[14]

## (ੳ) ਰਾਗ ਮੁਕਤ ਬਾਣੀ ਦੀ ਕਾਵਿ ਸੰਚਾਰ ਯੋਗਤਾ

ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀਕਾਰਾਂ ਨੇ ਆਪਣੇ ਪੂਰਵ ਅਤੇ ਸਮਕਾਲੀਨ ਅਧਿਆਤਮਕ ਵਿਚਾਰਧਾਰਾ ਨੂੰ ਆਪਣੇ ਅਨੁਭਵ ਦੁਆਰਾ ਪ੍ਰਗਟ ਕੀਤਾ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਮੁਕਤ ਬਾਣੀ ਸੰਗਠਿਤ, ਸੰਤੁਲਿਤ ਅਤੇ ਅਨੁਸ਼ਾਸਨ ਬੱਧ ਰੂਪ ਵਿੱਚ ਅੰਕਿਤ ਹੈ। ਬਾਣੀ ਦਾ ਇਹ ਨਿਵੇਕਲਾ ਪ੍ਰਬੰਧ ਬਾਕੀ ਸਾਰੇ ਧਾਰਮਿਕ ਗ੍ਰੰਥਾਂ ਤੋਂ ਵਿਲੱਖਣ ਸਥਾਨ ਰਖਦਾ ਹੈ। ਇਸ ਵਿਚਲਾ ਸਮੁੱਚਾ ਪ੍ਰਬੰਧ ਸੰਚਾਰ ਦੀ ਪੱਧਰ ਤੇ ਜੁੜਿਆ ਹੋਇਆ ਹੈ ਕਿਉਂਕਿ ਬਾਣੀ ਮੂਲ ਰੂਪ ਵਿਚ ਸੰਚਾਰ ਰਚਨਾ ਹੈ। ਇਸ ਦੀ ਸਮੁੱਚੀ ਸੰਰਚਨਾ ਪ੍ਰਕਿਰਿਆ ਅਤੇ ਇਸ ਦਾ ਵਖ-ਵਖ ਰੂਪਾਂ ਵਿਚ ਪ੍ਰਸਤੁਤੀਕਰਨ ਸਿਧੇ ਤੌਰ ਤੇ ਸੰਚਾਰ ਨਾਲ ਜੁੜਿਆ ਹੋਇਆ ਹੈ। ਬਾਣੀ ਦਾ ਇਹ ਵਿਲੱਖਣ ਸੰਚਾਰ ਪ੍ਰਬੰਧ ਕਿਸੇ ਵੀ ਸਧਾਰਨ ਸਾਹਿਤਕ ਕਿਰਤ ਤੋਂ ਭਿੰਨ ਹੈ।

ਰਾਗ ਮੁਕਤ ਬਾਣੀ ਵੀ 'ਬੋਲ' ਜਾਂ 'ਉਚਾਰ' ਨਾਲ ਸੰਬੰਧਿਤ ਹੈ। ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ 'ਖਸਮ ਕੀ ਬਾਣੀ' ਬੋਲ ਜਾਂ ਉਚਾਰ ਦੀ ਧਾਰਨੀ ਹੋਣ ਦੇ ਬਾਵਜੂਦ ਇਸ ਨੂੰ ਸਧਾਰਨ ਬੋਲ ਤੋਂ ਸੁਚੇਤ ਰੂਪ ਵਿਚ ਨਿਖੇੜਿਆ ਗਿਆ ਹੈ। ਆਮ ਤੌਰ ਤੇ ਬੋਲ ਵਕਤਾ ਅਤੇ ਸਰੋਤਾ ਵਿਚਕਾਰ ਬੋਲੇ ਜਾਂਦੇ ਹਨ ਪਰ ਜਦੋਂ ਬੋਲ ਵਕਤਾ ਦੇ ਮੂੰਹ ਵਿਚੋਂ ਨਿਕਲ ਜਾਂਦਾ ਹੈ ਤਾਂ ਇਸ ਬੋਲ ਦੀ ਪੁਨਰ ਪ੍ਰਸਤੁਤੀ ਲਈ ਕੋਈ ਵਿਚੋਲਾ ਲੋੜੀਂਦਾ ਹੈ। ਇਸ ਵੇਲੇ ਕਿਸੇ ਵੀ ਰੂਪ ਵਿਚ ਉਚਾਰਿਆ ਇਹ ਬੋਲ ਇੱਕ ਵਖਰੀ ਸਥਿਤੀ ਦਾ ਲਖਾਇਕ ਹੋ ਜਾਂਦਾ ਹੈ। ਕਈ ਵਾਰ ਤਾਂ ਬੋਲਾਂ ਦੀ

ਅਭਿਵਿਅਕਤੀ ਅਤੇ ਅਰਥ ਵੀ ਸਪਸ਼ਟ ਨਹੀਂ ਹੁੰਦੇ। ਬਾਣੀ ਦੇ ਇਨ੍ਹਾਂ ਬੋਲਾਂ ਦੀ ਸੰਚਾਰ ਦੇ ਸਿਸਟਮ ਰਾਹੀਂ ਪੇਸ਼ਕਾਰੀ ਹੁੰਦੀ ਹੈ। 'ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ' ਵਿੱਚ 'ਖਸਮ ਦੀ ਬਾਣੀ' ਨੂੰ ਜ਼ਿਆਦਾ ਮਹੱਤਵ ਦਿਤਾ ਗਿਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਇਹ ਬਾਣੀ ਆਪਣੇ ਕਾਵਿਕ ਸਰੂਪ ਵਿਚ ਵਿਦਮਾਨ ਹੈ। ਗੁਰਬਾਣੀ ਵਿਚ 'ਬਾਣੀ ਗੁਰੂ ਹੈ ਗੁਰੂ ਹੈ ਬਾਣੀ' ਕਹਿ ਕੇ ਜਾਣਿਆ ਜਾਂਦਾ ਹੈ। ਨਾਲ ਹੀ 'ਵਿਚੁ ਬਾਣੀ ਅੰਮ੍ਰਿਤ ਸਾਰੇ' ਕਹਿ ਕੇ ਵਡਿਆਇਆ ਜਾਂਦਾ ਹੈ। ਬਾਣੀ ਮੁਖ ਤੋਂ ਉਚਾਰੇ ਬੋਲ ਜਾਂ ਕਥਨ ਨਹੀਂ ਸਗੋਂ ਇਸਦਾ ਸਬੰਧ 'ਅੰਮ੍ਰਿਤ ਬਾਣੀ' ਹੋਣ ਨਾਲ ਹੈ। ਅੰਮ੍ਰਿਤ ਬਾਣੀ ਤਾਂ ਉਹ ਹੋ ਸਕਦੀ ਹੈ ਜੋ ਅਮਰ ਹੋਵੇ ਅਤੇ ਅਸਲ ਵਿੱਚ ਅਮਰ ਉਹੀ ਹੁੰਦਾ ਹੈ ਜੋ ਦੇਸ਼ ਕਾਲ ਵਿਚ ਵਾਸਤਵਿਕਤਾ ਦੀ ਨਕਲ ਤੋਂ ਕਿਤੇ ਉਚੇਰਾ ਹੋਵੇ। ਇਹ ਬਾਣੀ ਆਪਣੇ ਉਪਰ ਬਾਹਰਲੇ ਪ੍ਰਭਾਵਾਂ ਨੂੰ ਹਾਵੀ ਨਹੀਂ ਹੋਣ ਦਿੰਦੀ, ਸਗੋਂ ਆਪਣੇ ਅੰਦਰੋਂ ਅਨੁਭਵ ਕੀਤੇ ਪ੍ਰਭਾਵਾਂ ਨੂੰ ਆਪਣੇ ਅਧਿਐਨ ਦੀ ਵਸਤੂ ਬਣਾਉਂਦੀ ਹੈ।

ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ 'ਸ਼ਬਦ' ਰੂਪ ਵਿਚ ਸਾਡੇ ਸਨਮੁੱਖ ਪੇਸ਼ ਹੈ। ਅਸੀਂ ਜਦੋਂ 'ਸ਼ਬਦ ਗੁਰੂ' ਦੀ ਗਲ ਕਰਦੇ ਹਾਂ ਤਾਂ ਇਹ ਲਿਖਤੀ ਸਰੂਪ ਕੇਵਲ ਸ਼ਬਦ ਹੀ ਨਹੀਂ ਸਗੋਂ ਜੀਵੰਤ ਰੂਪ ਵਿਚ ਨਿਸਚਿਤ ਉਦੇਸ਼ ਦੀ ਪੂਰਤੀ ਕਰ ਰਹੇ ਹਨ। ਸੁਘੜ ਸੁਜਾਨ ਸੰਪਾਦਕ ਪੰਜਵੇਂ ਨਾਨਕ ਨੇ ਵਿਭਿੰਨ ਸੰਕੇਤਾਂ, ਸਿਰਲੇਖਾਂ ਅਤੇ ਹਵਾਲਿਆਂ ਨਾਲ ਇਕ ਅਨੁਸ਼ਾਸਨੀ ਰੂਪ ਦਿੱਤਾ ਹੈ। ਇਸ ਦੀ ਬਾਹਰਲੀ ਰੂਪ ਰੇਖਾ ਹੀ ਇਸ ਦੀ ਸੰਚਾਰ ਯੋਗਤਾ ਨੂੰ ਪ੍ਰਗਟਾਉਣ ਵਾਲੀ ਹੋ ਨਿਬੜਦੀ ਹੈ। ਜਦੋਂ ਅਸੀਂ ਇਹ ਪੜ੍ਹਦੇ ਹਾਂ ਕਿ:

(ੳ) *ਟੁੰਡੇ ਅਸਰਾਜੇ ਕੀ ਧੁਨੀ ਗਾਵਣੀ॥*

(ਅ) *ਏਕ ਸੁਆਨਿ ਕੈ ਘਰ ਗਾਵਣਾ॥*

(ੲ) *ਏਹ ਸਲੋਕ ਆਦਿ ਅੰਤ ਪੜਨਾ॥*

ਤਾਂ ਇਕ ਸੰਚਾਰ ਵਿਧਾਨ ਨਜ਼ਰੀਂ ਪੈਂਦਾ ਹੈ। ਇਸ ਤਰ੍ਹਾਂ ਇਸ ਪ੍ਰਕਿਰਿਆ ਅਧੀਨ ਬਾਣੀ ਵਿਚ ਵਿਦਮਾਨ ਅੰਤਰੀਵ ਤੱਤਾਂ ਨੂੰ ਪਛਾਨਣ ਦੀ ਕੋਸ਼ਿਸ਼ ਕਰਦੇ ਹਾਂ। ਅਸੀਂ ਇਸ ਬਾਣੀ-ਪ੍ਰਬੰਧ ਨਾਲ ਜੁੜਕੇ ਇਸ ਦੀ ਬਾਹਰਲੀ ਦਿੱਖ ਅਤੇ ਅੰਦਰਲੀ ਪੜ੍ਹਤ ਨੂੰ ਨਿਹਾਰ ਸਕਦੇ ਹਾਂ।

ਸਮੁੱਚੀ ਰਾਗ ਮੁਕਤ ਬਾਣੀ ਵੀ 'ਕਾਵਿ' ਦੇ ਰੂਪ ਵਿਚ ਪ੍ਰਗਟ ਹੁੰਦੀ ਹੈ ਅਤੇ ਬਾਣੀ ਦਾ ਇਹ ਕਾਵਿਕ ਸਰੂਪ ਆਪਣੇ ਵਿਲੱਖਣ ਕਾਵਿ ਤੱਤਾਂ ਨਾਲ ਸਾਨੂੰ ਆਨੰਦਿਤ ਕਰਦਾ ਹੋਇਆ ਭਾਸ਼ਾ ਨੂੰ ਸੰਚਾਰ ਦਾ ਮਾਧਿਅਮ ਬਣਾਉਂਦਾ ਹੈ। ਬਾਣੀ ਦੀ ਭਾਸ਼ਾ ਨੂੰ ਦੋ ਵਰਗਾਂ ਵਿਚ ਵਿਭਾਜਿਤ ਕੀਤਾ ਗਿਆ ਹੈ। (1) ਬੋਲ ਚਾਲ ਦੀ ਭਾਸ਼ਾ (2) ਲਿਖਤੀ ਭਾਸ਼ਾ। ਲਿਖਤੀ ਭਾਸ਼ਾ ਰੂਪਾਂ ਵਿਚ

ਸਹਸਕ੍ਰਿਤੀ ਅਤੇ ਗਾਥਾ ਆਦਿ ਨੂੰ ਸ਼ਾਇਦ ਪੁਰਾਤਨ ਸਾਹਿਤਕ ਵਿਰਸੇ ਨਾਲ ਸਾਂਝ ਦੇ ਇਕ ਪ੍ਰਮਾਣ ਵਜੋਂ ਹੀ ਵਰਤਿਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਵਰਤੇ ਗਏ ਭਾਸ਼ਾ ਰੂਪ ਵੀ ਕਾਫੀ ਹੱਦ ਤੱਕ ਬੋਲਚਾਲ ਵਾਲੀ ਭਾਸ਼ਾ ਦੇ ਨੇੜੇ ਹਨ। ਇਨ੍ਹਾਂ ਬਾਣੀਕਾਰਾਂ ਦੀ ਵਿਸ਼ੇਸ਼ ਜੁਗਤ ਭਾਸ਼ਾ ਦੇ ਮਾਧਿਅਮ ਰਾਹੀਂ ਆਪਣੀ ਕ੍ਰਾਂਤੀਕਾਰੀ ਦ੍ਰਿਸ਼ਟੀ ਨੂੰ ਸੰਚਾਰਿਤ ਕਰਨਾ ਹੈ। ਡਾ. ਹਜ਼ਾਰੀ ਪ੍ਰਸ਼ਾਦ ਦਿਵੇਦੀ ਦੀ ਧਾਰਨਾ ਹੈ ਕਿ ਭਾਸ਼ਾ ਉਤੇ ਕਬੀਰ ਦਾ ਜ਼ਬਰਦਸਤ ਅਧਿਕਾਰ ਸੀ ਅਤੇ ਉਸ ਨੂੰ ਬਾਣੀ ਦੇ ਡਿਕਟੇਟਰ ਮੰਨਿਆ ਹੈ। ਭਾਸ਼ਾ ਕਬੀਰ ਸਾਹਮਣੇ ਲਾਚਾਰ ਨਜ਼ਰ ਆਉਂਦੀ ਹੈ। ਉਹ ਭਾਸ਼ਾ ਦੇ ਪੂਰੇ ਸਹਿਯੋਗ ਸਦਕਾ ਆਪਣੀ ਗਲ ਨੂੰ ਉਸੇ ਰੂਪ ਵਿਚ ਅਖਵਾ ਦਿੰਦਾ ਹੈ। ਉਨ੍ਹਾਂ ਨੇ ਬ੍ਰਾਹਮਣਾਂ ਨੂੰ ਕਰੜੀ ਵੰਗਾਰ ਦੇ ਕੇ ਕਿਹਾ ਹੈ:

*ਕਬੀਰ ਸੰਸਾ ਦੂਰਿ ਕਰੁ ਕਾਗਦ ਦੇਹਿ ਬਿਹਾਇ॥*
*ਬਾਵਨ ਅਖਰ ਸੋਧਿ ਕੈ ਹਰਿ ਚਰਨੀ ਚਿਤੁ ਲਾਇ॥* ਪੰਨਾ ੧੩੭੩

ਡਾ. ਸਤਿੰਦਰ ਸਿੰਘ ਅਨੁਸਾਰ, *"ਸੰਚਾਰ ਦੇ ਭਾਵੇਂ ਹੋਰ ਸਾਧਨ ਵੀ ਹਨ, ਪਰ ਭਾਸ਼ਾ ਇਕ ਮਹੱਤਵਪੂਰਨ ਤੇ ਮੁਕੰਮਲ ਸਾਧਨ ਹੈ। ਜਿਥੇ ਅਰਥ ਗ੍ਰਹਿਣ ਬਹੁਤ ਜ਼ਰੂਰੀ ਪੱਖ ਬਣਦਾ ਹੈ। ਬਾਣੀ ਪਾਠ ਵਿਚ ਅਰਥ ਸੰਚਾਰ ਹੀ ਨਹੀਂ, ਅਰਥ ਦੀ ਸਿਰਜਨਾ ਵੀ ਹੁੰਦੀ ਹੈ। ਮਿਸਾਲ ਵਜੋਂ ਬੋਲਣ ਵਾਲੇ ਤੇ ਸੁਨਣ ਵਾਲੇ ਦੋਹਾਂ ਦਾ ਪਰਿਵੇਸ਼ ਹੋਣ ਨਾਲ ਅਜਿਹਾ ਹੀ ਹੁੰਦਾ ਹੈ।"*[15]

ਰਾਗ ਮੁਕਤ ਬਾਣੀ ਵਿਚ ਭਾਸ਼ਾ ਦਾ ਪ੍ਰਯੋਗ ਕਲਾਤਮਕ ਜੁਗਤੀਆਂ ਨਾਲ ਕੀਤਾ ਗਿਆ ਹੈ। ਪ੍ਰਮਾਣ ਵਜੋਂ ਸ਼ੇਖ ਫਰੀਦ ਦਾ ਇਕ ਸਲੋਕ ਹੈ:

*ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ॥*
*ਜਿਨਾ ਖਾਧੀ ਚੋਪੜੀ ਘਣੇ ਸਹਿਨਗੇ ਦੁਖ॥* ਪੰਨਾ ੧੩੭੯

ਇਥੇ ਕਾਠ ਦਾ ਅਰਥ ਨਾ ਤਾਂ ਲਕੜ ਹੈ ਤੇ ਨਾ ਹੀ ਆਟਾ। ਇਥੇ ਸਖ਼ਤ ਮਿਹਨਤ ਨਾਲ ਕਮਾਈ ਹੋਈ ਰੋਟੀ ਦੀ ਗੱਲ ਕੀਤੀ ਗਈ ਹੈ ਕਿਉਂਕਿ ਰੁੱਖੀ ਸੁੱਖੀ ਰੋਟੀ ਤਾਂ ਸਖ਼ਤ ਹੁੰਦੀ ਹੈ। ਇਸੇ ਤਰ੍ਹਾਂ ਅਗਲੇ ਸਲੋਕ ਵਿਚ ਕਿਹਾ ਹੈ:

*ਰੁਖੀ ਸੁਖੀ ਖਾਇ ਕੈ ਠੰਡਾ ਪਾਣੀ ਪੀਉ॥*
*ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥* ਪੰਨਾ ੧੩੭੯

ਸ਼ਾਇਦ ਉਸ ਸਮੇਂ ਸਖ਼ਤ ਮਿਹਨਤ ਦੇ ਬਾਵਜੂਦ ਵੀ ਰੋਟੀ ਖਾਣ ਨੂੰ ਨਹੀਂ ਸੀ ਮਿਲਦੀ। ਪਰ 'ਜਿਨ੍ਹਾਂ ਖਾਧੀ ਚੋਪੜੀ' ਭਾਵ ਦੂਜਿਆਂ ਦੇ ਹੱਕ ਮਾਰ ਕੇ ਆਪਣੀ ਖਾਧੀ ਹੋਈ ਹੋਈ ਚੋਪੜੀ ਰੋਟੀ ਦੁਖਾਂ ਦਾ ਕਾਰਣ ਬਣੇਗੀ। ਭਾਸ਼ਾ ਅਤੇ ਕਾਵਿ ਕੌਸ਼ਲਤਾ ਨਾਲ ਸਮਕਾਲੀਨ ਹਾਲਾਤਾਂ ਨੂੰ ਸੁੰਦਰ ਢੰਗ ਨਾਲ

ਪੇਸ਼ ਕਰਕੇ ਲੋਕਾਂ ਦੀ ਭਾਸ਼ਾ ਵਿਚ ਆਪਣੀ ਗੱਲ ਨੂੰ ਸੰਚਾਰਿਤ ਕਰਨਾ ਬੜਾ ਭਾਵਪੂਰਤ ਹੋ ਨਿਬੜਦਾ ਹੈ। ਭਾਸ਼ਾ ਦੀ ਸ਼ੈਲੀਗਤ ਵਿਸ਼ੇਸ਼ਤਾ ਅਨੇਕਾਂ ਸੰਚਾਰਕ ਜੁਗਤਾਂ ਦੀ ਧਾਰਨੀ ਹੈ। ਇਨ੍ਹਾਂ ਜੁਗਤਾਂ ਦੁਆਰਾ ਬਾਣੀ ਦੇ ਸੰਦੇਸ਼ ਨੂੰ ਪ੍ਰਸ਼ਨੋਤਰੀ ਵਿਧੀ ਰਾਹੀਂ ਪ੍ਰਗਟਾਇਆ ਗਿਆ ਹੈ। ਜਪੁਜੀ ਸਾਹਿਬ ਦੇ ਅਰੰਭਲੇ ਸਲੋਕ ਵਿਚ ਹੀ ਇਹ ਪ੍ਰਸ਼ਨ ਪੈਦਾ ਹੁੰਦਾ ਹੈ ਕਿ 'ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ' ਨਾਲ ਹੀ ਉਤਰ ਦਿੱਤਾ ਗਿਆ ਹੈ 'ਹੁਕਮ ਰਜਾਈ ਚਲਣਾ ਨਾਨਕ ਲਿਖਿਆ ਨਾਲਿ'। ਇਸ ਤਰ੍ਹਾਂ ਰਾਗ ਮੁਕਤ ਬਾਣੀ ਵਿੱਚ ਸਵਾਲਾਂ ਤੇ ਜਵਾਬਾਂ ਰਾਹੀਂ ਆਪਣੇ ਵਿਚਾਰਾਂ ਨੂੰ ਪੂਰੀ ਤਰ੍ਹਾਂ ਸਪੱਸ਼ਟ ਕਰ ਦਿੱਤਾ ਗਿਆ ਹੈ। ਰਾਗ ਮੁਕਤ ਬਾਣੀ ਵਿੱਚ ਖੰਡਨ ਤੇ ਮੰਡਨ ਦੀ ਵਿਧੀ ਨੂੰ ਅਨੇਕ ਥਾਈਂ ਵਰਤਿਆ ਗਿਆ ਹੈ:

*ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥*
*ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥*
*ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥*
*ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥* ਪੰਨਾ ੧

ਗੁਰੂ ਨਾਨਕ ਦੇਵ ਆਪਣੀ ਵਿਲੱਖਣ ਪ੍ਰਤਿਭਾ ਸਦਕਾ ਵਿਰੋਧ ਦੀ ਸਥਿਤੀ ਪੈਦਾ ਕਰਕੇ ਆਪਣੇ ਵਿਚਾਰਾਂ ਨੂੰ ਜਨ ਸਧਾਰਣ ਤੱਕ ਪਹੁੰਚਾਉਣ ਦਾ ਅਨੋਖਾ ਢੰਗ ਕੱਢ ਲੈਂਦੇ ਹਨ। ਇਸੇ 'ਲੋਕ ਤੱਤ' ਵਾਲੇ ਗੁਣ ਹੋਣ ਕਰਕੇ ਗੁਰਬਾਣੀ ਨੂੰ ਲੋਕਪ੍ਰਿਅ ਬਣਾਇਆ ਗਿਆ ਹੈ। ਗੁਰਬਾਣੀ ਦਾ ਸੰਦੇਸ਼ ਹਰ ਮਾਨਵ-ਮਾਤ੍ਰ ਲਈ ਹੈ ਜੋ ਸਮੂਹ ਲੋਕਾਈ ਚਾਹੇ ਉਹ ਕਿਸੇ ਵੀ ਭੂਗੋਲਿਕ ਖਿੱਤੇ ਨਾਲ, ਜਾਤ ਜਾਂ ਧਰਮ ਨਾਲ ਸਬੰਧਿਤ ਹੋਵੇ, ਨੂੰ ਦਿੱਤਾ ਗਿਆ ਹੈ। 'ਪ੍ਰਥਾਇ ਸਾਖੀ ਮਹਾਂ ਪੁਰਖ ਬੋਲਦੈ ਸਾਂਝੀ ਸਗਲ ਜਹਾਨੇ' ਦੇ ਮਹਾਂਵਾਕ ਅਨੁਸਾਰ ਬਾਣੀ ਦੇ ਇਸ ਰਹੱਸਵਾਦੀ ਅਨੁਭਵ ਦਾ ਸੰਦੇਸ਼ ਪਾਠਕ/ਸਰੋਤੇ ਦੀ ਮਾਨਸਿਕ ਪੱਧਰ ਉਸ ਦੇ ਪਿਛੋਕੜ ਦੀ ਸੰਪੂਰਨਤਾ ਨੂੰ ਸਮਝਦੇ ਹੋਏ ਭਿੰਨ ਭਿੰਨ ਸੰਚਾਰ ਵਿਧੀਆਂ ਦੁਆਰਾ ਪ੍ਰਗਟਾਇਆ ਗਿਆ ਹੈ। ਕਈ ਵਾਰ ਬਾਬਾ ਫਰੀਦ ਅਤੇ ਭਗਤ ਕਬੀਰ ਸੰਬੋਧਨੀ ਸ਼ੈਲੀ ਰਾਹੀਂ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਇਸ ਪ੍ਰਕਾਰ ਕਰਦੇ ਹਨ:

- *ਕਬੀਰ ਨ ਹਮ ਕੀਆ ਨ ਕਰਹਿਗੇ ਨਾ ਕਰਿ ਸਕੈ ਸਰੀਰੁ॥*
  *ਕਿਆ ਜਾਨਉ ਕਿਛੁ ਹਰਿ ਕੀਆ ਭਇਓ ਕਬੀਰੁ ਕਬੀਰੁ॥* ਪੰਨਾ ੧੩੬੭
- *ਫਰੀਦਾ ਜਾਂ ਤਉ ਖਟਣ ਵੇਲ ਤਾ ਤੂ ਰਤਾ ਦੁਨੀ ਸਿਉ॥*
  *ਮਰਗ ਸਵਾਈ ਨੀਹਿ ਜਾਂ ਭਰਿਆ ਤਾਂ ਲਦਿਆ॥* ਪੰਨਾ ੧੩੭੮

ਗੁਰੂ ਗ੍ਰੰਥ ਸਾਹਿਬ ਦੀ ਰਾਗ ਮੁਕਤ ਬਾਣੀ ਵਿਚ ਕਾਵਿ ਰੂਪਾਂ ਤੇ ਕਾਵਿ ਤੱਤਾਂ ਰਾਹੀਂ ਵੀ ਸੰਚਾਰ ਜੁਗਤ ਵਰਤੀ ਗਈ ਹੈ। ਜਿਥੇ ਬਾਣੀ ਵਿਚ ਸਨਾਤਨੀ ਕਾਵਿ ਰੂਪ ਵਰਤੇ ਗਏ ਹਨ ਉਥੇ

ਲੋਕ ਕਾਵਿ ਰੂਪਾਂ ਦੀ ਵੰਨਗੀ ਨੂੰ ਬਹੁਤ ਹੀ ਜ਼ਿਆਦਾ ਗਿਣਤੀ ਵਿਚ ਵਰਤਿਆ ਹੈ। ਸਨਾਤਨੀ ਕਾਵਿ ਰੂਪਾਂ ਵਿਚ ਵੀ ਕਰੜੀ ਪਾਲਣਾ ਨਹੀਂ ਕੀਤੀ ਗਈ। 'ਗੁਰੂ ਸਾਹਿਬਾਨ, ਸੂਫੀ ਕਵੀਆਂ ਨੇ ਨਿਯਮਬੱਧ ਪ੍ਰਬੰਧ ਮਈ ਕਾਵਿ ਰਚਨਾ ਕੀਤੀ ਪਰ ਉਹ ਵੀ ਇਸ ਦੀ ਠੋਸ ਕੈਦ ਵਿਚ ਪੂਰੀ ਤਰ੍ਹਾਂ ਨਹੀਂ ਬੱਝੇ ਅਤੇ ਉਨ੍ਹਾਂ ਨੇ ਕਾਵਿ ਅਨੁਭਵ ਨੂੰ ਬਹੁਤ ਗਿਣਤੀਆਂ ਮਿਣਤੀਆਂ ਤਕ ਹੀ ਸੀਮਤ ਨਹੀਂ ਕਰ ਦਿੱਤਾ।'[16] ਬਾਣੀਕਾਰਾਂ ਨੇ ਆਪਣੇ ਅਨੁਭਵਾਂ ਦੇ ਸੰਚਾਰ ਲਈ ਪਰੰਪਰਾ ਵਿਚ ਪਏ ਲੋਕ ਕਾਵਿ ਰੂਪਾਂ ਨੂੰ ਅਪਣਾਇਆ। ਲੋਕ ਕਾਵਿ ਰੂਪਾਂ ਦੀ ਸਿਰਜਣਾ ਅਤੇ ਸੰਚਾਰ ਕਾਰਜ ਭਾਸ਼ਾ ਰਾਹੀਂ ਹੁੰਦਾ ਹੈ ਕਿਉਂਕਿ ਭਾਸ਼ਾ ਮਨੁੱਖ ਕੋਲ ਸੰਚਾਰ ਦਾ ਸਭ ਤੋਂ ਅਸਰਦਾਰ ਅਤੇ ਸ਼ਕਤੀਸ਼ਾਲੀ ਸਾਧਨ ਮੰਨਿਆ ਜਾਂਦਾ ਹੈ। ਮਨੁੱਖੀ ਆਸ਼ਾਵਾਂ, ਲੋੜਾਂ, ਸੰਕਟਾਂ ਅਤੇ ਜਜ਼ਬਿਆਂ ਦਾ ਰੂਪਾਂਤਰਨ ਇਨ੍ਹਾਂ ਕਾਵਿ-ਰੂਪਾਂ ਰਾਹੀਂ ਪ੍ਰਗਟ ਹੁੰਦਾ ਹੈ। ਇਹੀ ਰੂਪਾਂਤਰਨ ਲੋਕਮਨਾਂ ਵਿਚ ਜਜ਼ਬ ਹੋ ਕੇ ਲੋਕ ਪਰਵਾਨਗੀ ਪ੍ਰਾਪਤ ਕਰਦਾ ਹੈ। ਪੰਜਾਬੀ ਲੋਕਾਂ ਦੀਆਂ ਮਨੁੱਖੀ ਭਾਵਨਾਵਾਂ ਦੀ ਤਰਜਮਾਨੀ ਕਰਨ ਵਾਲੇ ਅਨੇਕਾਂ ਲੋਕ ਕਾਵਿ ਰੂਪ ਹਨ। ਰੀਤਾਂ, ਰਸਮਾਂ ਨਾਲ ਸਬੰਧਿਤ ਲੋਕ ਕਾਵਿ ਰੂਪ ਛੰਤ, ਘੋੜੀਆਂ, ਲਾਵਾਂ, ਮੁੰਦਾਵਣੀ, ਅੰਜੁਲੀਆਂ, ਅਲਾਹੁਣੀਆਂ ਅਤੇ ਸੱਦ ਹਨ। ਅੰਜਲੀ ਕਾਵਿ ਰੂਪ ਦੀ ਵਰਤੋਂ ਕੇਵਲ ਗੁਰੂ ਅਰਜਨ ਦੇਵ ਨੇ ਕੀਤੀ ਅਤੇ ਸੱਦ ਬਾਬਾ ਸੁੰਦਰ ਨੇ। ਸਮਾਂ ਬੋਧਕ ਵਰਗ ਵਿਚ ਪਹਿਰੇ, ਦਿਨ ਰੈਣਿ, ਵਾਰ ਸਤ, ਰੁਤੀ, ਥਿਤੀ ਅਤੇ ਬਾਰਹ ਮਾਹ ਕਾਵਿ ਰੂਪ ਵਰਤੇ ਗਏ ਹਨ। ਉਸਤਤੀ ਮੂਲਕ ਕਾਵਿ ਰੂਪਾਂ ਵਿਚੋਂ ਸੋਹਿਲੇ, ਆਰਤੀ ਅਤੇ ਰਾਹੀਆਂ ਜਾਂ ਸਫਰ ਦੇ ਗੀਤਾਂ ਵਿਚੋਂ ਕਰਹਲੇ, ਵਣਜਰਾ ਅਤੇ ਡੱਖਣੇ ਵਰਤੇ ਗਏ ਹਨ। ਲੋਕ ਮੁਹਾਵਰਾ ਬੋਧਕ ਰੂਪਾਂ ਅਧੀਨ ਬਿਰਹੜੇ, ਕੁਚੱਜੀ, ਸੁਚੱਜੀ, ਗੁਣਵੰਤੀ ਕਾਵਿ-ਰੂਪ ਵਰਤੇ ਹਨ।[17] ਲੋਕ ਕਾਵਿ ਰੂਪਾਂ ਨੂੰ ਰਹੱਸਮਈ ਅਨੁਭਵਾਂ ਦੀ ਪੇਸ਼ਕਾਰੀ ਲਈ ਵਰਤਿਆ ਹੈ। ਇਸ ਦਾ ਮੁੱਖ ਕਾਰਨ ਤਾਂ ਉਨ੍ਹਾਂ ਦੀ ਰਚਨਾ ਦੀ ਸੰਚਾਰ ਮੁਖੀ ਬਿਰਤੀ ਦਾ ਹੈ। ਉਨ੍ਹਾਂ ਨੇ ਆਪਣੀ ਬਾਣੀ ਲੋਕਾਂ ਨੂੰ ਸੰਬੋਧਨ ਕਰਕੇ ਉਹਨਾਂ ਨੂੰ ਉਪਦੇਸ਼ ਦੇਣ ਲਈ ਲੋਕ ਰੂਪਾਂ ਵਿਚ ਸੰਚਾਰਿਤ ਕੀਤੀ ਗਈ ਹੈ। ਆਪਣੇ ਥੀਮ ਦੀ ਪ੍ਰਸਤੁਤੀ ਲਈ ਆਮ ਲੋਕ ਕਾਵਿ ਰੂਪਾਂ ਨੂੰ ਵਿਸ਼ੇਸ਼ ਰੂਪ ਵਿਚ ਰੂਪਾਂਤਰਿਤ ਕਰ ਕੇ ਦਿੱਤਾ ਆਮ ਪ੍ਰਚਲਤ ਕਾਵਿ ਰੂਪਾਂ ਵਿਚ ਅਧਿਆਤਮਕਤਾ ਤੇ ਦਾਰਸ਼ਨਿਕਤਾ ਦੀ ਰੰਗਣ ਨਾਲ ਭਰ ਦਿੱਤਾ ਗਿਆ ਹੈ।

ਰਾਗ ਮੁਕਤ ਬਾਣੀ ਵਿੱਚ 'ਮੁੰਦਾਵਣੀ' ਲੋਕ ਕਾਵਿ ਰੂਪ ਦੀ ਵਰਤੋਂ ਗੁਰੂ ਅਰਜਨ ਦੇਵ ਨੇ ਕੀਤੀ ਹੈ। 'ਮੁੰਦਾਵਣੀ' ਦਾ ਇਹ ਰੂਪ ਖਾਣ ਪੀਣ ਸਬੰਧੀ ਰੀਤੀ ਰਿਵਾਜਾਂ ਨਾਲ ਸਬੰਧਿਤ ਸੀ। ਕਿਸੇ ਵੀ ਬਰਾਤ ਲਈ ਸਾਰਾ ਖਾਤਾ ਤਿਆਰ ਕਰਕੇ, ਉਸਨੂੰ ਦੂਸਰੇ ਕਬੀਲਿਆਂ ਦੇ ਲੋਕਾਂ ਦੀ ਮੰਦੀ ਨਜ਼ਰ

ਤੋਂ ਬਚਾਉਣ ਲਈ ਅਥਵਾ ਮੁੰਦ ਦੇਣ ਲਈ ਮੁੰਦਾਵਣੀ ਪੜ੍ਹੀ ਜਾਂਦੀ ਸੀ। ਗੁਰੂ ਅਮਰਦਾਸ ਨੇ ਸਮਾਜ ਵਿਚ ਪ੍ਰਚਲਤ 'ਮੁੰਦਾਵਣੀ' ਨੂੰ ਰਹੱਸਮਈ ਅਰਥ ਪ੍ਰਦਾਨ ਕੀਤੇ ਹਨ:

*ਏਹ ਮੁਦਾਵਣੀ ਸਤਿਗੁਰ ਪਾਈ ਗੁਰਸਿਖਾਂ ਲਧੀ ਭਾਲਿ॥* ਪੰਨਾ ੬੪੫

ਗੁਰੂ ਅਰਜਨ ਦੇਵ ਨੇ 'ਮੁੰਦਾਵਣੀ' ਪਦ ਨੂੰ ਪਰਵਿਰਤਤ ਕਰ ਕੇ ਗੁਰੂ ਗ੍ਰੰਥ ਸਾਹਿਬ ਦੇ ਅੰਤਮ ਪੰਨੇ ਤੇ 'ਮੁੰਦਾਵਣੀ' ਸਿਰਲੇਖ ਦੀ ਮੁਹਰ ਛਾਪ ਲਾ ਕੇ ਬਾਣੀ ਵਿਚ ਕਿਸੇ ਕਿਸਮ ਦੀ ਮਿਲਾਵਟ ਦੀ ਗੁੰਜਾਇਸ਼ ਹੀ ਨਹੀਂ ਰਹਿਣ ਦਿੱਤੀ। ਸ਼ਾਇਦ ਇਸੇ ਕਰਕੇ 'ਮੁੰਦਾਵਣੀ' ਉਪਰੰਤ ਰਾਗ ਮਾਲਾ ਹਮੇਸ਼ਾਂ ਵਾਦ ਵਿਵਾਦ ਦਾ ਕਾਰਨ ਰਹੀ ਹੈ। ਅਨੇਕ ਬੁਧੀਜੀਵੀ, ਖੋਜੀ ਤੇ ਚਿੰਤਕ 'ਰਾਗ ਮਾਲਾ' ਨੂੰ ਗੁਰੂ ਕਲਾਮ ਮੰਨਣ ਤੋਂ ਇਨਕਾਰੀ ਹਨ।[18]

ਬਾਣੀਕਾਰਾਂ ਦਾ ਅਨੁਭਵ, ਰਚਨਾ ਦਾ ਪਾਠ ਅਤੇ ਪਾਠਕਾਂ ਦਾ ਅਨੁਭਵ ਤਿੰਨੇ ਵਖੋ-ਵਖ ਹੋਣ ਕਰਕੇ ਇਨ੍ਹਾਂ ਦੀ ਹੋਂਦ ਨਿਵੇਕਲੀ ਹੈ, ਪਰ ਇਨ੍ਹਾਂ ਸਾਰਿਆਂ ਦਾ ਪ੍ਰਯੋਜਨ ਇਕੋ ਹੈ। ਰਾਗ ਮੁਕਤ ਬਾਣੀ ਦਾ ਅਧਿਆਤਮਕ ਸੰਦੇਸ਼ ਵਿਭਿੰਨ ਸੰਚਾਰਕ ਇਕਾਈਆਂ ਦੁਆਰਾ ਪਾਠਕਾਂ ਨੂੰ ਉਸੇ ਧਰਾਤਲ ਤਕ ਲੈ ਜਾਂਦਾ ਹੈ ਜਿੱਥੇ ਇਹ ਸੰਦੇਸ਼ ਪਾਠਕਾਂ/ਸਰੋਤਿਆਂ ਦੇ ਧੁਰ ਅੰਦਰ ਤਕ ਪੁੱਜ ਕੇ ਅਨੁਭਵ ਨੂੰ ਗ੍ਰਹਿਣ ਕਰ ਦਿੰਦਾ ਹੈ। ਇਸ ਤਰ੍ਹਾਂ ਉਸਦੀ ਅਵਸਥਾ ਅਕੱਥ ਹੋ ਜਾਂਦੀ ਹੈ। ਸੰਚਾਰ ਦੀ ਇਹ ਅਵਸਥਾ ਸਿਰਫ਼ ਸ਼ਬਦਾਂ ਦੇ ਅਰਥ ਨੂੰ ਹੀ ਨਹੀਂ ਪ੍ਰਗਟਾਉਂਦੀ ਸਗੋਂ ਕਾਵਿ ਅਤੇ ਸੰਗੀਤ ਨਾਲ ਜੁੜ ਕੇ ਸਰੋਤੇ ਨੂੰ ਆਪਣੇ ਨਾਲ ਵਹਾ ਕੇ ਲੈ ਜਾਂਦੀ ਹੈ। ਗੁਰੂ ਗ੍ਰੰਥ ਸਾਹਿਬ ਵਿੱਚ 'ਸ਼ਬਦ' ਰੂਪ ਦੀ ਬਹੁਤ ਜ਼ਿਆਦਾ ਵਰਤੋਂ ਹੋਈ ਹੈ। ਮਹਾਨ ਕੋਸ਼ ਅਨੁਸਾਰ, *"ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਛੰਦ ਰੂਪ ਵਾਕਯ 'ਸ਼ਬਦ' ਆਖੀਦੇ ਹਨ। ਸ਼ਬਦ ਛੰਦ ਦੀ ਖਾਸ ਜਾਤਿ ਨਹੀਂ, ਅਨੇਕ ਛੰਦਾਂ ਦਾ ਰੂਪ ਸ਼ਬਦਾਂ ਵਿਚ ਦੇਖਿਆ ਜਾਂਦਾ ਹੈ।"* [19] ਸ਼ਬਦ ਦੇ ਸਿਰਲੇਖ ਵਿਚ 'ਮਹਲਾ' ਇਹ ਸੰਕੇਤ ਕਰਦਾ ਹੈ ਕਿ ਰਚਨਾ ਕਿਹੜੇ ਗੁਰੂ ਦੀ ਹੈ। ਰਾਗ ਅਤੇ ਕਾਵਿ ਰੂਪ ਨੂੰ ਦੱਸਣ ਉਪਰੰਤ ਸ਼ਬਦ ਦੇ ਕਾਵਿ ਛੰਦਾਂ ਨੂੰ ਅੰਕਾਂ ਨਾਲ ਵਿਭਾਜਿਤ ਕੀਤਾ ਜਾਂਦਾ ਹੈ। 'ਰਹਾਉ' ਕੇਂਦਰੀ ਸੰਚਾਰਿਕ ਮੁਕਤੀ ਦੇ ਰੂਪ ਵਿਚ ਉਭਰਦਾ ਹੈ। ਜਿਥੇ 'ਰਹਾਉ' ਰਾਹੀਂ ਸਫਲ ਸੰਚਾਰ ਕੀਤਾ ਜਾਂਦਾ ਹੈ ਪਰ ਕਈ ਵਾਰ 'ਰਹਾਉ' ਦੀ ਅਣਹੋਂਦ ਨਾਲ ਵੀ ਆਪਣੇ ਭਾਵਾਂ ਨੂੰ ਸੰਚਾਰਤ ਕੀਤਾ ਜਾਂਦਾ ਹੈ। ਇਸ ਲਈ ਬਾਣੀਕਾਰਾਂ ਨੇ ਸਲੋਕ ਕਾਵਿ ਰੂਪ ਦੀ ਰਚਨਾ ਕੀਤੀ ਹੈ। ਸਲੋਕ ਇਕ ਛੋਟੀ ਜਿਹੀ ਗੀਤਕ ਰਚਨਾ ਹੈ ਪਰ ਇਸ ਦਾ ਪ੍ਰਭਾਵ ਬਹੁਤ ਅਸਚਰਜਮਈ ਹੁੰਦਾ ਹੈ। ਮਹਾਨ ਕੋਸ਼ ਅਨੁਸਾਰ: ਭਾਵੇਂ 'ਸਲੋਕ' ਦੇ ਅਰਥ ਯਸ਼, ਮਹਿਮਾ ਅਤੇ ਉਸਤਤ ਹੁੰਦੇ ਹਨ। ਇਹ ਇਕ ਅਜਿਹਾ ਕਾਵਿ ਰੂਪ ਹੈ ਜਿਸ ਵਿਚ ਕਿਸੇ ਮਹਾਂਪੁਰਖ ਦੇ ਯਸ ਦਾ ਗਾਇਨ ਕੀਤਾ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਰਾਗ ਮੁਕਤ ਬਾਣੀ ਵਿੱਚ ਇਨ੍ਹਾਂ ਦੀ

ਗਿਣਤੀ ਬਹੁਤ ਜ਼ਿਆਦਾ ਹੈ। ਜਪੁਜੀ ਸਾਹਿਬ ਜੀ ਦੇ ਅਰੰਭਲੇ ਤੇ ਅੰਤਲੇ ਸਲੋਕ ਵਿਚ ਗੁਰੂ ਸਾਹਿਬ ਵਰਗੇ ਮਹਾਨ ਵਿਦਵਾਨ ਨੇ ਸੰਚਾਰ ਦੀ ਅਨੋਖੀ ਪ੍ਰਕਿਰਿਆ ਪੈਦਾ ਕੀਤੀ ਹੈ:

*ਆਦਿ ਸਚੁ ਜੁਗਾਦਿ ਸਚ॥ ਹੈ ਭੀ ਸਚ ਨਾਨਕ ਹੋਸੀ ਭੀ ਸਚ॥* ਪੰਨਾ ੧

ਪ੍ਰਮਾਤਮਾ ਦੀ ਵਡਿਆਈ ਬਾਰੇ 'ਹੋਸੀ ਭੀ ਸਚ' ਕਹਿ ਕੇ ਭਵਿੱਖ ਮੁਖੀ ਸੇਧ ਵੀ ਦਿੱਤੀ ਗਈ ਹੈ। ਉੱਥੇ ਅੰਤਲੇ ਸਲੋਕ ਵਿਚ ਕੁਦਰਤ ਦੀਆਂ ਅਨਮੋਲ ਦਾਤਾਂ ਨੂੰ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਅਨੁਸਾਰ 'ਪਾਣੀ ਨੂੰ ਪਿਤਾ' ਤੇ ਧਰਤੀ ਨੂੰ 'ਮਾਤਾ' ਕਹਿ ਕੇ ਵਡਿਆਇਆ ਹੈ। ਜਿਵੇਂ ਧਰਤੀ ਤੋਂ ਬਨਸਪਤੀ ਉਪਜਦੀ ਹੈ ਇਵੇਂ ਹੀ ਮਾਤਾ ਤੋਂ ਮਨੁੱਖ ਦਾ ਜਨਮ ਹੁੰਦਾ ਹੈ ਅਤੇ ਪਾਣੀ ਨੂੰ ਪਿਤਾ ਮੰਨਿਆ ਹੈ। ਰਾਤ ਤੇ ਦਿਨ ਦੋਵੇਂ ਖਿਡਾਵਾ ਤੇ ਖਿਡਾਵੀ ਹਨ ਜੋ ਜੀਵਨ ਦੀ ਖੇਡ ਚਲਾ ਰਹੇ ਹਨ। ਮਨੁੱਖੀ ਜੀਵਨ ਨੂੰ ਇਕ ਖੇਡ ਦੀ ਨਿਆਈਂ ਪੇਸ਼ ਕਰਕੇ ਜ਼ਿੰਦਗੀ ਦੇ ਐਡੇ ਵੱਡੇ 'ਸੱਚ' ਨੂੰ ਸਿਰਫ਼ ਛੇ ਤੁਕਾਂ ਵਿਚ ਸੰਚਾਰਿਤ ਕਰ ਦਿੱਤਾ ਗਿਆ ਹੈ। ਗੁਰੂ ਅਰਜਨ ਦੇਵ ਨੇ ਗੁਰੂ ਸਾਹਿਬਾਨ ਦੁਆਰਾ ਰਚੇ ਸਲੋਕਾਂ ਨੂੰ ਵਾਰਾਂ ਵਿਚ ਪਉੜੀਆਂ ਦੇ ਨਾਲ ਅੰਕਿਤ ਕਰਨ ਉਪਰੰਤ ੧੫੨ ਸਲੋਕਾਂ ਨੂੰ 'ਸਲੋਕ ਵਾਰਾਂ ਤੇ ਵਧੀਕ' ਸਿਰਲੇਖ ਹੇਠ ਦਰਜ ਕੀਤਾ। ਇਨ੍ਹਾਂ ਸਲੋਕਾਂ ਵਿਚ ਆਪਣੇ ਭਾਵਾਂ ਨੂੰ ਸੰਚਾਰਿਤ ਕਰਨ ਲਈ ਗੁਰੂ ਸਾਹਿਬਾਨ ਨੇ ਔਖੇ ਤੋਂ ਔਖੇ ਦਾਰਸ਼ਨਿਕ ਰਹੱਸ ਨੂੰ ਖੋਲ੍ਹਣ ਦੀ ਕੋਸ਼ਿਸ਼ ਕੀਤੀ ਹੈ। ਰਾਗ ਮੁਕਤ ਬਾਣੀ ਵਿੱਚ ਗੁਰੂ ਤੇਗ ਬਹਾਦਰ ਦੇ ੫੭ ਸਲੋਕ ਉਨ੍ਹਾਂ ਦੀ ਵਿਚਾਰਧਾਰਾ ਨੂੰ ਦਰਸਾਉਣ ਵਾਲੇ ਅਨੋਖੀ ਵਿਧੀ ਅਪਣਾਉਂਦੇ ਹਨ। ਉਨ੍ਹਾਂ ਦਾ ਯਤਨ ਸੀ ਕਿ ਆਮ ਲੋਕਾਂ ਦੀ ਸੋਚ ਅਤੇ ਚਿੰਤਨ ਵਿਚ ਰੂਹਾਨੀਅਤ ਦੀ ਰੂਹ ਫੂਕੀ ਜਾਵੇ, ਜਿਸ ਨਾਲ ਨਿਰਜਿੰਦ ਹੋ ਚੁਕੇ ਮੁੜ ਜੀਵੰਤ ਹੋ ਜਾਣ। ਇਸ ਲਈ ਉਨ੍ਹਾਂ ਨੇ 'ਸਲੋਕ' ਕਾਵਿ ਰੂਪ ਰਾਹੀਂ ਪ੍ਰਾਣੀ ਨੂੰ ਇਹ ਸਮਝਾਇਆ ਹੈ:

*ਭੈ ਨਾਸਨ ਦੁਰਮਤਿ ਹਰਨ ਕਲਿ ਮੈ ਹਰਿ ਕੋ ਨਾਮੁ।*
*ਨਿਸਿ ਦਿਨੁ ਜੋ ਨਾਨਕ ਭਜੈ ਸਫਲ ਹੋਹਿ ਤਿਹ ਕਾਮ॥* ਪੰਨਾ ੧੪੨੭

ਬਾਬਾ ਫਰੀਦ ਅਤੇ ਭਗਤ ਕਬੀਰ ਆਪਣੇ ਭਾਵਾਂ ਨੂੰ ਸੰਚਾਰਿਤ ਕਰਦੇ ਹੋਏ ਅਧਿਆਤਮਕਤਾ ਦੀ ਗਲ ਕਰਦੇ ਸਮੇਂ ਉਹ ਆਪਣੇ ਆਪ ਨੂੰ ਸੰਬੋਧਨ ਕਰਕੇ ਨਿਮਰਤਾ ਨੂੰ ਆਪਣੀ ਜ਼ਿੰਦਗੀ ਵਿੱਚ ਧਾਰਣ ਕਰਨ ਵਾਲੀ ਵੱਡੀ ਗੱਲ ਸਰਲ ਸ਼ਬਦਾਂ ਵਿੱਚ ਕਹਿ ਜਾਂਦੇ ਹਨ:

*ਫਰੀਦਾ ਥੀਉ ਪਵਾਹੀ ਦਭੁ॥*
*ਜੇ ਸਾਂਈ ਲੋੜਹਿ ਸਭੁ॥*
*ਇਕ ਛਿਜਹਿ ਬਿਆ ਲਤਾੜੀਅਹਿ॥*

*ਤਾਂ ਸਾਈ ਦੈ ਦਰਿ ਵਾੜੀਅਹਿ॥* ਪੰਨਾ ੧੩੭੮

ਭਗਤ ਕਬੀਰ ਜਿਸਦਾ ਭਾਸ਼ਾ ਉਤੇ ਪੂਰਾ ਅਧਿਕਾਰ ਹੋਣ ਕਰ ਕੇ ਔਖੀ ਤੋਂ ਔਖੀ ਰਮਜ਼ ਨੂੰ ਵੀ ਸਮਝਾ ਜਾਂਦੇ ਹਨ:

*ਕਬੀਰ ਨਾ ਮੁਹਿ ਛਾਨਿ ਨ ਛਾਪਰੀ ਨਾ ਮੁਹਿ ਘਰੁ ਨਹੀਂ ਗਾਉ॥*

*ਮਤ ਹਰਿ ਪੂਛੈ ਕਉਨੁ ਹੈ ਮੇਰੇ ਜਾਤਿ ਨ ਨਾਉ॥* ਪੰਨਾ ੧੩੬੭

ਸਲੋਕ ਸਹਸਕ੍ਰਿਤੀ, ਗਾਥਾ, ਚਉਬੋਲੇ ਅਤੇ ਫੁਨਹੇ ਰੂਪਾਂ ਦੀ ਸਿਰਜਣਾ ਵੀ ਭਾਸ਼ਾ ਸੰਚਾਰ ਦੀ ਦ੍ਰਿਸ਼ਟੀ ਤੋਂ ਹੋਈ ਹੈ। ਗੁਰੂ ਸਾਹਿਬਾਨ ਨੇ ਜਨ ਸਧਾਰਨ ਨੂੰ ਉਪਦੇਸ਼ ਦੇਣ ਖਾਤਰ ਗਾਥਾ ਤੇ ਸਹਸਕ੍ਰਿਤੀ ਵਿਚ ਸਲੋਕ ਉਚਾਰ ਕੇ ਕਰਮ ਕਾਂਡਾਂ ਦੀ ਨਿਖੇਧੀ ਕੀਤੀ ਗਈ ਹੈ। ਗੁਰੂ ਅਰਜਨ ਦੇਵ ਦੇ ੬੭ ਸਹਸਕ੍ਰਿਤੀ ਸਲੋਕਾਂ ਵਿਚ ਸਾਧਕਾਂ ਨੂੰ ਦਸਿਆ ਗਿਆ ਹੈ ਕਿ ਪਰਮਾਤਮਾ ਦੀ ਕਿਰਪਾ ਤੇ ਗੁਰੂ ਦੀ ਅਗਵਾਈ ਦੁਆਰਾ ਮਨੁੱਖ ਰਾਮ ਨਾਮ ਬਾਰੇ ਸੂਝ ਪ੍ਰਾਪਤ ਕਰ ਸਕਦਾ ਹੈ:

*ਕ੍ਰਿਪਾ ਕਰੰਤ ਗੋਬਿੰਦ ਗੋਪਾਲਹ ਸਗਲੰ ਰੋਗ ਖੰਡਣਹ॥*

*ਸਾਧ ਸੰਗੇਣਿ ਗੁਣ ਰਮੰਤ ਨਾਨਕ ਸਰਣਿ ਪੂਰਨ ਪਰਮੇਸੁਰਹ॥* ਪੰਨਾ ੧੩੫੯

'ਫੁਨਹੇ' ਵਿਚ ਗੁਰੂ ਅਰਜਨ ਦੇਵ ਨੇ ਅਨੋਖੀ ਸੰਚਾਰ ਵਿਧੀ ਅਪਣਾਈ ਹੈ। ਬਾਰ ਬਾਰ 'ਹਰਿ ਹਾਂ' ਸ਼ਬਦ ਵਰਤ ਕੇ ਜੀਵਾਂ ਨੂੰ ਇਹ ਦਸਿਆ ਹੈ ਕਿ ਸੰਸਾਰਿਕ ਸ਼ਿੰਗਾਰ ਪਰਮਾਤਮਾ ਦੇ ਪ੍ਰੇਮ ਅਤੇ ਸੰਯੋਗ ਤੋਂ ਬਿਨਾਂ ਅਧੂਰਾ ਹੈ:

*ਜਿਸੁ ਘਰ ਵਸਿਆ ਕੰਤੁ ਸਾ ਵਡਭਾਗਣੇ॥*

*ਤਿਸੁ ਬਨਿਆ ਹਭੁ ਸੀਗਾਰੁ ਸਾਈ ਸੋਹਾਗਣੇ॥*

*ਹਉ ਸੁਤੀ ਹੋਇ ਅਚਿੰਤ ਮਨਿ ਆਸ ਪੁਰਾਈਆ॥*

*ਹਰਿਹਾਂ ਜਾ ਘਰਿ ਆਇਆ ਕੰਤੁ ਤ ਸਭੁ ਕਿਛੁ ਪਾਈਆ॥* ਪੰਨਾ ੧੩੬੧

ਗੁਰੂ ਅਰਜਨ ਦੇਵ ਦੁਆਰਾ ਰਚਿਤ 'ਚਉਬੋਲੇ' ਚਾਰ ਗੁਰਸਿਖਾਂ ਨੂੰ ਸੰਬੋਧਨ ਕੀਤੇ ਗਏ ਹਨ। ਇਹਨਾਂ ਵਿੱਚ ਦੱਸਿਆ ਗਿਆ ਹੈ ਕਿ ਪਰਮਾਤਮਾ ਦਾ ਪ੍ਰੇਮ ਸਿਮਰਨ ਅਤੇ ਸ਼ਰਧਾ ਨਾਲ ਭਰਪੂਰ ਹੁੰਦਾ ਹੈ। ਇਸ ਸਬੰਧੀ ਡਾ. ਰਤਨ ਸਿੰਘ ਜੱਗੀ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਇਸ ਪ੍ਰਕਾਰ ਕਰਦੇ ਹਨ:

*ਕਈ ਵਾਰ ਮੇਹਣੇ ਚੌਬੋਲੇ ਸ਼ਬਦਾਂ ਦੀ ਵਰਤੋਂ ਇਕੱਠੀ ਕਰਕੇ ਵਿਅੰਗ ਤੇ ਪ੍ਰੇਮ-ਮਈ ਭਾਵਨਾ ਦੇ ਪ੍ਰਗਟਾਵੇ ਦਾ ਸੰਕੇਤ ਕੀਤਾ ਜਾਂਦਾ ਹੈ। ਇਸ*

*ਤਰ੍ਹਾਂ ਲੋਕ-ਪਰੰਪਰਾ ਵਿਚ 'ਚਉਬੋਲੇ' ਕਿਸੇ ਪ੍ਰੇਮ ਮਈ ਉਦਗਾਰ ਦੀ ਅਭਿਵਿਅਕਤੀ ਦਾ ਵਾਚਕ ਪ੍ਰਤੀਤ ਹੁੰਦਾ ਹੈ।*[20]

ਜਿੱਥੇ ਰਾਗ ਮੁਕਤ ਬਾਣੀ ਵਿੱਚ ਲੋਕ ਪਰੰਪਰਾ, ਲੋਕ ਜੀਵਨ, ਲੋਕ ਕਾਵਿ ਰੂਪ ਅਤੇ ਲੋਕ ਭਾਸ਼ਾ ਅਪਣਾ ਕੇ ਆਪਣੀ ਰਹੱਸਾਤਮਕ ਅਨੁਭੂਤੀ ਦਾ ਪ੍ਰਗਟਾਵਾ ਕੀਤਾ ਗਿਆ ਹੈ ਉਥੇ ਭੱਟ ਕਵੀ 'ਸਵੱਯੈ' ਦਾ ਪ੍ਰਯੋਗ ਕਰਦੇ ਹਨ। ਇਨ੍ਹਾਂ ੧੧ ਭੱਟਾਂ ਨੇ ਗੁਰੂ ਸਾਹਿਬਾਨ ਦੀ ਪ੍ਰਸੰਸਾ ਵਿਚ ੧੨੩ ਸਵੱਯੈ ਉਚਾਰੇ। ਉਨ੍ਹਾਂ ਨੇ ਕਲਯੁਗ ਵਿਚ ਗੁਰੂ ਨਾਨਕ ਦੇ ਰੂਪ ਵਿਚ ਵਿਸ਼ਨੂੰ ਦਾ ਅਵਤਾਰ ਧਾਰਨ ਕੀਤਾ ਮੰਨਿਆ ਹੈ:

*ਸਤਿਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ॥*
*ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ॥*
*ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ॥*
*ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ॥*
*ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ॥*
*ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ॥* ਪੰਨਾ ੧੩੯੦

ਇਨ੍ਹਾਂ ਸਵੱਈਆਂ ਵਿਚ ਇਕ ਪਾਸੇ ਗੁਰੂ ਨਾਨਕ ਨੂੰ ਵਿਸ਼ਨੂੰ ਦਾ ਅਵਤਾਰ ਮੰਨਿਆ ਹੈ ਤੇ ਦੂਜੇ ਪਾਸੇ ਹਰ ਗੁਰੂ, ਬਾਬੇ ਨਾਨਕ ਦਾ ਉਤਰੋਤਰ ਅਵਤਾਰ ਹੈ। ਉਨ੍ਹਾਂ ਅਨੁਸਾਰ ਸਭ ਗੁਰੂ ਸਾਹਿਬਾਨ ਵਿਚ ਇਕੋ ਹੀ ਜੋਤਿ ਦਾ ਸੰਚਾਰ ਹੋ ਰਿਹਾ ਹੈ:

*ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥*
*ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥*
*ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ॥*
*ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ॥*
*ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਣ॥*
*ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ॥* ਪੰਨਾ ੧੪੦੮

ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵਿਚ ਵਰਤੀਆਂ ਗਈਆਂ ਭਿੰਨ-ਭਿੰਨ ਸੰਚਾਰ ਜੁਗਤਾਂ, ਤੱਤ, ਸੰਕੇਤ ਅਤੇ ਹਵਾਲੇ ਇਸ ਦੀ ਗਵਾਹੀ ਭਰਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸੰਚਾਰ ਲਈ ਰਚੀ ਗਈ ਹੈ। ਬਾਣੀ ਨੂੰ ਮਨ ਵਿਚ ਵਸਾਉਣਾ ਅਤੇ ਉਸ ਨੂੰ ਦ੍ਰਿੜ ਕਰਾਉਣਾ ਅਤੇ ਸਿਖ ਧਰਮ ਵਿੱਚ ਇਸ ਨੂੰ ਗੁਰੂ ਦੇ ਰੂਪ ਵਿਚ ਸਵੀਕਾਰ ਕਰਨਾ ਅਤੇ ਬਾਕੀ ਲੋਕਾਈ ਦਾ ਗੁਰੂ ਗ੍ਰੰਥ

ਸਾਹਿਬ ਦੀ ਸਿਖਿਆ ਨੂੰ ਅਪਨਾਉਣਾ ਇਸ ਦੇ ਸੰਚਾਰ ਦੀ ਇਕ ਪ੍ਰਤਖ ਉਦਾਹਰਣ ਹੈ। *"ਇਸੇ ਲਈ ਬਾਣੀ ਵਿਧਾਨ ਦੇ ਮੂਲ ਵਿਧਾਨ ਨੂੰ ਸਮਝਦਿਆਂ ਇਕ ਸੰਚਾਰ ਰਚਨਾ ਵਜੋਂ ਇਸ ਨੂੰ ਇਸਦੇ 'ਸਮੁੱਚ' ਵਿਚ ਹੀ ਅਪਣਾਏ ਜਾਣਾ ਅਨਿਵਾਰੀ ਹੈ।"* [21]

*"ਰਾਗ ਮੁਕਤ ਬਾਣੀ ਵਿਚ ਕਈ ਥਾਵਾਂ ਉਤੇ ਪੌਰਾਣਕ ਕਥਾਵਾਂ ਜਾਂ ਮਿੱਥਾਂ ਨੂੰ ਤੋੜ ਕੇ ਕਈ ਨਵੀਆਂ ਸੰਰਚਨਾਵਾਂ ਵੀ ਰਚੀਆਂ ਹਨ। ਬਾਣੀਕਾਰ ਇਸ ਤਰ੍ਹਾਂ ਕਰਦੇ ਹੋਏ ਕਈ ਵਾਰ ਪੁਰਾਣ ਕਥਾਵਾਂ, ਮਿੱਥਾਂ ਜਾਂ ਹੋਰ ਲੋਕਧਾਰਾਈ ਸਮੱਗਰੀ ਨੂੰ ਵਰਤਦਿਆਂ ਉਹਨਾਂ ਵਿਚਲੇ ਪਾਤਰਾਂ ਜਾਂ ਘਟਨਾਵਾਂ ਨੂੰ ਸਿੱਧੇ ਰੂਪ ਵਿਚ ਲੈ ਕੇ ਪ੍ਰਤੀਕਾਤਮਕ ਅਰਥਾਂ ਵਿਚ ਵਰਤ ਕੇ ਮਨ-ਇਛਤ ਅਰਥ ਉਜਾਗਰ ਕਰਨ ਦੇ ਯਤਨ ਕਰਦੇ ਹਨ।"* [22] ਗੁਰੂ ਨਾਨਕ ਦੇਵ ਨੇ ਆਪਣੀ ਸ਼ਾਹਕਾਰ ਰਚਨਾ 'ਜਪੁਜੀ' ਵਿਚ ਮਿੱਥ ਦਾ ਰੂਪਾਂਤਰਣ ਬੜੇ ਖੂਬਸੂਰਤ ਢੰਗ ਨਾਲ ਕੀਤਾ ਹੈ। ਗੁਰੂ ਸਾਹਿਬ ਨੇ 'ਧਰਤੀ ਬਲਦ ਦੇ ਸਿੰਗਾਂ ਉਤੇ ਖਲੋਤੀ' ਮਿੱਥ ਨੂੰ ਤੋੜ ਕੇ ਧੌਲ ਅਤੇ ਧਰਮ ਨੂੰ ਦਯਾ ਦਾ ਪੁਤਰ ਕਿਹਾ ਗਿਆ ਜਿਸ ਦੇ ਸਿਰ ਉਪਰ ਧਰਤੀ ਦਾ ਸਾਰਾ ਭਾਰ ਟਿਕਿਆ ਹੋਇਆ ਹੈ। ਬਾਣੀਕਾਰ ਭਾਰਤੀ ਪਿਛੋਕੜ ਵਿਚੋਂ ਇਹਨਾਂ ਮਿੱਥਾਂ ਨੂੰ ਲੈ ਕੇ ਜਿਥੇ ਅਧਿਆਤਮਕ ਆਸ਼ਿਆਂ ਨੂੰ ਪ੍ਰਗਟਾਉਂਦੇ ਹਨ ਉਥੇ ਸਾਮੀ ਪਰੰਪਰਾ ਚੋਂ ਵੀ ਮਿਥ ਲੈ ਕੇ ਆਪਣੀ ਗੱਲ ਨੂੰ ਸਪਸ਼ਟ ਕੀਤਾ ਹੈ। ਬਾਬਾ ਫਰੀਦ ਦੇ ਸਲੋਕਾਂ ਵਿਚ 'ਵਾਲਹੁ ਨਿਕੀ ਪੁਰਸਲਾਤ' ਦਾ ਜ਼ਿਕਰ ਵੀ ਆਉਂਦਾ ਹੈ।

ਰਾਗ ਮੁਕਤ ਬਾਣੀ ਵਿਚ ਅਧਿਆਤਮਕ/ਧਾਰਮਿਕ ਅਨੁਭਵਾਂ ਨੂੰ ਸੰਚਾਰਿਤ ਕਰਨ ਲਈ ਚਿੰਨ੍ਹ ਅਤੇ ਕੋਡ ਵੀ ਵਰਤੇ ਗਏ ਹਨ। ਜੋ ਸਹਿਜ, ਸੁੰਨ, ਸੁਰਤਿ, ਰਾਮ, ਨਾਮ, ਗੋਬਿੰਦ, ਭਗਤਿ ਆਦਿ ਸ਼ਬਦ ਨਿਰਗੁਣ ਭਗਤੀ ਦੇ ਪ੍ਰਤੀਕਾਂ ਦੇ ਰੂਪ ਵਿਚ ਹਨ। ਮਨੁੱਖ ਦੀ ਜਿਸ ਅਧਿਆਤਮਕ ਸਮੱਸਿਆ ਨੂੰ ਗੁਰੂ ਨਾਨਕ ਸਾਹਿਬ ਨੇ ਅਰੰਭ ਵਿਚ ਹੀ ਪੇਸ਼ ਕੀਤਾ ਹੈ *'ਕਿਵ ਸਚਿਆਰਾ ਹੋਈਐ ਕਿਵੁ ਕੂੜੈ ਤੁਟੈ ਪਾਲਿ'। ਇਸ ਤਰ੍ਹਾਂ 'ਕੂੜ, ਸੱਚ, ਸਚਿਆਰ, ਹੁਕਮ ਤੇ ਰਜ਼ਾ ਧਾਰਮਿਕ ਕੋਡ ਨਾਲ ਸਬੰਧਿਤ ਚਿਹਨ ਜਾਂ ਪ੍ਰਤੀਕ ਹਨ; ਜਿਨ੍ਹਾਂ ਨੂੰ ਡੀ-ਕੋਡ ਕਰਕੇ ਅਸੀਂ ਅੰਤਰੀਵ ਰਹੱਸ ਨੂੰ ਸਮਝ ਸਕਦੇ ਹਾਂ।'* [23] ਜਪੁਜੀ ਦੇ ਅਰੰਭਲੇ ਸਲੋਕ 'ਆਦਿ ਸਚੁ ਜੁਗਾਦਿ ਸਚ।। ਹੈ ਭੀ ਸਚ ਹੋਸੀ ਭੀ ਸਚੁ' ਦੇ ਵਿਰੋਧ ਵਿਚ 'ਕੂੜ' ਹੈ ਜਿਸ ਨੂੰ 'ਹੁਕਮ' ਦੇ ਸੰਕਲਪ ਨਾਲ ਜੋੜ ਦਿੱਤਾ ਗਿਆ ਹੈ।

*ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ।।*
*ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ।।* ਪੰਨਾ ੧

ਇਹ 'ਹੁਕਮ' ਤੇ 'ਹਉਮੈ' ਦੋ ਵਿਰੋਧਾਂ ਨੂੰ ਸਿਰਜਿਆ ਗਿਆ ਹੈ। ਹਉਮੈ ਵਿਚ ਗ੍ਰਸਤ ਹੋ ਕੇ ਹੁਕਮ ਅਧਾਰਤ ਜੀਵਨ ਜੁਗਤ ਵਰਤੀ ਜਾਣ ਦੀ ਅਤਿਅੰਤ ਲੋੜ ਹੈ। ਗੁਰਬਾਣੀ ਦੇ ਮੂਲ ਮੰਤ੍ਰ ਵਿਚ

ਅਕਾਲ ਪੁਰਖ ਨਿਰਭਉ ਤੇ ਨਿਰਵੈਰ ਹੈ ਜੋ ਮਨੁੱਖੀ ਜੀਵਨ ਦੇ ਯਥਾਰਥਕ ਸਰੋਕਾਰਾਂ ਦੀ ਤਸਵੀਰ ਪੇਸ਼ ਕਰਦਾ ਹੈ। ਇਸ ਲਈ ਗੁਰੂ ਤੇਗ ਬਹਾਦਰ ਦੇ ਸਲੋਕ ਇਹਨਾਂ ਅਰਥਾਂ ਦੇ ਸੰਦਰਭ ਵਿੱਚ ਵਿਚਾਰਨ ਯੋਗ ਹਨ:

*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥* ਪੰਨਾ ੧੪੨੭

**ਵਿਭਿੰਨ ਕਾਵਿ ਰੂਪਾਕਾਰ:** ਗੁਰੂ ਗ੍ਰੰਥ ਸਾਹਿਬ ਦਾ ਸੰਸਾਰ ਦੇ ਸਾਰੇ ਧਰਮ ਗ੍ਰੰਥਾਂ ਵਿਚ ਵਿਲੱਖਣ ਸਥਾਨ ਹੈ। ਇਸ ਵਿਚਲੇ ਛੱਤੀ ਬਾਣੀਕਾਰ ਵਖੋ ਵਖਰੇ ਖਿੱਤਿਆਂ, ਜਾਤਾਂ, ਧਰਮਾਂ, ਸੰਪ੍ਰਦਾਵਾਂ ਨਾਲ ਸਬੰਧਿਤ ਹੋਣ ਦੇ ਬਾਵਜੂਦ ਵੀ ਇਕਸੁਰਤਾ ਦਾ ਪ੍ਰਭਾਵ ਪਾਉਂਦੇ ਹਨ ਅਤੇ ਭਿੰਨਤਾ ਹੋਣ ਦੇ ਬਾਵਜੂਦ ਵੀ ਇਕ ਸੰਗਠਿਤ ਇਕਾਈ ਦੇ ਰੂਪ ਵਿਚ ਪੇਸ਼ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਦਾ ਕੇਂਦਰੀ ਵਿਸ਼ਾ ਭਾਵੇਂ ਰਹੱਸਵਾਦੀ ਚਿੰਤਨ ਨਾਲ ਜੁੜਾ ਹੋਇਆ ਹੈ। ਉਥੇ ਇਸ ਵਿਚਲਾ ਰੂਪ ਪ੍ਰਬੰਧ ਵੰਨ-ਸੁਵੰਨਤਾ ਨਾਲ ਭਰਪੂਰ ਹੈ। ਗੁਰੂ ਸਾਹਿਬਾਨ ਦੀ ਬਾਣੀ ਅਨੇਕਾਂ ਲੋਕ ਸ਼ੈਲੀਆਂ ਅਤੇ ਲੋਕ ਕਾਵਿ ਰੂਪਾਂ ਨਾਲ ਭਰਪੂਰ ਹੈ। ਸਾਡੇ ਅਧਿਐਨ ਖੇਤਰ ਵਿਚ ਗੁਰੂ ਸਾਹਿਬਾਨ ਦੀ ਬਾਣੀ ਤੋਂ ਇਲਾਵਾ ਦੋ ਭਗਤ ਕਵੀਆਂ ਭਗਤ ਕਬੀਰ, ਸ਼ੇਖ ਫਰੀਦ ਅਤੇ ਭੱਟਾਂ ਦੀ ਬਾਣੀ ਸ਼ਾਮਲ ਹੈ। ਰਾਗ ਮੁਕਤ ਬਾਣੀ ਦਾ ਸੰਚਾਰ ਗੁਰੂ ਗ੍ਰੰਥ ਸਾਹਿਬ ਵਿੱਚ ਵਰਤੇ ਗਏ ਕਾਵਿ ਰੂਪਾਂ ਰਾਹੀਂ ਹੋਇਆ ਹੈ। ਡਾ. ਸਤਿੰਦਰ ਸਿੰਘ ਦੇ ਵਿਚਾਰ ਅਨੁਸਾਰ, *"ਕਵੀ ਕਾਵਿ-ਰੂਪਾਂ ਨੂੰ ਆਪਣੇ ਵਿਰਸੇ ਤੋਂ ਵੀ ਪ੍ਰਾਪਤ ਕਰਦਾ ਹੈ ਤੇ ਆਪਣੀ ਮੌਲਿਕਤਾ ਤੇ ਅਨੁਭਵ ਸਦਕਾ ਇਨ੍ਹਾਂ ਵਿਚ ਵਿਲੱਖਣਤਾ ਤੇ ਵੱਖਰਤਾ ਵੀ ਪੈਦਾ ਕਰਦਾ ਹੈ। ਕਾਵਿ ਰੂਪ ਉਸਨੂੰ ਅਮੂਰਤ ਰੂਪ ਵਿਚ ਖਿੱਚ ਪਾਉਂਦੇ ਹਨ ਅਤੇ ਵਿਆਖਿਆ ਕਰਨ ਲਈ ਇਕ ਵਿਸ਼ੇਸ਼ ਯਤਨ ਰੂਪ ਵਿਚ ਪੇਸ਼ ਵੀ ਹੁੰਦੇ ਹਨ।"* [24]

ਰਾਗ ਮੁਕਤ ਬਾਣੀ ਦੇ ਬਾਣੀਕਾਰਾਂ ਦੀਆਂ ਵਿਲੱਖਣ ਪ੍ਰਤਿਭਾਵਾਂ ਨੇ ਆਪਣੇ ਰਹੱਸਵਾਦੀ ਅਨੁਭਵਾਂ ਨੂੰ ਪ੍ਰਗਟਾਉਣ ਲਈ ਕਈ ਕਾਵਿ ਰੂਪਾਂ ਦਾ ਪ੍ਰਯੋਗ ਕੀਤਾ ਹੈ। ਬਾਣੀ ਸ਼ਾਬਦਿਕ ਰੂਪ ਵਿਚ 'ਕਾਵਿ' ਹੈ ਅਤੇ ਧਾਰਮਿਕ ਸੰਦਰਭ ਵਿਚ ਇਹ ਬਾਣੀ 'ਗੁਰੂ' ਰੂਪ ਹੈ। ਕਵਿਤਾ ਵਿਚ ਰਚਿਤ ਹੋਣ ਕਰਕੇ ਵਿਭਿੰਨ ਕਾਵਿ ਰੂਪ ਇਸ ਦੀ ਕਾਵਿਕ ਦ੍ਰਿਸ਼ਟੀ ਤੋਂ ਮੁਲਾਂਕਣ ਕਰਨ ਲਈ ਪ੍ਰੇਰਣਾ ਦਾ ਸਰੋਤ ਬਣਦੇ ਹਨ। ਇਕ ਮਹਾਨ ਕਵੀ ਜਿਥੇ ਵਿਚਾਰਾਂ ਨੂੰ ਸੰਚਾਰਿਤ ਕਰਦਾ ਹੈ ਉਥੇ ਨਾਲ ਹੀ ਅਨੰਦ ਦੀ ਪ੍ਰਾਪਤੀ ਦਾ ਸਹਾਇਕ ਵੀ ਹੁੰਦਾ ਹੈ। ਇਸ ਸੰਦਰਭ ਵਿੱਚ ਡਾ. ਸਤਿੰਦਰ ਸਿੰਘ ਦੇ ਵਿਚਾਰ ਬੜੇ ਪ੍ਰਸੰਗਿਕ ਹਨ:

> *ਕਾਵਿ-ਰੂਪਾਂ ਵਿਚ ਨਵੇਂ ਅਨੁਭਵ ਦਾ ਸੰਚਾਰ, ਨਵੀਂ ਚੇਤਨਾ, ਨਵੀਂ ਸੰਵੇਦਨਾ, ਨਵੀਨਤਾ ਅਤੇ ਪਰਿਸ਼ੁਧਤਾ ਦੇ ਪੱਖ ਅਹਿਮ ਰਹੇ ਹਨ। ਇਸ*

*ਨਾਲ ਕਵਿਤਾ ਅਨੰਦ ਵੀ ਦਿੰਦੀ ਹੈ ਤੇ ਸਾਡੀ ਜੀਵਨ ਦ੍ਰਿਸ਼ਟੀ ਤੇ ਸੰਵੇਦਨਾਤਮਕਾ ਵਿਚ ਪਰਿਵਰਤਨ ਵੀ ਲਿਆਂਦੀ ਰਹੀ ਹੈ।*[25]

ਗੁਰਬਾਣੀ ਵਿਸ਼ੇ ਵਸਤੂ ਦੀ ਦ੍ਰਿਸ਼ਟੀ ਤੋਂ ਬ੍ਰਹਮ, ਮਨੁੱਖ ਤੇ ਜਗਤ ਪ੍ਰਤੀ ਆਪਣਾ ਚਿੰਤਨ ਪੇਸ਼ ਕਰਦੀ ਹੈ। ਬਾਣੀਕਾਰਾਂ ਨੇ ਅਭਿਵਿਅਕਤੀ ਦੀ ਦ੍ਰਿਸ਼ਟੀ ਤੋਂ ਵਿਸ਼ਵ ਦ੍ਰਿਸ਼ਟੀ ਪੈਦਾ ਕਰਨ ਵਾਲਾ ਦ੍ਰਿਸ਼ਟੀਕੋਣ ਉਜਾਗਰ ਕੀਤਾ ਹੈ। ਜੋ ਸਮੁੱਚੀ ਮਾਨਵਤਾ ਨੂੰ ਵਿਚਾਰ ਦੇ ਪੱਧਰ ਉੱਤੇ ਇਕਸੁਰ ਕਰ ਦਿੰਦਾ ਹੈ। ਬਾਣੀਕਾਰ ਆਪਣੇ ਅਨੁਭਵ ਦੇ ਪ੍ਰਗਟਾਵੇ ਲਈ ਚੁਣੇ ਮਾਧਿਅਮਾਂ ਵਿਚ ਆਪਣੀ ਗਲ ਕਹਿਣ ਦੀ ਸਮਰਥਾ ਰਖਦੇ ਹਨ। ਪਰ ਕਿਧਰੇ ਵੀ ਇਹ ਰੂਪਾਂ ਦੀ ਵਲਗਣ ਵਿਚ ਕੈਦ ਨਹੀਂ ਹੁੰਦੇ। ਗੁਰੂ ਗ੍ਰੰਥ ਸਾਹਿਬ ਵਿਚ ਬਾਬਾ ਫਰੀਦ ਨੇ ਚਾਰ ਸ਼ਬਦਾਂ ਅਤੇ ੧੧੨ ਸਲੋਕਾਂ ਦੀ ਰਚਨਾ ਕੀਤੀ ਹੈ। ਇਸੇ ਤਰ੍ਹਾਂ ਭਗਤ ਕਬੀਰ ਨੇ ਸਲੋਕਾਂ ਤੋਂ ਇਲਾਵਾ ਭਾਵੇਂ ੧੭ ਰਾਗਾਂ ਵਿਚ ਬਾਣੀ ਉਚਾਰੀ ਪਰ ਸਾਡੇ ਅਧਿਐਨ ਵਿਚ ਇਨ੍ਹਾਂ ਦੋਹਾਂ ਭਗਤ ਕਵੀਆਂ ਦੇ ਸਲੋਕ ਹੀ ਆਉਂਦੇ ਹਨ। ਗੁਰੂ ਸਾਹਿਬਾਨ ਦੀ ਰਚਨਾ ਵਿਚ ਸਲੋਕ ਸਹਸਕ੍ਰਿਤੀ, ਗਾਥਾ, ਫੁਨਹੇ, ਚਉਬੋਲੇ, ਮੁੰਦਾਵਣੀ ਅਤੇ ਸਲੋਕ ਵਾਰਾਂ ਤੋਂ ਵਧੀਕ ਸਾਡੇ ਅਧਿਐਨ ਦਾ ਵਿਸ਼ਾ ਹਨ। ਭੱਟਾਂ ਦੀ ਬਾਣੀ ਸੱਵਈਆਂ ਦੇ ਰੂਪ ਵਿਚ ਪ੍ਰਚਲਤ ਹੈ। ਇਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਕਰਨ ਤੋਂ ਪਹਿਲੇ ਗੁਰੂ ਅਰਜਨ ਦੇਵ ਜੀ ਦੇ ਸਵੱਯੇ ਪ੍ਰਚਲਤ ਹਨ। ਇਸ ਤੋਂ ਇਲਾਵਾ ' ਰਾਗ ਮਾਲਾ ' ਵੀ ਸਾਡੇ ਅਧਿਐਨ ਦਾ ਵਿਸ਼ਾ ਹੋਵੇਗੀ।

**ਸਲੋਕ**: ਗੁਰੂ ਗ੍ਰੰਥ ਵਿਚਲੀ ਰਾਗ-ਮੁਕਤ ਬਾਣੀ ਵਿਚ ਜਪੁਜੀ ਸਾਹਿਬ ਤੋਂ ਉਪਰੰਤ ਸਲੋਕ ਸਹਸਕ੍ਰਿਤੀ ਆਉਂਦੇ ਹਨ। ਉਪਰੰਤ ਸਲੋਕ ਭਗਤ ਕਬੀਰ ਜੀਉ ਕੇ ਅਤੇ ਸਲੋਕ ਸ਼ੇਖ ਫਰੀਦ ਕੇ ਅਤੇ ਅੰਤ ਵਿੱਚ ਸਲੋਕ ਵਾਰਾਂ ਤੇ ਵਧੀਕ ਹਨ। ਰਾਗ ਮੁਕਤ ਬਾਣੀ ਵਿਚ ਸਲੋਕ ਦੀ ਰਚਨਾ ਅਹਿਮੀਅਤ ਵਾਲੀ ਮੰਨੀ ਗਈ ਹੈ। ਇਸ ਲਈ ਅਸੀ ਰਾਗ ਮੁਕਤ ਬਾਣੀ ਵਿੱਚ ਸਭ ਤੋਂ ਜ਼ਿਆਦਾ ਵਰਤੇ ਗਏ ਕਾਵਿ ਰੂਪ ਸਲੋਕ ਬਾਰੇ ਚਰਚਾ ਕਰਾਂਗੇ। ਇਸ ਕਾਵਿ ਰੂਪ ਦੀ ਰਚਨਾਤਮਕ ਸਮਰੱਥਾ ਵਾਲੀ ਅਰਥ ਭਰਪੂਰ ਤੇ ਇਕਾਗਰ ਹੁੰਦੀ ਹੈ। ਲੰਮੇਰੀਆਂ ਬਾਣੀਆਂ ਦੇ ਰਚਨਾਤਮਕ ਪਸਾਰ ਜਿਥੇ ਸਿਧਾਂਤਕ ਮਸਲਿਆਂ ਨੂੰ ਵਿਸਥਾਰ ਦਿੰਦੇ ਹਨ, ਉਥੇ ਸਲੋਕ ਦਾ ਕੇਂਦਰ ਬਿੰਦੂ ਕਿਸੇ ਇਕ ਵਿਚਾਰ ਜਾਂ ਇਕ ਸਥਿਤੀ ਉਪਰ ਟਿਕਿਆ ਹੁੰਦਾ ਹੈ। ਸਲੋਕ ਨੂੰ ਪੇਂਡੂ ਭਾਸ਼ਾ ਵਿਚ 'ਦੋਹਿੜਾ', ਪ੍ਰਕਿਰਤ ਅਤੇ ਬ੍ਰਜ ਭਾਸ਼ਾ ਵਿਚ 'ਦੋਹਾ' ਆਖਦੇ ਹਨ'। ਬਾਰਵੀਂ ਸਦੀ ਵਿਚ ਰਚੇ ਗੀਤ ਜਾਂ ਦੋਹੜੇ ਹੀ ਬਾਦ ਵਿਚ ਸਲੋਕਾਂ ਦਾ ਰੂਪ ਧਾਰਨ ਕਰ ਗਏ। ਡਾ. ਰਤਨ ਸਿੰਘ ਜੱਗੀ 'ਗੁਰੂ ਗ੍ਰੰਥ ਵਿਸ਼ਵ ਕੋਸ਼' ਵਿਚ ਲਿਖਦੇ ਹਨ:

*ਸਲੋਕਾਂ ਤੋਂ ਭਾਵ ਕਾਵਿ ਤੁਕ ਜਾਂ ਕਾਵਿ ਤੁਕਾਂ ਦਾ ਸਮੂਹ ਜਿਸ ਵਿਚ ਇਕ ਭਾਵ ਜਾਂ ਵਿਚਾਰ ਦੀ ਪ੍ਰਧਾਨਤਾ ਹੋਵੇ। ਸਲੋਕ ਵਿਚ ਕਿਸੇ ਇਕ ਵਿਸ਼ੇ ਨੂੰ ਲੈ ਕੇ ਬਾਣੀਕਾਰ ਆਪਣਾ ਮਤ ਪ੍ਰਗਟ ਕਰਨਾ ਸ਼ੁਰੂ ਕਰ ਦਿੰਦੇ ਹਨ ਅਤੇ ਜਦੋਂ ਤਕ ਉਸ ਮਤ ਜਾਂ ਵਿਚਾਰ ਦੀ ਪੂਰੀ ਤਰ੍ਹਾਂ ਅਭਿਵਿਅਕਤੀ ਨਹੀਂ ਹੋ ਜਾਂਦੀ, ਉਦੋਂ ਤਕ ਸਲੋਕ ਦੀ ਰਚਨਾ ਪ੍ਰਕਿਰਿਆ ਚਲਦੀ ਰਹਿੰਦੀ ਹੈ।*[26]

ਸਲੋਕ ਕਾਵਿ ਰੂਪ ਬਾਰੇ ਪ੍ਰੋ. ਪਿਆਰਾ ਸਿੰਘ ਪਦਮ ਆਪਣੀ ਰਾਏ ਇਸ ਪ੍ਰਕਾਰ ਪ੍ਰਗਟ ਕਰਦੇ ਹਨ:

*ਸੰਸਕ੍ਰਿਤ ਵਿਚ ਸਲੋਕ ਇਕ ਛੰਦ ਦਾ ਨਾਂ ਹੈ। ਜਿਸਦੀ ਆਮ ਵਰਤੋਂ ਕੀਤੀ ਹੁੰਦੀ ਹੈ। ਪਿਛੋਂ ਇਹ ਸ਼ਬਦ ਇਤਨਾ ਪ੍ਰਸਿੱਧ ਹੋ ਗਿਆ ਕਿ ਛੰਦ ਮਾਤ੍ਰ ਨੂੰ ਸਲੋਕ ਕਿਹਾ ਜਾਣ ਲਗਾ। ਇਸੇ ਪ੍ਰਭਾਵ ਅਧੀਨ ਭਗਤੀ ਕਾਲੀਨ ਸਾਧੂਆਂ ਸਾਧਨਾ ਵਿਚ ਸਲੋਕ ਲਿਖੇ ਜੋ ਇਕ ਤਰ੍ਹਾਂ ਨਾਲ ਦੋਹਿਰੇ ਦਾ ਹੀ ਰੂਪ ਸਨ। ਭਾਵੇਂ ਕੁਝ ਸਾਧੂਆਂ ਸੰਤਾਂ ਇਸ ਅੰਦਰ ਕਾਫੀ ਖੁਲ੍ਹ ਲਈ ਹੈ। ਪਰੰਤੂ ਛੰਦਾ ਬੰਦੀ ਦੇ ਦ੍ਰਿਸ਼ਟੀਕੋਣ ਤੋਂ ਇਸ ਨੂੰ 'ਦੋਹਿਰੇ' ਤੋਂ ਵਖਰਿਆਂ ਨਹੀਂ ਕੀਤਾ ਜਾ ਸਕਦਾ।*[27]

ਬਾਣੀਕਾਰ ਆਪਣੇ ਵਿਚਾਰਾਂ ਨੂੰ ਪ੍ਰਗਟਾਉਣ ਲਈ ਕਿਸੇ ਇਕ ਵਿਸ਼ੇ ਨੂੰ ਲੈ ਕੇ ਆਪਣੀ ਵਿਚਾਰ ਸ਼ੁਰੂ ਕਰਦੇ ਹਨ ਪਰ ਜਦੋਂ ਤਕ ਆਪਣੇ ਵਿਚਾਰ ਨੂੰ ਪੂਰੀ ਤਰ੍ਹਾਂ ਪ੍ਰਗਟ ਨਹੀਂ ਕਰਦੇ ਉਨੀ ਦੇਰ ਤਕ ਸਲੋਕ ਦੀ ਰਚਨਾ ਪ੍ਰਕਿਰਿਆ ਚਲਦੀ ਰਹਿੰਦੀ ਹੈ। ਕਈ ਵਾਰ ਤਾਂ ਇਕ ਤੁਕ ਦਾ ਸਲੋਕ ਹੁੰਦਾ ਹੈ। ਵਿਚਾਰਾਂ ਦੇ ਪ੍ਰਵਾਹ ਅਧੀਨ ਤੁਕਾਂ ਦੀ ਗਿਣਤੀ ਦੀ ਕੋਈ ਬੰਦਿਸ਼ ਨਹੀਂ ਰਹਿੰਦੀ। ਜਿਸ ਕਰਕੇ ਗਿਣਤੀ ਵਧਦੀ ਘਟਦੀ ਰਹਿੰਦੀ ਹੈ।[28]

ਬਾਬਾ ਫਰੀਦ ਦੇ ਜ਼ਿਆਦਾਤਰ ਸਲੋਕ ਦੋ ਤੁਕੇ ਹਨ। ਉਹਨਾਂ ਦੁਆਰਾ ਰਚਿਤ ਪਹਿਲਾ ਸਲੋਕ ਅੱਠ ਤੁਕਾ ਹੈ। ਜਿਸ ਵਿੱਚ ਇਸਲਾਮੀ ਵਿਚਾਰਧਾਰਾ ਅਨੁਸਾਰ ਮੌਤ ਦਾ ਦਿਨ ਨਿਸਚਤ ਮੰਨਿਆ ਗਿਆ ਹੈ। ਜੀਵ ਰੂਪੀ ਇਸਤਰੀ ਦੇ ਵਿਆਹ ਦਾ ਦਿਨ ਵੀ ਨਿਸਚਤ ਹੈ ਭਾਵ ਇਸ ਸੰਸਾਰ ਵਿਚ ਆਉਣ ਤੋਂ ਪਹਿਲਾਂ ਮਰਨ ਬਾਰੇ ਲਿਖ ਦਿੱਤਾ ਗਿਆ ਹੈ। ਮੌਤ ਇਕ ਕੌੜੀ ਹਕੀਕਤ ਹੈ ਜੋ ਸਾਡੀ ਚੇਤਨਾ ਨੂੰ ਝੰਜੋੜਦੀ ਹੈ। ਜਦੋਂ ਇਸ ਤੋਂ ਬਚਣ ਦਾ ਕੋਈ ਹੀਲਾ ਨਹੀਂ ਹੈ ਤਾਂ ਇਸ ਦੀ ਅਸਲੀਅਤ ਨੂੰ ਸਮਝ ਕੇ ਸਹਿਣਯੋਗ ਬਣਾਇਆ ਜਾਵੇ। ਫਰੀਦ ਵਾਸਤਵਿਕਤਾ ਤੋਂ ਸ਼ੁਰੂ ਕਰਕੇ ਕਲਪਨਾ ਦੀ ਪੱਧਰ ਤਕ ਪੁੱਜ ਜਾਂਦੇ ਹਨ। ਸਹੁ ਤੇ ਸਾਈਂ ਦਾ ਪ੍ਰਤੀਕ ਸਿਰਜ ਕੇ ਮੌਤ ਜਿਹੇ

ਡਰਾਉਣੇ ਵਿਸ਼ੇ ਨੂੰ ਸੁਹਾਨਾ ਬਨਾਉਣ ਲਈ ਉਹ ਵਿਚਾਰਾਂ ਦਾ ਪ੍ਰਵਾਹ ਅਗੇ ਤੋਰੀ ਜਾਂਦੇ ਹਨ 'ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ' ਦੇ ਵਿਚਾਰ ਨੂੰ ਉਹ ੬੮, ੬੯ ਸਲੋਕ ਵਿਚ ਅੱਗੇ ਤੋਰਦੇ ਹਨ:

*ਫਰੀਦਾ ਭੰਨੀ ਘੜੀ ਸਵੰਨਵੀ ਟੁਟੀ ਨਾਗਰ ਲਜ॥*
*ਅਜਰਾਈਲੁ ਫਰੇਸਤਾ ਕੈ ਘਰਿ ਨਾਠੀ ਅਜੁ॥*
*ਫਰੀਦਾ ਭੰਨੀ ਘੜੀ ਸਵੰਨਵੀ ਟੂਟੀ ਨਾਗਰ ਲਜੁ॥*
*ਜੋ ਸਜਣ ਭੁਇ ਭਾਰੁ ਥੇ ਸੇ ਕਿਉ ਆਵਹਿ ਅਜੁ॥* ਪੰਨਾ ੧੩੮੧

ਪਹਿਲੀ ਤੁਕ ਮਾਮੂਲੀ ਫਰਕ ਨਾਲ ਉਹੀ ਰਖ ਕੇ ਪ੍ਰਵਾਹ ਜਾਰੀ ਰਖਿਆ ਹੈ। ਪਹਿਲੀ ਤੁਕ ਵਿਚ ਸੋਹਣੇ ਸਰੀਰ ਦੀ ਸੋਹਣੀ ਰਸੀ ਟੁੱਟਣ ਦਾ ਜ਼ਿਕਰ ਭਾਵ ਮੌਤ ਤੇ ਆਉਣ ਤੋਂ ਹੈ। ਪਹਿਲੇ ਸਲੋਕ ਦੀ ਦੂਜੀ ਤੁਕ ਵਿਚ ਮੌਤ ਦੇ ਦੇਵਤੇ ਅਜਰਾਈਲ ਦੀ ਗੱਲ ਕਰਕੇ ਮੌਤ ਨੇ ਹਰ ਹਾਲ ਵਿਚ ਆਉਣਾ ਹੈ ਇਸ ਲਈ ਉਸ ਤੋਂ ਨੱਠਿਆ ਨਹੀਂ ਜਾ ਸਕਦਾ। ਪਰ ਦੂਜੇ ਸਲੋਕ ਵਿਚ ਮੌਤ ਦੀ ਭਿਆਨਕਤਾ ਦਾ ਜ਼ਿਕਰ ਨਾਸ਼ਮਾਨਤਾ ਰਾਹੀਂ ਕੀਤਾ ਹੈ। ਖਿਆਲਾਂ ਦੀ ਰਵਾਨਗੀ ਨਾਲ ਤੁਕਾਂ ਦੀ ਕੋਈ ਬੰਦਿਸ਼ ਨਹੀਂ ਰਹਿ ਜਾਂਦੀ। ਕਈ ਵਾਰ ਮੌਤ ਦੀ ਅਟੱਲ ਸਚਾਈ ਬਿਆਨ ਕਰਦੇ ਸਮੇਂ ਉਨ੍ਹਾਂ ਦੇ ਵਿਚਾਰਾਂ ਦਾ ਪਰਵਾਹ ਤੁਕਾਂ ਦੀ ਬੰਦਿਸ਼ ਵਿੱਚ ਨਹੀਂ ਪੈਂਦਾ:

*ਫਰੀਦਾ ਮਹਲ ਨਿਸਖਣ ਰਹਿ ਗਏ ਵਾਸਾ ਆਇਆ ਤਲਿ॥*
*ਗੋਰਾਂ ਸੇ ਨਿਮਾਣੀਆ ਬਹਸਨਿ ਰੂਹਾਂ ਮਲਿ॥*
*ਆਖੀਂ ਸੇਖਾ ਬੰਦਗੀ ਚਲਣੁ ਅਜੁ ਕਿ ਕਲਿ॥* ਪੰਨਾ ੧੩੮੨-੮੩

ਬਾਬਾ ਫਰੀਦ ਨੇ ਆਪਣੇ ਸਲੋਕਾਂ ਨੂੰ ਲਹਿੰਦੀ ਨੁਹਾਰ ਵਿਚ ਪ੍ਰਗਟਾ ਕੇ ਮਿਠਾਸ ਵਿਚ ਵਾਧਾ ਕੀਤਾ ਹੈ:

*ਫਰੀਦਾ ਜੇ ਜਾਣਾ ਤਿਲ ਥੋੜੜੇ ਸੰਮਲਿ ਬੁਕੁ ਭਰੀ॥*
*ਜੇ ਜਾਣਾ ਸਹੁ ਨੰਢੜਾ ਤਾਂ ਥੋੜਾ ਮਾਣੁ ਕਰੀ॥* ਪੰਨਾ ੧੩੭੮

ਬਾਬਾ ਫਰੀਦ ਦੇ ਸਲੋਕਾਂ ਵਿਚ ਭਾਵਾਂ ਨੂੰ ਇਤਨੀ ਸਰਲਤਾ ਨਾਲ ਪ੍ਰਗਟਾਇਆ ਹੈ ਕਿ ਉਹ ਅਟਲ ਸਚਾਈਆਂ ਦਾ ਰੂਪ ਧਾਰਨ ਕਰ ਗਏ ਹਨ:

- *ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥*
  *ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥* ਪੰਨਾ ੧੩੭੯
- *ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥*

*ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥* ਪੰਨਾ ੧੩੮੨

- *ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ॥*
  *ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ॥* ਪੰਨਾ ੧੩੮੧

ਰਾਗ ਮੁਕਤ ਬਾਣੀਆਂ ਵਿਚੋਂ ਸਭ ਤੋਂ ਪਹਿਲਾਂ ਸਥਾਨ 'ਸਲੋਕ ਸਹਸਕ੍ਰਿਤੀ' ਨੂੰ ਪ੍ਰਾਪਤ ਹੈ। 'ਸਲੋਕ ਸਹਸਕ੍ਰਿਤੀ ਮਹਲਾ ੧' ਅਧੀਨ ੪ ਸਲੋਕ ਅਤੇ 'ਸਲੋਕ ਸਹਸਕ੍ਰਿਤੀ ਮਹਲਾ ੫' ਅਧੀਨ ੬੭ ਸਲੋਕ ਦਰਜ ਹਨ। 'ਗੁਰੂ ਗ੍ਰੰਥ ਵਿਸ਼ਵ ਕੋਸ਼' ਦੇ ਕਰਤਾ ਡਾ. ਰਤਨ ਸਿੰਘ ਜੱਗੀ ਅਨੁਸਾਰ:

> *ਸਹਸਕਿਤੀ ਸ਼ਬਦ ਸੰਸਕ੍ਰਿਤ ਦਾ ਪ੍ਰਕਿਰਤਕ ਰੂਪ ਹੈ। ਇਹ ਉਸ ਭਾਸ਼ਾ ਲਈ ਵਰਤਿਆ ਜਾਂਦਾ ਹੈ ਜੋ ਸੰਸਕ੍ਰਿਤ ਦੀਆਂ ਲੀਹਾਂ ਉਤੇ ਪਾਲੀ ਤੇ ਪ੍ਰਕਿਰਤ ਦੇ ਸੰਯੋਗ ਨਾਲ ਬਣੀ ਸੀ।*[28]

ਇਸ ਭਾਸ਼ਾ ਨੂੰ ਅਧਿਆਤਮਕ ਵਿਚਾਰ ਵਟਾਂਦਰੇ ਦਾ ਸਾਧਨ ਮੰਨਿਆ ਜਾਂਦਾ ਸੀ। ਇਸ ਨੂੰ ਗਾਥਾ ਵੀ ਕਿਹਾ ਜਾਂਦਾ ਹੈ। ਗੁਰੂ ਨਾਨਕ ਸਾਹਿਬ ਦੇ ਸਹਸਕ੍ਰਿਤੀ ਸਲੋਕਾਂ ਵਿਚ ਦੰਭੀ ਪਾਖੰਡੀ ਵਿਦਵਾਨ ਪੰਡਤਾਂ ਦੀ ਜੀਵਨ ਕਿਰਿਆ ਨੂੰ ਨਿਰੂਪਣ ਕੀਤਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਲੋਕਾਂ ਦੀ ਵਰਤੋਂ ਵਖ-ਵਖ ਰੂਪਾਂ ਵਿਚ ਹੋਈ ਹੈ। ਇਹ ਸਲੋਕ ਕਈ ਬਾਣੀਆਂ ਵਿਚ ਪ੍ਰਾਪਤ ਹੁੰਦੇ ਹਨ। ਜਪੁਜੀ ਸਾਹਿਬ ਦੇ ਆਰੰਭ ਤੇ ਅੰਤ ਵਿਚ ਇਕ ਇਕ ਸਲੋਕ ਦਰਜ ਹੈ। ਪਹਿਲੇ ਸਲੋਕ ਵਿਚ ਪਰਮਾਤਮਾ ਦੇ ਸੱਚੇ ਸਰੂਪ ਦਾ ਵਰਨਣ ਕੀਤਾ ਗਿਆ ਹੈ। ਡਾ. ਜਗਬੀਰ ਸਿੰਘ ਅਨੁਸਾਰ:

> *ਸੱਚ ਦੇ ਨਾਲ ਆਦਿ, ਜੁਗਾਦਿ ਅਤੇ ਹੈ ਭੀ ਅਤੇ ਹੋਸੀ ਸ਼ਬਦਾਂ ਦਾ ਪ੍ਰਯੋਗ ਵਿਸ਼ਵ ਸੱਤਾ ਨੂੰ ਸਦੀਵਤਾ ਦੇ ਅਰਥਾਂ ਵਿਚ ਪਰਿਭਾਸ਼ਤ ਕਰਦਾ ਹੈ। ਸਮੇਂ ਦੇ ਸਾਪੇਖ ਪਾਸਾਰ ਤੋਂ ਮੁਕਤ ਇਹ ਸ਼ੁਧ ਹੋਂਦ ਦਾ ਸੰਕਲਪ ਹੈ ਜਿਸ ਨੂੰ ਨਿਰਪੇਖ ਸੱਚ ਆਖਿਆ ਜਾ ਸਕਦਾ ਹੈ।*[29]

ਗੁਰੂ ਗ੍ਰੰਥ ਸਾਹਿਬ ਵਿਚ ਸਲੋਕਾਂ ਦੀ ਵਰਤੋਂ ਆਮ ਹੋਈ ਹੈ। ਰਾਗ ਮੁਕਤ ਬਾਣੀ ਦੇ ਸਾਡੇ ਇਸ ਅਧਿਐਨ ਵਿਚ ਜਪੁਜੀ ਸਾਹਿਬ, ਸਲੋਕ ਸਹਸਕ੍ਰਿਤੀ ਮਹਲਾ ੧, ਸਲੋਕ ਸਹਸਕ੍ਰਿਤੀ ਮਹਲਾ ੫, ਸਲੋਕ ਭਗਤ ਕਬੀਰ ਕੇ, ਸਲੋਕ ਸ਼ੇਖ ਫਰੀਦ ਜੀਉ। ਸਲੋਕ ਵਾਰਾਂ ਤੇ ਵਧੀਕ ਮਹਲਾ ੧, ੩, ੪, ੫ ਅਤੇ ਸਲੋਕ ਮਹਲਾ ੯ ਆਉਂਦੇ ਹਨ। 'ਗੁਰੂ ਅਰਜਨ ਦੇਵ ਨੇ ਵਾਰਾਂ ਵਿਚ ਦਰਜ ਕਰਣ ਉਪਰੰਤ ਜੋ ੧੫੨ ਸਲੋਕ ਬਚ ਗਏ ਸਨ, ਜੋ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੇ ਅਖੀਰ ਉਪਰ ਮੁੰਦਾਵਣੀ ਤੋਂ ਪਹਿਲਾਂ ਦਰਜ ਕਰ ਦਿੱਤੇ ਸਨ।'[31] ਪ੍ਰੋ. ਸਾਹਿਬ ਸਿੰਘ ਦਾ ਵਿਚਾਰ : ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਰੀ ਬਾਣੀ ਨੂੰ ਰਾਗਾਂ ਅਨੁਸਾਰ ਤਰਤੀਬ ਦਿੱਤੀ। ਵਾਰ ਦੀ ਹਰੇਕ ਪਉੜੀ ਨਾਲ ਘਟ ਤੋਂ ਘਟ ਦੋ

ਦੋ ਮਿਲਵੇਂ ਭਾਵਾਂ ਵਾਲੇ ਸਲੋਕ ਦਰਜ ਕਰ ਦਿੱਤੇ। ਜਿਹੜੇ ਸਲੋਕ ਵਧ ਰਹਿ ਗਏ, ਉਹ ਸਤਿਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੀਰ ਵਿਚ 'ਸਲੋਕ ਵਾਰਾਂ ਤੇ ਵਧੀਕ' ਦੇ ਸਿਰਲੇਖ ਦਰਜ ਕਰ ਦਿੱਤੇ।[32] 'ਸਲੋਕ ਵਾਰਾਂ ਤੇ ਵਧੀਕ' ਸਿਰਲੇਖ ਅਧੀਨ ਗੁਰੂ ਨਾਨਕ ਦੇਵ ਦੇ ੩੩, ਗੁਰੂ ਅਮਰਦਾਸ ਦੇ ੬੭, ਗੁਰੂ ਰਾਮ ਦਾਸ ਦੇ ੩੦, ਗੁਰੂ ਅਰਜਨ ਦੇਵ ਦੇ ੨੨ ਸਲੋਕ ਦਰਜ ਹਨ। ਪਰ ਜਦੋਂ ਗੁਰੂ ਗੋਬਿੰਦ ਸਿੰਘ ਨੇ ਦਮਦਮਾ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਦਾ ਪੁਨਰ ਸੰਪਾਦਨ ਕਰਵਾਇਆ ਤਾਂ ਉਸ ਸਮੇਂ ਗੁਰੂ ਤੇਗ ਬਹਾਦਰ ਦੀ ਬਾਣੀ ਨੂੰ ਜਿਥੇ ੧੭ ਰਾਗਾਂ ਵਿਚ ਦਰਜ ਕਰਵਾਇਆ, ਉਥੇ 'ਸਲੋਕ ਮਹਲਾ ੯' ਅਧੀਨ ਗੁਰੂ ਗ੍ਰੰਥ ਸਾਹਿਬ ਦੇ ਤਤਕਰੇ ਵਿਚ ਲਿਖਵਾਏ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, *"ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮੀ ਸਾਹਿਬ ਨਵੀਂ ਬੀੜ ਰਚਣ ਸਮੇਂ ਵਾਰਾਂ ਤੋਂ ਵਧੀਕ ਸਲੋਕ ਅਤੇ ਮੁੰਦਾਵਣੀ ਮੱਧ ਨੌਮੇਂ ਸਤਿਗੁਰੂ ਜੀ ਦੇ ਸਲੋਕ ਲਿਖਵਾਏ।"* [33]

ਗੁਰੂ ਤੇਗ ਬਹਾਦਰ ਦੇ ਸਲੋਕਾਂ ਬਾਰੇ ਡਾ. ਤਾਰਨ ਸਿੰਘ ਦਾ ਵਿਚਾਰ ਹੈ, *"ਸਲੋਕ ਮਹਲਾ ੯ ਗੁਰੂ ਤੇਗ ਬਹਾਦਰ ਦੀ ਉਤਕ੍ਰਿਸ਼ਟ ਰਚਨਾ ਹਨ ਜਿਨ੍ਹਾਂ ਵਿਚ ਆਪ ਨੇ ਆਪਣਾ ਸਾਰਾ ਫਲਸਫਾ ਅਤਿ ਸਰਲ ਅਤੇ ਸੰਕੋਚਵੇਂ ਢੰਗ ਵਿਚ ਦਿੱਤਾ ਹੈ। ਇਹ ਮਹਾਨ ਰਚਨਾ ਆਪ ਦੀ ਮੁਗਲਸ਼ਾਹੀ ਜੇਲ ਵਿਚ ਕੀਤੀ ਅੰਤਿਮ ਰਚਨਾ ਹੈ। ਇਨ੍ਹਾਂ ਸਲੋਕਾਂ ਵਿਚ ਜਿਥੇ ਉਪਰਾਮਤਾ ਹੈ ਉਥੇ ਕਹਿਰਾਂ ਦਾ ਬਲ ਵੀ ਹੈ, ਜਿਥੇ ਕਠੋਰ ਅਸਲੀਅਤ ਦਾ ਵਰਨਣ ਹੈ, ਉਥੇ ਮਿੱਠਾ ਕੋਮਲ ਸੰਗੀਤ ਵੀ ਹੈ, ਜਿਥੇ ਡੂੰਘਾ ਨਿਰਾਸ਼ਾਵਾਦ ਹੈ, ਉਥੇ ਯਥਾਰਥਕ ਆਸ਼ਾਵਾਦ ਵੀ ਹੈ। ਸਮੁੱਚਾ ਭਾਵ ਇਨ੍ਹਾਂ ਸਲੋਕਾਂ ਵਿਚ ਇਹ ਹੈ ਕਿ ਸੰਸਾਰ ਨਾਸ਼ਵਾਨ ਹੈ, ਮਾਇਆ ਚਿਰਸਥਾਈ ਨਹੀਂ ਹੈ, ਇਸ ਲਈ ਜੀਵਨ ਦੇ ਮੰਤਵ ਨੂੰ ਸਮਝਣਾ ਚਾਹੀਦਾ ਹੈ।"* [34] ਸਲੋਕ ਕਾਵਿ ਰੂਪ ਨੂੰ ਵਿਸ਼ੈ ਵਸਤੂ ਦੀ ਦ੍ਰਿਸ਼ਟੀ ਤੋਂ ਇਨ੍ਹਾਂ ਨੂੰ ਪੰਜ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ- *ਪ੍ਰਭੂ ਉਸਤਤ ਸਬੰਧੀ, ਸਮਾਜਿਕ ਕੁਰੀਤੀਆਂ ਦੇ ਖੰਡਨ ਸਬੰਧੀ, ਧਾਰਮਿਕ ਕਰਮ ਕਾਂਡਾਂ ਪ੍ਰਤਿ ਉਪੇਖਿਆ ਸਬੰਧੀ, ਰਾਜਨੀਤਕ ਭ੍ਰਿਸ਼ਟਾਚਾਰ ਦੇ ਵਿਰੋਧ ਸਬੰਧੀ ਅਤੇ ਸਦਾਚਾਰ ਸਬੰਧੀ।* [35] ਡਾ. ਰਤਨ ਸਿੰਘ ਜੱਗੀ ਅਨੁਸਾਰ, *"ਸਲੋਕਾਂ ਦਾ ਵਿਸ਼ੈ ਖੇਤਰ ਬਹੁਤ ਵਿਸ਼ਾਲ ਹੈ। ... ਕੁਝ ਸਲੋਕਾਂ ਦਾ ਸਬੰਧ ਪਰਮਾਤਮਾ ਦੀ ਉਸਤਤ ਨਾਲ, ਕੁਝ ਦਾ ਭਗਤੀ ਭਾਵਨਾ ਨਾਲ ਅਤੇ ਕੁਝ ਦਾ ਚਰਿਤਰ ਨਿਰਮਾਣ ਨਾਲ ਵੀ ਹੈ।"* [36]

ਗੁਰੂ ਨਾਨਕ ਸਾਹਿਬ ਦੇ ਸਹਸਕ੍ਰਿਤੀ ਸਲੋਕਾਂ ਵਿਚ ਬ੍ਰਾਹਮਣਾਂ, ਜੋਗੀਆਂ ਤੇ ਪੰਡਿਤਾਂ ਦੁਆਰਾ ਕੀਤੇ ਦਿਖਾਵੇ ਦੇ ਕਰਮਾਂ ਦਾ ਖੰਡਨ ਕੀਤਾ ਗਿਆ ਹੈ। ਪਰਮਾਤਮਾ ਤਕ ਪੁੱਜਣ ਲਈ ਰਾਮ ਨਾਮ ਹੀ ਸਹਾਈ ਹੋ ਸਕਦਾ ਹੈ ਅਤੇ ਗੁਰੂ ਦੁਆਰਾ ਲਈ ਗੁਰੂ ਦੁਆਰਾ ਦਰਸਾਇਆ ਮਾਰਗ ਪਾ ਕੇ

ਹੀ ਉਸ ਤਕ ਪੁੱਜਿਆ ਜਾ ਸਕਦਾ ਹੈ। ਗੁਰੂ ਨਾਨਕ ਸਾਹਿਬ ਦੇ ਸਲੋਕ ਭਾਵੇਂ ਸਹਸਕ੍ਰਿਤੀ ਹੋਣ ਭਾਵੇਂ 'ਸਲੋਕ ਵਾਰਾਂ ਤੇ ਵਧੀਕ' ਉਨ੍ਹਾਂ ਸਾਰੇ ਸਲੋਕਾਂ ਵਿਚ ਗੁਰੂ ਦੀ ਲੋੜ ਉਤੇ ਜ਼ੋਰ ਦਿੱਤਾ ਗਿਆ ਹੈ:

*ਸੰਤ ਸਭਾ ਜੈਕਾਰੁ ਕਰਿ ਗੁਰਮੁਖਿ ਕਰਮ ਕਮਾਉ॥*
*ਨਿਰਮਲ ਨਾਵਣੁ ਨਾਨਕਾ ਗੁਰੁ ਤੀਰਥੁ ਦਰੀਆਉ॥* ਪੰਨਾ ੧੪੧੧

ਪ੍ਰੇਮ ਦੀ ਇਸ ਨਿਰਾਲੀ ਖੇਡ ਵਿਚ ਪ੍ਰਭੂ ਪ੍ਰੀਤ ਦੇ ਬਦਲੇ ਸੀਸ ਭੇਟ ਕਰਨ ਤੋਂ ਵੀ ਨਹੀਂ ਪਿੱਛੇ ਹਟਦੇ। ਬਾਬਾ ਫਰੀਦ ਨੇ ਅਜਿਹੇ ਭਾਵਾਂ ਨੂੰ ਇਸ ਪ੍ਰਕਾਰ ਚਿਤਰਿਆ ਹੈ ਕਿ ਚਿੱਤ ਵਿਚ ਪ੍ਰਭੂ ਨੂੰ ਮਿਲਣ ਦਾ ਪ੍ਰੇਮ ਹੋਵੇ ਤਾਂ ਰਸਤੇ ਦੀਆਂ ਮੁਸੀਬਤਾਂ ਨੂੰ ਦੇਖਣ ਦੀ ਬਜਾਏ ਦ੍ਰਿੜਤਾ ਨਾਲ ਫੈਸਲਾ ਕਰ ਲੈਣਾ ਚਾਹੀਦਾ ਹੈ:

*ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ॥*
*ਚਲਾ ਤ ਭਿਜੈ ਕੰਬਲੀ ਰਹਾਂ ਤਾਂ ਤੁਟੈ ਨੇਹੁ।*
*ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ॥*
*ਜਾਇ ਮਿਲਾ ਤਿਨਾ ਸਜਣਾ ਤੁਟਉ ਨਹੀ ਨੇਹ॥* ਪੰਨਾ ੧੩੭੯

ਗੁਰੂ ਤੇਗ ਬਹਾਦਰ ਦੇ ਸਲੋਕਾਂ ਵਿਚ ਨਿਮਨ ਅੰਕਿਤ ਦੋ ਸਲੋਕ ਇਕੋ ਜਿਹੀ ਵਿਚਾਰ ਪੱਧਤੀ ਦੇ ਹਨ:

*ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ॥*
*ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ॥*
*ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ॥*
*ਨਾਨਕ ਸਭ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ॥* ਪੰਨਾ ੧੪੨੯

ਕਈ ਵਿਦਵਾਨ ਦੂਸਰੇ ਸਲੋਕ ਨੂੰ ਗੁਰੂ ਗੋਬਿੰਦ ਸਿੰਘ ਦੀ ਰਚਨਾ ਮੰਨਦੇ ਹਨ ਕਿਉਂਕਿ ਇਨ੍ਹਾਂ ਦੋਹਾਂ ਸਲੋਕਾਂ ਦੀ ਤਥਾ ਕਥਿਤ ਵਿਰੋਧੀ ਭਾਵਨਾ ਨੇ ਹੀ ਅਜਿਹੀ ਕਲਪਨਾ ਲਈ ਪ੍ਰੇਰਿਤ ਕੀਤਾ ਹੋਵੇਗਾ। ਇਸੇ ਕਰਕੇ ਹੀ ੧੯ਵੀਂ ਸਦੀ ਵਿਚ ਲਿਖੀਆਂ ਕੁਝ ਬੀੜਾਂ ਵਿਚ 'ਮਹਲਾ ੧੦' ਅੰਕਿਤ ਕੀਤਾ ਗਿਆ ਹੈ ਪਰ ਗੁਰੂ ਤੇਗ ਬਹਾਦਰ ਵਰਗੇ ਹਿੰਦ ਦੀ ਚਾਦਰ ਅਖਵਾਏ ਜਾਣ ਵਾਲੇ ਮਹਾਂਪੁਰਸ਼ਾਂ ਤੋਂ ਢਾਹੂ ਵਿਚਾਰਾਂ ਦੀ ਆਸ ਨਹੀਂ ਕੀਤੀ ਜਾ ਸਕਦੀ। ਉਹ ਬਾਬਾ ਫਰੀਦ ਵਰਗੇ 'ਜਾਇ ਮਿਲਾ ਤਿਨਾ ਸਜਣਾ ਤੁਟਉ ਨਹੀਂ ਨੇਹੁ' ਵਾਲੀ ਅਵਸਥਾ ਵਿਚ ਆਪਣੀ ਦ੍ਰਿੜ ਪ੍ਰਤਿਗਿਆ ਦਾ ਜ਼ਿਕਰ ਕਰਦੇ ਹਨ।

ਗੁਰੂ ਅਰਜਨ ਦੇਵ ਆਪਣੇ ਸਹਸਕ੍ਰਿਤੀ ਸਲੋਕਾਂ ਵਿਚ ਮਨੁੱਖ ਨੂੰ ਪੰਜ ਵਿਕਾਰਾਂ ਹੇ ਕਾਮ ਨਰਕ ਬ੍ਰਿਸਾਮੰ, ਹੇ ਕਲਿ ਮੂਲ ਕ੍ਰੋਧੰ, ਲੋਭਾ ਲੰਪਟ ਸੰਗ ਸਿਰਮੋਰਹ, ਹੇ ਜਨਮ ਮਰਣ ਮੂਲੰ ਅਹੰਕਾਰੰ ਪਾਪਾਤਮਾ, ਤੋਂ ਬਚਣ ਦੀ ਗਲ ਕਰਦੇ ਹਨ ਉਥੇ ਭਗਤ ਕਬੀਰ ਵੀ ਮਨੁੱਖ ਨੂੰ ਇਨ੍ਹਾਂ ਵਿਕਾਰਾਂ ਤੋਂ ਦੂਰ ਰਹਿਣ ਦੀ ਪ੍ਰੇਰਣਾ ਦਿੰਦੇ ਹੋਏ ਸਾਰੀਆਂ ਬੁਰਾਈਆਂ ਅਤੇ ਜਾਤ ਪਾਤ ਦੇ ਬੰਧਨਾਂ ਤੋਂ ਉਪਰ ਉਠ ਕੇ ਪ੍ਰਮਾਤਮਾ ਦੀ ਭਗਤੀ ਵਿਚ ਲੀਨ ਹੋ ਜਾਣ ਉੱਤੇ ਜ਼ੋਰ ਦਿੰਦੇ ਹਨ। ਸ਼ੇਖ ਫਰੀਦ ਦੀ ਧਾਰਨਾ ਹੈ ਕਿ:

*ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ॥*

*ਜਿਨੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ॥* ਪੰਨਾ ੧੩੮੩

ਇਸ ਸੰਸਾਰ ਵਿਚ ਰਹਿੰਦਿਆਂ ਮਾਇਆ ਸਾਰੇ ਜੀਵਾਂ ਉੱਪਰ ਗਲਬਾ ਪਾਉਂਦੀ ਹੈ। ਜਿਸ ਨੂੰ ਭਗਤ ਕਬੀਰ ਨੇ 'ਚੋਰਟੀ' ਕਿਹਾ ਹੈ ਪਰ ਗੁਰੂ ਅਮਰਦਾਸ ਨੇ ਇਸੇ ਮਾਇਆ ਨੂੰ ਕੁੰਡਲਦਾਰ ਸੱਪ ਕਹਿ ਕੇ ਹਰਿ ਨਾਮ ਨਾਲ ਜੁੜਨ ਦੀ ਗਲ ਕੀਤੀ ਹੈ:

- *ਕਬੀਰ ਮਾਇਆ ਚੋਰਟੀ ਮੁਸਿ ਮੁਸਿ ਲਾਵੈ ਹਾਟਿ॥*
  *ਏਕੁ ਕਬੀਰਾ ਨਾ ਮੁਸੈ ਜਿਨਿ ਕੀਨੀ ਬਾਰਹ ਬਾਟ॥* ਪੰਨਾ ੧੩੬੫
- *ਮਾਇਆ ਭੁਇਅੰਗਮੁ ਸਰਪੁ ਹੈ ਜਗੁ ਘੇਰਿਆ ਬਿਖੁ ਮਾਇ॥*
  *ਬਿਖੁ ਕਾ ਮਾਰਣ ਹਰਿ ਨਾਮੁ ਹੈ ਗੁਰ ਗਰੁੜ ਸਬਦੁ ਮੁਖ ਪਾਇ॥*
  *ਜਿਨ ਕਉ ਪੂਰਬਿ ਲਿਖਿਆ ਤਿਨ ਸਤਿਗੁਰ ਮਿਲਿਆ ਆਇ॥*
  *ਮਿਲਿ ਸਤਿਗੁਰ ਨਿਰਮਲੁ ਹੋਇਆ ਬਿਖੁ ਹਉਮੈ ਗਇਆ ਬਿਲਾਇ॥*
  *ਗੁਰਮੁਖਾ ਕੇ ਮੁਖ ਉਜਲੇ ਹਰਿ ਦਰਗਹ ਸੋਭਾ ਪਾਇ॥*
  *ਜਨੁ ਨਾਨਕੁ ਸਦਾ ਕੁਰਬਾਣੁ ਤਿਨ ਜੋ ਚਾਲਹਿ ਸਤਿਗੁਰ ਭਾਇ॥* ਪੰਨਾ ੧੪੧੫

ਭਗਤ ਕਬੀਰ ਨਿਰਮਾਣਤਾ ਦਾ ਪੰਨਾ ਫੜ ਕੇ ਆਮ ਲੋਕਾਈ ਨੂੰ ਅਖੌਤੀ ਪੰਡਤਾਂ ਤੋਂ ਬਚਣ ਉੱਤੇ ਜ਼ੋਰ ਦਿੰਦੇ ਹਨ ਪਰ ਸ਼ੇਖ ਫਰੀਦ ਆਪਣੇ ਆਪ ਨੂੰ ਗੁਨਹੀ ਭਰਿਆ ਦਸਦੇ ਹਨ:

*ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ॥*

*ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ॥* ਪੰਨਾ ੧੩੮੧

ਮਨੁੱਖ ਦੇ ਅੰਦਰੋਂ ਹਉਮੈ ਦਾ ਅਭਾਵ ਹੋ ਜਾਵੇ ਤਾਂ ਫਿਰ ਆਤਮਕ ਸੁਖ ਦੀ ਪ੍ਰਾਪਤੀ ਹੋ ਜਾਂਦੀ ਹੈ ਤੇ ਗੁਰੂ ਰਾਮ ਦਾਸ ਇਸ ਅਨੰਦ ਨੂੰ ਹਿਰਦੇ ਵਿਚ ਸੰਭਾਲ ਕੇ ਰਖਣ ਦੀ ਗਲ ਕਰਦੇ ਹਨ:

*ਜਿਨ ਪਿਰੀਆ ਸਉ ਨੇਹੁ ਸੇ ਸਜਣ ਮੈ ਨਾਲਿ॥*

*ਅੰਤਰਿ ਬਾਹਰਿ ਹਉ ਫਿਰਾਂ ਭੀ ਹਿਰਦੈ ਰਖਾ ਸਮਾਲਿ॥* ਪੰਨਾ ੧੪੨੩

ਭਗਤ ਕਬੀਰ ਗੰਗਾ ਦੇ ਕਿਨਾਰੇ ਘਰ ਬਣਾ ਕੇ ਰਹਿਣ ਵਾਲੇ ਸੰਤਾਂ ਨੂੰ ਤਾੜਨਾ ਕਰਦੇ ਹਨ ਕਿ ਗੰਗਾ ਜਲ ਪੀਣ ਨਾਲੋਂ ਰਬ ਦੀ ਭਗਤੀ ਕਰਨ ਨਾਲ ਮੁਕਤੀ ਹੋ ਸਕਦੀ ਹੈ। ਗੁਰੂ ਅਮਰਦਾਸ ਆਪਣੇ ਸਲੋਕਾਂ ਵਿਚ ਇਨ੍ਹਾਂ ਆਡੰਬਰੀ ਅਤੇ ਕਰਮ ਕਾਂਡਾਂ ਕਰਨ ਵਾਲਿਆਂ ਨੂੰ ਸਖ਼ਤ ਤਾੜਨਾ ਕਰਦੇ ਹਨ। ਦੂਈ ਦਵੈਤ ਅਤੇ ਮੋਹ ਮਾਇਆ ਵਿਚ ਫਸ ਕੇ ਖ਼ੁਆਰ ਹੋਣ ਨਾਲੋਂ ਸਤਿਗੁਰੂ ਦੀ ਬਖਸ਼ਿਸ਼ ਪ੍ਰਾਪਤ ਕਰ ਕੇ ਭਲਾ ਹੋ ਸਕਦਾ ਹੈ:

*ਸਬਦ ਮਰੈ ਸੋਈ ਜਨ ਸਿਝੈ ਬਿਨੁ ਸਬਦੈ ਮੁਕਤਿ ਨ ਹੋਈ।।*

*ਭੇਖ ਕਰਹਿ ਬਹੁ ਕਰਮ ਵਿਗੁਤੇ ਭਾਇ ਦੂਜੇ ਪਰਜ ਵਿਗੋਈ।।*

*ਨਾਨਕ ਬਿਨ ਸਤਿਗੁਰ ਨਾਉ ਨ ਪਾਈਐ ਜੇ ਸਉ ਲੋਚੈ ਕੋਈ।।* ਪੰਨਾ ੧੪੧੬

ਸੰਸਾਰ ਵਿਚ ਰਹਿੰਦਾ ਹਰ ਮਨੁੱਖ ਸੁੱਖਾਂ ਦੀ ਕਾਮਨਾ ਕਰਦਾ ਹੈ ਅਤੇ ਦੁਖਾਂ ਦੀ ਨਵਿਰਤੀ ਵੀ ਚਾਹੁੰਦਾ ਹੈ। ਸਿਮਰਨ ਦੁਆਰਾ ਪ੍ਰਾਪਤ ਹੋਇਆ ਸੁਖ ਉਸਦੇ ਘਰ ਨੂੰ ਵੀ ਸਚ ਖੰਡ ਬਣਾ ਦਿੰਦਾ ਹੈ

*ਸਭ ਸੁਖ ਦਾਤਾ ਰਾਮੁ ਹੈ ਦੂਸਰ ਨਾਹਿਨ ਕੋਇ।।*

*ਕਹੁ ਨਾਨਕ ਸੁਨ ਰੇ ਮਨਾ ਤਿਹ ਸਿਮਰਤ ਗਤਿ ਹੋਇ।।* ਪੰਨਾ ੧੪੨੬

ਜੇ ਮਨੁੱਖ ਇਕਾਗਰ ਚਿੱਤ ਨਾਲ ਨਾਮ ਜਪੇ ਤਾਂ ਉਸ ਦੀ ਜ਼ਿੰਦਗੀ ਵਿੱਚ ਪਲਟਾ ਆ ਜਾਂਦਾ ਹੈ ਅਤੇ ਮਮਤਾ, ਲੋਭ ਤੇ ਮੋਹ ਨੂੰ ਛਡ ਕੇ ਆਪਣੇ ਨਾਲ ਹੋਰਨਾਂ ਨੂੰ ਵੀ ਤਾਰ ਕੇ ਲੈ ਜਾਂਦਾ ਹੈ:

*ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ।।*

*ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ।।* ਪੰਨਾ ੧੪੨੭

ਜਿਥੇ ਪੰਜ ਵਿਕਾਰਾਂ ਤੋਂ ਦੂਰ ਰਹਿ ਕੇ ਆਪਣੇ ਅੰਦਰ ਤਿੰਨ ਗੁਣ ਹੀ ਵਸਾਉਣੇ ਜ਼ਰੂਰੀ ਹਨ ਕਿਉਂਕਿ ਪਤੀ ਪਰਮਾਤਮਾ ਨੂੰ ਵੱਸ ਕਰਨ ਲਈ ਅਜਿਹੇ ਗੁਣਾਂ ਦਾ ਆਵੇਸ਼ ਬਹੁਤ ਜ਼ਰੂਰੀ ਹੈ। ਰਾਗ ਮੁਕਤ ਬਾਣੀ ਵਿੱਚ ਦਲੀਲ ਨਾਲ ਸਪਸ਼ਟ ਕਰਦੇ ਹੋਏ ਦਸਦੇ ਹਨ ਕਿ ਜਦੋਂ ਬਾਹਰੋਂ ਆਪਣੀ ਅਕਲ ਦਾ ਦਿਖਾਵਾ ਨਾ ਕਰੇ, ਆਪਣੀ ਸ਼ਕਤੀ ਦਾ ਮਾਣ ਨਾ ਕਰੇ ਅਤੇ ਕੋਲ ਕੁਝ ਵੀ ਨਾ ਹੋਣ ਤੇ ਦੂਜੇ ਦੀ ਸਹਾਇਤਾ ਕਰੇ ਤਾਂ ਉਹ ਅਸਲ ਵਿਚ ਸੱਚਾ ਮਨੁੱਖ ਹੋ ਸਕਦਾ ਹੈ। ਜਿਹੜੇ ਜਗਿਆਸੂ ਪਰਮਾਤਮਾ ਦੀ ਮਿਹਰ ਨਾਲ ਨਾਮ ਨੂੰ ਮਨ ਵਿਚ ਵਸਾ ਲੈਂਦੇ ਹਨ ਉਹਨਾਂ ਨੂੰ ਕਦੇ ਕਿਸੇ ਚੀਜ਼ ਦੀ ਕਮੀ ਨਹੀਂ ਅਉਂਦੀ। ਉਨ੍ਹਾਂ ਦੀ ਅਵਸਥਾ ਇਸ ਪ੍ਰਕਾਰ ਦੀ ਹੋ ਜਾਂਦੀ ਹੈ:

*ਤਿਚਰੁ ਮੂਲਿ ਨ ਥੁੜੀਦੋ ਜਿਚਰੁ ਆਪਿ ਕ੍ਰਿਪਾਲੁ।।*

*ਸਬਦੁ ਅਖੁਟੁ ਬਾਬਾ ਨਾਨਕਾ ਖਾਹਿ ਖਰਚਿ ਧਨੁ ਮਾਲੁ।।* ਪੰਨਾ ੧੪੨੬

ਭਗਤ ਕਬੀਰ ਦੇ ੨੪੩ ਸਲੋਕਾਂ ਵਿਚੋਂ ੫ ਸਲੋਕ ਗੁਰੂ ਸਾਹਿਬਾਨ ਦੇ ਹਨ ਜੋ ਭਾਵ ਸਮਾਨਤਾ ਅਤੇ ਸਪਸ਼ਟਤਾ ਵਜੋਂ ਕਬੀਰ ਨੂੰ ਸੰਬੋਧਨ ਕੀਤੇ ਹਨ। ਭਗਤ ਕਬੀਰ ਦਾ ਇੱਕ ਸਲੋਕ ਹੈ:

*ਕਬੀਰ ਜੋ ਮੈ ਚਿਤਵਿਉ ਨਾ ਕਰੈ ਕਿਆ ਮੇਰੇ ਚਿਤਵੇ ਹੋਇ॥*

*ਅਪਨਾ ਚਿਤਵਿਆ ਹਰਿ ਕਰੈ ਜੋ ਮੇਰੇ ਚਿਤਿ ਨ ਹੋਇ॥* ਪੰਨਾ ੧੩੭੬

ਉਹਨਾਂ ਦੇ ਭਾਵਾਂ ਨੂੰ ਸਪੱਸ਼ਟ ਕਰਦਾ ਗੁਰੂ ਅਮਰਦਾਸ ਦਾ ਸਲੋਕ ਵਿਚਾਰਨ ਯੋਗ ਹੈ:

*ਮ: ੩ ਚਿੰਤਾ ਭਿ ਆਪਿ ਕਰਾਇਸੀ ਅਚਿੰਤੁ ਭਿ ਆਪੇ ਦੇਇ॥*

*ਨਾਨਕ ਸੋ ਸਾਲਾਹੀਐ ਜਿ ਸਭਨਾ ਸਾਰ ਕਰੇਇ॥* ਪੰਨਾ ੧੩੭੬

ਬਾਬਾ ਫਰੀਦ ਦੇ ੧੩੦ ਸਲੋਕਾਂ ਵਿਚੋਂ ੧੮ ਸਲੋਕ ਗੁਰੂ ਸਹਿਬਾਨ ਦੇ ਹਨ। ਕੁਝ ਵਿਦਵਾਨ ਇਨ੍ਹਾਂ ਨੂੰ ਫਰੀਦ ਦੇ ਸਲੋਕਾਂ ਉਤੇ ਟਿੱਪਣੀ ਮੰਨਦੇ ਹਨ ਅਤੇ ਕੁਝ ਵਿਦਵਾਨਾਂ ਦਾ ਮਤ ਹੈ ਕਿ ਬਾਬਾ ਫਰੀਦ ਦੇ ਭਾਵਾਂ ਨੂੰ ਸਪਸ਼ਟ ਕਰਨ ਲਈ ਜਾਂ ਵਿਸਤਾਰ ਦੇਣ ਲਈ ਗੁਰੂ ਅਰਜਨ ਦੇਵ ਨੇ ਇਨ੍ਹਾਂ ਨੂੰ ਅੰਕਿਤ ਕੀਤਾ ਹੈ। ਬਾਬਾ ਫਰੀਦ ਦਾ ਇੱਕ ਸਲੋਕ ਹੈ:

*ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ॥*

*ਊਚੇ ਚੜ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ॥*

ਇਸ ਦੇ ਪ੍ਰਤੀ ਉੱਤਰ ਵਜੋਂ ਗੁਰੂ ਅਰਜਨ ਦੇਵ ਦਾ ਨਿਮਨ ਅੰਕਿਤ ਸਲੋਕ ਦਰਜ ਹੈ:

*ਮ: ੫॥ ਫਰੀਦਾ ਭੂਮਿ ਰੰਗਾਵਲੀ ਮੰਝਿ ਵਿਸੂਲਾ ਬਾਗ॥*

*ਜੋ ਜਨਿ ਪੀਰਿ ਨਿਵਾਜਿਆ ਤਿੰਨਾ ਅੰਚ ਨ ਲਾਗ॥* ਪੰਨਾ ੧੩੮੨

ਇਨ੍ਹਾਂ ਸਲੋਕਾਂ ਵਿਚ ਤੁਕਾਂ ਦੀ ਕੋਈ ਬੰਦਿਸ਼ ਨਹੀਂ ਹੈ। ਰਾਗ ਮੁਕਤ ਬਾਣੀ ਦੇ ਬਾਣੀਕਾਰ ਆਪਣੇ ਵਿਚਾਰ ਪੇਸ਼ ਕਰਨ ਲਈ ਕਿਧਰੇ ਵੀ ਤੁਕਾਂ ਦੀ ਗਿਣਤੀ ਦੇ ਪਾਬੰਦ ਨਹੀਂ ਹੁੰਦੇ। ਗੁਰੂ ਨਾਨਕ ਸਾਹਿਬ ਦਾ ਇਕ ਸਲੋਕ ਇਕ ਤੁਕਾ ਹੈ। 'ਲਾਹੌਰ ਸਹਰ ਜਹਰੁ ਕਹਰੁ ਸਵਾ ਪਹਿਰ॥' ਉਸੇ ਦਾ ਪ੍ਰਤੀ ਉੱਤਰ ਗੁਰੂ ਅਮਰਦਾਸ ਦਾ ਇਕ ਤੁਕਾ ਸਲੋਕ ਹੈ। 'ਲਾਹੌਰ ਸਹਰੁ ਅੰਮ੍ਰਿਤਸਰ ਸਿਫਤੀ ਦਾ ਘਰ॥' 'ਸਲੋਕ ਸਹਸਕ੍ਰਿਤੀ ਮਹਲਾ ੫' ਦੇ ੬੭ ਸਲੋਕਾਂ ਵਿੱਚ ੨ ਤੋਂ ੭ ਤਕ ਤੁਕਾਂ ਦੀ ਗਿਣਤੀ ਹੈ। ਤੁਕਾਂ ਦੇ ਅਕਾਰ ਪ੍ਰਕਾਰ ਬਾਰੇ ਕੋਈ ਨਿਸਚਿਤ ਵਿਧਾਨ ਨਹੀਂ।[37] ਭਗਤ ਕਬੀਰ ਦੇ ਸਾਰੇ ਸਲੋਕ ਦੋ ਤੁਕੇ ਹਨ। ਬਾਬਾ ਫਰੀਦ ਦੇ ਜ਼ਿਆਦਾਤਰ ਸਲੋਕ ਦੋ-ਦੋ ਤੁਕਾਂ ਦੇ ਹਨ ਪਰ ਕੁਝ ਸਲੋਕ ੩, ੪, ੬ ਅਤੇ ੮ ਤੁਕਾਂ ਦੇ ਵੀ ਹਨ। 'ਸਲੋਕ ਵਾਰਾਂ ਤੇ ਵਧੀਕ' ਸਿਰਲੇਖ ਹੇਠ ਗੁਰੂ ਨਾਨਕ ਸਾਹਿਬ ਦੇ ਜ਼ਿਆਦਾ ਸਲੋਕ ੪-੪ ਤੁਕਾਂ ਦੇ ਹਨ। ਪਰ ਕਈ ਸਲੋਕ ੫, ੬ ਅਤੇ ੭ ਤੁਕਾਂ ਵਾਲੇ ਵੀ ਹਨ। ਗੁਰੂ

ਅਮਰਦਾਸ ਦੇ ਸਲੋਕ ਦੋ ਦੋ ਤੁਕਾਂ ਦੇ ਹਨ ਪਰ ੧੨ ਤੁਕਾਂ ਤਕ ਦੇ ਸਲੋਕ ਵੀ ਮਿਲਦੇ ਹਨ। ਗੁਰੂ ਰਾਮਦਾਸ ਦੇ ੩੦ ਸਲੋਕਾਂ ਵਿਚੋਂ ਜ਼ਿਆਦਾਤਰ ੨-੨ ਤੁਕਾਂ ਦੇ ਹਨ ਪਰ ੮ ਤੁਕਾਂ ਤਕ ਦੇ ਸਲੋਕ ਵੀ ਮਿਲਦੇ ਹਨ। ਪੰਜਵੇਂ ਗੁਰੂ ਅਰਜਨ ਦੇਵ ਦੇ ੨੨ ਸਲੋਕਾਂ ਵਿਚੋਂ ਜ਼ਿਆਦਾਤਰ ਸਲੋਕ ੨-੨ ਤੁਕਾਂ ਦੇ ਹਨ ਪਰ ਇਕ ਸਲੋਕ ੬ ਤੁਕਾਂ ਦਾ ਵੀ ਹੈ। ਨੌਵੇਂ ਗੁਰੂ ਤੇਗ ਬਹਾਦਰ ਦੇ ਸਾਰੇ ਸਲੋਕ ੨-੨ ਤੁਕਾਂ ਦੇ ਹਨ। ਉਹਨਾਂ ਦੇ ਸਲੋਕਾਂ ਵਿੱਚ ਸ਼ਬਦਾਂ ਨੂੰ ਸੁਚੱਜੇ ਢੰਗ ਨਾਲ ਬੀੜਿਆ ਗਿਆ ਕਿ ਉਹਨਾਂ ਦਾ ਹਰ ਸਲੋਕ ਅਟੱਲ ਸੱਚਾਈ ਦਾ ਰੂਪ ਧਾਰਨ ਕਰ ਗਿਆ ਹੈ। ਜਿਨ੍ਹਾਂ ਵਿੱਚੋਂ ਦੋ ਸਲੋਕ ਨਿਮਨ ਅੰਕਿਤ ਹਨ:

- *ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ॥*
  *ਚਿਤਵਤ ਰਹਿਓ ਠਗਉਰ ਨਾਨਕ ਫਾਸੀ ਗਲਿ ਪਰੀ॥* ਪੰਨਾ ੧੪੨੮
- *ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥*
  *ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ॥* ਪੰਨਾ ੧੪੨੯

ਗੁਰੂ ਤੇਗ ਬਹਾਦਰ ਦੇ ਕਈ ਸਲੋਕ ਬ੍ਰਜ ਭਾਸ਼ਾ ਵਿਚ ਲਿਖੇ ਗਏ ਹਨ:

*ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ॥*

*ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ॥* ਪੰਨਾ ੧੪੨੭

ਸ਼ੇਖ ਫਰੀਦ, ਗੁਰੂ ਨਾਨਕ ਦੇਵ ਅਤੇ ਗੁਰੂ ਅਰਜਨ ਦੇਵ ਦੇ ਸਲੋਕਾਂ ਦੀ ਨੁਹਾਰ ਲਹਿੰਦੀ ਪਿਛੋਕੜ ਵਾਲੀ ਪੰਜਾਬੀ ਹੈ। ਇਹਨਾਂ ਦੀ ਵੰਨਗੀ ਇਸ ਪ੍ਰਕਾਰ ਹੈ:

ਸ਼ੇਖ ਫਰੀਦ

*ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ॥*

*ਇਹ ਤਨੁ ਲਹਰੀ ਗਡੁ ਥਿਆ ਸਚੇ ਤੇਰੀ ਆਸ॥* ਪੰਨਾ ੧੩੮੪

ਗੁਰੂ ਨਾਨਕ

*ਸੁਣਿ ਮੁੰਧੇ ਹਰਣਾਖੀਏ ਗੂੜਾ ਵੈਣੁ ਅਪਾਰੁ॥*

*ਪਹਿਲਾ ਵਸਤੁ ਸਿਞਾਣਿ ਕੈ ਤਾਂ ਕੀਚੈ ਵਾਪਾਰੁ॥* ਪੰਨਾ ੧੪੧੦

ਗੁਰੂ ਅਰਜਨ ਦੇਵ

*ਤਿਚਰੁ ਮੂਲਿ ਨ ਥੁੜੀ ਦੋ ਜਿਚਰੁ ਆਪਿ ਕ੍ਰਿਪਾਲੁ॥*

*ਸਬਦੁ ਅਖੁਟੁ ਬਾਬਾ ਨਾਨਕਾ ਖਾਹਿ ਖਰਚਿ ਧਨੁ ਮਾਲੁ॥* ਪੰਨਾ ੧੪੨੬

*"ਲੋਕ ਕਾਵਿ ਰੂਪਾਂ ਨੂੰ ਰਾਗ ਬੰਦਿਸ਼ ਤੋਂ ਇਲਾਵਾ ਛੰਦ-ਵਿਧਾਨ ਵਿਚ ਬੰਨ੍ਹ ਕੇ ਪੇਸ਼ ਕਰਨਾ, ਗੁਰੂ ਸਾਹਿਬਾਨ ਦੀ ਨਿੱਗਰ ਕਲਾਕਾਰੀ ਦਾ ਸਬੂਤ ਹੈ। ਲੋਕ ਕਾਵਿ ਰੂਪ ਅਤੇ ਛੰਦ ਸਰੂਪਾਂ ਨੂੰ ਇਕ ਥਾਂ ਬੰਨ੍ਹ ਕੇ ਰਾਗ ਬੰਦਿਸ਼ ਰਾਹੀਂ ਪੇਸ਼ ਕਰਨਾ ਉਨ੍ਹਾਂ ਦੀ ਮੌਲਿਕ ਦੇਣ ਹੈ। ਇਸ ਗਲ ਦੀ ਪੁਸ਼ਟ ਪਰਿਮਾਣ ਹੈ ਕਿ ਲੋਕ ਕਾਵਿ ਰੂਪਾਂ ਵਿਚ 'ਰਹਾਉ' ਟੇਕ ਦਾ ਅਭਾਵ ਹੈ। ਪਰ ਗੁਰੂ ਗ੍ਰੰਥ ਸਾਹਿਬ ਵਿਚ ਲੋਕ ਰੂਪ ਸਿਰਲੇਖ ਧਾਰਨੀ ਸਾਰੀਆਂ ਰਚਨਾਵਾਂ ਵਿਚ 'ਰਹਾਉ' ਦੀ ਵਰਤੋਂ ਨਹੀਂ ਹੋਈ।"* [38]

ਪਰ ਰਾਗ ਮੁਕਤ ਸਲੋਕਾਂ ਦੀ ਬਿਰਤੀ ਪ੍ਰਗੀਤਕ ਹੈ। ਸਲੋਕ ਫਰੀਦ, ਸਲੋਕ ਕਬੀਰ ਤੇ ਸਲੋਕ ਮਹਲਾ ੯ ਇਸ ਤੱਥ ਦੀ ਪੁਸ਼ਟੀ ਦਾ ਪ੍ਰਮਾਣ ਹਨ। ਇਨ੍ਹਾਂ ਦੇ ਸਾਰੇ ਸਲੋਕ ਛੋਟੇ ਅਕਾਰ ਦੇ ਨਾਲ ਨਾਲ ਆਪਣੀ ਸੁਤੰਤਰ, ਨਿੱਜੀ, ਵਿਲੱਖਣ ਹੋਂਦ ਦੇ ਧਾਰਣੀ ਹਨ। ਸਰੋਦੀ ਹੂਕ ਇਨ੍ਹਾਂ ਦਾ ਮੁਖ ਲੱਛਣ ਹੈ। ਨੌਵੇਂ ਗੁਰੂ ਨੇ ਨਿੱਜੀ ਅਨੁਭੂਤੀ ਦਾ ਪ੍ਰਗਟਾਉ ਇਸ ਢੰਗ ਨਾਲ ਕੀਤਾ ਹੈ ਕਿ ਉਹ ਸਾਨੂੰ ਸਾਰਿਆਂ ਨੂੰ ਹਲੂਣ ਜਾਂਦੀ ਹੈ। ਗੁਰੂ ਦੀ ਨਿੱਜਮੁਖਤਾ ਲੌਕਿਕ ਅਤੇ ਅਲੌਕਿਕ ਦੋਹਾਂ ਪਸਾਰਾਂ ਨਾਲ ਜੁੜੀ ਹੋਈ ਹੈ।[39] ਗੁਰੂ ਤੇਗ ਬਹਾਦਰ ਨੇ ਦੋਹਿਰਾ ਅਤੇ ਸੋਰਠਾ ਕਾਵਿ ਛੰਦਾਂ ਦੀ ਵਰਤੋਂ ਕੀਤੀ ਹੈ:

*ਰਾਮ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ॥*
*ਕਹੁ ਨਾਨਕ ਥਿਰੁ ਕਛੁ ਨਾਹੀ ਸੁਪਨੇ ਜਿਉ ਸੰਸਾਰ॥* ਪੰਨਾ ੧੪੨੯

ਇਸੇ ਤਰ੍ਹਾਂ ਸੋਰਠਾ ਛੰਦ ਵਿੱਚ ਲਿਖਿਆ ਸਲੋਕ ਵਿਚਾਰਨ ਯੋਗ ਹੈ:

*ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੀ ਭਈ॥*
*ਚਿਤਵਤ ਰਹਿਓ ਠਗਉਰ ਨਾਨਕ ਫਾਸੀ ਗਲਿ ਪਰੀ॥* ਪੰਨਾ ੧੪੨੮

ਗੁਰੂ ਰਾਮ ਦਾਸ ਦੇ ਕੁਝ ਕੁ ਸਲੋਕਾਂ ਦਾ ਤੋਲ ਦੋਹਿਰੇ ਨਾਲ ਮੇਲ ਖਾਂਦਾ ਹੈ। ਗੁਰੂ ਅਰਜਨ ਦੇਵ ਦੇ ਕੁਝ ਕੁ ਸਲੋਕਾਂ ਉਤੇ ਦੋਹਿਰੇ ਦੇ ਲੱਛਣ ਘਟਦੇ ਦੇਖੇ ਜਾ ਸਕਦੇ ਹਨ। ਸਲੋਕ ਕਾਵਿ ਰੂਪ ਬਾਰੇ ਡਾ. ਮਹਿੰਦਰ ਕੌਰ ਗਿੱਲ ਆਪਣੀ ਰਾਏ ਇਸ ਪ੍ਰਕਾਰ ਪ੍ਰਗਟ ਕਰਦੇ ਹਨ:

*"ਸਲੋਕ ਇਸ ਖਾਸ ਭਾਵ ਦਾ ਧਾਰਣੀ ਹੁੰਦਾ ਹੈ। ਸਲੋਕ ਆਮ ਤੌਰ ਤੇ ਨਿਆਇਸ਼ੀਲਤਾ ਦਾ ਪ੍ਰਦਰਸ਼ਨ ਕਰਦੇ ਹਨ। ਅਕਾਰ ਵਿਚ ਛੋਟੇ ਤਿੱਖੇ ਅਣੀਕਾਰ ਹੁੰਦੇ ਹਨ। ਸਲੋਕ ਨਾ ਤਾਂ ਉਚਾਰਨ ਕਰਨ ਵਾਲੀ ਕਵਿਤਾ ਦੇ ਅੰਤਰਗਤ ਆਉਂਦਾ ਹੈ ਤੇ ਨਾ ਹੀ ਗਾਇਨ ਸ਼ੈਲੀ ਦੇ ਅੰਤਰਗਤ। ਰਾਗੀ ਜਨ ਸਲੋਕ ਨੂੰ ਅਧਾ ਕੁ ਉਚਾਰਨ ਸ਼ੈਲੀ ਅਤੇ ਅਧਾ ਕੁ ਗਾਇਨ ਸ਼ੈਲੀ ਦੀ ਤਰਜ ਉਤੇ ਗਾਉਂਦੇ ਹਨ। ਇਸ ਨੂੰ ਮਿਸ਼ਰਤ ਹੋਈ ਦਾ ਨਾਮ ਦਿੱਤਾ ਜਾ ਸਕਦਾ ਹੈ। ਗੁਰੂ ਗ੍ਰੰਥ ਦੀ ਭੋਗ ਸਮਾਪਤੀ ਉਪਰ ਨੌਵੇਂ ਮਹਲੇ ਦੇ ਸਲੋਕ ਦਾ ਪਾਠ ਉਚਾਰਣ ਸਾਡੇ ਮਤ ਦੀ ਪੁਸ਼ਟੀ ਕਰਦਾ ਹੈ।"* [40]

ਭਗਤ ਕਬੀਰ ਦੇ ਸਲੋਕਾਂ ਨੂੰ 'ਕਬੀਰ ਗ੍ਰੰਥਾਵਲੀ' ਆਦਿ ਦੇਵਨਾਗਰੀ ਸੰਸਕ੍ਰਣਾਂ ਅੰਦਰ ਜਾਂ ਕਬੀਰ ਪੰਥੀਆਂ ਵਿਚ ਸਾਖੀ ਜਾਂ ਸਾਖੀਆਂ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। 'ਸਾਖੀ' ਉਪਦੇਸ਼ ਪ੍ਰਧਾਨ ਕਾਵਿ ਰੂਪ ਹੈ। ਨਾਥ ਪੰਥੀਆਂ ਅਤੇ ਨਿਰਗੁਣਵਾਦੀ ਸੰਤਾਂ ਨੇ ਵੈਰਾਗ, ਨੀਤੀ, ਗਿਆਨ ਅਤੇ ਮਾਨਵ ਏਕਤਾ ਦੀਆਂ ਭਾਵਨਾਵਾਂ ਪ੍ਰਗਟ ਕਰਨ ਵੇਲੇ 'ਸਾਖੀਆਂ' ਦੀ ਰਚਨਾ ਕੀਤੀ ਹੈ। ਦੋਹਿਰੇ ਦੇ ਨੇੜੇ ਤੇੜੇ ਲਿਖੀਆਂ ਇਹ ਸਾਖੀਆਂ ਹੀ ਗੁਰੂ ਗ੍ਰੰਥ ਸਾਹਿਬ ਵਿਚ 'ਸਲੋਕ' ਸਿਰਲੇਖ ਹੇਠ ਸੰਕਲਿਤ ਕੀਤੀਆਂ ਗਈਆਂ ਹਨ।[41] ਇਸ ਤਰ੍ਹਾਂ ਰਾਗ ਮੁਕਤ ਬਾਣੀ ਵਿੱਚ ਵਰਤੇ ਗਏ ਸਲੋਕ ਵਿਲੱਖਣਤਾ ਦੇ ਧਾਰਨੀ ਹਨ।

**ਸਵੱਯਾ**: ਸਵੱਯਾ ਅਸਲ ਵਿਚ ਹਿੰਦੀ ਦਾ ਛੰਦ ਹੈ। ਗੁਰੂ ਗ੍ਰੰਥ ਸਾਹਿਬ ਦੀ ਰਾਗ ਮੁਕਤ ਰਚਨਾ ਵਿਚ ਭੱਟ ਬਾਣੀ ਵਿੱਚ ੧੧ ਭੱਟਾਂ ਨੇ ਪੰਜ ਗੁਰੂ ਸਾਹਿਬਾਨ ਦੀ ਉਸਤਤ ਵਿਚ ਸਵੱਈਏ ਉਚਾਰੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਪੰਨਾ ੧੩੮੫ ਤੇ ਮੂਲ ਮੰਤ੍ਰ ੧ੴ ਤੋਂ ਗੁਰ ਪ੍ਰਸਾਦਿ ਤਕ ਉਪਰੰਤ ਸਵੱਯੇ ਸ੍ਰੀ ਮੁਖਵਾਕ ਮਹਲਾ ੫ ਦਰਜ ਹਨ। ਪੰਜਵੇਂ ਗੁਰੂ ਅਰਜਨ ਦੇਵ ਨੇ ਦੋ ਜੁਟਾਂ ਵਿਚ ਇਹ ਸਵੱਈਏ ਦਰਜ ਕੀਤੇ ਹਨ। ਜਿਨ੍ਹਾਂ ਵਿਚ ਪਰਮ ਪਰਮਾਤਮਾ ਦੀ ਉਸਤਿਤ ਗਾਈ ਹੈ। ਪ੍ਰੋ. ਪਿਆਰਾ ਸਿੰਘ ਪਦਮ 'ਸਵੱਯੇ' ਬਾਰੇ ਲਿਖਿਆ ਹੈ:

> *ਆਦਿ ਗ੍ਰੰਥ ਦੇ ਅੰਤ ਵਿਚ ਪ੍ਰਭੂ-ਮਹਿਮਾ ਅਤੇ ਗੁਰੂ ਉਸਤਤ ਦੀ ਇਕ ਖਾਸ ਬਾਣੀ ੧੧ ਭੱਟਾਂ ਨੇ ਉਚਾਰਣ ਕੀਤੀ। ਭਾਵੇਂ ਇਸਦੇ ਮੁੱਢ ਵਿਚ ਗੁਰੂ ਅਰਜਨ ਦੇਵ ਜੀ ਦੇ ਲਿਖੇ ੨੦ ਛੰਦ ਵੀ ਮਿਲਦੇ ਹਨ ਤੇ ਉਨ੍ਹਾਂ ਦਾ ਸਿਰਲੇਖ 'ਸਵੱਯੇ ਸ੍ਰੀ ਮੁਖਵਾਕ ਮਹਲਾ ੫' ਦਿੱਤਾ ਹੈ। ਪਰ ੧੧ ਭੱਟਾਂ ਦੇ ੧੫੪ ਛੰਦ 'ਸਵੱਯੇ' ਨਾਂ ਨਾਲ ਹੀ ਪ੍ਰਕਾਰੇ ਜਾਂਦੇ ਹਨ।*[42]

ਭਾਈ ਕਾਨ੍ਹ ਸਿੰਘ ਨਾਭਾ ਸਵੱਈਏ ਬਾਰੇ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਇਸ ਪ੍ਰਕਾਰ ਕਰਦੇ ਹਨ: *ਇਹ ਚਾਰ ਵਰਣਾਂ ਦਾ ਸਰਵ ਪ੍ਰਿਅ ਛੰਦ ਅਨੇਕ ਨਾਮਾਂ ਦਾ ਦੇਖੀਦਾ ਹੈ ਇਸਦੇ ਦੋ ਮੁੱਖ ਭੇਦ ਹਨ। ਮਾਤ੍ਰਿਕ ਅਤੇ ਵਰਣਿਕ, ਸਵੈਯੇ ਦੇ ਚਾਰੇ ਵਰਣਾਂ ਦਾ ਪਦਾਂਤ ਅਨੁਪ੍ਰਾਸ ਮਿਲੇ, ਤਦ ਉੱਤਮ ਹੈ। ਨਹੀਂ ਤਾਂ ਦੋ ਚਰਣਾਂ ਦਾ ਜ਼ਰੂਰ ਮਿਲਣਾ ਚਾਹੀਦੈ।*[43] ਉਦਾਹਰਣ ਲਈ ਸਵੱਯੇ ਸ੍ਰੀ ਮੁਖ ਵਾਕ ਮਹਲਾ ੫ ਨੂੰ ਵਾਚਿਆ ਜਾ ਸਕਦਾ ਹੈ:

*ਬ੍ਰਹਮਾਦਿਕ ਸਿਵ ਛੰਦ ਮੁਨੀਸਰ ਰਸਕਿ ਰਸਕਿ ਠਾਕੁਰ ਗੁਨ ਗਾਵਤ॥*
*ਇੰਦ੍ਰ ਮੁਨਿੰਦ੍ਰ ਖੋਜਤੇ ਗੋਰਖ ਧਰਣਿ ਗਗਨ ਆਵਤ ਫੁਨਿ ਧਾਵਤ॥* ਪੰਨਾ ੧੩੮੮

ਸਵੱਯਾ ਛੰਦ ਦੇ ਅਨੇਕਾਂ ਰੂਪ ਕਾਵਿ ਗ੍ਰੰਥਾਂ ਵਿਚ ਪ੍ਰਾਪਤ ਹੋਏ ਹਨ। ਪਰ ਭਾਈ ਕਾਹਨ ਸਿੰਘ ਨਾਭਾ ਨੇ ਸਿਖ ਕਾਵਯ ਵਿਚ ਪ੍ਰਾਪਤ ਛੰਦਾਂ ਦੇ ੩੪ ਰੂਪਾਂ ਦਾ ਜ਼ਿਕਰ ਕੀਤਾ ਹੈ। ਭੱਟਾਂ ਨੇ ਇਨ੍ਹਾਂ ਸਵਈਆਂ ਦੇ ਭਿੰਨ ਭਿੰਨ ਰੂਪਾਂ ਨੂੰ ਅਪਣਾਇਆ ਹੈ। ਭਾਈ ਕਾਹਨ ਸਿੰਘ ਨਾਭਾ ਦੇ ਵਰਗੀਕਰਨ ਅਨੁਸਾਰ ਸਵੱਯਾ ਦਾ ੧੫ਵਾਂ ਰੂਪ 'ਦੁਮਿਲ' ਜਿਸਦਾ ਨਾਂ ਚੰਦ੍ਰਕਲਾ ਭੀ ਹੈ। ਜੋ ਮਥੁਰਾ ਭੱਟ ਨੇ ਸਵਯੇ ਮਹਲੇ ਚਉਥੇ ਕੇ ਵਿਚ ਵਰਤਿਆ ਹੈ।[44]

*ਸੰਤਤ ਹੀ ਸਤਸੰਗਤਿ ਸੰਗ ਸੁਰੰਗ ਰਤੇ ਜਸੁ ਗਾਵਤ ਹੈ।।*

*ਧ੍ਰਮ ਪੰਥੁ ਧਰਿਓ ਧਰਨੀਧਰ ਆਪਿ ਰਹੇ ਲਿਵ ਧਾਰਿ ਨ ਧਾਵਤ ਹੈ।।*

*ਮਥੁਰਾ ਭਨਿ ਭਾਗ ਭਲੇ ਉਨ ਕੇ ਮਨ ਇਛਤ ਹੀ ਫਲ ਪਾਵਤ ਹੈ।।*

*ਰਵਿ ਕੇ ਸੁਤ ਕੋ ਤਿਨ ਤ੍ਰਾਸੁ ਕਹਾ ਜੁ ਚਰੰਨ ਗੁਰੂ ਚਿਤੁ ਲਾਵਤ ਹੈ।।* ਪੰਨਾ ੧੪੦੪

ਮਹਾਨ ਕੋਸ਼ ਦੇ ਅਨੁਸਾਰ ਇਸ ਵਿਚ ਚਾਰ ਵਰਣ ਹੁੰਦੇ ਹਨ। ਹਰ ਚਰਣ ਵਿਚ ੮ ਸਗਣ ਹੁੰਦੇ ਹਨ। ਉਪਰ ਅੰਕਿਤ ਸਵੱਯਾ ਇਨ੍ਹਾਂ ਲਛਣਾਂ ਤੇ ਪੂਰਾ ਉਤਰਦਾ ਹੈ। ਇਸ ਰਚਨਾ ਵਿਚ ਕਬਿੱਤ, ਸੋਰਠਾ, ਝੂਲਨਾ, ਰੱਡ ਦੀ ਵਰਤੋਂ ਵੀ ਕੀਤੀ ਗਈ ਹੈ। ਪ੍ਰੋ. ਪਿਆਰਾ ਸਿੰਘ ਪਦਮ ਅਨੁਸਾਰ ਸਵੈਯਾ ਦੀ ਬਹੁ ਗਿਣਤੀ ਕਰਕੇ ਇਸ ਰਚਨਾ ਨੂੰ 'ਸਵਈਏ' ਨਾਮ ਨਾਲ ਹੀ ਯਾਦ ਕੀਤਾ ਗਿਆ ਹੈ। ਪੰਜ ਗੁਰੂ ਵਿਅਕਤੀਆਂ ਦੀ ਮਹਿਮਾ ਪੰਜ ਭਾਗਾਂ ਵਿਚ ਵੰਡ ਕੇ ਕੀਤੀ ਗਈ ਹੈ।[45]

*ਗੁਰੂ ਅਮਰਦਾਸਿ ਥਿਰੁ ਥਪਿਅਉ ਪਰਗਾਮੀ ਤਾਰਣ ਤਰਣ।।*

*ਅਘ ਅੰਤਕ ਬਦੈ ਨ ਸਲ੍ਯ ਕਵਿ ਗੁਰ ਰਾਮਦਾਸ ਤੇਰੀ ਸਰਣ।।* ਪੰਨਾ ੧੪੦੬

(i)ਰੱਡ: ਗੁਰੂ ਗ੍ਰੰਥ ਸਾਹਿਬ ਦੀ ਰਾਗ ਮੁਕਤ ਬਾਣੀ ਵਿਚ ਰਡ ਦੀ ਵਰਤੋਂ ਵੀ ਕੀਤੀ ਗਈ ਹੈ! ਡਾ. ਜੱਗੀ ਅਨੁਸਾਰ, *"ਭੱਟ ਲੋਕ ਅਕਸਰ ਆਸਰਾ ਦਾਤੇ ਦੇ ਦੁਆਰਾ ਉੱਤੇ ਜੱਸਦੇ ਜੋ ਸ਼ਬਦ ਜਾਂ ਕਾਵਿ-ਬੰਦ ਉਚਾਰਦੇ ਹਨ, ਉਸ ਨੂੰ ਆਮ ਤੌਰ ਤੇ ਰੱਡ ਕਿਹਾ ਜਾਂਦਾ ਹੈ।*[46] *ਪ੍ਰੋ. ਪਿਆਰਾ ਸਿੰਘ ਪਦਮ ਅਨੁਸਾਰ ਰਡ ਵਿਚ ੪ ਚਰਣ ਹੁੰਦੇ ਹਨ। ਜਿਸ ਰਡ ਵਿਚ ਚਹੁੰ ਚਰਣਾਂ ਦਾ ਵਜਨ ਹੀ ਭਿੰਨ ਹੈ। ਸਿਰਫ਼ ਦੋ ਤੁਕਾਂ 'ਸੁਰ ਨਰ' ਅਤੇ 'ਸੋਈ ਏਕ' ਦਾ ਤੋਲ ਰਲਦਾ ਹੈ। ਪਹਿਲੇ ਚਰਣ ਵਿਚ ੪੧ ਮਾਤ੍ਰਾ ਹਨ ਤੇ ਦੂਸਰੇ ਵਿਚ ੨੬।।"*[47] ਸਵੱਈਏ ਦਾ ਆਰੰਭ ਹੋਣ ਤੋਂ ਪਹਿਲਾਂ ਸੰਪਾਦਕ ਗੁਰੂ ਅਰਜਨ ਦੇਵ ਜੀ ਨੇ 'ਰਡ' ਸਿਰਲੇਖ ਦਿੱਤਾ ਹੈ:

*ਜਿਸਹਿ ਧਾਰਿਉ ਧਰਤਿ ਅਰੁ ਵਿਉਮੁ ਅਰੁ ਪਵਣੁ ਤੇ ਨੀਰ*

*ਸਰ ਅਵਰ ਅਨਲ ਅਨਾਦਿ ਕੀਅਉ।।*

*ਸਸਿ ਰਿਖਿ ਨਿਸਿ ਸੂਰ ਦਿਨਿ ਸੈਲ ਤਰੂਅ ਫਲ ਫੁਲ ਦੀਅਉ॥॥*

*ਸੁਰਿ ਨਰ ਸਪਤ ਸਮੁਦ੍ਰ ਕਿਅ ਧਾਰਿਓ ਤ੍ਰਿਭਵਣ ਜਾਸੁ॥*

*ਸੋਈ ਏਕ ਨਾਮੁ ਹਰਿ ਨਾਮੁ ਸਤਿ ਪਾਇਓ ਗੁਰ ਅਮਰ ਪ੍ਰਗਾਸੁ॥* ਪੰਨਾ ੧੩੯੯

**(ii) ਕਬਿੱਤ**: ਇਕ ਵਰਣਿਕ ਛੰਦ ਹੈ। ਜਿਸ ਵਿਚ ਚਾਰ ਚਰਣ ਹੁੰਦੇ ਹਨ। ਹਰ ਚਰਣ ਵਿਚ ੮+੮+੮+੮ ਜਾਂ ੮+੮+੮+੭ ਭਾਵ ੩੧ ਜਾਂ ੩੨ ਵਰਣ ਹੁੰਦੇ ਹਨ। ਇਸ ਦੀ ਉਦਾਹਰਣ ਨਿਮਨ ਅੰਕਿਤ ਹੈ:

*ਵਾਹਿਗੁਰ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ॥*

*ਕਵਲ ਨੈਨ ਮਧੁਰ ਬੈਨ ਕੋਟਿ ਸੈਨ ਸੰਗ ਸੋਭ ਕਹਤ ਮਾ ਜਸੋਦ*

*ਜਿਸਹਿ ਦਹੀ ਭਾਤੁ ਖਾਹਿ ਜੀਉ॥*

*ਦੇਖਿ ਰੂਪ ਅਤਿ ਅਨੂਪੁ ਮੋਹ ਮਹਾ ਮਗਨ ਭਈ ਕਿੰਕਨੀ*

*ਸ਼ਬਦ ਝਨਤਕਾਰ ਖੇਲ ਪਾਹਿ ਜੀਉ ॥* ਪੰਨਾ ੧੪੦੨

**(iii) ਝੋਲਨਾ**: ਪ੍ਰੋ. ਪਿਆਰਾ ਸਿੰਘ ਪਦਮ ਅਨੁਸਾਰ, "ਇਹ ਵੀ ਕਬਿੱਤ ਵਾਂਗ ਵਰਣਿਕ ਛੰਦ ਦੀ ਤਰ੍ਹਾਂ ਆਇਆ ਹੈ। ਇਸ ਵਿਚ ਭੱਟ ਕੀਰਤ ਨੇ ਚੌਥੇ ਗੁਰੂ ਦੀ ਮਹਿਮਾ ਦਾ ਗਾਇਨ ਕੀਤਾ ਹੈ ਇਸ ਵਿਚ ੪ ਚਰਣ ਹੁੰਦੇ ਹਨ ਤੇ ਪ੍ਰਤੀ ਚਰਣ ੮ ਯਗਨ ਹੁੰਦੇ ਹਨ। ਪਰ ਇਸ ਝੋਲਨੇ ਵਿਚ ੫ ਚਰਨ ਹਨ।[48] ਝੋਲਨਾ ਬਾਰੇ ਡਾ. ਰਤਨ ਸਿੰਘ ਜੱਗੀ ਦਾ ਵਿਚਾਰ ਹੈ, *'ਮੂਲ ਰੂਪ ਵਿਚ ਚਾਰ ਚਰਣ ਹੁੰਦੇ ਹਨ। ਪਰ ਅੰਤਿਮ ਚਰਣ ਦਾ ਉਤਾਰੱਧ ਟੇਕ ਵਜੋਂ ਸ਼ੁਰੂ ਵਿਚ ਲਿਖਿਆ ਗਿਆ ਹੈ। ਇਨ੍ਹਾਂ ਚਰਣਾਂ ਵਿਚ ਕ੍ਰਮਵਾਰ ਮਾਤ੍ਰਾ ੪੧, ੪੬, ੪੧ ਤੇ ੪੧ ਆਈਆਂ ਹਨ।'*[49] ਮਹਾਨ ਕੋਸ਼ ਅਨੁਸਾਰ, *"ਝੋਲਨਾ ਸੰਗਿਆ ਹੈ ਜਿਸ ਝੂਲਨੇ ਦੇ ਅਰਥ ਹਨ – ਹਿੰਡੋਲਾ, ਤੀਜੇ ਰੂਪ ਵਿਚ ਚਿਤਰਿਆ ਹੈ। ਭੱਟਾਂ ਨੇ ਵਿਖਮਪਦ 'ਝੋਲਨਾ' ਰਚਿਆ ਹੈ ਜਿਸ ਦੇ ਪੰਜ ਪਦਾਂ ਵਿਚ ੨੧, ੪੧, ੪੬, ੪੧, ੪੧ ਮਾਤ੍ਰਾ ਹਨ।"*[50] ਇਸ ਤਰ੍ਹਾਂ ਗੁਰੂ ਗ੍ਰੰਥ ਪ੍ਰਕਾਸ਼ ਵਿਚ ਪ੍ਰੋ. ਪਿਆਰਾ ਸਿੰਘ ਪਦਮ ਦਾ ਕਹਿਣਾ ਹੈ ਕਿ ਭੱਟਾਂ ਦੇ ਸਵੈਯਾ ਦਾ ਵਜ਼ਨ ਇਕ ਨਹੀਂ ਠੀਕ ਸਿੱਧ ਹੋ ਜਾਂਦਾ ਹੈ।[51]

*ਗੁਰੂ ਗੁਰ ਗੁਰੂ ਗੁਰ ਗੁਰੂ ਜਪੁ ਪ੍ਰਾਨੀਅਹੁ।*

*ਸਬਦੁ ਹਰਿ ਹਰਿ ਜਪੈ ਨਾਮੁ ਨਵ ਨਿਧਿ ਅਪੈ ਰਸਨਿ*

*ਅਹਿਨਿਸਿ ਰਸੈ ਸਤਿ ਕਰਿ ਜਾਨੀਅਹੁ॥*

*ਫੁਨਿ ਪ੍ਰੇਮ ਰੰਗ ਪਾਈਐ ਗੁਰਮੁਖਹਿ ਧਿਆਈਐ*

*ਅੰਨ ਮਾਰਗ ਤਜਹੁ ਭਜਹੁ ਹਰਿ ਗਾਨੀਅਹੁ।।*

*ਬਚਨ ਗੁਰ ਰਿਦਿ ਧਰਹੁ ਪੰਚ ਭੂ ਬਸਿ ਕਰਹੁ ਜਨਮੁ ਕ੍ਰਿਾਰਿ*

*ਕੁਲ ਉਧਰਹੁ ਦ੍ਵਾਰਿ ਹਰਿ ਮਾਨੀਅਹੁ।।*

*ਜਉ ਤ ਸਭ ਸੁਖ ਇਤ ਉਤ ਤੁਮ ਬੰਛਵਹੁ*

*ਗੁਰੁ ਗੁਰੁ ਗੁਰੁ ਗੁਰੁ ਗੁਰੁ ਜਪੁ ਪ੍ਰਾਨੀਅਹੁ।।* ਪੰਨਾ ੧੪੦੦

ਜਿਸ ਤਰ੍ਹਾਂ ਸਲੋਕ ਕਿਸੇ ਉਤਮ ਬਚਨ ਨੂੰ ਕਿਹਾ ਜਾਂਦਾ ਹੈ। ਉਸੇ ਤਰ੍ਹਾਂ ਉਸਤਤ ਗੀਤ 'ਸਵੱਯਾ' ਕਹਿਲਾਉਂਦੇ ਹਨ। ਇਸ ਤਰ੍ਹਾਂ ਭੱਟ ਬਾਣੀ ਦੇ ਰੂਪ ਪਖ ਦਾ ਅਧਿਐਨ ਕਰਨ ਉਪਰੰਤ ਇਹ ਕਿਹਾ ਜਾ ਸਕਦਾ ਹੈ ਕਿ ਇਸ ਬਾਣੀ ਨੇ ਗੁਰੂ ਗ੍ਰੰਥ ਸਾਹਿਬ ਦਾ ਅੰਗ ਬਨਣਾ ਸੀ। ਉਸਤਤ ਕਾਵਿ ਦਾ ਸੁੰਦਰ ਨਮੂਨਾ ਇਹ ਆਪਣੀ ਸੁੰਦਰ ਸ਼ਬਦਾਵਲੀ ਅਨੂਠੀ ਭਾਸ਼ਾ ਸ਼ੈਲੀ ਅਤੇ ਵਖ ਵਖ ਕਾਵਿ ਛੰਦਾਂ ਅਨੁਸਾਰ ਆਪਣਾ ਅਮਿੱਟ ਪ੍ਰਭਾਵ ਛਡ ਜਾਂਦੀ ਹੈ।

**ਮਹਲਾ ੫ ਗਾਥਾ** : ਗੁਰੂ ਅਰਜਨ ਦੇਵ ਨੇ 'ਗਾਥਾ' ਅਧੀਨ ੨੪ ਸਲੋਕ ਲਿਖੇ ਹਨ। ਆਪਣੇ ਸਲੋਕਾਂ ਵਿਚ ਉਨ੍ਹਾਂ ਨੇ ਨਾਲ ਇਹ ਲਿਖ ਦਿੱਤਾ ਕਿ 'ਗਾਥਾ' ਭਾਸ਼ਾ ਬਹੁਤ ਔਖੀ ਹੈ ਜਿਸ ਨੂੰ ਕੋਈ ਵਿਰਲਾ ਹੀ ਸਮਝ ਸਕਦਾ ਹੈ 'ਗਾਥਾ ਗੂੜ ਅਪਾਰੰ ਸਮਝਣੰ ਬਿਰਲਾ ਜਨਹ' ਡਾ. ਰਤਨ ਸਿੰਘ ਜੱਗੀ ਲਿਖਦੇ ਹਨ: ਗਾਥਾ ਸ਼ਬਦ ਵੈਦਿਕ ਸੰਸਕ੍ਰਿਤ ਦਾ ਹੈ। ਰਿਗ ਵੇਦ ਵਿਚ ਇਸ ਸ਼ਬਦ ਦੀ ਵਰਤੋਂ ਅਥਗਾ 'ਗੀਤ' ਮੰਤ੍ਰ ਰੂਪ ਵਿਚ ਹੋਈ ਪ੍ਰਤੀਤ ਹੁੰਦਾ ਹੈ।[52] ਪ੍ਰੋ. ਪਿਆਰਾ ਸਿੰਘ ਪਦਮ ਲਿਖਦੇ ਹਨ: ਸੰਸਕ੍ਰਿਤ ਦਾ ਇਕ ਬਦਲਿਆ ਰੂਪ ਹੈ। ਜੋ ਪਾਣਿਨੀ ਵਿਆਕਰਣ ਦੇ ਨਿਯਮਾਂ ਦਾ ਪਾਬੰਦ ਨਹੀਂ ਸਗੋਂ ਕਈ ਥਾਂ ਪ੍ਰਕਿਰਤ ਵਿਆਕਰਣ ਦੇ ਹੇਠ ਚਲਦਾ ਹੈ ਗਾਥਾ ਕਹਾਉਂਦਾ ਹੈ।[53] ਇਨ੍ਹਾਂ ਗਾਥਾਵਾਂ ਵਿਚ ਸਿਰਫ਼ ਧਾਰਮਿਕ ਵਿਸ਼ਿਆਂ ਦਾ ਹੀ ਵਰਨਣ ਕੀਤਾ ਜਾਂਦਾ ਹੈ। ਇਨ੍ਹਾਂ ਨੂੰ ਗਾਏ ਜਾਣ ਵਾਲੇ ਮੰਤ੍ਰ ਵੀ ਕਿਹਾ ਜਾਂਦਾ ਹੈ। ਜੈਨ ਅਤੈ ਬੁਧ ਧਰਮ ਵਿਚ ਮਹਾਂਵੀਰ ਤੇ ਬੁਧ ਦੇ ਉਪਦੇਸ਼ਾਂ ਨੂੰ 'ਗਾਥਾ' ਵਿਚ ਬਿਆਨਿਆ ਜਾਂਦਾ ਹੈ। 'ਧਮਪਦ' ਬੁਧ ਧਰਮ ਦੀਆਂ ਗਾਥਾਵਾਂ ਦਾ ਸੰਗ੍ਰਹਿ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਜੈਨ ਧਰਮ ਵਿਚ ਵੀ ਜਾਤਕਾਂ ਦੇ ਅੰਤ ਉਤੇ ਸਾਰ ਸੂਚਕ ਗਾਥਾਵਾਂ ਮਿਲਦੀਆਂ ਹਨ। ਡਾ. ਰਤਨ ਸਿੰਘ ਜੱਗੀ ਅਨੁਸਾਰ: ਗਾਥਾ ਸ਼ਬਦ ਵੈਦਿਕ ਸੰਸਕ੍ਰਿਤ ਦਾ ਹੈ। ਰਿਗ ਵੇਦ ਵਿਚ ਇਸ ਸ਼ਬਦ ਦੀ ਵਰਤੋਂ 'ਗੀਤ' ਅਥਵਾ 'ਮੰਤ੍ਰ' ਰੂਪ ਵਿਚ ਹੋਈ। ਹੈ। ਵਿਉਤਪਤੀ ਦੀ ਦ੍ਰਿਸ਼ਟੀ ਤੋਂ ਇਸ ਸ਼ਬਦ ਦਾ ਅਰਥ 'ਗੀਤ' ਹੀ ਪ੍ਰਤੀਤ ਹੁੰਦਾ ਹੈ।[54] ਬੋਧੀ ਤੇ ਜੈਨੀ ਲੇਖਕ ਵਧੇਰੇ ਕਰਕੇ ਪ੍ਰਕਿਰਤ ਦਾ ਪ੍ਰਯੋਗ ਕਰਦੇ ਸਨ। ਜੋ ਬ੍ਰਾਹਮਣਾਂ ਨੂੰ ਪ੍ਰਵਾਨ ਨਹੀਂ ਸੀ ਹੁੰਦੀ। ਆਮ ਲੋਕਾਂ ਵਿਚ ਵੀ ਇਸ ਦਾ ਕੁਝ ਨਾ ਕੁਝ ਰਿਵਾਜ ਸੀ ਤਾਂ ਹੀ ਗੁਰੂ ਸਾਹਿਬ ਨੇ 'ਗਾਥਾ' ਲਿਖੀ। ਸ੍ਰੀ ਗੁਰੂ ਬਾਣੀ ਪ੍ਰਕਾਸ਼ ਦੀ ਦੂਜੀ ਸੈਂਚੀ ਵਿਚ

ਲਿਖਿਆ ਹੈ: *ਪੰਡਤਾਂ ਨੇ ਉਪਦੇਸ਼ ਸੁਨਣ ਉਪਰੰਤ ਬੇਨਤੀ ਕੀਤੀ ਕਿ ਜਿਸ ਕਰਕੇ ਇਸ ਦੇਹ ਦਾ ਝੂਠਾ ਮਾਨ ਦੂਰ ਹੋਵੇ, ਉਹ ਉਪਦੇਸ਼ ਦੇਵੋ। ਸ੍ਰੀ ਗੁਰੂ ਨੇ ਏਸ ਪ੍ਰਤੀ ਇਹ ਗਾਥਾ (ਕਥਾ) ਉਪਦੇਸ਼ ਕੀਤਾ।*[55] ਪਾਲੀ ਅਤੇ ਪ੍ਰਕਿਰਤ ਦੇ ਸੰਯੋਗ ਨਾਲ ਬਣੀ ਇਸ ਭਾਸ਼ਾ ਵਿਚ ਸਿਧਾਂ ਤੇ ਨਾਥਾਂ ਨੇ ਆਪਣੇ ਭਾਵ ਪ੍ਰਗਟਾਏ ਹਨ। ਥੇਰ ਗਾਥਾਵਾਂ ਵਿਚ ਵੈਰਾਗ ਦੇ ਭਾਵ ਉਪਜਾਏ ਗਏ ਹਨ ਅਤੇ ਥੇਰੀ ਗਾਥਾਵਾਂ ਵਿਚ ਸੁੰਦਰਤਾ ਦਾ ਚਿਤਰਨ ਪ੍ਰਾਪਤ ਹੁੰਦਾ ਹੈ। ਗੁਰੂ ਅਰਜਨ ਦੇਵ ਨੇ ਇਨ੍ਹਾਂ ਸਲੋਕਾਂ ਵਿਚ ਦਸਿਆ ਹੈ ਕਿ ਸਾਧ-ਸੰਗਤ ਵਿਚ ਜਾ ਕੇ ਪਰਮਾਤਮਾ ਦਾ ਨਾਮ ਸਿਮਰਨ ਸਦਕਾ ਹੀ ਮਨੁੱਖਾ ਦੇਹੀ ਸਫ਼ਲ ਹੋ ਸਕਦੀ ਹੈ। ਇਸ ਰਾਹੀਂ ਵਿਕਾਰ ਸਾਡਾ ਪੱਲਾ ਛੱਡ ਜਾਂਦੇ ਹਨ ਤੇ ਜੀਵਨ ਸੁਖੀ ਹੋ ਜਾਂਦਾ ਹੈ। ਸਾਧ ਸੰਗਤ ਦੁਆਰਾ ਮਨੁੱਖ ਅੰਦਰ ਅਧਿਆਤਮਕ ਵਿਚਾਰਾਂ ਦਾ ਪ੍ਰਵਾਹ ਤੇਜ਼ ਹੁੰਦਾ ਹੈ। ਅਜਿਹੇ ਵਿਅਕਤੀ ਆਪਣੇ ਨਾਲ ਹੋਰਨਾਂ ਦਾ ਵੀ ਬੇੜਾ ਪਾਰ ਕਰ ਦਿੰਦੇ ਹਨ।

**ਫੁਨਹੇ** : ਰਾਗ ਮੁਕਤ ਬਾਣੀ ਵਿਚ ਫੁਨਹੇ ਬਾਣੀ ਸੰਕਲਿਤ ਹੈ। 'ਫੁਨਹੇ' ਰਚਨਾ ਵਿਚ ਲੈਅ ਤੇ ਰਾਗ ਉਪਜਾਉਣ ਵਾਲੇ ਕਿਸੇ ਸ਼ਬਦ ਦੀ ਮੁੜ ਮੁੜ ਵਰਤੋਂ ਕੀਤੀ ਜਾਵੇ। ਫੁਨਹ (ਪੁਨਹ) ਦਾ ਅਰਥ ਹੈ ਫੇਰ ਫੇਰ, ਮੁੜ ਮੁੜ ਕੇ। ਡਾ. ਰਤਨ ਸਿੰਘ ਜੱਗੀ ਅਨੁਸਾਰ, *"ਫੁਨਹੇ ਤੋਂ ਭਾਵ ਹੈ ਫਿਰ ਜਾਂ ਦੂਜੀ ਵਾਰ। ਫੁਨਹਾ ਸੰਸਕ੍ਰਿਤ ਦੇ 'ਪੁਨਹ' ਸ਼ਬਦ ਦਾ ਤਦਭਵ ਰੂਪ ਹੈ। ਇਹ ਇਕ ਵਿਖਮ ਛੰਦ ਦਾ ਨਾਂ ਵੀ ਹੈ ਜਿਸ ਵਿਚ ਇਕ ਖਾਸ ਸ਼ਬਦ ਹਰ ਇਕ ਪਦੇ ਵਿਚ ਬਾਰ ਬਾਰ ਦੁਹਰਾਇਆ ਜਾਵੇ ਜਿਵੇਂ ਇਨ੍ਹਾਂ ਪਦਿਆਂ ਵਿਚ ਵਰਤਿਆ ਗਿਆ ਹੈ।"*[56] ਇਸ ਕਾਵਿ ਰੂਪ ਵਿਚ ਪੰਜਵੇਂ ਨਾਨਕ ਗੁਰੂ ਅਰਜਨ ਦੇਵ ਦੇ ੨੩ ਪਦੇ ਦਰਜ ਹਨ। ਇਨ੍ਹਾਂ ਵਿਚ ਇਕ ਖਾਸ ਸ਼ਬਦ 'ਹਰਿ ਹਾਂ' ਬਾਰ ਬਾਰ ਦੁਹਰਾਇਆ ਗਿਆ ਹੈ।

'ਫੁਨਹੇ' ਛੰਦ ਵਿਚ ਚਾਰ ਤੁਕਾਂ ਹੁੰਦੀਆਂ ਹਨ ਤੇ ਹਰ ਤੁਕ ਵਿਚ ੨੧ ਮਾਤ੍ਰਾ ਦਾ ਵਿਧਾਨ ਹੈ। ਪਹਿਲਾ ਵਿਸਰਾਮ ੧੧ ਤੇ ਦੂਸਰਾ ੧੦ ਉਤੇ ਹੁੰਦਾ ਹੈ। ਇਸ ਨੂੰ ਇਕ ਸ਼ਿੰਗਾਰ ਰਸੀ ਰਚਨਾ ਮੰਨਿਆ ਜਾਂਦਾ ਹੈ। ਇਨ੍ਹਾਂ ਫੁਨਹਿਆਂ ਵਿਚ ਜੀਵ ਰੂਪੀ ਇਸਤਰੀ ਦੀ ਆਤਮਕ ਜੀਵਨ ਤੇ ਰਸ ਦੀ ਕਥਾ ਨੂੰ ਬਿਆਨਿਆ ਗਿਆ ਹੈ। ਆਤਮਾ ਉਸ ਸੋਹਣੇ ਪਰਮਾਤਮਾ ਦੇ ਦਰਸ਼ਨਾਂ ਲਈ ਉਸਦੀ ਉਸਤਤ ਕਰਦੀ ਹੈ:

*ਹਾਥਿ ਕਲੰਮ ਅਗੰਮ ਮਸਤਕਿ ਲੇਖਾਵਤੀ।।*
*ਉਰਝਿ ਰਹਿਓ ਸਭ ਸੰਗਿ ਅਨੂਪ ਰੂਪਾਵਤੀ।।*
*ਉਸਤਤਿ ਕਹਨੁ ਨ ਜਾਇ ਮੁਖਹੁ ਤੁਹਾਰੀਆ।।*
*ਮੋਹੀ ਦੇਖਿ ਦਰਸੁ ਨਾਨਕ ਬਲਿਹਾਰੀਆ।।* ਪੰਨਾ ੧੩੬੧

ਪ੍ਰਭੂ ਪ੍ਰੇਮ ਦੀ ਤੀਬਰ ਭਾਵਨਾ ਨੂੰ ਪ੍ਰਗਟਾਉਣ ਲਈ ਜੀਵ ਰੂਪੀ ਇਸਤਰੀ ਅਨੇਕਾਂ ਸ਼ਿੰਗਾਰ ਕਰਕੇ ਸ਼ਰਧਾ ਰੂਪੀ ਸੇਜ ਤਿਆਰ ਕਰਕੇ ਹਿਰਦੇ ਵਿਚ ਉਸਦੇ 'ਮਸਤਿਕ ਭਾਗਿ' ਨੂੰ ਉਡੀਕਦੀ ਹੈ। ਗੁਰੂ ਦੀ ਕਿਰਪਾ ਨਾਲ ਹਰੀ ਦੇ ਮਿਲਾਪ ਹੋਣ ਤੇ ਸਾਰੇ ਔਗੁਣ ਮਿਟ ਜਾਂਦੇ ਹਨ:

*ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ॥*

*ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ॥*

*ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ॥*

*ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ॥* ਪੰਨਾ ੧੩੬੨

ਉਪਰੋਕਤ ਫੁਨਹੇ ਵਿਚ ਸ੍ਰੀ ਗੁਰੂ ਰਾਮਦਾਸ ਦੇ ਸਰੋਵਰ ਵਿਚ ਇਸ਼ਨਾਨ ਕਰਨ ਵਾਲੇ ਦੇ ਸਰੀਰਕ, ਮਾਨਸਿਕ ਤੇ ਆਤਮਕ ਦੁਖ ਕੱਟੇ ਜਾਣ ਦਾ ਚਿੱਤਰ ਉਲੀਕਿਆ ਗਿਆ ਹੈ। ਇਨ੍ਹਾਂ ਫੁਨਹਿਆਂ ਵਿਚ ਗੁਰੂ ਸਾਹਿਬ ਨੇ ਬਿਰਹਾ ਦੀ ਤੜਪ ਨੂੰ ਬੜੇ ਸੋਹਣੇ ਪ੍ਰਤੀਕਾਂ ਬਿੰਬਾਂ ਅਤੇ ਅਲੰਕਾਰਾਂ ਨਾਲ ਸੁਸਜਿਤ ਕਰਕੇ ਆਪਣੇ ਵਿਸ਼ੇ ਦਾ ਪ੍ਰਤੀਪਾਦਨ ਕੀਤਾ ਹੈ। ਉਦਾਹਰਣ ਵਜੋਂ:

*ਉਪਰਿ ਬਨੈ ਅਕਾਸੁ ਤਲੈ ਧਰ ਸੋਹਤੀ॥*

*ਦਹ ਦਿਸ ਚਮਕੈ ਬੀਜੁਲਿ ਮੁਖ ਕਉ ਜੋਹਤੀ॥*

*ਖੋਜਤ ਫਿਰਉ ਬਿਦੇਸਿ ਪੀਉ ਕਤ ਪਾਈਐ॥*

*ਹਰਿਹਾਂ ਜੇ ਮਸਤਕਿ ਹੋਵੈ ਭਾਗੁ ਤ ਦਰਸਿ ਸਮਾਈਐ॥* ਪੰਨਾ ੧੩੬੨

ਪੰਜਾਬੀ ਸ਼ਿੰਗਾਰ ਕਵਿਤਾ ਦੇ ਇਤਿਹਾਸ ਵਿਚ ਫੁਨਹੇ ਦੀ ਰਚਨਾ ਕਾਵਿਕ ਪੱਧਰ ਤੇ ਰਸ ਕਰਕੇ ਵਿਸ਼ੇਸ਼ ਸਥਾਨ ਰੱਖਦੀ ਹੈ।

**ਚਉਬੋਲੇ** : ਇਸ ਸਿਰਲੇਖ ਅਧੀਨ ਗੁਰੂ ਅਰਜਨ ਦੇਵ ਦੇ ੧੧ ਪਦੇ ਦਰਜ ਹਨ। ਇਹ ਬਾਣੀ ਚਾਰ ਭਗਤਾਂ ਸੰਮਨ, ਮੂਸਨ, ਜਮਾਲ ਤੇ ਪਤੰਗ ਪ੍ਰਤੀ ਉਚਾਰਨ ਕੀਤੀ ਗਈ ਹੈ। ਡਾ. ਤਾਰਨ ਸਿੰਘ ਅਨੁਸਾਰ: ਇਸੇ ਲਈ ਇਸ ਦਾ ਨਾਂ ਚਉਬੋਲੇ ਹੈ। ਚਉਬੋਲਿਆਂ ਵਿਚ ਸੰਮਨ ਅਤੇ ਮੂਸਨ ਨਾਲ ਸਬੰਧਿਤ ਲੋਕ-ਕਥਾ ਦਾ ਜ਼ਿਕਰ ਹੈ। ਇਸ ਲੋਕ ਕਥਾ ਦੀਆਂ ਕਥਾਨਕ ਰੂੜੀਆਂ ਦਾ ਇਤਿਹਾਸ ਢਾਈ ਹਜ਼ਾਰ ਸਾਲ ਪੁਰਾਣਾ ਦਸਿਆ ਜਾਂਦਾ ਹੈ। ਇਸ ਦਾ ਮੁੱਢ ਭਾਵੇਂ ਮਿਸਰ ਵਿਚ ਬੱਝਾ, ਪਰ ਕਾਲਾਂਤਰ ਵਿਚ ਵਖ ਵਖ ਦੇਸ਼ਾਂ ਦੇ ਸਭਿਆਚਾਰਾਂ ਵਿਚ ਇਸਦੇ ਸਰੂਪ ਅਤੇ ਕਥਾਨਕ ਵਿਚ ਕਈ ਪ੍ਰਕਾਰ ਦੇ ਅੰਤਰ ਉਪਸਥਿਤ ਹੋ ਗਏ। ਭਾਰਤ ਵਿਚ ਇਸ ਲੋਕ ਕਥਾ ਦਾ ਪ੍ਰਵੇਸ਼ ਵਪਾਰੀਆਂ ਦੇ ਆਦਾਨ ਪ੍ਰਦਾਨ ਨਾਲ ਹੋਇਆ। ਇਸ ਨੇ ਇਥੋਂ ਦੇ ਸਭਿਆਚਾਰ ਅਨੁਸਾਰ ਆਪਣਾ ਸਰੂਪ ਢਾਲ ਲਿਆ ਅਤੇ ਪਾਤਰਾਂ ਦੇ ਨਾਵਾਂ ਦਾ ਵੀ ਭਾਰਤੀਕਰਨ ਹੋ ਗਿਆ। ਸੰਸਕ੍ਰਿਤ ਦਾ'ਸੁਮਨਸ੍' (ਚੰਗੇ ਮਨ

ਵਾਲਾ) ਸ਼ਬਦ ਸੰਮਨ ਰੂਪ ਵਿਚ ਵਿਕ੍ਰਿਤ ਹੋਇਆ ਤੇ 'ਮੂਸ਼ਣ' (ਚੋਰੀ ਕਰਨਾ) ਸ਼ਬਦ ਦਾ ਅਪਭ੍ਰੰਸ਼ ਰੂਪ ਮੂਸਨ' ਬਣਿਆ। ਰਵਾਇਤ ਅਨੁਸਾਰ ਗੁਰੂ ਅਰਜਨ ਦੇਵ ਆਪਣੇ ਸਿੱਖਾਂ ਨੂੰ ਸੰਮਨ ਅਤੇ ਮੂਸਨ ਦੀ ਸਾਖੀ ਸੁਣਾਇਆ ਕਰਦੇ ਸਨ। ਪਰ ਬਾਅਦ ਵਿਚ ਪ੍ਰਚਾਰਕਾਂ ਨੇ ਬਿਨਾਂ ਕਿਸੇ ਇਤਿਹਾਸਕ ਅਧਾਰ ਤੇ ਇਨ੍ਹਾਂ ਦੋਹਾਂ ਨੂੰ ਗੁਰੂ ਅਰਜਨ ਦੇਵ ਦਾ ਸਿੱਖ ਕਹਿਣਾ ਸ਼ੁਰੂ ਕਰ ਦਿੱਤਾ। ਗੁਰੂੱ ਗ੍ਰੰਥ ਸਾਹਿਬ ਦੀ ਰਾਗ ਮੁਕਤ ਬਾਣੀ ਵਿਚ ਸੰਕਲਿਤ 'ਚਉਬੋਲੇ' ਇਨ੍ਹਾਂ ਨਾਲ ਸਬੰਧਿਤ ਦੱਸੇ ਜਾਣ ਲਗ ਪਏ ਕਿਉਂਕਿ ਇਨ੍ਹਾਂ ਚਉਬੋਲਿਆਂ ਵਿਚ ਇਨ੍ਹਾਂ ਦੋਹਾਂ ਦਾ ਨਾਮ ਉਲੇਖ ਹੋਇਆ ਹੈ:

- ਸੰਮਨ ਜਉ ਇਸ ਪ੍ਰੇਮ ਕੀ ਦਮ ਕਿਹੁ ਹੋਤੀ ਸਾਟ।। ਪੰਨਾ ੧੩੬੩
- *ਮੂਸਨ ਮਸਕਰ ਪ੍ਰੇਮ ਕੀ ਰਹੀ ਜੁ ਅੰਬਰ ਛਾਇ।।* ਪੰਨਾ ੧੩੬੪

ਸੰਮਨ ਅਤੇ ਮੂਸਨ ਦੀ ਸਾਖੀ ਇਸ ਤਰ੍ਹਾਂ ਦੱਸੀ ਜਾਂਦੀ ਹੈ ਕਿ ਸ਼ਾਹਬਾਜ਼ਪੁਰ (ਜਿਲ੍ਹਾ ਅੰਬਾਲਾ) ਦੇ ਵਸਨੀਕ ਇਹ ਦੋਵੇਂ ਪਿਉ ਪੁੱਤਰ ਸ੍ਰੀ ਗੁਰੂ ਅਰਜਨ ਦੇਵ ਦੇ ਸਿਦਕੀ ਸਿੱਖ ਸਨ। ਲਾਹੌਰ ਵਿਚ ਮਿਹਨਤ ਮਜ਼ਦੂਰੀ ਕਰਕੇ ਜੀਵਨ ਨਿਰਵਾਹ ਕਰਦੇ ਸਨ। ਉਹ ਮਾਇਕ ਤੰਗੀ ਦੇ ਬਾਵਜੂਦ ਗੁਰੂ ਜੀ ਨੂੰ ਭੋਜਨ ਕਰਾਉਣਾ ਚਾਹੁੰਦੇ ਸਨ। ਇਸ ਲਈ ਇਨ੍ਹਾਂ ਨੇ ਅਧਿਕ ਉਜਰਤ ਦਿਵਉਣ ਵਾਲੀ ਬੁਰਜ ਦੀ ਉਸਾਰੀ ਸਬੰਧੀ ਮਜ਼ਦੂਰੀ ਕਰਨੀ ਸ਼ੁਰੂ ਕਰ ਦਿੱਤੀ। ਭੋਜਨ ਕਰਾਉਣ ਵਾਲੇ ਨਿਸਚਤ ਦਿਨ ਮੂਸਨ ਪੈੜ ਤੋਂ ਹੇਠਾਂ ਡਿਗ ਕੇ ਮਰ ਗਿਆ। ਸੰਮਨ ਨੇ ਅਡੋਲ ਮਨ ਨਾਲ ਉਸਦੀ ਲੋਥ ਘਰ ਦੇ ਇਕ ਕੋਠੇ ਵਿਚ ਬੰਦ ਕਰਕੇ ਗੁਰੂ ਜੀ ਲਈ ਭੋਜਨ ਤਿਆਰ ਕੀਤਾ। ਗੁਰੂ ਜੀ ਆਏ ਅਤੇ ਉਨ੍ਹਾਂ ਨੇ ਮੂਸਨ ਬਾਰੇ ਪੁਛਿਆ। ਸੰਮਨ ਨੇ ਦਸਿਆ ਮਹਾਰਾਜ ਤੁਸੀਂ ਆਪ ਅੰਤਰਜਾਮੀ ਹੋ, ਮੈਥੋਂ ਕਿਉਂ ਪੁਛਦੇ ਹੋ। ਗੁਰੂ ਜੀ ਨੇ ਮੂਸਨ ਨੂੰ ਅਵਾਜ ਮਾਰੀ ਅਤੇ ਉਸ ਦੀ ਲੋਥ ਜ਼ਿੰਦਾ ਹੋ ਗਈ ਅਤੇ ਉਹ ਗੁਰੂ ਜੀ ਦੇ ਸਨਮੁਖ ਹਾਜ਼ਰ ਹੋ ਗਿਆ।

ਸੰਮਨ ਮੂਸਨ ਬਾਰੇ ਇਕ ਹੋਰ ਸਾਖੀ ਪ੍ਰਚਲਿਤ ਹੈ। ਉਸ ਸਾਖੀ ਵਿਚ ਗੁਰੂ ਸਾਹਿਬ ਨੂੰ ਭੋਜਨ ਕਰਾਉਣ ਸਬੰਧੀ ਸਮਾਨਤਾ ਹੈ। ਪਰ ਭੋਜਨ ਲਈ ਧਨ ਦੀ ਵਿਵਸਥਾ ਕਰਨ ਲਈ ਚੋਰੀ ਦਾ ਪ੍ਰਸੰਗ ਹੈ। ਚੋਰੀ ਗਵਾਂਢ ਦੇ ਇਕ ਘਰ ਵਿਚ ਕੀਤੀ ਜਾਂਦੀ ਹੈ। ਮੂਸਨ ਨੇ ਧਨ ਦੀ ਥੈਲੀ ਕਢ ਕੇ ਸੰਮਨ ਨੂੰ ਦੇ ਦਿੱਤੀ ਪਰ ਆਪ ਸੰਨ੍ਹ ਲਈ ਕੀਤੇ ਮਘੋਰੇ ਵਿਚ ਫਸ ਗਿਆ। ਪਕੜੇ ਜਾਣ ਤੇ ਹੋਣ ਵਾਲੀ ਨਮੋਸ਼ੀ ਤੋਂ ਡਰਦਿਆਂ ਉਸਨੇ ਆਪਣੇ ਪਿਤਾ ਨੂੰ ਸਿਰ ਵੱਢ ਕੇ ਨਾਲ ਲੈ ਜਾਣ ਲਈ ਕਿਹਾ ਅਤੇ ਉਸ ਨੇ ਇਸ ਤਰ੍ਹਾਂ ਹੀ ਕੀਤਾ। ਸਵੇਰੇ ਆਨੇ ਬਹਾਨੇ ਧੜ ਵੀ ਲੈ ਗਿਆ ਅਤੇ ਸਿਰ ਤੇ ਧੜ ਨੂੰ ਕੋਠੇ ਵਿਚ ਇਕੱਠਾ ਰੱਖ ਦਿੱਤਾ। ਜਦੋਂ ਗੁਰੂ ਜੀ ਨੇ ਭੋਜਨ ਕਰਨ ਲਈ ਆਏ ਤਾਂ ਉਪਰਲੀ ਪਹਿਲੀ

ਸਾਖੀ ਵਾਂਗ ਉਨ੍ਹਾਂ ਨੇ ਅਵਾਜ਼ ਮਾਰ ਕੇ ਮੂਸਨ ਨੂੰ ਜੀਉਂਦਾ ਕਰ ਦਿੱਤਾ।[57] ਸੰਖਿਪਤ ਮੂਲ ਮੰਤ੍ਰ ਉਪਰੰਤ ਸੰਮਨ ਨੂੰ ਸੰਬੋਧਨ ਕਰਕੇ ਗੁਰੂ ਸਾਹਿਬ ਫੁਰਮਾਉਂਦੇ ਹਨ:

*ਸੰਮਨ ਜਉ ਇਸ ਪ੍ਰੇਮ ਕੀ ਦਮ ਕਿਹੁ ਹੋਤੀ ਸਾਟ॥*

*ਰਾਵਨ ਹੁਤੇ ਸੁ ਰੰਕ ਨਹਿ ਜਿਨਿ ਸਿਰ ਦੀਨੇ ਕਾਟਿ॥*

*ਪ੍ਰੀਤਿ ਪ੍ਰੇਮ ਤਨੁ ਖਚਿ ਰਹਿਆ ਬੀਚੁ ਨ ਰਾਈ ਹੋਤ॥*

*ਚਰਨ ਕਮਲ ਮਨੁ ਬੇਧਿਓ ਬੂਝਨੁ ਸੁਰਤਿ ਸੰਜੋਗ॥* ਪੰਨਾ ੧੩੬੩

ਚਾਰ ਸਿੱਖਾਂ ਵਿਚੋਂ ਜਮਾਲ ਅਤੇ ਪਤੰਗ ਸਿੱਖਾਂ ਦੇ ਨਾਵਾਂ ਤੋਂ ਇਲਾਵਾ ਇਨ੍ਹਾਂ ਦਾ ਅਰਥ ਖੂਬੀ/ਗੁਣ ਜਾਂ ਪਤੰਗਾ ਵੀ ਕੱਢੇ ਜਾਂਦੇ ਹਨ:

- *ਲਖ ਘਾਟੀਂ ਊਂਚੌ ਘਨੋ ਚੰਚਲ ਚੀਤ ਬਿਹਾਲ॥*
  *ਨੀਚ ਕੀਚ ਨਿਮ੍ਰਿਤ ਘਨੀ ਕਰਨੀ ਕਮਲ ਜਮਾਲ॥*
- *ਮਗਨੁ ਭਇਓ ਪ੍ਰਿਅ ਪ੍ਰੇਮ ਸਿਉ ਸੂਧ ਨ ਸਿਮਰਤ ਅੰਗ॥*
  *ਪ੍ਰਗਟਿ ਭਇਓ ਸਭ ਲੋਅ ਮਹਿ ਨਾਨਕ ਅਧਮ ਪਤੰਗ॥* ਪੰਨਾ ੧੩੬੪

ਇਹ ਚਉਬੋਲੇ ਬ੍ਰਜ ਭਾਸ਼ਾ ਵਿਚ ਲਿਖੇ ਗਏ ਹਨ ਅਤੇ ਇਨ੍ਹਾਂ ਦੀ ਸ਼ਬਦ ਸਾਰਥਿਕਤਾ ਵੀ ਦੇਖਣਯੋਗ ਹੈ। ਜਗਿਆਸੂ ਲਈ ਪ੍ਰੇਮ ਅਜਿਹਾ ਸਾਧਨ ਹੈ ਜੋ ਦਵੈਤ ਨੂੰ ਮਿਟਾ ਕੇ ਰਖ ਦਿੰਦਾ ਹੈ। ਪ੍ਰੇਮ ਭਾਵ ਵਿਚ ਵਿੰਨੇ ਹੋਏ ਪ੍ਰੇਮੀ ਆਪਣੀ ਹੋਂਦ ਨੂੰ ਭੁਲਾ ਬੈਠਦੇ ਹਨ। ਮਨੁੱਖ ਦੀ ਆਤਮਾ ਲੌਕਿਕ ਵਸਤੂਆਂ ਦੀ ਖੋਜ ਵਿਚ ਨਹੀਂ ਪੈਂਦੀ ਸਗੋਂ ਉਸ ਪਰਮ ਤੱਤ ਵਿੱਚ ਇਕਮਿਕ ਹੋਣ ਲਈ ਤਰਲੋ ਮੱਛੀ ਹੁੰਦੀ ਹੈ। ਜਿਹੜੇ ਸਾਧਕ ਆਪਣਾ ਮਨ ਉਸ ਪ੍ਰਭੂ ਪਰਮਾਤਮਾ ਨਾਲ ਜੋੜ ਲੈਂਦੇ ਹਨ ਉਹ ਹਰ ਪਾਸਿਉਂ ਆਪਣਾ ਨਾਤਾ ਤੋੜ ਕੇ ਆਤਮ ਸਮਰਪਣ ਰਾਹੀਂ ਸਿਰਫ਼ ਉਸ ਦੇ ਹੋ ਜਾਂਦੇ ਹਨ:

*ਜਾ ਕੋ ਪ੍ਰੇਮ ਸੁਆਉ ਹੈ ਚਰਨ ਚਿਤਵ ਮਨ ਮਾਹਿ॥*

*ਨਾਨਕ ਬਿਰਹੀ ਬ੍ਰਹਮ ਕੇ ਆਨ ਨ ਕਤਹੂ ਜਾਇ॥* ਪੰਨਾ ੧੩੬੪

ਸਮੁੰਦਰਾਂ, ਪਰਬਤਾਂ, ਜੰਗਲਾਂ, ਬਣਾਂ ਜਾਂ ਧਰਤੀ ਦੇ ਨੌ ਖੰਡਾਂ ਦਾ ਗਾਹੁਣਾ ਤਾਂ ਪ੍ਰੀਤਮ ਦੇ ਪ੍ਰੇਮ ਵਿਚ ਪੁੱਟੇ ਇਕ ਕਦਮ ਦੀ ਬਰਾਬਰੀ ਵੀ ਨਹੀਂ ਕਰ ਸਕਦਾ। ਉਸ ਲਈ ਸੰਸਾਰਕ ਵਸਤੂਆਂ ਮਹੱਤਵ ਹੀਣ ਹੋ ਜਾਂਦੀਆਂ ਹਨ ਕਿਉਂਕਿ ਪ੍ਰਭੂ ਪ੍ਰੇਮ ਦੇ ਸਾਹਮਣੇ ਸਭ ਕੁਝ ਤੁੱਛ ਜਾਪਦਾ ਹੈ। ਸੰਸਾਰ ਦੇ ਸਾਰੇ ਜਪ, ਤਪ, ਸੰਜਮ, ਖੁਸ਼ੀ, ਸੁਖ, ਮਾਨ, ਮਹੱਤਵ ਅਤੇ ਹੰਕਾਰ ਨੂੰ ਉਸ ਪ੍ਰਮਾਤਮਾ ਦੇ ਇਕ ਛਿਣ ਦੇ ਪ੍ਰੇਮ ਦੇ ਖਾਤਰ ਵਾਰਿਆ ਜਾ ਸਕਦਾ ਹੈ:

*ਜਪ ਤਪ ਸੰਜਮ ਹਰਖ ਸੁਖ ਮਾਨ ਮਹਤ ਅਰੁ ਗਰਬ॥*

ਅਨੁਭਵ ਰਾਹੀਂ ਪ੍ਰਾਪਤ ਕੀਤੇ ਪਰਮਾਨੰਦ ਨੂੰ ਪ੍ਰੇਮ ਬਿਆਨ ਹੀ ਨਹੀਂ ਕੀਤਾ ਜਾ ਸਕਦਾ। ਪ੍ਰਭੂ ਦੀ ਕਿਰਪਾ ਨਾਲ ਸੰਜੋਗ ਦੀ ਅਵਸਥਾ ਸਿਰਫ਼ ਮਾਣੀ ਹੀ ਜਾ ਸਕਦੀ ਹੈ।

**ਮੁੰਦਾਵਣੀ** : 'ਮੁੰਦਾਵਣੀ' ਸ੍ਰੀ ਗੁਰੂ ਅਰਜਨ ਦੇਵ ਦੀ ਅਦੁੱਤੀ ਰਚਨਾ ਹੈ। 'ਮੁੰਦਾਵਣੀ' ਦੇ ਸ਼ਾਬਦਿਕ ਅਰਥ 'ਮੁਦ੍ਣ' ਅਰਥਾਤ ਮੁਹਰ ਛਾਪ ਲਾਣ ਦੀ ਕਿਰਿਆ ਜਾਂ ਬੁਝਾਰਤ ਵਜੋਂ ਪ੍ਰਾਪਤ ਹੁੰਦੇ ਹਨ। ਇਹ ਸੰਸਕ੍ਰਿਤ ਸ਼ਬਦ 'ਮੁੰਦਿ' ਭਾਵ ਪ੍ਰਸੰਨ ਕਰਨ ਅਤੇ ਉਸਦੇ ਬਹੁ-ਵਚਨ 'ਮੁਦਿਤਾ' ਤੋਂ ਬਣਿਆ ਹੈ ਜਿਸਦਾ ਭਾਵ ਹੈ 'ਆਤਮਿਕ ਪ੍ਰਸੰਨਤਾ ਦੇਣ ਵਾਲੀ ਵਸਤੂ'। ਪੰਜ ਪਦਿਆਂ ਵਿਚਲਾ ਇਹਦਾ ਸਿਰਜਣਾਤਮਕ ਜਗਤ, ਅਸੀਮ ਅਤੇ ਅਪਰੰਪਾਰ ਰਚਨਾਤਮਕ ਜਗਤ ਨਾਲ ਵਿਧੀਵਤ ਢੰਗ ਨਾਲ ਜੁੜਨ ਅਤੇ ਆਤਮ ਪ੍ਰਕਾਸ਼ ਵਿਹਾਜਣ ਦਾ ਮਾਰਗ ਹੈ, ਦੈਵੀ ਗ੍ਰੰਥ ਦੇ ਸੰਕਲਨ ਉਪਰੰਤ ਲਗੀ ਦੈਵੀ ਮੁਹਰ ਹੈ।[58] ਭਾਈ ਕਾਹਨ ਸਿੰਘ ਨਾਭਾ ਅਨੁਸਾਰ:

> *ਭਾਰਤ ਵਿਚ ਰੀਤਿ ਹੈ ਕਿ ਮਹਾਰਾਜਿਆਂ ਦੇ ਖਾਨ ਪੀਨ ਦਾ ਪ੍ਰਬੰਧ ਕਰਨ ਵਾਲਾ ਸਰਦਾਰ, ਆਪਣੇ ਸਾਹਮਣੇ ਭੋਜਨ ਤਿਆਰ ਕਰਵਾ ਕੇ ਦੇਗਚੇ ਆਦਿ ਬਰਤਨਾਂ ਉਪਰ ਮੁਹਰ ਲਾ ਦਿੰਦਾ ਹੈ, ਤਾਂ ਕਿ ਕੋਈ ਅਸ਼ੁਭ ਚਿੰਤਕ ਜ਼ਹਿਰ ਆਦਿ ਭੋਜਨ ਵਿਚ ਨਾ ਮਿਲਾ ਸਕੇ, ਫੇਰ ਜਦ ਥਾਲ ਪਰੋਸਦਾ ਹੈ ਤਦ ਵੀ ਥਾਲ ਪੁਰ ਸਰਪੋਸ਼ ਦੇ ਕੇ ਮੋਹਰ ਲਾ ਦਿੰਦਾ ਹੈ। ਅਰ ਉਹ ਮੁਹਰ ਜ਼ਿਮੇਵਾਰ ਸਰਦਾਰ ਦੇ ਰੂਬਰੂ ਮਹਾਰਾਜਾ ਦੇ ਸਨਮੁਖ ਖੋਲੀ ਜਾਂਦੀ ਹੈ।*[59]

ਪ੍ਰੋ. ਪਿਆਰਾ ਸਿੰਘ ਪਦਮ ਦੇ ਵਿਚਾਰ ਅਨੁਸਾਰ,"ਰਾਜੇ ਮਹਾਰਾਜਿਆਂ ਦਾ ਭੋਜਨ ਕਿਸੇ ਵਿਸ਼ੇਸ਼ ਅਧਿਕਾਰੀ ਦੀ ਨਿਗਰਾਨੀ ਵਿਚ ਬਣਦਾ ਸੀ ਤੇ ਥਾਲ ਪਰੋਸ ਕੇ ਉਤੇ ਮੋਹਰ ਲਾ ਦਿੱਤੀ ਜਾਂਦੀ ਸੀ ਕਿ ਕੋਈ ਦੋਖੀ ਹਾਨੀਕਾਰਕ ਜਾਂ ਵਾਧੂ ਚੀਜ਼ ਨਾ ਮਿਲਾ ਸਕੇ।"[60] ਤੀਜੇ ਗੁਰੂ ਅਮਰਦਾਸ ਨੇ ਇਸ ਸ਼ਬਦ ਦੀ ਵਰਤੋਂ ਬੁਝਾਰਤ ਦੇ ਅੱਖਰਾਂ ਵਿਚ ਕੀਤੀ ਹੈ: 'ਏਹ ਮੁਦਾਵਣੀ ਸਤਿਗੁਰ ਪਾਈ ਗੁਰਸਿਖਾ ਲਧੀ ਭਾਲ' ਧਨੀ ਪੋਠੋਹਾਰ ਵਿਚ ਜੰਞ ਦੇ ਰੋਟੀ ਖਾਣ ਸਮੇਂ ਰੀਤ ਅਨੁਸਾਰ ਬੰਨ੍ਹੀ ਹੋਈ ਥਾਲੀ ਨੂੰ ਮੁੰਦਾਵਣੀ ਕਿਹਾ ਜਾਂਦਾ ਹੈ।[61] ਇਸ ਰਚਨਾ ਦੇ ਪਹਿਲੇ ਪਦੇ ਦਾ ਸ਼ਬਦ 'ਥਾਲ' ਵਿਸ਼ੇਸ਼ ਪ੍ਰਸੰਗ ਰਖਦਾ ਹੈ। ਸ਼ਾਹੀ ਭੋਜ ਵਿਚ ਛਤੀਹ ਪਦਾਰਥ ਪਰੋਸੇ ਜਾਂਦੇ ਹਨ ਜਿਨ੍ਹਾਂ ਵਿਚ ਖੱਟੇ, ਮਿੱਠੇ ਸਭ ਤਰ੍ਹਾਂ ਦੇ ਪਦਾਰਥ ਪਰੋਸੇ ਜਾਂਦੇ ਹਨ। ਗੁਰਬਖਸ਼ ਸਿੰਘ ਕੇਸਰੀ 'ਸੰਖਿਆ ਕੋਸ਼' ਵਿਚ ਇਨ੍ਹਾਂ 36 ਪਦਾਰਥਾਂ ਦੀ ਸੂਚੀ ਇਸ ਪ੍ਰਕਾਰ ਹੈ:

*ਸਭ ਤਰ੍ਹਾਂ ਦੀ ਰੋਟੀ, ਹਰ ਤਰ੍ਹਾਂ ਦੀ ਪੂੜੀ, ਕਚੌਰੀ, ਪੂੜੇ, ਹਰ ਪ੍ਰਕਾਰ ਦੇ ਚਾਵਲ, ਦਾਲਾਂ, ਸਾਗ, ਤਰਕਾਰੀ, ਭੁਰਜੀਆਂ, ਕੜ੍ਹੀ, ਵੜੀਆਂ, ਸੇਵੀਆਂ, ਖਿਚੜੀ, ਸਭ ਤਰ੍ਹਾਂ ਦੀਆਂ ਸਲੂਣੀਆਂ ਚੀਜ਼ਾਂ, ਚਨੇ, ਪਕੌੜੇ, ਚਟਨੀਆਂ, ਅਚਾਰ, ਮੁਰੱਬੇ, ਬੂੰਦੀ ਭੱਲੇ, ਦਹੀਂ ਅਤੇ ਰਾਇਤੇ, ਪਾਪੜ, ਕੜਾਹ, ਖੀਰ, ਸਤੂ, ਪੰਜੀਰੀ, ਚੂਰਮਾ, ਲੱਡੂ, ਜਲੇਬੀ, ਅੰਮ੍ਰਿਤੀ, ਪੇੜਾ ਤੇ ਸ਼ੀਰਨੀਆਂ, ਰਬੜੀ, ਮਲਾਈ, ਮਿਸਰੀ, ਕਾਂਜੀ, ਫਲ, ਮੇਵੇ, ਮਠੇ-ਮੱਠੀ, ਫੇਣੀਆਂ, ਘੇਵਰ ਅਤੇ ਚੂਰਨ ਆਦਿ।*[62]

ਡਾ. ਜਤਿੰਦਰਪਾਲ ਸਿੰਘ ਜੌਲੀ ਅਨੁਸਾਰ: ਗੁਰੂ ਗ੍ਰੰਥ ਸਾਹਿਬ ਵਿਚ ਇਕ ਥਾਲ ਹੈ। ਜਿਸ ਵਿਚ ਛੱਤੀ ਮਹਾ ਪੁਰਖਾਂ ਦੀ ਬਾਣੀ ਦਰਜ ਹੈ। ਉਹਨਾਂ ਰਾਹੀਂ ਵਿਆਪੀ ਇਹ ਧੁਰ ਕੀ ਬਾਣੀ ਲੌਕਿਕ ਤੋਂ ਪਾਰਲੌਕਿਕ ਜਗਤ ਤਕ ਦੀ ਨਿਸ਼ਾਨਦੇਹੀ 'ਕਥ' ਰਾਹੀਂ ਕਰਦੀ ਹੈ। ਕਥ 'ਵਥ' ਦੀ ਪੱਧਰ ਤੇ ਉਜਾਗਰ ਹੋਇਆ ਹੈ। ਵਥ ਤੇ ਕਥ ਦਾ ਜਲੌ ਲੌਕਿਕਤਾ ਵਿਚੋਂ ਪਾਰਲੌਕਿਕਤਾ ਦੇ ਦੀਦਾਰ ਕਰਵਾਉਂਦਾ ਹੈ।[63] ਪਰ ਰਾਗ ਮੁਕਤ ਬਾਣੀ ਵਿੱਚ ਗੁਰੂ ਅਰਜਨ ਦੇਵ ਦੁਆਰਾ ਰਚਿਤ ਮੁੰਦਾਵਣੀ ਵਿਚ ਸਾਰੇ ਅਰਥ ਥਾਲੀ ਪਰੋਸਣ, ਬੁਝਾਰਤ ਪਾਉਣ ਤੇ ਮੋਹਰ ਲਾਉਣ ਦੇ ਇਕੋ ਵੇਲੇ ਸਾਰਥਕ ਹੁੰਦੇ ਹਨ। ਮੁੰਦਾਵਣੀ ਮੋਹਰ ਵਜੋਂ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਦਾ ਲਖਾਇਕ ਹੈ, ਥਾਲ ਪਰੋਸਣਾ ਅਧਿਆਤਮਕ ਸਮਾਜਿਕ ਤੇ ਕਲਾਤਮਕ ਵਸਤੂਆਂ ਨਾਲ ਭਰਪੂਰ ਅਤੇ ਬੁਝਾਰਤ ਖੋਲ੍ਹਣਾ ਹੈ। ਮਹਿੰਦਰ ਕੌਰ ਗਿੱਲ ਇਸ ਨੂੰ 'ਦਾਰਸ਼ਨਿਕ ਬੁਝਾਰਤ' ਕਹਿੰਦੇ ਹਨ। ਜਿਸਨੂੰ ਸਤਿ, ਸੰਤੋਖ ਤੇ ਵਿਚਾਰ ਨਾਲ ਖੋਲ੍ਹਿਆ ਜਾ ਸਕਦਾ ਹੈ। ਇਸ ਤਰ੍ਹਾਂ ਗੁਰੂ ਸਾਹਿਬ ਨੇ ਮੁੰਦਾਵਣੀ ਦੀ ਰਚਨਾ ਦੁਆਰਾ ਮਹਾਨ ਭਾਵਾਂ ਦਾ ਸੰਚਾਰ ਕੀਤਾ ਗਿਆ ਹੈ।

**ਰਾਗ ਮਾਲਾ**: ਗੁਰੂ ਗ੍ਰੰਥ ਸਾਹਿਬ ਵਿਚ ਮੁੰਦਾਵਣੀ ਦੇ ਦੋ ਸਲੋਕਾਂ ਉਪਰੰਤ ੧੪੨੯ ਅੰਕ ਉਤੇ ਰਾਗ ਮਾਲਾ ਆਰੰਭ ਹੁੰਦੀ ਹੈ। ਰਾਗ ਮਾਲਾ ਦੇ ਸਬੰਧ ਵਿਚ ਵਿਦਵਾਨਾਂ ਦੇ ਵਖ-ਵਖ ਵਿਚਾਰ ਹਨ। ਰਾਗ ਮਾਲਾ ਦੀ ਰਚਨਾ ਦੇ ਸਬੰਧ ਵਿਚ ਕੀਤੇ ਜਾਂਦੇ ਸੰਦੇਹ ਮੁਤਾਬਿਕ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਕੀ ਜੁਗਤ ਅਨੁਸਾਰ ਗੁਰੂ ਅਰਜਨ ਦੇਵ ਨੇ ਆਦਿ ਗ੍ਰੰਥ ਦੀ ਬਾਣੀ ਦੇ ਹਰ ਸ਼ਬਦ ਦੇ ਅੰਤ ਉੱਤੇ ਰਚਨਹਾਰੇ ਦਾ ਸੰਕੇਤ ਦਿੱਤਾ ਹੈ। ਗੁਰੂ ਸਾਹਿਬਾਨ ਦੀ ਬਾਣੀ ਨੂੰ ਮਹਲੇ ਦੇ ਅੰਕਾਂ ਨਾਲ ਸਪਸ਼ਟ ਕੀਤਾ ਹੈ ਪਰ ਰਾਗ ਮਾਲਾ ਵਿਚ ਨਾ ਤਾਂ ਨਾਨਕ ਪਦ ਹੀ ਆਇਆ ਹੈ ਤੇ ਨਾ ਹੀ ਕਿਸੇ ਹੋਰ ਦਾ ਨਾਮ। ਜੇ ਇਹ ਗੁਰੂ ਅਰਜਨ ਦੇਵ ਦੀ ਰਚਨਾ ਹੁੰਦੀ ਤਾਂ ਇਸ ਉਪਰ ਮਹਲਾ ੫ ਜ਼ਰੂਰ ਲਿਖਿਆ ਹੋਣਾ ਸੀ। ਪਰ 'ਮੁੰਦਾਵਣੀ' ਦੇ ਕਰਤਾ ਗਿਆਨੀ ਗੁਰਦਿਤ ਸਿੰਘ ਅਨੁਸਾਰ ਕਿਸੇ ਦੀ ਕਾਰਜ ਦਾ

ਆਰੰਭ ਤੇ ਸਮਾਪਤੀ ਮਹੱਤਵਪੂਰਨ ਕਾਰਜ ਮੰਨੇ ਜਾਂਦੇ ਹਨ। ਉਨ੍ਹਾਂ ਨੇ ਬੜੇ ਭਾਵ ਪੂਰਤ ਸ਼ਬਦਾਂ ਵਿਚ ਗੁਰੂ ਗ੍ਰੰਥ ਸਾਹਿਬ ਦੇ ਭੋਗ ਸਮੇਂ ਦੀ ਸਥਿਤੀ ਨੂੰ ਬਿਆਨਿਆ ਹੈ। ਸਾਰੀ ਸੰਗਤ ਪ੍ਰੇਮ ਨਾਲ ਨੌਵੇਂ ਮਹੱਲੇ ਦੇ ਸਲੋਕਾਂ ਨੂੰ ਸੁਣਦੀ ਹੈ। ਧਰਮ ਦੀ ਖਾਤਰ ਸੀਸ ਭੇਟ ਕਰਨ ਵਾਲੇ ਗੁਰੂ ਦੀ ਯਾਦ ਨੂੰ ਆਪਣੇ ਮਨ ਵਿਚ ਵਸਾ ਕੇ ਉਨ੍ਹਾਂ ਦੇ ਵੈਰਾਗਮਈ ਸ਼ਲੋਕ ਢਹਿੰਦੇ ਮਨਾਂ ਨੂੰ ਧੀਰਜ ਬੰਨ੍ਹਾਉਂਦੇ ਹਨ। ਮਨ ਦਾ ਅੰਦਰਲਾ ਭਾਂਡਾ ਸੋਧਿਆ ਸੁਆਰਿਆ ਜਾਂਦਾ ਹੈ। ਉਸ ਪਰਮਾਤਮਾ ਦਾ ਸ਼ੁਕਰਾਨਾ ਅਜਿਹੇ ਭਾਵ ਨਾਲ ਕੀਤਾ ਜਾਂਦਾ ਹੈ ਕਿ ਗੁਣਵਾਨ ਵੀ ਨਿਰਗੁਣਆਰਾ ਸਮਝ ਕੇ ਕੁਝ ਕਹਿਣ ਲਈ ਨਿਰਮਾਣ ਹੋ ਕੇ ਬੈਠ ਜਾਂਦੇ ਹਨ। ਗੁਰੂ ਅੱਗੇ ਯਾਚਨਾ ਕੀਤੀ ਜਾਂਦੀ ਹੈ ਕਿ ਪ੍ਰਭੂ ਆਪਣੇ ਨਾਮ ਦਾ ਅਧਾਰ ਬਖਸ਼ੋ। ਇਹ ਮੁੰਦਾਵਣੀ ਦੇ ਸ਼ਬਦਾਂ ਦਾ ਭਾਵ ਹੈ।[64] ਇਸ ਮੁਬਾਰਕ ਸਮੇਂ ਜਦੋਂ ਪ੍ਰੇਮੀਆਂ, ਜਗਿਆਸੂਆਂ ਤੇ ਗੁਰਮੁਖ ਗੁਰਸਿੱਖਾਂ ਦੇ ਮਨੋਭਾਵ ਸ਼ਰਧਾ ਤੇ ਪੁੱਜੇ ਹੁੰਦੇ ਹਨ ਤਾਂ ਇਕਦਮ ਹੈਰਾਨ ਕਰਨ ਵਾਲੇ ਬੋਲਾਂ ਨਾਲ ਬੱਝੇ ਜ਼ੋਰ ਦੇ ਅਵਾਜ਼ੇ ਆਉਣ ਲਗਦੇ ਹਨ:

*ਪ੍ਰਥਮ ਰਾਗ ਭੈਰਉ ਵੈ ਕਰਹੀ॥*

*ਪੰਚ ਰਾਗਨੀ ਸੰਗਿ ਉਚਰਹੀ॥* ਪੰਨਾ ੧੪੨੯

ਤਾਂ ਸਧਾਰਨ ਤੋਂ ਸਧਾਰਨ ਸਰੋਤਾ ਵੀ ਹੈਰਾਨ ਹੋ ਜਾਂਦਾ ਹੈ। ਸਿਖ ਰਹਿਤ ਮਰਿਆਦਾ ਵਿਚ ਵੀ ਕਿਹਾ ਗਿਆ ਹੈ "ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ (ਸਧਾਰਨ ਜਾਂ ਅਖੰਡ) ਦਾ ਭੋਗ ਮੁੰਦਾਵਣੀ ਉਤੇ ਜਾਂ ਰਾਗ ਮਾਲਾ ਪੜ੍ਹ ਕੇ ਚਲਦੀ ਸਥਾਨਕ ਰੀਤੀ ਅਨੁਸਾਰ ਹੀ ਪਾਇਆ ਜਾਵੇ।"[65]

ਡਾ. ਚਰਨ ਸਿੰਘ ਨੇ 'ਸ੍ਰੀ ਗੁਰੂ ਗ੍ਰੰਥ ਕੋਸ਼' ਵਿਚ ਕਾਫੀ ਵਿਚਾਰ ਵਟਾਂਦਰੇ ਉਪਰੰਤ ਇਹ ਸਿੱਟਾ ਕੱਢਿਆ ਹੈ ਕਿ ਗੁਰਮਤਿ ਸੰਗੀਤ ਇਕ ਵਖਰਾ ਮਤ ਹੈ। ਰਾਗ ਮਾਲਾ ਦਾ ਸਬੰਧ ਕੇਵਲ ਗੁਰਮਤਿ ਸੰਗੀਤ ਨਾਲ ਹੈ। ਗੁਰੂ ਗ੍ਰੰਥ ਸਾਹਿਬ ਵਿਚ ਜਿਵੇਂ ਤਤਕਰਾ ਜਪੁ ਨੀਸਾਣ ਤੋਂ ਹੈ ਤਿਵੇਂ ਹੀ ਅੰਤ ਵਿਚ ਰਾਗਾਂ ਦਾ ਤਤਕਰਾ ਰਾਗ ਮਾਲਾ ਹੈ। ਇਕ ਤਰ੍ਹਾਂ ਨਾਲ ਰਾਗ ਮਾਲਾ ਗੁਰਮਤਿ ਸੰਗੀਤ ਦੇ ਰਾਗਾਂ ਦਾ ਬੰਸਾਵਲੀਨਾਮਾ ਹੈ। [66]

*ਰਾਗ ਏਕ ਸੰਗਿ ਪੰਚ ਬਾਰੰਗਨ॥*

ਅਰਥਾਤ ਇਕ ਇਕ ਰਾਗ ਦੇ ਨਾਲ ਪੰਜ ਪੰਜ ਬਰ+ਅੰਗਨ, ਸ੍ਰੇਸ਼ਟ ਅੰਗਾਂ ਵਾਲੀਆਂ ਇਸਤਰੀਆਂ ਹਨ। ਇਕ ਇਕ ਰਾਗ ਦੇ ਅਗੋਂ ਅਠ ਅਠ ਪੁਤਰ ਹਨ। ਸਭ ਤੋਂ ਪਹਿਲਾਂ ਰਾਗ ਭੈਰਉ ਹੈ, ਜਿਸ ਦੀਆਂ ਪੰਜ ਰਾਗਣੀਆਂ - ਭੈਰਵੀ, ਬਿਲਾਵਲੀ, ਪੁੰਨਿਆ ਕੀ, ਬੰਗਲੀ ਅਤੇ ਅਸਲੇਖੀ ਹੈ। ਅਗੋਂ ਅੱਠ ਅੱਠ ਪੁਤਰਾਂ ਦੇ ਨਾਵਾਂ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਇਨ੍ਹਾਂ ਦਾ ਕੁਲ ਜੋੜ ੮੪ ਬਣਦਾ ਹੈ। ਭਾਈ ਸੰਤੋਖ ਸਿੰਘ ਗੁਰ ਪ੍ਰਤਾਪ ਸੂਰਜ ਵਿੱਚ ਲਿਖਦੇ ਹਨ:'ਰਾਗ ਮਾਲਾ ਸ੍ਰੀ ਗੁਰ ਕੀ ਕ੍ਰਿਤ ਨ ਹੈ

ਮੁੰਦਾਵਣੀ ਲਗਿ ਗੁਰ ਬੈਨ’ ਨਾਲ ਹੀ ਲਿਖਦੇ ਹਨ “ਇਹ ਸੁਧ ਨਹੀਂ ਲਿਖੀ ਇਹ ਗੁਰ ਨੇ ਕਿਸੇ ਸਿਖ ਕਾਹੂ ਲਿਖ ਦੀਨ।”[67]

ਡਾ. ਚਰਨ ਸਿੰਘ ਲਿਖਦੇ ਹਨ:

> *ਅਸਾਂ ਦਸਤਖਤੀ ਬੀੜਾਂ ਉਪਰ ਭੀ ਰਾਗਮਾਲਾ ਦੇਖੀ ਹੈ ਅਰ ਦਸਤਖਤ ਰਾਗ ਮਾਲਾ ਦੇ ਮਗਰੋਂ ਹੋਏ ਹਨ। ਡਾ. ਸਾਹਿਬ ਦੇ ਕਥਨ ਅਨੁਸਾਰ ਕਰਤਾਰਪੁਰ ਵਾਲੀ ਬੀੜ ਵਿਚ ਅਜ ਤਕ ਨੌਵੇਂ ਗੁਰੂ ਦੀ ਬਾਣੀ ਕਿਸੇ ਨੇ ਨਹੀਂ ਚੜਾਈ, ਪਤਰੇ ਖਾਲੀ ਪਏ ਹਨ, ਇਹ ਕਿਵੇਂ ਹੋ ਸਕਦਾ ਕਿ ਕਿਸੇ ਨੇ ਰਾਗਮਾਲਾ ਬੀੜ ਵਿਚ ਚੜ੍ਹਾਈ ਹੋਵੇ ਤਾਂ ਉਸਦਾ ਨਾਮ ਨਾ ਪ੍ਰਗਟ ਹੋਵੇ।*[68]

ਅਕਬਰ ਬਾਦਸ਼ਾਹ ਦੇ ਦਰਬਾਰੀ ਕਵੀ ਕਈ ਵਿਦਵਾਨ ਰਾਗ ਮਾਲਾ ਨੂੰ ਆਲਮ ਕਵੀ ਦੀ ਮਾਧਵਨਲ ਸੰਗੀਤ ਦੇ ਰਚਨਾ ਵੀ ਮੰਨਦੇ ਹਨ। ਉਸਦੀ ਅਨੁਵਾਦਿਤ ਰਚਨਾ ‘ਮਾਧਵਾਨਲ ਸੰਗੀਤ’ ਦੇ ਛੰਦ ੬੩ ਤੋਂ ੭੨ ਤਕ ਦੇ ਪਾਠ ਨਾਲ ਸਬੰਧਿਤ ਮੰਨਿਆ ਹੈ। ਕਵੀ ਸੰਤੋਖ ਸਿੰਘ ਨੇ ਪਹਿਲੀ ਵਾਰ ਇਹ ਮੰਨਿਆ ਹੈ ਕਿ ਇਹ ਆਲਮ ਕਵੀ ਦੀ ਰਚਨਾ ਹੈ ਜੋ ਕਿਸੇ ਸਿਖ ਨੇ ਇਸ ਗ੍ਰੰਥ ਵਿਚ ਚੜ੍ਹਾ ਦਿੱਤੀ ਹੈ। ਡਾ. ਤਾਰਨ ਸਿੰਘ ਵੀ ਕਹਿੰਦੇ ਹਨ “ਹੋ ਸਕਦਾ ਹੈ ਕਿ ਇਹ ਗੁਰੂ ਅਰਜਨ ਸਾਹਿਬ ਦੀ ਹੀ ਰਚਨਾ ਹੋਵੇ। ਇਸ ਰਚਨਾ ਦੀ ਕੋਈ ਕਾਵਿਕ ਮਹਤਤਾ ਨਹੀਂ ਪਰ ਸੰਗੀਤ ਸਿਧਾਂਤ ਦੇ ਤੌਰ ਤੇ ਇਸ ਦੀ ਬਹੁਤ ਕੀਮਤ ਹੈ।[69] ਇਸ ਰਾਗ ਮਾਲਾ ਦਾ ਵਿਸ਼ਾ ਹੈ ਰਾਗ-ਰਾਗਨੀਆਂ ਦੀ ਸੂਚੀ ਦੇਣਾ। ਡਾ. ਰਤਨ ਸਿੰਘ ਜੱਗੀ ਅਨੁਸਾਰ :

> *ਗੁਰੂ ਗ੍ਰੰਥ ਸਾਹਿਬ ਵਿਚ ਕੇਵਲ ੩੧ ਰਾਗ ਹਨ। ਕੁਝ ਰਾਗਾਂ ਵਿਚ ਹੋਰਨਾਂ ਰਾਗਾਂ ਨਾਲ ਗਾਉਣ ਦੇ ਸੰਕੇਤ ਵੀ ਹਨ। ਇਸ ਤਰ੍ਹਾਂ ਗਿਣਤੀ ਭਾਵੇਂ ੩੧ ਤੋਂ ਵਧ ਜਾਂਦੀ ਹੈ ਪਰ ਕਿਸੇ ਸੂਰਤ ਵਿਚ ੮੪ ਨਹੀਂ ਬਣਦੀ। ਹੈਰਾਨੀ ਦੀ ਗੱਲ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਕੁਝ ਰਾਗ ਇਸ ਰਾਗ ਮਾਲਾ ਵਿਚ ਸ਼ਾਮਲ ਨਹੀਂ ਹੋਏ ਜਿਵੇਂ ਮਾਝ, ਬਿਹਾਗੜਾ, ਵਡਹੰਸ, ਸੂਹੀ, ਰਾਮਕਲੀ, ਤੁਖਾਰੀ, ਪ੍ਰਭਾਤੀ, ਜੈਜਾਵੰਤੀ ਆਦਿ। ਇਸ ਰਾਗ ਮਾਲਾ ਦੇ ਅਨੇਕਾਂ ਰਾਗਾਂ ਦਾ ਜ਼ਿਕਰ ਤਕ ਨਹੀਂ ਹੋਇਆ ਜਿਵੇਂ ਮਾਲਕ ਉਸਕ, ਹਿੰਡੋਲ, ਦੀਪਕ, ਮੇਘ ਤੇ ਉਨ੍ਹਾਂ ਦੀਆਂ ਕਈ ਰਾਗਨੀਆਂ ਅਤੇ ਪੁਤਰ।*[79]

ਭਾਰਤੀ ਸੰਗੀਤ ਦੇ ਵਿਕਾਸ ਦੌਰਾਨ ਸ਼ੈਵਮਤ, ਫਿਰ ਕ੍ਰਿਸ਼ਨ ਮਤ, ਭਾਰਤ ਮਤ, ਹਨੂਮਾਨ ਮਤ, ਸਿੱਧ, ਸਾਰਸ਼ੁਤ ਮਤ ਰਾਮਾਰੁਨਵ ਮਤ ਵੀ ਪ੍ਰਚਲਿਤ ਹੋਏ ਸਨ। ਉਕਤ ਮਤਾਂ ਨਾਲ ਸਬੰਧਿਤ ਕਈ ਰਾਗ ਮਾਲਾਵਾਂ ਵਿੱਚ ਪ੍ਰਚਲਿਤ ਹੋਈਆਂ। ਇਹਨਾਂ ਸਾਰੀਆਂ ਵਿਚ ੬ ਮੁਖ ਰਾਗ, ਭੈਰਉ, ਮਾਲਕ ਉਸ, ਹਿੰਡੋਲ, ਦੀਪਕ, ਸਿਰੀ ਅਤੇ ਮੇਘ ਮੰਨੇ ਗਏ ਹਨ ਸਾਰਸ਼ੁਤ ਮਤ ਵਿਚ ੭ ਰਾਗਾਂ ਦਾ ਜ਼ਿਕਰ ਹੈ। ਇਨ੍ਹਾਂ ਛੇ ਰਾਗਾਂ ਦੀਆਂ ੩੦ ਪਤਨੀਆਂ ਰਾਗਨੀਆਂ ਅਤੇ ੪੮ ਪੁਤਰ ਉਪ-ਰਾਗ ਦੱਸੇ ਗਏ ਹਨ। ਇਨ੍ਹਾਂ ਦੀ ਗਿਣਤੀ ੮੪ ਹੋ ਜਾਂਦੀ ਹੈ। ਇਸ ਸੰਖਿਆ ਦਾ ਸਬੰਧ ੮੪ ਸਿਧਾਂ, ੮੪ ਲਖ ਜੂਨਾਂ ਨਾਲ ਮੇਲ ਖਾਂਦਾ ਪ੍ਰਤੀਤ ਹੁੰਦਾ ਹੈ।

ਗੁਰੂ ਗ੍ਰੰਥ ਸਾਹਿਬ ਦੇ ਰਾਗ ਪ੍ਰਬੰਧ ਦੀ ਆਪਣੀ ਨਿਵੇਕਲੀ ਪਛਾਣ ਹੈ। ਰਾਗ ਮਾਲਾ ਦਾ ਅਰੰਭ ਭੈਰਉ ਰਾਗ ਨਾਲ ਹੋਇਆ ਹੈ। ਪਰ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਰਾਗ ਵਿਚ ਭੈਰਉ ਰਾਗ ਅੰਮ੍ਰਿਤ ਵੇਲੇ ਦਾ ਰਾਗ ਮੰਨਿਆ ਜਾਂਦਾ ਹੈ ਪਰ ਸ੍ਰੀ ਰਾਗ ਦਾ ਗਾਇਨ ਸਮਾਂ ਸ਼ਾਮ ਸਮੇਂ ਦਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਗੁਰਮਤਿ ਸੰਗੀਤ ਦਾ ਸਬੰਧ ਸ਼ਾਮ ਸਮੇਂ ਤੋਂ ਆਰੰਭ ਹੁੰਦਾ ਹੈ। ਡਾ. ਮਹਿੰਦਰ ਕੌਰ ਗਿੱਲ ਅਨੁਸਾਰ : ਰਵਾਇਤ ਹੈ ਕਿ ਜਦ ਭਾਈ ਗੁਰਦਾਸ ਨੇ ਜਪੁ, ਰਹਿਰਾਸ ਅਤੇ ਕੀਰਤਨ ਸੋਹਿਲਾ ਲਿਖ ਲਿਆ ਤਾਂ ਰਾਗਾਂ ਦੀ ਵੰਡ ਵੇਲੇ ਬਾਣੀ ਲਿਖਣ ਲਗੇ ਤਾਂ ਸਮਾਂ ਸ੍ਰੀ ਰਾਗ ਦਾ ਸੀ ਗੁਰੂ ਨਾਨਕ ਦੇਵ ਅਨੁਸਾਰਃ ਰਾਗਾਂ ਵਿਚ ਸ੍ਰੀ ਰਾਗ ਹੈ ਜੇ ਸਚਿ ਧਰੇ ਪਿਆਰ।

ਰਾਗ ਮਾਲਾ ਨੂੰ ਮੁੰਦਾਵਣੀ ਤੋਂ ਬਾਅਦ ਸਥਾਨ ਦੇਣ ਦਾ ਕਾਰਨ ਇਹੀ ਦਸਿਆ ਜਾਂਦਾ ਹੈ ਕਿ ਰਾਗ ਮਾਲਾ ਦਾ ਗੁਰਬਾਣੀ ਦੇ ਵਿਸ਼ੈ ਵਸਤੂ ਨਾਲ ਕੋਈ ਸਬੰਧ ਨਹੀਂ। ਹਰ ਮਹਾਨ ਰਚਨਾ ਵਿਚ ਇਕਸੁਰਤਾ ਤੇ ਇਕਾਗਰਤਾ ਜ਼ਰੂਰ ਹੁੰਦੀ ਹੈ। ਇਸ ਲਈ ਰਾਗ ਮਾਲਾ ਨੂੰ ਅੰਤ ਵਿਚ ਰੱਖਣਾ ਹੀ ਸ਼ੋਭਦਾ ਹੈ। ਜੇ ਇਸ ਨੂੰ ਵਿਚਕਾਰ ਰੱਖਿਆ ਜਾਂਦਾ ਤਾਂ ਗੁਰੂ ਗ੍ਰੰਥ ਸਾਹਿਬ ਦੇ ਵਿਸ਼ੇ ਪਖੋਂ ਇਕਸੁਰਤਾ ਤੇ ਇਕਾਗਰਤਾ ਭੰਗ ਹੋਣੀ ਸੀ। ਰਾਗ ਮਾਲਾ ਰਾਗ ਪਰਵਾਰ ਦੇ ਤਤਕਰੇ ਨੂੰ ਹੀ ਦਰਸਾਉਂਦੀ ਹੈ। ਇਸ ਲਈ ਗੁਰੂ ਗ੍ਰੰਥ ਸਾਹਿਬ ਦੇ ਅੰਤ ਵਿਚ ਦੇਣਾ ਪੰਚਮ ਗੁਰ ਨੇ ਇਸ ਲਈ ਜ਼ਰੂਰੀ ਸਮਝਿਆ ਕਿ ਆਦਿ ਗ੍ਰੰਥ ਵਿਚ ਆਏ ਰਾਗਾਂ ਉਪਰ ਕਿਸੇ ਪ੍ਰਕਾਰ ਦਾ ਸੰਦੇਹ ਜਾਂ ਕਿੰਤੂ ਨਾ ਕੀਤਾ ਜਾਵੇ।[71] ਰਾਗ ਮਾਲਾ ਸਿਰਫ਼ ਰਾਗਾਂ ਦੀ ਬੰਸਾਵਲੀ ਦਾ ਤਤਕਰਾ ਹੀ ਤਾਂ ਹੈ। ਇਸ ਨੂੰ ਗੁਰੂ ਅਰਜਨ ਦੇਵ ਦੇ ਕਹਿਣ ਉਤੇ ਹੀ ਭਾਈ ਗੁਰਦਾਸ ਨੇ ਆਦਿ ਗ੍ਰੰਥ ਵਿਚ ਅੰਕਿਤ ਕੀਤਾ। ਰਾਗ ਮਾਲਾ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਤੋਂ ਹੀ ਅਨਿਖੜਵਾਂ ਅੰਗ ਬਣੀ ਹੋਈ ਹੈ। ਇਸ ਲਈ ਵਿਰੋਧਤਾ ਕਰਨ ਤੋਂ ਬਚਣਾ ਜ਼ਰੂਰੀ ਹੈ ਇਸ ਲਈ ਸੋਚ ਵਿਚਾਰ ਕਰਕੇ ਕੋਈ ਨਤੀਜਾ ਕੱਢ ਲੈਣਾ ਚਾਹੀਦਾ ਹੈ।

*ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰ ਕਰਹੁ ਲਿਵ ਲਾਇ।।*

*ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥* ਪੰਨਾ ੧੧੮੫

## (ੲ) ਰਾਗ ਮੁਕਤ ਬਾਣੀ ਦੀਆਂ ਕਾਵਿ ਜੁਗਤਾਂ

ਗੁਰੂ ਗ੍ਰੰਥ ਸਾਹਿਬ ਵਿਸ਼ਵ ਦੇ ਧਾਰਮਿਕ ਅਤੇ ਸਾਹਿਤਕ ਗ੍ਰੰਥਾਂ ਵਿਚੋਂ ਵਿਸ਼ੇਸ਼ ਮਹੱਤਵ ਰੱਖਣ ਵਾਲਾ ਹੈ। ਇਸ ਗ੍ਰੰਥ ਵਿਚ ਇਸ ਪਰੰਪਰਾ ਨਾਲ ਇਕਸੁਰ ਗੁਰੂ ਸਾਹਿਬਾਨ, ਵਖ ਵਖ ਧਰਮਾਂ ਅਤੇ ਸੰਪ੍ਰਦਾਵਾਂ ਨਾਲ ਜੁੜੇ ਸੰਤਾਂ ਭਗਤਾਂ ਦੀ ਬਾਣੀ ਦਰਜ ਹੈ। ਜਿਥੇ ਗੁਰੂ ਗ੍ਰੰਥ ਸਾਹਿਬ ਵਿਚ ਥੀਮਕ ਇਕਸੁਰਤਾ ਹੈ, ਉਥੇ ਇਸ ਵਿਚਲਾ ਰੂਪ ਪ੍ਰਬੰਧ ਵੀ ਵਿਸ਼ੇਸ਼ ਮਹੱਤਵ ਦਾ ਧਾਰਨੀ ਹੈ। ਇਸ ਦਾ ਰੂਪ ਪ੍ਰਬੰਧ ਨਾ ਤਾਂ ਪੂਰਨ ਰੂਪ ਵਿਚ ਸੰਸਕ੍ਰਿਤ ਕਾਵਿ ਸ਼ਾਸਤਰ ਦਾ ਅਨੁਸਾਰੀ ਹੈ ਤੇ ਨਾ ਹੀ ਦਰਸ਼ਨ ਗ੍ਰੰਥ ਵਾਲਾ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਧਿਆਤਮਕ ਅਨੁਭਵ ਨੂੰ ਰਹੱਸਾਤਮਕ ਰੰਗਣ ਵਿਚ ਰੂਪਮਾਨ ਕਰਨ ਵਾਲੀ ਕਾਵਿ ਜੁਗਤਾਂ ਨੂੰ ਮਾਧਿਅਮ ਬਣਾਉਂਦੀ ਹੈ। ਜੋ ਦਰਸ਼ਨ, ਸੰਗੀਤ, ਲੋਕ ਸੰਸਕ੍ਰਿਤੀ ਤੇ ਕਾਵਿ ਜੁਗਤਾਂ ਦੇ ਸੰਯੁਕਤੀਕਰਨ ਨਾਲ ਹੀ ਉਦੈ ਹੁੰਦੀ ਹੈ। ਡਾ. ਜਗਬੀਰ ਸਿੰਘ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਇਸ ਪ੍ਰਕਾਰ ਕਰਦੇ ਹਨ: ਬਾਣੀ ਦੀ ਵਿਸ਼ੇਸ਼ਤਾ ਹੈ ਕਿ ਇਹ ਧਾਰਮਿਕ ਅਨੁਭਵ ਅਤੇ ਗਿਆਨ ਨੂੰ ਕਾਵਿਕ ਸੰਗਠਨ ਦੇ ਮਾਧਿਅਮ ਰਾਹੀਂ ਪੇਸ਼ ਕਰਦੀ ਹੈ। ਇਹ ਮਨੁੱਖੀ ਜੀਵਨ ਦੇ ਹੋਂਦ ਮੁਖੀ ਮਸਲਿਆਂ ਅਤੇ ਸਾਹਿਤ ਸਰੋਕਾਰਾਂ ਨੂੰ ਅਧਿਆਤਮਕ ਚਿੰਤਨ ਅਤੇ ਚੇਤਨਾ ਦੇ ਹਵਾਲੇ ਨਾਲ ਪ੍ਰਸਤੁਤ ਕਰਦੀ ਹੈ।[72] ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਪੇਸ਼ਕਾਰੀ ਲਈ ਸੰਪਾਦਕ ਗੁਰੂ ਅਰਜਨ ਦੇਵ ਨੇ ਦੋ ਨੁਕਤੇ ਪਹਿਲਾ ਰਾਗ ਅਤੇ ਦੂਸਰਾ ਛੰਦ ਸਾਹਮਣੇ ਰੱਖੇ ਹਨ। ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ੩੧ ਰਾਗਾਂ ਵਿਚ ਹੈ ਅਤੇ ਛੰਦਾਂ ਅਧੀਨ ਗੁਰੂ ਗ੍ਰੰਥ ਸਾਹਿਬ ਦਾ ਪਿਛਲੇਰਾ ਭਾਗ ੧੩੫੩ ਤੋਂ ੧੪੩੦ ਪੰਨੇ ਤਕ ਦਾ ਹੈ। ਛੰਦ ਬੰਦਿਸ਼ ਦੇ ਅਧੀਨ ਨਿਮਨ ਅੰਕਿਤ ਬਾਣੀਆਂ ਆਉਂਦੀਆਂ ਹਨ। ਸਲੋਕ ਸਹਸਕ੍ਰਿਤੀ ਮਹਲਾ ੧ ਤੇ ੫, ਗਾਥਾ ਮਹਲਾ : ੫ ਫੁਨਹੇ ਮਹਲਾ ੫, ਚਉਬੋਲੇ ਮਹਲਾ ੫ਸਲੋਕ ਸ੍ਰੀ ਕਬੀਰ ਤੇ ਸ਼ੇਖ ਫਰੀਦ ਕੇ, ਸਵੱਯੇ ਸ੍ਰੀ ਮੁਖਵਾਕ ਮਹਲਾ ੫ ਭੱਟਾਂ ਦੇ ਸੱਵਈਏ, ਸਲੋਕ ਵਾਰਾਂ ਤੇ ਵਧੀਕ, ਸਲੋਕ ਮਹਲਾ ੯, ਉਪਰੰਤ ਮੁੰਦਾਵਣੀ ਮਹਲਾ ੫ ਦੇ ਦੋ ਸਲੋਕ ਅਤੇ ਰਾਗ ਮਾਲਾ। ਇਹ ਸਾਰੀ ਬਾਣੀ ਕਾਵਿ ਛੰਦਾਂ ਰਾਹੀਂ ਰੂਪਮਾਨ ਨਹੀਂ ਹੋਈ। ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਛੰਦਾਂ ਵਿਚ ਉਚਾਰੀ ਗਈ ਹੈ। ਪਰ ਅੰਤਰ ਕੇਵਲ ਇਤਨਾ ਹੈ ਕਿ ਰਾਗ ਮੁਕਤ ਬਾਣੀ ਨਿਰੋਲ ਕਾਵਿ ਛੰਦਾਂ ਉਪਰ ਅਧਾਰਿਤ ਹੈ। ਰਾਗ ਬੱਧ ਬਾਣੀ ਵਿਚ ਪ੍ਰਮੁੱਖ ਜੁਗਤ ਹੀ ਰਾਗ ਹੈ ਪਰ ਉਥੇ ਛੰਦ ਨੂੰ ਗੌਣ ਰੂਪ ਵਿਚ ਵਰਤਿਆ ਗਿਆ ਹੈ।

ਇਹ ਤੱਥ ਸਰਵ ਪ੍ਰਵਾਨਿਤ ਹੈ ਕਿ ਮਹਾਨ ਰਚਨਾਕਾਰ ਦੀ ਰਚਨਾ ਮਹਾਨ ਹੋਵੇਗੀ। ਬਾਣੀਕਾਰਾਂ ਦੀ ਰਚਨਾ ਕਾਵਿ ਨਾ ਹੋ ਕੇ ਬਾਣੀ ਹੈ। ਇਸੇ ਲਈ ਬਾਣੀਕਾਰ ਕਵੀਆਂ ਤੋਂ ਉਚ ਪਦਵੀ ਦੇ ਧਾਰਨੀ ਹਨ; ਕਿਉਂਕਿ ਛੰਦ ਦਾ ਰਚਨਹਾਰਾ ਕਵੀ ਹੁੰਦਾ ਹੈ। ਕਾਵਿ ਭਾਸ਼ਾ ਦੀ ਜਿੰਦ-ਜਾਨ ਰਾਗ ਹੁੰਦਾ ਹੈ ਅਤੇ ਰਾਗ ਧੁਨੀਆਂ ਅਤੇ ਸ਼ਬਦਾਂ ਦੇ ਸੰਜੋਗ ਨਾਲ ਸਰੋਤਿਆਂ ਦੇ ਹਿਰਦਿਆਂ ਨੂੰ ਅਨੰਦਿਤ ਕਰਦਾ ਹੈ। ਭਾਵੇਂ ਧੁਨੀ ਪਸ਼ੂਆਂ ਦੀ ਬੋਲੀ ਵਿਚ, ਹਵਾ ਦੇ ਰੁਮਕਣ ਨਾਲ, ਬੱਦਲਾਂ ਦੀ ਗੜਗੜਾਹਟ ਨਾਲ, ਪਾਣੀ ਦੇ ਵਹਿਣ ਪ੍ਰਵਾਹ ਵਿਚ, ਕਿਸੇ ਪ੍ਰਕਾਰ ਦੇ ਯੰਤ੍ਰਾਂ ਦੇ ਚਲਣ ਵਿਚ ਅਤੇ ਵਾਦ-ਯੰਤਰਾਂ ਵਿਚ ਵੀ ਹੁੰਦੀ ਹੈ। ਪਰ ਛੰਦ ਦੀ ਧੁਨੀ ਤਾਂ ਮਨੁੱਖ ਦੇ ਮੂੰਹੋਂ ਉਚਰਿਤ ਧੁਨੀ ਵਿਚ ਹੀ ਵਿਦਮਾਨ ਹੈ। ਛੰਦ ਮੁਖ ਧੁਨੀ ਦੀ ਨਿਯਮਤ ਰਚਨਾ ਹੈ। ਜਿਸਨੂੰ ਛੰਦ ਅਚਾਰੀਆਂ ਨੇ ਬੈਖ਼ਰੀ ਧੁਨੀ ਸਮੂਹ ਕਿਹਾ ਹੈ। ਡਾ. ਮਹਿੰਦਰ ਕੌਰ ਗਿੱਲ ਦੇ ਸ਼ਬਦਾਂ ਵਿਚ,*"ਛੰਦ ਉਹ ਬੈਖ਼ਰੀ (ਮਨੁੱਖ ਉਚਰਿਤ) ਪ੍ਰਤੀਕ੍ਰਿਤ ਧੁਨੀ ਹੈ ਜੋ ਨਿਰੰਤਰ ਤਰੰਗ ਭੰਗਿਮਾ ਦੇ ਸਹਾਰੇ ਪ੍ਰਸੰਨਤਾ ਦੇ ਭਾਵ ਤੇ ਅਰਥ ਦੀ ਅਭਿਵਿਅੰਜਨਾ ਕਰਦੀ ਹੈ।"* [73]

ਬਾਣੀ ਗਿਆਨ ਮੂਲਕ ਅਨੰਦ ਸਿਰਜਣਾ ਹੈ ਜੋ ਭਾਵ ਅਤੇ ਛੰਦ ਦੇ ਸੰਯੋਗ ਨਾਲ ਤਿਆਰ ਹੋਈ, ਸੰਗੀਤ ਦੁਆਰਾ ਗਾਇਣ ਕੀਤੀ ਜਾਂਦੀ ਹੈ ਅਤੇ ਜਨ ਸਧਾਰਣ ਦੇ ਹਿਰਦਿਆਂ ਨੂੰ ਕਾਵਿ ਰੂਪ ਕਰ ਦਿੰਦੀ ਹੈ। ਜਿਸ ਦੀ ਪ੍ਰਤਖ ਉਦਾਹਰਣ ਚਉਬੋਲੇ ਮਹਲਾ ੫ ਵਿਚੋਂ ਦੇਖੀ ਜਾ ਸਕਦੀ ਹੈ:

*ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ॥*
*ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ॥*
*ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ॥*
*ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ॥* ਪੰਨਾ ੧੩੬੨

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਅਰੰਭ 'ਜਪੁ' ਨਾਲ ਹੋਇਆ ਹੈ ਅਤੇ ਇਸ ਬਾਣੀ ਦੀ ਵਿਲੱਖਣਤਾ ਇਸ ਵਿਚ ਹੈ ਕਿ ਇਹ ਰਾਗ ਅਤੇ ਮਹਲਾ ਅੰਕਣ ਤੋਂ ਮੁਕਤ ਹੈ। ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਜਪੁਜੀ ਸਾਹਿਬ ਦੀ ਵਿਆਖਿਆ ਹੀ ਪ੍ਰਤੀਤ ਹੁੰਦੀ ਹੈ। *"ਜਪੁਜੀ ਸਾਹਿਬ ਵਿਚ ਸਿੱਖ ਫਲਸਫੇ ਦਾ ਤੱਤ ਸਾਰ ਸਮੋਇਆ ਗਿਆ ਹੈ ਅਤੇ ਬਾਕੀ ਦੇ ਸਾਰੇ ਗੁਰੂ ਗ੍ਰੰਥ ਸਾਹਿਬ ਨੂੰ ਇਸ ਵਿਚ ਅੰਕਿਤ ਮੁਢਲੇ ਵਿਚਾਰਾਂ ਦੀ ਵਿਆਖਿਆ ਕਿਹਾ ਜਾ ਸਕਦਾ ਹੈ।"* [74] ਮੂਲ ਮੰਤ੍ਰ ਤੋਂ ਬਾਅਦ ਸਲੋਕ ਉਪਰੰਤ 38 ਪਉੜੀਆਂ ਹਨ। ਇਹ ਸਾਰੀ ਬਾਣੀ ਹੀ ਪਉੜੀਆਂ ਰਾਹੀਂ ਪ੍ਰਵਾਨ ਚੜ੍ਹੀ ਹੈ। ਡਾ. ਮਹਿੰਦਰ ਕੌਰ ਗਿੱਲ ਅਨੁਸਾਰ, *"ਇਸ ਵਿਚ ਪਉੜੀ ਦੀਆਂ ਵੀਹ ਕਿਸਮਾਂ ਦੀ ਵਰਤੋਂ ਹੋਈ ਹੈ। ਇਹੋ ਕਾਰਨ ਹੈ ਕਿ ਇਨ੍ਹਾਂ ਵਿਚ ਪਉੜੀਆਂ ਦੀ ਇਕਸਾਰਤਾ ਨਹੀਂ।"* [75] ਜਪੁਜੀ ਸਾਹਿਬ ਦੀ

ਵਿਲਖਣਤਾ ਅਕਥਨੀ ਹੈ ਕਿਉਂਕਿ ਇਸ ਦੀ ਆਪਣੀ ਰੂਪ ਵਿਧੀ ਹੈ। ਇਸ ਵਿਧੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਕਿਧਰੇ ਵੀ ਦੁਹਰਾਇਆ ਨਹੀਂ ਗਿਆ। ਇੰਜ ਜਾਪਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਕਾਰਜ ਹੀ 'ਜਪੁਜੀ' ਸਾਹਿਬ ਉਪਰੰਤ ਅਰੰਭ ਹੋਇਆ ਹੋਵੇ। ਇਸ ਦੀ ਸੰਜਮੀ ਸ਼ੈਲੀ ਸੰਖੇਪਤਾ ਦੀ ਧਾਰਨੀ ਹੈ। ਸੁਣਿਐ, ਮੰਨੈ, ਗਾਵੈ, ਅਸੰਖ ਅਤੇ ਆਦੇਸ ਦੀਆਂ ਪਉੜੀਆਂ ਨਾਲ ਉਪਜਿਆ ਦੁਹਰਾਓ ਸੰਗੀਤਕ ਰਸ ਪੈਦਾ ਕਰਦਾ ਹੈ:

*ਅਸੰਖ ਮੂਰਖ ਅੰਧ ਘੋਰ॥*

*ਅਸੰਖ ਚੋਰ ਹਰਾਮਖੋਰ॥* ਪੰਨਾ ੪

*"ਗੁਰੂ ਨਾਨਕ ਸਾਹਿਬ ਵਰਗੇ ਮਹਾਨ ਵਿਦਵਾਨ ਸੰਸਾਰ ਦੇ ਮਹਾਨ ਸਾਹਿਤਕਾਰਾਂ ਵਿਚੋਂ ਹਨ ਜਿਨ੍ਹਾਂ ਦੀ ਵਿਰਾਟ ਪ੍ਰਤਿਭਾ ਆਪਣੇ ਨਿਯਮ ਨਾਲ ਲੈ ਕੇ ਆਉਂਦੀ ਹੈ। ਕੋਈ ਵੀ ਤੁਲਨਾ ਜਾਂ ਸਮਾਨਤਾ ਉਨ੍ਹਾਂ ਦੀ ਪ੍ਰਤਿਭਾ ਤੇ ਲਾਗੂ ਨਹੀਂ ਹੋ ਸਕਦੀ"।* [76] ਜਪੁਜੀ ਸਾਹਿਬ ਵਿਚ ਪ੍ਰਗਟ ਕੀਤੇ ਮਹਤਵਪੂਰਨ ਸੰਕਲਪ ਸੱਚ, ਪਿਆਰ, ਹੁਕਮ, ਹਉਮੈ ਕਰਮ ਅਤੇ ਨਦਰ ਗੁਰਬਾਣੀ ਦੇ ਵਿਸ਼ਵ ਦ੍ਰਿਸ਼ਟੀਕੋਣ ਨੂੰ ਪਰਿਭਾਸ਼ਾ ਪ੍ਰਦਾਨ ਕਰਦੇ ਹਨ। ਇਹ ਸੰਕਲਪ ਜਿਥੇ ਪਰੰਪਰਾਗਤ ਤੀਰਥ ਇਸ਼ਨਾਨ, ਤਪੱਸਿਆ, ਸੁਚ ਸੰਜਮ, ਜੋਗ ਜੁਗਤ ਦਾ ਖੰਡਨ ਮੰਡਨ ਕਰਦੇ ਹਨ ਉਥੇ ਨਾਲ ਹੀ ਪਰਮਾਰਥ ਪ੍ਰਾਪਤੀ ਦੇ ਮਾਰਗ ਦਾ ਰਾਹ ਵੀ ਸੁਝਾਉਂਦੇ ਹਨ! ਜਪੁਜੀ ਦੇ ਸਮੁੱਚੇ ਪ੍ਰਬੰਧ ਵਿਚ ਵਿਭਿੰਨ ਕਾਵਿਕ ਜੁਗਤਾਂ ਵਰਤ ਕੇ ਇਸ ਸਥਿਤੀ ਨੂੰ ਪ੍ਰਗਟਾਇਆ ਗਿਆ ਹੈ।

ਸਾਹਿਤ ਅਚਾਰੀਆ ਅਨੁਸਾਰ ਕਾਵਿ ਨੂੰ ਦੋ ਭਾਗਾਂ ਵਿਚ ਵੰਡਿਆ ਜਾਂਦਾ ਹੈ। ਇਕ ਉਹ ਜੋ ਗਾਇਆ ਜਾਵੇ ਅਤੇ ਦੂਸਰਾ ਜਿਸਦਾ ਉਚਾਰਨ ਕੀਤਾ ਜਾਵੇ। ਸੰਗੀਤ ਨਾਲ ਗਾਈ ਜਾਣ ਵਾਲੀ ਬਾਣੀ ਮਧੁਰ ਹੁੰਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਬਾਣੀ ਰਾਗਾਂ ਅਨੁਸਾਰ ਗਾਏ ਜਾਣ ਦਾ ਆਦੇਸ਼ ਹੈ। ਗੁਰਬਾਣੀ ਦਾ ਗਾਇਣ ਰਾਗ ਅਧੀਨ ਹੋ ਸਕਦਾ ਹੈ, ਪਰ ਉਚਾਰਨ ਛੰਦ ਚਾਲ ਅਨੁਸਾਰ ਹੀ ਹੋ ਸਕਦਾ ਹੈ। ਜੇ ਗੁਰਬਾਣੀ ਦਾ ਪਾਠ ਛੰਦ ਤਾਲ ਨੂੰ ਧਿਆਨ ਵਿਚ ਰਖ ਕੇ ਲੈਅ ਮੁਖ ਹੋ ਕੇ ਕੀਤਾ ਜਾਵੇ ਤਾਂ ਇਕ ਵਿਸ਼ੇਸ਼ ਪ੍ਰਕਾਰ ਦਾ ਅਨੰਦ ਸਿਰਜਿਆ ਜਾਂਦਾ ਹੈ। ਉਚਾਰੇ ਜਾਣ ਵਾਲੇ ਸਲੋਕ ਸਹਸਕ੍ਰਿਤੀ, ਭਗਤ ਕਬੀਰ ਤੇ ਸੇਖ ਫਰੀਦ ਦੇ ਸਲੋਕ ਵਿਚਾਰੇ ਜਾ ਸਕਦੇ ਹਨ:

- *ਸਿਰ ਮਸਤਕ ਰਖ੍ਯ੍ਯਾ ਪਾਰਬ੍ਰਹਮੰ ਹਸਤ ਕਾਯਾ ਰਖ੍ਯ੍ਯਾ ਪਰਮੇਸ੍ਵਰਹ॥*
  *ਆਤਮ ਰਖ੍ਯ੍ਯਾ ਗੋਪਾਲ ਸੁਆਮੀ ਧਨ ਚਰਣ ਰਖ੍ਯ੍ਯਾ ਜਗਦੀਸ੍ਵਰਹ॥*
  *ਸਰਬ ਰਖ੍ਯ੍ਯਾ ਗੁਰ ਦਯਾਲਹ ਭੈ ਦੂਖ ਬਿਨਾਸਨਹ॥*
  *ਭਗਤਿ ਵਛਲ ਅਨਾਥ ਨਾਥੇ ਸਰਣਿ ਨਾਨਕ ਪੁਰਖ ਅਚੁਤਹ॥* ਪੰਨਾ ੧੩੫੮
- *ਕਬੀਰ ਨ ਮੂਹਿ ਛਾਨਿ ਨ ਛਾਪਰੀ ਨ ਮੂਹਿ ਘਰਿ ਨਹੀ ਗਾਉ॥*

*ਮਤ ਹਰਿ ਪੂਛੈ ਕਉਨੁ ਹੈ ਮੇਰੇ ਜਾਤਿ ਨ ਨਾਉ॥* ਪੰਨਾ ੧੩੬੭

- *ਫਰੀਦਾ ਦਰੀਆਵੈ ਕੰਨੈ ਬਗੁਲਾ ਬੈਠਾ ਕੇਲ ਕਰੇ॥*
  *ਕੇਲ ਕਰੇਂਦੇ ਹੰਝ ਨੋ ਅਚਿੰਤੇ ਬਾਜ ਪਏ॥*
  *ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ॥*
  *ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ॥* ਪੰਨਾ ੧੩੮੩

ਭਗਤ ਕਬੀਰ ਨੇ ਆਪਣੇ ਸਲੋਕਾਂ ਵਿਚ ਸਮਾਜ ਵਿਚ ਹੋ ਰਹੇ ਅਤਿਆਚਾਰਾਂ ਵਿਰੁਧ ਆਪਣੀ ਅਵਾਜ਼ ਬੁਲੰਦ ਕੀਤੀ ਹੈ। ਇਸ ਲਈ ਉਨ੍ਹਾਂ ਨੂੰ ਸਮਾਜਿਕ ਬਦਲਾਉ ਦਾ ਕ੍ਰਾਂਤੀਕਾਰੀ ਕਵੀ ਵੀ ਮੰਨਿਆ ਜਾਂਦਾ ਹੈ। ਉਹ ਭਾਸ਼ਾ ਦੇ ਅਜਿਹੇ ਉਸਤਾਦ ਹਨ ਕਿ ਵਿਸ਼ੇ ਅਨੁਰੂਪ ਉਸਦਾ ਰੂਪ ਘੜ ਲੈਂਦੇ ਹਨ। ਇਹ ਉਨ੍ਹਾਂ ਦੀ ਪ੍ਰਸਤੁਤੀ ਦੀ ਵਿਲੱਖਣਤਾ ਹੈ ਅਤੇ ਉਸਦਾ ਆਪਣਾ ਪ੍ਰਭਾਵ ਹੈ। ਪਰ ਇਹੋ ਕਬੀਰ ਜਦੋਂ ਰਹੱਸ ਜਾਂ ਦਰਸ਼ਨ ਦੀ ਗਲ ਕਰਦੇ ਹਨ ਤਾਂ ਭਾਸ਼ਾ ਦਾ ਮੁਹਾਵਰਾ ਬਿਲਕੁਲ ਬਦਲ ਜਾਂਦਾ ਹੈ:

*ਰਾਮ ਪਦਾਰਥੁ ਪਾਇਕੈ ਕਬੀਰਾ ਗਾਂਠਿ ਨ ਖੋਲ॥*
*ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ॥* ਪੰਨਾ ੧੩੬੫

ਪਰ ਕਈ ਵਾਰ ਔਖੀ ਤੋਂ ਔਖੀ ਗਲ ਨੂੰ ਬੜੇ ਸੌਖੇ ਢੰਗ ਨਾਲ ਸਮਝਾ ਦਿੰਦੇ ਹਨ:

*ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ॥*
*ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ॥* ਪੰਨਾ ੧੩੭੫

ਭਗਤ ਕਬੀਰ ਨਾ ਕਿਸੇ ਸੀਮਤ ਧਰਮ ਨਾਲ ਬੱਝਾ ਹੋਇਆ, ਨਾ ਹੀ ਉਚ ਜਾਤੀ ਨਾਲ, ਨਾ ਕਿਸੇ ਕਰਮ ਕਾਂਡ ਨਾਲ ਅਤੇ ਨਾ ਕਿਸੇ ਸੰਪ੍ਰਦਾਇ ਦਾ ਅਨੁਆਈ ਸੀ ਪਰ ਰਾਮ ਨਾਮ ਦੀ ਵਡਿਆਈ ਕਰਕੇ, ਪ੍ਰਭੂ ਦੀ ਕਿਰਪਾ ਅਤੇ ਮਨ ਦੀ ਉੱਚਤਾ ਨੂੰ ਸਵੀਕਾਰ ਕਰਕੇ, ਸਮਾਜ ਪ੍ਰਤੀ ਆਪਣੇ ਦਾਇਤੱਵ ਨੂੰ ਨਿਭਾ ਕੇ ਸੂਖਮ ਤੇ ਦਰਸ਼ਨ ਦੀ ਗਲ ਨੂੰ ਕਾਵਿ ਮੁਹਾਵਰੇ ਵਿਚ ਪੇਸ਼ ਕਰ ਕੇ ਵਿਚਾਰਧਾਰਕ ਤੇ ਦਾਰਸ਼ਨਿਕ ਟਕਰਾਉ ਵਿਚੋਂ ਵੀ ਸੰਵਾਦ ਪ੍ਰਸਤੁਤ ਕਰ ਦਿੰਦਾ ਹੈ:

*ਕਬੀਰ ਮੈ ਜਾਨਿਓ ਪੜਿਬੋ ਭਲੋ ਪੜਿਬੇ ਸਿਉ ਭਲ ਜੋਗੁ॥*
*ਭਗਤਿ ਨ ਛਾਡਉ ਰਾਮ ਕੀ ਭਾਵੈ ਨਿੰਦਉ ਲੋਗੁ॥* ਪੰਨਾ ੧੩੬੬

ਰਾਗ ਮੁਕਤ ਬਾਣੀ ਦੇ ਬਾਣੀਕਾਰ ਪਾਰਲੌਕਿਕ ਅਨੁਭਵਾਂ ਨੂੰ ਸਧਾਰਨ ਲੌਕਿਕ ਜੀਵਾਂ ਤਕ ਸੰਚਾਰਿਤ ਕਰਨ ਲਈ ਅਨੇਕਾਂ ਮਾਨਵੀ ਸੰਚਾਰ ਜੁਗਤਾਂ ਦਾ ਮੌਲਿਕ ਦ੍ਰਿਸ਼ਟੀਕੋਣ ਤੋਂ ਪ੍ਰਯੋਗ ਕਰਦੇ ਹਨ। ਸ਼ੇਖ ਫਰੀਦ ਦੇ ਧਾਰਮਿਕ ਉਦੇਸ਼ ਦਾ ਆਸ਼ਾ ਹੀ ਲੌਕਿਕ ਪੱਧਰ ਦਾ ਹੈ। ਉਹ ਹਰ ਤਰ੍ਹਾਂ ਦੇ

ਸਮਾਜਿਕ ਅਤੇ ਸਦਾਚਾਰਕ ਅਸੂਲਾਂ ਦਾ ਧਾਰਨੀ ਸੀ। ਇਸ ਲਈ ਉਹ ਗ੍ਰਿਹਸਥ ਦੇ ਮਾਡਲ ਰਾਹੀਂ ਅਧਿਆਤਮਕ ਰਮਜ਼ਾਂ ਵੀ ਖੋਲ੍ਹ ਦਿੰਦਾ ਹੈ: *'ਕਵਣੁ ਸੁ ਅਖਰੁ ਕਵਣੁ ਗੁਣ ਕਵਣੁ ਸੁ ਮਣੀਆ ਮੰਤੁ॥'* ਨਾਲ ਹੀ ਉਤਰ ਵੀ ਦੇ ਦਿੱਤਾ ਹੈ: *ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ॥ ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਈ ਕੰਤੁ॥* ਸ਼ੇਖ ਫਰੀਦ ਦਾ ਇਹ ਸਿਧਾਂਤ ਤਤਕਾਲੀ ਜੀਵਨ ਲਈ ਨਹੀਂ ਸਗੋਂ ਸਰਬ ਕਾਲੀ ਸਿੱਧ ਹੋਇਆ ਹੈ। ਉਸਦਾ ਇਹ ਫਲਸਫਾ ਜਿਥੇ ਜੀਵਨ ਵਿਚ ਸਮਾਜਿਕ ਅਤੇ ਸਦਾਚਾਰਕ ਸੇਧ ਦਿੰਦਾ ਹੈ, ਉਥੇ ਨਾਲ ਹੀ ਅਧਿਆਤਮਕਤਾ ਦਾ ਰਹੱਸ ਵੀ ਖੋਲ੍ਹ ਕੇ ਰਖ ਦਿੰਦਾ ਹੈ। ਪ੍ਰਭੂ ਪਤੀ ਨੂੰ ਰਿਝਾਉਣ ਲਈ ਖਿਮਾ, ਨਿਮਰਤਾ ਅਤੇ ਮਿਠਾ ਬੋਲਣਾ ਤਿੰਨ ਅਜਿਹੇ ਗਹਿਣੇ ਹਨ ਜਿਨ੍ਹਾਂ ਨੂੰ ਧਾਰਨ ਕਰਨ ਨਾਲ ਮਨੁੱਖ ਸਧਾਰਨ ਤੋਂ ਮਹਾਂਪੁਰਸ਼ ਬਣ ਜਾਦਾ ਹੈ। ਉਸਦੀ ਸਮੁੱਚੀ ਬਾਣੀ ਵਿਚ ਫਕੀਰੀ, ਦਰਵੇਸ਼ੀ, ਭਗਤੀ, ਤਪ, ਨਿਮਰਤਾ, ਮਿਠਾਸ ਅਤੇ ਨਿਸ਼ਕਾਮਤਾ ਸਬੰਧੀ ਅਨੇਕਾਂ ਮਹੱਤਵਪੂਰਨ ਵਿਚਾਰ ਦਿੱਤੇ ਗਏ ਹਨ। ਫਰੀਦ ਜ਼ਿੰਦਗੀ ਵਿਚ ਬੇਪ੍ਰਵਾਹ ਅਤੇ ਅਗਿਆਨੀ ਬੰਦਿਆਂ ਨੂੰ ਸੰਬੋਧਨ ਕਰਦਿਆਂ ਚਿਤਾਵਨੀ ਦਿੰਦਾ ਹੈ ਕਿ ਜੀਵਨ ਦਾ ਮਨੋਰਥ ਤਾਂ ਮਨੁੱਖ ਦੇ ਅਮਲਾਂ ਉੱਤੇ ਨਿਰਭਰ ਕਰਦਾ ਹੈ। ਮੌਤ ਦੀ ਚੇਤਨਾ ਸਿਰਫ਼ ਮਨੁੱਖ ਦੇ ਚੰਗੇ ਅਮਲਾਂ ਨੂੰ ਅਰਥ ਪ੍ਰਦਾਨ ਕਰਦੀ ਹੈ ਅਤੇ ਇਨ੍ਹਾਂ ਅਮਲਾਂ ਦੁਆਰਾ ਹੀ ਉਸਦੀ ਸੰਪੂਰਣ ਸ਼ਖ਼ਸੀਅਤ ਘੜੀ ਜਾਵੇਗੀ। ਸਮੁੱਚੀ ਫਰੀਦ ਬਾਣੀ ਵਿਚ ਮਨੁੱਖ ਨੂੰ ਇਸ ਜਗਤ ਵਿਚ ਰਹਿੰਦਿਆਂ ਆਦਰਸ਼ਕ ਗੁਣ ਅਪਨਾਉਣ ਉਤੇ ਜ਼ੋਰ ਦਿੱਤਾ ਗਿਆ ਹੈ। ਫਰੀਦ ਬਾਣੀ ਆਪਣੀ ਗਲ ਭਾਵੇਂ ਮੌਤ ਤੋਂ ਸ਼ੁਰੂ ਕਰਦੀ ਹੈ ਪਰ ਉਸ ਦਾ ਪਹੁੰਚ ਬਿੰਦੂ ਉਹ ਸੰਜਮ ਤੇ ਕਮਾਈ ਹੈ। ਜਿਸ ਉੱਪਰ ਇਨਸਾਨੀ ਕਿਰਦਾਰ ਸੁਗਠਿਤ ਹੁੰਦਾ ਹੈ।[77] ਫਰੀਦ ਨੇ ਸਵੈ ਸੰਬੋਧਨ ਰਾਹੀਂ ਪਖੰਡੀ ਲੋਕਾਂ ਉਤੇ ਵਿਅੰਗ ਕੀਤਾ ਹੈ ਕਿ ਇਹ ਵਾਧੂ ਪਖੰਡ ਅਤੇ ਦਿਖਾਵੇ ਕਿਧਰੇ ਵੀ ਦਰਵੇਸ਼ੀ ਵਾਲੇ ਰੂਪ ਨੂੰ ਨਹੀਂ ਪ੍ਰਗਟਾਉਂਦੇ। ਉਹ ਤਾਂ ਆਪਣੇ ਆਪ ਨੂੰ 'ਗੁਨਹੀ ਭਰਿਆ' ਦੱਸਦਾ ਹੈ:

*ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ॥*
*ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ॥* ਪੰਨਾ ੧੩੮੧

ਪਰ ਮਨ ਦੀ ਪਵਿੱਤਰਤਾ ਨੂੰ ਕਾਇਮ ਰੱਖ ਕੇ ਲੋਕਾਈ ਨੂੰ 'ਦੋਜਕ' ਦੀ ਅੱਗ ਤੋਂ ਬਚਾਉਣਾ ਚਾਹੁੰਦਾ ਹੈ।

*ਫਰੀਦਾ ਮਨੁ ਮੈਦਾਨੁ ਕਰਿ ਟੋਏ ਟਿਬੇ ਲਾਹਿ॥*
*ਅਗੈ ਮੂਲਿ ਨ ਆਵਸੀ ਦੋਜਕ ਸੰਦੀ ਭਾਹਿ॥* ਪੰਨਾ ੧੩੮੧

ਗੁਰੂ ਨਾਨਕ ਦੇਵ ਦੇ ਸਹਸਕ੍ਰਿਤੀ ਸਲੋਕਾਂ ਵਿਚ ਵੀ ਪੰਡਤਾਂ ਦੇ ਅਜਿਹੇ ਦਿਖਾਵਿਆਂ ਦਾ ਖੰਡਨ ਕੀਤਾ ਅਤੇ ਇਹ ਦੱਸਿਆ ਹੈ ਕਿ ਇਨ੍ਹਾਂ ਦਿਖਾਵਿਆਂ ਵਿਚ ਪੈਣ ਦੀ ਬਜਾਏ ਜੇ ਸਹੀ ਅਰਥਾਂ ਵਿਚ ਸਚਿਆਰ ਬਣ ਲਿਆ ਜਾਵੇ ਤਾਂ ਜੀਵਨ ਵਿਚ ਸਫਲ ਹੋ ਸਕਦਾ ਹੈ:

*ਨਿਹਫਲੰ ਤਸ ਜਨਮਸ ਜਾਵਦ ਬ੍ਰਹਮ ਨ ਬਿੰਦਤੇ॥*

*ਸਾਗਰੰ ਸੰਸਾਰਸ ਗੁਰਪਰਸਾਦੀ ਤਰਹਿ ਕੇ॥*

*ਕਰਣ ਕਾਰਣ ਸਮਰਥੁ ਹੈ ਕਹੁ ਨਾਨਕ ਬੀਚਾਰਿ॥*

*ਕਾਰਣੁ ਕਰਤੇ ਵਸਿ ਹੈ ਜਿਨਿ ਕਲਿ ਰਾਖੀ ਧਾਰਿ॥* ਪੰਨਾ ੧੩੫੩

ਗੁਰੂ ਗ੍ਰੰਥ ਸਾਹਿਬ ਦੀ ਰਾਗ ਮੁਕਤ ਬਾਣੀ ਵਿਚ ਦਰਜ ਸਲੋਕ ਦੂਹਰੀ ਭੂਮਿਕਾ ਨਿਭਾ ਰਹੇ ਹਨ। ਇਕ ਤਾਂ ਧਰਤੀ ਉੱਪਰ ਵਿਚਰਦਿਆਂ ਕਰਮ ਕਾਂਡ ਤੋਂ ਸੁਚੇਤ ਕਰਦੇ ਹਨ ਅਤੇ ਦੂਜਾ ਮਨੁੱਖ ਨੂੰ ਚੇਤੰਨ ਕਰਕੇ ਪ੍ਰਭੂ ਮਾਰਗ ਉੱਪਰ ਤੋਰਦੇ ਹਨ। 'ਸਲੋਕ' ਦੀ ਰਚਨਾਤਮਕ ਸਮਰੱਥਾ ਅਰਥ ਭਰਪੂਰ ਅਤੇ ਸਾਰਥਿਕ ਹੁੰਦੀ ਹੈ। ਸਲੋਕ ਦਾ ਕੇਂਦਰ ਬਿੰਦੂ ਕਿਸੇ ਇਕ ਵਿਚਾਰ ਜਾਂ ਸਥਿਤੀ ਉੱਪਰ ਅਧਾਰਿਤ ਹੋਣ ਕਰਕੇ ਇਨ੍ਹਾਂ ਸਲੋਕਾਂ ਵਿਚ ਅਧਿਆਤਮਕ ਮੰਡਲ ਦੇ ਨਾਲ ਹੀ ਮਾਨਵੀ ਧਰਾਤਲ ਅਤੇ ਸਮਕਾਲੀ ਸਥਿਤੀਆਂ ਉਤੇ ਚੋਭ ਲਾਉਣ ਦਾ ਕੰਮ ਵੀ ਲਿਆ ਜਾਂਦਾ ਹੈ ਕਿਉਂਕਿ ਬਾਣੀ ਚਿੰਤਨ ਲੌਕਿਕ ਅਤੇ ਪਾਰਲੌਕਿਕ ਹੋਣ ਕਰਕੇ ਮਾਨਵੀ ਧਰਾਤਲ ਨਾਲ ਜੁੜ ਕੇ ਵੀ ਅਧਿਆਤਮਕਤਾ ਦੇ ਰਹੱਸ ਖੋਲ੍ਹਣ ਲਗ ਪੈਂਦੇ ਹਨ। ਸਲੋਕ ਵਾਰਾਂ ਤੇ ਵਧੀਕ' ਸਿਰਲੇਖ ਅਧੀਨ 'ਮਹਲਾ ੧' ਦਾ ਪਹਿਲਾ ਸਲੋਕ ਹੀ ਇਸ ਦੀ ਗਵਾਹੀ ਭਰਦਾ ਨਜ਼ਰ ਆਉਂਦਾ ਹੈ:

*ਉਤੰਗੀ ਪੈਓਹਰੀ ਗਹਿਰੀ ਗੰਭੀਰੀ॥*

*ਸਸੁੜਿ ਸੁਹੀਆ ਕਿਵ ਕਰੀ ਨਿਵਣੁ ਨ ਜਾਇ ਥਣੀ॥*

*ਗਚੁ ਜਿ ਲਗਾ ਗਿੜਵੜੀ ਸਖੀਏ ਧਉਲਹਰੀ॥*

*ਸੇ ਭੀ ਢਹਦੇ ਡਿਠੁ ਮੈ ਮੁੰਧ ਨ ਗਰਬੁ ਥਣੀ॥* ਪੰਨਾ ੧੪੧੦

ਇਸ ਸਲੋਕ ਵਿੱਚ ਸਜ ਵਿਆਹੀ ਇਸਤਰੀ ਦੇ ਰੂਪਕ ਰਾਹੀਂ ਦਸਿਆ ਹੈ ਕਿ ਰੂਪ ਤੇ ਜੁਆਨੀ ਦੇ ਹੰਕਾਰ ਨਾਲੋਂ 'ਸੰਤ ਸਜਣ' ਦਾ ਪੰਨਾ ਫੜਕੇ 'ਨਿਵੈ ਸੁ ਗਉਰਾ ਹੋਇ' ਵਾਲਾ ਪ੍ਰਮਾਨਿਕ ਸਿਧਾਂਤ ਅਪਣਾ ਲੈਣਾ ਚਾਹੀਦਾ ਹੈ। ਗੁਰੂ ਨਾਨਕ ਰਚਿਤ ਸਲੋਕਾਂ ਵਿਚ ਸਮਾਜਿਕ ਸਰੋਕਾਰਾਂ ਨੂੰ ਅਭਿਵਿਅਕਤੀ ਪ੍ਰਾਪਤ ਹੁੰਦੀ ਹੈ। ਦੁਨੀਆਂ ਵਿਚ ਵਿਚਰਦਿਆਂ ਪਤਾ ਲਗ ਜਾਂਦਾ ਹੈ ਕਿ ਤੁਹਾਡਾ ਅਸਲੀ ਮਿਤਰ ਕੌਣ ਹੈ। ਇਥੇ 'ਵਿਰੋਧ' ਉਸਾਰ ਕੇ ਗੁਰੂ ਸਾਹਿਬ ਕਹਿੰਦੇ ਹਨ ਕਿ ਜਿਸ ਭਾਈਚਾਰੇ ਵਿਚ ਫਸਕੇ ਤੂੰ ਆਪਣੇ ਅਸੂਲਾਂ ਤੋਂ ਡਿਗ ਪਿਆ ਹੈ, ਉਸ ਨੇ ਕਦੀ ਤੇਰੇ ਮਿਤਰ ਨਹੀਂ ਬਨਣਾ:

*ਨਾਨਕ ਦੁਨੀਆ ਕੈਸੀ ਹੋਈ॥*

*ਸਾਲਕੁ ਮਿਤੁ ਨ ਰਹਿਓ ਕੋਈ॥*

*ਭਾਈ ਬੰਧੀ ਹੇਤੁ ਚੁਕਾਇਆ॥*

*ਦੁਨੀਆ ਕਾਰਣਿ ਦੀਨੁ ਗਵਾਇਆ॥* ਪੰਨਾ ੧੪੧੦

ਗੁਰੂ ਅਮਰਦਾਸ ਦੇ ਸਲੋਕਾਂ ਵਿਚ ਗੁਰਮੁਖ ਤੇ ਮਨਮੁਖ ਦੋਹਾਂ ਦਾ ਚਿਤਰਨ ਕਰਦੇ ਹੋਏ ਸ਼ੁਭ ਕਰਮ ਕਰਨ ਲਈ ਪ੍ਰੇਰਿਆ ਗਿਆ ਹੈ। ਪ੍ਰਭੂ ਦੀ ਕਿਰਪਾ ਨਾਲ ਗਿਆਨ ਦੀ ਪ੍ਰਾਪਤੀ ਹੋ ਜਾਣ ਤੇ ਦੁਖ ਰੂਪੀ ਸਾਗਰ ਵਿਚੋਂ ਕਢਣ ਲਈ ਵਡੇ ਭਾਗਾਂ ਵਾਲੇ 'ਬੋਹਿਥੈ' ਚੜ੍ਹ ਕੇ ਪਾਰ ਲੰਘ ਜਾਂਦੇ ਹਨ।

*ਮਾਇਆ ਮੋਹੁ ਦੁਖੁ ਸਾਗਰੁ ਹੈ ਬਿਖੁ ਦੁਤਰੁ ਤਰਿਆ ਨ ਜਾਇ॥*

*ਮੇਰਾ ਮੇਰਾ ਕਰਦੇ ਪਚਿ ਮੁਏ ਹਉਮੈ ਕਰਤ ਵਿਹਾਇ॥*

*ਮਨਮੁਖਾ ਉਰਵਾਰੁ ਨ ਪਾਰੁ ਹੈ ਅਧ ਵਿਚਿ ਰਹੇ ਲਪਟਾਇ॥*

*ਜੋ ਧੁਰਿ ਲਿਖਿਆ ਸੁ ਕਮਾਵਣਾ ਕਰਣਾ ਕਛੂ ਨ ਜਾਇ॥*

*ਗੁਰਮਤੀ ਗਿਆਨ ਰਤਨੁ ਮਨਿ ਵਸੈ ਸਭੁ ਦੇਖਿਆ ਬ੍ਰਹਮੁ ਸੁਭਾਇ॥*

*ਨਾਨਕ ਸਤਿਗੁਰਿ ਬੋਹਿਥੈ ਵਡਭਾਗੀ ਚੜੈ ਤੇ ਭਉਜਲਿ ਪਾਰਿ ਲੰਘਾਇ॥* ਪੰਨਾ ੧੪੧੭

ਕਈ ਵਾਰ ਇਨ੍ਹਾਂ ਸਲੋਕਾਂ ਵਿਚ ਐਸੀਆਂ ਸਥਿਤੀਆਂ ਪੈਦਾ ਹੋ ਜਾਂਦੀਆਂ ਹਨ ਕਿ ਉਸ ਪ੍ਰਭੂ ਪਤੀ ਤੋਂ ਬਿਨਾਂ ਨਹੀਂ ਰਹਿ ਸਕਦੀਆਂ, ਉਸ ਦੇ ਮਿਲਾਪ ਵਿਚ ਮਨ ਅਨੰਦਿਤ ਹੋ ਜਾਣ ਨਾਲ 'ਸਹੁ ਦੇਖਨਿ ਆਪਣਾ ਨਾਨਕ ਥੀਵਨ ਭੀ ਹਰੇ' ਰਾਤ ਦਿਨ ਆਪਣੇ ਮਨ ਵਿਚ ਸਮੋ ਕੇ ਰਖਿਆ ਜਾਂਦਾ ਹੈ ਪਰ ਗੁਰੂ ਰਾਮਦਾਸ ਦਾ ਕਥਨ ਇੱਥੇ ਵਿਚਾਰਨ ਯੋਗ ਹੈ:

*ਜਿਨ ਪਿਰੀਆ ਸਉ ਨੇਹੁ ਸੇ ਸਜਣ ਮੈ ਨਾਲਿ॥*

*ਅੰਤਰਿ ਬਾਹਰਿ ਹਉ ਫਿਰਾਂ ਭੀ ਹਿਰਦੈ ਰਖਾ ਸਮਾਲਿ॥* ਪੰਨਾ ੧੪੨੩

ਰਾਗ ਮੁਕਤ ਬਾਣੀ ਵਿਚ ਗੁਰੂ ਅਰਜਨ ਦੇਵ ਨੇ ਆਪਣੇ ਸਲੋਕਾਂ ਵਿਚ ਰਾਗ ਦੀ ਮਹੱਤਤਾ ਦਾ ਜ਼ਿਕਰ ਵੀ ਕੀਤਾ ਹੈ। ਉਨ੍ਹਾਂ ਨੇ ਆਪਣੇ ਦੋ ਸਲੋਕਾਂ ਵਿਚ ਇਹ ਜੁਗਤ ਵਰਤਕੇ ਰਾਗ ਦੀ ਮਹੱਤਤਾ ਨੂੰ ਉਜਾਗਰ ਕੀਤਾ ਹੈ:

- *ਗੁਰੁ ਕੈ ਸਬਦਿ ਅਰਾਧੀਐ ਨਾਮਿ ਰੰਗ ਬੈਰਾਗੁ॥*<br>*ਜੀਤੇ ਪੰਚ ਬੈਰਾਈਆ ਨਾਨਕ ਸਫਲ ਮਾਰੂ ਇਹ ਰਾਗੁ॥* ਪੰਨਾ ੧੪੨੫
- *ਸੋਰਠਿ ਸੋ ਰਸੁ ਪੀਜੀਐ ਕਬਹੂ ਨ ਫੀਕਾ ਹੋਇ॥*<br>*ਨਾਨਕ ਰਾਮ ਨਾਮ ਗੁਨ ਗਾਈਅਹਿ ਦਰਗਹ ਨਿਰਮਲ ਸੋਇ॥* ਪੰਨਾ ੧੪੨੫

ਬਾਣੀਕਾਰ ਰੂਹਾਨੀਅਤ ਨਾਲ ਜੁੜੇ ਦਾਰਸ਼ਨਿਕ ਬਿਰਤੀ ਵਾਲੇ ਸਨ, ਪਰ ਉਨ੍ਹਾਂ ਨੇ ਆਪਣੀ ਵਿਚਾਰਧਾਰਾ ਨੂੰ ਲੋਕ ਰੂਪਾਂ ਅਤੇ ਲੋਕ ਬੋਲੀ ਰਾਹੀਂ ਪ੍ਰਗਟ ਕੀਤਾ ਹੈ। ਧਰਮ ਸੰਸਾਰ ਲੋਕਾਂ ਲਈ ਹੁੰਦਾ ਹੈ ਅਤੇ ਇਸ ਲਈ ਲੋਕ ਮੁੱਖ ਹੋਣ ਕਰਕੇ ਲੋਕ ਬੋਲੀ ਨੂੰ ਵਰਤ ਕੇ ਲੋਕ ਸੰਸਕ੍ਰਿਤੀ ਦੀ ਗਲ ਕੀਤੀ ਜਾਂਦੀ ਹੈ। ਉਹ ਆਪਣੀ ਗਲ ਨੂੰ ਸਮਝਾਉਣ ਲਈ ਅਜਿਹੇ ਲੋਕ ਸ਼ਬਦ ਵਰਤਦੇ ਹਨ ਕਿ ਲੁਕਾਈ ਸੰਸਾਰਕ ਅਰਥਾਂ ਵਿਚੋਂ ਪ੍ਰਮਾਰਥਕ ਅਰਥਾਂ ਨੂੰ ਝੱਟ ਢੂੰਡ ਲੈਂਦੀ ਹੈ। ਗੁਰੂ ਅਰਜਨ ਦੇਵ ਨੇ ਲੋਕ ਬੋਲੀ ਵਿਚ 'ੜ' ਸ਼ਬਦ ਦੀ ਵਰਤੋਂ ਕਾਫੀ ਜ਼ਿਆਦਾ ਕਰਕੇ ਜਿਥੇ ਬੋਲੀ ਦੀ ਮਿਠਾਸ ਵਿਚ ਵਾਧਾ ਕੀਤਾ ਹੈ ਉਥੇ ਨਾਲ ਹੀ ਲੌਕਿਕ ਤੱਤਾਂ ਨੂੰ ਪਾਰਲੌਕਿਕ ਰੂਪ ਵਿਚ ਬਦਲ ਦਿੱਤਾ ਹੈ:

*ਤਿਚਰੁ ਮੂਲਿ ਨ ਥੁੜੀਦੋ ਜਿਚਰੁ ਆਪਿ ਕ੍ਰਿਪਾਲ॥*

*ਸਬਦੁ ਅਖੁਟੁ ਬਾਬਾ ਨਾਨਕਾ ਖਾਹਿ ਖਰਚਿ ਧਨੁ ਮਾਲ॥*

*ਖੰਭ ਵਿਕਾਂਦੜੇ ਜੇ ਲਹਾਂ ਘਿੰਨਾ ਸਾਵੀ ਤੋਲਿ॥*

*ਤੰਨਿ ਜੜਾਂਈ ਆਪਣੈ ਲਹਾਂ ਸੁ ਸਜਣੁ ਟੋਲਿ॥* ਪੰਨਾ ੧੪੨੬

ਗੁਰੂ ਤੇਗ ਬਹਾਦਰ ਦੇ ਸਲੋਕਾਂ ਵਿਚ ਭਾਵੇਂ ਪ੍ਰਧਾਨ ਸੁਰ ਤਿਆਗ ਅਤੇ ਨਾਸ਼ਮਾਨਤਾ ਦੀ ਹੈ ਜੋ ਨਿਰਾਸਤਾ ਦੀ ਸੂਚਕ ਨਹੀਂ, ਸਗੋਂ ਉਚੇਰੀ ਆਤਮਕ ਅਵਸਥਾ ਅਤੇ ਵਿਹਾਰਿਕ ਜੀਵਨ ਲਈ ਇਕ ਨਰੋਈ ਸੇਧ ਦਾ ਕੰਮ ਦਿੰਦੀ ਹੈ। ਬੌਧਿਕ ਪੱਧਰ ਤੇ ਵਿਚਰਦਿਆਂ ਇਸ ਨਾਸ਼ਮਾਨਤਾ ਪਿਛੇ ਅਭਿਮਾਨ, ਕਾਮ, ਕ੍ਰੋਧ, ਲੋਭ, ਬੁਰੀ ਸੰਗਤ, ਨਿੰਦਿਆ, ਭਰਮਾਂ ਅਤੇ ਅਗਿਆਨਤਾ ਨੂੰ ਤਿਆਗਣ ਉਤੇ ਜ਼ੋਰ ਦੇਣ ਨਾਲ ਹੀ ਆਪਣੇ ਅੰਦਰ ਰਾਮ ਭਜਨ, ਹਰ-ਜੱਸ, ਸਾਧ-ਸੰਗਤ, ਹਰਿ-ਨਾਮ ਅਤੇ ਗੁਨ ਗੋਬਿੰਦ ਜਿਹੀਆਂ ਅਵਸਥਾਵਾਂ ਨੂੰ ਗ੍ਰਹਿਣ ਕਰਨ ਦੀ ਲੋੜ ਉੱਤੇ ਜ਼ੋਰ ਦਿੱਤਾ ਹੈ। ਉਨ੍ਹਾਂ ਨੇ 'ਜਾਨ ਲੇਹੁ', 'ਸੁਨਿ ਰੇ ਮਨਾ' ਸਿਖਿਆ ਸੂਚਕ ਸ਼ਬਦਾਂ ਅਤੇ ਵਾਕੰਸ਼ਾਂ ਦੀ ਵਰਤੋਂ ਕਰਕੇ ਆਪਣੀ ਵਿਚਾਰਧਾਰਾ ਨੂੰ ਸਪਸ਼ਟ ਕੀਤਾ ਹੈ। ਸ਼ਬਦ ਰਾਹੀਂ ਸਿਖਿਆ ਦਿੱਤੀ ਹੈ ਕਿ ਜ਼ਿੰਦਗੀ ਦੇ ਯਥਾਰਥ ਨੂੰ ਪਛਾਣ ਕੇ ਇਸ ਦਿਸਦੇ ਸੰਸਾਰ ਨੂੰ ਮਿਥਿਆ ਸਮਝਿਆ ਜਾਵੇ ਤਾਂ ਹੀ ਮਨੁੱਖ ਦਾ ਕਲਿਆਣ ਹੋ ਸਕਦਾ ਹੈ। ਆਪ ਤਿਲਕ ਤੇ ਜੰਞੂ ਦੀ ਰਾਖੀ ਲਈ ਸ਼ਹੀਦ ਹੋਣ ਲਈ ਘਰੋਂ ਤੁਰੇ ਅਤੇ ਜ਼ੁਲਮ ਦੇ ਖਿਲਾਫ ਟੱਕਰ ਲੈਣ ਲਈ ਇਕ ਨਿਰਭੈ ਯੋਧੇ ਵਾਂਗ ਟੱਕਰ ਲੈ ਕੇ ਇਹ ਸਿੱਧ ਕਰ ਦਿੱਤਾ:

*ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ॥*

*ਨਾਨਕ ਸਭੁ ਕਿਛੁ ਤੁਮਰੈ ਹਾਥਿ ਮੈ ਤੁਮ ਹੀ ਹੋਤ ਸਹਾਇ॥* ਪੰਨਾ ੧੪੨੯

ਰਾਗ ਮੁਕਤ ਬਾਣੀਆਂ ਵਿਚ ਇਕ ਅਹਿਮ ਜੁਗਤ 'ਮਿੱਥ' ਦੇ ਪ੍ਰਯੋਗ ਦੀ ਹੈ। ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਅਵਤਾਰਵਾਦ ਦੇ ਸਿਧਾਂਤ ਨੂੰ ਨਹੀਂ ਮੰਨਦੀ ਪਰ ਕਲ ਭੱਟ ਗੁਰੂ ਨਾਨਕ

ਦੇਵ ਨੂੰ ਤ੍ਰੈਤੇ ਯੁਗ ਵਿਚ ਰਾਮ ਚੰਦਰ ਦੇ ਰੂਪ ਵਿਚ, ਦੁਆਪਰ ਵਿਚ ਕ੍ਰਿਸ਼ਨ ਦੇ ਰੂਪ ਵਿਚ ਤੇ ਕਲਯੁਗ ਵਿਚ ਗੁਰੂ ਨਾਨਕ ਦੇ ਰੂਪ ਵਿਚ ਦੀਦਾਰ ਕਰਦਾ ਹੈ। ਇਹ ਵਿਚਾਰ ਚਰਚਾ ਗੁਰੂ ਨਾਨਕ ਦੀ 'ਜਪੁਜੀ' ਦੇ ਵਿਚਾਰਾਂ ਨਾਲ ਮੇਲ ਖਾਂਦੀ ਹੈ:

*ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ॥* ਪੰਨਾ ੨

ਭੱਟ ਕਵੀ ਇਤਿਹਾਸਕ ਤੇ ਮਿਥਿਹਾਸਕ ਹਵਾਲਿਆਂ ਨਾਲ ਗੁਰੂ ਸਾਹਿਬਾਨ ਦੀ ਉਸਤਤ ਕਰਦੇ ਹਨ। ਗੁਰੂ ਨਾਨਕ ਸਾਹਿਬ ਨੇ ਇਕਾਗਰ ਚਿੱਤ ਨਾਲ ਪ੍ਰੇਮਾ-ਭਗਤੀ ਕੀਤੀ ਅਤੇ ਗੁਰੂ ਅੰਗਦ ਦੇਵ ਨੇ ਵੀ ਅਕਾਲ ਮੂਰਤਿ ਦਾ ਧਿਆਨ ਆਪਣੇ ਹਿਰਦੇ ਵਿਚ ਧਰ ਕੇ ਉਤਮ ਪਦਵੀ ਪ੍ਰਾਪਤ ਕਰ ਲਈ। ਗੁਰੂ ਅਮਰਦਾਸ ਨੇ ਕਰਤਾ ਪੁਰਖ ਨੂੰ ਵਾਹ ਵਾਹ ਕਰਕੇ ਧਿਆਇਆ ਅਤੇ ਇਸ ਲਈ ਗੁਰੂ ਰਾਮਦਾਸ ਦੀ ਜੈ ਜੈ ਕਾਰ ਹੋ ਰਹੀ ਹੈ:

*ਨਾਰਦੁ ਧ੍ਰੂ ਪ੍ਰਹਲਾਦੁ ਸੁਦਾਮਾ ਪੁਬ ਭਗਤ ਹਰਿ ਕੇ ਜੁ ਗਣੰ॥*
*ਅੰਬਰੀਕੁ ਜਯਦੇਵ ਤ੍ਰਿਲੋਚਨੁ ਨਾਮਾ ਅਵਰੁ ਕਬੀਰੁ ਭਣੰ॥*
*ਤਿਨ ਕੌ ਅਵਤਾਰੁ ਭਯਉ ਕਲਿ ਭਿੰਤਰਿ ਜਸੁ ਜਗਤ੍ਰ ਪਰਿ ਛਾਇਅਉ॥*
*ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ ਤੈ ਹਰਿ ਪਰਮ ਪਦੁ ਪਾਇਯਉ॥* ਪੰਨਾ ੧੪੦੫

ਭੱਟ ਬਾਣੀ ਦੀ ਸੰਗੀਤਾਮਕਤਾ ਪਾਠਕ ਅਤੇ ਸਰੋਤੇ ਨੂੰ ਅਤਿਅੰਤ ਪ੍ਰਭਾਵਿਤ ਕਰਦੀ ਹੈ। ਉਨ੍ਹਾਂ ਨੇ ਉਪਮਾ, ਰੂਪਕ ਅਤੇ ਅਨੁਪ੍ਰਾਸ ਅਲੰਕਾਰਾਂ ਦੀ ਵਰਤੋਂ ਬੜੇ ਸੁੰਦਰ ਢੰਗ ਨਾਲ ਕੀਤੀ ਹੈ। ਗੁਰੂ ਅਮਰਦਾਸ ਦੀ ਵਡਿਆਈ ਚਿਤਰਨ ਸਮੇਂ ਭੱਟ ਸਲੇਸ਼ ਅਲੰਕਾਰ ਦੀ ਵਰਤੋਂ ਕਰਦਾ ਹੈ:

*ਘਨਹਰ ਬੂੰਦ ਬਸੁਅ ਰੋਮਾਵਲਿ ਕੁਸਮ ਬਸੰਤ ਗਨੰਤ ਨ ਆਵੈ॥*
*ਰਵਿ ਸਸਿ ਕਿਰਣਿ ਉਦਰੁ ਸਾਗਰ ਕੋ ਗੰਗ ਤਰੰਗ ਅੰਤੁ ਕੋ ਪਾਵੈ॥*
*ਰੁਦ੍ਰ ਧਿਆਨ ਗਿਆਨ ਸਤਿਗੁਰ ਕੇ ਕਬਿ ਜਨ ਭਲ ਉਨਹ ਜੁ ਗਾਵੈ॥*
*ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ॥* ਪੰਨਾ ੧੩੯੬

ਉਪਰੋਕਤ ਤੁਕਾਂ ਵਿਚ ਗੁਰੂ ਅਮਰਦਾਸ ਦੀ ਵਡਿਆਈ ਕਰਦੇ ਹੋਏ ਭੱਟ ਕਵੀ ਕਹਿੰਦਾ ਹੈ ਕਿ ਜਿਵੇਂ ਬਦਲਾਂ ਦੀਆਂ ਕਣੀਆਂ, ਬਨਸਪਤੀ, ਬਸੰਤ ਦੇ ਫੁਲਾਂ, ਸੂਰਜ ਤੇ ਚੰਦਰਮਾ ਦੀਆਂ ਕਣੀਆਂ, ਗੰਗਾ ਦੀਆਂ ਠਿੱਲਾਂ ਦਾ ਕੋਈ ਅੰਤ ਨਹੀਂ ਪਾ ਸਕਦਾ ਇਵੇਂ ਹੀ ਸ਼ਿਵ ਵਾਂਗ ਸਮਾਧੀ ਲਾ ਕੇ, ਸਤਿਗੁਰ ਦੇ ਬਖਸ਼ੇ ਗਿਆਨ ਦੁਆਰਾ ਉਪਰ ਦਸੇ ਪਦਾਰਥਾਂ ਦਾ ਵਰਨਣ ਕਰ ਲਿਆ ਜਾਵੇ ਪਰ ਭੱਲਿਆਂ ਦੀ ਕੁੱਲ ਵਿਚ ਪੈਦਾ ਹੋਏ ਗੁਰੂ ਅਮਰਦਾਸ ਦੇ ਗੁਣਾਂ ਦਾ ਵਰਨਣ ਨਹੀਂ ਹੋ ਸਕਦਾ ਕਿਉਂਕਿ ਉਨ੍ਹਾਂ ਜਿਹਾ ਹੋ ਕੋਈ ਨਹੀਂ ਹੈ। 'ਭਲ਼ੇ' ਸ਼ਬਦ ਦੇ ਇਕ ਤੋਂ ਵਧ ਅਰਥ ਹੋਣ ਕਰਕੇ ਇਸ

ਸ਼ਬਦ ਵਿਚ ਸਲੇਸ਼ ਅਲੰਕਾਰ ਦੀ ਵਰਤੋਂ ਹੋਈ ਹੈ। 'ਭਲਿਆਂ ਦੀ ਕੁਲ ਵਿਚ ਪ੍ਰਗਟ ਹੋਏ ਅਤੇ ਭਲੇ ਗੁਣਾਂ ਦੇ ਸੁਆਦੀ ਦੋਵੇਂ ਅਰਥ ਢੁਕਦੇ ਹਨ। ਇਸ ਸਵੱਯੇ ਵਿਚ ਭੱਟ ਕਵੀ ਗੁਰੂ ਅਮਰਦਾਸ ਦੇ ਗੁਣਾਂ ਦਾ ਸਾਨੀ ਲਭਣ ਤੋਂ ਅਸਮਰਥ ਹੈ ਤਾਂ ਹੀ ਉਸ ਨੂੰ ਇਹ ਕਹਿਣਾ ਪਿਆ ਕਿ ਤੇਰੇ ਵਰਗਾ ਤੂੰ ਆਪ ਹੀ ਹੈਂ।

ਭੱਟ ਕਵੀ ਆਪਣੇ ਸਵੱਈਆਂ ਵਿਚ ਦਸਦੇ ਹਨ ਕਿ ਨਿਰੰਕਾਰ ਦੀ ਜੋਤਿ ਗੁਰੂ ਨਾਨਕ ਦੇਵ ਵਿਚ ਸਮਾਈ ਅਤੇ ਗੁਰੂ ਨਾਨਕ ਨੇ ਆਪਣਾ ਮਿਹਰ ਭਰਿਆ ਹਥ ਗੁਰੂ ਅੰਗਦ ਦੇ ਸਿਰ ਤੇ ਰਖਿਆ। ਭੱਟ ਕਲ ਸਹਾਰ ਅਨੁਸਾਰ ਇਸ ਪ੍ਰਕਾਰ ਪਰਮਾਤਮਾ ਰੂਪ ਗੁਰੂ ਨਾਨਕ ਨੂੰ ਪਰਸਣ ਸਦਕਾ ਲਹਿਣੇ ਭਾਵ ਗੁਰੂ ਅੰਗਦ ਦੇਵ ਦੀ ਸੋਭਾ ਸਾਰੇ ਜਹਾਨ ਵਿਚ ਫੈਲ ਗਈ। ਸਵਈਏ ਮਹਲੇ ਦੂਜੇ ਦੀ ਇਹ ਤੁਕ ਇਕ ਮੁਹਾਵਰੇ ਦੀ ਤਰ੍ਹਾਂ ਆਮ ਉਚਾਰਨ ਦਾ ਹਿੱਸਾ ਬਣ ਗਈ ਹੈ ਕਿ ਹੁਣ ਵੀ ਹੁਕਮਨਾਮਾ ਲੈਣ ਸਮੇਂ ਇਹ ਤੁਕਾਂ ਉਚਾਰਨ ਕੀਤੀਆਂ ਜਾਂਦੀਆਂ ਹਨ:

*ਸੁ ਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਿਜ ਸੁਭਾਇ॥*

*ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ॥* ਪੰਨਾ ੧੩੯੨

ਇਸੇ ਤਰ੍ਹਾਂ ਗੁਰੂ ਦੀ ਸੰਗਤ ਦੇ ਇਸ ਮਾਰਗ ਨੂੰ ਸਭ ਤੋਂ ਉੱਤਮ ਮੰਨਿਆ ਹੈ ਕਿਉਂਕਿ ਇਥੇ ਜਾ ਕੇ ਮੌਤ ਦਾ ਡਰ ਦੂਰ ਹੋ ਜਾਂਦਾ ਹੈ। ਇਸ ਲਈ ਭੱਟ ਕਵੀ ਕੀਰਤ ਗੁਰੂ ਦੀ ਸੰਗਤ ਲਈ ਅਰਦਾਸ ਕਰਦਾ ਹੈ:

*ਇਸ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ॥*

*ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ॥* ਪੰਨਾ ੧੪੦੬

ਪ੍ਰੋ. ਸਾਹਿਬ ਸਿੰਘ ਨੇ ਵਿਆਕਰਣ ਨੂੰ ਹਵਾਲਾ ਬਿੰਬ ਬਣਾ ਕੇ ਭੱਟ ਬਾਣੀ ਦੀ ਸਾਂਝ ਗੁਰਬਾਣੀ ਨਾਲ ਸਪਸ਼ਟ ਕੀਤੀ ਹੈ।[78] ਗੁਰਬਾਣੀ ਦੇ ਕਾਰਜਸ਼ੀਲ ਵਿਆਕਰਣਕ ਨਿਯਮ ਹੀ ਭੱਟ ਬਾਣੀ ਵਿਚ ਵਰਤੇ ਗਏ ਹਨ। ਜਿਵੇਂ ਪੁਲਿੰਗ, ਕਰਤਾ ਕਾਰਕ ਤੇ ਇਕ ਵਚਨ:

*ਸੋਈ 'ਪੁਰਖੁ' ਧੰਨ ਕਰਤਾ ਕਾਰਣ ਕਰਤਾਰੁ ਕਰਣ ਸਮਰਥੋ॥* ਪੰਨਾ ੧੩੯੧

*'ਗੁਰੁ' ਜਿਨ ਕਉ ਸੁਪ੍ਰਸੰਨ ਨਾਮੁ ਹਰਿ ਰਿਦੈ ਨਿਵਾਸੈ॥* ਪੰਨਾ ੧੩੯੮

ਇਸ ਸਬੰਧੀ ਸਬੰਧ ਕਾਰਕ ਇਕ ਵਚਨ ਦੀ ਉਦਾਹਰਣ ਇਸ ਪ੍ਰਕਾਰ ਦਿੱਤੀ ਜਾ ਸਕਦੀ ਹੈ:-

- *ਕਬਿ ਕਲ ਸੁਜਸੁ ਗਾਵਉ 'ਗੁਰ ਨਾਨਕ' ਰਾਜੁ ਜੋਗੁ ਜਿਨਿ ਮਾਣਿਓ॥* ਪੰਨਾ ੧੩੮੯
- *ਸੰਸਾਰਿ ਸਫਲੁ ਗੰਗਾ 'ਗੁਰ ਦਰਸਨੁ' ਪਰਸਨ ਪਰਮ ਪਵਿਤ੍ਰ ਗਤੇ॥* ਪੰਨਾ ੧੪੦੧

ਜਿਥੇ ਗੁਰੂ ਨਾਨਕ ਅਤੇ ਗੁਰ ਦਰਸ਼ਨ ਤੋਂ ਭਾਵ ਗੁਰੂ ਦਾ ਦਰਸ਼ਨ ਹੈ ਅਤੇ ਇਹ ਸਾਰੇ ਗੁਰਬਾਣੀ ਦੇ ਵਿਆਕਰਣਕ ਨਿਯਮ ਹਨ। ਸਾਰੇ ਹੀ ਸੱਵਈਆਂ ਵਿਚ ਗੁਰੂ ਸਾਹਿਬ ਦੀ ਉਸਤਤ ਨੂੰ ਸੰਚਾਰਿਤ ਕਰਨ ਲਈ ਗਾਵਉ, ਗਾਵਹਿ ਅਤੇ ਗਾਵੈ ਦੀ ਕਿਰਿਆ ਦੁਹਰਾਈ ਗਈ ਹੈ। ਇਸ ਕਿਰਿਆ-ਪਦ ਦੁਆਰਾ ਗੁਣਾਂ ਦਾ ਗਾਇਨ ਭਾਵਾਂ ਦਾ ਸੰਚਾਰ ਹੁੰਦਾ ਹੈ। ਸੱਵਈਆਂ ਦੀ ਅਰਥ ਵਿਗਿਆਨਕ ਇਕਾਈ ਹੈ ਅਤੇ ਇਹ ਗੁਣ ਪਰਮ ਗੁਰੂ (ਗੁਰੂ ਨਾਨਕ) ਦੀ ਉਸਤਤ ਵਿਚ ਗਾਏ ਜਾ ਰਹੇ ਹਨ। ਇਹ ਗੁਣ ਗਾਇਨ 'ਇਕ ਮਨਿ ਪੁਰਖ ਧਿਆਇ ਬਰਦਾਤਾ' 'ਸੰਤ ਸਹਾਰ ਸਦਾ ਬਖਿਆਤਾ' ਪੁਰਖ ਦੇ ਚਰਨ ਹਿਰਦੈ ਵਿਚ ਵਸਾਉਣ ਦਾ ਆਰੰਭ ਕਰਦਾ ਹੈ ਅਤੇ ਇਕ ਅਕਾਲ ਪੁਰਖ ਦੇ ਅਤੇ ਗੁਰੂ ਨਾਨਕ ਦੇ ਗੁਣਾਂ ਦਾ ਗਾਇਨ ਹੈ।

ਭੱਟਾਂ ਦੇ ਸੱਵਈਆਂ ਦਾ ਅਧਿਐਨ ਕਰਨ ਉਪਰੰਤ ਇਹ ਸਿੱਟਾ ਨਿਕਲਦਾ ਹੈ ਕਿ ਭੱਟ ਸੰਸਕਿਤ, ਹਿੰਦੀ, ਪੰਜਾਬੀ ਅਤੇ ਪ੍ਰਕਿਰਤ ਭਾਸ਼ਾਵਾਂ ਦੇ ਚੰਗੇ ਵਿਦਵਾਨ ਸਨ। ਕਿਧਰੇ ਕਿਧਰੇ ਤਾਂ ਭੱਟ ਬਾਣੀ ਠੇਠ ਪੰਜਾਬੀ ਦਾ ਅਟੁੱਟ ਅੰਗ ਜਾਪਦੀ ਹੈ:

*ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ॥*

*ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ॥* ਪੰਨਾ ੧੩੯੯

ਭੱਟ ਬਾਣੀ ਸੰਯੋਗਾਤਮਕ ਰੂਪ ਵਿਚ ਹੈ। ਜਿਸ ਕਾਰਨ ਪੰਜਾਬੀ ਵਿਚ ਵਰਤੇ ਜਾਂਦੇ ਸੰਬੋਧਕ ਨਹੀਂ ਮਿਲਦੇ ਇਸ ਵਿੱਚ ਦਾ ਦੇ ਦੀ ਥਾਂ ਕਾ, ਕੇ ਕੀ, ਆਮ ਪ੍ਰਚਲਿਤ ਹਨ।

- *ਵਾਹੁ ਵਾਹੁ ਕਾ ਬਡਾ ਤਮਾਸਾ॥* ਪੰਨਾ ੧੪੦੩
- *ਰਵਿ ਕੇ ਸੁਤ ਕੋ ਤਿਨ ਤ੍ਰਾਸੁ ਕਹਾ ਜੁ ਚਰੰਨ ਗੁਰੂ ਚਿਤੁ ਲਾਵਤ ਹੈ॥* ਪੰਨਾ ੧੪੦੪

ਇਸੇ ਤਰ੍ਹਾਂ ਨੂੰ ਦੀ ਥਾਂ ਕਉ ਸਬੰਧਕ ਵਰਤਿਆ ਗਿਆ ਹੈ:

*ਤਿਸਹਿ ਤਿਆਗਿ ਆਨ ਕਉ ਜਾਚਹਿ ਮੁਖ ਦੰਤ ਰਸਨ ਸਗਲ ਘਸਿ ਜਾਵਤ॥* ਪੰਨਾ ੧੩੮੮

ਅਜੋਕੀ ਪੰਜਾਬੀ ਵਾਲੇ ਯੋਜਕ ਨਹੀਂ ਮਿਲਦੇ। ਅਰ ਤੇ ਤਉ ਯੋਜਕ ਵਰਤੇ ਗਏ ਹਨ:

*ਤੇਰੇ ਹੁਕਮਿ ਪਵੈ ਨੀਸਾਣੁ ਤਉ ਕਰਉ ਸਾਹਿਬ ਕੀ ਸੇਵਾ॥* ਪੰਨਾ ੧੩੯੫

ਨਾਲ ਹੀ ਨ ਤੇ ਨਹੁ ਨਕਾਰਾਤਮਕ ਸ਼ਬਦਾਵਲੀ ਦੀਆਂ ਉਦਾਹਰਣਾਂ ਵੀ ਦੇਖਣ ਯੋਗ ਹਨ:

*ਜਿਨਿ ਗੁਰੂ ਨ ਦੇਖਿਅਉ ਨਹੁ ਕੀਅਉ ਤੇ ਅਕਯਥ ਸੰਸਾਰ ਮਹਿ॥* ਪੰਨਾ ੧੩੯੯

ਭੱਟ ਬਾਣੀ ਵਿਚੋਂ ਗੁਰੂ ਸਾਹਿਬਾਨ, ਗੁਰੂ ਇਤਿਹਾਸ ਅਤੇ ਸਿਧਾਂਤ ਸਬੰਧੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਗੁਰੂ ਸਾਹਿਬਾਨ ਬਾਰੇ ਸਭ ਤੋਂ ਵਧ ਜਾਣਕਾਰੀ ਭੱਟ ਬਾਣੀ ਰਾਹੀਂ ਪ੍ਰਾਪਤ ਹੋਈ ਹੈ।

ਸ਼ੇਰ ਸਿੰਘ ਗਿਆਨੀ ਦਸਦੇ ਹਨ ਕਿ ਸੱਤਾ ਬਲਵੰਡ, ਬਾਬਾ ਸੁੰਦਰ ਤੇ ਭੱਟਾਂ ਤੋਂ ਬਿਨਾਂ ਸਾਨੂੰ ਹੋਰ ਕਿਸੇ ਗੁਰੂ ਦੇ ਨਾਉਂ ਦਾ ਪਤਾ ਹੀ ਨਹੀਂ ਲਗਦਾ। ਇਸ ਕਰਕੇ ਭੱਟਾਂ ਰਾਹੀਂ ਪੇਸ਼ ਕੀਤੀ ਜਾਣਕਾਰੀ ਸਭ ਤੋਂ ਵਧੇਰੇ ਪ੍ਰਮਾਣਿਕ ਤੇ ਮਹੱਤਵਪੂਰਨ ਹੈ। [79] ਗੁਰੂ ਅਮਰਦਾਸ ਦੀ ਕੁਲ ਤੇ ਪਿਤਾ ਦਾ ਨਾਮ ਇਸ ਪ੍ਰਕਾਰ ਦਸਿਆ ਗਿਆ ਹੈ:

*ਭਲਉ ਪ੍ਰਸਿਧੁ ਤੇਜੋ ਤਨੌ ਕਲ ਜੋੜਿ ਕਰਿ ਧਾਇਅਓ॥* ਪੰਨਾ ੧੩੯੩

ਸਿਖ ਲਹਿਰ ਵਿਚ ਭੱਟਾਂ ਦਾ ਯੋਗਦਾਨ ਸਿਰਫ਼ ਬਾਣੀਕਾਰ ਹੋਣ ਕਰਕੇ ਹੀ ਨਹੀਂ, ਸਗੋਂ ਭੱਟ ਤਾਂ ਗੁਰੂ ਘਰ ਲਈ ਪੂਰੀ ਤਰ੍ਹਾਂ ਸਮਰਪਿਤ ਸਨ। ਛੇਵੇਂ ਗੁਰੂ ਦੇ ਸਮੇਂ ਤੋਂ ਇਹ ਭੱਟ ਜੰਗਾਂ-ਜੁਧਾਂ ਵਿਚ ਹਿੱਸਾ ਲੈ ਕੇ ਬਹਾਦਰੀਆਂ ਦਿਖਾਵੇ ਹੋਏ ਸ਼ਹੀਦੀਆਂ ਵੀ ਪ੍ਰਾਪਤ ਕਰ ਗਏ ਸਨ। ਇਸ ਤਰ੍ਹਾਂ ਸਿੱਖ ਲਹਿਰ ਵਿਚ ਇਨ੍ਹਾਂ ਦੀ ਦੇਣ ਸਰਵ ਪੱਖੀ ਰਹੀ ਹੈ। ਇਹ ਸੰਤ ਅਤੇ ਸਿਪਾਹੀ ਸਨ। ਅਕਾਦਮਿਕ ਪੱਖੋਂ ਇਹ ਰਾਗ ਮੁਕਤ ਬਾਣੀ ਸਿਰਫ ਰੂਹਾਨੀ ਹੀ ਨਹੀਂ ਸਗੋਂ ਸਾਹਿਤਕ ਪਰਤਾਂ ਵੀ ਖੋਲ ਕੇ ਵਿਲੱਖਣ ਕਾਵਿ ਜੁਗਤਾਂ ਨਾਲ ਭਰਪੂਰ ਹੈ।

**ਕਾਵਿ ਭਾਸ਼ਾ** : ਮਨੁੱਖੀ ਅਨੁਭਵਾਂ, ਦਿਲ ਦੀਆਂ ਕੋਮਲ ਭਾਵਨਾਵਾਂ, ਮਨ ਤੇ ਅੰਦਰਲੇ ਭਾਵਾਂ, ਕਲਪਨਾ ਦੀਆਂ ਉਡਾਣਾਂ ਅਤੇ ਜੀਵਨ ਦੇ ਕੌੜੇ ਮਿੱਠੇ ਤਜਰਬਿਆਂ ਦਾ ਪ੍ਰਗਟਾਉ ਕਰਨ ਲਈ ਕਾਵਿ-ਭਾਸ਼ਾ ਦਾ ਪ੍ਰਯੋਗ ਕੀਤਾ ਜਾਂਦਾ ਹੈ। ਮਨੁੱਖੀ ਮਨ ਦੇ ਅਨੁਭਵ ਅਤੇ ਡੂੰਘੇ ਤੋਂ ਡੂੰਘੇ ਚਿੰਤਨ ਕਾਵਿ ਭਾਸ਼ਾ ਦੀ ਵਿਸ਼ੇਸ਼ਤਾ ਰਾਹੀਂ ਬੜੇ ਸੁੰਦਰ ਢੰਗ ਨਾਲ ਪ੍ਰਗਟਾਏ ਜਾ ਸਕਦੇ ਹਨ। ਸਮੁੱਚੇ ਵਿਸ਼ਵ ਸਾਹਿਤ ਦਾ ਸੁਵਿਗਸਤ ਮਾਧਿਅਮ ਭਾਸ਼ਾ ਹੈ। ਭਾਸ਼ਾ ਵਿਗਿਆਨੀਆਂ ਤੇ ਸੰਸਕ੍ਰਿਤੀ ਵਿਗਿਆਨੀਆਂ ਨੇ ਇਸ ਗਲ ਉਤੇ ਜ਼ੋਰ ਦਿੱਤਾ ਹੈ ਕਿ ਮਨੁੱਖੀ ਜਗਤ ਵਿਚ ਗਲ ਦਾ ਸੰਕਲਪ ਅਤੇ ਪ੍ਰਗਟਾਉ ਵੀ ਭਾਸ਼ਾ ਰਾਹੀਂ ਹੁੰਦਾ ਹੈ। ਭਾਵਾਂ ਨੂੰ ਕਿਧਰੇ ਵੀ ਤਜਿਆ ਜਾਂ ਉਲੰਘਿਆ ਜਾ ਹੀ ਨਹੀਂ ਜਾ ਸਕਦਾ। ਇਸ ਤਰ੍ਹਾਂ ਬਾਣੀਕਾਰਾਂ ਨੇ ਆਪਣੀ ਵਿਚਾਰਧਾਰਾ ਪ੍ਰਗਟਾਉਣ ਲਈ ਭਾਸ਼ਾ ਦਾ ਪ੍ਰਯੋਗ ਕੀਤਾ ਹੈ। ਰਾਗ ਮੁਕਤ ਬਾਣੀ ਵਿੱਚ ਬਾਣੀਕਾਰਾਂ ਨੇ ਆਪਣੇ ਅਧਿਆਤਮਕ ਵਿਚਾਰਾਂ ਨੂੰ ਪ੍ਰਗਟਾਉਣ ਵਾਲੀ ਭਾਸ਼ਾ ਨੂੰ ਸੰਚਾਰ ਦਾ ਸਾਧਨ ਬਣਾਇਆ ਹੈ। ਡਾ. ਦਰਸ਼ਨ ਸਿੰਘ ਇਸ ਸਬੰਧੀ ਆਪਣੇ ਵਿਚਾਰ ਪ੍ਰਗਟਾਉਂਦੇ ਹਨ:

> *ਰੱਬੀ ਬਾਣੀ ਦਾ ਮਨੁੱਖੀ ਭਾਸ਼ਾ ਵਿਚ ਆਉਣਾ ਵੀ ਜ਼ਰੂਰੀ ਹੈ ਕਿਉਂਕਿ ਇਸ ਤੋਂ ਬਿਨਾ ਸੰਚਾਰ ਹੋ ਹੀ ਨਹੀਂ ਸਕਦਾ। ਭਾਸ਼ਾ ਇਕ ਮਹੱਤਵਪੂਰਨ ਤੇ ਮੁਕੰਮਲ ਸਾਧਨ ਹੈ। ਇਸ ਤੋਂ ਬਿਨਾਂ ਗੁਰੂ ਗ੍ਰੰਥ ਸਾਹਿਬ ਦੇ ਚਿੰਤਨ*

*ਪਸਾਰ ਨੂੰ ਸਿੱਧਾ ਗ੍ਰਹਿਣ ਨਹੀਂ ਕੀਤਾ ਜਾ ਸਕਦਾ ਨਾ ਹੀ ਵਿਚਾਰ ਜਗਤ ਦੀ ਥਾਹ ਪਾਈ ਜਾ ਸਕਦੀ ਹੈ।*[80]

ਇਹ ਭਾਸ਼ਾ ਜਿਥੇ ਸਰਵ ਵਿਆਪਕ ਸਦੀਵੀ ਸੋਚ ਨੂੰ ਪ੍ਰਗਟਾਉਂਦੀ ਹੈ। ਬਾਣੀਕਾਰਾਂ ਨੇ ਅਨੇਕਾਂ ਸ਼ਬਦਾਵਲੀ ਰਾਹੀਂ ਆਪਣੇ ਭਾਵਾਂ ਨੂੰ ਸੰਚਾਰਿਤ ਕਰਨ ਲਈ ਵਿਲੱਖਣ ਢੰਗ ਅਪਣਾਏ ਹਨ। ਗੁਰੂ ਗ੍ਰੰਥ ਸਾਹਿਬ ਵਿਚ ਬਾਣੀਕਾਰ ਵਖੋ ਵਖਰੇ ਖਿੱਤਿਆਂ ਅਤੇ ਸਭਿਆਚਾਰ ਨਾਲ ਸਬੰਧਿਤ ਹੋਣ ਕਰਕੇ ਭਾਵੇਂ ਗੁਰੂ ਸਾਹਿਬ ਦੇ ਸਮਕਾਲੀ ਅਤੇ ਪੂਰਵ ਕਾਲੀ ਸਨ ਪਰ ਗੁਰੂ ਅਰਜਨ ਦੇਵ ਨੇ ਆਪਣੀ ਵਿਲੱਖਣ ਸੰਪਾਦਕੀ ਜੁਗਤ ਨਾਲ ਉਸ ਪਰਮਾਤਮਾ ਅਤੇ ਮਨੁੱਖਤਾ ਵਿਚਕਾਰ ਇਕ ਐਸੀ ਭਾਸ਼ਾਈ ਸਾਂਝ ਸਥਾਪਿਤ ਕੀਤੀ। ਪੰਜਾਬੀਆਂ ਵਲੋਂ ਆਪਣੀ ਭਾਸ਼ਾ ਦੀ ਕਰਨਾ ਕਰਨ ਤੇ ਹਾਕਮਾਂ ਦੀ ਭਾਸ਼ਾ ਨੂੰ ਆਪਣੀ ਮੰਨਣ ਦੀ ਗਲ ਗੁਰੂ ਨਾਨਕ ਦੇਵ ਨੇ ਸ਼ੁਰੂ ਕੀਤੀ ਸੀ:

*ਘਰਿ ਘਰਿ ਮੀਆਂ ਸਭਨਾ ਜੀਆਂ ਬੋਲੀ ਅਵਰ ਤੁਮਾਰੀ॥* ਪੰਨਾ ੧੧੯੧

ਸੋਢੀ ਤੇਜਾ ਸਿੰਘ ਦੀ ਗੁਰੂ ਗ੍ਰੰਥ ਪ੍ਰਕਾਸ਼ ਦੀ ਦੂਜੀ ਸੈਂਚੀ ਵਿਚ ਲਿਖਦੇ ਹਨ: ਕਾਸ਼ੀ ਵਿਚ ਗੰਗਾ ਕਿਨਾਰੇ ਬਹੁਤ ਸਾਰੇ ਪੰਡਤ ਲੋਕ ਪੱਥਰ ਦੀਆਂ ਮੂਰਤੀਆਂ ਤੇ ਸੂਰਜ ਦੀ ਪੂਜਾ ਕਰ ਰਹੇ ਸਨ। ਗੁਰੂ ਨਾਨਕ ਦੇਵ ਨੇ ਉਨ੍ਹਾਂ ਵਿਚੋਂ ਇਕ ਪੰਡਤ ਗੋਪਾਲ ਨੂੰ ਸਨਮੁਖ ਰਖ ਕੇ ਸਾਰੇ ਪੰਡਤਾਂ ਨੂੰ ਉਪਦੇਸ਼ ਦਿੱਤਾ![81] ਗੁਰੂ ਨਾਨਕ ਨੇ ਆਪਣੇ ਵਿਚਾਰਾਂ ਦਾ ਸੰਚਾਰ ਕਰਨ ਲਈ ਸਹਿਸਕ੍ਰਿਤੀ ਅਤੇ ਗਾਥਾ ਵਿੱਚ ਉਸ ਸਮੇਂ ਦੀ ਸਹਸਕ੍ਰਿਤੀ ਵਿਚ ਪ੍ਰਵਚਨ ਕੀਤਾ ਤਾਂ ਜੁ ਉਹ ਆਪਣੇ ਵਿਚਾਰਾਂ ਦਾ ਸੰਚਾਰ ਕਰ ਸਕਣ। ਇਹ ਉਪਦੇਸ਼ ਸੁਣ ਕੇ ਉਨ੍ਹਾਂ ਪੰਡਤਾਂ ਨੂੰ ਬੇਨਤੀ ਕੀਤੀ ਜਿਸ ਕਰਕੇ ਦੇਹ ਦਾ ਇਹੋ ਝੂਠਾ ਮਾਣ ਦੂਰ ਹੋਵੇ। ਕੋਈ ਇਹੋ ਜਿਹਾ ਉਪਦਸ਼ ਦਿੱਤਾ ਜਾਵੇ ਤਾਂ ਗੁਰੂ ਜੀ ਨੇ ਇਸ ਪ੍ਰਤੀ ਗਾਥਾ ਉਚਾਰਨ ਕੀਤੀ ਅਤੇ ਆਪਣੇ ਵਿਚਾਰ 'ਗਾਥਾ' ਰਾਹੀਂ ਪ੍ਰਗਟਾਏ। 'ਸਹਸਕ੍ਰਿਤੀ' ਸਿਰਲੇਖ ਅਧੀਨ ਗੁਰੂ ਨਾਨਕ ਦੇਵ ਅਤੇ ਗੁਰੂ ਅਰਜਨ ਦੇਵ ਦੇ ਅਤੇ ਗਾਥਾ ਵਿਚ ਗੁਰੂ ਅਰਜਨ ਦੇਵ ਦੇ ਸਲੋਕ ਮਿਲਦੇ ਹਨ। ਗੁਰੂ ਸਾਹਿਬ ਨੇ ਇਹ ਸਲੋਕ ਉਨ੍ਹਾਂ ਲੋਕਾਂ ਨੂੰ ਉਪਦੇਸ਼ ਦੇਣ ਲਈ ਲਿਖੇ ਹੋਣਗੇ ਜੋ ਸੰਸਕਾਰਾਂ ਵਜੋਂ ਸੰਸਕ੍ਰਿਤ ਦੇ ਨੇੜੇ ਹੋਣਗੇ। ਪ੍ਰੋ. ਪਿਆਰਾ ਸਿੰਘ ਪਦਮ ਸਹਸਕ੍ਰਿਤੀ ਬਾਰੇ ਆਪਣੇ ਵਿਚਾਰ ਇਸ ਪ੍ਰਕਾਰ ਪ੍ਰਗਟਾਉਂਦੇ ਹਨ: ਸਹਸਕ੍ਰਿਤੀ ਸੰਸਕ੍ਰਿਤ ਦਾ ਇਕ ਬਦਲਿਆ ਰੂਪ ਹੈ। ਜੋ ਪ੍ਰਕਿਰਤ ਅਤੇ ਗਾਥਾ ਦੇ ਨੇੜੇ ਹੈ। ਇਸ ਨੂੰ ਲੋਕ ਸੰਸਕ੍ਰਿਤ ਵੀ ਕਿਹਾ ਜਾਂਦਾ ਹੈ। ਇਸ ਨੂੰ ਨਾ ਤਾਂ ਸੰਸਕ੍ਰਿਤ ਸਮਝਿਆ ਜਾ ਸਕਦਾ ਹੈ ਅਤੇ ਨਾ ਹੀ ਸੰਸਕ੍ਰਿਤ ਦੇ ਨੇਮਾਂ ਨੂੰ ਲਾਗੂ ਕੀਤਾ ਜਾ ਸਕਦਾ ਹੈ।[82] ਇਨ੍ਹਾਂ ਸਲੋਕਾਂ ਵਿਚ ਗੁਰੂ ਸਾਹਿਬ ਨੇ ਸੰਸਕ੍ਰਿਤ ਦੀ ਨਕਲ ਕਰਦਿਆਂ ਕਈ ਵਾਰ ਬਿਨਾਂ ਕਿਸੇ ਲੋੜ ਦੇ ਸ਼ਬਦਾਂ ਦੇ ਅੰਤਮ ਅੱਖਰਾਂ ਨੂੰ ਅਨੁਨਾਸਕ ਬਣਾ ਦਿੱਤਾ ਹੈ। ਉਦਾਹਰਣ ਵਜੋਂ:

*ਤ੍ਰਿਣੰ ਤ ਮੇਰੰ ਸਹਕੰ ਤ ਹਰੀਅੰ॥*

*ਬੂਡੰ ਤ ਤਰੀਅੰ ਊਣੰ ਤ ਭਰੀਅੰ॥*

*ਅੰਧਕਾਰ ਕੋਟਿ ਸੂਰ ਉਜਾਰੰ॥*

*ਬਿਨਵੰਤਿ ਨਾਨਕ ਹਰਿ ਗੁਰ ਦਯਾਰੰ॥* ਪੰਨਾ ੧੩੫੯

ਪ੍ਰਾਪਤੰ, ਪੂਰਨੰ, ਗੰਭੀਰੰ, ਆਤਮੰ, ਸਬਦੰ, ਸਮਾਧੰ, ਕਰਮੰ, ਕਪਟੰ ਆਦਿ ਅਨੇਕਾਂ ਸ਼ਬਦ ਹਨ। ਇੰਜ ਜਾਪਦਾ ਹੈ ਕਿ ਗੁਰੂ ਸਾਹਿਬ ਨੇ ਸੰਗੀਤਾਮਕਤਾ ਲਿਆਉਣ ਲਈ ਸਵਰ ਦੀ ਵਰਤੋਂ ਕੀਤੀ ਹੈ। ਕਈ ਵਾਰ ਗੁਰੂ ਸਾਹਿਬ ਨੇ ਸ਼ਬਦਾਂ ਦੇ ਅੰਤ ਵਿਚ 'ਹ' ਅੱਖਰ ਵੀ ਜੋੜਿਆ ਹੈ।

*ਕਾਚ ਕੋਟੰ ਰਚੰਤਿ ਤੋਯੰ ਲੇਪਨੰ ਰਕਤ ਚਰਮਣਹ॥*

*ਨਵੰਤ ਦੁਆਰੰ ਭੀਤ ਰਹਿਤੰ ਬਾਇ ਰੂਪੰ ਅਸਥੰਭਨਹ॥*

*ਗੋਬਿੰਦ ਨਾਮੰ ਨਹ ਸਿਮਰੰਤਿ ਅਗਿਆਨੀ ਜਾਨੰਤਿ ਅਸਥਿਰੰ॥* ਪੰਨਾ ੧੩੫੪

ਅਜਿਹੇ ਅਨੇਕਾਂ ਸ਼ਬਦ ਦੇਖੇ ਜਾ ਸਕਦੇ ਹਨ ਜਿਵੇਂ ਮਾਧਵਹ, ਪੂਰਨਹ, ਦਾਤਾਰਹ, ਗੋਬਿੰਦਹ, ਕੇਸਵਹ, ਨਰਹਰਹ, ਕੀਰਤਨਹ, ਸੰਗਮਹ, ਖੰਡਨਹ, ਜਾਚਿਕਹ, ਪੰਡਿਤਹ ਆਦਿ। ਗੁਰੂ ਗ੍ਰੰਥ ਕੋਸ਼ ਵਿਚ ਪ੍ਰੋ. ਪਿਆਰਾ ਸਿੰਘ ਲਿਖਦੇ ਹਨ *"ਇਕ ਪੁਰਾਤਨ ਭਾਸ਼ਾ ਜਿਸ ਵਿਚ ਸੰਸਕ੍ਰਿਤ ਨਾਲ ਪਾਲੀ ਬੋਲੀ ਦੇ ਪਦ ਮਿਲਕੇ ਵਰਤੇ ਜਾਂਦੇ ਹਨ। ਜਿਸਵਿਚ ਸੰਸਕ੍ਰਿਤ ਅਤੇ ਦੇਸੀ ਬੋਲੀਆਂ ਦੇ ਪਦ ਵਰਤੇ ਗਏ ਹੋਣ, ਇਹ ਗਾਥਾ ਹੈ।"* [83] ਮਹਲਾ ੫ ਗਾਥਾ ਦੇ ਕੁਝ ਸਲੋਕਾਂ ਵਿਚ 'ਹ' ਲਗਾਉਣ ਦੀ ਥਾਂ ਸੰਸਕ੍ਰਿਤ ਵਿਸਰਾਮ ਲਗਾਏ ਗਏ ਹਨ।

*ਸਰਬ ਦੋਖ ਪਰੰਤਿਆਗੀ ਸਰਬ ਧਰਮ ਦ੍ਰਿੜੰਤਣ:॥*

*ਲਬਧੇਣਿ ਸਾਧ ਸੰਗੇਣਿ ਨਾਨਕ ਮਸਤਕਿ ਲਿਖਣ:॥* ਪੰਨਾ ੧੩੬੧

ਇਸੇ ਤਰ੍ਹਾਂ ਰੰਗਣ, ਸੰਪੂਰਣ ਆਦਿ ਹੋਰ ਵੀ ਉਦਾਹਰਣਾਂ ਹਨ। ਸਹਸਕ੍ਰਿਤੀ ਸਲੋਕਾਂ ਵਿਚ ਕਈ ਵਾਰ ਨਾਵਾਂ ਦੇ ਨਾਲ ਨਾਲ ਕਿਰਿਆ ਪਦ ਦੇ ਪਿਛੇਤਰ ਲਗਾਏ ਗਏ ਹਨ। ਪ੍ਰਸ਼ਨਾਵਾਚਕ ਪੜਨਾਂਵ ਵਿਚ ਕਦਾਚ ਦੀ ਥਾਂ ਕਤੰਚ ਵਰਤਿਆ:

*ਕਤੰਚ ਮਾਤਾ ਕਤੰਚ ਪਿਤਾ ਕਤੰਚ ਬਨਿਤਾ ਬਿਨੋਦ ਸੁਤਹ॥*

*ਕਤੰਚ ਭ੍ਰਾਤ ਮੀਤ ਹਿਤ ਬੰਧਵ ਕਤੰਚ ਮੋਹ ਕੁਟੰਬ੍ਯਤੇ॥* ਪੰਨਾ ੧੩੫੩

ਇਨ੍ਹਾਂ ਸਲੋਕਾਂ ਵਿਚ ਤਤਸਮ ਉਦਿਆਨ, ਸੰਸਾਰ, ਪਾਣਕ, ਅਗਮ, ਬਲਵੰਤ, ਦੁਰਗਮ ਸਸਥਾਨ, ਪਾਪਾਤਮਾ ਅਤੇ ਰੰਗਣ ਆਦਿ ਸ਼ਬਦ ਵਰਤੇ ਹਨ ਪਰ ਤਦਭਵ ਬੁਝੰਤ, ਪਰਮੇਸੁਰਹ, ਰਿਦਯੰ,

ਨਿਵੰਤ, ਪ੍ਰਵਿਰਤ, ਖੀਣੰਤ, ਪੇਖੰਤ ਆਦਿ ਦੀ ਵਰਤੋਂ ਵੀ ਕੀਤੀ ਹੈ। ਕਈ ਵਾਰ ਸੰਤ ਭਾਸ਼ਾ ਨੂੰ ਸੰਸਕ੍ਰਿਤ ਬਨਾਉਣ ਦਾ ਯਤਨ ਵੀ ਕੀਤਾ ਗਿਆ ਹੈ।

ਮਿਟੰਤ ਸਗਲ ਸਿਮਰੰਤ ਨਾਨਕ ਹਰਿ ਨਾਮ ਜੈਸੇ ਪਾਵਕ ਕਾਸਟ ਭਸਮੰ ਕਰੋਤਿ॥

ਕਈ ਵਾਰ ਤਾਂ ਸੰਸਕ੍ਰਿਤ ਦਾ ਸ਼ੁਧ ਰੂਪ ਵੀ ਪ੍ਰਾਪਤ ਹੋ ਜਾਂਦਾ ਹੈ:

*ਨਚ ਦੁਰਲਭੰ ਧਨੰ ਰੂਪੰ ਨਚ ਦੁਰਲਭੰ ਸ੍ਵਿਰਗ ਰਾਜਨਹ॥*

*ਨਚ ਦੁਰਲਭੰ ਭੋਜਨੰ ਬਿਜਨੰ ਨਚ ਦੁਰਲਭੰ ਸ੍ਵਛ ਅੰਬਰਹ॥* ਪੰਨਾ ੧੩੫੭

ਸਹਸਕ੍ਰਿਤੀ ਸਲੋਕਾਂ ਅਤੇ ਗਾਥਾ ਦੀ ਇਹ ਭਾਸ਼ਾ ਸੰਸਕ੍ਰਿਤ ਨੂੰ ਅਪਨਾਉਣ ਵਾਲੀ ਆਮ ਭਾਸ਼ਾ ਹੈ। ਗੁਰੂ ਗ੍ਰੰਥ ਕੋਸ਼ ਵਿਚ ਇਸ ਨੂੰ ਸੰਸਕ੍ਰਿਤ ਅਨੁਸਰਣ ਕਿਹਾ ਗਿਆ ਹੈ। ਅਰਬੀ ਫਾਰਸੀ ਦੇ ਕੁਝ ਸ਼ਬਦ ਵਖੋ ਵਖਰੇ ਰੂਪਾਂ ਵਿਚ ਪ੍ਰਚਿਲਤ ਹਨ। ਕਾਗਲ ਮੁਲਤਾਨੀ ਵਿਚ, ਕਾਗਦ ਮਾਝੀ ਤੇ ਮਲਵਈ ਵਿਚ। ਕਈ ਵਾਰ ਭਾਸ਼ਾ ਵਿਚ ਨਵੇਂ ਅਤੇ ਪੁਰਾਣੇ ਸ਼ਬਦ ਰੂਪ ਵਰਤੇ ਗਏ ਹਨ।

*ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗ ਕੀਤੋਈ॥* ਪੰਨਾ ੧੪੨੯

ਵਿਚ ਤਿੰਨ ਸ਼ਬਦ ਕੀਤਾ, ਜਾਤੋ ਅਤੇ ਕੀਤੋਈ ਹਨ। ਇਨ੍ਹਾਂ ਵਿਚੋਂ 'ਕੀਤਾ' ਸ਼ਬਦ ਅਜੋਕੀ ਪੰਜਾਬੀ ਵਾਲਾ ਹੈ ਤੇ ਬਾਕੀ ਦੋਵੇਂ ਰੂਪ ਪੁਰਾਤਨ ਪੰਜਾਬੀ ਦੇ ਹਨ। ਇਸੇ ਤਰ੍ਹਾਂ ਇਕ ਹੋਰ ਤੁਕ ਵੇਖਣ ਯੋਗ ਹੈ:

*ਕਿਵ ਕਰ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ॥* ਪੰਨਾ ੪

ਇੱਥੇ ਕਿਵ ਤੇ ਕਿਉਂ ਦੋਵੇਂ ਵਰਤੇ ਗਏ ਹਨ। 'ਕਿਵ' ਪੁਰਾਣਾ ਰੂਪ ਤੇ 'ਕਿਉ' ਅਜੋਕੀ ਪੰਜਾਬੀ ਦਾ ਰੂਪ ਹੈ ਅੱਜ ਭਾਵੇਂ ਇਸ ਨੂੰ 'ਕਿਉਂ' ਬੋਲਿਆ ਜਾਂਦਾ ਹੈ। ਗੁਰੂ ਤੇਗ ਬਹਾਦਰ ਨੇ ਸਿੱਖੀ ਦੇ ਸੰਦੇਸ਼ ਪਸਾਰਾ ਕਰਨ ਲਈ ਸਾਰੇ ਉਤਰੀ ਭਾਰਤ ਦਾ ਦੌਰਾ ਕੀਤਾ। ਉਨ੍ਹਾਂ ਨੇ ਆਪਣੀ ਬੋਲੀ ਹਿੰਦੀ ਰੂਪ ਦੀ ਬਣਾਈ। ਭਾਰਤੀ ਜਨ ਸਧਾਰਣ ਤਕ ਸਿੱਧੀ ਪਹੁੰਚ ਪ੍ਰਾਪਤ ਕੀਤੀ ਜਾਵੇ ਇਸ ਲਈ ਗੁਰੂ ਤੇਗ ਬਹਾਦਰ ਨੇ ਹਿੰਦੀ ਨੂੰ ਪੰਜਾਬੀ ਆਭਾ ਦਿੱਤੀ। ਹਿੰਦੀ ਪੰਜਾਬੀ ਬੋਲੀ ਵਰਤ ਕੇ ਵੇਦਾਂਤਕ ਤੇ ਮਿਥਿਹਾਸਕ ਸ਼ਬਦਾਵਲੀ ਨੂੰ ਸਿੱਖ ਸ਼ਬਦਾਵਲੀ ਨਾਲ ਜੋੜ ਲਿਆ:

*ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ॥*

*ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ॥* ਪੰਨਾ ੧੪੨੬

ਇਸ ਵਾਕੰਸ਼ ਨੂੰ ਦੇਖ ਕੇ ਸਹਿਜੇ ਹੀ ਪ੍ਰਗਟ ਹੋ ਜਾਂਦਾ ਹੈ ਕਿ ਉਨ੍ਹਾਂ ਨੇ ਨਾ ਕੇਵਲ ਹਿੰਦੀ ਸ਼ਬਦਾਵਲੀ ਦੀ ਵਰਤੋਂ ਕੀਤੀ, ਸਗੋਂ ਹਿੰਦੀ ਬੋਲੀ ਦੇ ਸੁਭਾਅ ਨੂੰ ਵੀ ਅਪਣਾਇਆ ਹੈ। ਉਨ੍ਹਾਂ ਨੇ ਸਲੋਕਾਂ ਵਿਚ ਹਿੰਦੀ ਸੰਸਕ੍ਰਿਤ ਰੁਝਾਨ ਪ੍ਰਤਖ ਨਜ਼ਰ ਆਉਂਦਾ ਹੈ:

*ਸੁਖ ਦੁਖੁ ਜਿਹ ਪਰਸੈ ਨਾਹੀ ਲੋਭੁ ਮੋਹੁ ਅਭਿਮਾਨੁ॥*

*ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ॥* ਪੰਨਾ ੧੪੨੭

ਵਿਚ ਹਿੰਦੀ ਬੋਲੀ ਦਾ ਸੁਭਾਅ ਨਜ਼ਰ ਪੈਂਦਾ ਹੈ। ਵੇਦਾਂਤ ਨੇ ਗਿਆਨ, ਜਗਤ, ਮਿਥਿਆ, ਮਾਇਆ ਆਦਿ ਵਿਚਾਰ ਪ੍ਰਚਲਤ ਕੀਤੇ ਸਨ। ਗੁਰੂ ਤੇਗ ਬਹਾਦਰ ਨੇ ਇਸ ਵੇਦਾਂਤੀ ਸ਼ਬਦਾਵਲੀ ਨੂੰ ਅਪਣਾ ਕੇ ਗੁਰੂ ਗ੍ਰੰਥ ਸਾਹਿਬ ਦੀ ਸ਼ਬਦਾਵਲੀ ਨੂੰ ਹੋਰ ਵੀ ਪਰਪੱਕ ਬਣਾ ਦਿੱਤਾ:

- *ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥*
  *ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥* ਪੰਨਾ ੧੪੨੭
- *ਮਨ ਮਾਇਆ ਮੈ ਫਧਿ ਰਹਿਓ ਬਿਸਰਿਓ ਗੋਬਿੰਦ ਨਾਮੁ॥*
  *ਕਹੁ ਨਾਨਕ ਬਿਨੁ ਹਰਿ ਭਜਨ ਜੀਵਨ ਕਉਨੇ ਕਾਮ॥* ਪੰਨਾ ੧੪੨੮
- *ਤੀਰਥ ਬਰਤ ਅਰੁ ਦਾਨ ਕਰਿ ਮਨਿ ਮੈ ਧਰੈ ਗੁਮਾਨੁ॥*
  *ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥* ਪੰਨਾ ੧੪੨੮

ਉਨ੍ਹਾਂ ਦੀ ਸ਼ਬਦਾਵਲੀ ਵਿਚ 'ਜੂ' ਵਿਸ਼ੇਸ਼ ਧਿਆਨ ਖਿਚਦਾ ਹੈ ਜੋ 'ਜੀਉ' ਦਾ ਸੰਯੁਕਤ ਰੂਪ ਹੈ। ਗੁਰੂ ਸਾਹਿਬ ਨੇ ਇ ਤੇ ਉ ਨੂੰ ਮਿਲਾਕੇ 'ਊ' ਬਣਾ ਲਿਆ ਹੈ:

*ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥*

*ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ॥* ਪੰਨਾ ੧੪੨੭

ਉਨ੍ਹਾਂ ਦੇ ਸਲੋਕਾਂ ਵਿਚ ਦੋ ਸ਼ਬਦਾਂ ਦੇ ਵਿਰੋਧ ਨੂੰ ਬੜੇ ਸੁੰਦਰ ਢੰਗ ਨਾਲ ਬਿਆਨਿਆ ਗਿਆ ਹੈ:

*ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ॥*

*ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ॥* ਪੰਨਾ ੧੪੨੭

ਜਿਥੇ ਗੁਰੂ ਤੇਗ ਬਹਾਦਰ ਦੀ ਬੋਲੀ ਹਿੰਦੀ ਸ਼ਬਦਾਵਲੀ ਅਨੁਸਾਰ ਹੈ ਉਥੇ ਗੁਰੂ ਨਾਨਕ ਦੀ ਬੋਲੀ ਵਿਚ ਅਨੇਕ ਭਾਸ਼ਾਵਾਂ ਦਾ ਮਿਸ਼ਰਣ ਹੈ। 'ਜਪੁਜੀ' ਵਿੱਚ ਸਾਧ ਭਾਸ਼ਾ ਦਾ ਪ੍ਰਭਾਵ ਪ੍ਰਤੱਖ ਨਜ਼ਰ ਆਉਂਦਾ ਹੈ ਪਰ ਸੰਸਕ੍ਰਿਤ ਅਤੇ ਫਾਰਸੀ ਦੇ ਅਨੇਕਾਂ ਸ਼ਬਦ ਵਰਤੇ ਗਏ ਹਨ। ਜਪੁਜੀ ਸਾਹਿਬ ਵਿਚ ਦੀਰਘ ਬੌਧਿਕ ਚਿੰਤਨ ਹੋਣ ਕਰਕੇ ਗੁਰੂ ਸਾਹਿਬ ਨੇ ਇੰਨੇ ਦੀਰਘ ਵਿਚਾਰਾਂ ਨੂੰ ਪੰਜਾਬੀ ਵਿਚ ਪ੍ਰਗਟਾ ਕੇ ਇਕ ਪ੍ਰਮਾਣਿਕ ਸਾਹਿਤਕ ਭਾਸ਼ਾ ਬਣਾ ਦਿੱਤਾ। ਉਨ੍ਹਾਂ ਨੇ ਸੰਜਮਤਾ ਦੇ ਗੁਣ ਕਰਕੇ ਥੋੜੇ ਸ਼ਬਦਾਂ ਵਿਚ ਬਹੁਤ ਕੁਝ ਕਿਹਾ ਹੈ:

- *ਜਿਵ ਜਿਵ ਹੁਕਮੁ ਤਿਵੈ ਤਿਵ ਕਾਰ॥* ਪੰਨਾ ੮
- *ਕੇਤੇ ਲੈ ਲੈ ਮੁਕਰੁ ਪਾਹਿ॥* ਪੰਨਾ ੫
- ਤੀਰਥਿ ਨਾਵਾ ਜੇ ਤਿਸੁ ਭਾਵਾ॥ ਪੰਨਾ ੨

ਕਈ ਵਾਰ ਕਈ ਪੰਕਤੀਆਂ ਵਿਚ ਇਕੋ ਅੱਖਰ ਜਾਂ ਇਕੋ ਵਰਗ ਦੇ ਅਖਰ ਹੀ ਬਾਰ ਬਾਰ ਵਰਤੋਂ ਨਾਲ ਸੁੰਦਰਤਾ ਪੈਦਾ ਕੀਤੀ ਗਈ ਹੈ।

*ਗੁਰਮੁਖ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ।।*

ਇਸੇ ਤਰ੍ਹਾਂ ਸਲੋਕ ਵਾਰਾਂ ਤੇ ਵਧੀਕ ਵਿਚ ਤਿੰਨ ਸ਼ਬਦਾਂ ਦੇ ਤੁਕਾਂਗ ਤੇ ਤਿੰਨ ਸ਼ਬਦਾਂ ਦੇ ਤੁਕਾਂਤ ਨਾਲ ਤੁਕਾਂਗੀ ਅਤੇ ਤੁਕਾਂਤੀ ਮੇਲ ਸਦਕਾ ਕਾਵਿ ਰਸ ਵਿਚ ਵਾਧਾ ਪੈਦਾ ਹੁੰਦਾ ਹੈ।

*ਗੁਰ ਬਿਨੁ ਗਿਆਨੁ ਧਰਮ ਬਿਨੁ ਧਿਆਨੁ।।*

*ਸਚ ਬਿਨੁ ਸਾਖੀ ਮੂਲੋ ਨਾ ਬਾਕੀ।।* ਪੰਨਾ ੧੪੧੨

ਉਨ੍ਹਾਂ ਦੀ ਬਾਣੀ ਵਿਚਲੀਆਂ ਅਨੇਕ ਤੁਕਾਂ ਅਟੱਲ ਸਚਾਈਆਂ ਦਾ ਰੂਪ ਧਾਰਨ ਕਰ ਚੁੱਕੀਆਂ ਹਨ:

- *ਮਨਿ ਜੀਤੈ ਜਗੁ ਜੀਤ।।* ਪੰਨਾ ੬
- *ਜਉ ਤਉ ਪ੍ਰੇਮ ਖੇਲਣ ਕਾ ਚਾਉ।।*
  *ਸਿਰੁ ਧਰਿ ਤਲੀ ਗਲੀ ਮੇਰੀ ਆਉ।।* ਪੰਨਾ ੧੪੧੨

ਡਾ. ਹਰਕੀਰਤ ਸਿੰਘ ਗੁਰਬਾਣੀ ਦੀ ਭਾਸ਼ਾ ਬਾਰੇ ਲਿਖਦੇ ਹਨ: ਇਸ ਵਿਚ ਨਾਵ, ਵਿਸ਼ੇਸ਼ਣਾਂ, ਕ੍ਰਿਦੰਤਾਂ ਦੇ ਵਧੇਰੇ ਰੂਪ ਤਾਂ ਅਜੋਕੀ ਪੰਜਾਬੀ ਜਾਂ ਪੱਛਮੀ ਹਿੰਦੀ ਵਾਲੇ ਹੀ ਹਨ, ਪਰ ਕਿਤੇ ਕਿਤੇ ਪ੍ਰਾਕਿਰਤਾਂ ਵਾਲੇ ਰੂਪ ਅਜੇ ਬਚੇ ਹੋਏ ਹਨ ਅਤੇ ਅਪਭ੍ਰੰਸ਼ਾਂ ਵਾਲੇ ਰੂਪ ਤਾਂ ਬਹੁਤ ਜ਼ਿਆਦਾ ਹਨ।[84] ਆਪਣੀ ਧਾਰਨਾ ਨੂੰ ਸਪਸ਼ਟ ਕਰਨ ਲਈ ਉਨ੍ਹਾਂ ਨੇ ਨਿਮਨ ਅੰਕਿਤ ਜੋ ਉਦਾਹਰਣਾਂ ਪੇਸ਼ ਕੀਤੀਆਂ ਹਨ:

- *ਤਰਨਾਪੋ ਇਉ ਹੀ ਗਇਓ ਲੀਓ ਜਰਾ ਤਨੁ ਜੀਤਿ।।* ਪੰਨਾ ੧੪੨੬
- *ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ।।* ਪੰਨਾ ੧੪੨੯

ਇਨ੍ਹਾਂ ਤੁਕਾਂ ਵਿਚ ਆਏ ਜਾਤੋ, ਕੀਤੋਈ, ਗਾਇਓ ਅਤੇ ਲੀਓ ਵਿਚ 'ਓ' ਪਿਛੇਤਰ ਪ੍ਰਾਕਿਰਤ ਦੀ ਵਿਸ਼ੇਸ਼ਤਾ ਨੂੰ ਦਰਸਾਉਂਦੇ ਹਨ। ਇਹ ਸਾਰੇ ਸ਼ਬਦ ਅਜੋਕੀ ਪੰਜਾਬੀ ਵਿਚ ਲੁਪਤ ਹੋ ਚੁਕੇ ਹਨ। ਪਰ ਗੁਰੂ ਅਰਜਨ ਦੇਵ ਦੀ ਭਾਸ਼ਾਈ ਵਿਸ਼ੇਸ਼ਤਾ ਇਸ ਵਿਚ ਹੈ ਕਿ ਉਨ੍ਹਾਂ ਨੇ ਇਨ੍ਹਾਂ ਪ੍ਰਕਿਰਤ ਵਾਲੇ ਰੂਪਾਂ ਦੇ ਨਾਲ ਨਾਲ ਅਜੋਕੀ ਪੰਜਾਬੀ ਦਾ 'ਤੇਰਾ' ਰੂਪ ਵੀ ਵਰਤ ਲਿਆ ਹੈ। ਆਮ ਤੌਰ ਤੇ ਭਾਵੇਂ ਗੁਰੂ ਨਾਨਕ ਸਾਹਿਬ, ਗੁਰੂ ਅੰਗਦ ਦੇਵ ਅਤੇ ਗੁਰੂ ਅਮਰਦਾਸ ਦੀ ਬਾਣੀ ਦਾ ਜ਼ਿਆਦਾ ਹਿੱਸਾ ਪੰਜਾਬੀ ਵਿਚ ਹੈ, ਗੁਰੂ ਤੇਗ ਬਹਾਦਰ ਦੀ ਸਾਰੀ ਬਾਣੀ ਬ੍ਰਜ-ਭਾਸ਼ਾ ਵਿਚ ਹੈ। ਗੁਰੂ ਨਾਨਕ ਦੇਵ ਦੇ ਸਲੋਕਾਂ ਵਿਚ ਉਦਾਹਰਣ ਦਿੱਤੀ ਜਾ ਸਕਦੀ ਹੈ:

*ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ।।*

*ਨਾਨਕ ਗੁਰਮੁਖਿ ਐਸਾ ਜਾਣੈ ਪੂਰੇ ਮਾਂਹਿ ਸਮਾਂਹੀ।।* ਪੰਨਾ ੧੪੧੨

ਇਥੇ ਸਬੰਧਕ 'ਕੀਆ' ਪੰਜਾਬੀ ਦਾ ਨਹੀਂ, ਬਲਕਿ ਹਿੰਦੀ ਜਾਂ ਸਾਧ ਭਾਸ਼ਾ ਦਾ ਹੈ। ਇਸੇ ਤਰ੍ਹਾਂ 'ਮਾਹਿ' ਸ਼ਬਦ ਵੀ ਹੈ। ਗੁਰੂ ਅਮਰਦਾਸ ਦੀ ਠੇਠ ਪੰਜਾਬੀ ਦੇ ਸ਼ਬਦ: ਹਰਹਟ ਭੀ ਤੂੰ ਤੂੰ ਕਰਹਿ, ਗੁਰਮੁਖਿ ਬੁਢੇ ਕਦੇ ਨਾਹੀ ਅਤੇ

*ਅਸੀਂ ਖਤੇ ਬਹੁਤ ਕਮਾਵਦੇ ਅੰਤੁ ਨ ਪਾਰਵਾਰੁ।।*

*ਹਰਿ ਕਿਰਪਾ ਕਰਿ ਕੈ ਬਖਸਿ ਲੈਹੁ ਹਉ ਪਾਪੀ ਵਡ ਗੁਨਹਗਾਰੁ।।* ਪੰਨਾ 1੪੧੬

ਵਿਚ 'ਹਉ' ਸ਼ਬਦ ਗੁਰਬਾਣੀ ਵਿਚ 'ਮੈਂ' ਦੇ ਤੌਰ ਤੇ ਆਇਆ ਹੈ ਪਰ ਕਈ ਥਾਈਂ ਹਿੰਦੀ ਦਾ ਪ੍ਰਭਾਵ ਪ੍ਰਤਖ ਨਜ਼ਰ ਆ ਜਾਂਦਾ ਹੈ।

*ਮਨਮੁਖ ਬੋਲੇ ਅੰਧੁਲੇ ਤਿਸੁ ਮਹਿ ਅਗਨੀ ਕਾ ਵਾਸੁ।।*

*ਬਾਣੀ ਸੁਰਤਿ ਨ ਬੁਝਨੀ ਸਬਦਿ ਨ ਕਰਹਿ ਪ੍ਰਗਾਸੁ।।*

*ਓਨਾ ਆਪਣੀ ਅੰਦਰਿ ਸੁਧਿ ਨਹੀ ਗੁਰ ਬਚਨਿ ਨ ਕਰਹਿ ਵਿਸਾਸੁ।।*

*ਗਿਆਨੀਆ ਅੰਦਰਿ ਗੁਰ ਸਬਦੁ ਹੈ ਨਿਤ ਹਰਿ ਲਿਵ ਸਦਾ ਵਿਗਾਸੁ।।*

*ਹਰਿ ਗਿਆਨੀਆ ਕੀ ਰਖਦਾ ਹਉ ਸਦ ਬਲਿਹਾਰੀ ਤਾਸੁ।।*

*ਗੁਰਮੁਖਿ ਜੋ ਹਰਿ ਸੇਵਦੇ ਜਨ ਨਾਨਕੁ ਤਾ ਕਾ ਦਾਸੁ।।* ਪੰਨਾ ੧੪੧੫

'ਜਪੁਜੀ' ਸਾਹਿਬ ਵਿਚ ਵਰਤੀ ਗਈ ਭਾਸ਼ਾ ਦਾ ਇਕ ਨਿਵੇਕਲਾ ਪ੍ਰਬੰਧ ਹੈ। ਬਾਣੀ ਵਿਚ ਕਿਰਿਆਵਾਂ ਦੀ ਵਰਤੋਂ ਵਖਰੇ ਰੂਪ ਵਿਚ ਕੀਤੀ ਗਈ ਹੈ ਇਸ ਵਿੱਚ 'ਹੈ' ਅਤੇ 'ਹਨ' ਵਰਗੀਆਂ ਸਹਾਇਕ ਕ੍ਰਿਆਵਾਂ ਦੀ ਬਿਲਕੁਲ ਅਣਹੋਂਦ ਹੈ। ਡਾ. ਹਰਕੀਰਤ ਸਿੰਘ ਅਨੁਸਾਰ: ਸਹਾਇਕ ਕ੍ਰਿਆ ਦੀ ਥਾਂ ਮੁਖ ਕ੍ਰਿਆ ਨਾਲ ਹੀ ਕੋਈ ਪਿਛੇਤਰ ਲਾ ਕੇ ਉਹ ਕੰਮ ਲਿਆ ਜਾਂਦਾ ਹੈ ਜੋ ਆਮ ਸਹਾਇਕ ਕ੍ਰਿਆ ਦਿੰਦੀ ਹੈ।[85] ਨਿਮਨ ਅੰਕਿਤ ਉਦਾਹਰਣ ਇਸ ਦਾ ਸਪਸ਼ਟ ਪ੍ਰਮਾਣ ਹੈ: *'ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ'* ਵਿਚ 'ਗਾਵਹਿ' ਅਤੇ 'ਗਾਵੈ' ਸ਼ਬਦ ਇਸ ਗਲ ਦੀ ਗਵਾਹੀ ਭਰਦੇ ਹਨ। ਅਸੀਂ ਅਜੋਕੀ ਪੰਜਾਬੀ ਵਿਚ ਲਿੰਗ ਅਤੇ ਵਚਨ ਅਨੁਸਾਰ ਬਦਲਦੇ ਹਨ। ਪਰ ਇਥੇ ਲਿੰਗ ਤੇ ਵਚਨ ਦਾ ਅੰਤਰ ਕੋਈ ਨਹੀਂ ਹੈ:

*ਅਮੁਲ ਧਰਮੁ ਅਮੁਲੁ ਦੀਬਾਣੁ।।*

*ਅਮਲੁ ਤੁਲੁ ਅਮੁਲੁ ਪਰਵਾਣੁ।।*

*ਅਮੁਲੁ ਬਖਸੀਸ ਅਮੁਲੁ ਨੀਸਾਣੁ।।*

*ਅਮੁਲੁ ਕਰਮੁ ਅਮੁਲੁ ਫੁਰਮਾਣੁ॥* ਪੰਨਾ ੫

ਵਿਚ ਆਏ ਨਾਂਵ ਧਰਮੁ, ਦੀਬਾਣੁ, ਕਰਮੁ ਅਤੇ ਫੁਰਮਾਣੁ ਅਪਭ੍ਰੰਸ਼ ਦੇ ਲੱਛਣ ਨੂੰ ਪ੍ਰਗਟਾਉਂਦੇ ਹਨ। ਇਸੇ ਤਰ੍ਹਾਂ 'ਅਮੁਲ' ਵੀ 'ਉ' ਅੰਤਿਕ ਹੋਣ ਕਰਕੇ ਅਪਭ੍ਰੰਸ਼ ਦੀ ਵਿਸ਼ੇਸ਼ਤਾ ਵਾਲਾ ਹੈ। ਅਜੋਕੀ ਪੰਜਾਬੀ ਵਿਚ 'ਏ' ਅੰਤਿਕ ਸ਼ਬਦ ਜਪੁਜੀ ਸਾਹਿਬ ਵਿਚ 'ਐ' ਰੂਪ ਵਿਚ ਆਏ ਹਨ:

- *ਸੁਣਿਐ ਸਰਾ ਗੁਣਾ ਕੇ ਗਾਹ॥* ਪੰਨਾ ੩
- *ਮੰਨੈ ਨਾਨਕ ਭਵਹਿ ਨ ਭਿਖ॥* ਪੰਨਾ ੩

ਬਾਣੀ ਵਿਚ 'ਾਂ' ਦੀ ਥਾਂ 'ਾ' ਨਾਲ ਹੀ ਗੱਲ ਨੂੰ ਸਮਝਾਇਆ ਜਾਂਦਾ ਹੈ।

*ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥* ਪੰਨਾ ੮

ਰਾਗ ਮੁਕਤ ਬਾਣੀ ਵਿੱਚ ਬਾਣੀਕਾਰ ਭਾਵੇਂ ਮੂਲ ਰੂਪ ਵਿਚ ਸੁਚੇਤ ਕਲਾਕਾਰ ਨਹੀਂ ਸਨ ਪਰ ਉਨ੍ਹਾਂ ਨੇ ਆਪਣੇ ਰਹੱਸਵਾਦੀ ਅਨੁਭਵਾਂ ਨੂੰ ਇਕ ਵਿਲੱਖਣ ਭਾਸ਼ਾ-ਸ਼ੈਲੀ ਵਿਚ ਰੂਪਮਾਨ ਕੀਤਾ। ਕਈ ਵਾਰ ਭਾਵਾਂ ਤੇ ਸ਼ਬਦਾਂ ਨੂੰ ਜਿਵੇਂ ਸੋਚ ਸੋਚ ਕੇ ਤੁਕਾਂਤ ਮੇਲ ਕੇ ਬੀੜਿਆ ਗਿਆ ਹੋਵੇ।

*ਖੰਭ ਵਿਕਾਂਦੜੇ ਜੇ ਲਹਾਂ ਘਿੰਨਾ ਸਾਵੀ ਤੋਲਿ॥*

*ਤੰਨਿ ਜੜਾਂਈ ਆਪਣੈ ਲਹਾਂ ਸੁ ਸਜਣੁ ਟੋਲਿ॥* ਪੰਨਾ ੧੪੨੬

ਗੁਰੂ ਅਰਜਨ ਦੇਵ ਦੇ ਕਈ ਸਲੋਕਾਂ ਵਿਚ ਲਹਿੰਦੀ ਦਾ ਪ੍ਰਭਾਵ ਪ੍ਰਤਖ ਨਜ਼ਰੀ ਪੈ ਜਾਂਦਾ ਹੈ। 'ਆਦਿ ਗ੍ਰੰਥ' ਦੇ ਸਾਰੇ ਬਾਣੀਕਾਰ ਭਾਸ਼ਾ ਉਸਤਾਦ ਜਾਂ ਭਾਸ਼ਾ ਵਿਦਿਆਰਥੀ ਨਹੀਂ ਸਨ। ਪਰ ਭਾਸ਼ਾ ਪ੍ਰਤੀ ਉਨ੍ਹਾਂ ਦਾ ਗਿਆਨ ਕਾਫੀ ਵਿਸ਼ਾਲ ਜਾਪਦਾ ਹੈ। ਉਹ ਢੁਕਵੀਂ ਸ਼ਬਦ ਚੋਣ ਦੀ ਵਰਤੋਂ ਵਿਚ ਨਿਪੁੰਨ ਸਨ।[86] ਪ੍ਰੋ. ਸਾਹਿਬ ਸਿੰਘ ਦੀ ਇਹ ਉਕਤੀ ਗੁਰੂ ਅਰਜਨ ਦੇਵ ਦੀ ਢੁਕਵੀਂ ਸ਼ਬਦ ਚੋਣ ਨੂੰ ਦਰਸਾਉਂਦੀ ਹੈ। 'ੜ' ਦੀ ਵਰਤੋਂ ਨਾਲ ਜਿਥੇ ਉਨ੍ਹਾਂ ਨੇ ਮਿਠਾਸ ਲਿਆਂਦੀ ਹੈ ਨਾਲ ਹੀ ਡੂੰਘੀ ਅਧਿਆਤਮਕ ਵਿਚਾਰਧਾਰਾ ਨੂੰ ਸਰਲ ਰੂਪ ਵਿੱਚ ਪ੍ਰਗਟਾਇਆ ਹੈ:

*ਰਤੇ ਸੇਈ ਜਿ ਮੁਖੁ ਨ ਮੋੜੰਨਿ ਜਿਨੀ ਸਿਞਾਤਾ ਸਾਈ॥*

*ਝੜਿ ਝੜਿ ਪਵਦੇ ਕਚੇ ਬਿਰਹੀ ਜਿਨਾ ਕਾਰਿ ਨ ਆਈ॥*

*ਧਣੀ ਵਿਹੂਣਾ ਪਾਟ ਪਟੰਬਰ ਭਾਹੀ ਸੇਤੀ ਜਾਲੇ॥*

*ਧੂੜੀ ਵਿਚਿ ਲੁਡੰਦੜੀ ਸੋਹਾਂ ਨਾਨਕ ਤੈ ਸਹ ਨਾਲੇ॥* ਪੰਨਾ ੧੪੨੫

ਅਜੋਕੀ ਪੰਜਾਬੀ ਵਿਚ 'ਞ' ਦੀ ਵਰਤੋਂ ਤਾਂ ਅਲੋਪ ਹੋ ਚੁਕੀ ਹੈ ਪਰ ਇਥੇ ਭਾਵਾਂ ਦੀ ਸਪਸ਼ਟਤਾ ਲਈ ਵਰਤਿਆ ਗਿਆ ਹੈ। ਡਾ. ਸੁਰਿੰਦਰ ਸਿੰਘ ਕੋਹਲੀ ਅਨੁਸਾਰ:

ਗੁਰੂ ਗ੍ਰੰਥ ਸਾਹਿਬ ਵਿਚ ਕਿਸੇ ਇਕ ਖੇਤਰ, ਕਾਲ ਜਾਂ ਵਿਅਕਤੀ ਦੀ ਭਾਸ਼ਾ ਨਹੀਂ ਵਰਤੀ ਗਈ ਇਸ ਵਿਚ ੧੨ਵੀਂ ਸਦੀ ਤੋਂ ੧੭ਵੀਂ ਸਦੀ ਤਕ ਦੀ ਭਾਸ਼ਾ ਦੇ ਨਮੂਨੇ ਹਨ। ਗੁਰਮਤਿ ਕਾਵਿ ਵਿਚ ਸਿਖ ਗੁਰੂ ਸਾਹਿਬਾਨ ਦੀ ਬਾਣੀ ਤੋਂ ਇਲਾਵਾ ਭਗਤੀ ਮਾਰਗ ਦੇ ਸੰਤਾਂ, ਮੁਸਲਮਾਨੀ ਸੂਫੀ ਫਕੀਰਾਂ, ਭੱਟਾਂ ਤੇ ਕੁਝ ਪ੍ਰੇਮੀ ਸਿੱਖਾਂ ਦਾ ਕਲਾਮ ਹੈ।[87]

ਬਾਬਾ ਫਰੀਦ ਭਾਰਤ ਦੇ ਇਕ ਮਹਾਨ ਸੂਫੀ ਸ਼ਾਇਰ ਹੋਏ ਹਨ ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਉਨ੍ਹਾਂ ਨੇ ਭਾਰਤ ਦੇ ਇਤਿਹਾਸ ਵਿਚ ਭਗਤੀ ਲਹਿਰ ਅਤੇ ਸੂਫੀ ਲਹਿਰ ਦੋਹਾਂ ਵਿੱਚ ਹੀ ਪਿਆਰ ਤੇ ਭਾਈਚਾਰੇ ਦੇ ਸੰਦੇਸ਼ ਦਿੱਤਾ। ਭਗਤੀ ਲਹਿਰ ਨੇ ਹਿੰਦੂ ਸਮਾਜ ਵਿਚ ਜਾਤੀ ਪ੍ਰਥਾ ਅਤੇ ਕਰਮ ਕਾਂਡਾਂ ਖਿਲਾਫ ਜਾਗ੍ਰਿਤੀ ਲਿਆਂਦੀ ਪਰ ਸੂਫੀ ਲਹਿਰ ਨੇ ਇਸ਼ਕ ਹਕੀਕੀ ਤਕ ਪੁੱਜਣ ਲਈ ਇਸ਼ਕ ਮਿਜ਼ਾਜ਼ੀ ਨੂੰ ਸੁਚੱਜੀ ਜੀਵਨ ਜਾਚ ਦਾ ਅਧਾਰ ਬਣਾਇਆ। ਸ਼ਾਇਦ ਇਸੇ ਕਰਕੇ ਭਗਤਾਂ, ਸੂਫੀ ਸੰਤਾਂ ਤੇ ਗੁਰੂ ਸਾਹਿਬਾਨ ਨੂੰ ਜਨ ਸਾਧਾਰਣ ਵਲੋਂ ਚੰਗਾ ਹੁੰਗਾਰਾ ਮਿਲਿਆ। ਬਾਬਾ ਫਰੀਦ ਦੀ ਠੇਠ ਪੰਜਾਬੀ ਬਾਰੇ ਡਾ. ਟੀ. ਆਰ. ਵਿਨੋਦ ਆਪਣੇ ਵਿਚਾਰ ਇਸ ਪ੍ਰਕਾਰ ਪ੍ਰਗਟ ਕਰਦੇ ਹਨ:

> *ਇਤਿਹਾਸ ਵਿਚ ਕਦੀ ਕਦੀ ਇਉਂ ਵੀ ਵਾਪਰਦਾ ਹੈ ਕਿ ਪ੍ਰਤਿਭਾਵਾਨ ਵਿਅਕਤੀਆਂ ਦੀ ਸਿਰਜਨਾਂ ਨਿਆਇ ਦੇ ਕੁਝ ਨਿਯਮਾਂ ਦਾ ਅਤਿਕ੍ਰਮਣ ਕਰ ਜਾਂਦੀ ਹੈ।*[88]

ਬਾਬਾ ਫਰੀਦ ਨੇ ਲੋਕਾਂ ਅੰਦਰ ਰਹੱਸਵਾਦੀ ਵਿਚਾਰਾਂ ਦੇ ਪ੍ਰਵਾਹ ਨੂੰ ਜਗਾਉਣਾ ਚਾਹਿਆ। ਉਨ੍ਹਾਂ ਨੇ ਆਮ ਲੋਕਾਂ ਦੇ ਦੁਖ ਦਰਦ ਨੂੰ ਸਮਝਿਆ। ਉਨ੍ਹਾਂ ਨੇ ਆਪਣੇ ਸਲੋਕਾਂ ਵਿਚ ਰੂਹਾਨੀ ਯਾਤਰਾ ਦੇ ਚਾਰ ਪੜਾਆਂ ਦੀ ਗਲ ਕੀਤੀ ਹੈ। ਸ਼ਰੀਅਤ ਦੇ ਰਸਤੇ ਤੇ ਚਲ ਕੇ ਹੀ 'ਹਕੀਕਤ' ਤਕ ਪੁਜਿਆ ਜਾ ਸਕਦਾ ਹੈ। ਨਮਾਜ਼ ਨਾ ਪੜ੍ਹਨ ਵਾਲੇ ਨੂੰ ਤਾਂ ਉਹ 'ਕੁੱਤਾ' ਤਕ ਕਹਿ ਦਿੰਦੇ ਹਨ। ਪਹਿਲੀ ਨਜ਼ਰੇ ਬਾਬਾ ਫਰੀਦ ਦੀ ਭਾਸ਼ਾ ਸਧਾਰਨ ਹੀ ਜਾਪਦੀ ਹੈ। ਮਨੁੱਖ ਨੂੰ ਸਦਾਚਾਰਕ ਅਤੇ ਨੈਤਿਕ ਕਦਰਾਂ-ਕੀਮਤਾਂ ਨਾਲ ਜੋੜਨ ਵਾਲੇ ਅਨੇਕਾਂ ਪਹਿਲੂਆਂ ਨੂੰ ਬੜੇ ਸਰਲ ਢੰਗ ਨਾਲ ਬਿਆਨਿਆ ਹੈ: ਰੁਖੀ ਸੁਖੀ ਖਾਇਕੈ ਠੰਡਾ ਪਾਣੀ ਪੀਉ॥ ਰੋਟੀ ਖਾਣ ਦਾ ਸੰਕਲਪ 'ਦੇਖ ਪਰਾਈ ਚੋਪੜੀ' ਨਾਲ ਜੋੜਨ ਤੇ ਮਨੁੱਖੀ ਲਾਲਸਾ ਦਾ ਸੁੰਦਰ ਚਿਤਰ ਖਿਚਿਆ ਹੈ। ਮਨੁੱਖੀ ਜੀਵਨ ਦੇ ਮੁਖੌਟਾ ਧਾਰੀ ਜੀਵਨ ਦਾ ਚਿਤਰਨ ਹੈ, ਜੋ ਬਾਹਰੋਂ ਦੇਖਣ ਨੂੰ ਤਾਂ ਚੰਗਾ ਜਾਪਦਾ ਹੈ ਪਰ ਅੰਦਰੋਂ 'ਗੁਨਹੀ ਭਰਿਆ' ਅਜੋਕੇ ਮਨੁੱਖ ਦੀ ਯਥਾਰਥਕ ਤਸਵੀਰ ਪੇਸ਼ ਕਰਦਾ ਹੈ। ਬਾਬਾ ਫਰੀਦ ਦੀ ਕਾਵਿ ਭਾਸ਼ਾ ਵਿਚ ਸ਼ਾਬਦਿਕ ਅਰਥਾਂ ਦੇ ਨਾਲ ਨਾਲ ਸੰਕੇਤਕ ਅਰਥ ਇਸ ਪ੍ਰਕਾਰ ਹਨ:

| | | |
|---|---|---|
| ਕੁਆਰੀ | – | ਜਿਸਦਾ ਰਬ ਨਾਲ ਮਿਲਾਪ ਨਾ ਹੋਇਆ ਹੋਵੇ। |
| ਸਹੁਰੇ | – | ਅਗਲੀ ਦੁਨੀਆ |
| ਵੀਵਾਹੀ | – | ਵਿਆਹੀ ਔਰਤ/ਮੌਤ ਮਗਰੋਂ ਆਤਮਾ |
| ਲੋਇਣ | – | ਅਖਾਂ/ ਸੁੰਦਰਤਾ |
| ਪੱਗ | – | ਬਾਹਰਲਾ ਵਿਹਾਰ |
| ਕਾਲੀ | – | ਜੁਆਨੀ |
| ਧਉਲੀ | – | ਬੁਢਾਪਾ |

ਸ਼ੇਖ ਫਰੀਦ ਦੀ ਭਾਸ਼ਾ ਲਹਿੰਦੀ ਨੁਹਾਰ ਵਾਲੀ ਹੋਣ ਕਾਰਨ ਮਿਠਾਸ ਭਰਪੂਰ ਹੋ ਜਾਂਦੀ ਹੈ:

*ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ॥*

*ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ॥* ਪੰਨਾ ੧੩੮੩

ਇਸ ਵਿੱਚ ਦ ਦੀ ਥਾਂ ਡ ਦੀ ਵਰਤੋਂ ਨਾਲ ਇਹ ਮਿਠਾਸ ਹੋਰ ਵੀ ਵਧ ਜਾਂਦੀ ਹੈ:

*ਫਰੀਦਾ ਡੁਖਾ ਸੇਤੀ ਦਿਹੁ ਗਇਆ ਸੂਲਾਂ ਸੇਤੀ ਰਾਤਿ॥*

*ਖੜਾ ਪੁਕਾਰੇ ਪਾਤਣੀ ਬੇੜਾ ਕਪਰ ਵਾਤਿ॥* ਪੰਨਾ ੧੩੮੨

ਬਾਬਾ ਫਰੀਦ ਨੇ ਡੂੰਘੀਆਂ ਅਧਿਆਤਮਕ ਰਮਜ਼ਾਂ ਨੂੰ ਪ੍ਰਗਟ ਕਰਨ ਲਈ ਰੂਪਕ ਅਤੇ ਉਪਮਾਵਾਂ ਆਮ ਵਰਤੇ ਹਨ:

*ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ॥*

*ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ॥* ਪੰਨਾ ੧੩੮੦

ਸੰਤ ਕਬੀਰ ਦੀ ਅਭਿਵਿਅਕਤੀ ਦਾ ਸਸ਼ਕਤ ਸਾਧਨ ਉਨ੍ਹਾਂ ਦੀ ਭਾਸ਼ਾ ਹੈ ਕਿਉਂਕਿ ਉਨ੍ਹਾਂ ਨੇ ਜੋ ਕੁਝ ਕਹਿਣਾ ਚਾਹਿਆ ਹੈ, ਉਸ ਲਈ ਭਾਸ਼ਾ ਨੇ ਪੂਰਾ ਸਹਿਯੋਗ ਦਿੱਤਾ ਹੈ।[89] ਡਾ. ਜੱਗੀ ਦਾ ਉਪਰੋਕਤ ਕਥਨ ਇਸ ਗਲ ਦੀ ਗਵਾਹੀ ਭਰਦਾ ਹੈ ਕਿ ਭਗਤ ਕਬੀਰ ਦੇ ਹਥ ਵਿਚ ਐਸੀ ਕਲਮ ਸੀ ਜੋ ਵੀ ਉਸਨੇ ਮਹਿਸੂਸ ਕੀਤਾ। ਭਾਸ਼ਾ ਦੀ ਉਸੇ ਵੇਲੇ ਸਹਾਇਤਾ ਨਾਲ ਝੱਟ ਕਹਿ ਦਿੱਤਾ। ਭਗਤ ਜੀ ਨੇ ਪਰੰਪਰਾਵਾਦੀ ਅਤੇ ਕਰਮ ਕਾਂਡੀ ਪੰਡਤਾਂ ਨੂੰ ਖੂਬ ਖਰੀਆਂ ਖੋਟੀਆਂ ਸੁਣਾਈਆਂ ਅਤੇ ਕਿਸੇ ਦਾ ਕਿਧਰੇ ਵੀ ਲਿਹਾਜ਼ ਨਹੀਂ ਕੀਤਾ। ਉਨ੍ਹਾਂ ਦੇ ਪਾਖੰਡਾਂ ਨੇ ਦਿਖਾਵੇ ਭਰਿਆ ਜੀਵਨ ਨੂੰ ਸਿਧੇ ਸਾਦੇ ਸ਼ਬਦਾਂ ਵਿਚ ਨਿੰਦਿਆ:

*ਕਬੀਰ ਕਾਗਦ ਕੀ ਓਬਰੀ ਮਸੁ ਕੇ ਕਰਮ ਕਪਾਟ॥*

*ਪਾਹਨ ਬੋਰੀ ਪਿਰਥਮੀ ਪੰਡਿਤ ਪਾੜੀ ਬਾਟ॥* ਪੰਨਾ ੧੩੭੧

ਉਨ੍ਹਾਂ ਨੇ ਆਪਣੇ ਸਲੋਕਾਂ ਵਿਚ ਜਿਥੇ ਬ੍ਰਾਹਮਣਾਂ ਦੇ ਪਾਖੰਡੀ ਦਿਖਾਵੇ ਨੂੰ ਭੰਡਿਆ ਉਥੇ ਨਾਲ ਹੀ ਮੌਲਾਣਿਆਂ ਨੂੰ ਮਸੀਤ ਦੇ ਮੁਨਾਰੇ ਉਤੇ ਚੜ੍ਹ ਕੇ ਬਾਗਾਂ ਦਿੰਦੇ ਦੇਖ ਕੇ ਸਪਸ਼ਟ ਸ਼ਬਦਾਂ ਵਿਚ ਕਿਹਾ ਕਿ ਉਸ ਪਰਮਾਤਮਾ ਨੂੰ ਹੀ ਅੰਦਰੋਂ ਲੱਭਣਾ ਚਾਹੀਦਾ ਹੈ। ਆਪਣੀ ਵਿਚਾਰਧਾਰਾ ਨਾਲ ਜੋੜਨ ਲਈ ਸੰਤਾਂ ਦੀ ਸੇਵਾ ਕਰਨ ਲਈ ਪ੍ਰੇਰਿਆ ਹੈ ਕਿਉਂਕਿ ਅਜਿਹੇ ਸਾਧੂ ਲੋਕਾਂ ਨਾਲ ਜੁੜਕੇ ਆਮ ਲੋਕ ਵੀ ਸਚੇ, ਝੂਠੇ ਤੇ ਨੇਕ ਬਣ ਜਾਣਗੇ। ਡਾ. ਜੈਰਾਮ ਮਿਸ਼ਰ ਦੇ ਸ਼ਬਦਾਂ ਵਿਚ ਜਿਸ ਪ੍ਰਕਾਰ ਲਕੜ ਨਾਲ ਲੋਹਾ ਭੀ ਤਰ ਜਾਂਦਾ ਹੈ। ਚੰਦਨ ਕੋਲ ਉਗਿਆ ਦਰਖਤ ਵੀ ਚੰਦਨ ਦੀ ਸੁਗੰਧੀ ਪ੍ਰਾਪਤ ਕਰ ਲੈਂਦਾ ਹੈ। ਉਸੇ ਪ੍ਰਕਾਰ ਸਾਧ ਸੰਗਤ ਸਹਿਤ ਪਾਪੀ ਵੀ ਭਵਸਾਗਰ ਤੋਂ ਤਰ ਜਾਂਦੇ ਹਨ। [90]

*ਕਬੀਰ ਚੰਦਨ ਕਾ ਬਿਰਵਾ ਭਲਾ ਬੇੜਿਓ ਢਾਕ ਪਲਾਸ॥*

*ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ॥* ਪੰਨਾ ੧੩੬੫

ਡਾ. ਸ੍ਰੀਮਤੀ ਵਿਦਿਆਵਤੀ ਕਬੀਰ ਦੀ ਭਾਸ਼ਾ ਸੰਬੰਧੀ ਆਪਣੇ ਵਿਚਾਰ ਪ੍ਰਗਟਾਉਂਦੇ ਹੋਏ ਲਿਖਦੇ ਹਨ:

> *ਕਬੀਰ ਜੀ ਦਾ ਸ਼ਬਦ ਕੋਸ਼ ਬਹੁਤ ਅਮੀਰ ਹੈ। ਉਨਾਂ ਨੇ ਕਿਸੇ ਇਕ ਭਾਸ਼ਾ ਦੀ ਵਰਤੋਂ ਨਹੀਂ ਕੀਤੀ। ਉਹ ਇਕ ਘੁਮੱਕੜ ਸੰਤ ਸਨ ਅਤੇ ਅਨੇਕਾਂ ਇਲਾਕਿਆਂ ਦੇ ਜਗਿਆਸੂਆਂ ਦੇ ਸੰਪਰਕ ਵਿਚ ਆਏ ਰਹਿੰਦੇ ਹਨ। ਇਸ ਲਈ ਉਨ੍ਹਾਂ ਦੀ ਬਾਣੀ ਵਿਚ ਅਵਧੀ, ਭੋਜਪੁਰੀ, ਬ੍ਰਜ, ਮਾਰਵਾੜੀ, ਪੰਜਾਬੀ, ਅਰਬੀ, ਫਾਰਸੀ ਆਦਿ ਭਾਸ਼ਾਵਾਂ ਦੀ ਸ਼ਬਦਾਵਲੀ ਮਿਲ ਜਾਂਦੀ ਹੈ। ਉਨ੍ਹਾਂ ਦੀ ਭਾਸ਼ਾ ਦੇ ਮਿੱਸੇ ਰੂਪ ਨੂੰ ਵੇਖ ਕੇ ਕਿਹਾ ਜਾ ਸਕਦਾ ਹੈ ਕਿ ਉਹ ਪੂਰੀ ਤਰ੍ਹਾਂ ਸਧੁੱਕੜੀ ਹੈ। ਬਿਲਕੁਲ ਸਰਲ ਤੇ ਸਿੱਧੀ ਸਾਦੀ।* [91]

ਡਾ. ਸੁਰਿੰਦਰ ਸਿੰਘ ਕੋਹਲੀ ਪੰਜਾਬੀ ਸਾਹਿਤ ਕੋਸ਼ ਵਿਚ ਲਿਖਦੇ ਹਨ: ਕਬੀਰ ਪ੍ਰਮੁੱਖ ਰੂਪ ਵਿਚ ਜਨਤਾ ਦੇ ਕਵੀ ਸਨ। [92] ਇਸ ਲਈ ਉਹ ਗੁਰਬਾਣੀ ਅਨੁਸਾਰ 'ਹਉ' ਸ਼ਬਦ ਦੀ ਥਾਂ ਉਤੇ ਮੁਝ' ਸ਼ਬਦ ਵਰਤਦੇ ਹਨ।

*ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝਿ ਮਹਿ ਰਹਾ ਨ ਹੂੰ॥* ਪੰਨਾ ੧੩੭੫

ਕਈ ਵਾਰ 'ਹਮਹੁ' ਸ਼ਬਦ ਦੀ ਵਰਤੋਂ ਵੀ ਕੀਤੀ ਹੈ:

*ਕਬੀਰ ਜਿਨਹੁ ਕਿਛੂ ਜਾਨਿਆ ਨਹੀ ਤਿਨ ਸੁਖ ਨੀਦ ਬਿਹਾਇ॥*

*ਹਮਹੁ ਜੁ ਬੂਝਾ ਬੂਝਨਾ ਪੂਰੀ ਪਰੀ ਬਲਾਇ॥* ਪੰਨਾ ੧੩੭੪

ਉਨ੍ਹਾਂ ਦੇ ਸਲੋਕਾਂ ਦੀ ਭਾਸ਼ਾ ਸਰਲ ਤੇ ਸਪਸ਼ਟ ਹੈ। ਜਿਸ ਕਰਕੇ ਸਧਾਰਨ ਤੋਂ ਸਧਾਰਨ ਮਨੁੱਖ ਵੀ ਇਸ ਨੂੰ ਅਸਾਨੀ ਨਾਲ ਸਮਝ ਸਕਦਾ ਹੈ ਅਤੇ ਇਸ ਲਈ ਉਨ੍ਹਾਂ ਦੇ ਸਲੋਕ ਆਮ ਲੋਕਾਂ ਤੇ ਸ਼ਰਧਾਲੂਆਂ ਦੀ ਜਬਾਨ ਤੇ ਆਮ ਚੜ੍ਹੇ ਹੋਏ ਹਨ। ਇਸ ਲਈ ਉਨ੍ਹਾਂ ਦੇ ਸਲੋਕ ਸਾਰੇ ਭਾਰਤ ਵਿਚ ਹੋਰ ਸਾਰੇ ਭਗਤਾਂ ਨਾਲੋਂ ਵਧ ਗਾਏ ਅਤੇ ਸਲਾਹੇ ਜਾਂਦੇ ਹਨ।

ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਵਿਚ 'ਭੱਟਾਂ ਦੀ ਬਾਣੀ' ਗੁਰੂ ਸਾਹਿਬਾਨ ਦੀ ਸ਼ੋਭਾ ਦਾ ਯਸ ਗਾਇਨ ਪ੍ਰਸਤੁਤ ਹੈ। ਇਨ੍ਹਾਂ ਸਵੱਈਆਂ ਦੀ ਭਾਸ਼ਾ ਬ੍ਰਜ ਹੈ। ਡਾ. ਹਰਕੀਰਤ ਸਿੰਘ ਅਨੁਸਾਰ ਇਨ੍ਹਾਂ ਦੀ ਭਾਸ਼ਾ ਦੀ ਨਿਵੇਕਲੀ ਨੁਹਾਰ ਹੈ। ਇਨ੍ਹਾਂ ਦੀ ਭਾਸ਼ਾ ਗੁਰੂ ਸਾਹਿਬਾਨ ਤੇ ਭਗਤਾਂ ਦੀ ਬੋਲੀ ਨਾਲੋਂ ਕੁਝ ਵੱਖਰੀ ਹੈ। ਭੱਟਾਂ ਦੀ ਭਾਸ਼ਾ ਦੇ ਕਈ ਨਾਂਵ, ਵਿਸ਼ੇਸ਼ਣ ਅਤੇ ਬਹੁਤੇ ਕਿਰਦੰਤ ਓ-ਅੰਤਿਕ ਜਾਂ ਉ-ਅੰਤਕ ਹਨ। 'ਓ' ਅੰਤਹੀ ਬ੍ਰਜ ਭਾਸ਼ਾ ਵਾਲਾ ਨਹੀਂ, ਇਸਦਾ ਪਿੰਡਾ ਰਾਜਸਥਾਨੀ ਵਾਲਾ ਸੀ।[93]ਉਨ੍ਹਾਂ ਦੀ ਧਾਰਨਾ ਹੈ ਕਿ ਭਾਸ਼ਾ ਨੂੰ ਕਿਸੇ ਵੀ ਭਾਸ਼ਾ ਜਾਂ ਉਪਭਾਸ਼ਾ ਨਾਲ ਨਹੀਂ ਜੋੜਿਆ ਜਾ ਸਕਦਾ। ਇਨ੍ਹਾਂ ਨੂੰ ਹੀ 'ਭੱਟਾਂ ਦੇ ਬੋਲੇ' ਕਹਿ ਕੇ ਫੈਸਲਾ ਕਰ ਦਿੰਦੇ ਹਨ। ਭੱਟਾਂ ਦੀ ਭਾਸ਼ਾ ਦੇ ਵਿਆਕਰਣ ਅੰਸ਼ ਤਾਂ ਆਮ ਤੌਰ ਤੇ ਗੁਰੂ ਭਾਸ਼ਾ ਨਾਲ ਮਿਲਦੇ ਹਨ। ਵਧੇਰੇ ਫਰਕ ਸ਼ਬਦਾਵਲੀ ਤੇ ਸਬਦ ਰੂਪਾਂ ਦਾ ਹੈ। [94] ਗੁਰੂ ਸਾਹਿਬਾਨ ਤੇ ਭਗਤ ਸਾਹਿਬਾਨ ਦੀ ਬਾਣੀ ਵਿਚ 'ਯ' ਦੀ ਸੁਤੰਤਰ ਰੂਪ ਵਿਚ ਵਰਤੋਂ ਨਹੀਂ ਹੋਈ ਪਰ ਭੱਟ ਬਾਣੀ ਵਿਚ ਇਸ ਦਾ ਪ੍ਰਯੋਗ ਬਹੁਤ ਜ਼ਿਆਦਾ ਹੈ:

*ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ॥*
*ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ॥*
*ਹਰਿ ਨਾਮੁ ਛੋਡਿ ਦੂਜੈ ਲਗੇ ਤਿਨ ਕੇ ਗੁਣ ਹਉ ਕਿਆ ਕਹਉ॥*
*ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ॥* ਪੰਨਾ ੧੩੯੬

ਇਸੇ ਤਰ੍ਹਾਂ ਅਨੇਕਾਂ ਹੋਰ ਸ਼ਬਦਾਂ ਦੀ ਉਦਾਹਰਣ ਦਿੱਤੀ ਜਾ ਸਕਦੀ ਹੈ। ਬਰਦਾਯਉ, ਪਾਯਉ, ਸਕਯਯ, ਦਯਾਲਿ, ਦ੍ਰਿੜਾਯਾ, ਬਨਾਯਉ, ਗਯਉ, ਪਾਯਉ ਆਦਿ। ਭੱਟਾਂ ਦੀ ਭਾਸ਼ਾ ਦਾ ਗੰਭੀਰ ਅਧਿਐਨ ਕਰਦੇ ਸਮੇਂ ਕਈ ਸ਼ਬਦ ਅਜਿਹੇ ਨਜ਼ਰ ਆਉਂਦੇ ਹਨ ਜਿਨ੍ਹਾਂ ਦਾ ਰੂਪ ਬਦਲ ਲਿਆ ਗਿਆ ਹੈ। ਜਿਵੇਂ ਤੂੰ ਦੀ ਥਾਂ 'ਤੈ' ਮੈਂ ਦੀ ਥਾਂ 'ਹਉ' ਤੈਨੂੰ ਦੀ ਥਾਂ ਤੁਝੈ ਵਰਤਿਆ ਗਿਆ ਹੈ।

- *ਤੈ ਤਾ ਹਦਰਥਿ ਪਾਇਓ ਮਾਨੁ ਸੇਵਿਆ ਗੁਰੁ ਪਰਵਾਨ*
  *ਸਾਧਿ ਅਜਗਰੁ ਜਿਨਿ ਕੀਆ ਉਨਮਾਨ॥* ਪੰਨਾ ੧੩੯੧
- *ਸਰਬ ਚਿੰਤ ਤੁਝੁ ਪਾਸਿ ਸਾਧਸੰਗਤਿ ਹਉ ਤਕਉ॥* ਪੰਨਾ ੧੩੯੫

- *ਮਨਸਾ ਕਰਿ ਸਿਮਰੰਤ ਤੁਝੈ ਨਰ ਕਾਮੁ ਕ੍ਰੋਧੁ ਮਿਟਿਅਉ ਜੁ ਤਿਣੰ॥*
  *ਬਾਚਾ ਕਰਿ ਸਿਮਰੰਤ ਤੁਝੈ ਤਿਨ ਦੁਖੁ ਦਰਿਦ੍ਰੁ ਮਿਟਯਉ ਜੁ ਖਿਣੰ॥* ਪੰਨਾ ੧੪੦੫

ਗੁਰਮਤਿ ਸ਼ਬਦਾਵਲੀ ਵਿਚ ਗੁਰੂ, ਗੁਰਮੁਖ, ਸਿੱਖ ਗੁਰਮੁਖ, ਮਨਮੁਖ, ਨਾਮ, ਸੇਵਾ, ਸਿਮਰਨ, ਦਾਨ, ਇਸ਼ਨਾਨ, ਵਾਹਿਗੁਰੂ, ਸਤਿਨਾਮ, ਅਨੇਕਾਂ ਸ਼ਬਦ ਪ੍ਰਚਲਤ ਹਨ। ਗਯੰਦ ਭੱਟ ਨੇ 'ਵਾਹਿਗੁਰੂ' ਸ਼ਬਦ ਦੀ ਵਰਤੋਂ ਪਹਿਲੀ ਵਾਰ ਕੀਤੀ ਹੈ: *'ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ'* ਵਿਸਮਾਦ ਦੀ ਅਵਸਥਾ ਵਿਚ ਆਪਣੇ ਅੰਤਰੀਵ ਆਤਮਿਕ ਅਨੁਭਵ ਨੂੰ ਪ੍ਰਗਟ ਕਰਦੇ ਹੋਏ ਗਯੰਦ ਭੱਟ ਨੇ ਇਸ ਸ਼ਬਦ ਨੂੰ ਸਿਖ ਸਮਾਜ ਦਾ ਇਕ ਅਟੁੱਟ ਅੰਗ ਬਣਾ ਦਿੱਤਾ ਹੈ। ਜੋ ਗੁਰੂ ਪੁਰਖ ਦੀ ਵਡਿਆਈ ਤੋਂ ਪਰਮਾਤਮਾ ਦਾ ਨਾਮ ਬਣ ਗਿਆ। ਇਨ੍ਹਾਂ ਨੂੰ ਸਤਿਨਾਮ ਦੇ ਬਰਾਬਰ ਦਾ ਸਥਾਨ ਪ੍ਰਾਪਤ ਹੋਇਆ। ਸਿੱਖ ਅਰਦਾਸ ਅਤੇ ਸਿਮਰਨ ਵਿਚ 'ਵਾਹਿਗੁਰੂ' ਸ਼ਬਦ ਨੂੰ ਪ੍ਰਮੁੱਖ ਸਥਾਨ ਪ੍ਰਾਪਤ ਹੋਇਆ ਹੈ।

ਆਮ ਤੌਰ ਤੇ ਪੰਜਾਬੀ ਵਿਚ ਤਿੰਨ ਸ਼ਬਦ ਪੈਰ ਵਿਚ ਪਾਏ ਜਾਂਦੇ ਹਨ ਹ, ਵ, ਤੇ ਰ। ਪਰ ਭੱਟ ਬਾਣੀ ਵਿਚ ਸੰਸਕ੍ਰਿਤ ਦੇ ਵਿਆਕਰਣ ਨਿਯਮਾਂ ਅਨੁਸਾਰ ਸ, ਚ, ਤ, ਟ, ਨ ਅਤੇ ਯ ਅਖਰਾਂ ਦੀ ਵਰਤੋਂ ਵੀ ਕੀਤੀ ਗਈ ਹੈ।

- *ਕਵਿ ਜਨ ਕਲ ਸਬੁਧੀ ਕੀਰਤਿ ਜਨ ਅਮਰਦਾਸ ਬਿਸ੍ਤਰੀਆ॥* ਪੰਨਾ ੧੩੯੨
- *ਨਾਮ ਕਿਤਿ ਸੰਸਾਰਿ ਕਿਰਣਿ ਰਵਿ ਸੁਰਤਰ ਸਾਖਹ॥*
  *ਉਤਰਿ ਦਖਿਣਿ ਪੁਬਿ ਦੇਸਿ ਪਸ੍ਚਮਿ ਜਸੁ ਭਾਖਹ॥* ਪੰਨਾ ੧੩੯੩
- *ਅਵਲੋਕਾ ਬ੍ਰਹਮੁ ਭਰਮੁ ਸਭੁ ਛੁਟਕਾ ਦਿਬ ਦ੍ਰਿਸ੍ਟਿ ਕਾਰਣ ਕਰਣੰ॥*
  *ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸੁ ਤਾਰਣ ਤਰਣੰ॥*
- *ਇਕ ਪੜਹਿ ਸੁਣਹਿ ਗਾਵਹਿ ਪਰਭਾਤਿਹਿ ਕਰਹਿ ਇਸਾਨੁ੍॥*
  *ਇਸਨੑਾ ਕਰਹਿ ਪਰਭਾਤਿ ਸੁਧ ਮਨਿ ਗੁਰ ਪੂਜਾ ਬਿਧਿ ਸਹਿਤ ਕਰੰ॥* ਪੰਨਾ ੧੪੦੨

ਡਾ. ਐਸ. ਐਸ. ਜੋਸ਼ੀ ਤਾਂ ਭੱਟਾਂ ਦੀ ਭਾਸ਼ਾ ਦਾ ਸਰੂਪ ਗੁਰੂ ਸਾਹਿਬਾਨ ਦੀ ਭਾਸ਼ਾ ਅਤੇ ਭਗਤਾਂ ਦੀ ਭਾਸ਼ਾ ਤੋਂ ਵਖਰਾ ਮੰਨਦਾ ਹੈ। ਉਹ ਨਾ ਤਾਂ ਇਸ ਨੂੰ ਪੰਜਾਬੀ ਮੰਨਦਾ ਹੈ ਤੇ ਨਾ ਹੀ ਸਾਧ ਭਾਸ਼ਾ। ਸਗੋਂ ਇਸ ਨੂੰ ਭੱਟ-ਭਾਸ਼ਾ ਦਾ ਨਾਮ ਦੇਣਾ ਪਵੇਗਾ। ਇਸਦੇ ਕਈ ਸ਼ਬਦ ਰੂਪ ਅਜਿਹੇ ਹਨ ਜਿਨ੍ਹਾਂ ਦੀ ਵਖਰੀ ਹੀ ਨੁਹਾਰ ਹੈ।[94]

ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਰਾਗ ਮੁਕਤ ਬਾਣੀ ਦੇ ਪਿਛੋਕੜ ਵਿਚ ਕਾਰਜਸੀਲ ਅਮੂਰਤ ਨੇਮ ਪ੍ਰਬੰਧ ਨੂੰ ਇਕ ਸੰਗਠਿਤ ਕਾਵਿ ਸ਼ਾਸਤਰ ਦੇ ਰੂਪ ਵਿਚ ਉਜਾਗਰ ਕਰਨ ਦਾ ਯਤਨ

ਕੀਤਾ ਗਿਆ ਹੈ ਜੋ ਸਪਸ਼ਟ ਤੌਰ ਤੇ ਮੌਲਿਕ ਅਤੇ ਵਿੱਲਖਣ ਕਾਵਿ ਸ਼ਾਸਤਰ ਹੈ ਜੋ ਰਾਗ ਮੁਕਤ ਬਾਣੀ ਦੇ ਸਮਾਜਕ-ਸਭਿਆਚਾਰਕ ਪਰਿਪੇਖਾਂ ਨੂੰ ਉਭਾਰਨ ਵਿਚ ਸਹਾਈ ਹੋਇਆ ਹੈ।

# ਹਵਾਲੇ ਅਤੇ ਟਿੱਪਣੀਆਂ


1. ਡਾ. ਜਗਬੀਰ ਸਿੰਘ, *ਗੁਰਬਾਣੀ ਦਾ ਕਾਵਿ ਸ਼ਾਸਤਰੀ ਅਧਿਐਨ*, ਪੰਨਾ 75
2. ਉਹੀ, ਪੰਨਾ 50
3. ਪ੍ਰੋ. ਜੋਗਿੰਦਰ ਸਿੰਘ, *ਗੁਰੂ ਗ੍ਰੰਥ ਸਾਹਿਬ ਦੀ ਸਾਹਿਤਿਕ ਵਿਸ਼ੇਸ਼ਤਾ*, ਪੰਨਾ 119
4. ਡਾ. ਮਹਿੰਦਰ ਕੌਰ ਗਿੱਲ, *ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਾਦਕੀ ਵਿਧਾਨ*, ਪੰਨਾ ੨੧੯
5. ਡਾ.ਜਗਬੀਰ ਸਿੰਘ, *ਗੁਰਬਾਣੀ ਦਾ ਕਾਵਿ ਸ਼ਾਸਤਰੀ ਅਧਿਐਨ*, ਪੰਨਾ 75
6. ਡਾ. ਰਤਨ ਸਿੰਘ ਜੱਗੀ, *ਭਾਰਤੀ ਕਾਵਿ ਸ਼ਾਸਤਰ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 263
7. ਡਾ. ਜਗਬੀਰ ਸਿੰਘ, *ਮਾਨਵ ਮੁਕਤੀ ਅਤੇ ਦਲਿਤ ਚੇਤਨਾ ਦਾ ਪ੍ਰਵਚਨ, ਗੁਰੂ ਗ੍ਰੰਥ ਸਾਹਿਬ, ਵਿਸ਼ੈ ਪ੍ਰਵੇਸ਼*, ਪੰਨਾ 4
8. ਡਾ.ਤਰਲੋਕ ਸਿੰਘ ਕੰਵਰ, *ਗੁਰੂ ਨਾਨਕ ਦਾ ਕਾਵਿ ਸ਼ਾਸਤਰ*, ਪੰਨਾ 21
9. ਡਾ. ਗੋਪਾਲ ਸਿੰਘ ਦਰਦੀ, *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਹਿਤਿਕ ਵਿਸ਼ੇਸ਼ਤਾ*, ਪੰਨਾ 39
10. ਡਾ. ਤਾਰਨ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੁਦਰਤ ਕਵਿਤਾ*, ਪੰਨਾ 92
11. ਡਾ. ਰਤਨ ਸਿੰਘ ਜੱਗੀ, *ਭਾਰਤੀ ਕਾਵਿ ਸ਼ਾਸਤਰ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 263
12. ਉਧਰਿਤ -ਉਹੀ- *ਗੁਰੂ ਗ੍ਰੰਥ ਵਿਸ਼ਵ ਕੋਸ਼*, ਪੰਨਾ 264
13. ਪ੍ਰੋ. ਜੋਗਿੰਦਰ ਸਿੰਘ, *ਸ੍ਰੀ ਗੁਰੂ ਗ੍ਰੰਥ ਦਰਪਣ*, ਪੰਨਾ 137
14. ਡਾ. ਰਤਨ ਸਿੰਘ ਜੱਗੀ, *ਭਾਰਤੀ ਕਾਵਿ ਸ਼ਾਸਤਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 269
15. ਪ੍ਰੋ. ਵੇਦ ਅਗਨੀਹੋਤਰੀ, *ਗੁਰੂ ਗ੍ਰੰਥ ਸਾਹਿਬ ਜੀ ਦੀਆਂ ਭਾਸ਼ਾਈ ਵਿਧੀਆਂ*, ਪੰਨਾ 220
16. ਡਾ. ਸਤਿੰਦਰ ਸਿੰਘ, *ਗੁਰਮਤਿ ਕਾਵਿ ਰੂਪ*, ਪੰਨਾ 175
17. ਡਾ. ਜਗਦੀਸ਼ ਕੌਰ, *ਗੁਰੂ ਗ੍ਰੰਥ ਸਾਹਿਬ ਕਾਵਿ ਦਰਸ਼ਨ*, ਪੰਨਾ 18
18. ਡਾ. ਕੁਲਵੰਤ ਕੌਰ, *ਚੁਲੀ ਅੰਜੁਲੀ, ਮੁੰਦਾਵਣੀ*, ਪੰਨਾ 139
19. ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ 156
20. ਡਾ. ਰਤਨ ਸਿੰਘ ਜੱਗੀ, *ਸ੍ਰੀ ਗੁਰੂ ਗ੍ਰੰਥ ਪਰਿਚਯ*, ਪੰਨਾ 135-36
21. ਡਾ. ਅੰਮ੍ਰਿਤ ਪਾਲ ਕੌਰ, *ਗੁਰਬਾਣੀ ਦੀਆਂ ਸੰਚਾਰ ਜੁਗਤਾਂ*, ਪੰਨਾ 234
22. ਡਾ. ਜੋਗਿੰਦਰ ਸਿੰਘ ਕੈਰੋਂ, *ਲੋਕਧਾਰਾਈ ਸਮੱਗਰੀ ਦਾ ਰੂਪਾਂਤਰਣ ਅਤੇ ਪ੍ਰਤੀਰੂਪਣ, ਵਿਸਮਾਦ ਨਾਦੁ*, ਪੰਨਾ 184
23. ਡਾ. ਜਗਬੀਰ ਸਿੰਘ, *ਪ੍ਰਸੰਗਿਕ ਧਰਮ ਸ਼ਾਸਤਰ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 295
24. ਡਾ. ਸਤਿੰਦਰ ਸਿੰਘ, *ਗੁਰਮਤਿ ਕਾਵਿ ਰੂਪ*, ਪੰਨਾ 174
25. ਉਹੀ, ਪੰਨਾ 175
26. ਡਾ. ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵ ਕੋਸ਼*, ਪੰਨਾ 66
27. ਪ੍ਰੋ. ਪਿਆਰਾ ਸਿੰਘ ਪਦਮ, *ਗੁਰੂ ਗ੍ਰੰਥ ਸੰਕੇਤ ਕੋਸ਼*, ਪੰਨਾ 66

28. ਡਾ. ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵ ਕੋਸ਼*, ਪੰਨਾ 165
29. ਡਾ. ਜਗਬੀਰ ਸਿੰਘ, *ਬਾਣੀ ਸੰਸਾਰ*, ਪੰਨਾ 95
30. ਡਾ. ਸਤਿੰਦਰ ਸਿੰਘ, *ਗੁਰਮਤਿ ਕਾਵਿ ਰੂਪ*, ਪੰਨਾ 180
31. -ਉਹੀ-
32. ਪ੍ਰੋ. ਸਾਹਿਬ ਸਿੰਘ, *ਗੁਰੂ ਗ੍ਰੰਥ ਸਾਹਿਬ ਦਰਪਣ*, ਪੰਨਾ 571
33. ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ 129
34. ਡਾ. ਤਾਰਨ ਸਿੰਘ, *ਗੁਰੂ ਗ੍ਰੰਥ ਸਾਹਿਬ ਦਾ ਸਾਹਿਤਿਕ ਇਤਿਹਾਸ*, ਪੰਨਾ 441
35. ਡਾ. ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵ ਕੋਸ਼*, ਪੰਨਾ 167
36. -ਉਹੀ-, ਪੰਨਾ 165
37. -ਉਹੀ-
38. ਡਾ. ਮਹਿੰਦਰ ਕੌਰ ਗਿੱਲ, *ਕਾਵਿ ਰੂਪ ਤੇ ਕਾਵਿ ਛੰਦ*, ਪੰਨਾ 117
39. -ਉਹੀ-, ਪੰਨਾ 119
40. -ਉਹੀ-, ਬਿੰਬ ਅਲੰਕਾਰ, ਪੰਨਾ 126
41. ਡਾ. ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵ ਕੋਸ਼*, ਪੰਨਾ 166
42. ਪ੍ਰੋ. ਪਿਆਰਾ ਸਿੰਘ ਪਦਮ, *ਗੁਰੂ ਗ੍ਰੰਥ ਸਾਹਿਬ ਸੰਕੇਤ ਕੋਸ਼*, ਪੰਨਾ 67
43. ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ 173
44. -ਉਹੀ-, ਪੰਨਾ 174
45. ਪ੍ਰੋ. ਪਿਆਰਾ ਸਿੰਘ ਪਦਮ, *ਗੁਰੂ ਗ੍ਰੰਥ ਸੰਕੇਤ ਕੋਸ਼*, ਪੰਨਾ 67
46. ਡਾ. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵ ਕੋਸ਼*, ਪੰਨਾ 1483
47. ਪ੍ਰੋ. ਪਿਆਰਾ ਸਿੰਘ ਪਦਮ, *ਗੁਰੂ ਗ੍ਰੰਥ ਪ੍ਰਕਾਸ਼*, ਪੰਨਾ 147
48. -ਉਹੀ-
49. ਡਾ.ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵ ਕੋਸ਼*, ਪੰਨਾ 46
50. ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ 546
51. ਪ੍ਰੋ. ਪਿਆਰਾ ਸਿੰਘ ਪਦਮ, *ਗੁਰੂ ਗ੍ਰੰਥ ਪ੍ਰਕਾਸ਼*, ਪੰਨਾ 303
52. ਡਾ.ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵ ਕੋਸ਼*, ਪੰਨਾ 382
53. ਪ੍ਰੋ. ਪਿਆਰਾ ਸਿੰਘ ਪਦਮ, *ਸ੍ਰੀ ਗੁਰੂ ਗ੍ਰੰਥ ਪ੍ਰਕਾਸ਼*, ਪੰਨਾ 140
54. ਡਾ.ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵ ਕੋਸ਼*, ਪੰਨਾ 382
55. ਤੇਜਾ ਸਿੰਘ, ਸੋਢੀ, *ਸ੍ਰੀ ਗੁਰੂ ਗ੍ਰੰਥ ਬਾਣੀ ਪ੍ਰਕਾਸ਼ (ਦੂਜੀ ਸੈਂਚੀ)*, ਪੰਨਾ 973
56. ਡਾ.ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵ ਕੋਸ਼*, ਪੰਨਾ 263
57. ਉਧਰਿਤ, ਡਾ. ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵ ਕੋਸ਼*, ਪੰਨਾ 466
58. ਡਾ. ਜਤਿੰਦਰ ਪਾਲ ਸਿੰਘ ਜੌਲੀ, *ਆਤਮ ਪ੍ਰਕਾਸ਼ ਦਾ ਮਾਰਗ-ਮੁੰਦਾਵਣੀ*, ਪੰਨਾ 342
59. ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ 986
60. ਪ੍ਰੋ. ਪਿਆਰਾ ਸਿੰਘ ਪਦਮ, *ਸ੍ਰੀ ਗੁਰੂ ਗ੍ਰੰਥ ਸੰਕੇਤ ਕੋਸ਼*, ਪੰਨਾ 280
61. ਡਾ. ਮਹਿੰਦਰ ਕੌਰ ਗਿੱਲ, *ਆਦਿ ਗ੍ਰੰਥ ਲੋਕ ਰੂਪ*, ਪੰਨਾ 87
62. ਗੁਰਬਖਸ਼ ਸਿੰਘ ਕੇਸਰੀ, *ਸੰਖਿਆ ਕੋਸ਼*, ਪੰਨਾ 126
63. ਡਾ. ਜਤਿੰਦਰ ਪਾਲ ਸਿੰਘ ਜੌਲੀ, *ਆਤਮ ਪ੍ਰਕਾਸ਼ ਦਾ ਮਾਰਗ-ਮੁੰਦਾਵਣੀ*, ਪੰਨਾ 342

64. ਗਿਆਨੀ ਗੁਰਦਿੱਤ ਸਿੰਘ, *ਮੁੰਦਾਵਣੀ*, ਪੰਨਾ 6
65. ਸਿੱਖ ਰਹਿਤ ਮਰਿਆਦਾ, ਪੰਨਾ
66. ਡਾ. ਚਰਨ ਸਿੰਘ, *ਸ੍ਰੀ ਗੁਰੂ ਗ੍ਰੰਥ ਕੋਸ਼*, ਪੰਨਾ 1194-95
67. ਭਾਈ ਸੰਤੋਖ ਸਿੰਘ, *ਗੁਰ ਪ੍ਰਤਾਪ ਸੂਰਜ*, ਪੰਨਾ 1094
68. ਉਧਰਿਤ, ਡਾ. ਮਹਿੰਦਰ ਕੌਰ ਗਿੱਲ, *ਆਦਿ ਗ੍ਰੰਥ ਲੋਕ ਰੂਪ*, ਪੰਨਾ 112
69. ਡਾ. ਤਾਰਨ ਸਿੰਘ, *ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਵਿਸ਼ੇਸ਼ਤਾ*, ਪੰਨਾ 416
70. ਡਾ. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵ ਕੋਸ਼*, ਪੰਨਾ 1507
71. ਡਾ. ਮਹਿੰਦਰ ਕੌਰ ਗਿੱਲ, *ਆਦਿ ਗ੍ਰੰਥ ਲੋਕ ਰੂਪ*, ਪੰਨਾ 112
72. ਡਾ. ਜਗਬੀਰ ਸਿੰਘ, *ਮਾਨਵ ਮੁਕਤੀ ਅਤੇ ਦਲਿਤ ਚੇਤਨਾ ਦਾ ਪ੍ਰਵਚਨ: ਗੁਰੂ ਗ੍ਰੰਥ ਸਾਹਿਬ*, ਪੰਨਾ 2
73. ਡਾ. ਮਹਿੰਦਰ ਕੌਰ ਗਿੱਲ, *ਆਦਿ ਗ੍ਰੰਥ ਛੰਦ ਪ੍ਰਬੰਧ*, ਪੰਨਾ 193
74. ਪ੍ਰਕਾਸ਼ ਸਿੰਘ, *ਜਪੁਜੀ ਸਾਹਿਬ ਦਾ ਬਹੁਪੱਖੀ ਅਧਿਐਨ*, ਪੰਨਾ 288
75. ਡਾ. ਮਹਿੰਦਰ ਕੌਰ ਗਿੱਲ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਰੁਪਾਂਤ੍ਰਿਤ ਅਧਿਐਨ*, ਪੰਨਾ 236
76. ਡਾ. ਦੀਵਾਨ ਸਿੰਘ, *ਗੁਰਮਤਿ ਵਿਚਾਰ*, ਪੰਨਾ 133
77. ਡਾ. ਤਰਲੋਕ ਸਿੰਘ ਕੰਵਰ, *ਫਰੀਦ ਦੇ ਕਾਵਿ ਸ਼ਾਸਤਰ ਵੱਲ*, ਪੰਨਾ 53
78. ਪ੍ਰੋ. ਸਾਹਿਬ ਸਿੰਘ, *ਭੱਟਾਂ ਤੇ ਸਵੱਯੇ ਸਟੀਕ*, ਪੰਨਾ 70
79. ਸ਼ੇਰ ਸਿੰਘ ਗਿਆਨੀ, *ਗੁਰਮਤਿ ਦਰਸ਼ਨ*, ਪੰਨਾ 37
80. ਡਾ. ਦਰਸ਼ਨ ਸਿੰਘ, *ਗੁਰੂ ਗ੍ਰੰਥ ਸਾਹਿਬ ਜੀ ਦੀ ਸਥਾਪਨਾ ਅਤੇ ਵਿਲੱਖਣਤਾ*, ਪੰਨਾ 16
81. ਸੋਢੀ ਤੇਜਾ ਸਿੰਘ, *ਸ੍ਰੀ ਗੁਰੂ ਗ੍ਰੰਥ ਪ੍ਰਕਾਸ਼*, ਪੰਨਾ 957
82. ਪ੍ਰੋ. ਪਿਆਰਾ ਸਿੰਘ ਪਦਮ, *ਗੁਰੂ ਗ੍ਰੰਥ ਸੰਕੇਤ ਕੋਸ਼*, ਪੰਨਾ 56
83. ਉਹੀ, *ਸ੍ਰੀ ਗੁਰੂ ਗ੍ਰੰਥ ਕੋਸ਼*, ਪੰਨਾ 405
84. ਡਾ. ਹਰਕੀਰਤ ਸਿੰਘ, *ਗੁਰੂ ਗ੍ਰੰਥ ਸਾਹਿਬ ਜੀ ਦਾ ਭਾਸ਼ਾਈ ਅਧਿਐਨ*, ਪੰਨਾ 221
85. -ਉਹੀ- ਪੰਨਾ 220
86. ਪ੍ਰੋ. ਜੋਗਿੰਦਰ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ*, ਪੰਨਾ 145
87. ਚਾਨਣ ਸਿੰਘ ਨਿਰਮਲ, *ਗੁਰਮਤਿ ਕਾਵਿ ਦੀਆਂ ਭਾਸ਼ਾ ਜੁਗਤਾਂ*, ਪੰਨਾ 79
88. ਡਾ. ਟੀ. ਆਰ. ਵਿਨੋਦ, *ਫਰੀਦ ਬਾਣੀ ਦੀ ਵਿਲੱਖਣਤਾ*, ਪੰਨਾ 100
89. ਡਾ. ਰਤਨ ਸਿੰਘ ਜੱਗੀ, *ਭਗਤ ਕਬੀਰ ਜੀਵਨ ਤੇ ਬਾਣੀ ਰਚਨਾ*, ਪੰਨਾ 114
90. ਡਾ. ਜੈਰਾਮ ਮਿਸ਼ਰ, *ਸ੍ਰੀ ਗੁਰੂ ਗ੍ਰੰਥ ਦਰਸ਼ਨ*, ਪੰਨਾ 265
91. ਸ੍ਰੀਮਤੀ ਵਿਦਿਆਵਤੀ, *ਭਗਤ ਕਬੀਰ ਜੀਵਨ ਤੇ ਬਾਣੀ*, ਪੰਨਾ 86-87
92. ਡਾ. ਸੁਰਿੰਦਰ ਸਿੰਘ ਕੋਹਲੀ, *ਪੰਜਾਬੀ ਸਾਹਿਤ ਕੋਸ਼*, ਪੰਨਾ 115
93. ਡਾ. ਹਰਕੀਰਤ ਸਿੰਘ, *ਗੁਰਬਾਣੀ ਦੀ ਭਾਸ਼ਾ ਤੇ ਵਿਆਕਰਨ*, ਪੰਨਾ 350
94. -ਉਹੀ- ਪੰਨਾ, 351
95. ਡਾ. ਐਸ. ਐਸ ਜੋਸ਼ੀ, *ਭੱਟ ਬਾਣੀ ਤੇ ਵਿਸ਼ੇਸ਼ ਅੰਕ*, ਪੰਨਾ 16

# ਨਿਸ਼ਕਰਸ਼

ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਬਾਣੀ ਦਾ ਪ੍ਰਵਚਨ ਧਰਮਾਂ, ਕੌਮਾਂ, ਭੂਗੋਲਿਕ ਖਿੱਤਿਆਂ ਅਤੇ ਸਮਾਜਿਕ ਬੰਧਨਾਂ ਤੋਂ ਮੁਕਤ ਇਕ ਅਜਿਹਾ ਬਹੁਪੱਖੀ ਆਧਾਰ ਸਿਰਜਦਾ ਹੈ ਜੋ ਮਨੁੱਖੀ ਸਮਾਜ ਵਿੱਚ ਸਿਰ ਚੁੱਕੀ ਸਮੱਸਿਆਵਾਂ ਦੇ ਨਿਜਾਤ ਲਈ ਸਿਧਾਂਤਕ ਅਧਾਰ ਪ੍ਰਸਤੁਤ ਕਰਦਾ ਹੈ। 'ਮਾਨਸ ਕੀ ਜਾਤਿ ਸਭੈ ਏਕੇ ਪਹਿਚਾਨਬੋ' ਦੇ ਸਿਧਾਂਤ ਨੂੰ ਸਹੀ ਅਰਥਾਂ ਵਿੱਚ ਸਾਕਾਰ ਕਰਦਾ ਹੋਇਆ ਸਮੁੱਚੇ ਸੰਸਾਰ ਦੇ ਮਨੁੱਖ ਨੂੰ ਬਰਾਬਰੀ ਦੇ ਅਹਿਸਾਸ ਦਾ ਧਾਰਨੀ ਬਣਾਉਂਦਾ ਹੋਇਆ ਇਹ ਗ੍ਰੰਥ ਉਸ ਨੂੰ ਸਭ ਵਖਰੇਵਿਆਂ ਤੋਂ ਉੱਪਰ ਉਠਕੇ ਮਾਣ ਸਤਿਕਾਰ ਅਤੇ ਇਜ਼ਤ ਭਰਪੂਰ ਜ਼ਿੰਦਗੀ ਜਿਉਣ ਵਾਸਤੇ ਨਿਰਾ ਪੁਰਾ ਉਤਸ਼ਾਹਿਤ ਹੀ ਨਹੀਂ ਸਗੋਂ ਸਮੱਸਿਆਵਾਂ ਗ੍ਰਸਤ ਸੰਸਾਰ ਤੋਂ ਇਨ੍ਹਾਂ ਨੂੰ ਮੁਕਤ ਹੋਣ ਦਾ ਨਿਵੇਕਲਾ ਢੰਗ ਵੀ ਪ੍ਰਸਤੁਤ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼ ਭਾਵੇਂ ਉਹ ਰਾਗ ਮੁਕਤ ਬਾਣੀ ਵਿੱਚ ਹੈ ਜਾਂ ਰਾਗ ਬੱਧ ਬਾਣੀ ਵਿੱਚ ਸਭ ਥਾਈਂ ਮਨੁੱਖ ਦੀ ਸੰਪੂਰਨ ਸ਼ਖਸੀਅਤ ਦੇ ਨਵ ਨਿਰਮਾਣ ਲਈ ਸਮੂਹਿਕ ਰੂਪ ਵਿੱਚ ਕਾਰਜਸ਼ੀਲ ਹੋ ਕੇ ਉਸਨੂੰ ਨਵੀਆਂ ਪ੍ਰਸਥਿਤੀਆਂ ਅਤੇ ਨਵੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਨਿਰਧਾਰਿਤ ਰੂਪ ਵਿੱਚ ਕਾਰਜਸ਼ੀਲ ਹੋਣ ਦਾ ਸੁਨੇਹਾ ਦਿੰਦਾ ਹੈ। ਮੱਧਕਾਲ ਦੇ ਭਾਰਤੀ ਇਤਿਹਾਸ ਵਿਚ ਮੁਗਲ ਰਾਜ ਪ੍ਰਬੰਧ ਨੇ ਸਾਡੀ ਸੰਸਕ੍ਰਿਤੀ ਤੇ ਰਾਜਨੀਤਕ ਹਾਲਾਤਾਂ ਨੂੰ ਚੁਣੌਤੀਆਂ ਦਿੱਤੀਆਂ, ਜਿਨ੍ਹਾਂ ਨੂੰ ਕਈ ਪੱਧਰਾਂ ਤੇ ਵਿਚਾਰਿਆ ਗਿਆ। ਉਸ ਸਮੇਂ ਪੂਰੇ ਭਾਰਤ ਵਿਚ ਇਕ ਸਾਂਸਕ੍ਰਿਤਕ ਸਮਿਨਵੈ ਦੀ ਲਹਿਰ ਚੱਲੀ ਸੀ। ਜਿਸ ਵਿਚ ਇਹਨਾਂ ਭਗਤਾਂ, ਸੰਤਾਂ, ਗੁਰੂਆਂ, ਕਵੀਆਂ ਨੇ ਸਮਾਜ ਵਿਚ ਵਧ ਰਹੇ ਅਨਿਆਂ, ਧਾਰਮਿਕ ਵਿਤਕਰੇ, ਜਾਤ ਜਮਾਤੀ ਵਖਰੇਵੇਂ, ਲਿੰਗ ਭਿੰਨਤਾ, ਸਮਾਜਕ ਅਸਮਾਨਤਾ, ਕਰਮ ਕਾਂਡਾਂ ਅਤੇ ਧਾਰਮਿਕ ਮੋਰਚੇ ਤੇ ਹਾਵੀ ਹੋਈ ਬ੍ਰਾਹਮਣਵਾਦ ਜਮਾਤ ਦਾ ਭਰਪੂਰ ਵਿਰੋਧ ਕੀਤਾ ਸੀ। ਵਿਸ਼ੇਸ਼ ਰੂਪ ਵਿਚ ਭਗਤੀ ਲਹਿਰ ਦੇ ਕਵੀਆਂ ਨੇ ਇਸ ਇਜਾਰੇਦਾਰੀ ਨੂੰ ਸਪੱਸ਼ਟ ਰੂਪ ਵਿਚ ਵੰਗਾਰਿਆ ਜੋ ਇੱਕ ਪ੍ਰਭਾਵਸ਼ਾਲੀ ਮੁਕਤੀ ਅੰਦੋਲਨ ਦੇ ਰੂਪ ਵਿੱਚ ਪ੍ਰਫੁੱਲਿਤ ਹੋਈ। ਅਖੌਤੀ ਤੌਰ ਤੇ ਨੀਂਵੀ ਜਾਤ ਨਾਲ ਸਮਝੇ ਜਾਂਦੇ ਭਗਤਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਸਾਹਿਬਾਨ ਦੇ ਬਰਾਬਰ ਦਾ ਮਾਣ ਪ੍ਰਾਪਤ ਹੋਇਆ। ਜਿਸ ਰਾਹੀਂ ਅਨੇਕਤਾ ਵਿਚੋਂ ਏਕਤਾ ਅਤੇ 'ਸਗਲ ਜਮਾਤੀ' ਦੇ ਸੰਕਲਪ ਪੈਦਾ ਹੋਏ ਜਿਸ ਰਾਹੀਂ ਸਾਂਝੀਵਾਲਤਾ, ਬਰਾਬਰਤਾ ਅਤੇ ਸੈਕੂਲਰ ਸੋਚ ਵਰਗੇ ਅਹਿਮ ਮੁੱਦਿਆਂ ਨੂੰ ਪ੍ਰਕਾਸ਼ਮਾਨ ਕੀਤਾ ਗਿਆ। ਇਨ੍ਹਾਂ ਸਾਰੇ ਸੰਕਲਪਾਂ ਨੂੰ ਵਿਚਾਰਣ ਉਪਰੰਤ ਜੋ ਸਥਾਪਨਾ ਨਿਸ਼ਕਰਸ਼ ਰੂਪ ਵਿਚ ਬਣੀ ਉਹ ਇਹ ਹੈ ਕਿ ਗੁਰਬਾਣੀ ਚਿੰਤਨ ਪੁਰਾਣੀਆਂ ਸਮਾਜਕ-ਸਭਿਆਚਾਰਕ ਅਰਥਹੀਣ

ਪਰੰਪਰਾਵਾਂ ਨੂੰ ਤਿਆਗ ਕੇ, ਕਰਮ ਕਾਂਡਾਂ ਨੂੰ ਰੱਦ ਕਰਕੇ, ਨਵੇਂ ਅਰਥਸ਼ੀਲ ਸੰਕਲਪਾਂ ਨੂੰ ਸਥਾਪਿਤ ਕਰਕੇ ਜੀਵਨ ਦੇ ਯਥਾਰਥ ਨੂੰ ਪਰਮਾਰਥ ਦੇ ਮੁਹਾਵਰੇ ਵਿਚ ਕਲਾਮਈ ਰੂਪ ਵਿਚ ਪੇਸ਼ ਕਰਨ ਦਾ ਉਪਰਾਲਾ ਕਰਦਾ ਹੈ। ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਮਨੁੱਖ ਕੇਂਦਰਿਤ ਹੋ ਕੇ ਜਗਤ ਅਤੇ ਬ੍ਰਹਮ ਦੋਹਾਂ ਨਾਲ ਆਪਣਾ ਸਬੰਧ ਸਥਾਪਿਤ ਕਰਦੀ ਹੈ। ਜੀਵ ਦਾ ਸਰੀਰ ਤਾਂ ਜਗਤ ਨਾਲ ਜੁੜਿਆ ਹੈ ਪਰ 'ਜੋ ਬ੍ਰਹਿਮੰਡੇ ਸੋਈ ਪਿੰਡੇ' ਦੀ ਇਹ ਯਾਤਰਾ ਮਨੁੱਖ ਮਾਤਰ ਲਈ ਅਜਿਹਾ ਧਰਾਤਲ ਤਲਾਸ਼ਦੀ ਹੈ ਜੋ ਹਰ ਮਨੁੱਖ ਅੰਦਰ ਉਸ ਇੱਕ ਜੋਤਿ ਦਾ ਪ੍ਰਕਾਸ਼ ਅਨੁਭਵ ਕਰਾਉਂਦਾ ਹੈ ਅਤੇ ਇਕ ਅਜਿਹਾ ਜੀਵੰਤ ਮਾਨਵੀ ਭਾਈਚਾਰਾ ਸਿਰਜਣ ਵੱਲ ਰੁਚਿਤ ਹੁੰਦਾ ਹੈ ਅਤੇ ਜਿਸ ਦੁਆਰਾ 'ਸਚਿਆਰਾ' ਹੋਣ ਦੀ ਸਹੀ ਦਿਸ਼ਾ ਨਾਲ ਜੋੜਦਿਆਂ ਪ੍ਰਚਲਿਤ ਸਾਧਨ ਵਿਧੀਆਂ ਦਾ ਪਾਜ ਵੀ ਉਘਾੜਿਆ ਗਿਆ ਹੈ।

ਆਧੁਨਿਕ ਯੁੱਗ ਪਦਾਰਥਕ ਵਿਕਾਸ ਦਾ ਹੋਣ ਕਰਕੇ ਉਨਤੀ ਦਾ ਨਿਸ਼ਾਨਾ ਮਨੁੱਖ ਦੀਆਂ ਭੌਤਿਕ ਲੋੜਾਂ ਨੂੰ ਪੂਰਾ ਕਰਨ ਅਤੇ ਜੀਵਨ ਨੂੰ ਉਨ੍ਹਾਂ ਦੇ ਬਲਬੂਤੇ ਵੱਧ ਤੋਂ ਵੱਧ ਸੁਖਾਲਾ ਕਰਨ ਦਾ ਹੈ। ਪਦਾਰਥਵਾਦ ਦੇ ਇਸ ਬੋਲਬਾਲੇ ਵਿੱਚ ਮਨੁੱਖ ਆਪਣੀ ਅਸਲ ਪਛਾਣ ਗੁਆ ਚੁੱਕਾ ਹੈ। ਉਸਦੀ ਅਮੀਰ ਸੰਸਕ੍ਰਿਤੀ ਦਾ ਘਾਣ ਹੋ ਚੁੱਕਿਆ ਹੈ। ਪਰਮਾਰਥ ਨੇ ਪਦਾਰਥ ਅਤੇ ਲੋੜ ਨੇ ਲੋਭ ਦੀ ਥਾਂ ਲੈ ਲਈ ਹੈ। ਮਨੁੱਖ ਦੀ ਇੱਖਲਾਕੀ ਗਿਰਾਵਟ ਨੂੰ ਮੁੱਦਾ ਬਣਾ ਕੇ ਕਦੀ ਵੀ ਉਸ ਦੀਆਂ ਅਸਲ ਸਮੱਸਿਆਵਾਂ ਦਾ ਸਮਾਧਾਨ ਨਹੀਂ ਸੋਚਿਆ ਜਾ ਰਿਹਾ। ਭਾਵੇਂ ਵਿਗਿਆਨ ਅਤੇ ਤਕਨਾਲੋਜੀ ਦੀ ਤੇਜ਼ ਰਫਤਾਰ ਨਾਲ ਮਨੁੱਖੀ ਗਿਆਨ ਦੇ ਖੇਤਰ ਵਿੱਚ ਵੱਡੀਆ ਤਬਦੀਲੀਆਂ ਸਾਹਮਣੇ ਆਈਆਂ ਹਨ। ਸੂਚਨਾ ਤਕਨਾਲੋਜੀ ਦੁਆਰਾ ਸਮੇਂ ਤੇ ਸਥਾਨ ਦੀ ਦੂਰੀ ਖਤਮ ਹੋਣ ਕਰਕੇ ਸਾਰਾ ਸੰਸਾਰ ਸੁੰਗੜ ਚੁੱਕਾ ਹੈ ਪਰ ਇਹਨਾਂ ਸਾਰੀਆਂ ਪਦਾਰਥਕ ਪ੍ਰਾਪਤੀਆਂ ਦੇ ਬਾਵਜੂਦ ਮਨੁੱਖ ਦੀ ਭਟਕਣਾ ਅਤਿ ਦੀ ਵੱਧ ਚੁੱਕੀ ਹੈ। ਅਜਿਹੇ ਵਿਕਰਾਲ ਸਮਿਆਂ ਵਿਚ ਵੀ ਤਨਾਉ ਤੋਂ ਮੁਕਤ ਹੋਣ ਲਈ ਪੱਛਮ ਵਿੱਚ 'ਧਰਮ ਦੀ ਵਾਪਸੀ' ਦੇ ਸਿਧਾਂਤ ਨੂੰ ਮੁੜ ਦ੍ਰਿੜਾਇਆ ਜਾ ਰਿਹਾ ਹੈ। ਯੂ. ਐਨ. ਓ. ਦੀ ਜਨਰਲ ਅਸੈਂਬਲੀ ਨੇ 10 ਦਸੰਬਰ 1948 ਨੂੰ ਮਾਨਵ ਅਧਿਕਾਰਾਂ ਦੇ ਸੰਬੰਧ ਵਿਚ ਮਤਾ 217-A ਪਾਸ ਕਰਦਿਆਂ ਮੈਂਬਰ ਦੇਸ਼ਾਂ ਨੂੰ ਜੋ ਇਹ ਸੰਦੇਸ਼ ਸੰਚਾਰਨ ਲਈ ਕਿਹਾ ਸੀ-All human beings are born free and equal in dignity and rights. They are endowed with reason and conscience and should act towards one another in a spirit of brotherhood.

ਯੂ. ਐਨ. ਓ. ਦੇ ਇਸ ਮਤੇ ਦੇ ਸੰਦਰਭ ਵਿਚ ਨੁਕਤਾ ਵਿਸ਼ੇਸ਼ ਤੌਰ ਤੇ ਇਹ ਸਿੱਧ ਕਰਦਾ ਹੈ ਕਿ ਜਿਸ ਮਾਨਵ ਸੁਤੰਤਰਤਾ, ਬਰਾਬਰੀ ਦੇ ਹੱਕ ਅਤੇ ਭ੍ਰਾਤਰੀਭਾਵ ਦੀ ਗੱਲ ਇਸ ਮਤੇ ਵਿਚ ਕੀਤੀ ਗਈ ਹੈ ਉਹ ਗੁਰੂ ਗ੍ਰੰਥ ਸਾਹਿਬ ਵਿਚ ਕਈ ਸੌ ਸਾਲ ਪਹਿਲਾਂ ਹੀ ਅੰਕਿਤ ਕਰ ਦਿਤਾ ਗਈ ਸੀ।

ਗੁਰੂ ਗ੍ਰੰਥ ਸਾਹਿਬ ਮੂਲ ਰੂਪ ਵਿੱਚ ਇੱਕ ਧਰਮ ਗ੍ਰੰਥ ਹੈ ਜਿਸ ਵਿੱਚ ਅਧਿਆਤਮਿਕਤਾ ਦੇ ਨਾਲ ਨਾਲ ਸਮਾਜਿਕ ਅਤੇ ਸੱਭਿਆਚਾਰਕ ਸਰੋਕਾਰਾਂ ਦੀ ਅਭਿਵਿਅਕਤੀ ਹੁੰਦੀ ਹੈ। ਧਰਮ, ਸਾਹਿਤ, ਸਮਾਜ ਅਤੇ ਸੱਭਿਆਚਾਰ ਦੀ ਦ੍ਰਿਸ਼ਟੀ ਤੋਂ ਗੁਰੂ ਗ੍ਰੰਥ ਸਾਹਿਬ ਇੱਕ ਵਿਲੱਖਣ ਰਚਨਾ ਹੈ। ਆਪਣੇ ਖੋਜ ਪ੍ਰਬੰਧ 'ਗੁਰੂ ਗ੍ਰੰਥ ਸਾਹਿਬ ਵਿੱਚ ਸੰਕਲਿਤ ਰਾਗ ਮੁਕਤ ਬਾਣੀ ਦਾ ਸਮਾਜਿਕ-ਸੱਭਿਆਚਾਰਕ ਪਰਿਪੇਖ' ਵਿੱਚ ਅਸੀਂ ਫੋਕਸਡ ਰੂਪ ਵਿਚ ਰਾਗ ਮੁਕਤ ਬਾਣੀ ਦਾ ਅਧਿਐਨ ਸਮਾਜਕ ਤੇ ਸਭਿਆਚਾਰਕ ਪਰਿਪੇਖਾਂ ਅਧੀਨ ਗੰਭੀਰ ਰੂਪ ਵਿਚ ਕਰਨ ਦਾ ਉਪਰਾਲਾ ਕੀਤਾ ਹੈ। ਇਸ ਅਧਿਐਨ ਨੂੰ ਵਿਧੀਵਤ ਰੂਪ ਵਿਚ ਵਿਸਤਾਰਨ ਲਈ ਅਸੀਂ ਇਸ ਦੀ ਵੰਡ ਪੰਜ ਅਧਿਆਵਾਂ ਵਿਚ ਕੀਤੀ ਹੈ।

ਖੋਜ ਪ੍ਰਬੰਧ ਦਾ ਪਹਿਲਾ ਅਧਿਆਇ ਸਮੁੱਚੇ ਰੂਪ ਵਿਚ 'ਗੁਰਬਾਣੀ ਚਿੰਤਨ ਦੇ ਸਿਧਾਂਤਕ ਅਤੇ ਵਿਚਾਰਧਾਰਕ ਪਰਿਪੇਖ' ਨੂੰ ਪ੍ਰਸਤੁਤ ਕਰਦਾ ਹੈ। ਇਸ ਅਧਿਆਇ ਵਿੱਚ ਬਾਣੀ ਚਿੰਤਨ ਉੱਪਰ ਹੋਏ ਪੂਰਬਲੇ ਖੋਜ ਕਾਰਜਾਂ ਦਾ ਮੁਲਾਂਕਣ ਕਰਦਿਆਂ ਅਸੀਂ ਇਹ ਸਪਸ਼ਟ ਕਰਨ ਦਾ ਯਤਨ ਕੀਤਾ ਹੈ ਕਿ ਆਰੰਭ ਤੋਂ ਹੀ ਵਿਦਵਾਨਾਂ ਨੇ ਟੀਕੇ, ਕੋਸ਼ ਅਤੇ ਪਰਮਾਰਥਾਂ ਦੀ ਰਚਨਾ ਕਰ ਕੇ ਉਪਰੰਤ ਇਸ ਦੀ ਫਿਲਾਸਫੀ ਅਤੇ ਰੂਪ ਪੱਖ ਬਾਰੇ ਸਮੇਂ ਸਮੇਂ ਕਈ ਆਲੋਚਨਾਤਮਕ ਪੁਸਤਕਾਂ ਲਿਖੀਆਂ ਹਨ। ਕੁਝ ਵਿਦਵਾਨਾਂ ਵੱਲੋਂ ਗੁਰੂ ਗ੍ਰੰਥ ਸਾਹਿਬ ਅਧਿਐਨ ਦੇ ਵੱਖ ਵੱਖ ਪੱਖਾਂ ਬਾਰੇ ਪੀ. ਐਚ. ਡੀ. ਅਤੇ ਡੀ. ਲਿਟ. ਲਈ ਲਿਖੇ ਸ਼ੋਧ ਪ੍ਰਬੰਧ ਵੀ ਛਪਵਾਏ ਗਏ ਹਨ। ਗੁਰੂ ਗ੍ਰੰਥ ਸਾਹਿਬ ਦੇ ਅਧਿਐਨ ਨਾਲ ਸੰਬੰਧਿਤ ਬਹੁਤ ਸਾਰੇ ਵਿਸ਼ਿਆਂ ਉਪਰ ਯੂਨੀਵਰਸਿਟੀਆਂ ਦੇ ਸਕਾਲਰ ਅਤੇ ਹੋਰ ਵਿਦਵਾਨ ਕੰਮ ਕਰ ਚੁੱਕੇ ਅਤੇ ਕਰ ਰਹੇ ਹਨ। ਅਜੋਕੇ ਸਮੇਂ ਵਿੱਚ ਪੱਛਮੀ ਗਿਆਨ ਸ਼ਾਸਤਰਾਂ ਦੇ ਪ੍ਰਕਾਸ਼ ਵਿਚ ਪ੍ਰਚਲਤ ਹੋਈਆਂ ਉੱਤਰ ਆਧੁਨਿਕ ਵਿਧੀਆਂ ਰਾਹੀਂ ਵੀ ਖੋਜ ਕਾਰਜ ਹੋਏ ਹਨ। ਮੱਧ ਕਾਲੀਨ ਪੰਜਾਬੀ ਸਾਹਿਤ ਦੀ ਪੁਨਰ ਵਿਆਖਿਆ ਲਈ ਮਾਰਕਸਵਾਦੀ, ਰੂਪਵਾਦੀ ਅਤੇ ਸੰਰਚਨਾਵਾਦੀ ਵਿਧੀਆਂ ਰਾਹੀਂ ਵੀ ਅਧਿਐਨ ਕੀਤੇ ਜਾ ਰਹੇ ਹਨ। ਇਹਨਾਂ ਦ੍ਰਿਸ਼ਟੀਆਂ ਵਿੱਚੋਂ ਪ੍ਰਵਚਨ, ਪਾਠ, ਅੰਤਰ ਪਾਠ ਅਤੇ ਚਿਹਨ ਵਿਗਿਆਨ ਵਰਗੇ ਸੰਕਲਪਾਂ ਦੇ ਆਉਣ ਨਾਲ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਪੜਚੋਲਿਆ ਜਾ ਰਿਹਾ ਹੈ। ਸਮਕਾਲੀ ਸਿਧਾਂਤਾਂ ਵਿੱਚ ਚਿਹਨ ਵਿਗਿਆਨ, ਨਵ ਮਾਰਕਸਵਾਦ, ਉੱਤਰ ਸੰਰਚਨਾਵਾਦ ਅਤੇ ਉੱਤਹ ਆਧੁਨਿਕਤਾਵਾਦ ਚਿੰਤਨ

ਦੁਆਰਾ ਵਾਚਿਆ ਜਾ ਰਿਹਾ ਹੈ। ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਅਰਥਾਂ ਨੂੰ ਸਮਝ ਕੇ ਉਸ ਦੀ ਸਮਕਾਲੀ ਪ੍ਰਸੰਗਿਕਤਾ ਅਤੇ ਸਾਰਥਿਕਤਾ ਨੂੰ ਰੂਪਮਾਨ ਕੀਤਾ ਗਿਆ ਹੈ। ਗੁਰਬਾਣੀ ਚਿੰਤਨ ਦੀ ਪਿੱਠ ਭੂਮੀ ਵਿੱਚ ਵਿੱਚ ਪਏ ਭਾਰਤੀ ਚਿੰਤਨ ਦੇ ਸੰਕਲਪਾਂ ਆਦਿ ਸਭ ਆਲੋਚਨਾਤਮਕ ਦ੍ਰਿਸ਼ਟੀਆਂ ਨੂੰ ਵੀ ਅਸੀਂ ਪੜਚੋਲਿਆ ਹੈ। ਜਿਨ੍ਹਾਂ ਰਾਹੀਂ ਇਹ ਤੱਥ ਸਪਸ਼ਟ ਰੂਪ ਵਿਚ ਸਾਹਮਣੇ ਆਏ ਹਨ ਕਿ ਬਾਣੀਕਾਰ ਆਪਣੀ ਪੂਰਵਲੀ ਸੰਤ, ਸਿੱਧ ਅਤੇ ਨਾਥ ਬਾਣੀ ਦੇ ਸਿਧਾਂਤਾਂ ਨਾਲ ਸੰਵਾਦ ਰਚਾਉਂਦੇ ਹੋਏ, ਸਪਸ਼ਟ ਰੂਪ ਵਿਚ ਮਨਫੀ ਜੀਵਨ ਜਾਚ, ਕਰਮ ਕਾਂਡਾਂ ਤੇ ਅਰਥ ਵਿਹੂਣੀਆਂ ਜੀਵਨ ਪੱਧਤੀਆਂ ਦਾ ਖੰਡਨ ਕਰਦੇ ਹੋਏ ਨਵੀਆਂ ਦਿਸ਼ਾਵਾਂ ਤੇ ਨਵੇਂ ਮੁਲ ਪ੍ਰਬੰਧ ਸਥਾਪਤ ਕਰਦੇ ਹਨ ਅਤੇ ਮਾਨਵੀ ਜੀਵਨ ਨੂੰ ਇਕ ਅਰਥਵਾਨ ਭੂਮਿਕਾ ਨਿਭਾਉਣ ਲਈ ਕਾਰਗਰ ਹੋਣ ਵਜੋਂ ਬਾਣੀ ਸੰਸਾਰ ਰਾਹੀਂ ਸਮਰੱਥਾ ਪ੍ਰਦਾਨ ਕਰਾਉਂਦੇ ਹਨ।

ਮੱਧਕਾਲੀਨ ਭਾਰਤੀ ਸਮਾਜ ਵਿੱਚ ਧਰਮ ਦਾ ਮੁੱਖ ਸਥਾਨ ਰਿਹਾ ਹੈ। ਦੇਸ਼ ਦੀ ਜ਼ਿਆਦਾਤਰ ਵਸੋਂ ਹਿੰਦੂ ਧਰਮ ਦੀ ਅਨੁਆਈ ਸੀ ਪਰ ਮੁਸਲਮਾਨ ਵਿਦੇਸ਼ੀ ਹਮਲਾਵਰਾਂ ਦੇ ਹਮਲਿਆਂ ਉਪਰੰਤ ਮੁਸਲਮਾਨ ਇੱਥੋਂ ਦੇ ਸ਼ਾਸਕ ਬਣ ਬੈਠੇ। ਉਹਨਾਂ ਦੇ ਆਉਣ ਨਾਲ ਇੱਥੋਂ ਦੇ ਵਸਨੀਕਾਂ ਦਾ ਖਾਣ ਪੀਣ, ਰਸਮ ਰਿਵਾਜ, ਮੇਲੇ ਤਿਉਹਾਰਾਂ ਅਤੇ ਪਹਿਰਾਵੇ ਵਿੱਚ ਪਰਿਵਰਤਨ ਪ੍ਰਤੱਖ ਨਜਰ ਆਉਂਦਾ ਹੈ। ਬਾਣੀ ਚਿੰਤਨ ਵਿੱਚ ਵਿਭਿੰਨ ਧਰਮਾਂ ਬੁੱਧ ਮੱਤ, ਜੈਨ ਮੱਤ ਅਤੇ ਮੁਸਲਿਮ ਧਰਮਾਂ ਨਾਲ ਸੰਵਾਦ ਰਚਾ ਕੇ ਕਈ ਨੁਕਤਿਆਂ ਤੇ ਸਾਂਝ ਬਣਾਈ ਗਈ ਅਤੇ ਕਈ ਥਾਈਂ ਇਸਨੂੰ ਨਕਾਰਿਆ ਵੀ ਗਿਆ। ਸਿੱਖ ਚਿੰਤਨ ਵਿੱਚ 'ਸੱਭੈ ਸਾਂਝੀਵਾਲ ਸਦਾਇਨਿ' ਦੇ ਸਿਧਾਂਤ ਉਪ੍ਰ ਚੱਲ ਕੇ, ਸਭ ਧਰਮਾਂ ਦਾ ਸਤਿਕਾਰ ਕਰਦੇ ਹੋਏ ਧਾਰਮਿਕ ਸ਼ਹਿਣਸ਼ੀਲਤਾ ਉੱਤੇ ਡਟ ਕੇ ਪਹਿਰਾ ਦਿੰਦੇ ਹੋਏ ਸ਼ਹਾਦਤ ਦੇਣ ਤੋਂ ਵੀ ਪਿੱਛੇ ਨਹੀਂ ਹਟਿਆ ਜਾਂਦਾ।

ਆਪਣੇ ਖੋਜ ਪ੍ਰਬੰਧ ਦੇ ਦੂਜੇ ਅਧਿਆਇ ਗੁਰੂ ਗ੍ਰੰਥ ਸਾਹਿਬ ਵਿੱਚ ਸੰਕਲਿਤ ਰਾਗ ਮੁਕਤ ਬਾਣੀ ਦੀ ਤਰਤੀਬ ਅਤੇ ਵਿਵੇਚਨ ਵਿੱਚ ਸਭ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਨੂੰ ਇੱਕ ਵਿਲੱਖਣ ਸੰਪਾਦਨ ਮਾਡਲ ਵਜੋਂ ਪਰਖਿਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਸੰਕਲਿਤ ਬਾਣੀ ਸਿੱਖ ਚਿੰਤਨ ਦੀ ਅਧਾਰਸ਼ਿਲਾ ਵਜੋਂ ਸਥਾਪਿਤ ਹੁੰਦੀ ਹੈ। ਨਿਰਸੰਦੇਹ ਇਸ ਗ੍ਰੰਥ ਵਿੱਚ ਸੰਕਲਿਤ ਬਾਣੀ ਰਾਹੀਂ ਇਹ ਤੱਥ ਦ੍ਰਿਸ਼ਟੀ ਗੋਚਰ ਹੁੰਦਾ ਹੈ ਕਿ ਸਿੱਖ ਧਰਮ ਵਿੱਚ ਵਿਸ਼ਵ ਬੰਧੁਤਾ ਅਤੇ ਸਾਂਝੀਵਾਲਤਾ ਦੀ ਭਾਵਨਾ ਸਮੋਈ ਹੋਈ ਹੈ। ਇਸ ਮਹਾਨ ਗ੍ਰੰਥ ਵਿਚਲੇ ਬਾਣੀਕਾਰ ਵੱਖ-ਵੱਖ ਸਿਧਾਂਤਕ ਪਿਛੋਕੜ ਹੋਣ ਦੇ ਬਾਵਜੂਦ ਇੱਕਸੁਰਤਾ ਅਤੇ ਇਕਾਗਰਤਾ ਦਾ ਪ੍ਰਗਟਾਵਾ ਕਰਦੇ ਹਨ। ਰਾਗ ਮੁਕਤ ਬਾਣੀ ਵਿੱਚ ਸੰਕਲਿਤ ਵੱਖ ਵੱਖ ਬਾਣੀਆਂ ਉੱਤੇ ਭਰਪੂਰ ਚਰਚਾ ਕਰਦੇ ਹੋਏ ਇਸ ਨੂੰ

ਚਾਰ ਮੁੱਖ ਭਾਗਾਂ ਵਿੱਚ ਵੰਡਿਆ ਹੈ: ਗੁਰੂ ਸਹਿਬਾਨ ਦੀ ਬਾਣੀ, ਭਗਤ ਬਾਣੀ, ਭੱਟ ਬਾਣੀ ਅਤੇ ਰਾਗ ਮਾਲਾ ਵਿੱਚ ਵੰਡ ਕੇ ਵੱਖ ਵੱਖ ਬਾਣੀਆਂ ਵਿਚੋਂ ਪ੍ਰਮਾਣ ਲਭ ਕੇ ਉਨ੍ਹਾਂ ਬਾਣੀਆਂ ਬਾਰੇ ਜਾਣਕਾਰੀ ਜੁਟਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।

ਗੁਰੂ ਗ੍ਰੰਥ ਸਾਹਿਬ ਵਿਚਲੀ ਵਿਲੱਖਣ ਸੰਪਾਦਕੀ ਵਿਉਂਤ ਵਿਚਾਰਨ ਉਪਰੰਤ ਤੀਜੇ ਅਧਿਆਇ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਰਾਗ ਮੁਕਤ ਬਾਣੀ ਦੇ ਸਮਾਜਿਕ ਪਰਿਪੇਖ ਨੂੰ ਵਿਚਾਰਦਿਆ ਸਾਡੀ ਸਥਾਪਨਾ ਇਹ ਬਣੀ ਹੈ ਕਿ ਬਾਣੀਕਾਰ ਪ੍ਰਮੁਖ ਰੂਪ ਵਿਚ ਸਮਾਜ ਸੁਧਾਰਕ ਸਨ ਉਨ੍ਹਾਂ ਨੇ ਆਪਣੇ ਵਿਚਾਰਾਂ ਤੇ ਵਿਵਹਾਰ ਰਾਹੀਂ ਪਰਿਪਾਦਨਾ ਕੀਤੀ ਸੀ। ਉਨ੍ਹਾਂ ਵਲੋਂ ਜਾਤ, ਜਮਾਤ ਅਤੇ ਊਚ ਨੀਚ ਦੇ ਸ਼ਿਕਾਰ ਅਤੇ ਕਥਿਤ ਤੌਰ ਤੇ ਨੀਵੀਂ ਜਾਤੀ ਨਾਲ ਜੁੜੇ ਭਗਤਾਂ ਦੀ ਬਾਣੀ ਨੂੰ 'ਗੁਰਬਾਣੀ' ਦਾ ਦਰਜਾ ਦੇਣ ਦਾ ਕਾਰਜ ਕ੍ਰਾਂਤੀਕਾਰੀ ਕਦਮ ਸੀ। ਤੱਤਕਾਲੀਨ ਸਮਾਜਿਕ ਪ੍ਰਸਥਿਤੀਆਂ ਨਾਲ ਜੂਝਦੇ ਇਹ ਬਾਣੀਕਾਰ ਜਿੱਥੇ ਸਮਾਜਿਕ ਚੇਤਨਾ ਦਾ ਪ੍ਰਗਟਾਵਾ ਕਰਦੇ ਹਨ ਉੱਥੇ ਨਾਲ ਹੀ ਸਮਾਜਿਕ ਕ੍ਰਾਂਤੀ ਨੂੰ ਆਰੰਭਣ ਵਿੱਚ ਆਪਣਾ ਯੋਗਦਾਨ ਪਾਉਂਦੇ ਹਨ। ਜਾਤ ਪਾਤ ਅਤੇ ਊਚ ਨੀਚ ਦੇ ਸ਼ਿਕਾਰ ਇਸ ਸਮਾਜ ਵਿੱਚ ਇਸਤਰੀ ਨੂੰ ਦੂਜੈਲਾ ਸਥਾਨ ਦਿੱਤਾ ਗਿਆ ਸੀ ਪਰ ਗੁਰਬਾਣੀ ਵਿੱਚ ਆਪਣੇ ਸਮੁੱਚੇ ਅਨੁਭਵ ਨੂੰ ਇਸਤਰੀ ਦੇ ਰੂਪਕ ਰਾਹੀਂ ਪ੍ਰਗਟਾਉਣ ਅਤੇ ਉਸ ਦੀ ਸਮਾਜਕ ਮਹੱਤਤਾ ਨੂੰ ਉਭਾਰਨ ਵਿਚ ਉਨ੍ਹਾਂ ਦਾ ਵਡਾ ਹੱਥ ਸੀ। ਉਨ੍ਹਾਂ ਦੁਆਰਾ ਸਿਰਜਿਆ 'ਗੁਰਮੁਖ' ਦਾ ਚਿੰਨ੍ਹ ਇਕ ਐਸੇ ਮਨੁੱਖ ਦਾ ਚਿੱਤਰ ਹੈ ਜੋ ਆਦਰਸ਼ਕ ਸਮਾਜ ਦੀ ਨੀਂਹ ਮਜ਼ਬੂਤ ਕਰਨ ਅਤੇ ਸਵਾਰਥੀ ਹਿੱਤਾਂ ਤੋਂ ਉਪਰ ਉਠ ਕੇ ਸਮਰਪਿਤ ਭਾਵਨਾ ਨਾਲ ਸਮਾਜ ਦੇ ਯੋਗਦਾਨ ਵਿਚ ਆਪਣਾ ਅਹਿਮ ਹਿੱਸਾ ਪਾਉਂਦਾ ਹੈ।

ਆਪਣੇ ਖੋਜ ਪ੍ਰਬੰਧ ਦੇ ਚੌਥੇ ਅਧਿਆਇ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਰਾਗ ਮੁਕਤ ਬਾਣੀ ਦੇ ਸਭਿਆਚਾਰਕ ਪਰਿਪੇਖ ਦੀ ਉਸਾਰੀ ਕਰਦੇ ਹੋਏ ਅਸੀਂ ਰਾਗ ਮੁਕਤ ਬਾਣੀ ਦੁਆਰਾ ਵੱਖ ਵੱਖ ਸੱਭਿਆਚਾਰਾਂ ਨਾਲ ਰਚਾਏ ਸੰਵਾਦਾਂ ਨੂੰ ਉਲੀਕਿਆ ਹੈ। ਗੁਰੂ ਗ੍ਰੰਥ ਸਾਹਿਬ ਨੂੰ ਸੱਭਿਆਚਾਰਕ ਰਹਿਤਲ ਦਾ ਨਵਾਂ ਪ੍ਰਵਚਨ ਵਾਚਦੇ ਹੋਏ ਇਸ ਦੀ ਪੁਸ਼ਟੀ ਲਈ ਗੁਰਬਾਣੀ ਵਿੱਚੋਂ ਹੀ ਪਰਮਾਣ ਲੈ ਕੇ ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਸਮੇਂ ਪੈਦਾ ਹੋਏ ਸੱਭਿਆਚਾਰਕ ਸੰਕਟਾਂ, ਮਸਲਿਆਂ ਅਤੇ ਚੁਣੌਤੀਆਂ ਨਾਲ ਨਜਿਠਦੇ ਹੋਏ ਬਾਣੀ ਝਰੋਖੇ ਵਿੱਚੋਂ ਸੱਭਿਆਚਾਰਕ ਜੁਗਤਾਂ ਦਰਸਾਈਆਂ ਗਈਆਂ ਹਨ ਜੋ ਅਸਲ ਵਿੱਚ ਯੁੱਗ ਪਰਿਵਰਤਕ ਗੁਰੂ ਨਾਨਕ ਅਤੇ ਉਹਨਾਂ ਦੇ ਪੂਰਵਵਰਤੀ ਗੁਰੂਆਂ ਦੇ ਦੂਰਵਰਤੀ ਤੇ ਵਿਸ਼ਾਲ ਵਿਜ਼ਿਨ ਨਾਲ ਸੰਬੰਧਤ ਸੀ। ਇਸ ਅਧਿਆਇ ਵਿੱਚ ਅਸੀਂ ਇਹ ਸਪੱਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ ਕਿ ਜੇ ਮਨੁੱਖ ਗੁਰ ਨਾਨਕ ਦੇ

ਦਰਸਾਏ ਮਾਰਗ 'ਬਲਿਹਾਰੀ ਕੁਦਰਤ ਵੱਸਿਆ' ਅਤੇ 'ਪਵਨ ਗੁਰੂ ਪਾਣੀ ਪਿਤਾ' ਦੇ ਸਿਧਾਂਤ ਉੱਤੇ ਚਲਦਾ ਹੈ ਤਾਂ ਵਰਤਮਾਨ ਸਮੇਂ ਵਿਚ ਵਿਕਰਾਲ ਰੂਪ ਧਾਰਨ ਕਰੀ ਬੈਠੀਆਂ ਪ੍ਰਦੂਸ਼ਨ ਵਰਗੀਆਂ ਸਮੱਸਿਆਵਾਂ ਦਾ ਸ਼ਿਕਾਰ ਹੋਣ ਤੋਂ ਬਚ ਸਕਦਾ ਹੈ।

ਆਪਣੇ ਖੋਜ ਪ੍ਰਬੰਧ ਦੇ ਅੰਤਲੇ ਅਧਿਆਇ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਰਾਗ ਮੁਕਤ ਬਾਣੀ ਦੇ ਕਾਵਿ ਸ਼ਾਸਤਰੀ ਪਰਿਪੇਖ ਵਿੱਚ ਗੁਰਬਾਣੀ ਦੇ ਵਿਲੱਖਣ ਕਾਵਿ ਸ਼ਾਸਤਰ ਨੂੰ ਉਲੀਕਦੇ ਹੋਏ ਅਸੀਂ ਇਹ ਸਪੱਸ਼ਟ ਕਰਨ ਦਾ ਯਤਨ ਕੀਤਾ ਹੈ ਕਿ ਗੁਰਬਾਣੀ ਚਿੰਤਨ ਦਾ ਸਮੁੱਚਾ ਪ੍ਰਵਚਨ ਕਾਵਿ ਸੰਚਾਰ ਦੀਆਂ ਜੁਗਤਾਂ ਰਾਹੀਂ ਪ੍ਰਸਤੁਤ ਹੋਇਆ ਹੈ। ਭਾਰਤੀ ਅਤੇ ਪੱਛਮੀ ਕਾਵਿ ਸ਼ਾਸਤਰ ਦੇ ਨੁਕਤੇ ਤੋਂ ਪਰਖਦਿਆਂ ਅਸੀਂ ਇਹ ਵਿਚਾਰਨ ਦਾ ਯਤਨ ਕੀਤਾ ਹੈ ਕਿ ਗੁਰੂ ਗ੍ਰੰਥ ਸਾਹਿਬ ਕਾਵਿ ਸ਼ਾਸਤਰ ਦੇ ਸਿਧਾਂਤਾਂ ਤੋਂ ਉਪਰ ਦੀ ਕਾਵਿ ਰਚਨਾ ਹੈ। ਗੁਰੂ ਗ੍ਰੰਥ ਸਾਹਿਬ ਦੇ ਵਿਲੱਖਣ ਕਾਵਿ ਸ਼ਾਸ਼ਤਰ ਨੂੰ ਨਿਰਧਾਰਿਤ ਕਰਨ ਨਾਲ ਹੀ ਬਾਣੀ ਦਾ ਗੌਰਵ ਸਪੱਸ਼ਟ ਰੂਪ ਵਿੱਚ ਹੋਰ ਨਿਖਰ ਕੇ ਸਾਹਮਣੇ ਆ ਸਕਦਾ ਹੈ। ਰਾਗ ਮੁਕਤ ਬਾਣੀ ਵਿੱਚ ਵਰਤੇ ਗਏ ਕਾਵਿ ਰੂਪਾਂ ਬਾਰੇ ਜਾਣਕਾਰੀ ਦੇ ਕੇ ਉਹਨਾਂ ਦੀ ਸਾਰਥਿਕਤਾ ਨੂੰ ਉਭਾਰਦੇ ਹੋਏ ਗੁਰੂ ਗ੍ਰੰਥ ਸਾਹਿਬ ਦੇ ਨਿਵੇਕਲੇ ਰੂਪ ਨੂੰ ਵਾਚਣ ਉਪਰੰਤ ਰਾਗ ਮੁਕਤ ਬਾਣੀ ਦੀਆਂ ਜੁਗਤਾਂ ਨੂੰ ਵਿਚਾਰਿਆ ਗਿਆ ਹੈ। ਇਨ੍ਹਾਂ ਬਾਣੀਆਂ ਵਿਚ ਅਮ੍ਰਿਤ ਨੇਮ ਪ੍ਰਬੰਧ ਨੂੰ ਇਕ ਸੰਪੂਰਨ ਤੇ ਸੰਗਠਿਤ ਕਾਵਿ ਸ਼ਾਸਤਰ ਦੇ ਰੂਪ ਵਿਚ ਉਜਾਗਰ ਕਰਨ ਦਾ ਯਤਨ ਕੀਤਾ ਗਿਆ ਹੈ ਅਤੇ ਸੰਚਾਰ ਦੇ ਪ੍ਰਮੁੱਖ ਸਾਧਨ ਭਾਸ਼ਾ ਨੂੰ ਪੜਚੋਲਵੇਂ ਰੂਪ ਵਿੱਚ ਵਾਚਿਆ ਗਿਆ ਹੈ।

ਸਾਰੇ ਅਧਿਐਨ ਉਪਰੰਤ ਨਿਸ਼ਕਰਸ਼ ਰੂਪ ਵਿਚ ਅਸੀਂ ਸਮਝਿਆ ਹੈ ਕਿ ਗੁਰਬਾਣੀ ਚਿੰਤਨ ਮੱਧਕਾਲੀਨ ਸਮਾਜਿਕ ਸੱਭਿਆਚਾਰਕ ਵਰਤਾਰੇ ਵਿੱਚ ਸਿਰਜਿਤ ਹੋਇਆ ਇਕ ਅਜਿਹਾ ਪ੍ਰਵਚਨ ਹੈ ਜੋ ਆਪਣੀ ਮੂਲ ਪ੍ਰਕਿਰਤੀ ਕਾਰਨ ਅਧਿਆਤਮਿਕ ਚਿੰਤਨ ਹੈ ਪਰੰਤੂ ਇਸ ਧਾਰਮਿਕ ਪ੍ਰਵਚਨ ਦਾ ਪਸਾਰਾ ਬਹੁ ਅਰਥੀ ਅਤੇ ਬਹੁ_ਦਿਸ਼ਾਵੀ ਹੈ। ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ ਸਮਕਾਲੀਨ ਸਮਾਜਿਕ ਸੱਭਿਆਚਾਰਕ ਪ੍ਰਸਥਿਤੀਆਂ ਨੂੰ ਆਪਣੇ ਪ੍ਰਵਚਨ ਦਾ ਅਧਾਰ ਬਣਾ ਕੇ ਉਹਨਾਂ ਪ੍ਰਤੀ ਆਪਣੀ ਅਲੋਚਨਾਤਮਕ ਦ੍ਰਿਸ਼ਟੀ ਵੀ ਪੇਸ਼ ਕਰਦੇ ਹਨ। ਉਹ ਨਾ ਸਿਰਫ ਸਮਕਾਲੀਨ ਪ੍ਰਸਥਿਤੀਆਂ ਦੀ ਆਲੋਚਨਾ ਕਰਦੇ ਹਨ ਸਗੋਂ ਸਮਾਜ ਨੂੰ ਸੁਧਾਰਨ ਲਈ ਕ੍ਰਾਂਤੀਕਾਰੀ ਰਵੱਈਆ ਵੀ ਅਖਤਿਆਰ ਕਰਦੇ ਹਨ। ਆਪਣੇ ਖੋਜ ਪ੍ਰਬੰਧ ਵਿਚ ਅਸੀਂ ਰਾਗ ਮੁਕਤ ਬਾਣੀ ਰਾਹੀਂ ਸੰਚਾਰਿਤ ਹੋਏ ਪ੍ਰਵਚਨ ਨੂੰ ਅਗਾਮੀ ਸਦੀਆਂ ਦੀ ਸਚਿਆਰਤਾ ਲਈ ਮੰਨ ਕੇ ਇਸ ਨੂੰ ਵਿਸ਼ਵ ਦ੍ਰਿਸ਼ਟੀ ਵਜੋਂ ਸੰਚਾਰਨ ਦੀ ਸਥਾਪਨਾ ਸਥਾਪਤ ਕੀਤੀ ਹੈ। ਰਾਗ ਮੁਕਤ ਬਾਣੀ ਦਾ ਪਾਠ ਮੂਲਕ ਅਧਿਐਨ ਕਰਦੇ ਹੋਏ ਅਰਥਾਂ

ਦੀ ਗਹਿਰਾਈ ਵਿਚ ਜਾ ਕੇ ਇਸ ਗਲ ਦੀ ਸੋਝੀ ਪ੍ਰਾਪਤ ਕੀਤੀ ਹੈ ਕਿ ਬਾਣੀ ਡੂੰਘੇਰੇ ਰੂਪ ਵਿਚ ਸਮਾਜ ਤੇ ਸਭਿਆਚਾਰ ਦੇ ਪ੍ਰਗਟਾਵੇ ਨਾਲ ਜੁੜੀ ਹੋਈ ਹੈ। ਇਹ ਪ੍ਰਗਟਾਵਾ ਭਾਵੇਂ ਕਾਵਿਕ ਮੁਹਾਵਰੇ ਵਿਚ ਹੈ ਪਰ ਇਸ ਰਾਹੀਂ ਇਕ ਪਾਸੇ ਸਮਾਜ ਅਤੇ ਸਭਿਆਚਾਰ ਨਾਲ ਜੁੜੀਆਂ ਹੋਈਆਂ ਮਨਫੀ ਕਦਰਾਂ ਕੀਮਤਾਂ ਦਾ ਖੰਡਨ ਵੀ ਕੀਤਾ ਗਿਆ ਹੈ ਪਰ ਇਸਦੇ ਨਾਲ ਨਾਲ ਨਵੇਂ ਮੁੱਲ ਅਤੇ ਪ੍ਰਤੀਮਾਨ ਵੀ ਸਥਾਪਿਤ ਕੀਤੇ ਗਏ ਹਨ। ਇਹ ਸੋਝੀ ਸਾਨੂੰ ਬਾਣੀ ਦੇ ਗਹਿਨ ਅਤੇ ਵਿਸ਼ਲੇਸ਼ਨਾਤਮਕ ਅਧਿਐਨ ਵਿਚੋਂ ਪ੍ਰਾਪਤ ਹੋਈ ਹੈ। ਇਸ ਕਾਰਜ ਲਈ ਅਸੀਂ ਕਈ ਸੰਪਰਦਾਵਾਂ ਰਾਹੀਂ ਗੁਰਬਾਣੀ ਦੇ ਹੋਏ ਟੀਕਿਆਂ ਨਾਲ ਵੀ ਸੰਵਾਦ ਰਚਾਉਣ ਦਾ ਉਪਰਾਲਾ ਕੀਤਾ ਹੈ ਤਾਂ ਜੁ ਗੁਰਬਾਣੀ ਦੀ ਪ੍ਰਮਾਣਿਕ ਅਰਥਾਂ ਨੂੰ ਪਾਪਤ ਕੀਤਾ ਜਾ ਸਕੇ। ਪ੍ਰਮਾਣ ਵਜੋਂ ਅਸੀਂ ਉਦਾਸੀ ਸੰਪ੍ਰਦਾਇ, ਨਿਰਮਲ ਸੰਪ੍ਰਦਾਇ ਆਦਿ ਦੁਆਰਾ ਕੀਤੇ ਗਏ ਟੀਕਿਆਂ ਦਾ ਗਹਿਣ ਅਧਿਐਨ ਕਰ ਕੇ ਸਮਝਣ ਦਾ ਜਤਨ ਕੀਤਾ ਹੈ ਤਾਂ ਜੁ ਵੱਖ ਵੱਖ ਅੰਤਰ ਦ੍ਰਿਸ਼ਟੀਆਂ ਰਾਹੀਂ ਗੁਰਬਾਣੀ ਅੰਦਰਲੇ ਸੰਦੇਸ਼ ਨਾਲ ਸਾਂਝ ਪਾਈ ਜਾ ਸਕੇ। ਇਸ ਤੋਂ ਇਲਾਵਾ ਆਪਣੇ ਵਿਸ਼ੇ ਉਪਰ ਬਣਦੀਆਂ ਸਥਾਪਨਾਵਾਂ ਸਥਾਪਤ ਕਰਨ ਲਈ ਅਸੀਂ ਸਮਾਜਿਕ ਤੇ ਸਭਿਆਚਾਰਕ ਪ੍ਰਣਾਲੀ ਦ੍ਰਿਸ਼ਟੀ ਰਾਹੀਂ ਵੀ ਇਸ ਬਾਣੀ ਦੇ ਅਨੂਠੇਪਣ ਨੂੰ ਪਹਿਚਾਣ ਕੇ ਡਾਟਾ ਇਕਤਰ ਕਰ ਕੇ ਅਸੀਂ ਆਪਣੀਆਂ ਸਥਾਪਨਾਵਾਂ ਨੂੰ ਅਧਾਰਿਤ ਕੀਤਾ ਹੈ। ਇਹ ਸਾਰਾ ਖੋਜ ਕਾਰਜ ਅੰਤਰ ਅਨੁਸਾਸ਼ਨੀ ਅਤੇ ਬਹੁ ਅਨੁਸਾਸ਼ਨੀ ਵਿਧੀਆਂ ਦੀਆਂ ਪਹੁੰਚਾਂ ਰਾਹੀਂ ਵੀ ਵਿਚਾਰਿਆ ਗਿਆ ਹੈ।

ਅਸੀਂ ਵਿਚਾਰ ਅਧੀਨ ਵਿਸ਼ੇ ਨੂੰ ਹਰ ਸੰਭਵ ਨੁਕਤੇ ਤੋਂ ਦੇਖਣ ਦਾ ਯਤਨ ਕਰਕੇ ਵਿਚਾਰਧਾਰਕ ਦ੍ਰਿਸ਼ਟੀ ਤੋਂ ਹਰ ਉਸ ਬਿੰਦੂ ਨੂੰ ਸਮਝਣ ਦਾ ਉਪਰਾਲਾ ਕੀਤਾ ਹੈ, ਜਿਹੜਾ ਸਾਡੇ ਵਿਸ਼ੇ ਦਾ ਮੁਲਾਂਕਣ ਕਰਨ ਦਾ ਮਾਧਿਅਮ ਬਨਣ ਲਈ ਸਾਡੇ ਵਾਸਤੇ ਘਟੋ ਘਟ ਅਸਹਿਮਤੀ ਪੈਦਾ ਕਰ ਸਕੇ। ਅੰਤ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਸਾਡਾ ਇਹ ਅਧਿਐਨ ਰਾਗ ਮੁਕਤ ਬਾਣੀ ਦੇ ਚਿੰਤਨ ਰਾਹੀਂ ਸਮੁੱਚੇ ਗੁਰੂ ਗ੍ਰੰਥ ਸਾਹਿਬ ਨਾਲ ਸੰਬਧਿਤ ਵਿਚਾਰਧਾਰਾ ਨੂੰ ਅਗਾਂਹ ਤੋਰਨ ਵਿਚ ਆਪਣੀ ਭੂਮਿਕਾ ਸਥਾਪਤ ਕਰ ਸਕੇਗਾ।

# ਪੁਸਤਕ ਸੂਚੀ


ਆਦਿ ਗ੍ਰੰਥ — ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ

ਅਤਰ ਸਿੰਘ — **ਦ੍ਰਿਸ਼ਟੀਕੋਣ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1963

” — **ਸਮਦਰਸ਼ਨ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1982

ਅਰਸ਼ੀ, ਨਿਰਵੈਰ ਸਿੰਘ — **ਬਾਣੀ ਗੁਰੂ ਰਾਮ ਦਾਸ,** ਪੰਜਾਬੀ ਅਕਾਦਮੀ, ਦਿੱਲੀ, 1990

ਅਲੱਗ, ਸਰੂਪ ਸਿੰਘ — **ਗੁਰਬਾਣੀ ਸੰਕਲਪ**, ਅਲੱਗ ਸ਼ਬਦ ਯੱਗ ਇੰਟਰਨੈ ਸ਼ਨਲ ਟਰੱਸਟ, ਲੁਧਿਆਣਾ, 2004

ਅਵਤਾਰ ਸਿੰਘ — **ਸਿੱਖ ਧਰਮ ਦਾ ਨੈਤਿਕ ਪ੍ਰਸੰਗ,** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998

” — **ਗੁਰੂ ਗ੍ਰੰਥ ਸਾਹਿਬ ਦਾ ਸਮਾਜ ਪੱਖੀ ਵਿਸ਼ਲੇਸ਼ਣ**, ਅੰਤਰਨਾਦ ਪ੍ਰਕਾਸ਼ਨ, ਪਟਿਆਲਾ, 2004

ਆਹਲੂਵਾਲੀਆ, ਜ.ਸ. — **ਸਿੱਖ ਫਲਸਫੇ ਦੀ ਭੂਮਿਕਾ**, ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, 1976

ਅੰਮ੍ਰਿਤਪਾਲ ਕੌਰ — **ਸ਼ਬਦ ਸੰਚਾਰ,** ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2003

ਸਤਿੰਦਰ ਸਿੰਘ (ਡਾ.) — **ਵਿਹਾਰਕ ਸਮੀਖਿਆ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011

” — **ਗੁਰੂ ਨਾਨਕ ਕਾਵਿ ਵਿਆਖਿਆ**, ਬੂਟਾ ਸਿੰਘ ਪ੍ਰਤਾਪ ਸਿੰਘ, ਅੰਮ੍ਰਿਤਸਰ, 1969

ਸਵਿੰਦਜੀਤ ਕੌਰ (ਡਾ.) (ਅਨੁ:) — **ਸਮਾਜ ਇਕ ਪ੍ਰਾਰੰਭਿਕ ਵਿਸ਼ਲੇਸ਼ਣ**, ਪੰਜਾਬੀ ਯੂਨੀਵਰਸਿਟੀ ਪਟਿਆਲਾ, 1979

ਸਿੱਧੂ, ਸੇਵਾ ਸਿੰਘ — **ਗੁਰਮਤਿ ਵਿਚਾਰਧਾਰਾ ਅਤੇ ਨੈਤਿਕਤਾ ਦਾ ਸੰਕਲਪ,** ਸੁਖਨ ਪਬਲੀਕੇਸ਼ਨ , ਪਟਿਆਲਾ, 1998

ਸੰਧੂ, ਗੁਰਪਾਲ ਸਿੰਘ (ਡਾ.) — **ਸਮਕਾਲੀ ਸਿਧਾਂਤ ਅਤੇ ਮੱਧਕਾਲੀ ਪ੍ਰਵਚਨ**, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2006

ਸ਼ੇਰ ਸਿੰਘ (ਗਿਆਨੀ) — **ਗੁਰਮਤਿ ਦਰਸ਼ਨ,** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1962

ਸਾਹਿਬ ਸਿੰਘ — ਗੁਰਬਾਣੀ **ਵਿਆਕਰਨ,** ਸਿੰਘ ਬ੍ਰਦਰਜ਼, ਅੰਮ੍ਰਿਤਸਰ, 1976

" — **ਭੱਟਾਂ ਦੇ ਸਵੱਈਏ ਸਟੀਕ**, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1930

ਸਿੱਧੂ, ਗੁਰੂਮੇਲ ਸਿੰਘ (ਡਾ.) — **ਆਦਿ ਗ੍ਰੰਥ ਤੋਂ ਦਸਮ ਗ੍ਰੰਥ ਤਕ ਅਕਾਦਮਿਕ ਵਿਸ਼ਲੇਸ਼ਣ,** ਪੰਜਾਬੀ ਸਾਹਿਤ ਪਬਲੀਕੇਸ਼ਨ ਟਰੱਸਟ, ਅਮਰੀਕਾ, 2010

ਸ਼ਮਸ਼ੇਰ ਸਿੰਘ — **ਸਿੱਖ ਧਰਮ ਵਿਚ ਆਦਰਸ਼ ਮਾਨਵ ਦਾ ਸੰਕਲਪ,** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995

ਸਰਬਜਿੰਦਰ ਸਿੰਘ (ਡਾ.) (ਸੰਪਾ.) — **ਗੁਰੂ ਗ੍ਰੰਥ ਸਾਹਿਬ ਅਤੇ ਇੱਕੀਵੀਂ ਸਦੀ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2006

ਹਰਦੇਵ ਸਿੰਘ — **ਸਿੱਖੀ ਦਾ ਦਰਸ਼ਨ,** ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2009

ਹਰਿਭਜਨ ਸਿੰਘ — **ਗੁਰਮਤਿ ਵਿਆਖਿਆਨ,** ਸਿੰਘ ਬ੍ਰਦਰਜ਼, ਅੰਮ੍ਰਿਤਸਰ, 2001

" (ਸੰਪਾ.) — **ਧਰਮ ਅਤੇ ਧਾਰਮਿਕ ਕਾਵਿ,** ਨੈਸ਼ਨਲ ਬੁੱਕ ਸ਼ਾਪ, ਨਵੀਂ ਦਿੱਲੀ, 1971

ਹੀਰਾ, ਭਗਤ ਸਿੰਘ — **ਗੁਰਮਤਿ ਵਿਚਾਰਧਾਰਾ,** ਨੈਸ਼ਨਲ ਬੁੱਕ ਸ਼ਾਪ, ਦਿੱਲੀ, 1991

ਕਵੀਸ਼ਰ, ਸਰਦੂਲ ਸਿੰਘ — **ਸਿੱਖ ਧਰਮ ਦਰਸ਼ਨ,** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1993

ਕਾਦਰ, ਕਸ਼ਮੀਰ ਸਿੰਘ — **ਫਰੀਦ ਬਾਣੀ ਦਾ ਬਿੰਬ ਵਿਧਾਨ,** ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 1989

ਕਿਸ਼ਨ ਸਿੰਘ (ਡਾ.) — **ਗੁਰਬਾਣੀ ਦਾ ਸੱਚ,** ਸੇਧ ਪ੍ਰਕਾਸ਼ਨ, ਦਿੱਲੀ, 1976

ਕਿਰਪਾਲ ਸਿੰਘ — **ਸਿੱਖ ਇਤਿਹਾਸ ਦੇ ਵਿਸ਼ੇਸ਼ ਪੱਖ,** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1995

| | |
|---|---|
| ਕਾਂਗ, ਅਮਰਜੀਤ ਸਿੰਘ | **ਮੱਧਕਾਲੀ ਸਾਹਿਤ ਚਿੰਤਨ,** ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ |
| ਕਾਂਗ, ਕੁਲਬੀਰ ਸਿੰਘ | **ਮਹਾਂ ਕਵੀ ਗੁਰੂ ਨਾਨਕ,** ਰਘੁਬੀਰ ਰਚਨਾ ਪ੍ਰਕਾਸ਼ਨ, ਅੰਮ੍ਰਿਤਸਰ, 1977 |
| ਕਾਂਗ, ਜਸਪਾਲ ਕੌਰ (ਡਾ.) ਤੇ ਬਲਜੀਤ ਕੌਰ | **ਬਾਣੀ ਸੰਵੇਦਨਾ, ਨਾਨਕ** ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2007 |
| ਕੋਹਲੀ, ਸ. ਸ. (ਡਾ.) | **ਗੁਰੂ ਨਾਨਕ ਜੀਵਨ ਦਰਸ਼ਨ ਤੇ ਕਾਵਿ ਕਲਾ,** ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1971 |
| ” | **ਗੁਰੂ ਤੇਗ ਬਹਾਦਰ,** ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1976 |
| ਕੁਲਵੰਤ ਕੌਰ (ਡਾ.) | **ਗੁਰਬਾਣੀ ਤੇ ਸਮਕਾਲੀ ਪੰਜਾਬੀ ਸੱਭਿਆਚਾਰ,** ਨਵਯੁਗ ਪਬਲਿਸ਼ਰਜ਼, ਦਿੱਲੀ, 1991 |
| ਕੇਸਰ, ਜਸਬੀਰ (ਡਾ.) | **ਸਿੱਖ ਵਿਅਕਤੀ ਅਤੇ ਸਿੱਖ ਸਮਾਜ,** ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007 |
| ਕੇਸਰ, ਕੇਸਰ ਸਿੰਘ (ਡਾ.) | ਕਾਵਿ **ਚਿੰਤਨ – 1,** ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2006 |
| ” | **ਕਾਵਿ ਚਿੰਤਨ – 2,** ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2006 |
| ” | **ਸਿਧਾਂਤ ਚਿੰਤਨ,** ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2006 |
| ਕੰਵਰ, ਤਰਲੋਕ ਸਿੰਘ (ਡਾ.) | **ਗੁਰੂ ਨਾਨਕ ਦਾ ਕਾਵਿ ਸ਼ਾਸਤਰ,** ਸਪਤਸਿੰਧੂ ਪਬਲੀਕੇਸ਼ਨ, ਦਿੱਲੀ, 1994 |
| ਗਿੱਲ, ਮਹਿੰਦਰ ਕੌਰ (ਡਾ.) | **ਬਾਣੀ ਚਿੰਤਨ,** ਰੱਬੀ ਪ੍ਰਕਾਸ਼ਨ, ਅੰਮ੍ਰਿਤਸਰ, 1997 |
| ” | **ਦੀਦਾਰ : ਸ੍ਰੀ ਗੁਰੂ ਗ੍ਰੰਥ ਸਾਹਿਬ,** ਨਵਯੁਗ ਪਬਲਿਸ਼ਰਜ਼ , ਦਿੱਲੀ, 2003 |
| ” | **ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਕਲਾ,** ਰੱਬੀ ਪ੍ਰਕਾਸ਼ਨ ਦਿੱਲੀ, 1974 |

| | |
|---|---|
| ” | **ਆਦਿ ਗ੍ਰੰਥ ਛੰਤ ਵਿਵੇਚਨ,** ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ ਲਿਮਟਿਡ, ਦਿੱਲੀ, 1978 |
| ” | **ਬਾਣੀ ਰੂਪ ਪ੍ਰਬੰਧ,** ਨੈਸ਼ਨਲ ਬੁੱਕ ਸ਼ਾਪ ਦਿੱਲੀ 1991 |
| ” | **ਬਾਣੀ ਸਾਰ,** ਨੈਸ਼ਨਲ ਬੁੱਕ ਸ਼ਾਪ ਦਿੱਲੀ 1989 |
| ” | **ਬਾਣੀ ਬਿਬੇਕ,** ਨੈਸ਼ਨਲ ਬੁੱਕ ਸ਼ਾਪ ਦਿੱਲੀ 1986 |
| ਗਰੇਵਾਲ, ਜੇ ਐਸ ਅਤੇ ਇੰਦੂ ਬੰਗਾ | **ਖਾਲਸਾ : ਇਤਿਹਾਸ ਅਤੇ ਵਿਚਾਰਧਾਰਾ,** ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2002 |
| ਗੁਰਚਰਨ ਸਿੰਘ (ਡਾ.) | **ਗੁਰਬਾਣੀ ਸਭਿਆਚਾਰ ਦੇ ਬਦਲਦੇ ਪ੍ਰਤੀਮਾਨ,** ਵਾਰਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 1993 |
| ਗੁਰਦਿੱਤ ਸਿੰਘ (ਗਿਆਨੀ) | **ਮੁੰਦਾਵਣੀ,** ਸਾਹਿਤ ਪ੍ਰਕਾਸ਼ਨ, ਚੰਡੀਗੜ੍ਹ, 2003 |
| ਗੁਰਸ਼ਰਨਜੀਤ ਸਿੰਘ (ਡਾ.) | **ਗੁਰੂ ਨਾਨਕ ਬਾਣੀ ਦਾ ਸਮਾਜ-ਸ਼ਾਸਤਰੀ ਪਰਿਪੇਖ,** ਸਿੰਘ ਬ੍ਰਦਰਜ਼, ਅੰਮ੍ਰਿਤਸਰ, 1998 |
| ਗੋਪਾਲ ਸਿੰਘ (ਡਾ.) | **ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਵਿਸ਼ੇਸ਼ਤਾ,** ਪੰਜਾਬੀ ਅਕਾਦਮੀ, ਦਿੱਲੀ, 1958 |
| ਘੁੰਮਣ, ਬਿਕਰਮ ਸਿੰਘ | **ਗੁਰਮਤਿ ਕਾਵਿ ਵਿਵੇਕ, ਰੂਹੀ** ਪ੍ਰਕਾਸ਼ਨ, ਅੰਮ੍ਰਿਤਸਰ, 1998 |
| ਜਸਬੀਰ ਕੌਰ (ਡਾ.) (ਸੰਪਾ.) | **ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਭਿੰਨ ਪਰਿਪੇਖ,** ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005 |
| ਜਗਜੀਤ ਸਿੰਘ (ਡਾ.) | **ਸਿੱਖ ਇਨਕਲਾਬ,** ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2002 |
| ” | **ਸ਼ੇਖ ਫਰੀਦ ਦਾ ਕਾਵਿ ਪ੍ਰਵਚਨ,** ਵਾਰਿਸ ਸ਼ਾਹ ਫਾਉਂਡੇਸ਼ਨ ਅੰਮ੍ਰਿਤਸਰ, 2005 |
| ਜਗਦੀਪ ਕੌਰ (ਡਾ.) | **ਬਾਣੀ ਸੁਰਤਿ,** ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ, 2004 |
| ਜਗਦੀਸ਼ ਕੌਰ (ਡਾ.) | **ਗੁਰੂ ਗ੍ਰੰਥ ਸਾਹਿਬ ਕਾਵਿ ਦਰਸ਼ਨ,** ਚੇਤਨਾ ਪ੍ਰਕਾਸ਼ਨ, ਲੁਧਿਆਣਾ, 2007 |
| ਜਗਬੀਰ ਸਿੰਘ (ਡਾ.) | **ਬਾਣੀ ਸੰਸਾਰ,** ਰਵਿੰਦਰ ਪ੍ਰਕਾਸ਼ਨ, ਦਿੱਲੀ, 1974 |

” **ਗੁਰਬਾਣੀ : ਵਿਸ਼ਵ ਦ੍ਰਿਸ਼ਟੀ ਤੇ ਵਿਚਾਰਧਾਰਾ, ਵੈਲਵਿਸ਼** ਪਬਲੀਕੇਸ਼ਨ, ਦਿੱਲੀ, 1997

” **ਸ਼ਬਦ ਤੇ ਸੰਵਾਦ,** ਮਨਪ੍ਰੀਤ ਪਬਲੀਕੇਸ਼ਨ, ਦਿੱਲੀ, 2002

” **ਮੱਧਕਾਲੀ ਸ਼ਬਦ ਸੱਭਿਆਚਾਰ,** ਪੰਜਾਬੀ ਅਕਾਦਮੀ ਦਿੱਲੀ, 1989

” **ਗੁਰਮਤਿ ਕਾਵਿ: ਸਿਧਾਂਤ ਅਤੇ ਵਿਹਾਰ,** ਚੇਤਨਾ ਪ੍ਰਕਾਸ਼ਨ, ਲੁਧਿਆਣਾ, 2011

” **ਮਾਨਵ ਮੁਕਤੀ ਅਤੇ ਦਲਿਤ ਚੇਤਨਾ ਦਾ ਪ੍ਰਵਚਨ: ਗੁਰੂ ਗ੍ਰੰਥ ਸਾਹਿਬ,** ਗੁਰੂ ਨਾਨਕ ਦੇਵ ਯੂਨੀਵਰਸਿਟੀ, 2006

ਜਗਤਾਰ, ਜਗੀਰ ਸਿੰਘ (ਡਾ.) **ਗੁਰੂ ਨਾਨਕ : ਇਕ ਦ੍ਰਿਸ਼ਟੀਕੋਣ,** ਮੁਹਾਂਦਰਾ ਪ੍ਰਕਾਸ਼ਨ, ਬਰਨਾਲਾ, 1970

ਜੱਗੀ, ਰਤਨ ਸਿੰਘ (ਡਾ.) **ਗੁਰੂ ਨਾਨਕ ਦੀ ਵਿਚਾਰਧਾਰਾ,** ਨਵਯੁਗ ਪਬਲਿਸ਼ਰਜ਼, ਦਿੱਲੀ, 1969

-ਉਹੀ- **ਸ੍ਰੀ ਗੁਰੂ ਗ੍ਰੰਥ ਪਰਿਚਯ,** ਗੋਬਿੰਦ ਸਦਨ, ਦਿੱਲੀ, 1990

ਜਸਵਿੰਦਰ ਸਿੰਘ (ਡਾ.) **ਪੰਜਾਬੀ ਸੱਭਿਆਚਾਰ: ਪਛਾਣ ਚਿੰਨ੍ਹ,** ਪੁਨੀਤ ਪ੍ਰਕਾਸ਼ਨ, ਪਟਿਆਲਾ, 1989

ਜੋਗਿੰਦਰ ਸਿੰਘ (ਡਾ.) **ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ,** ਪੰਜਾਬੀ ਪ੍ਰਕਾਸ਼ਨ ਦਿੱਲੀ, 1965

ਜੋਧ ਸਿੰਘ (ਡਾ.) **ਗੁਰਮਤਿ ਨਿਰਣਯ,** ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1996

-ਉਹੀ- **ਸਿੱਖ ਭਗਤੀ : ਸਰੂਪ ਅਤੇ ਆਧਾਰ,** ਵਿਜ਼ਨ ਐਂਡ ਵੈਂਚਰ, ਪਟਿਆਲਾ, 1996

ਢਿੱਲੋਂ, ਜਸਵਿੰਦਰ ਕੌਰ (ਡਾ.) (ਸੰਪਾ:) **ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਵਿਧ ਪਰਿਪੇਖ,** ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2004

ਤਾਰਨ ਸਿੰਘ (ਡਾ.) **ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ,** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1968

-ਉਹੀ- **ਸਿੱਖ, ਸਿੱਖੀ ਅਤੇ ਸਿਧਾਂਤ,** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ

ਕਮੇਟੀ, ਅੰਮ੍ਰਿਤਸਰ, 1969

-ਉਹੀ- **ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ**, ਪੰਜਾਬੀ ਯੂਨੀਵਰਸਿਟੀ ਪਟਿਆਲਾ, 1980

-ਉਹੀ- **ਸਿੱਖ ਧਰਮ ਦੇ ਰਹੱਸ ਤੇ ਰਮਜ਼ਾਂ**, ਨਿਊ ਬੁੱਕ ਕੰਪਨੀ, ਜਲੰਧਰ, 1951

ਦਰਸ਼ਨ ਸਿੰਘ (ਡਾ.) **ਗੁਰੂ ਗ੍ਰੰਥ ਬਾਣੀ ਵਿੱਚ ਗੁਰੂ ਦਾ ਸੰਕਲਪ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999

-ਉਹੀ- **ਧਰਮ ਅਧਿਐਨ ਅਤੇ ਸਿੱਖ ਅਧਿਐਨ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008

ਦੀਪ, ਦਲੀਪ ਸਿੰਘ (ਡਾ.) **ਜਪੁਜੀ ਇਕ ਤੁਲਨਾਤਮਕ ਅਧਿਐਨ**, ਪੰਜਾਬੀ ਯੂਨੀਵਰਸਿਟੀ, ਪਟਿਆਲਾ

,, **ਗੁਰੂ ਅਮਰਦਾਸ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1980

ਦੀਪ, ਦੇਵਿੰਦਰ (ਡਾ.) **ਗੁਰਬਾਣੀ ਵਿੱਚ ਭਾਰਤੀ ਸੱਭਿਆਚਾਰ**, ਭਾਸ਼ਾ ਵਿਭਾਗ, ਪਟਿਆਲਾ, 1994

ਦੀਵਾਨ ਸਿੰਘ (ਡਾ.) **ਗੁਰਮਤਿ ਵਿਚਾਰ**, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 1989

-ਉਹੀ- **ਗੁਰੂ ਨਾਨਕ ਦਰਸ਼ਨ**, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 1996

ਦੇਵਿੰਦਰ ਸਿੰਘ (ਡਾ.) **ਗੁਰਮਤਿ ਕਾਵਿ ਪ੍ਰਵਚਨ ਤੇ ਸੰਰਚਨਾ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2008

-ਉਹੀ- **ਆਦਿ ਕਾਲੀਨ ਪੰਜਾਬੀ ਸਾਹਿਤ**, ਨਿਊ ਏਜ ਬੁੱਕ ਸੈਂਟਰ, ਅੰਮ੍ਰਿਤਸਰ, 1983

-ਉਹੀ- **ਚਿੰਤਨ ਮੰਥਨ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2004

ਧਰਮ ਸਿੰਘ (ਡਾ.) **ਗੁਰੂ ਗ੍ਰੰਥ ਸਾਹਿਬ : ਸੰਪਾਦਨ ਦਾ ਪਿਛੋਕੜ, ਰਵੀ** ਸਾਹਿਤ ਪ੍ਰਕਾਸ਼ਨ, ਜਲੰਧਰ, 2006

ਧੀਰ, ਕੁਲਦੀਪ ਸਿੰਘ — **ਸਿੱਖ ਧਰਮ ਦਰਸ਼ਨ : ਸੰਖੇਪ ਰੂਪ ਰੇਖਾ, ਲੋਕਗੀਤ** ਪ੍ਰਕਾਸ਼ਨ, ਚੰਡੀਗੜ੍ਹ 2009

ਧਾਲੀਵਾਲ, ਸੁਰਜੀਤ ਸਿੰਘ — **ਸ੍ਰੀ ਗੁਰੂ ਗ੍ਰੰਥ ਸਾਹਿਬ ਭਗਤੀ ਤੇ ਸਰੂਪ,** ਵਿਜ਼ਨ ਐਂਡ ਵੈਂਚਰ, ਪਟਿਆਲਾ, 1996

ਨਿਰਮਲ, ਚਾਨਣ ਸਿੰਘ — **ਬਾਣੀ ਗੌਰਵ,** ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2001

ਨਿਰਭੈ ਸਿੰਘ (ਡਾ.) — **ਮੱਧਕਾਲੀਨ ਭਗਤਾਂ ਦਾ ਭਾਰਤੀ ਦਰਸ਼ਨ ਵਿੱਚ ਯੋਗਦਾਨ,** ਪੰਜਾਬੀ ਯੂਨੀਵਰਸਿਟੀ, ਪਟਿਆਲਾ

ਪ੍ਰਭਜੋਤ ਕੌਰ (ਡਾ.) — **ਬੱਤੀਹ ਸੁਲੱਖਣੀ,** ਸੁਕ੍ਰਿਤ ਟਰੱਸਟ, ਲੁਧਿਆਣਾ, 2009

ਪੁੰਨੀ, ਬਲਬੀਰ ਸਿੰਘ (ਡਾ.) — **ਪੰਜਾਬੀ ਲੋਕ ਧਾਨਿਕ ਸੱਭਿਆਚਾਰ,** ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ ਲਿਮਿਟਿਡ, ਦਿੱਲੀ, 2007

ਪ੍ਰੇਮ ਪ੍ਰਕਾਸ਼ ਸਿੰਘ (ਡਾ.) — **ਗੁਰ ਨਾਨਕ ਤੇ ਨਿਰਗੁਣ ਧਾਰਾ,** ਭਾਸ਼ਾ ਵਿਭਾਗ ਪਟਿਆਲਾ, 1973

ਪ੍ਰੀਤਮ ਸਿੰਘ (ਪ੍ਰੋ.) — **ਸਿੱਖ ਫਲਸਫੇ ਦੀ ਰੂਪ ਰੇਖਾ,** ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1975

ਫਰੈਂਕ, ਗੁਰਬਖਸ਼ ਸਿੰਘ (ਡਾ.) — **ਸੱਭਿਆਚਾਰ ਤੇ ਪੰਜਾਬੀ ਸੱਭਿਆਚਾਰ,** ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ ਲਿਮਿਟਿਡ, ਦਿੱਲੀ, 1987

ਬੱਦਨ, ਬਲਦੇਵ ਸਿੰਘ ਅਤੇ ਰਜਿੰਦਰ ਸਿੰਘ — **ਗੁਰਮਤਿ ਕਾਵਿ: ਇੱਕ ਅਧਿਐਨ,** ਨੈਸ਼ਨਲ ਬੁਕ ਸ਼ਾਪ ਦਿੱਲੀ, 1989

ਬਲਕਾਰ ਸਿੰਘ (ਡਾ.) — **ਸਿੱਖ ਰਹੱਸਵਾਦ,** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ

-ਉਹੀ- — **ਗੁਰੂ ਨਾਨਕ ਧਰਮ ਚਿੰਤਨ,** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985

-ਉਹੀ- — **ਗੁਰਮਤਿ ਵਿਵੇਚਨ,** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995

-ਉਹੀ- (ਸੰਪਾ:) — **ਸਿੱਖ ਧਰਮ ਦਾ ਨੈਤਿਕ ਪ੍ਰਸੰਗ,** ਪਬਲੀਕੇਸ਼ਨ ਬਿਊਰੋ,

ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998

ਬਲਜੀਤ ਕੌਰ (ਡਾ.) **ਗੁਰਬਾਣੀ : ਧਰਮ ਅਤੇ ਸਾਹਿਤ,** ਸੁੰਦਰ ਬੁੱਕ ਡਿਪੋ, ਅੰਮ੍ਰਿਤਸਰ, 1996

ਬਾਜਵਾ, ਸੁਖਵਿੰਦਰ ਕੌਰ **ਉੱਤਰ ਆਧੁਨਿਕਤਾਵਾਦ ਅਤੇ ਗੁਰਬਾਣੀ,** ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ 2008

ਬੇਦੀ, ਕਾਲਾ ਸਿੰਘ (ਡਾ.) **ਗੁਰੂ ਨਾਨਕ ਦਰਸ਼ਨ,** ਪੰਜਾਬੀ ਪ੍ਰਕਾਸ਼ਨ, ਨਵੀਂ ਦਿੱਲੀ, 1965

ਬੈਨੀਪਾਲ, ਪਰਮਿੰਦਰ ਸਿੰਘ (ਡਾ.) **ਗੁਰੂ ਨਾਨਕ ਬਾਣੀ ਦਾ ਕਾਵਿ ਸ਼ਾਸ਼ਤਰੀ ਅਧਿਐਨ,** ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2011

ਭਗਤ ਸਿੰਘ (ਡਾ.) **ਮੱਧ ਕਾਲੀਨ ਭਾਰਤ ਦੀਆਂ ਸੰਸਥਾਵਾਂ,** ਪੰਜਾਬੀ ਯੂਨੀਵਰਸਿਟੀ ਪਟਿਆਲਾ, 2003

ਭੱਠਲ, ਰਵਿੰਦਰ ਸਿੰਘ ਅਤੇ ਸੁਰਜੀਤ ਸਿੰਘ (ਡਾ.) **ਸ੍ਰੀ ਗੁਰੂ ਗ੍ਰੰਥ ਸਾਹਿਬਃ ਵਿਭਿੰਨ ਪਾਸਾਰ,** ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, 2005

ਮਨਮੋਹਨ ਸਿੰਘ (ਡਾ.) **ਧਰਮ ਦਾ ਵਿਕਾਸ ਤੇ ਗੁਰਮਤਿ, ਪਬਲੀਕੇਸ਼ਨ** ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994

-ਉਹੀ- **ਗੁਰਮਤਿ ਕਾਵਿ ਦਾ ਬਹੁ ਪੱਖੀ ਅਧਿਐਨ, ਮਨਦੀਪ** ਪ੍ਰਕਾਸ਼ਨ, ਦਿੱਲੀ, ਮਿਤੀਹੀਣ

-ਉਹੀ- **ਗੁਰਮਤਿ ਕਾਵਿ ਤੇ ਭਗਤੀ ਧਾਰਾ,** ਮਨਦੀਪ ਪ੍ਰਕਾਸ਼ਨ ਦਿੱਲੀ

ਮਹਿਬੂਬ, ਹਰਿੰਦਰ ਸਿੰਘ **ਸਹਿਜੇ ਰਚਿਓ ਖਾਲਸਾ,** ਸਿੰਘ ਬ੍ਰਦਰਜ਼, ਅੰਮ੍ਰਿਤਸਰ, 2000

ਮੋਹਨਜੀਤ ਸਿੰਘ **ਗੁਰੂ ਨਾਨਕ ਦੇ ਉਦੇਸ਼, ਗੁਰੂ** ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1974

ਰਜਿੰਦਰ ਪਾਲ ਸਿੰਘ (ਡਾ.) **ਭਾਰਤੀ ਦਰਸ਼ਨ,** ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2002

ਵਜ਼ੀਰ ਸਿੰਘ (ਡਾ.) **ਸਿੱਖ ਦਰਸ਼ਨ ਧਾਰਾ,** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998

-ਉਹੀ- **ਦਾਰਸ਼ਨਿਕ ਚਿੰਤਨ, ਪ੍ਰਾਚੀਨ ਅਤੇ ਨਵੀਨ,** ਨੈਸ਼ਨਲ ਬੁਕ

| | |
|---|---|
| | ਸ਼ਾਪ, ਦਿੱਲੀ, 1991 |
| ਵਿਦਿਆਵਤੀ (ਡਾ.) | **ਜਪੁਜੀ ਵਿਵੇਚਨ,** ਆਰ ਐਸ ਪਬਲੀਕੇਸ਼ਨ ਪਟਿਆਲਾ, 1997 |
| ਵੇਦੀ, ਗੁਰਨਾਮ ਕੌਰ (ਡਾ.) | **ਗੁਰਮਤਿ ਵਿਵੇਚਨ,** ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 1994 |
| ਵੇਦੀ ਭਗਤ ਸਿੰਘ | **ਬ੍ਰਹਿਮੰਡੀ ਚੇਤਨਾ ਦੇ ਪਰਿਪੇਖ ਵਿੱਚ ਗੁਰਬਾਣੀ ਦਾ ਅਧਿਐਨ,** ਸਿਰਜਣ ਧਾਰਾ, ਲੁਧਿਆਣਾ, 1994 |
| ਵਿਨੋਦ, ਟੀ.ਆਰ. (ਡਾ.) | **ਸੰਸਕ੍ਰਿਤੀ ਅਤੇ ਪੰਜਾਬੀ ਸੰਸਕ੍ਰਿਤੀ,** ਲੋਕ ਗੀਤ ਪ੍ਰਕਾਸ਼ਨ, ਸਰਹਿੰਦ, 1990 |
| -ਉਹੀ- | **ਪੰਜਾਬ ਅਤੇ ਪੰਜਾਬੀ ਉੱਤੇ ਪਏ ਬਦੇਸ਼ੀ ਪ੍ਰਭਾਵ,** ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ, 1978 |


## ਹਿੰਦੀ ਪੁਸਤਕਾਂ


| | |
|---|---|
| ਸਹਿਗਲ, ਮਨਮੋਹਨ (ਡਾ.) | **ਗੁਰੂ ਗ੍ਰੰਥ ਸਾਹਿਬ ਏਕ ਸਾਂਸਕ੍ਰਿਤਕ ਅਧਿਐਨ,** ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1971 |
| ਮਿਸ਼ਰ, ਜੈਰਾਮ | **ਸ੍ਰੀ ਗੁਰੂ ਗ੍ਰੰਥ ਦਰਸ਼ਨ,** ਸਾਹਿਤਯ ਭਵਨ ਇਲਾਹਾਬਾਦ, 1960 |
| ਵਿਦਿਆਲੰਕਾਰ ਸ਼੍ਰੀਧਰ | **ਧਰਮ : ਵਿਚਾਰ ਵਿਮਰਸ਼,** ਰੋਹਿਨੀ ਪੁਸਤਕ ਮੰਡਲ, ਵਾਰਾਨਸੀ, 1978 |


## ਅੰਗਰੇਜ਼ੀ ਪੁਸਤਕਾਂ


| | |
|---|---|
| Ahluwalia, J S | **Doctrine and dynamics of Sikhism,** Punjabi University, Patiala, 1999 |
| Banerjee, I B | **The Evolution of Khalsa,** Vol I, Culcutta, 1973 |
| Daljit Singh | **Essentials of Sikhism,** Singh Brothers, Amritsar, 1994 |
| Darshan Singh | **Sikhism among the Religion of the World,** Sehgal Books, New Delhi, 1997 |
| Dharam Singh | **Sikhism and Religious pluralism,** Punjabi University, Patiala, 2010 |

Grewal, J S — **From Guru Nanak and Maharaja Ranjit Singh : Essays in Sikh History,** Guru Nanak Dev University, Amritsar, 1972

-do- — **Historic Perspective on Sikh Identity,** Punjabi University, Patiala, 1997

-do- — **Guru Nanak in History,** Punjab University, Chandigarh, 1969

-do- — **Sikh Ideology : Polity and Social Order,** Manohar Publication, New Delhi, 1996

-do- — **The Sikhs : Ideology, Institution and Identity,** Oxford University Press, 2009

-do- — **The Sikhs of the Punjab,** Cambridge, 1990

Gurbhagat Singh — **Sikhism and Post Modern Thoughts,** Ajanta Books, New Delhi, 1999

Gurdev Singh — **Ideology of Sikh Gurus,** Hansraj Publishers, New Delhi, 1990

Jodh Singh (Bhai) — **Some Studies in Sikhism,** Lahore book shop, Ludhiana, 1953

Kohli, S S — **Outline of Sikh Thoughts,** Punjabi Parkashan, Delhi, 1966

Krishna, Daya — **New Perspectives in Indian Philosophy,** Rawat Publications, Jaipur, 2001

Mann, Gurinder Singh — **The Making of Sikh Scripture,** Oxford University Press, New York, 2001

Makin, Gurbachan Singh — **The universal message of Guru Granth Sahib, (vol 1 to 4)** Guru Teg Bahadur education centre, 2009

Mcleod, W H — **The Sikhs of the Khalsa : A History of the Khalsa Rahit,** Oxford University Press, New York, 2003

-do- — **Who is Sikh : The problem of sikh identity,** Clarendon Press, Oxford, 1989

Mcleod, W H Narang, G C — **Prem Sumarg,** Oxford University Press, Oxford, 2006, New book Society of India, 1960

-do- **Transformation of Sikhism,** Oxford University Press, Oxford, 2006, New book Society of India, 1960

Narpinder Singh (Dr.) **The Sikh Moral Traditions,** Ramjain Manohar Publishers, New Delhi, 1990

Neki, J S **The Spiritual heritage of the Punjab,** Guru Nanak Dev University, Amritsar, 2000

Nirbhai Singh **This Sikh Vision of Herotic Life and Death,** Singh Brothers, 2006

Puran Singh (Pro.) **Ten Great Masters, Publication Bureau Punjabi University Patiala, 1997**

Rafique, M **Indian and Muslim Philosophy,** Ashish Publications, New Delhi, 1988

## ਕੋਸ਼

ਔਲਖ, ਅਜੀਤ ਸਿੰਘ (ਡਾ.) **ਤੁਕ ਤਤਕਰਾ,** ਭਾਈ ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ, 2003

ਹਰਿਬੰਸ ਸਿੰਘ (ਡਾ.) **ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣਯ**

ਸਾਹਿਬ ਸਿੰਘ (ਪ੍ਰੋ.) **ਸ੍ਰੀ ਗੁਰੂ ਗ੍ਰੰਥ ਦਰਪਨ** (ਪਹਿਲੀ ਤੋਂ ਦਸ ਪੋਥੀਆਂ), ਰਾਜ ਪਬਲਿਸ਼ਰਜ਼, ਅੰਮ੍ਰਿਤਸਰ

ਕੋਹਲੀ, ਸੁਰਿੰਦਰ ਸਿੰਘ (ਡਾ.) **ਪੰਜਾਬੀ ਸਾਹਿਤ ਕੋਸ਼,** ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, 1972

ਗੁਰਚਰਨ ਸਿੰਘ (ਡਾ.) **ਸ੍ਰੀ ਗੁਰੂ ਗ੍ਰੰਥ ਕੋਸ਼,** ਪੰਜਾਬੀ ਯੂਨੀਵਰਸਿਟੀ ਪਟਿਆਲਾ, 2002

ਚਰਨ ਸਿੰਘ (ਡਾ.) **ਗੁਰੂ ਗ੍ਰੰਥ ਕੋਸ਼,** ਖਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ, 1939

ਜੱਗੀ, ਰਤਨ ਸਿੰਘ (ਡਾ.) **ਸਾਹਿਤ ਕੋਸ਼, ਪਰਿਭਾਸ਼ਿਕ ਸ਼ਬਦਾਵਲੀ,** ਪੰਜਾਬੀ ਯੂਨੀਵਰਸਿਟੀ, ਪਟਿਆਲਾ, 2001

-ਉਹੀ- **ਸਿੱਖ ਪੰਥ ਵਿਸ਼ਵਕੋਸ਼ (ਭਾਗ 1 ਤੇ 2),** ਗੁਰਰਤਨ ਪਬਲੀਸ਼ਰਜ, ਪਟਿਆਲਾ, 2005

-ਉਹੀ- **ਗੁਰੂ ਗ੍ਰੰਥ ਵਿਸ਼ਵ ਕੋਸ਼ (ਭਾਗ 1 ਤੇ 2)**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002

ਤੇਜਾ ਸਿੰਘ (ਪ੍ਰਿੰ.) **ਸ਼ਬਦਾਰਥ (ਚਾਰ ਜਿਲਦਾਂ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, 1964**

ਨਾਭਾ, ਕਾਨ੍ਹ ਸਿੰਘ, ਭਾਈ **ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਭਾਸ਼ਾ ਵਿਭਾਗ ਪੰਜਾਬ** ਪਟਿਆਲਾ, 1976

ਪਦਮ, ਪਿਆਰਾ ਸਿੰਘ **ਗੁਰੂ ਗ੍ਰੰਥ ਸੰਕੇਤ ਕੋਸ਼**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1977

## ਪੱਤ੍ਰਿਕਾਵਾਂ

ਆਲੋਚਨਾ **ਗੁਰੂ ਨਾਨਕ ਦੇਵ ਵਿਸ਼ੇਸ਼ ਅੰਕ** ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, ਜਨਵਰੀ-ਦਸੰਬਰ, 1969

ਖੋਜ ਦਰਪਣ **ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਜਨਵਰੀ 2004,**

ਖੋਜ ਪੱਤ੍ਰਿਕਾ **ਗੁਰੂ ਨਾਨਕ ਦੇਵ ਵਿਸ਼ੇਸ਼ ਅੰਕ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969

-ਉਹੀ- **ਗੁਰਮਤਿ ਕਾਵਿ ਅੰਕ ਸਤੰਬਰ 1985**

-ਉਹੀ- **ਬਾਣੀ ਕਾਵਿ ਰੂਪ ਵਿਸ਼ੇਸ਼ ਅੰਕ ਸਤੰਬਰ, 2003**

-ਉਹੀ- **ਬਾਣੀਕਾਰ ਵਿਸ਼ੇਸ਼ ਅੰਕ**

-ਉਹੀ- **ਅੰਕ 62, ਸਤੰਬਰ 2005**

ਨਾਨਕ ਪ੍ਰਕਾਸ਼ ਪੱਤ੍ਰਿਕਾ **ਗੁਰੂ ਮਾਨਿਯੋ ਗ੍ਰੰਥ ਵਿਸ਼ੇਸ਼ ਅੰਕ, ਜੂਨ 2008**

-ਉਹੀ- **ਸ੍ਰੀ ਗੁਰੂ ਗ੍ਰੰਥ ਸਾਹਿਬ ਦਾਰਸ਼ਨਿਕ ਅਧਿਐਨ ਵਿਸ਼ੇਸ਼ ਅੰਕ, ਦਸੰਬਰ 2002**

-ਉਹੀ- **ਸ੍ਰੀ ਗੁਰੂ ਨਾਨਕ ਦੇਵ ਵਿਸ਼ੇਸ਼ ਅੰਕ**, ਜੂਨ-ਦਸੰਬਰ, 2010

-ਉਹੀ- --ਉਹੀ-, ਭਾਗ ਦੂਜਾ, ਦਸੰਬਰ 2008

-ਉਹੀ- -ਉਹੀ-, ਭਾਗ ਦੂਜਾ, ਦਸੰਬਰ 2004

-ਉਹੀ- ਭੱਟਾਂ ਦੇ ਸਵੱਯੈ ਵਿਸ਼ੇਸ਼ ਅੰਕ, ਜੂਨ, 1996

-ਉਹੀ- **ਭੱਟ ਬਾਣੀ ਵਿਸ਼ੇਸ਼ ਅੰਕ** ਜੂਨ, 2004

ਪੰਜਾਬੀ ਦੁਨੀਆ **ਗੁਰਮਤਿ ਵਿਸ਼ੇਸ਼ ਅੰਕ,** ਜਨਵਰੀ-ਫਰਵਰੀ, 1965

ਵਿਸਮਾਦੁ ਨਾਦ **ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਨੁੱਖਤਾ ਨੂੰ ਵਿਸ਼ੇਸ਼ ਦੇਣ,** ਇੰਟਰਨੈਸ਼ਨਲ ਇੰਸਟੀਚਿਉਟ ਆਫ ਗੁਰਮਤਿ ਸਟੱਡੀਜ਼, ਲੁਧਿਆਣਾ

ਸੋਵੀਨਾਰ **ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿੱਲਖਣਤਾ ਅਤੇ ਸੰਪਾਦਨਾ,** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2004

***Dictionary of Religion and Philosophy***, J.M. Dent and sons Ltd. London, 1989

***Encyclopedia of Religion and Ethics,*** James hastings and others, New York, 1960

***The Encyclopaedia of Sikhism*** (Vol 3)**,** Harbans Singh (Ed.), Pbi. Uni., Patiala, 1997

***Glossary of Indian Religious Terms and Concepts,*** Manohar Publishers, New Delhi, 1990

Punjab Journal of Sikh Studies, Voll-1, Guru Nanak Sikh Studies, Panjab University, Chandigarh. year 2011

Punjab Journal of Sikh Studies, Voll-1I, Guru Nanak Sikh Studies, Panjab University, Chandigarh. year 2012

Websites

www.sikhnet.com

www.srigurugranthsahib.co.in

Punjabi Literature
International Refereed
Pramāna Research Journal (ISSN : 2249-2976)
Year : 2, Issue : 8, April-June 2013 (Page No. 155-160)

# ਸ੍ਰੀ ਗੁਰੂ ਗ੍ਰੰਥ ਸਾਹਿਬ : ਸੰਕਲਨ ਅਤੇ ਵਿਲੱਖਣ ਸੰਪਾਦਨਾ ਮਾਡਲ

**ਇੰਦਰਜੀਤ ਕੌਰ**
ਸਹਾਇਕ ਪ੍ਰੋਫੈਸਰ
ਮਾਸਟਰ ਤਾਰਾ ਸਿੰਘ ਕਾਲਜ ਫ਼ਾਰ ਵਿਮੈਨ
ਲੁਧਿਆਣਾ

ਸ਼ੋਧ ਲੇਖ ਸਾਰ

**ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਧਰਮ ਦਾ ਪਵਿੱਤਰ ਧਰਮ ਗ੍ਰੰਥ ਹੈ। ਇਸ ਵਿਚ ਦਰਜ ਬਾਣੀ ਦੀ ਰਚਨਾ, ਸੰਕਲਨ ਅਤੇ ਸੰਪਾਦਨਾ ਦਾ ਅਧਿਆਤਮਵਾਦ ਅਤੇ ਵਿਸ਼ਵ ਦੇ ਧਾਰਮਿਕ ਗ੍ਰੰਥਾਂ ਵਿਚ ਇਕ ਵਿਲੱਖਣ ਸਥਾਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਭਾਰਤ ਦੀ ਅਧਿਆਤਮਕ ਪਰੰਪਰਾ ਦਾ ਐਸਾ ਬਹੁਮੁਲਾ ਸਰਮਾਇਆ ਹੈ ਜਿਸ ਵਿਚਲੀ ਬਾਣੀ ਅਤੇ ਇਸਦਾ ਜੀਵਨ ਫਲਸਫ਼ਾ ਵਿਸ਼ਵ ਦੇ ਸਮੁੱਚੇ ਅਧਿਆਤਮਕ ਚਿੰਤਨ ਵਿੱਚ ਗੁਣਾਤਮਕ ਵਾਧਾ ਕਰਦਾ ਹੈ। ਮਨੁੱਖੀ ਜੀਵਨ ਵਿੱਚ ਇਸ ਮਹਾਨ ਗ੍ਰੰਥ ਦੀ ਮਹਾਨਤਾ ਜਿੱਥੇ ਜੀਵੰਤ ਗੁਰੂ ਦੇ ਰੂਪ ਵਿੱਚ ਉਜਾਗਰ ਹੁੰਦੀ ਹੈ ਉੱਥੇ ਇਸ ਗ੍ਰੰਥ ਵਿਚਲਾ ਪ੍ਰਵਚਨ ਮਨੁੱਖੀ ਹੋਂਦ ਦੇ ਬੁਨਿਆਦੀ ਪ੍ਰਸ਼ਨਾਂ ਨਾਲ ਆਪਣਾ ਸਰੋਕਾਰ ਰੱਖਦਾ ਹੋਇਆ ਇਹਨਾਂ ਨੂੰ ਸਰਲਭਾਵੀ ਸ਼ਬਦਾਵਲੀ ਰਾਹੀਂ ਨਜਿੱਠਦਾ ਵੀ ਹੈ ਵੀ ਹੈ ਇਸੇ ਲਈ ਇਸ ਦਾ ਸੰਦੇਸ਼ ਇਕ ਵਿਸ਼ੇਸ਼ ਧਰਮ ਲਈ ਹੀ ਨਹੀਂ ਸਗੋਂ ਸਮੁੱਚੀ ਮਾਨਵਤਾ ਦੀ ਜੀਵਨ ਵਿਵਹਾਰਕਤਾ ਲਈ ਇਕ ਆਦਰਸ਼ ਮਾਡਲ ਵੱਜੋਂ ਵੀ ਪੂਰਨ ਰੂਪ ਵਿੱਚ ਸਥਾਪਤ ਹੁੰਦਾ ਹੈ। ਇਸ ਅਦੁਤੀ ਗ੍ਰੰਥ ਦੀ ਰਚਨਾ ਨਾਲ ਭਾਰਤ ਤੇ ਵਿਸ਼ਵ ਦੇ ਸਮਕਾਲੀ ਅਧਿਆਤਮਕ ਚਿੰਤਨ ਵਿੱਚ ਵਿਸ਼ੇਸ਼ ਨਵ-ਪਰਿਵਰਤਨ ਹੋਇਆ।**

ਮੁੱਖ ਸ਼ਬਦ : **ਗੁਰੂ ਗ੍ਰੰਥ ਸਾਹਿਬ, ਅਧਿਆਤਮਕ ਚਿੰਤਨ, ਸਮਾਜਿਕ ਇਤਿਹਾਸ, ਚਿੰਤਨਸ਼ੀਲ, ਭਾਰਤੀ ਸਭਿਆਚਾਰ, ਤੁਲਨਾਤਮਕ ਅਧਿਐਨ ।**

ਸ੍ਰੀ ਗੁਰੂ ਗ੍ਰੰਥ ਸਾਹਿਬ ਭਾਰਤ ਦੀ ਅਧਿਆਤਮਕ ਪਰੰਪਰਾ ਦਾ ਐਸਾ ਬਹੁਮੁਲਾ ਸਰਮਾਇਆ ਹੈ ਜਿਸ ਵਿਚਲੀ ਬਾਣੀ ਅਤੇ ਇਸਦਾ ਜੀਵਨ ਫਲਸਫ਼ਾ ਵਿਸ਼ਵ ਦੇ ਸਮੁੱਚੇ ਅਧਿਆਤਮਕ ਚਿੰਤਨ ਵਿੱਚ ਗੁਣਾਤਮਕ ਵਾਧਾ ਕਰਦਾ ਹੈ। ਮਨੁੱਖੀ ਜੀਵਨ ਵਿੱਚ ਇਸ ਮਹਾਨ ਗ੍ਰੰਥ ਦੀ ਮਹਾਨਤਾ ਜਿੱਥੇ ਜੀਵੰਤ ਗੁਰੂ ਦੇ ਰੂਪ ਵਿੱਚ ਉਜਾਗਰ ਹੁੰਦੀ ਹੈ ਉੱਥੇ ਇਸ ਗ੍ਰੰਥ ਵਿਚਲਾ ਪ੍ਰਵਚਨ ਮਨੁੱਖੀ ਹੋਂਦ ਦੇ ਬੁਨਿਆਦੀ ਪ੍ਰਸ਼ਨਾਂ ਨਾਲ ਆਪਣਾ ਸਰੋਕਾਰ ਰੱਖਦਾ ਹੋਇਆ ਇਹਨਾਂ ਨੂੰ ਸਰਲਭਾਵੀ ਸ਼ਬਦਾਵਲੀ ਰਾਹੀਂ ਨਜਿੱਠਦਾ ਵੀ ਹੈ ਵੀ ਹੈ ਇਸੇ ਲਈ ਇਸ ਦਾ ਸੰਦੇਸ਼ ਇਕ ਵਿਸ਼ੇਸ਼ ਧਰਮ ਲਈ ਹੀ ਨਹੀਂ ਸਗੋਂ ਸਮੁੱਚੀ ਮਾਨਵਤਾ ਦੀ ਜੀਵਨ ਵਿਵਹਾਰਕਤਾ ਲਈ ਇਕ ਆਦਰਸ਼

ਮਾਡਲ ਵੱਜੋਂ ਵੀ ਪੂਰਨ ਰੂਪ ਵਿੱਚ ਸਥਾਪਤ ਹੁੰਦਾ ਹੈ। ਇਸ ਅਦੁਤੀ ਗ੍ਰੰਥ ਦੀ ਰਚਨਾ ਨਾਲ ਭਾਰਤ ਤੇ ਵਿਸ਼ਵ ਦੇ ਸਮਕਾਲੀ ਅਧਿਆਤਮਕ ਚਿੰਤਨ ਵਿੱਚ ਵਿਸ਼ੇਸ਼ ਨਵ-ਪਰਿਵਰਤਨ ਹੋਇਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਧਰਮ ਦਾ ਪਵਿੱਤਰ ਧਰਮ ਗ੍ਰੰਥ ਹੈ। ਇਸ ਵਿਚ ਦਰਜ ਬਾਣੀ ਦੀ ਰਚਨਾ, ਸੰਕਲਨ ਅਤੇ ਸੰਪਾਦਨਾ ਦਾ ਅਧਿਆਤਮਵਾਦ ਅਤੇ ਵਿਸ਼ਵ ਦੇ ਧਾਰਮਿਕ ਗ੍ਰੰਥਾਂ ਵਿਚ ਇਕ ਵਿਲੱਖਣ ਸਥਾਨ ਹੈ। ਇਸ ਵਿਚ ਸੰਕਲਿਤ ਬਾਣੀ ਨੂੰ ਸਿੱਖ-ਚਿੰਤਨ ਦੀ ਆਧਾਰਸ਼ਿਲਾ ਮੰਨਿਆ ਗਿਆ ਹੈ। ਇਸ ਗ੍ਰੰਥ ਦੀ ਸੰਪਾਦਨਾ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤੀ। ਇਸ ਗ੍ਰੰਥ ਵਿਚ ੬ ਗੁਰੂ ਸਾਹਿਬਾਨ ਤੋਂ ਇਲਾਵਾ, ੧੫ ਦੇਸ਼ ਦੇ ਵੱਖ-ਵੱਖ ਖੇਤਰਾਂ ਅਤੇ ਮਤਾਂ ਮਤਾਤਰਾਂ ਦੇ ਭਗਤਾਂ, ੧੧ ਭੱਟਾਂ ਅਤੇ ੪ ਗੁਰੂ ਘਰ ਦੇ ਨਿਕਟਵਰਤੀ ਗੁਰਸਿੱਖਾਂ ਦੀ ਬਾਣੀ ਦਰਜ ਹੈ। ੧੪੩੦ ਅੰਗਾਂ ਦੇ ਇਸ ਪਾਵਨ ਗ੍ਰੰਥ ਨੂੰ ਸੰਪਾਦਿਤ ਤਾਂ ੧੬੦੪ ਈ. ਵਿਚ ਕੀਤਾ ਗਿਆ ਸੀ ਪਰ ਇਸ ਨੂੰ 'ਗੁਰੂ' ਦਾ ਦਰਜਾ ੧੭੦੮ ਈ. ਵਿਚ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਪ੍ਰਾਪਤ ਹੋਇਆ। "ਇਸ ਗ੍ਰੰਥ ਦੇ ਸੰਕਲਨ ਰਾਹੀਂ ਸਿਖ ਧਰਮ ਦੀ ਸਾਂਝੀਵਾਲਤਾ ਅਤੇ ਵਿਸ਼ਵ-ਬੰਧੁਤਾ ਦੀ ਭਾਵਨਾ ਦੀ ਗੌਰਵਮਈ ਭਾਵਨਾ ਨਿਭਾਈ ਗਈ ਹੈ। ਸਾਹਿਤ ਜਗਤ ਵਿਚ ਸੰਪਾਦਨ ਕਾਰਜ ਦਾ ਮੀਲ-ਪੱਥਰ ਸਥਾਪਤ ਕੀਤਾ ਗਿਆ।"[1]

ਸੰਸਾਰ ਦੇ ਲਗਪਗ ਸਾਰੇ ਧਰਮ ਗ੍ਰੰਥਾਂ ਦਾ ਸੰਕਲਨ ਅਤੇ ਸੰਪਾਦਨ ਉਨ੍ਹਾਂ ਦੇ ਬਾਨੀਆਂ ਤੋਂ ਪਿੱਛੋਂ ਉਨ੍ਹਾਂ ਦੇ ਅਨੁਆਈਆਂ ਦੁਆਰਾ ਕੀਤਾ ਗਿਆ। ਯਹੂਦੀਆਂ ਦੀ ਬਾਈਬਲ 'ਪੁਰਾਣਾ ਨੇਮ' ਜਾਂ ਈਸਾਈਆਂ ਦੀ ਬਾਈਬਲ 'ਨਵਾਂ ਨੇਮ', ਇਸਲਾਮ ਦਾ 'ਕੁਰਾਨ ਸ਼ਰੀਫ' ਸਾਰੇ ਧਰਮ ਗ੍ਰੰਥਾਂ ਦਾ ਸੰਕਲਨ ਅਤੇ ਸੰਪਾਦਨ ਹਜ਼ਰਤ ਮੂਸਾ, ਯਿਸੂ ਮਸੀਹ ਅਤੇ ਹਜ਼ਰਤ ਮੁਹੰਮਦ ਸਾਹਿਬ ਆਦਿ ਪੈਗੰਬਰਾਂ ਦੇ ਜੀਵਨ ਕਾਲ ਤੋਂ ਹੀ ਬਾਦ ਹੀ ਕੀਤਾ ਗਿਆ। ਵੇਦ ਅਤੇ ਉਪਨਿਸ਼ਦ ਬਹੁਤ ਲੰਮੇ ਸਮੇਂ ਤੱਕ ਮੌਖਿਕ ਪਰੰਪਰਾ ਰਾਹੀਂ ਹੀ ਗੁਰੂ ਤੋਂ ਚੇਲੇ ਤੱਕ ਪੁੱਜਦੇ ਰਹੇ, ਬੁੱਧ ਧਰਮ ਦੇ ਗ੍ਰੰਥਾਂ ਦਾ ਸੰਕਲਨ ਵੀ ਮਹਾਤਮਾ ਬੁੱਧ ਤੋਂ ਪਿੱਛੋਂ ਉਨ੍ਹਾਂ ਦੇ ਚੇਲਿਆਂ ਰਾਹੀਂ ਕੀਤਾ ਗਿਆ। ਸੰਸਾਰ ਦੇ ਸਾਰੇ ਧਰਮ ਆਪੋ-ਆਪਣੇ ਧਰਮ ਗ੍ਰੰਥ ਰੱਖਦੇ ਸਨ। ਵੇਦ, ਬਾਈਬਲ, ਕੁਰਾਨ ਵੱਖੋ-ਵੱਖਰੇ ਧਰਮਾਂ ਨਾਲ ਸਬੰਧਤ ਹਨ। ਸਿਖ ਧਰਮ ਦੇ ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਗੁਰੂ ਪ੍ਰੰਪਰਾ ਅਨੁਸਾਰ ਆਦਿ-ਗ੍ਰੰਥ ਦੀ ਸੰਪਾਦਨਾ ਲਈ ਜੁਗਤ ਜੋੜੀ।

ਗੁਰੂ ਗ੍ਰੰਥ ਸਾਹਿਬ ਗਿਆਨ ਦਾ ਅਥਾਹ ਸਾਗਰ ਹੈ। ਇਸ ਵਿੱਚ ਸਮੁੱਚੇ ਭਾਰਤ ਦੇ 12ਵੀਂ ਸਦੀ ਤੋਂ ਲੈ ਕੇ 17ਵੀਂ ਸਦੀ ਦੇ ਕਾਲ ਦੌਰਾਨ ਪੈਦਾ ਹੋਏ ਭਗਤੀ ਲਹਿਰ ਨਾਲ ਸਬੰਧਤ ਪ੍ਰਮੁੱਖ ਭਗਤਾਂ, ਭੱਟਾਂ ਅਤੇ ਗੁਰਸਿੱਖਾਂ ਦੀ ਬਾਣੀ ਨੂੰ ਸਮਿਲਤ ਕੀਤਾ ਗਿਆ। ਗੁਰੂ ਗ੍ਰੰਥ ਸਾਹਿਬ 500 ਸਾਲਾਂ ਦੀ ਸੰਸਕ੍ਰਿਤੀ ਦਾ ਇਤਿਹਾਸ ਹੋਣ ਦੇ ਨਾਲ ਨਾਲ ਸਾਂਝੇ ਸੱਭਿਆਚਾਰਕ ਅਤੇ ਸਮਾਜਿਕ ਇਤਿਹਾਸ ਦਾ ਦਸਤਾਵੇਜ਼ ਵੀ ਮੰਨਿਆ ਜਾਂਦਾ ਹੈ। ਇਸ ਗ੍ਰੰਥ ਦੀ ਸ਼੍ਰੇਸ਼ਟਤਾ ਇਸ ਗੱਲ ਵਿੱਚ ਹੈ ਕਿ ਇਸ ਵਿਚਲੇ ਸ਼ਾਮਲ ਬਾਣੀਕਾਰ ਕਿਸੇ ਇਕ ਫਿਰਕੇ ਜਾਂ ਧਰਮ ਨਾਲ ਸਬੰਧਤ ਨਹੀਂ ਅਤੇ ਨਾ ਹੀ ਇਕ ਵਿਸ਼ੇਸ ਇਲਾਕੇ ਨਾਲ। ਛੱਤੀ ਬਾਣੀਕਾਰਾਂ ਵਿੱਚੋਂ ਛੇ ਗੁਰੂ ਸਾਹਿਬਾਨ ਚਾਰ ਗੁਰੂ ਘੱਰ ਨਾਲ ਸਬੰਧਤ ਗੁਰਸਿੱਖਾਂ ਤੋਂ ਇਲਾਵਾ ਛੱਬੀ ਬਾਣੀਕਾਰਾਂ ਦਾ ਸਿੱਖ ਧਰਮ ਨਾਲ ਕੋਈ ਸਬੰਧ ਨਹੀਂ ਜੁੜਦਾ। ਗੁਰੂ ਅਰਜਨ ਦੇਵ ਜੀ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਵੀਹ ਬਾਣੀਕਾਰਾਂ ਦੀ ਬਾਣੀ ਦਾ ਇਕੱਤਰੀਕਰਨ ਕੀਤਾ। ਉਹਨਾਂ ਨੇ ਬਾਣੀ ਦੀ ਚੋਣ ਕਰਨ ਦਾ ਇਕ ਨਿਸ਼ਚਿਤ ਮਾਪਦੰਡ ਬਣਾਇਆ। ਜਿਹੜੇ ਭਗਤਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਸੰਕਲਤ ਕੀਤਾ ਗਿਆ ਉਹ ਸਾਰੀ ਬਾਣੀ ਇਹਨਾਂ ਮਾਪਦੰਡਾਂ ਦੀ ਅਨੁਸਾਰੀ ਹੈ। ਜਿਹੜੀ ਬਾਣੀ ਇਹਨਾਂ ਮਾਪਦੰਡਾਂ ਤੇ ਖਰੀ ਨਹੀਂ ਉਤਰੀ ਉਸ ਨੂੰ ਇਸ ਗ੍ਰੰਥ ਵਿੱਚ ਸ਼ਾਮਲ ਨਹੀਂ ਕੀਤਾ ਗਿਆ। ਗੁਰੂ ਸਾਹਿਬ ਨੇ ਜਿਹੜੇ ਮਾਪਦੰਡ ਨੂੰ ਮੁੱਖ ਰੂਪ ਵਿੱਚ ਸਾਹਮਣੇ ਰੱਖਿਆ ਉਹਨਾਂ ਵਿੱਚੋਂ ਤਿੰਨ ਅਧਾਰ ਮਹੱਤਵਪੂਰਨ ਹਨ। ਪਹਿਲਾ ਇਕ ਰੱਬ ਵਿੱਚ ਵਿਸ਼ਵਾਸ ਰੱਖਣ ਵਾਲੀ ਬਾਣੀ, ਦੂਜਾ ਉਹ ਬਾਣੀ ਜਿਹੜੀ ਮਨੁੱਖ ਨੂੰ ਮਨੁੱਖ ਵਜੋਂ ਦੇਖਦੀ ਹੈ ਉਸ ਨੂੰ ਕਿਸੇ ਜਾਤ, ਲਿੰਗ ਜਾਂ ਨਸਲ ਦੇ ਵਿਤਕਰੇ ਵਜੋਂ ਨਹੀਂ, ਤੀਸਰਾ ਅਧਾਰ ਕਿਰਤ ਦੀ ਵਡਿਆਈ ਨਾਲ ਜੁੜਿਆ ਹੋਇਆ ਹੈ। ਇਸ ਲਈ ਇਸ ਗ੍ਰੰਥ ਵਿੱਚ ਬਾਣੀਕਾਰਾਂ ਦੀ ਸਮੁੱਚੀ ਬਾਣੀ ਨੇ ਸੰਕਲਿਤ ਨਹੀਂ ਕੀਤਾ ਗਿਆ ਸਗੋਂ ਸਿਰਫ ਉਹ ਹੀ ਬਾਣੀ ਸ਼ਾਮਿਲ ਕੀਤੀ ਗਈ ਜਿਹੜੀ ਉਪਰੋਕਤ ਮਾਪਦੰਡਾਂ ਉੱਤੇ ਖਰੀ ਉਤਰੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਇਕੋ ਇਕ ਅਜਿਹਾ ਧਰਮ ਗ੍ਰੰਥ ਹੈ, ਜਿਸ ਦੀ ਸੰਪਾਦਨਾ ਤੇ ਸੰਕਲਨ ਪੰਜਵੀਂ ਨਾਨਕ ਜੋਤਿ (ਗੁਰੂ ਅਰਜਨ ਦੇਵ ਜੀ) ਨੇ ਕੀਤਾ। ਸੰਸਾਰ ਦਾ ਕੋਈ ਵੀ ਧਾਰਮਿਕ ਗ੍ਰੰਥ ਐਸਾ ਨਹੀਂ ਜਿਸਦੀ ਤਿਆਰੀ ਦੀ ਸ਼ੁਰੂਆਤ ਉਸ

ਵਿਸ਼ੇਸ਼ ਧਰਮ ਦੇ ਬਾਨੀ ਨੇ ਕੀਤੀ ਹੋਵੇ। ਗੁਰੂ ਨਾਨਕ ਬਾਣੀ ਲਿਖਣ ਉਤੇ ਜ਼ਿਆਦਾ ਜ਼ੋਰ ਦਿੰਦੇ ਸਨ ਕਿਉਂਕਿ ਉਨ੍ਹਾਂ ਦੀ ਮਾਨਤਾ ਸੀ ਕਿ ਲਿਖਣ ਤੋਂ ਬਿਨਾਂ ਸੁਰਤਿ ਦਾ ਟਿਕਾਣਾ ਸੰਭਵ ਵੀ ਨਹੀਂ ਹੈ:

ਲਿਖੈ ਬਾਝਹੁ ਸੁਰਤਿ ਨਾਹੀ ਬੋਲਿ ਬੋਲਿ ਗਵਾਈਐ॥[2]

ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ 19 ਰਾਗਾਂ ਵਿਚ ਰਚੀ। ਸ੍ਰੀ ਰਾਗ, ਆਸਾ ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਤਿਲੰਗ, ਗਉੜੀ, ਮਾਝ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਭੈਰਉ, ਬਸੰਤ, ਸਾਰੰਗ,ਮਲਾਰ ਅਤੇ ਪ੍ਰਭਾਤੀ।

ਗੁਰੂ ਅਮਰਦਾਸ ਜੀ ਨੇ ਤਿਲੰਗ ਅਤੇ ਤੁਖਾਰੀ ਨੂੰ ਛੱਡ ਕੇ 17 ਰਾਗਾਂ ਵਿਚ ਬਾਣੀ ਰਚੀ। ਦੋਹਾਂ ਗੁਰੂ ਸਾਹਿਬਾਨ ਦੀ 'ਪੱਟੀ' ਵਿਚ ਕਾਫੀ ਸਾਂਝ ਦੇਖੀ ਜਾ ਸਕਦੀ ਹੈ। ਇਹ ਬਾਣੀ ਗੁਰੂ ਅਮਰਦਾਸ ਜੀ ਦੇ ਪੋਤੇ ਸਹੰਸਰਾਮ (ਮੋਹਰੀ ਦਾ ਪੁੱਤਰ) ਕੋਲ ਪੁੱਜ ਗਈ। ਗੁਰੂ ਅਰਜਨ ਦੇਵ ਜੀ ਆਪ ਬਾਬਾ ਮੋਹਨ ਜੀ ਪਾਸ ਗੋਇੰਦਵਾਲ ਸਾਹਿਬ ਵਿਖੇ ਗਏ ਤੋਂ ਕੀਰਤਨ ਕੀਤਾ-

ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ॥
ਮੋਹਨ ਤੇਰੇ ਸੋਹਨਿ ਦੁਆਰ ਜੀਉ ਸੰਤ ਧਰਮਸ਼ਾਲਾ॥[3]

ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਨੇ ਇਨ੍ਹਾਂ ਪੋਥੀਆਂ ਨੂੰ ਲੈ ਕੇ ਪ੍ਰਸੰਨ ਹੋ ਕੇ ਮੁਖਾਰ ਬਿੰਦ ਤੋਂ ਉਚਾਰਿਆ-

ਪੀਊ ਦਾਦੇ ਦਾ ਖੋਲ ਡਿਠਾ ਖਜਾਨਾ॥
ਤਾ ਮੇਰੈ ਮਨਿ ਭਇਆ ਨਿਧਾਨਾ॥[4]

ਉਪਰੰਤ ਗੁਰੂ ਅਰਜਨ ਦੇਵ ਜੀ ਨੇ ਗੁਰੂ ਘਰ ਦੇ ਰਾਗੀਆਂ, ਰਬਾਬੀਆਂ ਤੇ ਭੱਟਾਂ ਕੋਲ ਪਈ ਬਾਣੀ ਦੇ ਮੌਖਿਕ ਰੂਪ ਨੂੰ ਚੰਗੀ ਤਰ੍ਹਾਂ ਵਾਚਿਆ। ਸੰਤਾਂ, ਭਗਤਾਂ, ਫਕੀਰਾਂ ਦੇ ਮੱਠਾਂ, ਸੰਪ੍ਰਦਾਵਾਂ ਉਪਰ ਚਲ ਰਹੀ ਗੁਰ-ਗੱਦੀ ਪ੍ਰੰਪਰਾ ਵਿਚ ਵਿਦਵਾਨਾਂ ਨੂੰ ਬੁਲਾ ਕੇ ਬਾਣੀ ਇਕੱਤਰ ਕੀਤੀ। ਗੁਰੂ ਘਰ ਦੇ ਸ਼ਰਧਾਲੂਆਂ ਅਤੇ ਗੁਰੂ ਰਾਮਦਾਸ ਜੀ ਦੀ ਬਾਣੀ ਨੂੰ ਲੈ ਕੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਕਾਰਜ ਆਰੰਭ ਕਰ ਦਿੱਤਾ।

ਰਾਜਿਆਂ ਦੀ ਆਯਾਸ਼ੀ ਭਰੀ ਜ਼ਿੰਦਗੀ, ਫਰਜ਼ਾਂ ਤੋਂ ਕੁਤਾਹੀ, ਬ੍ਰਾਹਮਣ ਕਾਜ਼ੀ ਤੇ ਜੋਗੀ ਆਦਿ ਦੀ ਵਿਨਾਸ਼ਕਾਰੀ ਪ੍ਰਤਿਭਾ, ਸਮਾਜਿਕ, ਧਾਰਮਿਕ ਤੇ ਰਾਜਨੀਤਿਕ ਸੰਸਥਾਵਾਂ ਦਾ ਪਤਨ, ਪਾਖੰਡ ਦੀ ਪ੍ਰਧਾਨਤਾ ਕੁਝ ਅਜਿਹੀਆਂ ਗੱਲਾਂ ਸਨ, ਜਿਨ੍ਹਾਂ ਦੇ ਹੁੰਦਿਆਂ ਗੁਰੂ ਨਾਨਕ ਵਰਗੇ ਚਿੰਤਨਸ਼ੀਲ ਵਿਅਕਤੀ ਵਿਦਰੋਹ ਕਰਨ ਲੱਗ ਪਏ ਸਨ। ਅਸਲ ਵਿਚ ਉਨ੍ਹਾਂ ਦੇ ਮਨ ਵਿਚ ਇਕ ਆਦਰਸ਼ ਮਨੁੱਖੀ ਸਮਾਜ ਦੀ ਸੰਕਲਪਨਾ ਸੀ। ਜੋ ਗੁਰੂ ਗ੍ਰੰਥ ਸਾਹਿਬ ਦੇ ਪੈਰੋਕਾਰਾਂ ਦੇ ਰੂਪ ਵਿਚ ਪ੍ਰਗਟ ਹੋਈ। ਇਸ ਲਈ ਇਹ ਅਜਿਹਾ ਸਰਬ ਸਾਂਝਾ ਵਿਲੱਖਣ ਗ੍ਰੰਥ ਹੈ, ਜਿਸ ਵਿਚਲੇ ਬਾਣੀਕਾਰ ਸਥਾਨ, ਜਗਤ ਜਾਤ, ਜਾਂ ਸ਼੍ਰੇਣੀ ਨਾਲ ਸਬੰਧਤ ਹਨ,ਪਰ ਇਨ੍ਹਾਂ ਸਭ ਭਿੰਨਤਾਵਾਂ ਦੇ ਬਾਵਜੂਦ ਉਨ੍ਹਾਂ ਨੂੰ ਗੁਰੂਆਂ ਦੇ ਸਮਾਨ ਹੀ ਸਤਿਕਾਰ ਤੇ ਸਨਮਾਨ ਦਿੱਤਾ ਗਿਆ ਹੈ। ਕੁਦਰਤੀ ਤੌਰ ਤੇ ਇਸ ਸਮੇਂ ਖੇਰੂੰ ਖੇਰੂੰ ਹੋ ਰਹੀ ਮਨੁੱਖਤਾ ਨੂੰ ਸਾਬਤ ਤੇ ਇਕ ਹੋਣ ਦਾ ਅਹਿਸਾਸ ਦੇਣ ਵਾਲੇ ਅਤੇ ਸਾਰੇ ਭਿੰਨ ਭੇਦਾਂ ਨੂੰ ਮਿਟਾਉਣ ਵਾਸਤੇ ਗੁਰੂ ਗ੍ਰੰਥ ਸਾਹਿਬ ਦੀ ਸੰਕਲਪਨਾ ਤੇ ਸੰਪਾਦਨਾ ਹੋਈ।

ਧਰਮ ਗ੍ਰੰਥਾਂ ਦੇ ਇਤਿਹਾਸ ਵਿਚ ਕਦੇ ਨਹੀਂ ਵਾਪਰਿਆ ਕਿ ਉਸ ਧਰਮ ਗ੍ਰੰਥ ਵਿਚ ਦੂਸਰੇ ਧਰਮ ਨੂੰ ਮੰਨਣ ਵਾਲੇ ਦੇ ਪ੍ਰਵਚਨ ਸ਼ਾਮਲ ਕੀਤੇ ਜਾਣ। ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਅਜਿਹਾ ਧਰਮ ਗ੍ਰੰਥ ਹੈ ਜਿਸ ਵਿਚ ਸਿੱਖ ਗੁਰੂ ਸਾਹਿਬਾਨ ਤੋਂ ਇਲਾਵਾ ਵੈਸ਼ਨਵ ਭਗਤਾਂ, ਬਾਬਾ ਫਰੀਦ ਵਰਗੇ ਸੂਫੀ ਨੇਤਾ ਦੀ ਬਾਣੀ ਸ਼ਾਮਲ ਹੈ। ਜੋ ਇਸਲਾਮ ਵਿਚ-

ਫਰੀਦਾ ਬੇਨਿਵਾਜਾ ਕੁਤਿਆ ਏਹ ਨ ਭਲੀ ਰੀਤਿ॥
ਕਬਹੀ ਚਲ ਨ ਆਇਆ ਪੰਜੇ ਵਖਤ ਮਸੀਤਿ॥[5]

ਦੀ ਹਾਮੀ ਭਰਦੀ ਹੈ। ਵਖ ਵਖ ਸਿਧਾਂਤਕ ਪਿਛੋਕੜ ਹੋਣ ਦੇ ਬਾਵਜੂਦ ਵੀ ਉਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਨਮਾਨਯੋਗ ਸਥਾਨ ਦਿੱਤਾ। ਡਾ. ਦਰਸ਼ਨ ਸਿੰਘ ਤਾਂ ਇਸ ਗੱਲ ਨੂੰ ਸਵੀਕਾਰ ਕਰਦੇ ਹਨ ਕਿ ਵਿਭਿੰਨਤਾਵਾਂ ਦੇ ਬਾਵਜੂਦ ਉਨ੍ਹਾਂ ਦੇ ਵਿਚਾਰਾਂ ਦੀ ਅਖੰਡਤਾ ਨੂੰ ਪ੍ਰਮੁੱਖ ਰਖਿਆ। ਇਹ ਪਵਿਤਰ ਗ੍ਰੰਥ ਉਸ ਸਮੇਂ ਦੀ ਬਹੁਪੱਖੀ ਚੇਤਨਾ ਦਾ ਸਾਂਝਾ ਠਿਕਾਣਾ ਤੇ ਪ੍ਰਗਟਾਉ ਬਣਦਾ ਹੈ। ਇਹ ਇਕ ਐਸਾ ਸੁਚੇਤ ਤਜਰਬਾ ਹੈ, ਅਨੇਕਤਾ ਚੋਂ ਏਕਤਾ ਦਾ ਪ੍ਰਗਟਾਓ ਦਾ, ਜਿਹੜਾ ਅਜੇ ਤਕ ਦੁਹਰਾਇਆ ਨਹੀਂ ਗਿਆ, ਨਾ ਇਸ ਦੀ ਸੰਪਾਦਨਾ ਤੋਂ ਪਹਿਲਾਂ ਤੇ ਨਾ ਹੀ ਇਸ ਤੋਂ ਬਾਅਦ।[6] ਗੁਰੂ ਨਾਨਕ ਦੇਵ

ਜੀ ਨੇ ਜਦੋਂ ਭਾਈ ਲਹਿਣੇ ਨੂੰ ਗੁਰਗੱਦੀ ਦੇ ਕੇ ਗੁਰੂ ਅੰਗਦ ਥਾਪਿਆ ਤਾਂ ਬਾਣੀ ਵੀ ਪੋਥੀ ਰੂਪ ਵਿਚ ਸੌਂਪ ਦਿੱਤੀ। ਇਸ ਦੀ ਪੁਸ਼ਟੀ ਭਾਈ ਗੁਰਦਾਸ ਦੀ ਪਹਿਲੀ ਵਾਰ ਦੀ 32ਵੀਂ ਪਉੜੀ ਵਿਚ ਦਰਜ ਹੈ। ਜਿਸ ਵਿਚ ਉਨ੍ਹਾਂ ਨੇ ਸੰਤਾਂ ਤੇ ਭਗਤਾਂ ਦੀ ਬਾਣੀ ਇਕੱਤਰ ਕੀਤੀ ਹੋਈ ਸੀ।

ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਤੇ ਸੰਪਾਦਨਾ ਵਰਗਾਂ ਤੇ ਵੰਡਾਂ ਨੂੰ ਖਤਮ ਕਰਕੇ ਇਨ੍ਹਾਂ ਸਮਾਨ ਭਾਵੀ ਸਮਾਜ ਦੇ ਨਿਰਮਾਣ ਲਈ ਯਤਨ ਕੀਤਾ। ਆਮ ਤੌਰ ਤੇ ਮਨੁੱਖ ਪਹਿਲਾਂ ਵੰਡੀਆਂ ਪਾਉਂਦਾ ਹੈ। ਫਿਰ ਵੰਡੀਆਂ ਉੱਤੇ ਪੱਕੇ ਹੋ ਕੇ ਰਹਿਣਾ ਲੋਚਦਾ ਹੈ। ਸਵਾਰਥੀ ਇਸ ਅਵਸਥਾ ਤੋਂ ਲਾਭ ਉਠਾ ਕੇ ਸਮਾਜ ਉੱਤੇ ਆਪਣੀ ਪਕੜ ਮਜ਼ਬੂਤ ਕਰਨੀ ਚਾਹੁੰਦੇ ਹਨ। ਇਸ ਵੰਡ ਦਾ ਸ਼ਿਕਾਰ ਵਿਅਕਤੀਆਂ ਦੀ ਮਨੋ ਅਵਸਥਾ ਹੀ ਅਜਿਹੀ ਬਣਾ ਦਿੱਤੀ ਜਾਂਦੀ ਹੈ ਕਿ ਉਹ ਇਸ ਵਿਚੋਂ ਬਾਹਰ ਨਿਕਲਣਾ ਹੀ ਨਹੀਂ ਚਾਹੁੰਦੇ। ਗੁਰੂ ਸਾਹਿਬ ਇਹਨਾਂ ਵਰਗਾਂ, ਵਰਣਾਂ ਤੇ ਜਾਤਾਂ ਬਰਾਦਰੀਆਂ ਵਿਚ ਵੰਡੇ ਮਨੁੱਖਾਂ ਨੂੰ ਉਸਦੀ ਅਸਲੀਅਤ ਤੋਂ ਜਾਣੂ ਕਰਾ ਕੇ ਮਨੁੱਖਤਾ ਨਾਲ ਜੋੜਦੇ ਰਹੇ ਹਨ। ਇਹ ਵਰਗ ਵੰਡ ਸਿਰਫ਼ ਫਜ਼ੂਲ ਹੀ ਨਹੀਂ ਸਗੋਂ ਮਨੁੱਖਤਾ ਲਈ ਘਾਤਕ ਹੈ। ਇਕ ਨਵੇਂ ਵੰਡ ਰਹਿਤ ਸਮਾਜ ਦੀ ਸਿਰਜਣਾ ਲਈ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ ਗਈ।

ਗੁਰੂ ਸਾਹਿਬਾਨ ਦੇ ਵੇਲੇ ਸੰਸਕ੍ਰਿਤ ਲੋਕਾਂ ਨਾਲੋਂ ਟੁੱਟ ਕੇ ਨਿਰੋਲ ਪ੍ਰੋਹਿਤ ਵਰਗ ਦੀ ਹੋ ਕੇ ਰਹਿ ਗਈ ਸੀ। ਗੁਰੂ ਸਾਹਿਬਾਨ ਨੇ ਸਥਾਨਕ ਲੋਕਾਂ ਦੀ ਭਾਸ਼ਾ ਭਾਵ ਪੰਜਾਬੀ ਨੂੰ ਸੰਚਾਰ ਦੇ ਮਾਧਿਅਮ ਲਈ ਵਰਤਿਆ। ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ ਵੱਖ-ਵੱਖ ਬਰਾਦਰੀਆਂ ਵਿਚੋਂ, ਵੱਖ-ਵੱਖ ਖਿੱਤਿਆਂ ਤੋਂ ਆਏ, ਵੱਖ-ਵੱਖ ਬੋਲੀਆਂ ਬੋਲਣ ਵਾਲੇ ਸਨ। ਗੁਰੂ ਸਾਹਿਬ ਨੇ ਸਾਰੀਆਂ ਬੋਲੀਆਂ ਨੂੰ ਇਕ ਸਾਂਝਾ ਮੰਚ ਦੇ ਕੇ ਸਾਂਝਾ ਮੁਹਾਵਰਾ ਤਿਆਰ ਕੀਤਾ। ਜਿਸ ਦਾ ਨਾਂ ਸਾਧ ਭਾਸ਼ਾ ਰੱਖਿਆ ਗਿਆ। ਜੋ ਭਾਰਤ ਦੇ ਬਹੁਤੇ ਇਲਾਕਿਆਂ ਵਿੱਚ ਦੱਖਣ ਨੂੰ ਛੱਡ ਕੇ ਬਾਕੀ ਸਾਰਿਆਂ ਲਈ ਪਰਸਪਰ ਸਾਂਝ ਅਤੇ ਸਮਝਣ ਦਾ ਮੁਹਾਵਰਾ ਬਣਿਆ।

ਉਹਨਾਂ ਨੇ ਭਾਰਤੀ ਦਰਸ਼ਨ ਵਿੱਚੋਂ ਬਾਕੀ ਮੱਤਾਂ-ਮਤਾਂਤਰਾਂ ਦੇ ਅਨੇਕਾਂ ਪਰਿਭਾਸ਼ਿਤ ਸ਼ਬਦਾਂ ਨੂੰ ਅਪਣਾਇਆ। ਅਰਥਾਂ ਦੀ ਇਕ ਖਾਸ ਪਰੰਪਰਾ ਨੂੰ ਨਿਭਾਉਂਦੇ ਹੋਏ ਅਨੇਕਾਂ ਮਿਥਹਾਸਿਕ ਸ਼ਬਦਾਂ ਨੂੰ ਨਿਰਸੰਕੋਚ ਹੋ ਕੇ ਵਰਤਿਆ। ਉਹਨਾਂ ਦੇ ਪਹਿਲਾਂ ਵਰਤੇ ਜਾਂਦੇ ਅਰਥਾਂ ਨੂੰ ਖਾਰਜ ਕਰਕੇ ਨਵੇਂ ਅਰਥ ਦਿੱਤੇ। ਡਾ: ਦਰਸ਼ਨ ਸਿੰਘ ਉਹਨਾਂ ਦੀ ਇਸ ਜੁਗਤ ਨੂੰ ਇਕ ਅਹਿਮ ਪਹਿਲੂ ਮੰਨਦੇ ਹਨ।[6] ਜਦੋਂ ਪਰੰਪਰਾਗਤ ਸ਼ਬਦਾਂ ਨੂੰ ਨਵੇਂ ਅਰਥ ਦੇ ਕੇ ਨਵਾਂ ਭਾਸ਼ਾ ਜਗਤ ਸਿਰਜਿਆ ਜਾਵੇ ਉਦੋਂ ਇਕ ਨਵੀਂ ਦੁਨੀਆ ਨੂੰ ਸਿਰਜਣ ਜਿੰਨਾ ਔਖਾ ਕੰਮ ਹੁੰਦਾ ਹੈ।

ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਨੇ ਵੱਖ-ਵੱਖ ਸਰੋਤਾਂ ਅਤੇ ਸਾਧਨਾਂ ਰਾਹੀਂ ਬਾਣੀ ਇਕੱਤਰ ਕਰਕੇ ਗੁਰੂ ਅਰਜਨ ਦੇਵ ਜੀ ਨੇ ਗ੍ਰੰਥ ਸੰਪਾਦਨਾ ਦੀ ਵਿਉਂਤ ਬਣਾਈ। ਗੁਰੂ ਸਾਹਿਬਾਨ ਅਤੇ ਭਗਤ- ਬਾਣੀ ਨੂੰ ਵਿਉਂਤ ਕੇ ਭਾਈ ਗੁਰਦਾਸ ਨੂੰ ਲਿਖਾਰੀ ਦੀ ਸੇਵਾ ਸੌਂਪ ਕੇ 1599 ਵਿਚ ਰਾਮਸਰ ਨਾਂ ਦੇ ਇਲਾਕੇ ਵਿਚ ਬੈਠ ਕੇ ਇਸ ਕਾਰਜ ਨੂੰ ਆਰੰਭ ਕਰ ਲਿਆ। ਭਾਈ ਕੇਸਰ ਸਿੰਘ ਛਿੱਬਰ ਅਨੁਸਾਰ:

ਭਾਈ ਸੰਤ ਦਾਸ ਹਰੀਆ ਸੁਖਾ ਮਨਸਾ ਰਾਮ।।
ਲਿਖਦੇ ਜਾਣ ਜੋ ਚਾਰੇ ਲਿਖਾਰੀ ਜੋ ਸਾਹਿਬ ਬਖਾਨ।[7]

ਇਨ੍ਹਾਂ ਚੌਹਾਂ ਲਿਖਾਰੀਆਂ ਨੇ ਸਾਰੀ ਬਾਣੀ ਦਾ ਪਹਿਲਾ ਇਕ ਥਾਂ ਉਤਾਰਾ ਕਰ ਲਿਆ ਜੋ 1601 ਈ. ਵਿਚ ਮੁਕੰਮਲ ਹੋਇਆ। ਇਸ ਤੋਂ ਬਾਅਦ ਗੁਰੂ ਅਰਜਨ ਦੇਵ ਜੀ ਨੇ ਬੜੀ ਬਰੀਕੀ ਤੇ ਸੂਝ ਨਾਲ ਬਾਣੀ ਨੂੰ ਵਾਚਣਾ ਤੇ ਸੋਧਣਾ ਸ਼ੁਰੂ ਕਰ ਦਿੱਤਾ। ਭਗਤ ਬਾਣੀ ਨੂੰ ਸੰਕਲਿਤ ਕਰਦਿਆਂ ਇਸ ਗੱਲ ਵੱਲ ਉਚੇਚਾ ਧਿਆਨ ਕੀਤਾ ਕਿ ਕੇਵਲ ਉਨ੍ਹਾਂ ਸੰਤਾਂ ਭਗਤਾਂ ਦੀ ਬਾਣੀ ਨੂੰ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤਾ ਜਾਵੇ ਜੋ ਨਿਰਗੁਣ ਭਗਤੀ ਧਾਰਾ ਦੇ ਵਿਕਾਸ ਵਿਚ ਸਹਾਇਕ ਹੋਵੇ। ਉਨ੍ਹਾਂ ਨੇ ਆਪਣੇ ਸਮਕਾਲੀ ਭਗਤਾਂ, ਕਾਹਨਾ, ਪੀਲੂ ਅਤੇ ਸ਼ਾਹ ਹੁਸੈਨ ਦੀ ਬਾਣੀ ਨੂੰ ਗੁਰਮਤਿ ਆਸ਼ੇ ਦੇ ਪ੍ਰਤੀਕੂਲ ਹੋਣ ਕਾਰਨ ਛੱਡ ਦਿੱਤਾ। ਜਿੱਥੇ ਕਿਤੇ ਵੀ ਉਨ੍ਹਾਂ ਨੂੰ ਸ਼ੰਕੇ ਦੀ ਸੰਭਾਵਨਾ ਜਾਪੀ, ਉਥੇ ਟਿੱਪਣੀ ਵਜੋਂ ਜਾਂ ਸਪਸ਼ਟਤਾ ਲਈ ਆਪਣਾ ਜਾਂ ਪੂਰਵਵਰਤੀ ਗੁਰੂਆਂ ਵਿਚੋਂ ਕੋਈ ਸਲੋਕ ਜਾਂ ਸ਼ਬਦ ਜੋੜ ਦਿੱਤਾ। ਇਸ ਤਰ੍ਹਾਂ ਵੱਖ-ਵੱਖ ਪ੍ਰਾਂਤਾਂ ਦੇ ਸੂਫੀ ਸੰਤਾਂ,

ਭਗਤਾਂ ਤੇ ਭੱਟਾਂ ਦੀ ਬਾਣੀ ਨੂੰ ਗੁਰਬਾਣੀ ਨਾਲ ਜੋੜ ਕੇ ਆਪਣਾ ਉਦਾਰ ਅਤੇ ਸਮਿਨਵੈ ਵਾਦੀ ਦ੍ਰਿਸ਼ਟੀਕੋਣ ਸਪਸ਼ਟ ਕਰ ਦਿੱਤਾ।

ਭਾਰਤੀ ਸਭਿਆਚਾਰ ਦੀ ਗੌਰਵਤਾ ਅਤੇ ਵਿਲੱਖਣਤਾ, ਵਿਸ਼ਵਾਸਾਂ ਦੀ ਅਨੇਕਤਾ ਵਿਚ ਏਕਤਾ ਦੀ ਭਾਵਨਾ ਹੈ। ਅਜਿਹੀ ਭਾਵਨਾ ਜਾਂ ਵਿਸ਼ਵਾਸ ਅਨੁਸਾਰ ਵਿਚਰਨ ਵਾਲਾ ਮਨੁੱਖ ਸੱਭਯ ਹੈ ਅਤੇ ਉਲਟੇ ਕਰਮ ਕਰਨ ਵਾਲਾ ਅਸੱਭਯ। ਸਹਿਣਸ਼ੀਲਤਾ ਅਤੇ ਦਯਾ ਧਰਮ ਦਾ ਧੁਰਾ ਤੇ ਮਨੁੱਖਤਾ ਦੇ ਪ੍ਰਮੁੱਖ ਗੁਣ ਹਨ, ਮਨੁੱਖ ਤੋਂ ਦੂਰ ਹੋ ਜਾਂਦੇ ਸਨ। ਇਸ ਆਪੋ-ਧਾਪੀ ਦੀ ਬਣਾਉਟੀ ਅਵਸਥਾ ਵਿਚ ਮਾਨਵ ਕੀਮਤਾਂ ਦੀ ਪੁਨਰ ਸਥਾਪਨਾ ਲਈ ਗੁਰੂ ਅਰਜਨ ਦੇਵ ਜੀ ਨੇ 1604 ਈ. ਵਿਚ ਅਦੁੱਤੀ ਗ੍ਰੰਥ ਦੀ ਸੰਪਾਦਨਾ ਕੀਤੀ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤਕਰੀਬਨ 500 ਸਾਲ ਤੱਕ ਦੇ ਸਮੇਂ ਦਾ ਰੱਬੀ ਕਲਾਮ ਹੈ। ਹਿੰਦੁਸਤਾਨ ਦੇ ਵੱਖ-ਵੱਖ ਖਿੱਤਿਆਂ ਵਿਚ ਵੱਖੋ-ਵੱਖ ਸਮੇਂ ਹੋਏ ਸੰਤਾਂ ਭਗਤਾਂ, ਜਿਹੜੇ ਵੱਖ ਵੱਖ ਸਭਿਆਚਾਰਾਂ ਅਤੇ ਜਾਤਾਂ ਨਾਲ ਸੰਬੰਧਤ ਸਨ, ਦੀ ਬਾਣੀ ਨੂੰ ਗੁਰੂ ਸਾਹਿਬਾਨ ਦੀ ਬਾਣੀ ਨਾਲ ਸ਼ਾਮਲ ਕਰਕੇ ਸਨਮਾਨਯੋਗ ਸਥਾਨ ਦਿਵਾਇਆ। ਇਨ੍ਹਾਂ ਵਿਚੋਂ ਬਹੁਤ ਸਾਰੇ ਭਗਤ ਹਿੰਦੂ ਵਰਣ-ਵੰਡ ਵਿਚ ਨੀਵੀਆਂ ਜਾਤਾਂ ਨਾਲ ਸੰਬੰਧਿਤ ਸਨ ਅਤੇ ਕੁਲੀਨ ਜਾਤਾਂ ਦੇ ਲੋਕ ਇਨ੍ਹਾਂ ਜਾਤਾਂ ਦੇ ਸੰਪਰਕ ਵਿਚ ਆਉਣਾ ਵੀ ਪਸੰਦ ਨਹੀਂ ਕਰਦੇ ਸਨ।

ਸਭੈ ਸਾਂਝੀਵਾਲ ਸਦਾਇਨ ਕੋਈ ਨ ਦਿਸੈ ਬਾਹਰਾ ਜੀਉ॥[8]

ਦੇ ਸਿਧਾਂਤ ਨੂੰ ਤਾਂ ਪੂਰਾ ਕੀਤਾ, ਨਾਲ ਹੀ ਇਹ ਸਿਧਾਂਤ ਵੀ ਸਥਾਪਤ ਕਰ ਦਿੱਤਾ ਕਿ ਪਰਮ ਸਤਿ ਨੂੰ ਨਾ ਤਾਂ ਸੀਮਾਵਾਂ ਵਿਚ ਬੰਨ੍ਹਿਆ ਜਾ ਸਕਦਾ ਹੈ ਤੇ ਨਾ ਹੀ ਪਰਮਾਤਮਾ ਦੀ ਗਲ ਕਰਨ ਦੀ ਕੋਈ ਹੱਦ-ਬੰਦੀ ਹੁੰਦੀ ਹੈ। ਗੁਰੂ ਸਾਹਿਬਾਨ ਦੀ ਬਾਣੀ ਦੇ ਨਾਲ ਸੰਤਾਂ ਭਗਤਾਂ ਦੀ ਬਾਣੀ ਨੂੰ ਵੀ 'ਸ਼ਬਦ ਗੁਰੂ' ਹੋਣ ਦਾ ਮਾਣ ਬਖਸ਼ਿਆ। ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਅਤੇ ਉਨ੍ਹਾਂ ਦੁਆਰਾ ਇਕੱਤਰ ਕੀਤੀ ਸੰਤ ਬਾਣੀ ਨੂੰ ਸੰਭਾਲਣ ਦੇ ਯਤਨ ਵਜੋਂ ਕੋਲ ਰਹਿੰਦੇ ਲਿਖਾਰੀਆਂ ਕੋਲੋਂ ਉਤਾਰਾ ਕਰਵਾਇਆ। ਗੁਰੂ ਨਾਨਕ ਸਾਹਿਬ ਵਖ ਵਖ ਉਦਾਸੀਆਂ ਸਮੇਂ ਕਈ ਲਿਪੀਆਂ ਤੇ ਭਾਸ਼ਾਵਾਂ ਨਾਲ ਜੁੜੇ। ਗੁਰੂ ਅੰਗਦ ਦੇਵ ਜੀ ਨੇ ਬਾਣੀ ਦੀ ਸਾਂਭ ਸੰਭਾਲ ਲਈ ਸਥਾਨਕ ਲਿਪੀਆਂ ਦਾ ਤੁਲਨਾਤਮਕ ਅਧਿਐਨ ਕਰਕੇ 'ਗੁਰਮੁੱਖੀ ਲਿਪੀ' ਤਿਆਰ ਕੀਤੀ, ਜਿਹੜੀ ਬਾਣੀ ਚਿੰਤਨ ਨੂੰ ਸੰਭਾਲਣ ਕਰਕੇ ਪ੍ਰਮਾਣਿਕ ਲਿਪੀ ਹੋ ਨਿਬੜੀ।

ਇਸ ਗ੍ਰੰਥ ਦੁਆਰਾ ਸੰਸਾਰ ਦੇ ਇਤਿਹਾਸ ਵਿਚ ਧਾਰਮਿਕ ਉਦਾਰਤਾ ਦੀ ਪਹਿਲੀ ਵਾਰ ਮਿਸਾਲ ਕਾਇਮ ਕਰਕੇ ਉਤਸ਼ਾਹਜਨਕ ਸੇਧ ਦਿੱਤੀ ਗਈ। ਇਸ ਵਿਚਲੀ ਬਾਣੀ ਦੇ ਰਚਣਹਾਰੇ ਮੁਸਲਮਾਨ, ਮਿਰਾਸੀ, ਡੂਮ ਜਾਂ ਭੱਟ ਹਿੰਦੂਆਂ ਦੀ ਅਖੌਤੀ ਜਾਤੀ ਵੰਡ ਦੇ ਬ੍ਰਾਹਮਣ, ਕਸ਼ੱਤਰੀ, ਵੈਸ਼, ਸ਼ੂਦਰ ਤੇ ਚੰਡਾਲ ਵੀ ਸਨ। ਵੱਖ-ਵੱਖ ਧਰਮਾਂ ਵਿਚ ਉਚਾਰੇ ਜਾਂਦੇ ਰੱਬ ਦੇ ਅਨੇਕ ਨਾਮ ਪਹਿਲੀ ਵਾਰ ਸਾਂਝੇ ਤੌਰ ਤੇ ਇਕੋ ਜ਼ੁਬਾਨ ਤੋਂ ਉਚਾਰੇ ਗਏ। ਦੇਸ਼ ਦੀਆਂ ਵੱਖ-ਵੱਖ ਭਾਸ਼ਾਵਾਂ ਤੇ ਸ਼ਬਦਾਂ ਵਿਚ ਪਹਿਲੀ ਵਾਰ ਸਾਂਝੀ ਸੁਰ ਸੁਣਾਈ ਗਈ। ਦੇਸ਼ ਦੇ ਵੱਖ-ਵੱਖ ਇਲਾਕਿਆਂ ਤੋਂ ਉੱਠੀਆਂ ਮਨੁੱਖੀ ਭਾਵਨਾਵਾਂ ਦੀ ਸਾਂਝੀ ਅਵਾਜ਼ ਨੇ ਹਰ ਪਾਸੇ ਗੁੰਜਾਰ ਪਾ ਦਿੱਤੀ।[9] ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਜੀ ਬੀੜ ਦਾ ਵਰਤਮਾਨ ਸਰੂਪ 'ਦਮਦਮੀ ਬੀੜ ਦਾ ਉਤਾਰਾ' ਹੈ। ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ 7 ਅਕਤੂਬਰ 1708 ਈ. ਵਿਚ ਗੁਰੂ ਗੋਬਿੰਦ ਸਿੰਘ ਨੇ 'ਗੁਰੂ' ਦਾ ਦਰਜਾ ਦਿੱਤਾ ਸੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਨੂੰ ਕੇਵਲ ਇਕੱਤਰੀਕਰਨ ਜਾਂ ਸੰਕਲਨ ਵਜੋਂ ਹੀ ਪ੍ਰਸਤੁਤ ਨਹੀਂ ਕੀਤਾ ਗਿਆ ਸਗੋਂ ਇਸ ਦਾ ਸੰਪਾਦਨ ਕਾਰਜ ਅਤੇ ਇਸ ਵਿੱਚ ਵਰਤੀਆਂ ਗਈਆਂ ਜੁਗਤਾਂ ਤਾਂ ਵੱਡੇ ਵੱਡੇ ਅਧਿਐਨ ਕਰਤਾਵਾਂ ਨੂੰ ਹੈਰਾਨ ਕਰ ਦਿੰਦੀਆਂ ਹਨ। ਗੁਰੂ ਅਰਜਨ ਦੇਵ ਜੀ ਤੋਂ ਪਹਿਲਾਂ ਸੰਪਾਦਨਾ ਦਾ ਕੋਈ ਅਜਿਹਾ ਮਾਡਲ ਤਾਂ ਮੌਜੂਦ ਹੀ ਨਹੀਂ ਸੀ ਪਰੰਤੂ ਡਾ. ਗੁਰਬਚਨ ਕੌਰ ਦੇ ਸ਼ਬਦਾਂ ਅਨੁਸਾਰ: "ਗੁਰੂ ਅਰਜਨ ਦੇਵ ਜੀ ਨੇ ਆਪਣੀ ਦੇਖ ਰੇਖ ਅਧੀਨ ਨਿਤਨੇਮ ਦੀਆਂ ਬਾਣੀਆਂ, ਰਾਗਬੱਧ ਅਤੇ ਰਾਗ ਮੁਕਤ ਬਾਣੀ ਦਾ ਗ੍ਰੰਥ ਤਿਆਰ ਕਰਕੇ ਨਾ ਕੇਵਲ ਬਾਣੀ ਨੂੰ ਸਥਾਈ ਤੌਰ ਤੇ ਰਲਿਆਂ ਤੋਂ ਸਰੱਖਿਅਤ ਕਰ ਦਿੱਤਾ ਸਗੋਂ ਭਾਰਤ ਦੇ ਸਾਹਿਤਕ ਇਤਿਹਾਸ ਵਿਚ ਸੰਪਾਦਨ ਦੇ ਇਕ ਨਵੇਂ ਅਧਿਆਇ ਨੂੰ ਸ਼ਾਮਲ ਕਰਨ ਦਾ ਗੌਰਵਮਈ ਉੱਦਮ ਕੀਤਾ।"[9] ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਕੇ ਆਪਣੀ ਵਿਲੱਖਣ ਜੁਗਤ ਦਾ ਪਰਮਾਣ ਦਿੱਤਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਅਜਿਹਾ ਗ੍ਰੰਥ ਹੈ ਜਿਸ ਤੋਂ ਸਾਰਾ ਸੰਸਾਰ ਅਗਵਾਈ ਲੈ ਸਕਦਾ ਹੈ। ਕਿਉਂਕਿ ਇਹ ਪ੍ਰਾਣੀ ਮਾਤਰ ਨੂੰ ਸਿਖਾਉਂਦਾ ਹੈ ਕਿ ਸੰਸਾਰ ਵਿਚ ਰਹਿੰਦਿਆਂ ਹੋਇਆਂ ਉਸ ਨੂੰ ਕਿਸ ਕਿਸਮ ਦਾ ਜੀਵਨ ਜਿਉਣਾ ਚਾਹੀਦਾ ਹੈ? ਉਸ ਨੂੰ ਕਿਹੋ ਜਿਹਾ ਮਨੁੱਖ ਬਣਨਾ ਚਾਹੀਦਾ ਹੈ? ਉਸਦੇ ਧਾਰਮਿਕ ਸਰੋਕਾਰ ਕੀ ਹੋਣੇ ਚਾਹੀਦੇ ਹਨ? ਭਾਵੇਂ ਉਹ ਕਿਸੇ ਵੀ ਮਜ਼ਹਬ ਨਾਲ ਸੰਬੰਧ ਰੱਖਦਾ ਹੋਵੇ, ਸੰਸਾਰ ਵਿਚ ਵਿਚਰਦਿਆਂ ਹੋਇਆਂ ਇਕ ਮਾਨਵ ਦੇ ਤੌਰ ਤੇ ਉਸਦਾ ਮਨੁੱਖਤਾ ਪ੍ਰਤੀ ਕੀ ਫਰਜ਼ ਬਣਦਾ ਹੈ ਅਤੇ ਉਸਦਾ ਦੂਸਰੇ ਮਨੁੱਖਾਂ ਨਾਲ ਰਿਸ਼ਤਾ ਕੀ ਹੋਣਾ ਚਾਹੀਦਾ ਹੈ? ਪਰੰਪਰਾ ਅਨੁਸਾਰ ਗੁਰਗੱਦੀ ਸੌਂਪ ਕੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਨੂੰ ਗੁਰੂ ਮੰਨਣ ਦਾ ਆਦੇਸ਼ ਦਿੱਤਾ। ਕਿਸੇ ਗੁਰਸਿੱਖ ਕਵੀ ਅਨੁਸਾਰ:

ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਯੋ ਗ੍ਰੰਥ।

ਜਿਸ ਗੁਰੂ ਦੀ ਸੰਕਲਪਨਾ ਗੁਰੂ ਨਾਨਕ ਨੇ ਕੀਤੀ, ਸੰਪਾਦਨਾ ਗੁਰੂ ਅਰਜਨ ਦੇਵ ਜੀ ਨੇ ਕੀਤੀ ਤੇ ਦਸਵੇਂ ਪਾਤਸ਼ਾਹ ਨੇ ਇਸ ਨੂੰ ਗੁਰੂ ਦਾ ਦਰਜਾ ਦਿੱਤਾ। ਇਹ ਗ੍ਰੰਥ ਨਿਰਗੁਣ ਭਗਤ ਸਾਧਕਾਂ ਦੀ ਪਵਿਤ੍ਰ ਬਾਣੀ ਦਾ ਇਕ ਅਜਿਹਾ ਸੰਗ੍ਰਹਿ ਹੈ ਜਿਸ ਵਿਚ ਬਿਨਾਂ ਕਿਸੇ ਧਰਮ, ਜਾਤੀ ਜਾਂ ਵਰਗ ਦੇ ਵਿਥ-ਵਿਤਕਰੇ ਦੇ ਉਹ ਸਾਰੀ ਬਾਣੀ ਸ਼ਾਮਲ ਕਰ ਲਈ, ਜਿਸ ਨਾਲ ਮਨੁੱਖਤਾ ਦਾ ਅਧਿਆਤਮਕ ਕਲਿਆਣ ਸੰਭਵ ਸੀ। ਗੁਰੂ ਅਰਜਨ ਦੇਵ ਜੀ ਨੇ ਅਜਿਹਾ ਉੱਦਮ ਕਰਕੇ ਰਾਸ਼ਟਰੀ ਏਕਤਾ ਦੀ ਭਾਵਨਾ ਦਾ ਸਬੂਤ ਦਿੱਤਾ। ਰਾਸ਼ਟਰੀ ਏਕਤਾ ਤਾਂ ਹੀ ਕਾਇਮ ਰਹਿ ਸਕਦੀ ਹੈ ਜਦੋਂ ਵੱਖੋ-ਵੱਖਰੇ ਮਜ਼ਹਬਾਂ ਅਤੇ ਜਾਤੀ ਭੇਦ ਤੋਂ ਉੱਪਰ ਉੱਠ ਕੇ ਮਨੁੱਖਤਾ ਨਾਲ ਪਿਆਰ ਕੀਤਾ ਜਾਵੇ। ਇਹ ਗ੍ਰੰਥ ਉਹ ਅਨਮੋਲ ਖਜ਼ਾਨਾ ਹੈ ਜਿਥੇ ਹਰ ਵਿਅਕਤੀ ਨੂੰ ਆਪਣੀ ਆਤਮਕ ਸ਼ੁੱਧਤਾ ਲਈ ਆਬੇ-ਹਯਾਤ ਪ੍ਰਾਪਤ ਹੁੰਦਾ ਹੈ। ਜਿਸ ਨਾਲ ਮਨੁੱਖਤਾ ਦਾ ਅਧਿਆਤਮਕ ਕਲਿਆਣ ਸੰਭਵ ਹੈ, ਜੋ ਮਨੁੱਖ ਨੂੰ ਮਨੁੱਖਾਂ ਨਾਲ ਜੋੜਦੀ ਅਤੇ ਜੀਵ ਨੂੰ ਮਨੁੱਖ ਬਨਣ ਲਈ ਪ੍ਰੇਰਦੀ ਹੈ। ਇਹ ਮਹਾਨ ਗ੍ਰੰਥ ਇਕ ਅਜਿਹਾ ਗ੍ਰੰਥ ਹੈ ਜਿਸ ਤੋਂ ਸਾਰਾ ਸੰਸਾਰ ਅਗਵਾਈ ਲੈ ਸਕਦਾ ਹੈ।

693160

LIBRARY CHANDIGARH